# A CRITICAL STUDY OF THE POETRY OF THE PRAN SANGLI

# ਪ੍ਰਾਣ-ਸੰਗਲੀ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ

**THESIS**

SUBMITTED FOR THE DEGREE OF

**Doctor of Philosophy**

IN THE FACULTY OF LANGUAGES

PANJAB UNIVERSITY

CHANDIGARH

**1983**

**Gurdev Singh**

# ਪੂਰਨ-ਸਿੰਘ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ

ਪੰਜਾਬ ਯੂਨੀਵਰਸਿਟੀ ਦੀ ਭਾਸ਼ਾ ਫੈਕਲਟੀ ਦੀ
ਪੀ-ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ
ਸ਼ੋਧ-ਪ੍ਰਬੰਧ
1983

ਪੇਸ਼ ਕਰਤਾ:
ਗੁਰਦੇਵ ਸਿੰਘ

ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ

## ਆਭਾਰ

ਗਿਆਨ ਦੀ ਪਰੰਪਰਾ ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਨਾਲ ਜੁੜੀ ਹੋਈ ਹੈ। ਗਿਆਨ ਦੀ ਇਸੇ ਪ੍ਰਾਚੀਨ ਪਰੰਪਰਾ ਅਤੇ ਪ੍ਰਮਾਣਿਕ ਯਾਤਰਾ ਵਿਚ ਸ਼ਾਮਲ ਹੋ ਕੇ ਪ੍ਰਾਕ-ਸੰਗਲੀ ਅਤੇ ਪ੍ਰਾਚੀਨ ਪੰਜਾਬੀ ਸਾਹਿਤ ਬਾਰੇ ਕੁਝ ਵਿਚਾਰ ਵਿਦਵਾਨਾਂ ਦੇ ਸਨਮੁਖ ਉਹਨਾਂ ਦੀ ਪ੍ਰਵਾਨਗੀ ਲਈ ਇਸ ਸ਼ੋਧ-ਪ੍ਰਬੰਧ ਰਾਹੀਂ ਪ੍ਰਸਤੁਤ ਕੀਤੇ ਜਾ ਰਹੇ ਹਨ। ਕਾਲੀਦਾਸ ਦੇ ਸ਼ਬਦਾਂ ਵਿਚ ਕੋਈ ਵੀ ਰਚਨਾ ਉਦੋਂ ਤੱਕ ਪ੍ਰਮਾਣਿਕ ਨਹੀਂ ਮੰਨੀ ਜਾ ਸਕਦੀ ਜਦੋਂ ਤਕ ਵਿਦਵਾਨ ਉਸਦੀ ਪ੍ਰੀਖਿਆ ਕਰਕੇ ਉਸ ਉੱਤੇ ਆਪਣੀ ਪ੍ਰਵਾਨਗੀ ਦੀ ਮੋਹਰ ਨਾ ਲਾ ਦੇਣ।

ਇਸ ਸ਼ੋਧ-ਪ੍ਰਬੰਧ ਲਈ ਅਨੇਕ ਸੋਮਿਆਂ ਤੋਂ ਸਾਮਗ੍ਰੀ ਸੰਕਲਿਤ ਕੀਤੀ ਗਈ ਹੈ। ਪ੍ਰਾਚੀਨ ਵਿਦਵਾਨ ਇਸ ਸਾਮਗ੍ਰੀ ਸੰਕਲਨ ਨੂੰ 'ਰਿਸ਼ੀ ਰਿਣ' ਕਹਿੰਦੇ ਸਨ। ਇਸ ਲਈ ਗਿਆਨ ਦੇ ਅਨੇਕ ਖੋਜੀਆਂ ਅਤੇ ਵਿਦਵਾਨਾਂ ਦਾ ਰਿਣ ਸਵੀਕਾਰ ਕਰਨਾ ਕਿਸੇ ਵੀ ਸ਼ੋਧ-ਕਰਤਾ ਦਾ ਸੁਭਾਅ ਹੁੰਦਾ ਹੈ।

ਪ੍ਰਸਤੁਤ ਸ਼ੋਧ-ਪ੍ਰਬੰਧ ਦੀ ਪ੍ਰੇਰਨਾ, ਵਿਸ਼ੇ-ਸਾਮਗ੍ਰੀ ਅਤੇ ਪ੍ਰਸਤੁਤੀ ਤਕ ਡਾ. ਸੁਰਿੰਦਰ ਸਿੰਘ ਕੋਹਲੀ ਦੀ ਅਗਵਾਈ ਪ੍ਰਾਪਤ ਰਹੀ ਹੈ। ਉਹਨਾਂ ਨੇ ਹਰ ਇਕ ਅਧਿਆਇ ਨੂੰ ਬੜੀ ਨੀਝ ਨਾਲ ਪੜ੍ਹ ਕੇ ਅਤੇ ਆਵੱਸ਼ਕ ਸੋਧ ਕਰਕੇ ਇਸ ਸ਼ੋਧ-ਪ੍ਰਬੰਧ ਦੇ ਮਹੱਤਵ ਨੂੰ ਵਧਾਇਆ ਹੈ। ਸ਼ੋਧ-ਕਰਤਾ ਉਹਨਾਂ ਦੇ ਉਪਕਾਰ ਦਾ ਚਿਰ ਜੀਵਨ ਆਭਾਰੀ ਹੈ।

ਇਸ ਸ਼ੋਧ-ਪ੍ਰਬੰਧ ਦੀ ਸੰਪੂਰਨਤਾ ਲਈ ਅਨੇਕ ਵਿਦਵਾਨਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਸਹਿਯੋਗ ਪ੍ਰਾਪਤ ਰਿਹਾ ਹੈ। ਉਹਨਾਂ ਸਭ ਦਾ ਦਿਲੋਂ ਰਿਣੀ ਹਾਂ।

ਅਨੇਕ ਪੁਸਤਕਾਲਿਆਂ ਦੇ ਬਹੁਤ ਸਾਰੇ ਕਰਮਚਾਰੀਆਂ ਅਤੇ ਹੋਰ ਸਹਾਇਕਾਂ ਨੇ ਪੁਸਤਕਾਂ ਅਤੇ ਹੱਥ-ਲਿਖਤਾਂ ਸੰਬੰਧੀ ਸਾਮਗ੍ਰੀ ਲੋੜ ਅਨੁਸਾਰ ਉਪਲਬਧ ਕਰਵਾਈ ਹੈ। ਇਸ ਲਈ ਸ਼ੋਧ-ਕਰਤਾ ਉਹਨਾਂ ਦਾ ਵੀ ਦਿਲੋਂ ਧੰਨਵਾਦੀ ਹੈ। ਆਪਣੀ ਸੁਪਤਨੀ ਦੇ ਸਹਿਯੋਗ ਦਾ ਰਿਣ ਕਿਵੇਂ ਚੁਕਾ ਸਕਦਾ ਹਾਂ ਜਿਸ ਨੇ ਘਰੇਲੀ ਜ਼ਿੰਮੇਵਾਰੀਆਂ ਦਾ ਸਾਰਾ ਭਾਰ ਆਪਣੇ ਮੋਢਿਆਂ ਤੇ ਲੈ ਕੇ ਖੋਜ ਕਾਰਜ ਲਈ ਖੁਲ੍ਹਾ ਸਮਾਂ ਪ੍ਰਦਾਨ ਕੀਤਾ ਹੈ। ਆਪਣੇ ਦੋਹਾਂ ਬੱਚਿਆਂ ਦਾ ਵੀ ਦਿਲੋਂ ਆਭਾਰੀ ਹਾਂ ਜਿਨ੍ਹਾਂ ਨੇ ਆਪਣੇ ਹਿੱਸੇ ਦਾ ਸਮਾਂ ਖਿੜੇ ਮੱਥੇ ਸ਼ੋਧ-ਪ੍ਰਬੰਧ ਨੂੰ ਲਿਖਣ ਲਈ ਦਿੱਤਾ ਹੈ।

ਗੁਰਦੇਵ ਸਿੰਘ

## ਵਿਸ਼ਾ ਸੂਚੀ


**ਭੂਮਿਕਾ** 1 – 9

**ਅਧਿਆਇ 1: ਪ੍ਰਾਣ-ਸੰਗਲੀ ਦਾ ਕਰਤ੍ਰਿਤਵ** 10 – 55

ਪ੍ਰਾਣ-ਸੰਗਲੀ ਦਾ ਕਰਤਾ –

ਪੂਰਬ ਪੱਖ –

ਅੰਤਰੀਵੀ ਪ੍ਰਮਾਣ – ਉਥਾਨਿਕਾਵਾਂ, ਪੁਸ਼ਪਿਕਾਵਾਂ, ਗੁਰੂ ਨਾਨਕ ਦੀ ਨਾਮ-ਛਾਪ, ਗੁਰੂ ਨਾਨਕ ਦੇਵ ਜੀ ਦੀ ਆਪਣੀ ਗਵਾਹੀ, ਰਚਨਾ ਸ਼ੈਲੀ।

ਪ੍ਰਾਚੀਨ ਉਲੇਖ – ਪੁਰਾਤਨ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ।

ਪੂਰਬ ਪੱਖ ਦੇ ਆਧੁਨਿਕ ਵਿਦਵਾਨ – ਸੰਤ ਸੰਪੂਰਣ ਸਿੰਘ, ਭਾਈ ਵੀਰ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਸਯਦ ਮੁਹੰਮਦ ਲਤੀਫ।

ਉੱਤਰ ਪੱਖ –

ਅੰਦਰਲੇ ਪ੍ਰਮਾਣ – ਗੁਰੂ ਘਰ ਦੀ ਰਹਿਤ ਅਤੇ ਮਰਯਾਦਾ ਦੇ ਵਿਰੁਧ ਕਥਨ, ਗੁਰੂ ਨਾਨਕ ਦੀ ਕੇਂਦਰੀ ਦ੍ਰਿਸ਼ਟੀ ਦਾ ਵਿਰੋਧ, ਤੰਤ੍ਰ-ਮੰਤ੍ਰ, ਆਯੁਰਵੇਦ ਅਤੇ ਰਸਾਇਣ ਦੇ ਅਨੇਕ ਨੁਸਖੇ, ਵਿਸ਼ਾ-ਵਸਤੂ ਦਾ ਅਪ੍ਰਮਾਣਿਕ ਅਤੇ ਅਸਪਸ਼ਟ ਵਰਣਨ, ਸਾਮਾਨਯ ਤਰਕ ਅਤੇ ਗਿਆਨ ਦੇ ਵਿਰੁਧ ਰਚਨਾ ਸ਼ੈਲੀ, ਗੁਰੂ ਘਰ ਦੀ ਸਾਹਿਤ ਸ਼ੈਲੀ ਦੇ ਵਿਰੁਧ ਰਚਨਾ-ਸ਼ੈਲੀ, ਛੰਦ ਸ਼ਾਸਤ੍ਰ ਦੇ ਨਿਯਮਾਂ ਦੀ ਉਲੰਘਣਾ, ਭਾਸ਼ਾ ਵਿਚ ਇਕ ਰੂਪਤਾ ਦਾ ਅਭਾਵ।

ਪੂਰਬ ਪੱਖ ਦੀ ਪ੍ਰੀਖਿਆ – ਅੰਤਰੀਵੀ ਪ੍ਰਮਾਣ, ਪ੍ਰਾਚੀਨ ਉਲੇਖ, ਪੁਰਾਤਨ ਪੰਥੀ ਆਧੁਨਿਕ ਲੇਖਕ।

ਰਚਨਾ ਕਾਲ – ਪ੍ਰਾਣ-ਸੰਗਲੀ ਦੇ ਰਚਨਾ ਕਾਲ ਦੀ ਉੱਤਮ ਸੀਮਾ, ਪ੍ਰਾਣ-ਸੰਗਲੀ ਦੇ ਰਚਨਾ ਕਾਲ ਦੀ ਹੇਠਲੀ ਸੀਮਾ।

ਨਿਸ਼ਕਰਸ਼ –

ਅਧਿਆਇ 2: ਪ੍ਰਾਣ-ਸੰਗਲੀ: ਵਿਸ਼ਾ-ਵਸਤੂ — 56–82

ਪ੍ਰਾਣ-ਸੰਗਲੀ – ਸ਼ਾਬਦਿਕ ਅਰਥ, ਪ੍ਰਾਣ ਸ਼ਬਦ ਦਾ ਅਰਥ, ਸੰਗਲੀ ਸ਼ਬਦ ਦਾ ਅਰਥ, ਸਿੰਹਲੀ ਸ਼ਬਦ, ਵਿਸ਼ਾ-ਵਸਤੂ।

ਪ੍ਰਾਣ-ਸੰਗਲੀ ਦੇ ਮੁਢਲੇ ਸੋਮੇ – ਸੰਸਕ੍ਰਿਤ ਦੇ ਯੋਗ ਗ੍ਰੰਥ, ਪ੍ਰਾਣ-ਸੰਗਲੀ ਅਤੇ ਗੋਰਖ ਬਾਣੀ, ਪ੍ਰਾਣ-ਸੰਗਲੀ ਅਤੇ ਆਦਿ ਗ੍ਰੰਥ।

ਪ੍ਰਾਣ-ਸੰਗਲੀ ਦੇ ਵਿਸ਼ਾ-ਵਸਤੂ ਦੀ ਅੰਤਰੀਵੀ ਵੰਡ – ਉਥਾਨਿਕਾ, ਸਿਰਲੇਖ, ਅਧਿਆਇ, ਪੁਸ਼ਪਿਕਾ।

ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਦਾ ਵਰਗੀਕਰਣ – ਰਚਨਾ ਬਨਾਮ ਬਾਣੀ, ਸੁਸੰਬਧ ਬਾਣੀ, ਯੋਗ, ਪੌਰਾਣਿਕ ਰਚਨਾਵਾਂ, ਪ੍ਰਾਣ-ਸੰਗਲੀ ਦੀਆਂ ਫੁਟਕਲ ਰਚਨਾਵਾਂ, ਪ੍ਰਾਣ-ਸੰਗਲੀ ਵਿਚ ਸੰਕਲਿਤ ਸੁਤੰਤਰ ਰਚਨਾਵਾਂ।

ਨਿਸ਼ਕਰਸ਼।

ਅਧਿਆਇ 3: ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ — 83–172

ਭਾਰਤੀ ਸਾਧਨਾ ਪੱਧਤੀ: ਪਰੰਪਰਾ ਅਤੇ ਸਰੂਪ— ਵੈਰਾਗ ਭਾਵ, ਅਦ੍ਵੈਤ ਦ੍ਰਿਸ਼ਟੀ, ਅਸ਼ਟਾਂਗ ਯੋਗ ਸਾਧਨਾ, ਨਾੜੀ-ਚਕ੍ਰ-ਕਮਲ-ਸਾਧਨਾ।

ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ –

ਵੈਰਾਗ ਭਾਵ – ਵੈਰਾਗ ਦਾ ਸਰੂਪ, ਵੈਰਾਗਵਾਨ ਦੀ ਰਹਿਣੀ ਬਹਿਣੀ, ਵੈਰਾਗ ਦੀ ਦ੍ਰਿਸ਼ਟੀ।
ਅਦ੍ਵੈਤ ਦ੍ਰਿਸ਼ਟੀ – ਆਤਮਾ ਅਤੇ ਬ੍ਰਹਮ ਦੀ ਏਕਤਾ, ਮਾਇਆ ਦਾ ਸੰਕਲਪ, ਸਾਧਨਾ ਪੱਧਤੀ, ਮੁਕਤੀ।
ਅਸ਼ਟਾਂਗ ਯੋਗ ਸਾਧਨਾ – ਯਮ, ਨਿਯਮ, ਆਸਣ, ਪ੍ਰਤਿਆਹਾਰ, ਸਮ, ਦਮ, ਧਿਆਨ, ਧਾਰਨਾ, ਸਮਾਧਿ।
ਨਾੜੀ-ਚਕ੍ਰ-ਕਮਲ-ਸਾਧਨਾ – ਖਟਕ੍ਰਮ, ਆਸਣ, ਮੁਦ੍ਰਾ, ਪ੍ਰਤਿਆਹਾਰ, ਪ੍ਰਾਣਾਯਾਮ, ਧਿਆਨ, ਸਮਾਧਿ।
ਹਠ ਯੋਗ ਦੀ ਕੁਝ ਹੋਰ ਸਾਮਗ੍ਰੀ – ਬ੍ਰਹਮਚਰਯ, ਖਟ-ਚਕ੍ਰ, ਕਮਲ, ਨਾੜੀਆਂ, ਕੁੰਡਲਿਨੀ, ਦਸਮ ਦੁਆਰ, ਸੁੰਨ ਸਮਾਧਿ, ਯੋਗ ਜੁਗਤਿ।

ਨਿਸ਼ਕਰਸ਼।

ਅਧਿਆਇ 4: ਪ੍ਰਾਣ-ਸੰਗਲੀ ਦੇ ਕਾਵਿ-ਰੂਪ — 173–187

ਗੋਸ਼ਟਿ – ਵਾਰ – ਬਾਵਨ ਅੱਖਰੀ – ਦਖਣੀ ਓਅੰਕਾਰ – ਬਾਰਾ ਮਾਹਾ – ਸਹੰਸਰਨਾਮ – ਆਰਤੀ – ਮਾਤ੍ਰਾ – ਰੱਛਿਆ।

ਨਿਸ਼ਕਰਸ਼।

**ਅਧਿਆਇ 5: ਪ੍ਰਾਣ-ਸੰਗਲੀ ਦੀ ਕਾਵਿ-ਕਲਾ** 188 – 246

ਛੰਦ-ਪ੍ਰਬੰਧ – ਛੰਦ ਦਾ ਸਰੂਪ, ਸ਼ਲੋਕ, ਚੌਪਾਈ, ਚੌਪਈ, ਸਾਰ, ਰੋਬੋਲਾ, ਕੁਕੁਭ।

ਸੰਗੀਤਾਤਮਕਤਾ –

ਬਿੰਬ-ਵਿਧਾਨ – ਬਿੰਬ ਦਾ ਸਰੂਪ, ਪ੍ਰਾਣ-ਸੰਗਲੀ ਵਿਚ ਬਿੰਬ-ਵਿਧਾਨ, ਰਸ ਬਿੰਬ, ਅਲੰਕਾਰ ਬਿੰਬ, ਵਿਵਹਾਰਿਕ ਬਿੰਬ, ਬਨਸਪਤੀ ਬਿੰਬ, ਜਲ ਬਿੰਬ, ਗੰਧ ਬਿੰਬ, ਸਪਰਸ਼ ਬਿੰਬ, ਅਕਾਸ਼ ਬਿੰਬ, ਵਿਰੋਧਮੂਲਕ ਬਿੰਬ, ਪੌਰਾਣਿਕ ਬਿੰਬ, ਮੋਹ ਬਿੰਬ।

ਪ੍ਰਤੀਕ – ਪ੍ਰਾਣ-ਸੰਗਲੀ ਵਿਚ ਪ੍ਰਤੀਕਾਂ ਦੀ ਵਰਤੋਂ, ਪਰਿਭਾਸ਼ਿਕ ਪ੍ਰਤੀਕ, ਪਰਿਵਾਰਕ ਪ੍ਰਤੀਕ, ਪੌਰਾਣਿਕ ਪ੍ਰਤੀਕ, ਸਿੱਖਿਆ ਮੂਲਕ ਪ੍ਰਤੀਕ, ਸਾਮਾਨਯ ਪ੍ਰਤੀਕ।

ਅਲੰਕਾਰ-ਯੋਜਨਾ – ਅਲੰਕਾਰ ਦਾ ਸਰੂਪ।

ਸ਼ਬਦ ਅਲੰਕਾਰ – ਅਨੁਪ੍ਰਾਸ ਅਲੰਕਾਰ।

ਅਰਥ ਅਲੰਕਾਰ – ਉਪਮਾ ਅਲੰਕਾਰ, ਰੂਪਕ, ਅਤਿਸ਼ਯੋਕਤਿ ਅਲੰਕਾਰ, ਵਿਭਾਵਨਾ ਅਲੰਕਾਰ।

ਰਸ – ਰਸ ਸਿਧਾਂਤ ਦੀ ਮਨੋਵਿਗਿਆਨਕ ਪ੍ਰਕ੍ਰਿਆ , ਸਥਾਈ ਭਾਵ, ਵਿਭਾਵ, ਅਨੁਭਾਵ, ਸੰਚਾਰੀ ਭਾਵ।

ਪ੍ਰਾਣ-ਸੰਗਲੀ ਵਿਚ ਰਸ ਯੋਜਨਾ – ਸ਼ਾਂਤ ਰਸ, ਵੀਰ ਰਸ, ਸ਼ਿੰਗਾਰ ਰਸ, ਅਦਭੁਤ ਰਸ।

**ਅਧਿਆਇ 6: ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਸਰੂਪ** 247- 277

ਪੰਜਾਬੀ –

ਧੁਨੀ ਰੂਪ – ਸਰਲੀਕਰਣ, ਵਿਪਰੀਤ ਧੁਨੀ।

ਵਿਆਕਰਣਿਕ ਸੰਰਚਨਾ – ਕਾਰਕੀ ਸਰੰਚਨਾ, ਕ੍ਰਿਆ (ਧਾਤੂ) ਰੂਪ ਸੰਰਚਨਾ, ਹੋਰ ਫੁਟਕਲ ਵਿਆਕਰਣਿਕ ਸਾਮਗ੍ਰੀ।

ਭਾਸ਼ਾ ਸੰਕਰ – ਸਹਸਕ੍ਰਿਤੀ ਸ਼ੈਲੀ, ਪੰਜਾਬੀ–ਫ਼ਾਰਸੀ–ਸ਼ੈਲੀ, ਪੰਜਾਬੀ-ਖੜੀ ਬੋਲੀ ਸ਼ੈਲੀ, ਪੰਜਾਬੀ-ਉਪ-ਭਾਸ਼ਾ ਸ਼ੈਲੀ

ਫ਼ਾਰਸੀ –

ਖੜੀ ਬੋਲੀ –

ਬ੍ਰਜ ਭਾਸ਼ਾ –

ਨਿਸ਼ਕਰਸ਼।

ਪ੍ਰਾਣ-ਸੰਗਲੀ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ


| | |
|---|---|
| **ਉਪਸੰਹਾਰ** | 278-281 |
| **ਅੰਤਿਕਾ** | 282-299 |
| **ਸਹਾਇਕ ਪੁਸਤਕ ਸੂਚੀ** | 300-313 |

## ਭੂਮਿਕਾ

ਪੰਜਾਬੀ ਦਾ ਪ੍ਰਾਚੀਨ ਸਾਹਿੱਤ: ਪੰਜਾਬ ਦਾ ਸਮਾਜਿਕ ਅਤੇ ਰਾਜਨੀਤਿਕ ਇਤਿਹਾਸ ਜਿੱਥੇ ਮਹਾਨ ਯੋਧਿਆਂ ਅਤੇ ਖੇਤਾਂ ਵਿਚ ਅਣਥਕ ਮੁਸ਼ੱਕਤ ਕਰਨ ਵਾਲੇ ਕਾਮਿਆਂ ਦੇ ਇਤਿਹਾਸਿਕ ਕਾਰਨਾਮਿਆਂ ਨਾਲ ਭਰਪੂਰ ਹੈ, ਉੱਥੇ ਕਲਮ ਦੇ ਅਨੇਕ ਪੰਜਾਬੀ ਸੂਰਮਿਆਂ ਨੇ ਸਾਹਿੱਤ ਦੇ ਖੇਤਰ ਵਿਚ ਵੀ ਅਮਰ ਅਤੇ ਅਟਲ ਆਲ੍ਹਣਾ ਪਾਈ ਹੈ।

ਪੂਰਬ ਨਾਨਕ ਕਾਲ ਦੇ ਸਾਹਿੱਤ ਦਾ ਇਤਿਹਾਸ ਦੁਹਰਾਉਣ ਦੀ ਇਥੇ ਲੋੜ ਨਹੀਂ ਹੈ ਪਰ ਗੁਰੂ ਨਾਨਕ ਦੇਵ ਅਤੇ ਉਹਨਾਂ ਤੋਂ ਪਿੱਛੋਂ ਉਹਨਾਂ ਦੀਆਂ ਲੀਹਾਂ ਉੱਤੇ ਚਲਦੇ ਹੋਏ ਅਨੇਕ ਲੇਖਕਾਂ ਨੇ ਆਪਣੀ ਕਲਮ ਰਾਹੀਂ ਆਪਣੇ ਦਿਲ ਅਤੇ ਦਿਮਾਗ ਦੇ ਜੌਹਰ ਸਾਹਿੱਤ ਦੇ ਖੇਤਰ ਵਿਚ 'ਸਰਬਤ ਦੇ ਭਲੇ ਲਈ' ਦਿਖਾਏ।

ਮੌਲਿਕ ਸਾਹਿੱਤ: ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਅਤੇ ਉਹਨਾਂ ਦੀਆਂ ਜਨਮਸਾਖੀਆਂ (ਗੋਸ਼ਟੀਆਂ) ਦੇ ਨਾਲ ਇਕ ਨਿਵੇਕਲਾ ਅਤੇ ਕਲਾਤਮਿਕ ਸਾਹਿੱਤ-ਰੂਪ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਨੂੰ ਲੈ ਕੇ ਪ੍ਰਸਤੁਤ ਕੀਤਾ ਗਿਆ। ਇਸ ਜਨਮਸਾਖੀ (ਗੋਸ਼ਟਿ) ਸਾਹਿੱਤ ਨੇ ਜੀਵਨੀ ਅਤੇ ਵਿਆਖਿਆਤਮਕ ਸਾਹਿੱਤ ਦੇ ਅਣਛੋਹੇ ਸਿਖਰ ਪਿਛਲੀਆਂ ਚਾਰ ਸਦੀਆਂ ਵਿਚ ਪਾਰ ਕਰ ਲਏ ਸਨ। ਇਸ ਗੋਸ਼ਟਿ ਸਾਹਿੱਤ ਦੇ ਨਾਲ ਨਾਲ ਦਰਸ਼ਨ ਸ਼ਾਸਤ੍ਰ, ਕੋਸ਼, ਵਿਆਕਰਣ, ਇਤਿਹਾਸ ਅਤੇ ਭੂਗੋਲ ਸੰਬੰਧੀ ਪ੍ਰਮਾਣਿਕ ਰਚਨਾਵਾਂ ਵੀ ਇਸੇ ਦੌਰਾਨ ਲਿਖੀਆਂ ਗਈਆਂ।

ਇਸ ਜਨਮਸਾਖੀ (ਗੋਸ਼ਟਿ) ਸਾਹਿੱਤ ਦੇ ਨਾਇਕ ਹਨ ਗੁਰੂ ਨਾਨਕ ਦੇਵ ਜੀ। ਉਹਨਾਂ ਦੇ ਵਿਅਕਤਿਤਵ ਅਤੇ ਉਹਨਾਂ ਦੀ ਲੋਕ ਮੁਖੀ ਦ੍ਰਿਸ਼ਟੀ ਦੀ ਵਿਆਖਿਆ ਕਰਨ ਲਈ ਜਨਮਸਾਖੀਆਂ, ਗੋਸ਼ਟਾਂ ਅਤੇ ਅਨੇਕ ਹੋਰ ਪੋਥੀਆਂ 16ਵੀਂ ਸਦੀ ਦੇ ਅੰਤ ਤਕ ਪੰਜਾਬੀ ਵਿਚ ਲਿਖੀਆਂ ਗਈਆਂ

ਅਨੁਵਾਦਿਤ ਸਾਹਿੱਤ: ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਅਤੇ ਸਾਹਿੱਤ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਅਨੇਕ ਵਿਦਵਾਨਾਂ ਨੇ ਸੰਸਕ੍ਰਿਤ, ਫਾਰਸੀ ਅਤੇ ਪਿੱਛੋਂ ਅੰਗ੍ਰੇਜ਼ੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਨੂੰ ਪੰਜਾਬੀ – ਪ੍ਰਾਚੀਨ ਪੰਜਾਬੀ ਵਿਚ ਉਲਥਾਇਆ। ਇਹਨਾਂ ਉਲੱਥਿਆਂ ਵਿਚ ਲੋਕ-ਭਾਸ਼ਾ ਦਾ ਸਹਿਜ ਅਤੇ ਸੁਅਕ ਰੂਪ ਕਿਸੇ ਵੀ ਮੌਲਿਕ ਰਚਨਾ ਨੂੰ ਚੁਣੌਤੀ ਦੇ ਸਕਦਾ ਹੈ। ਸੰਸਕ੍ਰਿਤ ਦੀਆਂ 'ਮਹਾਂਭਾਰਤ', 'ਯੋਗ ਵਸ਼ਿਸ਼ਟ', 'ਸ੍ਰੀ ਮਦ ਭਗਵਦ ਗੀਤਾ', ਆਦਿ ਉੱਚ ਕੋਟੀ ਦੀਆਂ ਪੁਸਤਕਾਂ ਦੇ ਅਨੁਵਾਦ ਪੰਜਾਬੀ ਵਿਦਵਾਨਾਂ ਨੇ ਤਿਆਰ ਕੀਤੇ। ਇਸੇ ਤਰ੍ਹਾਂ ਫ਼ਾਰਸੀ ਦੀ ਪ੍ਰਸਿੱਧ ਪੁਸਤਕ 'ਕੀਮੀਆਇ ਸਾਅਦਤ' ਦਾ ਅਨੁਵਾਦ 'ਪਾਰਸ ਭਾਗ' ਦੇ ਨਾਂ ਹੇਠ ਤਿਆਰ ਕੀਤਾ ਗਿਆ। ਦਾਰਾ ਸ਼ਿਕੋਹ ਦੀ ਪ੍ਰਸਿੱਧ ਪੁਸਤਕ 'ਸਿਰਰ-ਏ-ਅਕਬਰ' ਜਾਂ 'ਸਿਰਰ-ਉਲ-ਅਸਰਾਰ' ਦਾ ਅਨੁਵਾਦ 'ਉਪਨਿਸ਼ਦ ਭਾਸ਼ਾ' ਨਾਂ ਹੇਠ ਪ੍ਰਸਤੁਤ ਕੀਤਾ ਗਿਆ। ਉਨੀਵੀਂ ਸਦੀ ਦੇ ਵਿਚਕਾਰ ਅੰਗ੍ਰੇਜ਼ੀ ਦੀਆਂ ਬਹੁਤ ਸਾਰੀਆਂ

ਪੁਸਤਕਾਂ ਪੰਜਾਬੀ ਵਿਚ ਅਨੁਵਾਦ ਰਾਹੀਂ ਤਿਆਰ ਹੋਈਆਂ। ਇਸ ਤਰ੍ਹਾਂ ਮੌਲਿਕ ਅਤੇ ਅਨੁਵਾਦਿਤ ਸਾਹਿੱਤ ਦੀ ਇਕ ਲੰਮੀ ਅਤੇ ਅਮੀਰ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨਾਲ ਜੁੜੀ ਹੋਈ ਹੈ।

ਪਰ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਹੁਣ ਤਕ ਇਸ ਪੁਰਾਤਨ ਵਿਰਸੇ ਵਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ। ਇਹੋ ਕਾਰਨ ਹੈ ਕਿ ਜਿਨ੍ਹਾਂ ਸਦੀਆਂ ਵਿਚ ਇਹ ਮਹੱਤਵਪੂਰਨ ਸਾਹਿਤ ਲਿਖਿਆ ਗਿਆ, ਉਹਨਾਂ ਸਦੀਆਂ ਵਿੱਚ ਕਿੱਸਾਕਾਰਾਂ ਨੂੰ ਪ੍ਰਮੁਖਤਾ ਦਿੱਤੀ ਗਈ। ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਹ ਇਕ ਪੱਖੀ ਰੂਪ ਪੰਜਾਬੀ ਸਾਹਿੱਤ ਦੀ ਪੂਰੀ ਅਤੇ ਸਹੀ ਤਸਵੀਰ ਪੇਸ਼ ਨਹੀਂ ਕਰਦਾ।

<u>ਪ੍ਰਾਣ-ਸੰਗਲੀ:</u> ਪੰਜਾਬੀ ਦੇ ਇਸ ਪੁਰਾਤਨ ਸਾਹਿੱਤ ਵਿਚ 'ਪ੍ਰਾਣ-ਸੰਗਲੀ' ਇਕ ਮਹੱਤਵਪੂਰਣ ਰਚਨਾ ਹੈ। ਪੰਜਾਬੀ ਵਿਚ ਯੋਗ ਸ਼ਾਸਤ੍ਰ ਦੀਆਂ ਦੋਵੇਂ ਸ਼ਾਖਾਵਾਂ – ਰਾਜ ਯੋਗ ਅਤੇ ਹਠ ਯੋਗ – ਬਾਰੇ ਮੁੱਢਲੀ ਜਾਣ-ਪਛਾਣ ਪ੍ਰਾਣ-ਸੰਗਲੀ ਵਿਚ ਹੀ ਮਿਲਦੀ ਹੈ। ਯੋਗ ਦੇ ਦਾਰਸ਼ਨਿਕ ਪੱਖ ਤੋਂ ਇਲਾਵਾ ਵੇਦਾਂਤ ਅਤੇ ਭਗਤੀ, ਵਿਸ਼ੇਸ਼ ਤੌਰ ਤੇ ਪ੍ਰੇਮਾ-ਭਗਤੀ ਬਾਰੇ ਵੀ ਪ੍ਰਾਣ-ਸੰਗਲੀ ਵਿਚ ਥਾਂ ਥਾਂ ਤੇ ਚਰਚਾ ਹੋਈ ਹੈ, ਇਸ ਤਰ੍ਹਾਂ ਵਿਸ਼ਾ-ਵਸਤੂ ਦੀ ਦ੍ਰਿਸ਼ਟੀ ਤੋਂ 'ਪ੍ਰਾਣ-ਸੰਗਲੀ' ਪੰਜਾਬੀ ਸਾਹਿੱਤ ਵਿਚ ਇਕ ਵਿਸ਼ੇਸ਼ ਉਪਲਬਧੀ ਮੰਨੀ ਜਾ ਸਕਦੀ ਹੈ।

'ਪ੍ਰਾਣ-ਸੰਗਲੀ' ਦੇ ਵਿਸ਼ਾ-ਵਸਤੂ ਦੀ ਇਕ ਸੰਖਿਪਤ ਜਿਹੀ ਰੂਪ-ਰੇਖਾ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ। 'ਪ੍ਰਾਣ-ਸੰਗਲੀ' ਦੇ ਪ੍ਰਾਰੰਭ ਵਿਚ ਇਕ ਰਹੱਸਮਈ ਉਥਾਨਿਕਾ ਦਿੱਤੀ ਗਈ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਸੰਗਲਾਦੀਪ ਯਾਤਰਾ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਪਿੱਛੋਂ ਉਤਪਤਿ, ਓਅੰਕਾਰ, ਯੋਗ ਦੀਆਂ 68 ਹਾਟਾਂ ਤੇ ਸਿੱਧ ਗੋਸਟਿ ਆਦਿ ਪ੍ਰਾਣ-ਸੰਗਲੀ ਦੀਆਂ ਤਥਾ-ਕਥਿਤ ਬਾਣੀਆਂ ਵਿਚ ਯੋਗ ਸੰਬੰਧੀ ਚਰਚਾ ਮਿਲਦੀ ਹੈ। ਇਸੇ ਤਰ੍ਹਾਂ ਭਗਤੀ, ਪ੍ਰੇਮਾ-ਭਗਤੀ, ਨਿਰਜੋਗ ਭਗਤੀ ਦੇ ਨਾਲ ਨਾਲ ਇਕ ਬਹੁਤ ਵਿਸਤ੍ਰਿਤ ਅਧਿਆਤਮਕ ਚਰਚਾ ਪ੍ਰਾਣ-ਸੰਗਲੀ ਦੀਆਂ ਤਥਾ-ਕਥਿਤ ਬਾਣੀਆਂ ਵਿਚ ਦਿੱਤੀ ਗਈ ਹੈ। ਇਹਨਾਂ ਬਾਣੀਆਂ ਨੂੰ ਮੁੰਸਬੇਦ ਬਾਣੀ, ਅਗਮਬਾਣੀ, ਗੁਹਜੀ ਬਾਣੀ, ਅਚਰਜ ਬਾਣੀ ਆਦਿ ਕਈ ਸਿਰਲੇਖਾਂ ਹੇਠ ਰਖਿਆ ਗਿਆ ਹੈ।

ਹਠ ਯੋਗ ਦੀਆਂ ਅਨੇਕ ਕ੍ਰਿਆਵਾਂ, ਨਾੜੀਆਂ, ਚਕ੍ਰਾਂ, ਕਮਲਾਂ, ਕੁੰਡਲਿਨੀ ਸ਼ਕਤੀ, ਦਸਮ ਦੁਆਰ ਅਤੇ ਸੁੰਨ ਸਮਾਧਿ ਆਦਿ ਸ਼ਾਸਤ੍ਰੀ ਤੱਤਾਂ ਦਾ ਵੇਰਵਾ ਵੀ ਪ੍ਰਾਣ-ਸੰਗਲੀ ਵਿੱਚ ਮਿਲਦਾ ਹੈ। ਇਸ ਮੁੱਖ ਚਰਚਾ ਦੇ ਨਾਲ ਨਾਲ ਰਾਜ ਯੋਗ ਦੇ ਨੌਂ (?) ਅੰਗਾਂ, ਵੈਰਾਗ ਭਾਵ ਅਤੇ ਅਦ੍ਵੈਤ ਦ੍ਰਿਸ਼ਟੀ ਦਾ ਪਰਿਚਯ ਦਿੱਤਾ ਗਿਆ ਹੈ। ਗੁਰੂ ਨਾਨਕ ਦੀ ਦ੍ਰਿਸ਼ਟੀ ਦੇ ਵਿਰੁੱਧ ਤੰਤ੍ਰਾਂ ਮੰਤ੍ਰਾਂ, ਭੂਤਾਂ ਪ੍ਰੇਤਾਂ ਅਤੇ ਡਾਕਣੀਆਂ ਸ਼ਾਕਣੀਆਂ ਆਦਿ ਮਿਥਿਹਾਸਿਕ ਵਿਅਕਤੀਆਂ ਦਾ ਵਿਸਤ੍ਰਿਤ ਵੇਰਵਾ 'ਪ੍ਰਾਣ-ਸੰਗਲੀ' ਵਿਚ ਉਪਲਬਧ ਹੈ। ਇਸੇ ਤਰ੍ਹਾਂ ਵੈਦਿਕ ਦੇ ਅਨੇਕ ਕਾਮ ਸ਼ਾਸਤ੍ਰੀ ਨੁਸਖ਼ੇ ਅਤੇ ਸੋਨਾ ਬਣਾਉਣ ਦੇ ਰਸਾਇਣੀ ਨੁਸਖ਼ੇ ਵੀ ਪ੍ਰਾਣ-ਸੰਗਲੀ ਵਿਚ ਸੰਕਲਿਤ ਹਨ।

ਇਸ ਤੋਂ ਇਲਾਵਾ 'ਬਿਹੰਗਮ ਬਾਣੀ', 'ਤੋਗਲ ਪੁਰਾਣ', 'ਜੁਗਾਵਲੀ' ਅਤੇ 'ਗਿਆਨ ਸਰੋਦੇ' ਆਦਿ ਰਚਨਾਵਾਂ ਦਾ ਸੰਬੰਧ ਸਿੱਧੇ ਤੌਰ ਤੇ ਕਿਸੇ ਅਧਿਆਤਮਕ ਸਾਧਨਾ ਨਾਲ ਤਾਂ ਨਹੀਂ ਹੈ ਪਰ ਇਹਨਾਂ ਨੂੰ ਪ੍ਰਾਣ-ਸੰਗਲੀ ਵਿਚ ਥਾਂ ਦਿੱਤੀ ਗਈ ਹੈ।

ਪ੍ਰਾਣ-ਸੰਗਲੀ ਦੀ ਵਿਸ਼ੇ-ਵਸਤੂ ਦਾ ਇਹ ਵੇਰਵਾ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਦੀਆਂ ਨਾਗਰੀ ਅੱਖਰਾਂ ਵਿਚ ਪ੍ਰਕਾਸ਼ਿਤ ਤਿੰਨ ਜਿਲਦਾਂ ਉਤੇ ਆਧਾਰਿਤ ਹੈ। ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਦੀਆਂ ਇਹੋ ਤਿੰਨੇ ਜਿਲਦਾਂ ਪ੍ਰਸਤੁਤ ਸ਼ੋਧ-ਪ੍ਰਬੰਧ ਲਈ ਆਧਾਰ ਪ੍ਰਤੀਆਂ ਦੇ ਰੂਪ ਵਿਚ ਵਰਤੀਆਂ ਗਈਆਂ ਹਨ ਕਿਉਂਕਿ ਪ੍ਰਾਣ-ਸੰਗਲੀ ਦਾ ਹੋਰ ਕੋਈ ਇਤਨਾ ਪੂਰਨ ਸੰਸਕਰਣ ਉਪਲਬੱਧ ਨਹੀਂ ਹੈ। ਜਿਥੋਂ ਤਕ ਪ੍ਰਾਣ-ਸੰਗਲੀ ਦੇ ਹੱਥ-ਲਿਖਤੀ ਨੁਸਖਿਆਂ ਦਾ ਸੰਬੰਧ ਹੈ, ਇਹ ਕਹਿਣਾ ਜ਼ਰੂਰੀ ਹੈ ਕਿ ਇਹਨਾਂ ਵਿਚੋਂ ਕੋਈ ਵੀ ਹੱਥ-ਲਿਖਤ ਨਾ ਤਾਂ ਪੂਰਨ ਰੂਪ ਵਿਚ ਮਿਲ ਸਕੀ ਹੈ ਅਤੇ ਨਾ ਹੀ ਇਹਨਾਂ ਹੱਥ-ਲਿਖਤਾਂ ਵਿਚ ਪਰਸਪਰ 'ਪਾਠ' ਦੀ ਸਮਾਨਤਾ ਹੀ ਵਿਦਮਾਨ ਹੈ।

<u>ਸੰਤ ਸੰਪੂਰਣ ਸਿੰਘ:</u> ਸੰਤ ਸੰਪੂਰਣ ਸਿੰਘ ਗੁਰੂ ਘਰ ਦੇ ਇਕ ਬਹੁਤ ਨਿਸ਼ਠਾਵਾਨ ਸਿੱਖ ਸਨ। ਨਿਸ਼ਠਾ ਦੇ ਨਾਲ ਨਾਲ ਉਹ ਪੁਰਾਤਨ ਹੱਥ-ਲਿਖਤਾਂ ਦੇ ਇਕ ਖੋਜੀ ਵਿਦਵਾਨ ਵੀ ਸਨ। ਉਹਨਾਂ ਨੇ ਆਪਣੀ 'ਜੀਵਨ ਗਾਥਾ' ਵਿਚ ਪ੍ਰਾਣ-ਸੰਗਲੀ ਦੀਆਂ ਹੱਥ-ਲਿਖਤਾਂ ਬਾਰੇ ਆਪਣੀਆਂ ਖੋਜ ਯਾਤਰਾਵਾਂ ਦਾ ਬਹੁਤ ਸੁਆਦਲਾ ਵਰਣਨ ਕੀਤਾ ਹੈ। ਲਾਹੌਰ ਤੋਂ ਲੈ ਕੇ ਪਟਨਾ ਸਾਹਿਬ ਤਕ ਅਨੇਕ ਪੁਸਤਕਾਲਿਆਂ, ਗੁਰਦਵਾਰਿਆਂ ਅਤੇ ਵਿਦਵਾਨਾਂ ਦੇ ਨਿਜੀ ਸੰਗ੍ਰਹਾਲਿਆਂ ਵਿੱਚ ਉਹਨਾਂ ਨੇ ਲੰਮੀ ਸਮੇਂ ਤਕ ਅਧਿਐਨ ਕਰਨ ਤੋਂ ਬਾਅਦ 'ਪ੍ਰਾਣ-ਸੰਗਲੀ' ਦਾ ਆਪਣਾ ਵਰਤਮਾਨ ਸੰਸਕਰਣ ਤਿਆਰ ਕੀਤਾ। ਸੰਤ ਸੰਪੂਰਣ ਸਿੰਘ ਸ਼ਾਇਦ ਪਹਿਲੇ ਪੰਜਾਬੀ ਵਿਦਵਾਨ ਸਨ ਜਿਨ੍ਹਾਂ ਨੇ 'ਪ੍ਰਾਣ-ਸੰਗਲੀ ਵਰਗੀ ਵੱਡ-ਆਕਾਰੀ ਹੱਥ-ਲਿਖਤ ਅਤੇ ਗੁੰਝਲਾਂ ਭਰਪੂਰ ਰਚਨਾ ਨੂੰ ਸੰਪਾਦਨ ਕਰਨ ਦਾ ਬੀੜਾ ਚੁੱਕਿਆ।

ਇਸ ਵਿਚ ਸੰਦੇਹ ਨਹੀਂ ਕਿ ਉਹਨਾਂ ਦੇ ਇਸ ਇਤਿਹਾਸਿਕ ਕੰਮ ਵਿਚ ਬਹੁਤ ਸਾਰੀਆਂ ਊਣਤਾਈਆਂ ਰਹਿ ਗਈਆਂ ਹਨ। ਵਿਸ਼ੇਸ਼ ਤੌਰ ਤੇ ਆਧੁਨਿਕ 'ਪਾਠ-ਆਲੋਚਨਾ-ਵਿਧੀ', (Textual criticism) ਦੀ ਦ੍ਰਿਸ਼ਟੀ ਤੋਂ 'ਪ੍ਰਾਣ-ਸੰਗਲੀ' ਦੀਆਂ ਵੱਖਰੀਆਂ ਵੱਖਰੀਆਂ ਹੱਥ-ਲਿਖਤਾਂ ਵਿਚ ਉਪਲਬਧ ਪਾਠਾਂਤਰਾਂ, ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਸੰਖਿਆ ਅਤੇ ਅਧਿਆਵਾਂ ਵਿਚ ਕ੍ਰਮ-ਭੇਦ ਆਦਿ ਤਰੁਟੀਆਂ, ਆਧੁਨਿਕ ਯੁਗ ਦੇ ਸ਼ੋਧਕਰਤਾ ਨੂੰ ਬਹੁਤ ਖਟਕਦੀਆਂ ਹਨ। ਇਸ ਤੋਂ ਇਲਾਵਾ 'ਪ੍ਰਾਣ-ਸੰਗਲੀ' ਦੀਆਂ ਹੱਥ-ਲਿਖਤਾਂ ਵਿਚ ਉਪਲਬਧ ਪੰਜਾਬੀ ਦੇ ਤਦਭਵ ਸ਼ਬਦਾਂ ਨੂੰ ਨਾਗਰੀ ਵਿਚ ਤਤਸਮ ਰੂਪ ਦੇ ਕੇ ਸੰਪਾਦਿਤ ਕਰਨਾ ਉਹਨਾਂ ਦੀ ਸੰਪਾਦਨ ਵਿਧੀ ਦੀ ਇਕ ਉਲੇਖਣਯੋਗ ਊਣਤਾਈ ਹੈ।

ਪਰ ਕਿਸੇ ਵੀ ਪ੍ਰਾਚੀਨ ਹੱਥ-ਲਿਖਤ ਦੇ ਮੋਢੀ ਸੰਪਾਦਕ ਦੀ ਸੰਪਾਦਿਤ ਰਚਨਾ ਵਿਚ ਇਹੋ ਜਿਹੀਆਂ ਤਰੁਟੀਆਂ ਦਾ ਆ ਜਾਣਾ ਸੁਭਾਵਿਕ ਹੀ ਹੈ। ਸੰਤ ਸੰਪੂਰਣ ਸਿੰਘ ਦੀ ਲਗਨ ਅਤੇ ਉਹਨਾਂ ਦੀ ਜੀਵਨ ਵਿਆਪੀ ਸਾਧਨਾ ਦਾ ਮੁਲਾਂਕਣ ਇਸੇ ਦ੍ਰਿਸ਼ਟੀ ਨਾਲ ਹੋਣਾ ਚਾਹੀਦਾ ਹੈ। ਇਹੋ ਕਾਰਨ ਹੈ ਕਿ ਸੰਤ ਸੰਪੂਰਣ ਸਿੰਘ ਨੂੰ ਉਹਨਾਂ ਦੇ ਯੁਗ ਦੇ ਅਨੇਕ ਵਿਦਵਾਨਾਂ ਅਤੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਨੇ ਸਨਮਾਨਿਆ। ਦੱਖਣ ਦੀ ਇਕ ਵਿਦਿਅਕ ਸੰਸਥਾ ਨੇ ਉਹਨਾਂ ਨੂੰ ਡੀ. ਐਸ. ਸੀ. ਦੀ ਆਨਰੇਰੀ ਉਪਾਧੀ ਵੀ ਦਿੱਤੀ।

ਪ੍ਰਾਣ-ਸੰਗਲੀ ਨੂੰ ਸੰਪਾਦਿਤ ਕਰਨ ਤੋਂ ਇਲਾਵਾ ਸੰਤ ਸੰਪੂਰਣ ਸਿੰਘ ਨੇ 'ਗੁਰੂ ਪਦ ਪ੍ਰਬੋਧ' ਅਤੇ 'ਗੁਰਮਤ ਸਿਧਾਂਤ ਪ੍ਰਬੋਧ' ਆਦਿ ਕਈ ਪੁਸਤਕਾਂ, ਗੁਰਮਤ ਸੰਬੰਧੀ ਕਈ ਟ੍ਰੈਕਟ ਅਤੇ ਲੇਖ ਆਦਿ ਵੀ ਲਿਖੇ।

ਇਸ ਤਰ੍ਹਾਂ ਸੰਤ ਸੰਪੂਰਣ ਸਿੰਘ ਇਕ ਮੁੱਲਵਾਨ ਅਤੇ ਖੋਜੀ ਵਿਦਵਾਨ ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਆਉਂਦੇ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਆਪਣੇ ਇਤਿਹਾਸ ਗ੍ਰੰਥਾਂ ਵਿਚ ਸੰਤ ਸੰਪੂਰਣ ਸਿੰਘ ਅਤੇ ਉਹਨਾਂ ਦੀ ਇਤਿਹਾਸਿਕ ਖੋਜ ਦਾ ਕੋਈ ਜ਼ਿਕਰ ਨਹੀਂ ਕੀਤਾ।

<u>ਪ੍ਰਾਣ-ਸੰਗਲੀ ਸੰਬੰਧੀ ਵਿਵਾਦ:</u> ਵਾਸਤਵ ਵਿਚ ਪ੍ਰਾਣ-ਸੰਗਲੀ ਇਕ ਵਿਵਾਦ ਗ੍ਰਸਤ ਰਚਨਾ ਹੈ। ਇਹਨਾਂ ਵਿਵਾਦਾਂ ਅਤੇ ਭੁਲੇਖਿਆਂ ਨੂੰ ਨਜਿੱਠਣ ਲਈ ਕੋਈ ਪ੍ਰਮਾਣਿਕ ਸਾਮਗ੍ਰੀ ਲਿਖਤੀ ਰੂਪ ਵਿਚ ਅੱਜ ਉਪਲਬਧ ਨਹੀਂ ਹੈ। ਇਸ ਲਈ ਪ੍ਰਾਣ-ਸੰਗਲੀ ਬਾਰੇ ਵਿਚਾਰ ਕਰਦੇ ਹੋਏ ਕਿਸੇ ਵੀ ਸ਼ੋਧ ਵਿਦਿਆਰਥੀ ਨੂੰ ਪ੍ਰਾਣ-ਸੰਗਲੀ ਦੀ ਅੰਦਰਲੀ ਗਵਾਹੀ ਤੋਂ ਉਪਰੰਤ ਬਾਹਰਲੀ ਗਵਾਹੀ ਉੱਤੇ ਵਧੇਰੇ ਨਿਰਭਰ ਰਹਿਣਾ ਪੈਂਦਾ ਹੈ।

ਇਸ ਮਹੱਤਵਪੂਰਨ ਰਚਨਾ ਬਾਰੇ ਪਿਛਲੀਆਂ ਕਈ ਸਦੀਆਂ ਤੋਂ ਕਈ ਭੁਲੇਖੇ ਪਏ ਹੋਏ ਹਨ। ਇਸ ਦੀ ਪ੍ਰਮਾਣਿਕਤਾ ਉੱਤੇ ਵੀ ਸਭ ਤੋਂ ਵਧ ਸ਼ੰਕੇ ਕੀਤੇ ਗਏ ਹਨ। ਪ੍ਰਮਾਣਿਕਤਾ ਅਪ੍ਰਮਾਣਿਕਤਾ ਦੇ ਚਕ੍ਰਵਿਊ ਵਿਚੋਂ ਇਸਦਾ ਉਧਾਰ ਹੁਣ ਤਕ ਨਹੀਂ ਹੋ ਸਕਿਆ। ਪ੍ਰਾਣ-ਸੰਗਲੀ ਦਾ ਲੇਖਕ ਕੌਣ ਹੈ? ਇਹ ਰਚਨਾ ਕਿੱਥੇ ਲਿਖੀ ਗਈ? ਕਿੱਥੋਂ ਲਿਆਂਦੀ ਗਈ ਅਤੇ ਗੁਰੂ ਘਰ ਵਿਚ ਇਸ ਰਚਨਾ ਦਾ ਕੀ ਸਥਾਨ ਹੈ? ਇਹੋ ਜਿਹੇ ਅਨੇਕ ਪ੍ਰਸ਼ਨਾਂ ਨੇ ਇਕ ਉਲਝਣਦਾਰ ਸਮੱਸਿਆ ਦਾ ਰੂਪ ਧਾਰਣ ਕੀਤਾ ਹੋਇਆ ਹੈ।

ਪ੍ਰਾਣ-ਸੰਗਲੀ ਦੀਆਂ ਇਹਨਾਂ ਉਲਝਣਦਾਰ ਸਮੱਸਿਆਵਾਂ ਨੇ ਇਹਨਾਂ ਵਿਵਾਦਾਂ ਨੂੰ ਜਨਮ ਦਿੱਤਾ ਹੈ:

<u>ਨਾਮਕਰਣ ਬਾਰੇ ਵਿਵਾਦ:</u> ਪ੍ਰਾਣ-ਸੰਗਲੀ ਦੇ ਨਾਂ ਬਾਰੇ ਇਕ ਵਿਵਾਦ ਸੰਤ ਸੰਪੂਰਣ ਸਿੰਘ ਨੇ ਵੀ ਖੜ੍ਹਾ ਕੀਤਾ ਹੈ। ਉਹਨਾਂ ਅਨੁਸਾਰ ਕਿਸੇ ਹੱਥ-ਲਿਖਤ ਵਿਚ 'ਪ੍ਰਾਣ-ਸੰਗਲੀ' ਲਈ 'ਪ੍ਰਾਣ-ਸਿੰਹਲੀ' ਨਾਂ ਵੀ ਇਸ ਰਚਨਾ ਦਾ ਮਿਲਦਾ ਹੈ। 'ਸਿੰਹਲ' ਸ਼ਬਦ ਸੰਗਲਾਦੀਪ ਦਾ ਵਾਚਕ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਇਕ ਮਿਥਿਹਾਸਕ ਰੂਪ ਨਾਥ-ਪੰਥੀਆਂ ਨੇ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਇਸ ਸੰਗਲਾਦੀਪ ਵਿਚ ਗਏ ਸਨ ਅਤੇ ਉੱਥੇ 'ਦਖਣੀ ਓਅੰਕਾਰ' ਦਾ ਉਚਾਰਣ ਉਹਨਾਂ ਨੇ ਕੀਤਾ ਸੀ, ਇਹ ਉਲੇਖ 'ਪੋਥੀ ਸੱਚਖੰਡ' ਤੋਂ ਲੈ ਕੇ ਹਰ ਇਕ ਜਨਮਸਾਖੀ ਵਿਚ ਮਿਲਦਾ ਹੈ।

ਇਸ ਸੰਗਲਾਦੀਪ ਦੀ ਭੂਗੋਲਿਕ ਸਥਿਤੀ ਬਹੁਤ ਸਪੱਸ਼ਟ ਨਹੀਂ ਹੈ ਅਤੇ ਆਮ ਤੌਰ ਤੇ ਇਸ ਦਾ ਸੰਬੰਧ ਅੱਜ ਦੇ ਸ੍ਰੀ ਲੰਕਾ ਦੇਸ਼ ਨਾਲ ਜੋੜਿਆ ਜਾਂਦਾ ਹੈ। ਪਰ ਉਸ ਦੇਸ਼ ਦੇ ਕਿਸੇ ਰਾਜਾ ਸ਼ਿਵਨਾਭ ਦਾ ਕੋਈ ਇਤਿਹਾਸਕ ਉਲੇਖ ਸ੍ਰੀ ਲੰਕਾ ਦੇ ਇਤਿਹਾਸ ਵਿਚ ਨਹੀਂ ਮਿਲਦਾ। ਇਸ ਤਰ੍ਹਾਂ ਪ੍ਰਾਣ-ਸੰਗਲੀ ਦੇ ਨਾਂ ਤੋਂ ਲੈ ਕੇ ਇਸਦੇ ਰਚਨਾ ਸਥਾਨ ਅਤੇ ਰਾਜਾ ਸ਼ਿਵਨਾਭ ਦੀ ਇਤਿਹਾਸਕ ਹੋਂਦ ਤਕ ਇਹ ਸਾਰਾ ਪ੍ਰਸੰਗ ਦੰਦ-ਕਥਾ ਤੋਂ ਵਧ ਕੁਝ ਨਹੀਂ ਜਾਪਦਾ।

<u>ਰਚੇਤਾ ਬਾਰੇ ਵਿਵਾਦ:</u> ਪ੍ਰਾਣ-ਸੰਗਲੀ ਦਾ ਰਚੇਤਾ ਕੌਣ ਹੈ? ਇਹ ਇਕ ਬਹੁਤ ਵੱਡਾ ਵਿਵਾਦ ਹੈ। ਕੁਝ ਸ਼ਰਧਾਲੂ ਪਾਠਕ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਦੇ ਹਨ। ਉਹ ਸ਼ਾਇਦ ਇਸ ਰਚਨਾ ਵਿਚ ਥਾਂ ਥਾਂ ਤੇ 'ਮਹਲਾ ੧' ਸਿਰਲੇਖ ਹੋਣ ਕਰਕੇ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਵੀਕਾਰ ਕਰ ਲੈਂਦੇ ਹਨ।

ਉਹਨਾਂ ਸ਼ਰਧਾਲੂਆਂ ਤੋਂ ਇਲਾਵਾ ਵਿਦਵਾਨਾਂ ਦਾ ਇਕ ਬਹੁਤ ਵੱਡਾ ਵਰਗ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਣ ਲਈ ਤਿਆਰ ਨਹੀਂ ਹੈ। ਉਹਨਾਂ ਦਾ ਵਿਚਾਰ ਹੈ ਕਿ ਬਿਨਾ ਕਿਸੇ ਇਤਿਹਾਸਿਕ

ਪ੍ਰਮਾਣ ਤੋਂ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜਿਆ ਨਹੀਂ ਜਾ ਸਕਦਾ। ਇਹ ਵੀ ਕਿਹਾ ਜਾਂਦਾ ਹੈ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਰਚਨਾ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਨਹੀਂ ਸੀ ਕੀਤਾ। ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠ ਮਿਲਦੀ 'ਮਹਲਾ ੧' ਸਿਰਲੇਖ ਵਾਲੀ ਹੋਰ ਵੀ ਬਹੁਤ ਸਾਰੀ ਵਾਧੂ ਅਤੇ ਕੱਚੀ ਬਾਣੀ ਨੂੰ ਰੱਦ ਕਰ ਦਿੱਤਾ ਸੀ। 'ਪ੍ਰਾਣ-ਸੰਗਲੀ' ਦੀ ਸ਼ੁਕੀ ਅੰਤਰੀਵੀ ਬਣਤਰ, ਇਸ ਦੇ ਵਿਚਾਰਾਂ ਦਾ ਨੀਵਾਂ ਪੱਧਰ, ਇਸ ਦਾ ਦੋਸ਼ਪੂਰਨ ਛੰਦ-ਵਿਧਾਨ ਅਤੇ ਇਸ ਵਿਚ ਆਈਆਂ ਬਹੁਤ ਸਾਰੀਆਂ ਸਿੱਖੀ ਰਹਿਤ ਅਤੇ ਗੁਰੂ ਘਰ ਦੀਆਂ ਪਰੰਪਰਾਵਾਂ ਦੇ ਵਿਰੁੱਧ ਗੱਲਾਂ, ਇਸ ਰਚਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਨਹੀਂ ਕਰਦੀਆਂ।

<u>ਵਿਸ਼ਾ-ਵਸਤੂ ਬਾਰੇ ਵਿਵਾਦ:</u> 'ਪ੍ਰਾਣ-ਸੰਗਲੀ' ਬਾਰੇ ਤੀਸਰਾ ਵਿਵਾਦ ਇਸ ਦੀ ਵਿਸ਼ਾ-ਵਸਤੂ ਬਾਰੇ ਹੈ। ਆਮ ਤੌਰ ਤੇ ਜਿਨ੍ਹਾਂ ਵਿਦਵਾਨਾਂ ਨੇ 'ਪ੍ਰਾਣ-ਸੰਗਲੀ' ਨੂੰ ਗਹੁ ਨਾਲ ਜਾਂ ਸਮੁੱਚੇ ਤੌਰ ਤੇ ਨਹੀਂ ਵਾਚਿਆ, ਉਹਨਾਂ ਨੂੰ ਇਹ ਰਚਨਾ ਯੋਗ ਸੰਬੰਧੀ ਜਾਪਦੀ ਰਹੀ ਹੈ। ਗੋਰਖਨਾਥ ਅਤੇ ਹੋਰ ਸਿੱਧਾਂ ਦਾ ਬਾਰ ਬਾਰ ਜ਼ਿਕਰ ਆਉਣ ਨਾਲ ਅਤੇ ਯੋਗ ਸਿੱਧਾਂਤ ਦੀ ਕੁਝ ਮੁੱਢਲੀ ਸ਼ਬਦਾਵਲੀ ਦੀ ਵਰਤੋਂ ਹੋਣ ਕਰਕੇ ਵੀ ਇਸ ਰਚਨਾ ਦੇ ਵਿਸ਼ਾ-ਵਸਤੂ ਬਾਰੇ ਇਕ ਭੁਲੇਖਾ ਪਿਆ ਰਿਹਾ ਹੈ।

'ਪ੍ਰਾਣ-ਸੰਗਲੀ' ਦੇ ਗੰਭੀਰ ਅਧਿਐਨ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਨੂੰ ਨਿਰੋਲ ਯੋਗ ਸ਼ਾਸਤ੍ਰ ਦੀ ਰਚਨਾ ਕਹਿਣਾ ਸੰਭਵ ਨਹੀਂ ਹੈ।

ਯੋਗ ਤੋਂ ਇਲਾਵਾ ਇਸ ਵਿਚ ਭਗਤੀ (ਨਿਰਜੋਗ ਭਗਤੀ), ਪ੍ਰੇਮਾ ਭਗਤੀ, ਸੰਤਾਂ ਫ਼ਕੀਰਾਂ ਦੀ ਰਹਿਣੀ ਬਹਿਣੀ ਅਤੇ ਉਹਨਾਂ ਦੀ 'ਸਰਬ ਧਰਮ ਸਮਨਵੈਵਾਦੀ' ਦ੍ਰਿਸ਼ਟੀ ਦਾ ਵੀ ਉਲੇਖ ਮਿਲਦਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਾਣ-ਸੰਗਲੀ ਵਿਚ ਭਾਰਤੀ ਚਿੰਤਨ ਦੇ ਸਾਰੇ ਪ੍ਰਮੁੱਖ ਤੱਤਾਂ ਦੀ ਚਰਚਾ ਹੋਈ ਹੈ। ਇਸ ਤਰ੍ਹਾਂ 'ਪ੍ਰਾਣ-ਸੰਗਲੀ' ਅਧਿਆਤਮ ਸਾਹਿਤ ਦੇ ਖੇਤਰ ਦੀ ਇਕ ਵਡਮੁੱਲੀ ਰਚਨਾ ਜਾਪਦੀ ਹੈ।

'ਪ੍ਰਾਣ-ਸੰਗਲੀ' ਬਾਰੇ ਇਹਨਾਂ ਅਤੇ ਹੋਰ ਭੁਲੇਖਿਆਂ ਨੂੰ ਨਜਿੱਠਣ ਲਈ ਪੂਰੇ ਪੰਜਾਬੀ ਜਗਤ ਨੂੰ ਅਤੇ ਖ਼ਾਸ ਤੌਰ ਤੇ ਪੰਜਾਬ ਦੇ ਪੁਰਾਣੇ ਵਿਰਸੇ ਦੇ ਵਾਰਸਾਂ ਨੂੰ 'ਪ੍ਰਾਣ-ਸੰਗਲੀ' ਦਾ ਇਕ ਵਿਗਿਆਨਿਕ ਅਤੇ ਸ਼ੁੱਧ ਪਾਠ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ।

<u>ਪ੍ਰਾਣ-ਸੰਗਲੀ ਸੰਬੰਧੀ ਹੋਈ ਖੋਜ:</u> 'ਪ੍ਰਾਣ-ਸੰਗਲੀ' ਆਪਣੀ ਭਾਸ਼ਾ ਅਤੇ ਆਪਣੀ ਵਸਤੂ ਕਾਰਨ ਇਕ ਕਠਿਨ ਰਚਨਾ ਮੰਨੀ ਜਾਂਦੀ ਹੈ। ਇਸ ਕਠਿਨਤਾ ਦੇ ਕਾਰਨ ਹੀ 'ਪ੍ਰਾਣ-ਸੰਗਲੀ' ਬਾਰੇ ਕੋਈ ਵਿਵਸਥਿਤ ਅਤੇ ਸ਼ੋਧ ਪ੍ਰਧਾਨ ਚਰਚਾ ਪੰਜਾਬੀ ਸਾਹਿਤ ਵਿਚ ਨਹੀਂ ਮਿਲਦੀ। ਡਾ. ਮੋਹਨ ਸਿੰਘ ਦੀਵਾਨਾ ਸ਼ਾਇਦ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਆਪਣੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 'ਪ੍ਰਾਣ-ਸੰਗਲੀ' ਦਾ ਇਕ ਸੰਖਿਪਤ ਜਿਹਾ ਪਰਿਚਯ ਦਿੱਤਾ। ਉਹਨਾਂ ਤੋਂ ਬਾਅਦ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ 'ਪ੍ਰਾਣ-ਸੰਗਲੀ' ਬਾਰੇ ਉਹਨਾਂ ਦੇ ਸੰਖਿਪਤ ਵਿਚਾਰਾਂ ਨੂੰ ਹੀ ਦੁਹਰਾਇਆ ਜਾਂਦਾ ਰਿਹਾ ਹੈ। ਪ੍ਰਾਣ-ਸੰਗਲੀ ਨੂੰ ਗਹੁ ਨਾਲ ਵਾਚਣ ਦੀ ਖੇਚਲ ਕਿਸੇ ਵੀ ਇਤਿਹਾਸਕਾਰ ਨੇ ਨਹੀਂ ਕੀਤੀ ਜਾਪਦੀ। ਦਰਅਸਲ, ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ 'ਪ੍ਰਾਣ-ਸੰਗਲੀ' ਬਾਰੇ ਦਿੱਤਾ ਗਿਆ ਵੇਰਵਾ ਨਾ ਕੇਵਲ ਅਧੂਰਾ ਹੀ ਹੈ ਸਗੋਂ ਇਹ ਬਹੁਤ ਭ੍ਰਾਂਤੀਪੂਰਣ ਵੀ ਹੈ।

ਪੰਜਾਬੀ ਸਾਹਿੱਤ ਦੇ ਇਤਿਹਾਸ ਗ੍ਰੰਥਾਂ ਤੋਂ ਇਲਾਵਾ ਕਿਸੇ ਵੀ ਸ਼ੋਧ ਉਪਾਧੀ ਲਈ ਪ੍ਰਾਣ-ਸੰਗਲੀ ਦਾ ਅਧਿਐਨ ਕਰਨ ਦੀ ਕੋਈ ਸੂਚਨਾ ਉਪਲਬਧ ਨਹੀਂ ਹੈ। ਪ੍ਰਾਣ-ਸੰਗਲੀ ਬਾਰੇ ਪੰਜਾਬੀ ਦੇ ਕੁਝ ਲੇਖਕਾਂ ਦੇ ਇਕ ਲੇਖ ਪੱਤਰ ਪਤਰਕਾਵਾਂ ਵਿਚ ਛਪੇ ਮਿਲਦੇ ਹਨ, ਖ਼ਾਸ ਕਰਕੇ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਦਾ 'ਗੁਰਦੁਆਰਾ ਗਜ਼ਟ' (ਨਵੰਬਰ 1970) ਵਿਚ ਛਪਿਆ ਲੇਖ 'ਗੁਰੂ ਨਾਨਕ ਦੀ ਪ੍ਰਾਣ ਸੰਗਲੀ' ਅਤੇ ਡਾ. ਰਤਨ ਸਿੰਘ ਜੱਗੀ ਦਾ 'ਖੋਜ ਪਤ੍ਰਿਕਾ' (1967-68) ਵਿਚ ਪ੍ਰਕਾਸ਼ਿਤ ਹੋਇਆ ਲੇਖ 'ਪ੍ਰਾਣ ਸੰਗਲੀ ਕਰਤ੍ਰਿਤ੍ਵ ਪਰਿਚਯ' ਆਦਿ।

ਇਸ ਅਲਪ ਸਾਹਿੱਤ ਦੀ ਉਪਲਬਧੀ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਰੁਲਦੀ/ਅਣਵਾਚੀ ਅਤੇ ਅਣਗੌਲੀ ਰਚਨਾ ਹੀ ਰਹੀ ਹੈ।

ਪੰਜਾਬੀ ਸਾਹਿੱਤ ਦੀ ਇਸ ਅਣਗੌਲੀ ਰਚਨਾ ਦਾ ਇਹ ਅਧਿਐਨ ਪਹਿਲੀ ਵਾਰ ਹੀ ਪ੍ਰਸਤੁਤ ਕੀਤਾ ਜਾ ਰਿਹਾ ਹੈ। 'ਪ੍ਰਾਣ-ਸੰਗਲੀ' ਸੰਬੰਧੀ ਅਨੇਕ ਸਮਸਿਆਵਾਂ ਨਾਲ ਜੂਝਣ ਦਾ ਇਹ ਪਹਿਲਾ ਅਵਸਰ ਹੈ। ਸ਼ੋਧ ਦੀ ਆਧੁਨਿਕ ਵਿਧੀ ਰਾਹੀਂ 'ਪ੍ਰਾਣ-ਸੰਗਲੀ' ਦੀ ਖੋਜ ਪੜਤਾਲ ਕਰਨ ਦੀ ਸੇਵਾ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਲੇਖਕ ਦੇ ਹਿੱਸੇ ਆਈ ਹੈ।

<u>ਪ੍ਰਸਤੁਤ ਅਧਿਐਨ ਦੀਆਂ ਸੀਮਾਵਾਂ</u>: ਇਸ ਅਧਿਐਨ ਦੀਆਂ ਕੁਝ ਸੀਮਾਵਾਂ ਇਹ ਹਨ:

1) 'ਪ੍ਰਾਣ-ਸੰਗਲੀ' ਦਾ ਸੰਪਾਦਨ ਅਤੇ ਪ੍ਰਕਾਸ਼ਨ ਸੰਤ ਸੰਪੂਰਣ ਸਿੰਘ ਨੇ ਕੀਤਾ। ਉਹਨਾਂ ਨੇ 'ਪ੍ਰਾਣ-ਸੰਗਲੀ' ਨੂੰ ਨਾਗਰੀ ਅੱਖਰਾਂ ਵਿਚ ਫੈਲਸੋਫੀਅਰ ਪ੍ਰੈਸ, ਅਲਾਹਾਬਾਦ ਤੋਂ 1921 ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਪ੍ਰਕਾਸ਼ਨ ਵਿਚ ਉਹਨਾਂ ਨੇ 'ਪ੍ਰਾਣ-ਸੰਗਲੀ' ਦੇ ਕੇਵਲ 21 ਅਧਿਆਵਾਂ ਨੂੰ ਹੀ ਪਾਠਕਾਂ ਦੇ ਸਾਹਮਣੇ ਲਿਆਂਦਾ ਸੀ। ਇਸ ਰਚਨਾ ਨੂੰ ਜਿਸ ਦੇ ਗੁਰਮੁਖੀ ਅੱਖਰਾਂ ਵਿਚ ਹੱਥ-ਲਿਖਤੀ ਨੁਸਖ਼ੇ ਪੰਜਾਬ ਵਿਚ ਅੱਜ ਵੀ ਮਿਲਦੇ ਹਨ, ਨਾਗਰੀ ਅੱਖਰਾਂ ਵਿਚ ਛਪਵਾਉਣ ਦਾ ਸੰਤ ਸੰਪੂਰਣ ਸਿੰਘ ਦਾ ਮਨੋਰਥ ਕੀ ਸੀ? ਇਹ ਦੱਸਣਾ ਔਖਾ ਹੈ। ਪ੍ਰਾਣ-ਸੰਗਲੀ ਦੇ 80 ਅਧਿਆਵਾਂ ਦਾ ਇਕ ਸੰਸਕਰਣ ਨਾਗਰੀ ਅੱਖਰਾਂ ਵਿਚ ਹੀ ਸੰਤ ਸੰਪੂਰਣ ਸਿੰਘ ਹੋਰਾਂ ਨੇ ਤਰਨ ਤਾਰਨ ਤੋਂ ਤਿੰਨ ਜਿਲਦਾਂ ਵਿਚ ਪ੍ਰਕਾਸ਼ਿਤ ਕਰਵਾਇਆ। ਇਹ ਸੰਸਕਰਣ ਮਹਾਵੀਰ ਪ੍ਰਿੰਟਿੰਗ ਪ੍ਰੈਸ, ਮਿੱਠਾ ਬਜ਼ਾਰ, ਲਾਹੌਰ ਤੋਂ ਛਪਿਆ। ਸੰਤ ਸੰਪੂਰਣ ਸਿੰਘ ਨੇ 'ਪ੍ਰਾਣ-ਸੰਗਲੀ' ਨੂੰ 'ਪੂਰਬ ਅਰਧ' ਅਤੇ 'ਉੱਤਰ ਅਰਧ' — ਇਹਨਾਂ ਦੋ ਭਾਗਾਂ ਵਿਚ ਵੰਡਿਆ ਹੈ। 'ਪੂਰਬ ਅਰਧ' ਵਿਚ ਪਹਿਲੀ ਅਤੇ ਦੂਜੀ ਜਿਲਦ (41 ਅਧਿਆਇ ਤਕ) ਅਤੇ 'ਉੱਤਰ ਅਰਧ' ਵਿਚ ਤੀਜੀ ਜਿਲਦ (ਅਧਿਆਇ 42 ਤੋਂ 80 ਤਕ) ਦਿੱਤੇ ਗਏ ਹਨ।

ਸੰਤ ਸੰਪੂਰਣ ਸਿੰਘ ਨੇ 'ਪ੍ਰਾਣ-ਸੰਗਲੀ' ਦੇ ਹੱਥ-ਲਿਖਤੀ ਨੁਸਖ਼ਿਆਂ ਦੇ ਆਧਾਰ ਤੇ ਪ੍ਰਾਣ-ਸੰਗਲੀ ਦੇ ਪੂਰੇ ਅਧਿਆਵਾਂ ਦੀ ਕੁਲ ਸੰਖਿਆ 113 (ਅਤੇ ਕਿਤੇ ਕਿਤੇ 160 ਵੀ) ਦੱਸੀ ਹੈ ਪਰ ਅਧਿਆਇ 80 ਤੋਂ ਅੱਗੇ ਦਾ ਭਾਗ ਉਹਨਾਂ ਨੂੰ ਨਹੀਂ ਮਿਲਿਆ। 'ਪ੍ਰਾਣ-ਸੰਗਲੀ' ਦੇ ਸਮੁੱਚੇ ਅਧਿਆਵਾਂ ਦਾ ਪਾਠ ਨਾ ਮਿਲਣਾ ਪ੍ਰਸਤੁਤ ਅਧਿਐਨ ਦੀ ਪਹਿਲੀ ਸੀਮਾ ਹੈ।

2) ਇਸ 'ਪ੍ਰਾਣ-ਸੰਗਲੀ' ਦੀਆਂ ਕੁਝ ਹੱਥ-ਲਿਖਤਾਂ ਦਾ ਉਲੇਖ ਸੰਤ ਸੰਪੂਰਣ ਸਿੰਘ ਨੇ ਥਾਂ ਥਾਂ ਕੀਤਾ ਹੈ ਅਤੇ ਕਈ ਥਾਵਾਂ ਤੇ ਪਾਠਾਂਤਰ ਵੀ ਕੁਝ ਹੱਥ-ਲਿਖਤਾਂ ਵਿਚੋਂ ਦਿੱਤੇ ਹਨ ਪਰ ਆਪਣੀ ਲੰਮੀ ਚੌੜੀ ਭੂਮਿਕਾ

ਵਿਚ ਸੰਤ ਸੰਪੂਰਣ ਸਿੰਘ ਨੇ ਇਹਨਾਂ ਹੱਥ-ਲਿਖਤਾਂ ਦਾ ਕੋਈ ਪ੍ਰਮਾਣਿਕ ਵੇਰਵਾ ਨਹੀਂ ਦਿੱਤਾ। ਇੰਜ ਜਾਪਦਾ ਹੈ ਕਿ ਉਹਨਾਂ ਨੇ ਪ੍ਰਾਣ-ਸੰਗਲੀ ਦੇ ਸੰਪਾਦਨ ਲਈ ਕੁਝ ਹੱਥ-ਲਿਖਤਾਂ ਨੂੰ ਸਾਹਮਣੇ ਜ਼ਰੂਰ ਰਖਿਆ ਹੈ ਪਰ ਉਹਨਾਂ ਹੱਥ-ਲਿਖਤਾਂ ਦਾ ਕੋਈ ਥਹੁ ਪਤਾ ਕਿਤੇ ਨਹੀਂ ਛੱਡਿਆ। ਇਸ ਤਰੁਟੀ ਪੂਰਣ ਸੰਪਾਦਨ ਦੇ ਕਾਰਣ ਪ੍ਰਾਣ-ਸੰਗਲੀ ਦਾ ਪੂਰਾ ਸਰੂਪ ਸਾਹਮਣੇ ਨਹੀਂ ਆਉਂਦਾ। ਜੇ ਕਰ ਸੰਤ ਸੰਪੂਰਣ ਸਿੰਘ ਇਸ ਰਚਨਾ ਨੂੰ ਸੰਪਾਦਿਤ ਕਰਨ ਤੋਂ ਪਹਿਲਾਂ ਕੁਝ ਖ਼ਾਸ ਹੱਥ-ਲਿਖਤਾਂ ਦੇ ਆਧਾਰ ਤੇ 'ਪ੍ਰਾਣ-ਸੰਗਲੀ' ਦਾ ਸ਼ੁੱਧ ਪਾਠ ਤਿਆਰ ਕਰ ਲੈਂਦੇ ਤਾਂ ਪ੍ਰਾਣ-ਸੰਗਲੀ ਬਾਰੇ ਬਹੁਤ ਸਾਰੇ ਭੁਲੇਖਿਆਂ ਦਾ ਅੰਤ ਹੋ ਜਾਂਦਾ। ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਦਾ ਇਹੋ ਜਿਹਾ ਸੰਪਾਦਨ ਪ੍ਰਕਾਸ਼ਨ, ਜਿਸ ਵਿਚ ਅਨੇਕ ਹੱਥ-ਲਿਖਤਾਂ ਦੀ ਸਹਾਇਤਾ ਨਾਲ ਸ਼ੁੱਧ ਪਾਠ ਦਾ ਨਿਰਣਾ ਕੀਤਾ ਗਿਆ ਹੋਵੇ ਅਤੇ ਪਾਠਾਂਤਰ ਵਿਧੀ ਪੂਰਵਕ ਨੋਟ ਕੀਤੇ ਗਏ ਹੋਣ, ਪੁਰਾਤਨ ਪੰਜਾਬੀ ਸਾਹਿੱਤ ਦੇ ਅਧਿਐਨ ਦੀ ਇਕ ਉਚੇਚੀ ਅਤੇ ਅਨਿਵਾਰੀ ਆਵੱਸ਼ਕਤਾ ਹੈ।

ਪ੍ਰਾਣ-ਸੰਗਲੀ ਦੇ ਸ਼ੁੱਧ ਪਾਠ ਦਾ ਨਾ ਮਿਲਣਾ ਇਸ ਸ਼ੋਧ-ਪ੍ਰਬੰਧ ਦੀ ਦੂਜੀ ਸੀਮਾ ਹੈ।

3) ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਵਿਚ ਭਾਸ਼ਾ-ਸ਼ੈਲੀ, ਛੰਦ, ਸੰਗੀਤ, ਅਲੰਕਾਰ ਅਤੇ ਰਸ ਸੰਬੰਧੀ ਅਨੇਕ ਊਣਤਾਈਆਂ ਵਿਦਮਾਨ ਹਨ। ਇਹਨਾਂ ਊਣਤਾਈਆਂ ਦਾ ਕਿੰਨਾ ਕੁ ਸੰਬੰਧ ਪ੍ਰਾਣ-ਸੰਗਲੀ ਦੇ ਮੂਲ ਅਤੇ ਪ੍ਰਮਾਣਿਕ ਪਾਠ ਨਾਲ ਹੈ ਅਤੇ ਕਿੰਨਾ ਕੁ ਰਲਾ 'ਪ੍ਰਾਣ-ਸੰਗਲੀ' ਦੇ ਸੰਪਾਦਕ ਨੇ ਪਾਇਆ ਹੈ, ਇਸਦਾ ਨਿਰਣਾ ਵੀ ਭਵਿੱਖ ਵਿਚ 'ਪ੍ਰਾਣ-ਸੰਗਲੀ' ਦੇ ਕਿਸੇ ਸੂਝਵਾਨ ਸੰਪਾਦਕ ਨੂੰ ਹੀ ਕਰਨਾ ਪਵੇਗਾ।

ਇਹੋ ਕਾਰਨ ਹੈ ਕਿ 'ਪ੍ਰਾਣ-ਸੰਗਲੀ' ਨੂੰ ਆਪਣੇ ਵਰਤਮਾਨ ਰੂਪ ਵਿਚ ਵਾਚਣਾ ਕਿਸੇ ਵੀ ਆਧੁਨਿਕ ਪਾਠਕ ਲਈ ਇਕ ਕਰੜੀ ਪਰੀਖਿਆ ਹੈ। ਅਜ ਦੇ ਸੰਵੇਦਨਸ਼ੀਲ ਪਾਠਕ ਦਾ ਸਾਹਸ ਅਤੇ ਉਸ ਦੀ ਸਹਿਨਸ਼ੀਲਤਾ ਦੀ ਪੂਰੀ ਪਰੀਖਿਆ 'ਪ੍ਰਾਣ-ਸੰਗਲੀ' ਦਾ ਅਧਿਐਨ ਕਰਦੇ ਹੋਏ ਹੋ ਜਾਂਦੀ ਹੈ ਪਰ 'ਪ੍ਰਾਣ-ਸੰਗਲੀ' ਦੀ ਕੋਈ ਹੋਰ ਸ਼ੁੱਧ ਅਤੇ ਪ੍ਰਮਾਣਿਕ ਪੋਥੀ ਉਪਲਬੱਧ ਨਾ ਹੋਣ ਕਰਕੇ ਇਸ ਅਧਿਐਨ ਲਈ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ 80 ਅਧਿਆਵਾਂ ਵਾਲੀ 'ਪ੍ਰਾਣ-ਸੰਗਲੀ' ਉਤੇ ਹੀ ਨਿਰਭਰ ਰਹਿਣਾ ਪਿਆ ਹੈ। ਇਸੇ ਕਰਕੇ ਕਿਸੇ ਤੁਲਨਾਤਮਕ ਪਾਠ-ਸੰਪਾਦਨ ਦੀ ਲੋੜ ਮਹਿਸੂਸ ਕਰਦੇ ਹੋਏ ਵੀ ਇਸ ਅਧਿਐਨ ਵਿਚ ਇਸ ਸਮੱਸਿਆ ਨੂੰ ਛੋਹਿਆ ਨਹੀਂ ਜਾ ਸਕਿਆ। ਪ੍ਰਸਤੁਤ ਸ਼ੋਧ-ਪ੍ਰਬੰਧ ਦੀ ਇਹ ਤੀਸਰੀ ਸੀਮਾ ਹੈ।

ਇਹਨਾਂ ਸੀਮਾਵਾਂ ਵਿਚ ਰਹਿ ਕੇ ਹੀ ਇਹ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।

<u>ਪ੍ਰਸਤੁਤ ਸ਼ੋਧ-ਪ੍ਰਬੰਧ ਵਿਚ ਅਪਣਾਈ ਗਈ ਸ਼ੋਧ-ਵਿਧੀ:</u> ਪ੍ਰਾਣ-ਸੰਗਲੀ ਆਪਣੇ ਮੂਲ ਰੂਪ ਵਿਚ ਇਕ ਬਹੁਪੱਖੀ ਰਚਨਾ ਹੈ। ਇਸ ਵਿਚ ਭਾਰਤੀ ਦਰਸ਼ਨ ਦੀਆਂ ਕਈ ਸ਼ਾਖਾਵਾਂ, ਭਾਰਤੀ ਸਾਧਨਾ ਪੱਧਤੀ ਦੀਆਂ ਕਈ ਸਾਧਨਾਵਾਂ ਤੋਂ ਇਲਾਵਾ ਗਿਆਨ ਅਤੇ ਸਾਧਨਾ ਦੇ ਅਨੇਕ ਤੱਤ ਸੰਕਲਿਤ ਕੀਤੇ ਗਏ ਹਨ। ਇਹੋ ਕਾਰਨ ਹੈ ਕਿ ਜਿਨ੍ਹਾਂ ਵਿਦਵਾਨਾਂ ਨੇ 'ਪ੍ਰਾਣ-ਸੰਗਲੀ' ਬਾਰੇ ਇਸ ਵਿਆਪਕ ਦ੍ਰਿਸ਼ਟੀ ਨਾਲ ਵਿਚਾਰ ਨਹੀਂ ਕੀਤਾ, ਉਹ 'ਪ੍ਰਾਣ-ਸੰਗਲੀ' ਦੇ ਮੂਲ ਮੰਤਵ ਤਕ ਨਹੀਂ ਪੁਜ ਸਕੇ।

ਇਸ ਲਈ ਪ੍ਰਸਤੁਤ ਅਧਿਐਨ ਵਿਚ ਸ਼ੋਧ ਦੀ ਬਹੁਪੱਖੀ ਵਿਧੀ ਨੂੰ ਅਪਣਾਇਆ ਗਿਆ ਹੈ। ਭਾਵ ਇਹ ਹੈ ਕਿ 'ਪ੍ਰਾਣ-ਸੰਗਲੀ' ਦਾ ਨਿਰੋਲ ਕਾਵਿ ਦੇ ਰੂਪ ਵਿਚ ਅਧਿਐਨ ਕਰਨਾ ਪ੍ਰਾਣ-ਸੰਗਲੀ ਦੀ ਮੂਲ ਭਾਵਨਾ ਦੀ ਨਿਖੇਧੀ ਕਰਨਾ ਹੀ ਪ੍ਰਤੀਤ ਹੋਇਆ।

ਸ਼ੋਧ ਦੀ ਇਸ ਬਹੁ-ਪੱਖੀ ਵਿਧੀ ਦਾ ਸੰਬੰਧ ਯੋਗ ਦਰਸ਼ਨ, ਵੇਦਾਂਤ ਦਰਸ਼ਨ ਦੇ ਨਾਲ ਨਾਲ ਹਠ ਯੋਗ ਅਤੇ ਭਗਤੀ ਦੇ ਮੂਲ ਸੋਮਿਆਂ ਨਾਲ ਹੈ। ਇਹਨਾਂ ਸੋਮਿਆਂ ਨਾਲ ਪ੍ਰਾਣ-ਸੰਗਲੀ ਦੇ ਵਿਚਾਰਾਂ ਦੀ ਤੁਲਨਾਤਮਕ ਪਰੀਖਿਆ ਕੀਤੀ ਗਈ ਹੈ। ਇਸ ਤਰ੍ਹਾਂ ਪ੍ਰਸਤੁਤ ਸ਼ੋਧ-ਪ੍ਰਬੰਧ ਵਿਚ ਭਗਤੀ ਅਤੇ ਗਿਆਨ ਦੀਆਂ ਅਨੇਕ ਸ਼ਾਖਾਵਾਂ ਅਤੇ ਭਾਰਤੀ ਸਾਧਨਾ ਦੀਆਂ ਅਨੇਕ ਪੱਧਤੀਆਂ ਦਾ ਵਿਵੇਚਨ ਕੀਤਾ ਗਿਆ ਹੈ। ਇਸ ਸ਼ੋਧ-ਪ੍ਰਬੰਧ ਦੀ ਬਹੁਪੱਖੀ ਵਿਧੀ ਦਾ ਇਕ ਪੱਖ ਭਾਰਤੀ ਦਰਸ਼ਨ ਸ਼ਾਸਤ੍ਰ ਦੇ ਨਾਲ ਜੁੜਿਆ ਹੈ।

ਚੂੰਕਿ 'ਪ੍ਰਾਣ-ਸੰਗਲੀ' ਦਾ ਪਾਠ ਨਿਸਚਿਤ ਨਹੀਂ ਹੈ, ਇਸ ਲਈ ਪ੍ਰਾਣ-ਸੰਗਲੀ ਦੇ ਬਹੁਤ ਸਾਰੇ ਹੱਥ-ਲਿਖਤੀ ਨੁਸਖਿਆਂ ਨੂੰ ਵੀ ਤੁਲਨਾਤਮਕ ਦ੍ਰਿਸ਼ਟੀ ਤੋਂ ਵਾਚਣ ਦਾ ਯਤਨ ਕੀਤਾ ਗਿਆ ਹੈ। ਸੰਤਸੰਪੂਰਣ ਸਿੰਘ ਦੁਆਰਾ ਸੰਪਾਦਿਤ 'ਪ੍ਰਾਣ-ਸੰਗਲੀ' ਦੇ ਅਧਿਆਵਾਂ ਦੀ ਸੰਖਿਆ, ਉਹਨਾਂ ਦੇ ਕ੍ਰਮ ਦੀ ਜਾਂਚ ਪੜਤਾਲ ਅਤੇ ਸ਼ੁੱਧ ਪਾਠ ਦੀ ਖੋਜ ਕਰਨ ਲਈ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਲੇਖਕ ਨੇ ਇਹਨਾਂ ਪੁਸਤਕਾਲਿਆਂ ਵਿਚ ਉਪਲਬੱਧ ਪ੍ਰਾਣ-ਸੰਗਲੀ ਦੀਆਂ ਹੱਥ-ਲਿਖਤਾਂ ਨੂੰ ਵੀ ਵਾਚਿਆ:

ੳ) ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਅ) ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ੲ) ਲਾਇਬ੍ਰੇਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਸ) ਲਾਇਬ੍ਰੇਰੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
ਹ) ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ।
ਕ) ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ।

ਇਹਨਾਂ ਪੁਸਤਕਾਲਿਆਂ ਦੇ ਵਿਚ ਉਪਲਬਧ ਪ੍ਰਾਣ-ਸੰਗਲੀ ਦੀਆਂ ਹੱਥ-ਲਿਖਤਾਂ ਤੋਂ ਪ੍ਰਾਪਤ ਸਾਮਗ੍ਰੀ ਇਸ ਸ਼ੋਧ-ਪ੍ਰਬੰਧ ਦੀਆਂ ਅੰਤਿਕਾਵਾਂ ਵਿਚ ਸੰਕਲਿਤ ਹੈ। ਇਸ ਤਰ੍ਹਾਂ ਪ੍ਰਸਤੁਤ ਸ਼ੋਧ-ਪ੍ਰਬੰਧ ਦਾ ਇਕ ਪੱਖ 'ਹੱਥ-ਲਿਖਤ-ਵਿਗਿਆਨ' ਨਾਲ ਵੀ ਜੁੜਿਆ ਹੋਇਆ ਹੈ।

ਕਾਵਿ-ਕਲਾ ਪ੍ਰਸਤੁਤ ਸ਼ੋਧ-ਪ੍ਰਬੰਧ ਦਾ ਮੁੱਖ ਵਿਸ਼ਾ ਹੈ। ਇਸ ਲਈ ਭਾਰਤੀ ਅਤੇ ਪੱਛਮੀ ਕਾਵਿ ਸ਼ਾਸਤ੍ਰ ਦੇ ਮੁੱਖ ਸਿੱਧਾਂਤਾਂ ਦੀ ਕਸੌਟੀ ਤੇ ਪ੍ਰਾਣ-ਸੰਗਲੀ ਦੀ ਕਾਵਿ-ਕਲਾ ਨੂੰ ਪਰਖਣ ਦਾ ਯਤਨ ਕੀਤਾ ਗਿਆ ਹੈ। ਕਾਵਿ-ਕਲਾ ਦੇ ਨਾਲ ਨਾਲ ਛੰਦ ਅਤੇ ਸੰਗੀਤ ਦੇ ਵੀ ਅਨੇਕ ਸੰਦਰਭ ਪ੍ਰਾਣ-ਸੰਗਲੀ ਦੇ ਇਸ ਅਧਿਐਨ ਨੂੰ ਦਿੱਤੇ ਗਏ ਹਨ। ਇਸ ਤਰ੍ਹਾਂ ਪ੍ਰਸਤੁਤ ਸ਼ੋਧ-ਪ੍ਰਬੰਧ ਦਾ ਇਕ ਪੱਖ ਭਾਰਤੀ ਕਾਵਿ ਸ਼ਾਸਤ੍ਰ, ਪੱਛਮੀ ਕਾਵਿ ਸ਼ਾਸਤ੍ਰ, ਛੰਦ ਅਤੇ ਸੰਗੀਤ ਨਾਲ ਜੁੜਿਆ ਹੋਇਆ ਹੈ।

'ਪ੍ਰਾਣ-ਸੰਗਲੀ' ਭਾਸ਼ਾ ਦੀ ਦ੍ਰਿਸ਼ਟੀ ਤੋਂ ਇਕ ਪ੍ਰਾਚੀਨ ਰਚਨਾ ਹੈ। ਇਸ ਲਈ 'ਪ੍ਰਾਣ-ਸੰਗਲੀ' ਦਾ ਇਹ ਅਧਿਐਨ ਭਾਸ਼ਾ ਸ਼ਾਸਤ੍ਰ ਦੇ ਵਿਵੇਚਨ ਵਿਸ਼ਲੇਸ਼ਣ ਨਾਲ ਵੀ ਸੰਬੰਧਤ ਹੈ।

ਵਾਸਤਵ ਵਿਚ, ਪ੍ਰਸਤੁਤ ਸ਼ੋਧ-ਪ੍ਰਬੰਧ ਦਾ ਘੇਰਾ 'ਪ੍ਰਾਣ-ਸੰਗਲੀ' ਰਾਹੀਂ ਭਾਰਤ ਅਤੇ ਪੱਛਮ ਦੇ ਆਧੁਨਿਕ ਵਿਚਾਰਾਂ ਅਤੇ ਸ਼ੋਧ-ਕਾਰਜਾਂ ਨਾਲ ਸੰਬੰਧਤ ਹੈ। ਇਸ ਨੂੰ ਇਸ ਸ਼ੋਧ-ਪ੍ਰਬੰਧ ਦਾ ਬਹੁ-ਪੱਖੀ ਰੂਪ ਕਿਹਾ ਜਾ ਸਕਦਾ ਹੈ।

ਅਧਿਆਇ ਵਿਭਾਜਨ: ਪ੍ਰਾਣ-ਸੰਗਲੀ ਸੰਬੰਧੀ ਇਸ ਬਹੁ-ਪੱਖੀ ਅਧਿਐਨ ਨੂੰ ਸੁਖੈਨਤਾ ਲਈ 'ਇਹਨਾਂ ਅਧਿਆਵਾਂ ਵਿਚ ਵੰਡਿਆ ਗਿਆ ਹੈ:

ੳ) ਪ੍ਰਾਣ-ਸੰਗਲੀ ਦਾ ਕਰਤ੍ਰਿਤਵ,

ਅ) ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ,

ੲ) ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ,

ਸ) ਪ੍ਰਾਣ-ਸੰਗਲੀ ਦੇ ਕਾਵਿ-ਰੂਪ,

ਹ) ਪ੍ਰਾਣ-ਸੰਗਲੀ ਦੀ ਕਾਵਿ-ਕਲਾ, ਅਤੇ

ਕ) ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਸਰੂਪ।

ਇਹਨਾਂ ਅਧਿਆਵਾਂ ਤੋਂ ਇਲਾਵਾ ਪ੍ਰਾਰੰਭ ਵਿਚ ਭੂਮਿਕਾ, ਅੰਤ ਵਿਚ ਉਪਸੰਹਾਰ ਅਤੇ ਅੰਤਿਕਾਵਾਂ ਵੀ ਦਿੱਤੀਆਂ ਗਈਆਂ ਹਨ।

ਅੰਤ ਵਿਚ ਇਹ ਨਿਵੇਦਨ ਕਰ ਦੇਣਾ ਆਵੱਸ਼ਕ ਹੈ ਕਿ ਪ੍ਰਸਤੁਤ ਸ਼ੋਧ-ਪ੍ਰਬੰਧ ਵਿਚ ਵਿਸ਼ੈ-ਵਸਤੂ, ਭਾਸ਼ਾ ਆਦਿ ਦੀ ਦ੍ਰਿਸ਼ਟੀ ਤੋਂ ਊਣਤਾਈਆਂ ਹੋ ਸਕਦੀਆਂ ਹਨ। ਵਿਵੇਚਨ ਵਿਸ਼ਲੇਸ਼ਣ ਵਿਚ ਵੀ ਤਰੁਟੀਆਂ ਰਹਿ ਗਈਆਂ ਹੋਣਗੀਆਂ ਕਿਉਂਕਿ ਇਹ ਇਕ ਮਨੁੱਖੀ ਯਤਨ ਹੈ ਅਤੇ ਹਰ ਮਨੁੱਖੀ ਯਤਨ ਦਾ ਅਧੂਰਾ ਰਹਿਣਾ ਉਸ ਦੀ ਪ੍ਰਾਲਬਧ ( Destiny ) ਹੈ। ਇਸੇ ਲਈ ਪੁਰਾਣੀਆਂ ਹੱਥ-ਲਿਖਤਾਂ ਵਿਚ ਲਿਖਾਰੀ ਆਮ ਤੌਰ ਤੇ ਗ੍ਰੰਥ ਦੀ ਸਮਾਪਤੀ ਤੇ ਲਿਖਦੇ ਹੁੰਦੇ ਸਨ:

ਭੁੱਲਣ ਅੰਦਰ ਸਭ ਕੋ,
ਅਭੁੱਲ ਗੁਰੂ ਕਰਤਾਰ।

ਗੁਰਦੇਵ ਸਿੰਘ

(ਗੁਰਦੇਵ ਸਿੰਘ)

# ਅਧਿਆਇ ਪਹਿਲਾ

## ਪ੍ਰਾਣ-ਸੰਗਲੀ ਦਾ ਕਰਤ੍ਰਿਤਵ

ਅਧਿਆਇ 1

## ਪ੍ਰਾਣ-ਸੰਗਲੀ ਦਾ ਕਰਤ੍ਰਿਤਵ

ਪ੍ਰਾਣ-ਸੰਗਲੀ ਦੀਆਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕ ਹੱਥ-ਲਿਖਤਾਂ ਮਿਲਦੀਆਂ ਹਨ। ਹੱਥ-ਲਿਖਤਾਂ ਤੋਂ ਇਲਾਵਾ ਪੰਜਾਬੀ ਅਤੇ ਨਾਗਰੀ ਅੱਖਰਾਂ ਵਿਚ ਵੀ ਪ੍ਰਾਣ-ਸੰਗਲੀ ਪ੍ਰਕਾਸ਼ਿਤ ਰੂਪ ਵਿਚ ਮਿਲਦੀ ਹੈ।[1] ਪ੍ਰਾਣ-ਸੰਗਲੀ ਦੇ 80 ਅਧਿਆਵਾਂ ਦਾ ਇਕ ਸੰਸਕਰਣ ਨਾਗਰੀ ਅੱਖਰਾਂ ਵਿਚ ਸੰਤ ਸੰਪੂਰਣ ਸਿੰਘ ਨੇ ਤਿੰਨ ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ ਹੈ। ਇਹ ਸੰਸਕਰਣ ਹੁਣ ਤਕ ਛਪੀਆਂ ਪ੍ਰਾਣ-ਸੰਗਲੀਆਂ ਵਿਚੋਂ ਸਭ ਤੋਂ ਵੱਡਾ ਸੰਸਕਰਣ ਹੈ।

ਇਸੇ ਤਰ੍ਹਾਂ ਸੰਪਾਦਕ ਸੰਤ ਬਾਣੀ (ਵੇਲਵੇਡੀਅਰ ਪ੍ਰੈਸ, ਅਲਾਹਾਬਾਦ) ਨੇ ਵੀ ਪ੍ਰਾਣ-ਸੰਗਲੀ ਦਾ ਇਕ ਲਘੂ ਸੰਸਕਰਣ ਪ੍ਰਕਾਸ਼ਿਤ ਕੀਤਾ ਸੀ। ਇਸ ਵਿਚ ਵੀ ਸੰਤ ਸੰਪੂਰਣ ਸਿੰਘ ਦੀ ਹੀ ਸੰਕਲਿਤ ਸਾਮਗ੍ਰੀ ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਪ੍ਰਾਣ-ਸੰਗਲੀ ਦੀਆਂ ਇਨ੍ਹਾਂ ਪ੍ਰਕਾਸ਼ਿਤ ਰਚਨਾਵਾਂ ਤੋਂ ਇਲਾਵਾ ਕੁਝ ਹੱਥ-ਲਿਖਤੀ ਨੁਸਖਿਆਂ ਅਤੇ ਪੰਜਾਬੀ ਵਿਚ ਛਪੀ ਇਕ ਪ੍ਰਾਣ-ਸੰਗਲੀ ਨੂੰ ਮੁੱਖ ਰਖ ਕੇ ਇਸਦੇ ਕਰਤ੍ਰਿਤਵ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ।

<u>ਪ੍ਰਾਣ-ਸੰਗਲੀ ਦਾ ਕਰਤਾ:</u> ਪ੍ਰਾਣ-ਸੰਗਲੀ ਦਾ ਲੇਖਕ ਕੌਣ ਸੀ? ਇਸ ਪ੍ਰਸ਼ਨ ਦਾ ਸਹੀ ਉੱਤਰ ਗਿਆਨ ਅਤੇ ਸੂਚਨਾਵਾਂ ਦੀ ਵਰਤਮਾਨ ਸਥਿਤੀ ਵਿਚ ਸਹੀ ਤੌਰ ਤੇ ਦੇਣਾ ਕਠਿਨ ਹੈ ਕਿਉਂਕਿ ਪ੍ਰਾਣ-ਸੰਗਲੀ ਦੀਆਂ ਜਿੰਨੀਆਂ ਹੱਥ-ਲਿਖਤਾਂ ਅਤੇ ਛਪੀਆਂ ਪੋਥੀਆਂ ਦੇਖਣ ਵਿਚ ਆਈਆਂ ਹਨ, ਉਹਨਾਂ ਵਿਚ ਇਸ ਰਚਨਾ ਦਾ ਰਚਣਹਾਰ,

---

1. ੳ) 'ਸ੍ਰੀ ਪ੍ਰਾਣ ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪ੍ਰਕਾ. ਭਾਈ ਮੋਹਨ ਸਿੰਘ ਜੀ ਵੈਦ, ਮਿਊਂਸੀਪਲ ਕਮਿਸ਼ਨਰ, ਤਰਨ ਤਾਰਨ (ਪੰਜਾਬ) ਤਿੰਨ ਜਿਲਦਾਂ ਵਿਚ, (ਦੇਵਨਾਗਰੀ ਸੰਸਕਰਣ)
   i) ਪਹਿਲੀ ਜਿਲਦ ਵਿਚ 1 ਤੋਂ 10 ਤਕ ਅਧਿਆਇ ਹਨ।
   ii) ਦੂਜੀ ਜਿਲਦ ਵਿਚ 11 ਤੋਂ 41 ਤਕ ਅਧਿਆਇ ਹਨ।
   iii) ਤੀਜੀ ਜਿਲਦ ਵਿਚ 42 ਤੋਂ 80 ਤਕ ਅਧਿਆਇ ਹਨ।
   ਅ) 'ਸ੍ਰੀ ਪ੍ਰਾਣ ਸੰਗਲੀ' (ਸੰਪਾ. ਮਹਾਤਮਾ ਗਯਾਨ ਹਰੀ ਜੀ ਚਕ੍ਰਵਰਤੀ), ਪ੍ਰਕਾ. ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਪੰਜਾਬੀ ਸੰਸਕਰਣ)

ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਗਿਆ ਹੈ। ਇਸੇ ਲਈ ਪ੍ਰਾਣ-ਸੰਗਲੀ ਦੇ ਅਧਿਆਵਾਂ ਦੇ ਸ਼ੁਰੂ ਵਿਚ ਮਹਲਾ 1 ਅਤੇ ਪੁਸ਼ਪਿਕਾਵਾਂ ਵਿਚ ਪ੍ਰਾਣ-ਸੰਗਲੀ ਲਈ 'ਗੁਰੂ ਗਰੰਥ' ਸ਼ਬਦ ਵਰਤਿਆ ਗਿਆ ਹੈ। ਇਸ ਲਈ ਸ਼ਰਧਾਲੂ ਪਾਠਕਾਂ ਦਾ ਇਕ ਬਹੁਤ ਵੱਡਾ ਵਰਗ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਜਾਂ ਉਚਾਰੀ ਹੋਈ ਬਾਣੀ ਮੰਨਦਾ ਆ ਰਿਹਾ ਹੈ।

ਇਸ ਸਰਲ ਵਿਸ਼ਵਾਸ਼ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਬਾਰੇ ਅਨੇਕਾਂ 'ਜਨਮਸਾਖੀਆਂ', 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਅਤੇ 'ਸ੍ਰੀ ਗੁਰੂ ਮਹਿਮਾ ਪ੍ਰਕਾਸ਼' ਆਦਿ ਗ੍ਰੰਥਾਂ ਵਿਚ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਦੱਸਿਆ ਗਿਆ ਹੈ।[1] ਪ੍ਰਾਚੀਨ ਲੇਖਕਾਂ ਅਤੇ ਵਿਦਵਾਨਾਂ ਦੇ ਇਹਨਾਂ ਵਿਚਾਰਾਂ ਨੂੰ 'ਪੂਰਬ ਪੱਖ'[2] ਸਿਰਲੇਖ ਦਿੱਤਾ ਜਾ ਸਕਦਾ ਹੈ ਕਿਉਂਕਿ ਇਸ ਪੁਰਾਣੀ ਮਾਨਤਾ ਨੂੰ ਆਧੁਨਿਕ ਯੁਗ ਵਿਚ ਬਹੁਗਿਣਤੀ ਵਿਦਵਾਨ ਸਵੀਕਾਰ ਨਹੀਂ ਕਰਦੇ। ਪ੍ਰਾਣ-ਸੰਗਲੀ ਬਾਰੇ ਇਸ ਯੁਗ ਦੇ ਬਹੁਤ ਸਾਰੇ ਸੂਝਵਾਨ ਅਤੇ ਵਿਦਵਾਨ ਖੋਜੀਆਂ ਨੇ ਇਹਨਾਂ ਸਰਲ ਵਿਸ਼ਵਾਸਾਂ ਅਤੇ ਪਰੰਪਰਾਵਾਂ ਤੋਂ ਹਟ ਕੇ ਆਪਣੇ ਸੁਤੰਤਰ ਵਿਚਾਰ ਪ੍ਰਗਟ ਕੀਤੇ ਹਨ। ਇਹਨਾਂ ਵਿਦਵਾਨਾਂ ਅਨੁਸਾਰ ਪ੍ਰਾਣ-ਸੰਗਲੀ ਦਾ ਪੂਰਾ ਢਾਂਚਾ, ਇਸਦੀ ਉਥਾਨਿਕਾ, ਸੰਗਲਾਦੀਪ ਵਿਚ ਇਸ ਦੀ ਰਚਨਾ, ਸੰਗਲਾਦੀਪ ਦੇ ਰਾਜਾ ਸ਼ਿਵਨਾਭ ਪਰਥਾਇ ਇਸਦਾ ਉਚਾਰਣ, ਇਸ ਦੀ ਅੰਤਰੀਵੀ ਸ਼ੈਲੀ ਅਤੇ ਬਣਤਰ ਨੂੰ ਵੱਖਰੀਆਂ ਵੱਖਰੀਆਂ ਇਤਿਹਾਸਿਕ ਤਥਾ ਸਾਹਿੱਤ ਸ਼ਾਸਤ੍ਰੀ ਕਸਵੱਟੀਆਂ ਉੱਤੇ ਪਰਖਣ ਤੋਂ ਪਿੱਛੋਂ ਇਹ ਸਿੱਟਾ ਕੱਢਿਆ ਹੈ ਕਿ ਪ੍ਰਾਣ-ਸੰਗਲੀ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਅਤੇ ਉਹਨਾਂ ਦੇ ਯੁਗ ਨਾਲ ਨਹੀਂ ਜੁੜਦਾ।

ਆਧੁਨਿਕ ਵਿਦਵਾਨਾਂ ਦੇ ਇਸ ਨਿਰਣੇ ਨੂੰ ਉੱਤਰ ਪੱਖ ਦੇ ਸਿਰਲੇਖ ਹੇਠ ਵਿਚਾਰਿਆ ਜਾ ਸਕਦਾ ਹੈ। ਪੂਰਬ ਪੱਖ ਅਤੇ ਉੱਤਰ ਪੱਖ ਦੇ ਮੁੱਖ ਮੁੱਖ ਤਰਕ ਅਤੇ ਵਿਚਾਰਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ:

## ਪੂਰਬ ਪੱਖ

ਭਾਰਤੀ ਪਰੰਪਰਾ ਅਨੁਸਾਰ 'ਹਉਮੈ' ਨੂੰ ਸਾਧਨਾ ਦਾ ਸਭ ਤੋਂ ਵੱਡਾ ਵੈਰੀ ਮੰਨਿਆ ਗਿਆ ਹੈ ਕਿਉਂਕਿ ਭਾਰਤੀ ਸਾਧਨਾ ਪੱਧਤੀ ਅਨੁਸਾਰ ਵਿਅਕਤੀ ਦਾ ਆਪਣਾ ਅੰਸ਼ (ਜੀਵਾਤਮਾ) ਜਦ ਤਕ ਪਰਮ ਤੱਤ (ਬ੍ਰਹਮ) ਨਾਲ ਮਿਲਕੇ ਆਪਣਾ ਆਪਾ, ਆਪਣੀ ਸੀਮਿਤ ਅਤੇ ਸੁਤੰਤਰ ਹੋਂਦ ਨੂੰ ਨਹੀਂ ਮਿਟਾਉਂਦਾ ਉਦੋਂ ਤਕ ਸਾਧਨਾ ਦੀ

---

1. ਦੇਖੋ: ਸਮਸ਼ੇਰ ਸਿੰਘ ਅਸ਼ੋਕ, ਗੁਰੂ ਨਾਨਕ ਤੇ ਪ੍ਰਾਣ-ਸੰਗਲੀ, 'ਗੁਰਦਵਾਰਾ ਗਜ਼ਟ', ਨਵੰਬਰ, 1970.
2. ਭਾਰਤੀ ਦਰਸ਼ਨ ਸ਼ਾਸਤ੍ਰ ਦੀ ਪੱਧਤੀ ਵਿਚ ਕਿਸੇ ਵੀ ਸਮੱਸਿਆ ਉੱਤੇ ਵਿਚਾਰ ਕਰਨ ਲਈ ਦੋ ਪੱਖ ਰੱਖੇ ਜਾਂਦੇ ਹਨ-ਇਕ ਪੱਖ ਨੂੰ ਪੂਰਬ ਪੱਖ ਅਤੇ ਦੂਜੇ ਨੂੰ ਉੱਤਰ ਪੱਖ ਕਿਹਾ ਜਾਂਦਾ ਹੈ। ਪੂਰਬ ਪੱਖ ਵਿਚ ਉਹਨਾਂ ਸਿੱਧਾਂਤਾਂ ਜਾਂ ਮੱਤਾਂ ਦਾ ਵੇਰਵਾ ਦਿੱਤਾ ਜਾਂਦਾ ਹੈ ਜਿਨ੍ਹਾਂ ਨਾਲ ਗ੍ਰੰਥਕਾਰ ਆਪ ਸਹਿਮਤ ਨਹੀਂ ਹੁੰਦਾ। ਉੱਤਰ ਪੱਖ ਵਿਚ ਗ੍ਰੰਥਕਾਰ ਆਪਣੇ ਨਿਜੀ ਮੱਤ ਦੇ ਨਾਲ ਨਾਲ ਉਹਨਾਂ ਤਰਕਾਂ ਪ੍ਰਮਾਣਾਂ ਦਾ ਵੀ ਵੇਰਵਾ ਦਿੰਦਾ ਹੈ ਜਿਹੜੇ ਉਸਦੇ ਆਪਣੇ ਮੱਤ ਦੀ ਪੁਸ਼ਟੀ ਕਰਦੇ ਹਨ। ਪ੍ਰਸਤੁਤ ਸ਼ੋਧ ਪ੍ਰਬੰਧ ਵਿਚ ਇਸੇ ਦਾਰਸ਼ਨਿਕ ਪੱਧਤੀ ਦਾ ਅਨੁਸਰਣ ਕੀਤਾ ਗਿਆ ਹੈ।

ਹਰ ਇਕ ਪੱਧਤੀ ਅਧੂਰੀ ਰਹਿੰਦੀ ਹੈ।

ਇਸ ਆਧਾਰ ਤੇ ਭਾਰਤ ਵਿਚ ਸਾਧਕ ਨੂੰ ਆਪਾ ਲੁਕਾਉਣ ਜਾਂ ਮਿਟਾਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਸੀ। ਬਹੁਤ ਸਾਰੇ ਬੋਧ ਲੇਖਕਾਂ ਨੇ ਵੀ ਆਪਾ ਲੁਕਾਉਣ ਦੀ ਇਸ ਪ੍ਰਵਿਰਤੀ ਅਨੁਸਾਰ ਚਲਦੇ ਹੋਏ ਆਪਣੀਆਂ ਆਪਣੀਆਂ ਮਹੱਤਵਪੂਰਨ ਰਚਨਾਵਾਂ ਵਿਚ ਵੀ ਆਪਣਾ ਨਾਂ, ਪਤਾ ਆਦਿ ਕੋਈ ਸੰਕੇਤ ਨਹੀਂ ਦਿੱਤਾ। ਪ੍ਰਾਣ-ਸੰਗਲੀ ਇਸੇ ਆਪਾ ਲੁਕਾਉਣ ਦੀ ਇਸ ਪ੍ਰਵਿਰਤੀ ਦਾ ਇਕ ਉੱਘਾ ਉਦਾਹਰਣ ਪੇਸ਼ ਕਰਦੀ ਹੈ। ਆਧੁਨਿਕ ਯੁਗ ਤੋਂ ਪਹਿਲਾਂ ਕਿਸੇ ਰਚਨਾ ਬਾਰੇ ਉਸਦੇ ਰਚਣਹਾਰ ਦਾ ਸਮਾਂ ਅਤੇ ਹੋਰ ਲੋੜੀਂਦੇ ਵੇਰਵੇ ਬਾਰੇ ਕੋਈ ਪੜਤਾਲ ਨਹੀਂ ਸੀ ਕੀਤੀ ਜਾਂਦੀ।

ਪੱਛਮ ਦੇ ਪ੍ਰਭਾਵ ਹੇਠ ਭਾਰਤ ਦੇ ਆਧੁਨਿਕ ਵਿਦਵਾਨਾਂ ਨੇ ਭਾਰਤ ਦੀਆਂ ਪ੍ਰਾਚੀਨ ਰਚਨਾਵਾਂ ਦਾ ਅਧਿਐਨ ਕਰਦੇ ਹੋਏ ਰਚਨਾ ਕਾਲ, ਤਤਕਾਲੀਨ ਪਰਿਸਥਿਤੀਆਂ ਆਦਿ ਉੱਤੇ ਵੀ ਵਿਚਾਰ ਕਰਨਾ ਅਰੰਭਿਆ। ਇਸ ਨਵੀਂ ਦ੍ਰਿਸ਼ਟੀ ਤੋਂ ਵਿਚਾਰ ਕਰਨ ਦਾ ਪਰਿਣਾਮ ਇਹ ਹੋਇਆ ਕਿ 'ਮਹਾਭਾਰਤ' ਅਤੇ 'ਅਠਾਰ੍ਹਾਂ ਪੁਰਾਣ' ਵਰਗੀਆਂ ਵੱਡਮੁੱਲੀਆਂ ਤੇ ਵੱਡ-ਅਕਾਰੀ ਰਚਨਾਵਾਂ ਬਾਰੇ ਪੁਰਾਣੀਆਂ ਪਰੰਪਰਾਵਾਂ ਉੱਤੇ ਇਕ ਪ੍ਰਸ਼ਨ ਚਿੰਨ੍ਹ ਲਗ ਗਿਆ। ਹੁਣ ਇਹ ਸਵੀਕਾਰ ਕੀਤਾ ਗਿਆ ਹੈ ਕਿ ਇਹਨਾਂ ਪ੍ਰਾਚੀਨ ਰਚਨਾਵਾਂ ਦਾ ਲੇਖਕ ਕੋਈ ਇਕ ਵਿਅਕਤੀ ਨਹੀਂ ਹੈ। ਸਪੱਸ਼ਟ ਹੈ ਕਿ ਆਪਾ ਖੋਣ ਜਾਂ ਲੁਕਾਉਣ ਦੀ ਇਸ ਪ੍ਰਵਿਰਤੀ ਕਾਰਨ ਸਾਡੇ ਸਾਹਿਤ ਦੇ ਅਨੇਕ ਗ੍ਰੰਥਾਂ ਨੂੰ ਨਾਂਹ ਕੇਵਲ ਕਿਸੇ ਇਕ ਰਚਣਹਾਰ ਦੇ ਨਾਂ ਲਾਲ ਜੋੜਿਆ ਜਾ ਸਕਿਆ ਅਤੇ ਨਾਂਹ ਹੀ ਉਹਨਾਂ ਨੂੰ ਕੋਈ ਇਤਿਹਾਸਿਕ ਅਤੇ ਸਾਹਿਤ ਸ਼ਾਸਤ੍ਰੀ ਸੰਦਰਭ ਹੀ ਦਿੱਤਾ ਜਾ ਸਕਿਆ। ਇੰਜ ਜਾਪਦਾ ਹੈ ਕਿ ਗਿਆਨ ਦਾ ਇਹ ਭੰਡਾਰ ਹਵਾ ਪਾਣੀ ਵਾਂਗ ਕਿਸੇ ਇਕ ਵਿਅਕਤੀ ਦੀ ਨਿਜੀ ਮਲਕੀਅਤ ਨਹੀਂ ਸੀ ਮੰਨੀ ਜਾਂਦੀ। ਇਹ ਗਿਆਨ ਦਾ ਭੰਡਾਰ ਸਰਬੱਤ ਦੇ ਭਲੇ ਲਈ ਸੀ ਅਤੇ ਸਮੂਹ ਮਨੁੱਖ ਮਾਤ੍ਰ ਨੂੰ ਇਸਦਾ ਅਧਿਕਾਰੀ ਮੰਨਿਆ ਗਿਆ।

ਪ੍ਰਾਣ-ਸੰਗਲੀ ਵੀ ਆਪਾ ਖੋਣ ਜਾਂ ਲੁਕਾਉਣ ਦੀ ਪ੍ਰਵਿਰਤੀ ਦਾ ਇਕ ਉੱਘਾ ਉਦਾਹਰਣ ਪੇਸ਼ ਕਰਦੀ ਹੈ ਕਿਉਂਕਿ ਇਸਦੇ ਲੇਖਕ ਨੇ ਲਗਭਗ ਇਕ ਹਜ਼ਾਰ ਪੰਨਿਆਂ ਦੀ ਇਹ ਸਾਮਗ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਉਂ ਨਾਲ ਜੋੜੀ ਹੈ। ਆਪਣਾ ਨਾਂ ਜਾਂ ਹੋਰ ਕੋਈ ਵੇਰਵਾ ਉਸਨੇ ਨਹੀਂ ਦਿੱਤਾ।

ਜੇਕਰ ਇਹ ਮੰਨ ਲਈਏ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਇਹ ਸਾਮਗ੍ਰੀ ਕੇਵਲ ਸ਼ਰਧਾ ਭਾਵ ਨਾਲ ਗੁਰੂ ਨਾਨਕ ਦੇਵ ਜੀ ਦੇ ਨਾਂਉ ਨਾਲ ਜੋੜੀ ਹੈ ਤਾਂ ਇਸਦੇ ਅਗਿਆਤ ਲੇਖਕ ਨੂੰ ਇਕ ਮਹਾਨ ਪਰਉਪਕਾਰੀ ਅਤੇ ਸੁੱਚਾ ਸਾਧਕ ਮੰਨਿਆ ਜਾ ਸਕਦਾ ਹੈ। ਪਰ ਇਸ ਦੇ ਨਾਲ ਹੀ ਉਸਦੇ ਇਸ ਪੂਰੇ ਰਚਨਾ ਸੰਸਾਰ ਉੱਤੇ ਇਕ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ। ਇਹ ਪ੍ਰਸ਼ਨ ਚਿੰਨ੍ਹ ਹੈ ਕਿ ਗੁਰੂ ਘਰ ਦੀ ਮਰਯਾਦਾ ਦੇ ਵਿਰੁਧ ਬਹੁਤ ਸਾਰੀਆਂ ਅਜੇਹ ਗੱਲਾਂ ਗੁਰੂ ਨਾਨਕ ਦੇਵ ਜੀ ਦੇ ਨਾਂਉ ਨਾਲ ਜੋੜਨ ਦਾ ਉਸਦਾ ਮਨੋਰਥ ਕੀ ਸੀ?

ਵੈਦਿਕ ਦੇ ਕਿੰਨੇ ਹੀ ਅਜੇਹ ਨੁਸਖੇ, ਰਸਾਇਣ ਦੇ ਸੋਨਾ ਬਣਾਉਣ ਸੰਬੰਧੀ ਕਈ ਤਰੀਕੇ ਅਤੇ ਜੋਤਿਸ਼ ਦੀ ਦ੍ਰਿਸ਼ਟੀ ਤੋਂ ਦਿਨ ਅਤੇ ਮਹੂਰਤ ਦੀ ਚਰਚਾ ਪ੍ਰਾਣ-ਸੰਗਲੀ ਵਿਚ ਦਰਜ ਹੈ ਅਤੇ ਇਹੋ ਜਿਹੀ ਅਜੇਹ ਸਾਮਗ੍ਰੀ ਨੂੰ ਗੁਰੂ ਨਾਨਕ ਦੇ ਨਾਂਉ ਨਾਲ ਜੋੜਨਾ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ?

ਪ੍ਰਾਣ-ਸੰਗਲੀ ਬਾਰੇ ਪੂਰਬ ਪੱਖ ਦੇ ਮੁੱਖ ਤਰਕ ਅਤੇ ਪ੍ਰਮਾਣ ਇਹ ਹਨ:

I ਅੰਦਰਲੇ ਪ੍ਰਮਾਣ

ਪ੍ਰਾਣ-ਸੰਗਲੀ ਦਾ ਰਚਨਾ ਤੰਤ੍ਰ ਹਰ ਥਾਂ ਤੇ ਇਸ ਰਚਨਾ ਨੂੰ ਗੁਰੂ ਨਾਨਕ ਕ੍ਰਿਤ ਜਾਂ ਉਚਰਿਤ ਬਾਣੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੇ ਇਹ ਸੰਦਰਭ ਵੇਖੇ ਜਾ ਸਕਦੇ ਹਨ:

1) ਉਥਾਨਿਕਾਵਾਂ

ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਵਿਚ ਅਧਿਆਵਾਂ ਦਾ ਆਰੰਭ ਆਮ ਕਰਕੇ ਇਕ ਰਵਾਇਤੀ ਉਥਾਨਿਕਾ ਨਾਲ ਹੁੰਦਾ ਹੈ। ਪ੍ਰਾਣ-ਸੰਗਲੀ ਦੇ ਪਹਿਲੇ ਅਧਿਆਇ ਦੀ ਉਥਾਨਿਕਾ ਦਾ ਪਾਠ ਇਸ ਤਰ੍ਹਾਂ ਹੈ:

ੳ) "੧ੳੰ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਸਮੁਦ੍ਰ ਕੇ ਪਾਰ ਹੋਈ ਪ੍ਰਾਣਸੰਗਲੀ – ਰਾਜੇ ਸ਼ਿਵਨਾਭ ਸੇਤੀ ਉਪਦੇਸ਼ ਹੋਯਾ, ਤਬ ਬਾਬਾ ਪਉਨ ਅਹਾਰੀ ਥਾ॥ ਸੁੰਨ ਮਹਲ ਕੀ ਕਥਾ, ਨਿਰੰਕਾਰ ਕਾ ਧਯਾਨ, ਗੁਹਜੀ ਬਾਣੀ, ਪ੍ਰਾਨ ਪਿੰਡ ਕਾ ਮਥੰਤ, ਸੁਸੰਬਿਦ ਸ੍ਰੀ ਬਾਬੇ ਜੀ ਦਾ ਬੋਲਣਾ॥ ਧਿਆਉ ਪਹਿਲਾ ਉਨਮਨਿ ਕਾ॥ ਰਾਗ ਆਸਾ ਮਹਲਾ ੧॥ ਸਲੋਕ॥"[1]

ਅ) ਪ੍ਰਾਣ-ਸੰਗਲੀ ਦੇ 26ਵੇਂ ਅਧਿਆਇ ਦੀ ਉਥਾਨਿਕਾ ਇਸ ਪ੍ਰਕਾਰ ਹੈ:

"...... ਜਾਂ ਇਹ ਵਾਕ ਸਿਧਾਂ ਕੇ ਸਤਿਗੁਰੂ ਜੀ ਨੇ ਸੁਣੇ, ਤਾਂ ਦਯਾਲ ਹੋ ਕੇ ਨਿਹਸੰਸਣੀ ਨਾਮ ਛਬੀਸਵਾਂ ਧਿਆਉ ਬੋਲੇ॥ ਸ੍ਰੀ ਪ੍ਰਾਣ ਸੰਗਲੀ ਪੋਥੀ ਕਲਾ ਰਾਗ ਮਾਲੀ ਗਉੜੀ ਨਿਹਸੰਸਣੀ ਮਹਲਾ ੧॥"[2]

ੲ) ਪ੍ਰਾਣ-ਸੰਗਲੀ ਦੇ ਅੰਤਿਮ ਅਧਿਆਇ ਦੀ ਇਹ ਉਥਾਨਿਕਾ ਵੀ ਹੋਰ ਅਧਿਆਵਾਂ ਦੀਆਂ ਉਥਾਨਿਕਾਵਾਂ ਨਾਲ ਮੇਲ ਖਾਂਦੀ ਹੈ:

"...... ਤਾਂ ਸਮਰਥ ਗੁਰੂ ਅਜਪਾ ਜਾਪ ਸੂਖਮ ਕਰਿ ਕੇ ਕਹਿਤੇ ਭਯੇ॥ ਮਿਹਰ ਕੀ ਨਜਰ ਸੋਂ – ਰਾਗ ਆਸਾਵਰੀ ਮਹਲਾ ੧॥"[3]

---

1. 'ਪ੍ਰਾਣ-ਸੰਗਲੀ'(ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 1.
2. ਉਹੀ, ਪੰਨਾ 371.
3. ਉਹੀ, ਪੰਨਾ 829.

ਭਾਵ ਇਹ ਹੈ ਕਿ ਪ੍ਰਾਣ-ਸੰਗਲੀ ਦੇ ਸਾਰੇ ਅਧਿਆਵਾਂ ਦੀਆਂ ਉਥਾਨਿਕਾਵਾਂ ਵਿਚ ਗੁਰੂ ਨਾਨਕ ਜਾਂ 'ਮਹਲਾ ੧' ਨੂੰ ਹੀ ਪ੍ਰਾਣ-ਸੰਗਲੀ ਦਾ ਕਰਤਾ (ਉਚਾਰਨ ਕਰਤਾ) ਦੱਸਿਆ ਗਿਆ ਹੈ।

2) ਪੁਸ਼ਪਿਕਾਵਾਂ

ਪ੍ਰਾਣ-ਸੰਗਲੀ ਦੇ ਅੰਦਰਲੇ ਰਚਨਾਤੰਤ੍ਰ ਵਿਚ ਪੁਸ਼ਪਿਕਾਵਾਂ ਦਾ ਵੀ ਵਿਸ਼ੇਸ਼ ਮਹੱਤਵ ਹੈ। ਇਹ ਪੁਸ਼ਪਿਕਾਵਾਂ ਹਰ ਅਧਿਆਇ ਦੇ ਅੰਤ ਵਿਚ ਆਉਂਦੀਆਂ ਹਨ ਅਤੇ ਵਿਸ਼ੇ-ਵਸਤੂ, ਬਾਣੀ ਦਾ ਉੱਚਾਰਨ ਸਥਾਨ, ਵਕਤਾ-ਸ੍ਰੋਤਾ ਆਦਿ ਵੇਰਵਾ ਇਹਨਾਂ ਪੁਸ਼ਪਿਕਾਵਾਂ ਵਿਚ ਮਿਲਦਾ ਹੈ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੀਆਂ ਇਹ ਪੁਸ਼ਪਿਕਾਵਾਂ ਵੇਖੀਆਂ ਜਾ ਸਕਦੀਆਂ ਹਨ:

ੳ) "ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗਰੰਥੇ ਸੁੰਨ ਮਹਲ ਨਿਰੰਕਾਰ ਕਾ ਧਿਆਨ ਨਾਮ ਪ੍ਰਥਮੋ ਧਿਆਉ॥੧॥"[1]

ਅ) "ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗਰੰਥੇ ਨਿਹਸੰਸਪਦ ਵਰਨਨੰ ਨਾਮ ਛਬੀਸਵੇਂ ਧਿਆਉ ਸੰਪੂਰਣ॥26॥"[2]

ੲ) "ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗਰੰਥੇ ਰਾਜਾ ਸ਼ਿਵਨਾਭ ਪ੍ਰਤਿਸ਼ਠਾ ਵਰਨਨੰ ਨਾਮ ਸੰਗਲਾਦੀਪ ਸਾਖੀ ਸੰਪੂਰਣ।"[3]

ਪ੍ਰਾਣ-ਸੰਗਲੀ ਦੀਆਂ ਇਸ ਤਰ੍ਹਾਂ ਦੀਆਂ ਪੁਸ਼ਪਿਕਾਵਾਂ ਹਰ ਅਧਿਆਇ ਦੇ ਅੰਤ ਵਿਚ ਮਿਲਦੀਆਂ ਹਨ। ਇਹਨਾਂ ਪੁਸ਼ਪਿਕਾਵਾਂ ਵਿਚ ਪ੍ਰਾਣ-ਸੰਗਲੀ ਨੂੰ "ਗੁਰੂ ਗ੍ਰੰਥ" ਅਰਥਾਤ ਗੁਰੂ ਦੁਆਰਾ ਰਚਿਆ ਗ੍ਰੰਥ ਨਾਂ ਦਿੱਤਾ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਾਣ-ਸੰਗਲੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਬਾਣੀ ਹੈ।

3) ਗੁਰੂ ਨਾਨਕ ਦੀ ਨਾਂ ਛਾਪ

ਨਿਰਗੁਣਵਾਦੀ ਸੰਤ ਆਪਣੀ ਰਚੀ ਬਾਣੀ ਵਿਚ ਆਪਣਾ ਨਾਂ ਅਕਸਰ ਦਿੰਦੇ ਆਏ ਹਨ — ਇਸ ਨੂੰ ਨਾਂ ਦੀ ਛਾਪ ਕਿਹਾ ਜਾਂਦਾ ਹੈ। ਗੋਰਖਨਾਥ ਤੋਂ ਲੈ ਕੇ ਕਬੀਰ ਅਤੇ ਉਤਰਵਰਤੀ ਸੰਤ ਪਰੰਪਰਾ ਵਿਚ ਇਹ ਪ੍ਰਵਿਰਤੀ ਹਰ ਥਾਂ ਪਾਈ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਵਿਚ 'ਨਾਨਕ' ਛਾਪ ਹਰ ਥਾਂ ਤੇ ਮਿਲਦੀ ਹੈ। ਉਂਜ ਤਾਂ ਸਾਰੇ ਗੁਰੂ ਵਿਅਕਤੀਆਂ ਨੇ ਆਪਣੀ ਬਾਣੀ ਵਿਚ ਨਾਨਕ ਛਾਪ ਦੀ ਵਰਤੋਂ ਕੀਤੀ ਹੈ ਪਰ ਉਹਨਾਂ ਦੀ ਅੱਡਰੀ ਅੱਡਰੀ ਪਛਾਣ ਮਹਲਾ 1, ਮਹਲਾ 5, ਅਤੇ ਮਹਲਾ 9 ਆਦਿ ਸਿਰਲੇਖਾਂ ਤੋਂ ਹੁੰਦੀ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 7.
2. ਉਹੀ, ਪੰਨਾ 373.
3. ਉਹੀ, ਪੰਨਾ 833.

ਪ੍ਰਾਣ-ਸੰਗਲੀ ਦੇ ਹਰ ਇਕ ਪਦੇ ਵਿਚ ਨਾਨਕ ਛਾਪ ਵਰਤੀ ਗਈ ਹੈ। ਉਦਾਹਰਣ ਵਜੋਂ ਇਹ ਤੁਕਾਂ ਵੇਖੀ ਜਾ ਸਕਦੀਆਂ ਹਨ:

ੳ) ਨਾਨਕ ਹੋਯ ਦਾਸਨ ਕੋ ਦਾਸਾ। ਤਬ ਪਰਮ ਤੱਤ ਕੋ ਪਾਵੈ।[1]

ਅ) ਨਾਨਕ ਇਹੁ ਮਨੁ ਮਾਨਿਆ ਸਹਜੇ ਹੋਯ ਸੋ ਹੋਈ।[2]

ੲ) ਨਾਨਕ ਦਾਸ, ਗਰੀਬ, ਅਧੀਨਾ। ਸਤਿਗੁਰ ਸਾਹਿਬ ਮੁਕਤਾ ਕੀਨਾ।[3]

ਭਾਵ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਦੀ ਛਾਪ ਪ੍ਰਾਣ-ਸੰਗਲੀ ਵਿਚ ਹਰ ਥਾਂ ਤੇ ਮਿਲਦੀ ਹੈ। ਇਹ ਇਸ ਗੱਲ ਦਾ ਸਬੂਤ ਦਿੰਦੀ ਹੈ ਕਿ ਇਹ ਰਚਨਾ ਗੁਰੂ ਨਾਨਕ ਦੇਵ ਜੀ ਦੀ ਹੀ ਹੈ।

4) <u>ਗੁਰੂ ਨਾਨਕ ਦੇਵ ਜੀ ਦੀ ਆਪਣੀ ਗਵਾਹੀ</u>

ਪ੍ਰਾਣ-ਸੰਗਲੀ ਵਿਚ ਅਕਸਰ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟੀਆਂ ਦਾ ਵੇਰਵਾ ਮਿਲਦਾ ਹੈ। ਇਹਨਾਂ ਗੋਸ਼ਟੀਆਂ ਵਿਚ ਗੁਰੂ ਨਾਨਕ ਦੇ ਅਨੇਕ ਵਚਨ ਸੰਕਲਿਤ ਕੀਤੇ ਗਏ ਹਨ। ਇਹਨਾਂ ਬਚਨਾਂ ਰਾਹੀਂ ਥਾਂ ਥਾਂ ਤੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਪ੍ਰਾਣ-ਸੰਗਲੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਹੋਈ ਬਾਣੀ ਹੈ। ਗੁਰੂ ਨਾਨਕ ਦੇ ਇਹਨਾਂ ਬਚਨਾਂ ਵਿਚੋਂ ਪ੍ਰਾਣ-ਸੰਗਲੀ ਦੇ ਅੰਤਲੇ ਅਧਿਆਇ ਵਿਚ ਆਇਆ ਇਹ ਬਚਨ ਉਲੇਖਣੀ ਯੋਗ ਹੈ:

"...... ਤਾਂ ਬਾਬਾ ਬੋਲਿਆ — ਰਾਜਾ ਤੇਰਾ ਕਾਰਜ ਸਿਧ ਹੋਯਾ — ਅਬ ਅਸੀਂ ਚਲਦੇ ਹਾਂ, ਤੇਰੀ ਕਲਯਾਣ ਹੋਵੈ॥ ਇਹ ਜੋ ਪ੍ਰਾਣਸੰਗਲੀ ਸ੍ਰੀ ਗਰੰਥ ਹੈ — ਤਿਸ ਕੇ ਸੁਨਣੇ ਤੇ ਤੇਰਾ ਕਾਰਜ ਹੋਯਾ ਹੈ॥ ਇਹ ਗਿਰੰਥ ਮੇਰੀ ਦੇਹ ਹੈ॥ ਸਬਦ ਮੇਰਾ ਰੂਪ ਹੈ॥ ਪ੍ਰਾਣੋ ਮੋਰਿਓ ਕਾ ਸੰਗ੍ਰਹ ਹੈ॥ ਕਹੀਏ ਕਬਚ ਹੈ॥ ਜਗਤ ਸਮੁੰਦ੍ਰ ਕਾ ਇਹ ਪੁਲ ਹੈ॥ ਇਹ ਪ੍ਰਾਣ ਸੰਗਲੀ ਮੈਂ ਤੇਨੂੰ ਬਖਸ਼ੀ ਹੈ — ਇਹ ਅਜਰ ਵਸਤੂ ਹੈ ਸੋ ਤੈਂ ਹੀ ਜਰੀ ਹੈ॥ ਇਹ ਪ੍ਰਾਣਸੰਗਲੀ ਅੰਮ੍ਰਿਤ ਪ੍ਰਵਾਹ ਹੈ — ਤੇਰੇ ਹੀ ਮੁਖ ਵਿਖੇ ਪ੍ਰਵੇਸ਼ ਹੋਈ ਹੈ॥ ਹੋਰੁ ਤਿਨ ਲੋਕਾਂ ਵਿਚ ਇਸ ਵਸਤੂ ਨੂੰ ਸੰਭਾਲਤਾ ਕੋਈ ਨਹੀਂ। ਤਾਂਤੇ ਪ੍ਰਾਣੋ ਵਿਖੇ ਪ੍ਰਾਣਸੰਗਲੀ ਰਖਣੀ॥ ਇਕ ਸਿੱਖ ਪੰਜਾਬ ਧਰਤੀ ਕਾ ਆਵੇਗਾ ਉਸਨੇ ਸਠ ਧਿਆਉ ਲਿਖ ਦੇਣੇ ਪਰ ਸੰਪੂਰਣ ਗਰੰਥ ਨਹੀ ਦੇਣਾ। ਇਹ ਕਹਿ ਕਰ ਬਾਬੇ ਉਚਾਰੀ ਨੀਤੀ ਸਾਖੀ ਪੂਰੀ ਹੋਈ।"[4]

ਇਸ ਤੁਕ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਮੂਹੋਂ ਪ੍ਰਾਣ-ਸੰਗਲੀ ਨੂੰ ਆਪਣੀ ਰਚਨਾ ਦੱਸਦੇ ਹਨ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 9.
2. ਉਹੀ, ਪੰਨਾ 323.
3. ਉਹੀ, ਪੰਨਾ 769.
4. ਉਹੀ, ਪੰਨੇ 832-833.

## 5) ਰਚਨਾ-ਸ਼ੈਲੀ

ਇਕੋ ਹੀ ਰਚਣਹਾਰ ਦੀਆਂ ਭਿੰਨ ਭਿੰਨ ਰਚਨਾਵਾਂ ਵਿਚ ਰਚਨਾ-ਸ਼ੈਲੀ ਦੀ ਸਮਾਨਤਾ ਅਕਸਰ ਹੋਇਆ ਕਰਦੀ ਹੈ। ਇਸ ਤੱਥ ਨੂੰ ਕਿਸੇ ਵੀ ਲੇਖਕ ਦੀਆਂ ਵੱਖਰੀਆਂ ਵੱਖਰੀਆਂ ਰਚਨਾਵਾਂ ਰਾਹੀਂ ਸਮਝਿਆ ਜਾ ਸਕਦਾ ਹੈ।

'ਪ੍ਰਾਣ-ਸੰਗਲੀ' ਉਸੇ ਰਚਨਾ-ਸ਼ੈਲੀ ਵਿਚ ਲਿਖੀ ਹੋਈ ਮਿਲਦੀ ਹੈ ਜਿਸ ਵਿਚ ਗੁਰੂ ਨਾਨਕ ਦੀ ਬਾਣੀ 'ਆਦਿ ਗ੍ਰੰਥ' ਵਿਚ ਸੰਕਲਿਤ ਹੈ। ਇਸ ਰਚਨਾ-ਸ਼ੈਲੀ ਨੂੰ ਦੋ ਪੱਧਰਾਂ ਉੱਤੇ ਵਿਚਾਰਿਆ ਜਾ ਸਕਦਾ ਹੈ:

ੳ) ਵਿਸ਼ੈ ਵਸਤੂ
ਅ) ਛੰਦ-ਵਿਧਾਨ

## ੳ) ਵਿਸ਼ੈ ਵਸਤੂ

ਪ੍ਰਾਣ-ਸੰਗਲੀ ਦਾ ਵਿਸ਼ੈ ਵਸਤੂ ਮੁੱਖ ਰੂਪ ਵਿਚ ਅਧਿਆਤਮਿਕ ਸਾਧਨਾ, ਨਾਮ ਦਾ ਜਾਪ ਅਤੇ ਯੋਗ ਸਾਧਨਾ ਨਾਲ ਸੰਬੰਧਿਤ ਹੈ। ਇਹ ਵਿਸ਼ੈ ਵਸਤੂ ਆਦਿ ਗ੍ਰੰਥ ਦੇ ਵਿਸ਼ੈ-ਵਸਤੂ ਨਾਲ ਸਿੱਧੀ ਤਰ੍ਹਾਂ ਸੰਬੰਧਿਤ ਹੈ। ਯੋਗ ਸਾਧਨਾ ਦੇ ਆਸਣ, ਖਟਚਕ੍ਰ, ਸਹਸ੍ਰਦਲਕਮਲ ਆਦਿ ਕਈ ਤੱਤ ਪ੍ਰਾਣ-ਸੰਗਲੀ ਵਿਚ ਬਹੁਤ ਵਿਸਥਾਰ ਨਾਲ ਮਿਲਦੇ ਹਨ ਜਦੋਂ ਕਿ 'ਆਦਿ ਗ੍ਰੰਥ' ਵਿਚ ਇਹਨਾਂ ਬਾਰੇ ਹਲਕਾ ਜਿਹਾ ਸੰਕੇਤ ਮਾਤ੍ਰ ਹੀ ਮਿਲਦਾ ਹੈ।[1]

## ਅ) ਛੰਦ-ਵਿਧਾਨ

ਆਦਿ ਗ੍ਰੰਥ ਦਾ ਛੰਦ-ਵਿਧਾਨ ਮੁੱਖ ਰੂਪ ਵਿਚ ਸਲੋਕਾਂ ਅਤੇ ਪਉੜੀਆਂ ਵਿਚ ਮਿਲਦਾ ਹੈ। ਇਸੇ ਤਰ੍ਹਾਂ ਪ੍ਰਾਣ-ਸੰਗਲੀ ਵਿਚ ਵੀ ਸਲੋਕਾਂ ਅਤੇ ਪਉੜੀਆਂ ਦੀ ਯੋਜਨਾ ਕੀਤੀ ਗਈ ਹੈ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੇ 58ਵੇਂ ਅਧਿਆਇ ਦਾ ਇਹ ਛੰਦ-ਵਿਧਾਨ ਦੇਖਿਆ ਜਾ ਸਕਦਾ ਹੈ:

ਰਾਗ ਰਾਮਕਲੀ ਮਹਲਾ ੧॥ ਸਲੋਕ॥
ਓਅੰ ਆਦਿ ਅੰਤ ਅਰੁ ਮਧਖ ਮਹਿ ਪੂਰ ਰਹਿਆ ਭਗਵਾਨ।
ਏਕੋ ਏਕ ਵਖਾਣੀਏ, ਨਾਨਕ ਸੁਘੜ ਸੁਜਾਨ।

॥ ਪਉੜੀ॥

ਓਅੰ ਆਦਿ ਅੰਤ ਮਧਧ ਤੁਲੋਈ॥ ਘਟ ਘਟ ਪੂਰਿ ਰਹਿਆ ਪ੍ਰਭ ਸੋਈ॥[2]

ਪ੍ਰਾਣ-ਸੰਗਲੀ ਦੀ ਸਰੰਚਨਾ ਰਾਗਾਂ ਰਾਹੀਂ ਹੋਈ ਹੈ। ਇਹਨਾਂ ਰਾਗਾਂ ਦੀ ਸੰਖਿਆ 10 ਹੈ। ਇਹਨਾਂ ਦਸਾਂ ਰਾਗਾਂ ਦੇ ਨਾਂ ਇਹ ਹਨ:

"ਆਸਾ, ਰਾਮਕਲੀ, ਮਾਰੂ, ਗਉੜੀ ਪੂਰਬੀ, ਭੈਰਉ, ਮਾਝ, ਮਾਲੀ ਗਉੜਾ, ਸੂਹੀ, ਕੇਦਾਰਾ ਅਤੇ ਗੌਂਡ।"

---

1. Surindar Singh Kohli (Dr), A Critical Study of Adi Granth, pp. 271-274
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 378.

ਰਾਗਾਂ ਰਾਹੀਂ ਕੀਤੀ ਗਈ ਇਹ ਸੰਰਚਨਾ 'ਆਦਿ ਗ੍ਰੰਥ' ਦੀ ਰਾਗਾਂ ਅਨੁਸਾਰੀ ਪੱਧਤੀ ਦਾ ਅਨੁਕਰਣ ਜਾਪਦਾ ਹੈ। ਇਸ ਲਈ ਵੀ ਪ੍ਰਾਣ-ਸੰਗਲੀ ਨੂੰ ਆਦਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਿਆ ਜਾਂਦਾ ਹੈ।

## II ਪ੍ਰਾਚੀਨ ਉਲੇਖ

ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਣ ਦੇ ਕੁਝ ਪੁਰਾਣੇ ਉਲੇਖ ਮਿਲਦੇ ਹਨ। ਇਹ ਉਲੇਖ ਇਹਨਾਂ ਗ੍ਰੰਥਾਂ ਵਿਚ ਮਿਲਦੇ ਹਨ:

1) ਪੁਰਾਤਨ ਜਨਮਸਾਖੀ
2) ਬਾਲੇ ਵਾਲੀ ਜਨਮਸਾਖੀ
3) ਭਾਈ ਮਨੀ ਸਿੰਘ ਵਾਲੀ ਜਨਮਸਾਖੀ
4) ਸ੍ਰੀ ਗੁਰੂ ਪੰਥ ਪ੍ਰਕਾਸ਼
5) ਸ੍ਰੀ ਗੁਰਪੁਰਬ ਪ੍ਰਕਾਸ਼ ਗ੍ਰੰਥ

ਇਹਨਾਂ ਪ੍ਰਾਚੀਨ ਪੁਸਤਕਾਂ ਵਿਚ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਰਚਨਾ ਦੱਸਿਆ ਗਿਆ ਹੈ।[1] ਇਹਨਾਂ ਪੁਸਤਕਾਂ ਦੇ ਇਹ ਅਵਤਰਨ ਵਾਰਣਯੋਗ ਹਨ:

### 1) ਪੁਰਾਤਨ ਜਨਮਸਾਖੀ

'ਪੁਰਾਤਨ ਜਨਮਸਾਖੀ' ਵਿਚ ਪ੍ਰਾਣ-ਸੰਗਲੀ ਬਾਰੇ ਇਹ ਉਲੇਖ ਮਿਲਦਾ ਹੈ:

"ਲਿਖਤੰ ਪ੍ਰਾਣ ਸੰਗਲੀ, ਸੁੰਨ ਮਹਲ ਕੀ ਕਥਾ... ਸਿੰਘਲਾਦੀਪ ਰਾਜੇ ਸਿਵਨਾਭ ਕੀ ਧਰਤੀ ਹੋਈ। ਤੈਦਹੁ ਸੰਤੇ ਅਤੇ ਸਾਹਿ ਥੇ ਸਿਖ, ਤਬ ਪ੍ਰਾਣਸੰਗਲੀ ਹੋਈ... ਤਿਤੁ ਮਹਲਿ ਪ੍ਰਾਣਸੰਗਲੀ ਹੋਈ। ... ਉਥੇ ਹੀ ਛੱਡੀ ਸੰਤੇ ਥੇਹੇ ਲਿਖਾਈ ਰਚਨ ਮਝਾਰ ਹੈ... ਪਰਗਟ ਕੀਤੀ ਨਾਥੀ ਅਨਾਹਦ ਬਾਣੀ... ਬਚਨੁ ਹੋਆ, ਜੋ ਇਕ ਆਦਮੀ ਆਵੈਗਾ ਜੰਬੂ ਦੀਪ ਤੇ, ਉਸ ਜੋਗੁ ਲਿਖਿ ਦੇਵਣੀ... ਸੰਤੇ ਥੇ ਸੰਪੂਰਣ ਥੀ, ਹੁਏ ਉਦਾਸੀ ਹੋਏ, ਬਾਬੇ ਆਪਣੇ ਨਾਲਿ ਰਖੇ, ਰਾਜੇ ਸਿਵ ਨਾਭਿ ਜੋਗੁ ਇਕ ਸੰਜੀ ਮਿਲੀ।"[2]

ਇਸ ਅਵਤਰਨ ਤੋਂ ਇਹ ਤੱਥ ਉਘੜ ਕੇ ਸਾਹਮਣੇ ਆਉਂਦੇ ਹਨ:

---

1. ਆਧੁਨਿਕ ਯੁਗ ਦੇ ਕੁਝ ਵਿਦਵਾਨ ਵੀ ਇਹਨਾਂ ਪ੍ਰਾਚੀਨ ਲਿਖਤਾਂ ਦੇ ਆਧਾਰ ਤੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਰਚਿਤ ਮੰਨਦੇ ਹਨ। ਇਹਨਾਂ ਵਿਦਵਾਨਾਂ ਦੇ ਵਿਚਾਰਾਂ ਦੀ ਅਸੀਂ ਅੱਗੇ ਚਲਕੇ ਪ੍ਰੀਖਿਆ ਕਰਾਂਗੇ।
2. ਰਤਨ ਸਿੰਘ ਜੱਗੀ (ਡਾ.), 'ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ', ਪੰਨੇ 245-246.

ੳ) 'ਪੁਰਾਤਨ ਜਨਮਸਾਖੀ' ਦਾ ਉਪਰੋਕਤ ਅਵਤਰਨ ਪ੍ਰਾਣ-ਸੰਗਲੀ ਦੇ ਕਈ ਹੱਥ-ਲਿਖਤੀ ਨੁਸਖਿਆਂ ਦੇ ਪ੍ਰਾਰੰਭਕ ਅਵਤਰਨਾਂ ਨਾਲ ਸ਼ਬਦ-ਪ੍ਰਯੋਗ, ਸ਼ੈਲੀ ਅਤੇ ਹੋਰ ਤੱਥਾਂ ਦੀ ਦ੍ਰਿਸ਼ਟੀ ਤੋਂ ਲਗਭਗ ਮਿਲਦਾ ਜੁਲਦਾ ਹੈ।[1] ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਅਤੇ ਪੁਰਾਤਨ ਜਨਮਸਾਖੀ ਦਾ ਲੇਖਕ ਦੋਵੇਂ ਹੀ ਪ੍ਰਾਣ-ਸੰਗਲੀ ਸੰਬੰਧੀ ਸਾਮਗ੍ਰੀ ਨੂੰ ਕਿਸੇ ਇਕੋ ਹੀ ਸੋਮੇ ਤੋਂ ਗ੍ਰਹਿਣ ਕਰਦੇ ਹਨ।

ਅ) 'ਪੁਰਾਤਨ ਜਨਮਸਾਖੀ' ਦੇ ਉਪਰੋਕਤ ਅਵਤਰਨ ਤੋਂ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਇਸਦੇ ਲਿਖਾਰੀ ਦੋ ਸਿੱਖ ਸਨ। ਇਹਨਾਂ ਦੇ ਨਾਂ 'ਸੈਦੋ' ਅਤੇ 'ਘੇਹੋ' ਸਨ। ਪਰ ਸੰਤ ਸੰਪੂਰਣ ਸਿੰਘ ਨੇ ਆਪਣੀ ਸੰਪਾਦਿਤ ਪ੍ਰਾਣ-ਸੰਗਲੀ ਵਿਚ ਕਈ ਥਾਂਵਾਂ ਤੇ ਲਿਖਾਰੀਆਂ ਦੇ ਵੱਖਰੇ ਵੱਖਰੇ ਨਾਂ ਦਿੱਤੇ ਹਨ। ਇਹ ਨਾਂ ਹਨ:

i) <u>ਸੀਹਾਂ, ਘੈਊ, ਸੈਊ:</u> ਪ੍ਰਾਣ-ਸੰਗਲੀ ਦੇ ਇਕ ਅਵਤਰਨ ਵਿਚ ਇਹ ਉਲੇਖ ਮਿਲਦਾ ਹੈ:

> "ਤਾਂ ਸ੍ਰੀ ਸਤਿਗੁਰੂ ਅਗੋਚਰ ਵਸਤੁ, ਜੋਗ ਜੁਗਤਿ, ਜੋਗ ਗਿਆਨ ਕਾ ਵਰਤੰਤ ਆਖਦੇ ਭਏ ਤੇ ਸੀਹਾਂ ਘੈਊ ਸੈਊ ਤਿਨੇ ਜੋ ਪਰਮ ਸਿੱਖ ਥੇ ਸੋ ਲਿਖਦੇ ਭਏ।"[2]

ਇਸ ਅਵਤਰਨ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦਾ ਉਪਦੇਸ਼ ਗੁਰੂ ਨਾਨਕ ਦੇਵ ਜੀ ਕਰਦੇ ਸਨ ਅਤੇ ਉਹਨਾਂ ਦੇ ਤਿੰਨ ਪਰਮ ਸਿੱਖ ਉਚਾਰੀ ਹੋਈ ਬਾਣੀ ਨੂੰ ਨਾਲੋ ਨਾਲ ਲਿਖਦੇ ਜਾਂਦੇ ਸਨ।

ਪ੍ਰਾਣ-ਸੰਗਲੀ ਵਿਚ ਇਕ ਹੋਰ ਥਾਂ ਤੇ ਲਿਖਾਰੀਆਂ ਦੇ ਨਾਂ ਘੈਊ, ਸੈਊ ਅਤੇ ਸੀਹੇ ਦੱਸੇ ਗਏ ਹਨ:

> " ਤਾਂ ਸ੍ਰੀ ਬਾਬਾ ਜੀ ਸਰਬਗ ਪੁਰਖ ਬਚਨ ਕੀਤਿਸੁ। ਘੈਊ ਸੈਊ ਸੀਹੇ ਲਿਖਿਆ।"[3]

ਇਸ ਅਵਤਰਨ ਤੋਂ ਪਤਾ ਲਗਦਾ ਹੈ ਕਿ ਘੈਊ, ਸੈਊ ਅਤੇ ਸੀਹੇ ਇਹ ਤਿੰਨੇ ਨਾਂ ਸੀਹਾਂ, ਘੈਊ ਅਤੇ ਸੈਊ ਹੀ ਹਨ। ਅਧਿਆਇ 44 ਵਿਚ ਕੇਵਲ 'ਸੀਹਾਂ' ਦੀ ਥਾਂ 'ਸੀਹੇ' ਆਇਆ ਹੈ।

ii) <u>ਸੀਹੇ, ਮੀਹੇ, ਘੋਜ਼ੂ:</u> ਪ੍ਰਾਣ-ਸੰਗਲੀ ਦੇ 67ਵੇਂ ਅਧਿਆਇ ਦੀ ਉਥਾਨਿਕਾ ਵਿਚ ਪ੍ਰਾਣ-ਸੰਗਲੀ ਦੇ ਲਿਖਾਰੀਆਂ ਦੀ ਪਛਾਣ ਸੀਹੇ, ਮੀਹੇ ਅਤੇ ਘੋਜ਼ੂ ਨਾਵਾਂ ਨਾਲ ਕਰਵਾਈ ਗਈ ਹੈ:

> "ਸ੍ਰੀ ਬਾਬਾ ਜੀ ਦ੍ਵਾਦਸ ਮਾਤਰਾ ਅਗਾਧਬਾਣੀ ਸੁਸੰਥਿਦ ਬਰਨਨ ਕਰਨੇ ਲਗੇ। ਸੀਹੇ ਮੀਹੇ ਘੋਜ਼ੂ ਲਿਖੀ।"[4]

---

1. ੳ) 'ਪ੍ਰਾਣ-ਸੰਗਲੀ (ਹੱਥ-ਲਿਖਤ ਨੰ. 670), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ ਪੱਤਰਾ 1.
   ਅ) ਉਹੀ (ਹੱਥ-ਲਿਖਤ ਨੰ. 750), ਪੱਤਰਾ 1.
   ੲ) ਉਹੀ (ਹੱਥ-ਲਿਖਤ ਨੰ. 1072), ਪੱਤਰਾ 1.
   ਸ) ਉਹੀ (ਹੱਥ-ਲਿਖਤ ਨੰ. 511), ਪੱਤਰਾ 1.
   ਹ) ਉਹੀ (ਹੱਥ-ਲਿਖਤ ਨੰ. 6116), ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਪੱਤਰਾ 3.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 29 ਦੀ ਉਥਾਨਿਕਾ, ਪੰਨਾ 391.
3. ਉਹੀ, ਅਧਿਆਇ 44 ਦੀ ਉਥਾਨਿਕਾ, ਪੰਨਾ 622.
4. ਉਹੀ, ਅਧਿਆਇ 67 ਦੀ ਉਥਾਨਿਕਾ, ਪੰਨਾ 710.

ਲਿਖਾਰੀਆਂ ਦੇ ਇਹਨਾਂ ਤਿੰਨਾਂ ਨਾਵਾਂ ਵਿਚ 'ਘੇਰੂ' ਅਤੇ 'ਮੀਹਾ' ਇਹ ਦੋ ਨਾਂ ਨਵੇਂ ਜਾਪਦੇ ਹਨ। ਪਰ ਪਹਿਲਾਂ ਆਏ 'ਘੇਹੂ' ਦੀ ਥਾਂ 'ਘੇਰੂ' ਛਾਪੇ ਦੀ ਭੁੱਲ ਵੀ ਹੋ ਸਕਦੀ ਹੈ ਪਰ 'ਮੀਹਾ' ਦਾ ਨਾਂ ਪ੍ਰਾਣ-ਸੰਗਲੀ ਦੇ ਲਿਖਾਰੀਆਂ ਵਿਚ ਨਵਾਂ ਜਾਪਦਾ ਹੈ।

iii) <u>ਸੈਦੋ ਘੇਹੋ</u>: ਪ੍ਰਾਣ-ਸੰਗਲੀ ਦੇ ਅਧਿਆਇ 7 ਦੇ ਅੰਤ ਵਿਚ ਸੈਦੋ ਅਤੇ ਘੇਹੋ ਨਾਂ ਦੇ ਦੋ ਲਿਖਾਰੀਆਂ ਦੇ ਨਾਂ ਆਏ ਹਨ:

"ਤਦਹੁੰ ਬਾਬਾ ਰਮਤਾ ਰਹਿਆ। ਬਾਣੀ ਸੈਦੋ ਘੇਹੋ ਜਟ ਲਿਖੀ।"[1]

ਇਸ ਅਵਤਰਨ ਵਿਚ 'ਸੈਦੋ' ਨਾਂ ਦੇ ਲਿਖਾਰੀ ਦਾ ਉਲੇਖ ਪਹਿਲੀ ਵਾਰ ਹੋਇਆ ਹੈ। 'ਘੇਹੋ', 'ਘੇਹੂ' ਅਤੇ 'ਘੇਰੂ' ਇਹ ਇਕੋ ਲਿਖਾਰੀ ਦੇ ਨਾਂ ਜਾਪਦੇ ਹਨ।

ਇਹਨਾਂ ਅਵਤਰਨਾਂ ਵਿਚ ਲਿਖਾਰੀਆਂ ਦੇ ਨਾਂ ਲਗਭਗ ਸਮਾਨ ਹਨ ਪਰ 'ਮੀਹਾ' ਤੇ 'ਸੈਦੋ' ਇਹ ਦੋ ਨਾਂ ਸਿਰਫ ਇਕ ਵਾਰ ਵੱਖ ਵੱਖ ਥਾਵਾਂ ਤੇ ਪ੍ਰਾਣ-ਸੰਗਲੀ ਦੇ ਲਿਖਾਰੀਆਂ ਦੇ ਰੂਪ ਵਿਚ ਦਿੱਤੇ ਗਏ ਹਨ।

ਇਸੇ ਤਰ੍ਹਾਂ ਇਕ ਥਾਂ ਤੇ 'ਸੈਦੋ' ਅਤੇ 'ਘੇਹੋ'[2] ਨੂੰ ਜੱਟ ਦੱਸਿਆ ਗਿਆ ਹੈ ਅਤੇ ਸੀਹੇ, ਮੀਹੇ ਅਤੇ ਸੈਦੂ ਬਾਰੇ ਜਾਤੀਸੂਚਕ ਕੋਈ ਵਿਸ਼ੇਸ਼ਣ ਨਹੀਂ ਲਾਇਆ ਗਿਆ।

'ਸੈਦੋ' ਅਤੇ 'ਘੇਹੂ' ਨੂੰ ਪਹੁਲ ਦੇਣ ਵਾਲਿਆਂ ਦੇ ਰੂਪ ਵਿਚ ਵੀ ਇਕ ਥਾਂ ਤੇ ਪ੍ਰਸਤੁਤ ਕੀਤਾ ਗਿਆ ਹੈ:

"ਜਨਮ ਮਰਣ ਰਾਜੇ ਦਾ ਕਟਿਆ, ਸਿੱਖ ਹੋਆ। ਸੈਦੋ ਅਤੇ ਘੇਹੂ ਹੁਕਮ ਨਾਲਿ ਪਾਹੁਲ ਦਿੱਤੀ।"[3]

ਪ੍ਰਾਣ-ਸੰਗਲੀ ਦੇ ਇਹਨਾਂ ਲਿਖਾਰੀਆਂ ਦੇ ਨਾਂ ਮਿਲਣ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪ੍ਰਾਣ-ਸੰਗਲੀ ਦਾ ਉਚਾਰਨ ਗੁਰੂ ਨਾਨਕ ਦੇਵ ਜੀ ਨੇ ਆਪ ਕੀਤਾ ਅਤੇ ਆਪਣੇ ਨਿਕਟਵਰਤੀ ਸਿੱਖਾਂ ਤੋਂ ਇਸਨੂੰ ਲਿਖਵਾਇਆ। ਗੁਰੂ ਨਾਨਕ ਦੇਵ ਜੀ ਦੇ ਇਹ ਚਾਟੜੇ ਸਿੱਖ ਧਰਮ ਪ੍ਰਚਾਰ ਵਿਚ ਵੀ ਹੱਥ ਵਟਾਉਂਦੇ ਸਨ, ਇਹ ਤੱਥ ਵੀ ਪ੍ਰਾਣ-ਸੰਗਲੀ ਨੂੰ ਵਾਚਣ ਤੋਂ ਉਭਰਕੇ ਸਾਹਮਣੇ ਆਉਂਦਾ ਹੈ।

ੲ) <u>ਸੰਚੀਆਂ</u>

'ਪੁਰਾਤਨ ਜਨਮਸਾਖੀ' ਦੇ ਉਪਰੋਕਤ ਅਵਤਰਨ ਤੋਂ ਇਹ ਵੀ ਪਤਾ ਚਲਦਾ ਹੈ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਪ੍ਰਾਣ-ਸੰਗਲੀ ਦੀਆਂ ਅੱਟੇ ਅੱਟ ਦੇ ਸੰਚੀਆਂ ਤਿਆਰ ਕੀਤੀਆਂ ਗਈਆਂ ਸਨ। ਇਹ ਸੰਚੀਆਂ ਗੁਰੂ ਨਾਨਕ ਦੇ ਨਿਕਟਵਰਤੀ ਸਿੱਖ ਲਿਖਾਰੀਆਂ ਨੇ ਸੰਗਲਾਦੀਪ ਵਿਚ ਤਿਆਰ ਕੀਤੀਆਂ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ), ਪੰਨਾ 175.
2. "'ਪੁਰਾਤਨ ਜਨਮਸਾਖੀ' ਵਿਚ 'ਘੇਹੋ' ਨੂੰ ਜਟਾਂ ਦੀ ਇਕ ਜਾਤਿ (ਗੋਤ) ਦੱਸਿਆ ਗਿਆ ਹੈ।" 'ਪੁਰਾਤਨ ਜਨਮਸਾਖੀ' (ਸੰਪਾ. ਭਾਈ ਵੀਰ ਸਿੰਘ), ਪੰਨਾ 167.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ), ਪੰਨਾ 97 (ਉਥਾਨਿਕਾ).

ਇਹਨਾਂ ਵਿਚੋਂ ਇਕ ਸੰਪੂਰਣ ਸੈਂਚੀ 'ਸੰਗੇ' ਲਿਖਾਰੀ ਕੋਲ ਸੀ ਅਤੇ ਦੂਜੀ ਸੈਂਚੀ ਰਾਜਾ ਸ਼ਿਵਨਾਭ ਨੂੰ ਦਿੱਤੀ ਗਈ।

ਸ) 'ਪੁਰਾਤਨ ਜਨਮਸਾਖੀ' ਦੇ ਉਪਰੋਕਤ ਅਵਤਰਨ ਤੋਂ ਇਹ ਵੀ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ ਇਸ ਬਾਣੀ ਨੂੰ ਗੁਪਤ ਰਖਿਆ ਗਿਆ ਅਤੇ ਇਸ ਨੂੰ ਪੜ੍ਹਨ ਦਾ ਅਧਿਕਾਰ ਕੇਵਲ ਗੁਣ ਵੇਤਵੇਂ ਲੋਕਾਂ ਨੂੰ ਹੀ ਦਿੱਤਾ ਗਿਆ।[1]

ਹ) 'ਪੁਰਾਤਨ ਜਨਮਸਾਖੀ' ਦੇ ਉਪਰਲੇ ਸੰਦਰਭ ਵਿਚ 'ਜੰਬੂ ਦੀਪ' ਤੋਂ ਭਵਿੱਖ ਵਿਚ ਕਿਸੇ ਵਿਅਕਤੀ ਦੇ ਸੰਗਲਾਦੀਪ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ:

"ਬਚਨੁ ਹੋਆ, ਜੋ ਇਕ ਆਦਮੀ ਆਵੇਗਾ ਜੰਬੂ ਦੀਪ ਤੇ, ਉਸ ਜੋਗੁ ਲਿਖਿ ਦੇਵਣੀ।"

ਜੰਬੂ ਦੀਪ ਤੰਤਰ ਸ਼ਾਸਤਰ ਅਤੇ ਪ੍ਰਾਚੀਨ ਜੋਤਿਸ਼ ਸ਼ਾਸਤ੍ਰ ਦੀ ਪਰਿਭਾਸ਼ਿਕ ਸ਼ਬਦਾਵਲੀ ਵਿਚੋਂ ਹੈ ਅਤੇ ਇਸਦਾ ਉਲੇਖ ਤੰਤ੍ਰ ਸ਼ਾਸਤ੍ਰ ਦੀਆਂ ਮਾਨਤਾਵਾਂ ਅਤੇ ਭਵਿੱਖ ਬਾਣੀ ਕਰਨ ਦੀ ਵਿੱਧ ਯੁਕਤੀਆਂ ਨਾਲ ਜਾਪਦਾ ਹੈ।

ਪੁਰਾਤਨ ਜਨਮਸਾਖੀ ਵਿਚ ਇਸ ਸ਼ਬਦ ਦੀ ਵਰਤੋਂ ਭਾਰਤ ਲਈ ਹੋਈ ਹੈ।

2) ਭਾਈ ਬਾਲੇ ਵਾਲੀ ਜਨਮਸਾਖੀ (ਜਾਂ ਹੰਦਾਲੀਆਂ ਵਾਲੀ ਜਨਮਸਾਖੀ)

ਭਾਈ ਬਾਲੇ ਨੂੰ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਿੱਖ ਦੱਸਿਆ ਜਾਂਦਾ ਹੈ। ਉਸਦੇ ਨਾਂ ਤੇ ਉਪਲਬਧ ਜਨਮਸਾਖੀ ਵਿਚ ਪ੍ਰਾਣ-ਸੰਗਲੀ ਬਾਰੇ ਇਹ ਮਹੱਤਵਪੂਰਨ ਸੂਚਨਾ ਮਿਲਦੀ ਹੈ:

"... ਤਿਥੈ ਗੁਰੂ ਪ੍ਰਾਨਸੰਗਲੀ ਉਚਾਰੀ ਇਕ ਸੌ ਤੇ ਤੇਰਾਂ ਧਿਆਉ ਬੋਲੇ। ਦੁਇ ਵਰ੍ਹੇ ਅਤੇ ਪੰਜ ਮਹੀਨੇ ਗੁਰੂ ਨਾਨਕ ਜੀ ਉਥੇ ਰਹੇ।"[2]

---

1. "ਏਹ ਬਾਣੀ ਗੁਰੂ ਗੁਪਤ ਰਖਾਈ ਸੀ। ਹੁਣ ਗੁਰੂ ਕੇ ਹੁਕਮ ਸਾਥਿ ਪ੍ਰਗਟੁ ਹੋਈ। ਏਹ ਬਾਣੀ ਜੇ ਕੋਈ ਬਬੇਕੀ
ੳ) ਪਰਮੇਸ਼ੁਰ ਕਾ ਲੋਕੁ ਹੋਵੈ ਤਿਸੁ ਜੋਗੁ ਪੜਿ ਸੁਨਾਵਣੀ। ਲਿਖ ਨਹੀ ਦੇਵਨੀ। ਜਿ ਕੋਈ ਰਹਤਾ ਚਿਤ ਕਾ ਮੁਕਤਾ ਸਤਿਵਾਦੀ ਬ੍ਰਹਮ ਗਿਆਨੀ ਨਿਰਵੈਰ ਜਤ ਇੰਦ੍ਰੀ ਹੋਵੈ ਸੋ ਲਿਖੇ ਪੜ੍ਹੇ।"
'ਪ੍ਰਾਣ-ਸੰਗਲੀ', (ਹੱਥ ਲਿਖਤ ਨੰ. 750), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ, ਪੱਤਰਾ 1.

ਅ) ਇਹ ਪੰਕਤੀਆਂ ਥੋੜੇ ਜਿਹੇ ਅੰਤਰ ਨਾਲ ਇਕ ਹੋਰ ਹੱਥ-ਲਿਖਤ ਵਿਚ ਇਸ ਤਰ੍ਹਾਂ ਮਿਲਦੀਆਂ ਹਨ:
"ਇਹ ਬਾਣੀ ਬਾਬੇ ਕੀ ਜੇ ਕੋ.... ਤਿਸ ਜੋਗ ਪੜਿ ਸੁਣਾਵਣੀ ਸਗਤਿ ਜੋਗੁ ਲਿਖਿ ਨਾਹੀ ਦੇਵਣੀ।... ਜਿ ਕੋਈ ਰਹਤਾ ਚਿਤ ਕਾ ਮੁਕਤਾ ਸਤਿਵਾਦੀ ਬ੍ਰਹਮ ਗਿਆਨੀ ਨਿਰਵੈਰ ਜਤਿ ਇੰਦ੍ਰੀ ਹੋਵੈ ਸੋ ਲਿਖੇ ਪੜ੍ਹੇ।"
'ਪ੍ਰਾਣ-ਸੰਗਲੀ' (ਹੱਥ-ਲਿਖਤ ਨੰ. 10), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ, ਪੱਤਰਾ 1.

2. 'ਜਨਮਸਾਖੀ ਭਾਈ ਬਾਲਾ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਜਗਜੀਤ ਸਿੰਘ), ਪੰਨਾ 156.

ਇਸ ਟੂਕ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦੀ ਰਚਨਾ ਸੰਗਲਾਦੀਪ ਵਿਚ ਹੋਈ ਅਤੇ ਇਸ ਦੇ 113 ਅਧਿਆਇ ਹਨ।

3) ਭਾਈ ਮਨੀ ਸਿੰਘ ਵਾਲੀ ਜਨਮਸਾਖੀ

ਭਾਈ ਮਨੀ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੀ ਜਨਮਸਾਖੀ ਵਿਚ ਪ੍ਰਾਣ-ਸੰਗਲੀ ਬਾਰੇ ਇਹ ਤੱਥ ਦਿੱਤੇ ਹਨ:

> "... ਅਤੇ ਫਿਰ ਬਾਬਾ ਜੀ ਨੇ ਉਥੇ ਪ੍ਰਾਣਸੰਗਲੀ ਕਾ ਉਚਾਰ ਕੀਤਾ। ਤਾਂ ਪੋਥੀ ਲਿਖ ਕੇ ਰਾਜੇ ਸਿਭਨਾਭ ਦੇ ਹੱਥ ਦਿੱਤੀ ਅਰ ਕਹਿਆ ਕਿ ਇਸ ਪੋਥੀ ਨੂੰ ਸਦੀਵ ਪੜ੍ਹਨਾ ਅਰ ਪ੍ਰਾਨ ਦਾ ਸੰਜਮ ਰਖਣਾ।"[1]

ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਸੰਗਲਾਦੀਪ ਦੇ ਰਾਜੇ ਦਾ ਨਾਂ ਜਨਮਸਾਖੀਆਂ ਵਿਚ ਆਮ ਤੌਰ ਤੇ 'ਸ਼ਿਵ ਨਾਭ' ਦੱਸਿਆ ਗਿਆ ਹੈ ਪਰ ਇਸ ਟੂਕ ਵਿਚ 'ਸ੍ਰਿਭ ਨਾਬ' ਨਾਂ ਮਿਲਦਾ ਹੈ। ਜੇਕਰ ਇਹ ਛਾਪੇ ਦੀ ਭੁੱਲ ਨਹੀਂ ਹੈ ਤਾਂ ਸੰਗਲਾਦੀਪ ਦੇ ਇਸ ਰਾਜੇ ਦੇ ਨਾਂ ਬਾਰੇ ਵੀ ਇਕ ਵਿਵਾਦ ਖੜਾ ਹੋ ਸਕਦਾ ਹੈ।

4) ਸ੍ਰੀ ਗੁਰੂ ਪੰਥ ਪ੍ਰਕਾਸ਼

ਭਾਈ ਗਿਆਨ ਸਿੰਘ ਗਿਆਨੀ ਸਿੱਖੀ ਪਰੰਪਰਾਵਾਂ ਦੇ ਉੱਘੇ ਵਿਦਵਾਨ ਸਨ। ਉਹਨਾਂ ਨੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖ਼ਾਲਸਾ' ਜਿਹੀਆਂ ਪੁਸਤਕਾਂ ਲਿਖੀਆਂ ਹਨ। 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਗੁਰੂ ਨਾਨਕ ਦੇਵ ਜੀ ਦੀ ਸੰਗਲਾਦੀਪ ਯਾਤਰਾ ਅਤੇ ਉਥੋਂ ਦੇ ਰਾਜਾ ਸ਼ਿਵਨਾਭ ਨਾਲ ਗੁਰੂ ਜੀ ਦੇ ਮੇਲ ਬਾਰੇ ਲਿਖਿਆ ਹੈ:

ਪਾਰ ਉਤਰ ਸਮੁ੍ਰ ਤੇ ਸਾਰੇ।
ਸੰਗਲਦੀਪ ਨਿਰਖਯੋ ਆਗੇ।
ਨ੍ਰਿਪ ਸ਼ਿਵਨਾਭ ਮਿਲਯੋ ਤਹਿ ਆਈ।
ਸੇਵਾ ਸਭ ਬਿਧ ਕਰੀ ਮਹਾਈ।[2]

ਉਪਰੋਕਤ ਟੂਕ ਵਿਚ ਪ੍ਰਾਣ-ਸੰਗਲੀ ਬਾਰੇ ਕੇਵਲ ਪ੍ਰਚਲਿਤ ਮੁੱਖ ਅਤੇ ਮੌਖਿਕੀਆਂ ਪਰੰਪਰਾਵਾਂ ਦਾ ਸੰਕੇਤ ਮਿਲਦਾ ਹੈ। ਪਰ ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਬਾਰੇ ਕੋਈ ਸਿੱਧਾ ਕਥਨ ਉਪਲਬਧ ਨਹੀਂ ਹੈ।

5) ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ

ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਕਵੀ ਸੰਤ ਰੇਣ ਪ੍ਰੇਮ ਸਿੰਘ ਨੇ ਆਪਣੇ ਕਾਵਿ-ਗ੍ਰੰਥ 'ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ' ਵਿਚ ਪ੍ਰਾਣ-ਸੰਗਲੀ ਬਾਰੇ ਇਹ ਸੂਚਨਾ ਦਿੱਤੀ ਹੈ:

---

1. 'ਜਨਮਸਾਖੀ ਪਰੰਪਰਾ' (ਸੰਪਾ. ਡਾ. ਕਿਰਪਾਲ ਸਿੰਘ), ਪੰਨਾ 355.
2. ਭਾਈ ਗਿਆਨ ਸਿੰਘ ਗਿਆਨੀ, 'ਸ੍ਰੀ ਗੁਰੂ ਪੰਥ ਪ੍ਰਕਾਸ਼', ਪੰਨਾ 55

ਭੂਪਤ ਜੋਗ ਦੇਨ ਕੇ ਕਾਜਾ॥ ਪ੍ਰਾਣਸੰਗਲੀ ਗ੍ਰੰਥ ਸੁ ਸਾਜਾ॥
ਇਕ ਸੌ ਤੇਰਸ ਧਯਾਇ ਬਖਾਨੇ॥ ਜਾਂਹਿ ਪਢ ਜੋਗ ਕਲਾ ਸਭ ਜਾਨੇ॥16॥
ਦੇਕਰ ਮੈਂ ਸੰਪਖੇ ਅਨੂਪਾ॥ ਬੋਲੇ ਪੁਨ ਬੇਦੀ ਕੁਲ ਦੀਪਾ॥
ਜਬ ਸਿਖ ਕੋ ਆਵੈ ਹਮ ਦੇਸੂ॥ ਜਾਹੋ ਤੁਮ ਪਹਿ ਦੇਹ ਨਰੇਸੂ॥[1]

ਇਹਨਾਂ ਤੁਕਾਂ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦੀ ਰਚਨਾ ਜੋਗ ਸਾਧਨਾ ਦੀ ਦ੍ਰਿਸ਼ਟੀ ਤੋਂ ਸੰਗਲਾਦੀਪ ਵਿਚ ਗੁਰੂ ਨਾਨਕ ਦੇਵ ਨੇ ਕੀਤੀ ਸੀ ਅਤੇ ਇਸਦੇ 113 ਅਧਿਆਇ ਸਨ।[2]

## III ਪੂਰਬ ਪੱਖ ਦੇ ਆਧੁਨਿਕ ਵਿਦਵਾਨ

ਪ੍ਰਾਚੀਨ ਉਲੇਖਾਂ ਨੂੰ ਆਧਾਰ ਬਣਾਕੇ ਪ੍ਰਾਣ-ਸੰਗਲੀ ਨੂੰ ਆਦਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨ ਦਾ ਇਕ ਨਵਾਂ ਉਪਰਾਲਾ ਆਧੁਨਿਕ ਯੁਗ ਦੇ ਕੁਝ ਵਿਦਵਾਨਾਂ ਨੇ ਕੀਤਾ ਹੈ। ਇਹਨਾਂ ਵਿਦਵਾਨਾਂ ਨੇ ਸਰਨ ਵਿਸ਼ਵਾਸ਼ਾਂ, ਪ੍ਰਾਣ-ਸੰਗਲੀ ਬਾਰੇ ਪ੍ਰਚਲਿਤ ਦੰਦ-ਕਥਾਵਾਂ ਅਤੇ ਹੋਰ ਪਰੰਪਰਾਵਾਂ ਨੂੰ ਦ੍ਰਿਸ਼ਟੀਗੋਚਰ ਰਖਕੇ ਆਦਿ ਗੁਰੂ ਨਾਨਕ ਦੇਵ ਜੀ ਨੂੰ ਹੀ ਪ੍ਰਾਣ-ਸੰਗਲੀ ਦਾ ਰਚੈਤਾ ਮੰਨਿਆ ਹੈ। ਪ੍ਰਾਚੀਨ ਮਾਨਤਾਵਾਂ ਦਾ ਸਮਰਥਨ ਕਰਨ ਵਾਲੇ ਇਹਨਾਂ ਆਧੁਨਿਕ ਵਿਦਵਾਨਾਂ ਵਿਚੋਂ ਕੁਝ ਨਾਂ ਇਹ ਹਨ:

1) ਸੰਤ ਸੰਪੂਰਣ ਸਿੰਘ
2) ਭਾਈ ਵੀਰ ਸਿੰਘ
3) ਡਾ. ਮੋਹਨ ਸਿੰਘ ਦੀਵਾਨਾ
4) ਸਯਦ ਮੁਹੰਮਦ ਲਤੀਫ਼

### 1) ਸੰਤ ਸੰਪੂਰਣ ਸਿੰਘ

ਸੰਤ ਸੰਪੂਰਣ ਸਿੰਘ ਨੇ ਆਧੁਨਿਕ ਯੁਗ ਵਿਚ ਸਭ ਤੋਂ ਪਹਿਲਾਂ ਪ੍ਰਾਣ-ਸੰਗਲੀ ਬਾਰੇ ਇਕ ਖੋਜ ਭਰਪੂਰ, ਗਿਆਨ ਪੂਰਿਤ ਅਤੇ ਆਲੋਚਨਾਤਮਿਕ ਚਰਚਾ ਸ਼ੁਰੂ ਕੀਤੀ। ਉਹਨਾਂ ਨੇ ਇਕ ਲੰਮੀ ਅਵਧੀ ਤਕ ਪ੍ਰਾਣ-ਸੰਗਲੀ ਦੇ ਹੱਥ-ਲਿਖਤੀ ਨੁਸਖਿਆਂ ਦੀ ਖੋਜ ਪੜਤਾਲ ਜਾਰੀ ਰੱਖੀ ਅਤੇ ਇਸ ਖੋਜ ਪੜਤਾਲ ਦੇ ਸਦਕੇ ਉਹਨਾਂ ਨੇ ਪ੍ਰਾਣ-ਸੰਗਲੀ ਦੇ ਦੋ ਸੰਸਕਰਣ ਨਾਗਰੀ ਅੱਖਰਾਂ ਵਿਚ ਪ੍ਰਕਾਸ਼ਿਤ ਕਰਵਾਏ। ਇਸ ਤਰ੍ਹਾਂ ਸੰਤ ਸੰਪੂਰਣ ਸਿੰਘ 'ਪ੍ਰਾਣ-ਸੰਗਲੀ' ਦਾ ਉਧਾਰ ਕਰਨ ਵਾਲੇ ਪਹਿਲੇ ਵਿਦਵਾਨ ਸਨ।

ਸੰਤ ਸੰਪੂਰਣ ਸਿੰਘ ਨੇ ਇਕ ਸ਼ਰਧਾਲੂ ਭਗਤ ਅਤੇ ਇਕ ਸਾਧਕ ਦੀ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦਾ ਸੰਪਾਦਨ ਕੀਤਾ ਅਤੇ 'ਪ੍ਰਾਣ-ਸੰਗਲੀ' ਦੇ ਮੁੱਢ ਵਿਚ ਬੜੇ ਵਿਸਥਾਰ ਨਾਲ ਇਸ ਗ੍ਰੰਥ ਨੂੰ ਆਦਿ ਗੁਰੂ ਨਾਨਕ ਦੇਵ

---

1. ਸੰਤ ਰੇਣ (ਪ੍ਰੇਮ ਸਿੰਘ) 'ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ', ਭਾਗ ਪਹਿਲਾ, ਪੰਨਾ 185.
- ਤੁਤਕਾ ਦਵੀ ਦੇਖੋ:
2. 'ਜਨਮਸਾਖੀ ਭਾਈ ਬਾਲਾ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਜਗਜੀਤ ਸਿੰਘ), ਪੰਨਾ 11.

ਜੀ ਵੀ ਰਚਨਾ ਸਿੱਧ ਕਰਨ ਦਾ ਯਤਨ ਕੀਤਾ। ਉਹ ਲਿਖਦੇ ਹਨ:

> "ਰਾਜਾ ਕੋ ਅਪਨਾ ਪੂਰਣ ਪ੍ਰੇਮੀ ਤਥਾ ਸਰਬ ਪ੍ਰਕਾਰ ਸੇ ਅਨੁਕਰਣ ਕਰਤਾ ਜਾਨ ਕਰ ਗੁਰੂ ਮਹਾਰਾਜ ਨੇ ਅਧਿਕਾਰੀ ਸਮੁਦਾਯ ਪਰ ਉਪਕਾਰ ਅਰਥ, ਅਪਨੀ ਇਸ... ਅਨੁਭਵੀ ਬਾਣੀ ਕਾ ਰਾਜਾ ਸ਼ਿਵਨਾਭ ਕੇ ਮਿਸ ਸੇ ਪ੍ਰਕਾਸ਼ ਕਰ ਸੁਣਾਯਾ। ... ਨਿਜ ਮਾਰਗ ਕਾ ਪਰਤਖ ਨਿਰਣੈ ਇਸ ਸ੍ਰੀ ਮੁਖ ਵਾਕ ਗ੍ਰੰਥ ਵਿਖੇ ਨਿਰੂਪਣ ਕਿਯਾ।"[1]

ਅੱਗੇ ਚਲ ਕੇ ਸੰਤ ਸੰਪੂਰਣ ਸਿੰਘ ਲਿਖਦੇ ਹਨ:

> "ਗੁਰੂ ਸਾਹਿਬ ਨੇ ... ਉਪਦੇਸ਼ ਸਮੂਹ ਕਾ ਸਾਰਾ ਸੰਖੇਪ ਸਰੂਪ 113 ਅਧਯਾਯ ਰੂਪ ਪ੍ਰਾਣਸੰਗਲੀ ਕੀ ਰਚਨਾ ਦੁਆਰਾ ਸਭ ਪ੍ਰਕਾਰ ਕੇ ਖੇਦ ਸੇ ਉਸੇ ਰਹਿਤ ਕਰਕੇ... ਰਾਜਾ ਕੋ ਅਰਪਣ ਕਰ ਦਿਯਾ।"[2]

ਇਹਨਾਂ ਦੋਵਾਂ ਟੁਕਾਂ ਵਿਚ ਪ੍ਰਾਣ-ਸੰਗਲੀ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਹ ਸਮੱਸਿਆਵਾਂ ਹਨ:

ੳ) ਪ੍ਰਾਣ-ਸੰਗਲੀ ਦਾ ਰਚਣਕਾਰ ਕੌਣ ਹੈ?

ਅ) ਪ੍ਰਾਣ-ਸੰਗਲੀ ਦਾ ਰਚਨਾ ਸਥਾਨ ਕਿਹੜਾ ਹੈ?

ੲ) ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਸੰਖਿਆ ਕਿੰਨੀ ਹੈ?

ਪ੍ਰਾਣ-ਸੰਗਲੀ ਦਾ ਸਮੁੱਚਾ ਆਧੁਨਿਕ ਅਧਿਐਨ ਸੰਤ ਸੰਪੂਰਣ ਸਿੰਘ ਦੁਆਰਾ ਪ੍ਰਸਤੁਤ ਕੀਤੀਆਂ ਗਈਆਂ ਇਹਨਾਂ ਤਿੰਨਾਂ ਸਮੱਸਿਆਵਾਂ ਦੇ ਦੁਆਲੇ ਘੁੰਮ ਰਿਹਾ ਹੈ। ਵਿਚਾਰ ਦੀ ਦ੍ਰਿਸ਼ਟੀ ਤੋਂ ਕਿਸੇ ਪ੍ਰਸ਼ਨ ਨੂੰ ਉਠਾਉਣਾ ਉੱਨਾ ਹੀ ਮਹੱਤਵਪੂਰਣ ਹੈ ਜਿੰਨਾ ਕਿ ਉਸਦਾ ਹੱਲ ਲੱਭਣਾ। ਇਸ ਦ੍ਰਿਸ਼ਟੀ ਤੋਂ ਸੰਤ ਸੰਪੂਰਣ ਸਿੰਘ ਦਾ ਇਹ ਮੁੱਢਲਾ ਯਤਨ ਸ਼ਲਾਘਾਯੋਗ ਹੈ।

ਸੰਤ ਸੰਪੂਰਣ ਸਿੰਘ ਦੇ ਪ੍ਰਾਣ-ਸੰਗਲੀ ਸੰਬੰਧੀ ਵਿਚਾਰਾਂ ਦਾ ਸੰਖੇਪ ਵੇਰਵਾ ਇਉਂ ਦਿੱਤਾ ਜਾ ਸਕਦਾ ਹੈ:

ੳ) ਰਚੇਤਾ ਅਤੇ ਰਚਨਾ ਸਥਾਨ: ਸੰਤ ਸੰਪੂਰਣ ਸਿੰਘ ਦੇ ਅਨੁਸਾਰ ਆਦਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੱਖਣ ਦੀ ਉਦਾਸੀ ਸਮੇਂ ਸੰਗਲਾਦੀਪ ਵਿਚ ਰਾਜਾ ਸ਼ਿਵਨਾਭ ਦੀ ਪ੍ਰਥਾਇ ਪ੍ਰਾਣ-ਸੰਗਲੀ ਦਾ ਉਚਾਰਣ ਕੀਤਾ।[3]

ਕੁਝ ਕਰਾਮਾਤੀ ਘਟਨਾਵਾਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਦੇ ਸਮੂਹ ਲੋਕਾਂ ਨੂੰ ਗੁਰਮਤ ਦੀ ਦੀਖਿਆ ਦਿੱਤੀ ਅਤੇ ਪ੍ਰਾਣ-ਸੰਗਲੀ ਦੀ ਇਕ ਪੋਥੀ ਰਾਜੇ ਸ਼ਿਵਨਾਭ ਕੋਲ ਛੱਡ ਦਿੱਤੀ ਅਤੇ ਉਸਨੂੰ ਆਗਿਆ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 18 (ਭੂਮਿਕਾ).
2. ਉਹੀ, ਪੰਨਾ 67 (ਭੂਮਿਕਾ).
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 8,9 (ਭੂਮਿਕਾ).

ਦਿੱਤੀ ਕਿ ਇਹ ਪ੍ਰਾਣ-ਸੰਗਲੀ ਉਸ ਅਧਿਕਾਰੀ ਵਿਅਕਤੀ ਨੂੰ ਦੇਣੀ ਜਿਹੜਾ ਕਿ ਇਸ ਦੀ ਖੋਜ ਵਿਚ ਪੰਜਾਬ ਤੋਂ ਏਥੇ ਆਵੇਗਾ।[1] ਜਨਮਸਾਖੀਆਂ ਅਤੇ ਹੋਰ ਪੁਰਾਤਨ ਰਵਾਇਤਾਂ ਅਨੁਸਾਰ ਸੰਤ ਸੰਪੂਰਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਣ-ਸੰਗਲੀ ਦਾ ਰਚੇਤਾ ਅਤੇ ਰਾਜੇ ਸ਼ਿਵਨਾਭ ਦੀ ਧਰਤੀ ਸੰਗਲਾਦੀਪ ਵਿਚ ਇਸਦਾ ਉਚਾਰਨ ਹੋਣਾ ਮੰਨਿਆ ਹੈ।

ਅ) <u>ਅਧਿਆਵਾਂ ਦੀ ਸੰਖਿਆ</u>: ਪ੍ਰਾਣ-ਸੰਗਲੀ ਦੇ ਸਮੂਹ ਅਧਿਆਵਾਂ ਦੀ ਸੰਖਿਆ ਬਾਰੇ ਵਿਸਥਾਰ ਨਾਲ ਵਿਚਾਰ ਸੰਤ ਸੰਪੂਰਨ ਸਿੰਘ ਨੇ ਕੀਤਾ ਹੈ। ਉਹਨਾਂ ਨੇ ਬਹੁਤ ਸਾਰਾ ਸਮਾਂ ਪ੍ਰਾਣ-ਸੰਗਲੀ ਦੀਆਂ ਵੱਖਰੀਆਂ ਵੱਖਰੀਆਂ ਪੋਥੀਆਂ ਦੀ ਖੋਜ ਅਤੇ ਉਹਨਾਂ ਦੀ ਨਕਲ ਤਿਆਰ ਕਰਨ ਉੱਤੇ ਲਾਇਆ। ਪ੍ਰਾਣ-ਸੰਗਲੀ ਦਾ ਇਕ ਮੁਕੰਮਲ ਅਤੇ ਹੱਥ-ਲਿਖਤੀ ਨੁਸਖ਼ਾ ਉਹਨਾਂ ਨੂੰ ਲਾਹੌਰ ਦੀ ਪਬਲਿਕ ਲਾਇਬ੍ਰੇਰੀ ਵਿਚ ਮਿਲਿਆ ਸੀ। ਉਹ ਆਪਣੀ 'ਜੀਵਨ ਗਾਥਾ' ਵਿਚ ਲਿਖਦੇ ਹਨ:

> "ਸੋ ਪੱਛਮੀ ਰਾਵਲਪਿੰਡੀ ਅਤੇ ਡੇਹਰਾ ਖਾਲਸਾ ਤੇ ਪੂਰਬੀ ਪਟਨੇ ਸਾਹਿਬੋਂ (ਵਿਚਕਾਰਲੇ ਇਲਾਕਿਆਂ ਦੇ ਕਈ ਥਾਵਾਂ ਤੋਂ) ਪ੍ਰਾਣਸੰਗਲੀ ਦੇ ਟਾਵੇਂ ਟਾਵੇਂ ਟੁਕੜੇ ਲੱਭ ਕੇ ਮੈਂ ਪਹਿਲੋਂ ਇਕ ਸੁਤੰਤਰ ਵਿਉਂਤ ਵਿਉਂਤ ਕੇ ਅਲਾਹਾਬਾਦ (ਪਰਯਾਗ) ਬੇਲਵੇਡਿਰ ਪ੍ਰੈਸ ਵਿਚ 21 ਅਧਿਆਇ ਛਪਾ ਚੁੱਕਾ ਸੀ ਅਤੇ ਬਾਕੀ ਇਕ ਲਿਖਤੀ ਕਰੀਬ (ਚੌਂਸੀ ਅਧਿਆਇ ਪ੍ਰਾਣਸੰਗਲੀ ਦਾ ਸੰਪੂਰਨ ਸਰੂਪ) ਸਰਦਾਰ ਅਤਰ ਸਿੰਘ ਜੀ ਦੀ ਭਦੌੜ ਲਾਇਬ੍ਰੇਰੀ ਵਿਚੋਂ ਲਾਹੌਰ ਪਬਲਿਕ ਲਾਇਬ੍ਰੇਰੀ ਵਿਚ ਮਿਲ ਗਿਆ।"[2]

ਭਾਵ ਇਹ ਹੈ ਕਿ ਸੰਤ ਸੰਪੂਰਨ ਸਿੰਘ ਜੀ ਨੇ ਆਪਣੇ ਜੀਵਨ ਦੇ ਬਹੁਤ ਸਾਰੇ ਸਾਲ ਲਾਕੇ ਪ੍ਰਾਣ-ਸੰਗਲੀ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕੀਤਾ। ਪੰਜਾਬ ਅਤੇ ਪੰਜਾਬੀ ਦੇ ਸਾਹਿਤ ਉੱਤੇ ਉਹਨਾਂ ਦਾ ਇਹ ਬਹੁਤ ਵੱਡਾ ਉਪਕਾਰ ਹੈ।

ੲ) <u>ਆਦਿ ਗ੍ਰੰਥ ਅਤੇ ਪ੍ਰਾਣ-ਸੰਗਲੀ</u>: ਸੰਤ ਸੰਪੂਰਨ ਸਿੰਘ ਨੇ ਪ੍ਰਾਣ-ਸੰਗਲੀ ਬਾਰੇ ਆਪਣੇ ਕੁਝ ਨਵੇਕਲੇ ਅਤੇ ਵਿਚਿਤ੍ਰ ਵਿਚਾਰ ਵੀ ਪ੍ਰਸਤੁਤ ਕੀਤੇ ਹਨ। ਇਹਨਾਂ ਵਿਚਾਰਾਂ ਵਿਚੋਂ ਇਹ ਦੋ ਵਿਚਾਰ ਉਲੇਖਣੀਯ ਹਨ:

<u>"ਸ੍ਰੀ ਗੁਰੂ ਗ੍ਰੰਥ ਸਾਹਿਬ ਮੈਂ ਭੀ ਪ੍ਰਾਣਸੰਗਲੀ ਹੈ"</u>

)

ਸੰਤ ਸੰਪੂਰਨ ਸਿੰਘ ਦੇ ਸਾਹਮਣੇ ਇਕ ਬਹੁਤ ਵੱਡਾ ਸਵਾਲ ਇਹ ਸੀ ਕਿ ਸੰਗਲਾਦੀਪ ਤੋਂ ਉਚੇਚੇ ਤੌਰ ਤੇ ਮੰਗਵਾਈ ਗਈ ਪ੍ਰਾਣ-ਸੰਗਲੀ ਨੂੰ ਆਦਿ ਗ੍ਰੰਥ ਦੀ ਬੀੜ ਵਿਚ ਪੰਚਮ ਪਾਤਿਸ਼ਾਹ ਨੇ ਕਿਉਂ ਸ਼ਾਮਲ ਨਹੀਂ ਕੀਤਾ? ਇਸ ਪ੍ਰਸ਼ਨ ਦਾ ਉੱਤਰ ਸੰਤ ਸੰਪੂਰਨ ਸਿੰਘ ਨੇ ਦੋ ਤਰ੍ਹਾਂ ਦਿੱਤਾ ਹੈ।

ਉਹਨਾਂ ਦਾ ਵਿਚਾਰ ਹੈ ਕਿ ਆਦਿ ਗ੍ਰੰਥ ਅਤੇ ਪ੍ਰਾਣ-ਸੰਗਲੀ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਅਤੇ ਗਹੁ ਨਾਲ ਵਾਚਣ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦਾ ਬਹੁਤ ਸਾਰਾ ਭਾਗ ਆਦਿ ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਨੇ

---

ਦੇਖੋ:
1./'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ), ਪੰਨੇ 19,20 (ਭੂਮਿਕਾ).
2. ਸੰਤ ਸੰਪੂਰਨ ਸਿੰਘ 'ਜੀਵਨ ਗਾਥਾ', ਪੰਨਾ 52.

ਸ਼ਾਮਲ ਕੀਤੀ ਸੀ। ਸੰਤ ਸੰਪੂਰਣ ਸਿੰਘ ਜੀ ਦੇ ਸ਼ਬਦਾਂ ਵਿਚ:

"ਪੰਚਮ ਗੁਰੂ ਨੇ ਬਹੁਤ ਸਾ ਹਿੱਸਾ ਪ੍ਰਾਣ ਸੰਗਲੀ ਮੇਂ ਸੇ ਜਯੋਂ ਕਾ ਤਿਉਂ ਹੀ ਗੁਰੂ ਸਾਹਿਬ ਕੀ ਬਾਣੀ ਕੇ ਸੰਗ੍ਰਹ ਮੇਂ ਪ੍ਰਵਿਸ਼ਟ ਕਿਯਾ ਥਾ, ਔਰ ਕੁਛ ਏਕ ਇਸ ਕੇ ਭੀਤਰ ਵਿਸਥਾਰ ਸਹਿਤ ਉਚਾਰੀ ਬਾਣੀ ਕਾ ਸਾਰੰਸ਼ ਗ੍ਰਹਿਣ ਕਰਕੇ ਮਿਲਾਯਾ ਥਾ; ਔਰ ਐਸਾ ਹੀ ਕਈ ਬਾਣੀਓਂ ਕੇ ਭਾਵ ਮਾਤ੍ਰ ਹੀ ਲੇ ਕਰ, ਉਨ ਕੇ ਆਧਾਰ ਪਰ ਸੰਖੇਪ ਰੂਪ ਮੇਂ ਸੁਤੰਤਰ ਸ਼ਬਦ ਨਿਰਮਾਣ ਕਰਕੇ ਅਪਨੇ ਅਧਿਕਾਰ ਸੇ ਸ਼ਾਮਿਲ ਕੀਏ ਥੇ। ਜੈਸਾ ਕਿ – ਦੱਖਣੀ ਓਅੰਕਾਰ, ਏਕ ਸਿਧ ਗੋਸ਼ਟਿ ਰਾਮਕਲੀ ਕੇ ਰਾਗ ਕੇ ਭੀਤਰ ਤਥਾ ਕੁਛ ਭਾਗ ਸ਼ਬਦ ਸਲੋਕ ਸਰੂਪ ਮੇਂ ਇਸੀ ਰਾਗ ਕੀ ਏਕ ਵਾਰ ਮੇਂ ਦ੍ਰਿਸ਼ਟਿ ਆਤੇ ਹੈ। ਅਨਯ ਅਨਯ ਰਾਗੋਂ ਮੇਂ ਭੀ ਕਹੀਂ ਕਹੀਂ ਇਸ (ਪ੍ਰਾਣ ਸੰਗਲੀ) ਮੇਂ ਕੀ ਬਾਣੀ ਜਯੋਂ ਕੀ ਤਿਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਮਿਲੀ ਹੁਈ ਦਿਖਲਾਈ ਦੇਤੀ ਹੈ, ਜੈਸਾ ਕਿ ਬਾਰਾਂ ਮਾਹ ਮਾਝ ਰਾਗ ਕਾ ਤਥਾ ਮਾਰੂ ਰਾਗ ਕਾ ਸੋਲਹਾ ਜੋ ਸਹੰਸਰਨਾਮਾ ਕੇ ਨਾਮ ਸੇ ਪ੍ਰਸਿੱਧ ਹੈ। ਯਹ ਬਾਣੀਏਂ ਵਿਸਤਾਰ ਕੋ ਸੰਕੋਚ ਕਰ ਸੰਖੇਪ ਰਚਨਾ ਕੇ ਰੂਪ ਮੇਂ ਸ਼ਾਮਲ ਹੈਂ।"[1]

ਸੰਤ ਸੰਪੂਰਣ ਸਿੰਘ ਦਾ ਭਾਵ ਇਹ ਹੈ ਕਿ ਪ੍ਰਾਣ-ਸੰਗਲੀ ਨੂੰ ਗੁਰੂ ਅਰਜਨ ਦੇਵ ਜੀ ਨੇ ਰੱਦ ਨਹੀਂ ਸੀ ਕੀਤਾ ਸਗੋਂ ਇਸ ਦੇ ਪ੍ਰਕਾਰਾਂਤਰ ਨਾਲ ਕੁਝ ਅੰਸ਼ ਆਦਿ ਗ੍ਰੰਥ ਵਿਚ ਉਹਨਾਂ ਨੇ ਸ਼ਾਮਲ ਕੀਤੇ ਹਨ। ਜਿਨ੍ਹਾਂ ਦਾ ਸਰੂਪ ਇਸ ਤਰ੍ਹਾਂ ਹੋ ਸਕਦਾ ਹੈ:

– ਪ੍ਰਾਣ-ਸੰਗਲੀ ਦਾ ਕੁਝ ਭਾਗ ਆਦਿ ਗ੍ਰੰਥ ਵਿਚ ਸਿੱਧੇ ਤੌਰ ਤੇ ਸ਼ਾਮਲ ਕੀਤਾ ਗਿਆ।

– ਪ੍ਰਾਣ-ਸੰਗਲੀ ਦੇ ਕੁਝ ਭਾਗ ਦਾ ਸੰਖੇਪ ਸਾਰ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਸੰਗਠਿਤ ਕੀਤਾ।

ਆਪਣੀ ਇਸ ਨਿਵੇਕਲੀ ਅਤੇ ਵਿਚਿਤ੍ਰ ਮਾਨਤਾ ਨੂੰ ਪੁਸ਼ਟ ਕਰਨ ਲਈ ਸੰਤ ਸੰਪੂਰਣ ਸਿੰਘ ਨੇ ਕੋਈ ਪ੍ਰਮਾਣ ਨਹੀਂ ਦਿੱਤਾ।

## ਪ੍ਰਾਣ-ਸੰਗਲੀ: ਪੋਣ ਗੁਰੂ ਗ੍ਰੰਥ ਸਾਹਿਬ

ਸੰਤ ਸੰਪੂਰਣ ਸਿੰਘ ਅਨੁਸਾਰ ਪ੍ਰਾਣ-ਸੰਗਲੀ ਦੇ 80 ਜਾਂ 113 ਅਧਿਆਵਾਂ ਨੂੰ ਆਦਿ ਗ੍ਰੰਥ ਦੀ ਬੀੜ ਉੱਤੇ ਹੂ-ਬਹੂ ਚੜ੍ਹਾਉਣ ਤੋਂ ਗੁਰੂ ਅਰਜਨ ਦੇਵ ਜੀ ਨੇ ਇਸ ਲਈ ਵੀ ਸੰਕੋਚ ਕੀਤਾ ਕਿ ਪ੍ਰਾਣ-ਸੰਗਲੀ ਨੂੰ ਸ਼ਾਮਲ ਕਰਨ ਨਾਲ ਆਦਿ ਗ੍ਰੰਥ ਦੀ ਬੀੜ ਦਾ ਆਕਾਰ-ਪ੍ਰਕਾਰ ਬਹੁਤ ਜ਼ਿਆਦਾ ਹੋ ਜਾਣ ਦੀ ਸ਼ੰਕਾ ਸੀ। ਸੰਤ ਸੰਪੂਰਣ ਸਿੰਘ ਲਿਖਦੇ ਹਨ:

"ਐਸੀ ਬਾਣੀ (ਪ੍ਰਾਣਸੰਗਲੀ) ਗੁਰੂ ਸ਼ਬਦ ਰੂਪ ਮੇਂ ਸ੍ਰੀ ਗੁਰੂ ਨਾਨਕ ਦੇਵ ਕੇ ਮੁਖ ਸੇ ਉਚਰੀ ਜਾ ਕਰ ਸ੍ਰੀ ਗੁਰੂ ਅੰਗਦ ਦੇਵ ਦੁਆਰਾ ਭਾਈ ਬਾਲਾ ਜੀ ਕੀ ਰਸਨਾ ਸੇ ਸਰਵਣ ਹੋਕਰ ਜਨਮ ਸਾਖੀਓਂ ਕੇ ਭੀਤਰ ਆ ਚੁੱਕੀ ਥੀ। ... ਸੋ ਇਸ ਪ੍ਰਕਾਰ ਇਸ ਕੇ (ਪ੍ਰਾਣ-ਸੰਗਲੀ) ਭੀਤਰ ਕੀ ਬਾਣੀ ਲੱਗ ਭੱਗ ਗੁਰੂ ਸਿੱਖੋਂ ਕੋ ਪ੍ਰਾਪਤ ਹੋ ਚੁੱਕੀ ਥੀ। ਇਸ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਉਸਕਾ ਲਾਨਾ ਐਸਾ ਉਪਯੋਗੀ ਨਾ ਸਮਝਾ ਗਿਆ। ਪ੍ਰਾਣ ਸੰਗਲੀ ਕਾ ਆਕਾਰ ਲੱਗਪੱਗ ਪੋਣ ਗੁਰੂ ਗ੍ਰੰਥ ਸਾਹਿਬ ਜਿਤਨਾ

1. ਵੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 20,21.

ਹੋਨੇ ਸੇ ਭੀ ਯਦਿ ਇਸੇ ਇਤਿਹਾਸ ਅਨੁਸਾਰ ਸ੍ਰੀ ਮੁਖਵਾਕ ਹੋਨੇ ਕੇ ਕਾਰਨ ਬਾਣੀ ਕੇ ਸੰਚੇ ਮੇਂ ਸਥਾਨ ਦੀਆ ਜਾਤਾ ਤੋ ਗੁਰੂ ਗ੍ਰੰਥ ਸਾਹਿਬ ਕੇ ਪ੍ਰਕਾਸ਼ ਹੋਨੇ ਤਥਾ ਘਰ ਘਰ ਮੇਂ ਇਸੇ ਪਹੁੰਚਨੇ ਆਦਿ ਮੇਂ ਅਨੇਕ ਕਠਨਾਈਓਂ ਕਾ ਸਾਹਮਣਾ ਗੁਰੂ ਸਿਖੋਂ ਕੋ ਹੋਤਾ। ਇਸ ਕਾਰਨ ਇਤਿਆਦਿ ਵਿਚਾਰੋਂ ਕੇ ਕਰਕੇ ਹੀ ਸ੍ਰੀ ਗੁਰੂ ਅਰਜਨ ਜੀ ਨੇ ਇਸੇ ਉਕਤ ਕਾਂਟ ਛਾਂਟ ਕਰਕੇ ਸ਼ਾਮਲ ਕਰਨਾ ਉਚਿਤ ਸਮਝਾ।"[1]

2) ਭਾਈ ਵੀਰ ਸਿੰਘ

ਆਧੁਨਿਕ ਯੁਗ ਦੇ ਪੰਜਾਬੀ ਵਿਦਵਾਨਾਂ ਵਿਚ ਭਾਈ ਵੀਰ ਸਿੰਘ ਦਾ ਨਾਂ ਬਹੁਤ ਮਹੱਤਵਪੂਰਨ ਹੈ। ਉਹਨਾਂ ਨੇ ਬੜੀ ਸ਼ਰਧਾ ਅਤੇ ਵਿਦਵੱਤਾ ਨਾਲ ਆਦਿ ਗ੍ਰੰਥ ਦੀਆਂ ਮੁੱਖ ਬਾਣੀਆਂ ਦੀ ਵਿਆਖਿਆ ਕੀਤੀ — 'ਗੁਰ ਪ੍ਰਤਾਪ ਸੂਰਜ' ਦਾ ਪ੍ਰਮਾਣਿਕ ਸੰਸਕਰਣ ਪ੍ਰਕਾਸ਼ਿਤ ਕੀਤਾ ਅਤੇ 'ਸ੍ਰੀ ਗੁਰੂ ਨਾਨਕ ਚਮਤਕਾਰ' (ਜੀਵਨ ਚਰਿਤ੍ਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ) ਆਦਿ ਅਨੇਕ ਵੱਡਮੁੱਲੀਆਂ ਰਚਨਾਵਾਂ ਪੰਜਾਬੀ ਸਾਹਿਤ ਨੂੰ ਅਰਪਿਤ ਕੀਤੀਆਂ। ਪ੍ਰਾਣ-ਸੰਗਲੀ ਦੀਆਂ ਮੁੱਢਲੀਆਂ ਸਮੱਸਿਆਵਾਂ ਬਾਰੇ ਭਾਈ ਸਾਹਿਬ ਲਿਖਦੇ ਹਨ:

"ਦੂਜੀ ਉਦਾਸੀ ਵਿਚ ਗੁਰੂ ਜੀ ਦੇ ਸਾਥੀ ਸੈਦੋ ਤੇ ਸੀਹੋ ਲਿਖੇ ਹਨ। ਰਾਜੇ ਸ਼ਿਵਨਾਭ ਦੇ ਪਾਸ ਰਹਿੰਦਿਆਂ ਸਤਿਗੁਰਾਂ ਨੇ ਪ੍ਰਾਣ-ਸੰਗਲੀ ਉਚਾਰੀ ਪਰ ਸੈਦੋ ਸੀਹੋ ਨਾਲ ਨਾ ਲਿਆਏ, ਉਥੇ ਹੀ ਛੱਡ ਆਏ ਤੇ ਕਹਿ ਆਏ ਕਿ ਜਦੋਂ ਕੋਈ ਲੈਣ ਆਵੇ ਤਾਂ ਦੇਵਣੀ।"[2]

ਪ੍ਰਾਣ-ਸੰਗਲੀ ਬਾਰੇ ਇਸ ਤਰ੍ਹਾਂ ਦੇ ਉਲੇਖ ਕਈ ਜਨਮਸਾਖੀਆਂ ਵਿਚ ਮਿਲਦੇ ਹਨ। ਭਾਈ ਵੀਰ ਸਿੰਘ ਨੇ ਪ੍ਰਾਣ-ਸੰਗਲੀ ਬਾਰੇ ਆਪਣੇ ਇਹਨਾਂ ਵਿਚਾਰਾਂ ਨੂੰ 'ਪੁਰਾਤਨ ਜਨਮਸਾਖੀ' ਅਤੇ 'ਭਾਈ ਬਾਲੇ ਵਾਲੀ ਜਨਮਸਾਖੀ' ਦੇ ਆਧਾਰ ਤੇ ਪ੍ਰਸਤੁਤ ਕੀਤਾ ਜਾਪਦਾ ਹੈ।

3) ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਪੰਜਾਬ ਅਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਵਿਚੋਂ ਹਨ। ਪ੍ਰਾਣ-ਸੰਗਲੀ ਬਾਰੇ ਉਹਨਾਂ ਦੇ ਵਿਚਾਰਾਂ ਦੇ ਮੁੱਖ ਨੁਕਤੇ ਇਹ ਹਨ:[3]

ੳ) ਪ੍ਰਾਣ-ਸੰਗਲੀ ਆਦਿ ਗ੍ਰੰਥ ਤੋਂ ਬਾਹਰਲੀ ਇਕ ਬਹੁਤ ਮਹੱਤਵਪੂਰਨ ਰਚਨਾ ਹੈ।

ਅ) ਇਸ ਵਿਚ ਜਪੁ, ਸਿਧ ਗੋਸ਼ਟਿ ਅਤੇ ਦੱਖਣੀ ਓਅੰਕਾਰ ਦੇ ਮੂਲ ਭਾਵ ਨੂੰ ਵਿਸਥਾਰ ਨਾਲ ਪ੍ਰਗਟਾਇਆ ਗਿਆ ਹੈ।

---

1. ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 21.

2. ਭਾਈ ਵੀਰ ਸਿੰਘ 'ਸ੍ਰੀ ਗੁਰੂ ਨਾਨਕ ਚਮਤਕਾਰ', ਉਤਰਾਰਧ (ਦੂਜਾ ਬੰਧ), ਪੰਨਾ 76.

3. Mohan Singh (Dr), History of Panjabi Literature, Second Edition, p. 30.

ੲ) ਪ੍ਰਾਣ-ਸੰਗਲੀ ਵਿਚ ਗੁਰੂ ਨਾਨਕ ਨੂੰ ਉਸ ਯੁਗ ਵਿਚ ਪ੍ਰਚਲਿਤ ਯੋਗ ਸਾਧਨਾ ਦੇ ਵੱਖਰੇ ਵੱਖਰੇ ਪਹਿਲੂਆਂ ਨਾਲ ਪਰਿਚਿਤ ਦੱਸਿਆ ਹੈ।

ਭਾਵੇਂ ਡਾ. ਮੋਹਨ ਸਿੰਘ ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਬਾਰੇ ਮੋਨ ਹੀ ਹਨ ਪਰ ਉਹਨਾਂ ਨੇ ਪ੍ਰਾਣ-ਸੰਗਲੀ ਦੇ ਵਿਸ਼ੈ-ਵਸਤੂ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ:

> "ਡਾ. ਮੋਹਨ ਸਿੰਘ ਨੇ ਪ੍ਰਾਣ-ਸੰਗਲੀ ਨੂੰ ਗੁਰੂ ਕ੍ਰਿਤ ਮੰਨ ਕੇ ਹੀ ਉਸਦੀ ਪ੍ਰਸ਼ੰਸਾ ਵਿਚ ਆਪਣਾ ਮੱਤ ਰੱਖਿਆ ਹੈ। ਕਰਤ੍ਰਿਤਵ ਸੰਬੰਧੀ ਵਿਵਾਦ ਵਿਚ ਨਹੀਂ ਪਏ ਅਤੇ ਨਾ ਹੀ ਆਪਣੇ ਮੱਤ ਦੇ ਸਮਰਥਨ ਲਈ ਕੋਈ ਦਲੀਲ ਜਾਂ ਸਬੂਤ ਹੀ ਦਿੱਤਾ ਹੈ।"[1]

4) <u>ਸਯਦ ਮੁਹੰਮਦ ਲਤੀਫ਼</u>

ਸਯਦ ਮੁਹੰਮਦ ਲਤੀਫ਼ ਦਾ ਨਾਂ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰਾਂ ਵਿਚ ਲਿਆ ਜਾਂਦਾ ਹੈ। ਉਹਨਾਂ ਨੇ ਆਪਣੇ ਇਤਿਹਾਸ ਗ੍ਰੰਥ ਵਿਚ ਪ੍ਰਾਣ-ਸੰਗਲੀ ਬਾਰੇ ਜਨਮਸਾਖੀਆਂ ਅਤੇ ਹੋਰ ਪਰੰਪਰਾਵਾਂ ਦੇ ਆਧਾਰ ਤੇ ਲਿਖਿਆ ਹੈ ਕਿ ਗੁਰੂ ਨਾਨਕ ਰਾਜਾ ਸ਼ਿਵਨਾਭ ਪਾਸ ਸੰਗਲਾਦੀਪ ਵਿਖੇ ਗਏ ਅਤੇ ਉਥੇ ਉਹਨਾਂ ਨੇ ਪ੍ਰਾਣ-ਸੰਗਲੀ ਦੀ ਰਚਨਾ ਕੀਤੀ।[2]

<u>ਨਿਸ਼ਕਰਸ਼</u>: ਪ੍ਰਾਣ-ਸੰਗਲੀ ਬਾਰੇ ਪਿਛਲੇਰੀਆਂ ਕਈ ਸਦੀਆਂ ਤੋਂ ਵਿਚਾਰ ਹੁੰਦਾ ਆ ਰਿਹਾ ਹੈ। ਇਸ ਵਿਚਾਰ ਚਰਚਾ ਨੂੰ ਸੁਵਿਧਾ ਲਈ ਦੋ ਧੜਿਆਂ ਵਿਚ ਵੰਡਿਆ ਜਾ ਸਕਦਾ ਹੈ — 1. ਪੂਰਬ ਪੱਖ 2. ਉਤਰ ਪੱਖ।

ਪੂਰਬ ਪੱਖ ਦੇ ਵਿਦਵਾਨ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਰਚਨਾ ਮੰਨਦੇ ਹਨ ਅਤੇ ਉਹਨਾਂ ਦਾ ਇਹ ਵੀ ਵਿਸ਼ਵਾਸ਼ ਹੈ ਕਿ ਪ੍ਰਾਣ-ਸੰਗਲੀ ਦੇ ਬਹੁਤ ਸਾਰੇ ਵਿਚਾਰ, ਖ਼ਾਸ ਤੌਰ ਤੇ ਯੋਗ ਸਾਧਨਾ ਸੰਬੰਧੀ ਵਿਚਾਰ ਆਦਿ ਗ੍ਰੰਥ ਵਿਚ ਪ੍ਰਾਣ-ਸੰਗਲੀ ਤੋਂ ਹੀ ਲਏ ਗਏ ਹਨ।

ਇਸ ਤੋਂ ਇਲਾਵਾ ਪ੍ਰਾਣ-ਸੰਗਲੀ ਦੀ ਰਚਨਾ ਰਾਜਾ ਸ਼ਿਵਨਾਭ ਪ੍ਰਥਾਇ ਸੰਗਲਾਦੀਪ ਵਿਚ ਹੋਈ, ਇਸ ਤੱਥ ਨੂੰ ਵੀ ਸਾਰੇ ਪੂਰਬ ਪੱਖ ਦੇ ਵਿਦਵਾਨ ਅਤੇ ਵਿਚਾਰਕ ਸਵੀਕਾਰ ਕਰਦੇ ਹਨ।

ਪੂਰਬ ਪੱਖ ਦੇ ਵਿਚਾਰਕ ਆਮ ਤੌਰ ਤੇ ਇਸ ਗੱਲ ਨਾਲ ਵੀ ਸਹਿਮਤ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਵਿਚ ਪ੍ਰਾਣ-ਸੰਗਲੀ ਦੀ ਇਕ ਸੈਂਚੀ ਰਾਜੇ ਸ਼ਿਵਨਾਭ ਨੂੰ ਸੌਂਪਦੇ ਹੋਏ ਇਹ ਭਵਿੱਖਬਾਣੀ ਕੀਤੀ ਸੀ ਕਿ ਇਸ ਗ੍ਰੰਥ ਨੂੰ ਪੰਜਾਬ ਤੋਂ ਲੈਣ ਵਾਸਤੇ ਕੋਈ ਸਿੱਖ ਆਵੇਗਾ। ਇਸ ਦੇ ਨਾਲ ਗੁਰੂ ਨਾਨਕ ਦੇਵ ਜੀ ਦੀ ਇਹ ਆਗਿਆ ਵੀ ਪ੍ਰਾਣ-ਸੰਗਲੀ ਵਿਚ ਦਰਜ ਹੈ ਕਿ ਪੰਜਾਬ ਤੋਂ ਆਉਣ ਵਾਲੇ ਉਸ ਸਿੱਖ ਨੂੰ ਪ੍ਰਾਣ-ਸੰਗਲੀ ਦੇ ਕੇਵਲ 60 ਅਧਿਆਇ ਹੀ ਦਿੱਤੇ ਜਾਣ। ਇਹ ਹੈ ਪ੍ਰਾਣ-ਸੰਗਲੀ ਬਾਰੇ ਪੂਰਬ ਪੱਖ ਦੇ ਮੁੱਖ ਮੁੱਖ ਸਿੱਧਾਂਤਾਂ ਅਤੇ ਤਰਕਾਂ

1. ਰਤਨ ਸਿੰਘ ਜੱਗੀ (ਡਾ.), ਪ੍ਰਾਣ-ਸੰਗਲੀ: ਕਰਤ੍ਰਿਤਵ ਪਰਿਚਯ, 'ਖੋਜ ਪਤ੍ਰਿਕਾ' 1967-68, ਅੰਕ 1, ਪੰਨਾ 75.

2. Extract from Syad Mohammad Latif's history as compiled in <u>The Panjab Past and Present</u>, Vol. III, 1969, p. 179.

ਦਾ ਸਾਰਾਂਸ਼।

## ਉੱਤਰ ਪੱਖ

ਪੂਰਬ ਪੱਖ ਨੂੰ ਗਹੁ ਨਾਲ ਵਿਚਾਰਨ ਤੋਂ ਪਤਾ ਲਗ ਜਾਂਦਾ ਹੈ ਕਿ ਪੂਰਬ ਪੱਖ ਬਹੁਤਾ ਕਰਕੇ ਪਰੰਪਰਾਵਾਂ, ਦੰਦ-ਕਥਾਵਾਂ ਅਤੇ ਸਰਲ ਵਿਸ਼ਵਾਸ਼ਾਂ ਉੱਤੇ ਹੀ ਆਧਾਰਿਤ ਹੈ। ਕਿਸੇ ਤਰਕ, ਪ੍ਰਮਾਣ ਜਾਂ ਕੋਈ ਹੋਰ ਨਿਰਣਕ ਸਬੂਤ ਦੇਣ ਤੋਂ ਪੂਰਬ ਪੱਖ ਦੇ ਵਿਚਾਰਕਾਂ ਨੇ ਆਮ ਤੌਰ ਤੇ ਸੰਕੋਚ ਕੀਤਾ ਹੈ। ਇਹੋ ਕਾਰਨ ਹੈ ਕਿ ਆਧੁਨਿਕ ਯੁਗ ਦੇ ਸੁਲਝਾਨ ਖੋਜੀ ਵਿਦਵਾਨ ਪ੍ਰਾਣ-ਸੰਗਲੀ ਦਾ ਵਿਵੇਚਨ ਵਿਸ਼ਲੇਸ਼ਣ ਕਰਦੇ ਹੋਏ ਇਸ ਨਿਸ਼ਕਰਸ਼ ਉੱਤੇ ਪਹੁੰਚੇ ਹਨ ਕਿ ਪ੍ਰਾਣ-ਸੰਗਲੀ ਵਿਸ਼ੈ-ਵਸਤੂ ਤੋਂ ਲੈ ਕੇ ਆਪਣੇ ਅੰਤਰਵਿਅਕਤੀ ਪੱਖ ਤਕ ਇਕ ਆਧਾਰਹੀਣ ਅਤੇ ਇਤਿਹਾਸ ਵਿਰੁੱਧ ਰਚਨਾ ਹੈ।

ਇਸ ਦੇ ਨਾਲ ਨਾਲ ਇਹ ਤੱਥ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜਨ ਵਾਲੇ ਵਿਦਵਾਨ ਗੁਰੂ ਨਾਨਕ ਦੇਵ ਜੀ ਨੂੰ ਯੋਗ ਸਾਧਨਾ ਵਿਚ ਵੀ ਇਕ ਪ੍ਰਬੀਨ ਯੋਗੀ ਮਾਤਰ ਸਿੱਧ ਕਰਨਾ ਚਾਹੁੰਦੇ ਸਨ ਅਤੇ ਆਪਣੀ ਇਸ ਭਾਵਨਾ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਉੱਤੇ ਠੋਸਣ ਦੀ ਪ੍ਰਕ੍ਰਿਆ ਦਾ ਪਰਿਣਾਮ ਹੈ ਪ੍ਰਾਣ-ਸੰਗਲੀ ਦਾ ਸੰਪਾਦਨ ਅਤੇ ਪ੍ਰਕਾਸ਼ਨ।[1]

## I ਅੰਦਰਲੇ ਪ੍ਰਮਾਣ

ਪੂਰਬ ਪੱਖ ਦੇ ਸਾਰੇ ਤਰਕਾਂ ਅਤੇ ਪ੍ਰਮਾਣਾਂ ਦੀ ਪਰੀਖਿਆ ਕਰਨ ਤੋਂ ਪਹਿਲਾਂ ਪ੍ਰਾਣ-ਸੰਗਲੀ ਦੇ ਉਹਨਾਂ ਅੰਦਰਲੇ ਪ੍ਰਮਾਣਾਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ, ਜਿਨ੍ਹਾਂ ਦੇ ਆਧਾਰ ਤੇ ਪ੍ਰਾਣ-ਸੰਗਲੀ ਆਦਿ ਗੁਰੂ ਨਾਨਕ ਦੇਵ ਜੀ ਦੀ ਕੇਂਦਰੀ ਦ੍ਰਿਸ਼ਟੀ ਦਾ ਵਿਰੋਧ ਕਰਦੀ ਹੈ। ਇਹਨਾਂ ਅੰਦਰਲੇ ਪ੍ਰਮਾਣਾਂ ਬਾਰੇ ਇਸੇ ਸ਼ੋਧ-ਪ੍ਰਬੰਧ ਵਿਚ ਪਹਿਲੀ ਵਾਰ ਵਿਚਾਰ ਕੀਤੀ ਜਾ ਰਹੀ ਹੈ ਅਤੇ ਇਹਨਾਂ ਰਾਹੀਂ ਤਿੰਨ ਸੋ ਸਾਲਾਂ ਤੋਂ ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਸੰਬੰਧੀ ਚੱਲੇ ਆ ਰਹੇ ਵਿਵਾਦ ਤੇ ਇਕ ਨਵਾਂ ਚਾਨਣ ਪੈਣ ਦੀ ਆਸ ਹੈ।

ਅੰਦਰਲੇ ਪ੍ਰਮਾਣਾਂ ਨੂੰ ਸੁਵਿਧਾ ਲਈ ਇਹਨਾਂ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

1) ਗੁਰੂ ਘਰ ਦੀ ਰਹਿਤ ਅਤੇ ਮਰਯਾਦਾ ਦੇ ਵਿਰੁੱਧ ਬਚਨ,
2) ਗੁਰੂ ਨਾਨਕ ਦੀ ਕੇਂਦਰੀ ਦ੍ਰਿਸ਼ਟੀ ਦਾ ਵਿਰੋਧ,
3) ਤੰਤ੍ਰ-ਮੰਤ੍ਰ, ਆਯੁਰਵੇਦ ਅਤੇ ਰਸਾਇਣ ਦੇ ਅਨੇਕ ਨੁਸਖੇ,
4) ਵਿਸ਼ੈ-ਵਸਤੂ ਦਾ ਅਪ੍ਰਮਾਣਿਕ ਅਤੇ ਅਸਪੱਸ਼ਟ ਵਰਣਨ,

---

1. ੳ) ਦੇਖੋ: ਸੰਤ ਸੰਪੂਰਣ ਸਿੰਘ, 'ਜੀਵਨ ਕਥਾ' ਪੰਨੇ 51,52.

ਅ) Mohan Singh (Dr), History of Panjabi Literature, p. 30.

5) ਸਾਮਾਨਯ ਤਰਕ ਅਤੇ ਗਿਆਨ ਦੇ ਵਿਰੁੱਧ ਘਟਨਾਵਾਂ ਦੀ ਯੋਜਨਾ,
6) ਗੁਰੂ ਘਰ ਦੀ ਸਾਹਿਤ ਸ਼ੈਲੀ ਦੇ ਵਿਰੁਧ ਰਚਨਾ ਸ਼ੈਲੀ,
7) ਛੰਦ ਸ਼ਾਸਤ੍ਰ ਦੇ ਨਿਯਮਾਂ ਦੀ ਉਲੰਘਣਾ,
8) ਭਾਸ਼ਾ ਵਿਚ ਇਕਰੂਪਤਾ ਦਾ ਅਭਾਵ।

1) <u>ਗੁਰੂ ਘਰ ਦੀ ਰਹਿਤ ਅਤੇ ਮਰਯਾਦਾ ਦੇ ਵਿਰੁੱਧ ਬਚਨ</u>

ਪ੍ਰਾਣ-ਸੰਗਲੀ ਵਿਚ ਗੁਰੂ ਘਰ ਦੀ ਰਹਿਤ ਅਤੇ ਮਰਯਾਦਾ ਦੇ ਵਿਰੁੱਧ ਬਹੁਤ ਸਾਰੇ ਬਚਨ ਮਿਲਦੇ ਹਨ; ਜਿਵੇਂ:

ੳ) <u>੧ੴ ਸ੍ਰੀ ਸਤਿਗੁਰ ਨਿਰਬਾਣ ਪ੍ਰਸਾਦਿ:</u> ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਗੁਰਸਿੱਖਾਂ ਲਈ '੧ੴ' ਜਾਂ '੧ੴ ਸਤਿਗੁਰ ਪ੍ਰਸਾਦਿ' ਬੀਜ ਮੰਤ੍ਰ ਦੇ ਰੂਪ ਵਿਚ ਪ੍ਰਚਲਿਤ ਰਿਹਾ ਹੈ। ਇਸ ਦੀ ਗੁਰੂ ਘਰ ਵਿਚ ਉਨੀ ਹੀ ਮਾਨਤਾ ਹੈ ਜਿੰਨੀ ਕਿ ਇਸਲਾਮ ਵਿਚ 'ਕਲਮਾ-ਏ-ਪਾਕ' ਅਤੇ ਵੇਦਾਂ ਵਿਚ 'ਗਾਇਤ੍ਰੀ' ਦੀ ਹੈ। ਇਹਨਾਂ ਬੀਜ ਮੰਤ੍ਰਾਂ ਵਿਚ ਕੋਈ ਸ਼ਬਦ ਸੰਬੰਧੀ ਹੇਰ ਫੇਰ ਕਰਨਾ ਨਾ ਕੇਵਲ ਅਨੁਚਿਤ ਹੀ ਹੈ ਸਗੋਂ ਗੰਭੀਰ ਪਾਪ ਮੰਨਿਆ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ ਗੁਰੂ ਘਰ ਦੇ ਬੀਜ ਮੰਤ੍ਰ (੧ੴ ਸਤਿਗੁਰ ਪ੍ਰਸਾਦਿ) ਨੂੰ ਵੀ ਇਕ ਹੋਰ ਰੂਪ ਦਿੱਤਾ ਗਿਆ ਹੈ। ਪ੍ਰਾਣ-ਸੰਗਲੀ ਦੇ ਅਨੇਕ ਅਧਿਆਵਾਂ ਵਿਚ '੧ੴ ਸਤਿਗੁਰ ਪ੍ਰਸਾਦਿ' ਦੀ ਥਾਂ '੧ੴ ਸ੍ਰੀ ਸਤਿਗੁਰ ਨਿਰਬਾਣ ਪ੍ਰਸਾਦਿ' – ਇਹ ਉਲੇਖ ਮਿਲਦਾ ਹੈ।[1] ਬੀਜ ਮੰਤ੍ਰ ਵਿਚ ਇਹ ਹੇਰ ਫੇਰ ਪ੍ਰਾਣ-ਸੰਗਲੀ ਦੇ 21 ਅਧਿਆਵਾਂ ਵਿਚ ਕੀਤਾ ਗਿਆ ਹੈ।

ਇੰਜ ਜਾਪਦਾ ਹੈ ਕਿ ਗੁਰੂ ਘਰ ਦੀ ਮਰਯਾਦਾ ਅਤੇ ਰਹਿਤ ਉੱਤੇ ਜਾਣ ਬੁਝ ਕੇ ਇਹ ਪ੍ਰਹਾਰ ਕੀਤਾ ਗਿਆ ਹੈ। ਇਸਦਾ ਉਦੇਸ਼ ਭਾਵੇਂ ਕੁਝ ਵੀ ਹੋਵੇ ਪਰ 'ਬੀਜ ਮੰਤ੍ਰ' ਵਿਚ ਏਨਾ ਹੇਰ ਫੇਰ ਕਰਨਾ ਇਕ ਅਨੁਚਿਤ ਚੇਸ਼ਟਾ ਹੈ।[2] ਜੇ ਕਰ 'ਮਹਲਾ ੧' ਅਤੇ ਗੁਰੂ ਗ੍ਰੰਥ ਜਿਹੇ ਉਲੇਖ ਪ੍ਰਾਣ-ਸੰਗਲੀ ਵਿਚ ਨਾਂਹ ਹੁੰਦੇ ਤਾਂ ਕੇਵਲ

---

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 16, 17 ਆਦਿ। ਇਸ ਦਾ ਵਿਸਥਾਰ ਅੰਤਿਕਾ ੨. ਵਿਚ ਦਿੱਤਾ ਗਿਆ ਹੈ।
2. ਅਨੰਦਘਨ ਦਾ ਇਹ ਕਥਨ ਉਲੇਖਯੋਗ ਹੈ:
"ਗੁਰੂ ਅਰਜਨ ਨੇ ਜਨਮਸਾਖੀ ਗਰੰਥ ਪਰ ਨਹੀਂ ਚੜ੍ਹਾਈ। ਇਸ ਭੈ ਤੇਂ ਗੁਰੂ ਹਰ ਗੋਬਿੰਦ ਨੇ ਗਰੰਥ ਜੀ ਪਰ ਅਪਣੀ ਮੋਹਰ ਛਾਪ ਕਰੀ। ਹਜ਼ਾਰਾਂ ਸਿੱਖਾਂ ਕੇ ਵਿਦਮਾਨ ਕਹਾ ਜੋ ਕੋਈ ਗਰੰਥ ਜੀ ਕੀ ਅੱਖਰ ਮਾਤਰਾ ਕੋ ਘਟਬਧ ਕਰੇਗਾ ਸੋ ਗੁਰੂ ਕਾ ਮਾਰਾ ਹਤਿਆਰਾ ਹੋਵੇਗਾ। ਤਬ ਹੀ ਤੇ ਗਰੰਥ ਜੀ ਬਚਾ।"
ਅਨੰਦਘਨ, 'ਆਰਤੀ ਟੀਕਾ', ਪੱਤਰਾ 59.

ਇਹੋ ਸਿਰਲੇਖ ਪ੍ਰਾਣ-ਸੰਗਲੀ ਨੂੰ ਇਕ ਸੁਤੰਤਰ ਰਚਨਾ ਸਿੱਧ ਕਰ ਸਕਦਾ ਸੀ। ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਜਾਣ ਬੁੱਝ ਕੇ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਆਪਣੀ ਮਨਮਤ ਦੀ ਰਚਨਾ ਨੂੰ ਗੁਰੂ ਨਾਨਕ ਦੇ ਨਾਂ ਤੇ ਚਲਾਉਣ ਦਾ ਅਯੋਗ ਯਤਨ ਕੀਤਾ ਹੈ। ਇਹ ਇਕ ਜਾਅਲੀ ਸਿੱਕਾ ਹੈ ਅਤੇ ਇਸਦਾ ਪ੍ਰਚਲਨ ਇਸੇ ਲਈ ਬਹੁਤ ਘੱਟ ਹੋਇਆ ਹੈ।

ਇੰਜ ਜਾਪਦਾ ਹੈ ਕਿ ਇਹ ਪ੍ਰਯੋਗ ਗੋਰਖਬਾਣੀ ਦੇ ਆਧਾਰ ਤੇ ਕੀਤਾ ਗਿਆ ਹੈ। ਗੋਰਖਬਾਣੀ ਵਿਚ ਕਈ ਥਾਂਵਾਂ ਤੇ 'ਮਛੰਦ੍ਰ ਪ੍ਰਸਾਦੇ'[1] ਸ਼ਬਦ ਦੀ ਵਰਤੋਂ ਹੋਈ ਹੈ। ਇਸ ਦੇ ਨਾਲ ਨਾਲ 'ਨਿਰਬਾਣ ਪ੍ਰਸਾਦਿ'[2] ਸ਼ਬਦ ਦੀ ਵਰਤੋਂ ਵੀ ਗੋਰਖਬਾਣੀ ਵਿਚ ਮਿਲਦੀ ਹੈ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਗੋਰਖਨਾਥ ਦੀ ਸੰਪਰਦਾਇ ਵਿਚ ਪ੍ਰਚਲਿਤ ਇਹਨਾਂ ਸ਼ਬਦਾਂ ਦੀ ਵਰਤੋਂ ਤੋਂ ਜਾਣੂ ਸੀ ਅਤੇ ਉਸਨੇ ਗੁਰੂ ਨਾਨਕ ਦੀ ਪਰੰਪਰਾ ਦੇ ਵਿਪਰੀਤ 'ਨਿਰਬਾਣ ਪ੍ਰਸਾਦਿ' ਸ਼ਬਦ ਦੀ ਵਰਤੋਂ ਕੀਤੀ ਹੈ।

ਅ) <u>ਮਹਲਾ ੧ :</u> ਪ੍ਰਾਣ-ਸੰਗਲੀ ਦੇ ਹਰ ਅਧਿਆਇ ਦੇ ਸ਼ੁਰੂ ਵਿਚ 'ਮਹਲਾ ੧', 'ਸਲੋਕ ਮਹਲਾ ੧' ਆਦਿ ਉਕਤੀ ਜਾਂ ਸਿਰਲੇਖ ਮਿਲ ਜਾਂਦੇ ਹਨ। ਗੁਰੂ ਘਰ ਦੀ ਮਰਯਾਦਾ ਦੇ ਅਨੁਸਾਰ 'ਮਹਲਾ ੧' ਸਿਰਲੇਖ ਦੀ ਵਰਤੋਂ ਕੇਵਲ ਉਸ ਪ੍ਰਮਾਣਿਕ ਬਾਣੀ ਲਈ ਹੀ ਹੋ ਸਕਦੀ ਹੈ ਜਿਹੜੀ ਬਾਣੀ ਗੁਰੂ ਅਰਜਨ ਜੀ ਨੇ ਆਦਿ ਗ੍ਰੰਥ ਵਿਚ ਸੰਕਲਿਤ ਅਤੇ ਸੰਪਾਦਿਤ ਕੀਤੀ ਹੈ। ਇਸ ਤੋਂ ਬਾਹਰਲੀ ਕਿਸੇ ਰਚਨਾ ਨੂੰ 'ਮਹਲਾ ੧' — ਇਹ ਸਿਰਲੇਖ ਦੇਣਾ ਨਾ ਕੇਵਲ ਸੰਪਾਦਨ ਦੀ ਦ੍ਰਿਸ਼ਟੀ ਤੋਂ ਇਕ ਤਰੁਟੀ ਹੈ ਸਗੋਂ ਗੁਰੂ ਨਾਨਕ ਅਤੇ ਵਿਸ਼ੇਸ਼ ਤੌਰ ਤੇ ਗੁਰੂ ਅਰਜਨ ਦੇਵ ਦੁਆਰਾ ਸੰਪਾਦਿਤ ਬਾਣੀ ਦੀ ਵੀ ਨਿਖੇਧੀ ਕਰਨਾ ਹੈ।

ਮੀਣਿਆਂ ਦੀਆਂ ਸਾਰੀਆਂ ਰਚਨਾਵਾਂ ਨੂੰ ਭਾਈ ਗੁਰਦਾਸ[3] ਜਿਹੇ ਗੁਰਮੁਖਾਂ ਨੇ ਇਸ ਲਈ ਪ੍ਰਵਾਨ ਨਹੀਂ ਕੀਤਾ ਸੀ ਕਿਉਂਕਿ ਉਹਨਾਂ ਨੇ ਆਪਣੀਆਂ ਰਚਨਾਵਾਂ ਦੇ ਅੰਤ ਵਿਚ ਨਾਨਕ ਛਾਪ ਵਰਤੀ ਸੀ ਅਤੇ ਆਪਣੇ ਆਪ ਨੂੰ ਸੱਤਵਾਂ ਜਾਂ ਅੱਠਵਾਂ ਮਹਲਾ ਲਿਖਣ ਜਾਂ ਲਿਖਵਾਉਣ ਦਾ ਯਤਨ ਕੀਤਾ ਸੀ।

ਇਸ ਸੰਦਰਭ ਨੂੰ ਸਾਹਮਣੇ ਰਖਦੇ ਹੋਏ ਪ੍ਰਾਣ-ਸੰਗਲੀ ਦੇ ਲੇਖਕ ਦਾ ਮਹਲਾ ੧ — ਸਿਰਲੇਖ ਦੀ ਵਰਤੋਂ ਕਰਨਾ ਗੁਰੂ ਘਰ ਦੀਆਂ ਮਰਯਾਦਾਵਾਂ ਦਾ ਵਿਰੋਧ ਕਰਨਾ ਹੈ।

ੲ) ਗ੍ਰੰਥ: ਗੁਰੂ ਘਰ ਵਿਚ 'ਗ੍ਰੰਥ' ਜਾਂ 'ਗੁਰੂ ਗ੍ਰੰਥ' ਦਾ ਦਰਜਾ ਕੇਵਲ 'ਆਦਿ ਗ੍ਰੰਥ' ਲਈ ਸੁਰਖਿਅਤ ਹੈ। "ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ" — ਇਹ ਹੁਕਮਨਾਮਾ ਸਿੱਖਾਂ ਲਈ ਕੀਤਾ ਗਿਆ ਹੈ। ਇਹ

---

1. ਦੇਖੋ: 'ਗੋਰਖਬਾਣੀ'( ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨੇ 120,123,125.
2. ਦੇਖੋ: ਉਹੀ, ਪੰਨੇ 129,137,140.
3. "ਮੀਣਾ ਹੋਇਆ ਪਿਰਥੀਆ, ਕਰ ਕਰ ਟੇਢਕ ਬਰਲ ਚਲਾਇਆ।"
'ਵਾਰਾਂ ਭਾਈ ਗੁਰਦਾਸ', ਵਾਰ 26, ਪਉੜੀ 33.

ਹੁਕਮਨਾਮਾ ਹਰ ਇਕ ਗੁਰਦੁਆਰੇ ਵਿਚ ਹਰ ਰੋਜ਼ ਅਰਦਾਸ ਵੇਲੇ ਦੁਹਰਾਇਆ ਜਾਂਦਾ ਹੈ।

ਪ੍ਰਾਣ-ਸੰਗਲੀ ਦੇ ਲੇਖਕ (ਸੰਪਾਦਕ) ਨੇ ਪ੍ਰਾਣ-ਸੰਗਲੀ ਦੀਆਂ ਪੁਸ਼ਪਿਕਾਵਾਂ ਵਿਚ ਪ੍ਰਾਣ-ਸੰਗਲੀ ਲਈ 'ਗੁਰ ਗ੍ਰੰਥ' ਸ਼ਬਦ ਅਨੁਚਿਤ ਰੂਪ ਵਿਚ ਵਰਤਿਆ ਹੈ। ਉਦਾਹਰਣ ਵਜੋਂ ਅਧਿਆਇ ਪਹਿਲੇ ਦੀ ਪੁਸ਼ਪਿਕਾ ਦਾ ਇਹ ਉਲੇਖ ਵੇਖਣ ਯੋਗ ਹੈ:

> "ਇਤਿ ਸ੍ਰੀ ਪ੍ਰਾਣ-ਸੰਗਲੀ ਸ੍ਰੀ ਗੁਰੂ ਗ੍ਰੰਥ ਸੁੰਨ ਮਹਿਲ ਨਿਰੰਕਾਰ ਕਾ ਧਿਆਨ ਨਾਮ ਪ੍ਰਥਮੋਧਿਆਇ॥ 1॥

ਇਸ ਤਰ੍ਹਾਂ ਗੁਰੂ ਗ੍ਰੰਥ ਨਾਂ ਪ੍ਰਾਣ-ਸੰਗਲੀ ਦੇ 72 ਅਧਿਆਵਾਂ ਵਿਚ ਦਿੱਤਾ ਗਿਆ ਹੈ। ਕੇਵਲ 8 ਅਧਿਆਵਾਂ ਵਿਚ ਇਸ ਦੀ ਵਰਤੋਂ ਨਹੀਂ ਹੋਈ।[1]

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਲੇਖਕ ਨੇ ਪ੍ਰਾਣ-ਸੰਗਲੀ ਲਈ 'ਗੁਰੂ ਗ੍ਰੰਥ' ਸ਼ਬਦ ਦੀ ਵਰਤੋਂ ਕਰਕੇ ਵਿਅਰਥ ਦੇ ਭਰਮ ਫੈਲਾਣ ਦਾ ਯਤਨ ਕੀਤਾ ਹੈ।

ਸ) <u>ਅਮਰ ਪ੍ਰਸਾਦਿ:</u> ਪ੍ਰਾਣ-ਸੰਗਲੀ ਦੇ ਕਈ ਹੱਥ-ਲਿਖਤੀ ਨੁਸਖਿਆਂ ਵਿਚ 'ਨਿਰਬਾਣ ਪ੍ਰਸਾਦਿ' ਵਾਂਗ 'ਅਮਰ ਪ੍ਰਸਾਦਿ' ਵਾਕ ਦੀ ਵਰਤੋਂ ਹੋਈ ਹੈ; ਜਿਵੇਂ:

> "ੴ ਸਤਿਗੁਰ ਪ੍ਰਸਾਦਿ, ਰਾਗ ਬਸੰਤੁ ਅਮਰ ਪ੍ਰਸਾਦਿ।"[2]

ਇੰਜ ਜਾਪਦਾ ਹੈ ਕਿ ਮੂਲ ਮੰਤ੍ਰ ਦੀ ਸ਼ੈਲੀ ਅਤੇ ਪੱਧਤੀ ਦੇ ਅਨੁਰੂਪ ਇਕ ਨਵੇਂ ਮੂਲ ਮੰਤ੍ਰ ਦੀ ਮਿਥਿਆ ਕਲਪਨਾ ਪ੍ਰਾਣ-ਸੰਗਲੀ ਵਿਚ ਕੀਤੀ ਗਈ ਹੈ ਇਹ ਸਾਰਾ ਉਪਰਾਲਾ ਗੁਰੂ ਘਰ ਦੀ ਰਹਿਤ ਅਤੇ ਮਰਯਾਦਾ ਦੇ ਪ੍ਰਤਿਕੂਲ ਹੈ।

ਹ) <u>ਸ੍ਰੀ ਸਤਿ ਗੁਸਾਈ ਮਾਈ ਦਾਸ ਕਾ ਬੋਲਣਾ:</u> 'ਨਿਰਬਾਣ ਪ੍ਰਸਾਦਿ' ਅਤੇ 'ਅਮਰ ਪ੍ਰਸਾਦਿ' ਜਿਹੀ ਅਮਰਯਾਦਿਤ ਉਕਤੀਆਂ ਤੋਂ ਇਲਾਵਾ ਪ੍ਰਾਣ-ਸੰਗਲੀ ਦੇ ਕੁਝ ਹੱਥ-ਲਿਖਤੀ ਨੁਸਖਿਆਂ ਵਿਚ "ਸ੍ਰੀ ਸਤਿ ਗੁਸਾਈ ਮਾਈ ਦਾਸ ਕਾ ਬੋਲਣਾ" ਇਹ ਵਾਕ ਵੀ ਮਿਲਦਾ ਹੈ।

ਆਪਣੇ ਆਪ ਵਿਚ ਇਹ ਵਾਕ ਨਿਰਦੋਸ਼ ਜਾਪਦਾ ਹੈ ਪਰ "ੴ ਸਤਿਗੁਰ ਪ੍ਰਸਾਦਿ ਵਾਰ ਰਾਗ ਗਉੜੀ" — ਇਸ ਸਿਰਲੇਖ ਤੋਂ ਪਿੱਛੋਂ "ਸਿਰੀ ਸਤਿ ਗੁਸਾਈ ਮਾਈ ਦਾਸ ਕਾ ਬੋਲਣਾ"[3]— ਇਹ ਵਾਕ ਸਿੱਖੀ ਰਹਿਤ ਅਤੇ

---

1. 'ਗੁਰੂ ਗ੍ਰੰਥ' ਸਬੰਧੀ ਉਲੇਖਾਂ ਬਾਰੇ ਦੇਖੋ ਅੰਤਿਕਾ ੨ .
2. ਦੇਖੋ: 'ਪ੍ਰਾਣ-ਸੰਗਲੀ' (ਹੱਥ-ਲਿਖਤ ਨੰ. 10), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ, ਪੱਤਰਾ 233.

   ਇਸੇ ਤਰ੍ਹਾਂ ਪੱਤਰਾ 80, 81, 82, 84, 90 ਅਤੇ 112 ਉੱਤੇ ਵੀ 'ਅਮਰ ਪ੍ਰਸਾਦਿ' ਵਾਕ ਦੀ ਵਰਤੋਂ ਮਿਲਦੀ ਹੈ।
3. ਦੇਖੋ: 'ਪ੍ਰਾਣ-ਸੰਗਲੀ (ਹੱਥ-ਲਿਖਤ ਨੰ. 10), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ, ਪੱਤਰੇ 99, 104, 107, 110, 111, 114, 115.

ਮਰਯਾਦਾਵਾਦ ਦੀ ਉਲੰਘਣਾ ਪ੍ਰਤੀਤ ਹੁੰਦਾ ਹੈ।

ਙ) ਗੁਰੂ ਨਾਨਕ ਦੀ ਕੇਂਦਰੀ ਦ੍ਰਿਸ਼ਟੀ ਦਾ ਵਿਰੋਧ

ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਹੈ — ਸਹਿਜ ਸਾਧਨਾ। ਸਹਿਜ ਸਾਧਨਾ ਤੋਂ ਭਾਵ ਹੈ ਸਰੀਰ ਨੂੰ ਕਠੋਰੀਆਂ ਤਪਸਿਆਵਾਂ, ਸਾਧਨਾਵਾਂ ਅਤੇ ਤੰਤ੍ਰਾਂ ਮੰਤ੍ਰਾਂ ਦੇ ਚੱਕਰਵਿਊ ਤੋਂ ਬਚਾ ਕੇ ਮਨ ਨੂੰ ਸਹਿਜ ਸੁਭਾ ਪਾਰਬ੍ਰਹਮ ਦੀ ਭਗਤੀ ਵਿਚ ਲੀਨ ਕਰਨਾ।

ਪ੍ਰਾਣ-ਸੰਗਲੀ ਵਿਚ ਇਸ ਦੇ ਉਲਟ ਹਠ ਯੋਗ, ਤੰਤ੍ਰ ਮੰਤ੍ਰ ਅਤੇ ਸਿਧੀਆਂ ਉੱਤੇ ਵਧੇਰੇ ਬਲ ਦਿੱਤਾ ਗਿਆ ਹੈ। ਸਪੱਸ਼ਟ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਕੇਂਦਰੀ ਦ੍ਰਿਸ਼ਟੀ ਦਾ ਉਲੰਘਣ ਹੈ।

ਚ) ਗੁਰੂ ਨਾਨਕ ਅਤੇ ਅਹਿੰਸਾ: ਗੁਰੂ ਨਾਨਕ ਦੇਵ ਜੀ ਦੀ ਕੇਂਦਰੀ ਦ੍ਰਿਸ਼ਟੀ ਵਿਚ ਅਹਿੰਸਾ ਇਕ ਪ੍ਰਮੁੱਖ ਤੌਰ ਹੈ। ਆਪ ਜੀ ਦਾ ਕਥਨ ਹੈ:

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ।[1]

ਪਰ ਪ੍ਰਾਣ-ਸੰਗਲੀ ਦੀ ਉਥਾਨਿਕਾ ਵਿਚ ਗੁਰੂ ਨਾਨਕ ਦੇਵ ਜੀ ਨੇ ਰਾਜਾ ਸ਼ਿਵਨਾਭ ਨੂੰ ਆਪਣੇ ਇਕਲੌਤੇ ਪੁੱਤਰ ਨੂੰ ਮਾਰ ਕੇ, ਉਸਦਾ ਮਾਸ ਰਿੰਨ੍ਹ ਕੇ ਪਰੋਸਣ ਲਈ ਕਿਹਾ ਅਤੇ ਰਾਜੇ ਸ਼ਿਵਨਾਭ ਨੇ ਗੁਰੂ ਜੀ ਦੀ ਇਸ ਆਗਿਆ ਦਾ ਪਾਲਣ ਕੀਤਾ।[2]

ਬੇਸ਼ਕ ਇਹ ਰਾਜੇ ਸ਼ਿਵਨਾਭ ਦੀ ਸ਼ਰਧਾ ਦੀ ਪਰੀਖਿਆ ਹੀ ਸੀ ਅਤੇ ਗੁਰੂ ਜੀ ਨੇ ਆਪਣੀ ਸ਼ਕਤੀ ਨਾਲ ਰਿੰਨ੍ਹੇ ਜਾਣ ਤੋਂ ਬਾਅਦ ਵੀ ਰਾਜੇ ਦੇ ਪੁੱਤਰ ਨੂੰ ਸੁਰਜੀਤ ਕਰ ਦਿੱਤਾ ਪਰ ਇਹ ਸਾਰੀ ਘਟਨਾ ਨਾ ਤੇ ਗੁਰੂ ਨਾਨਕ ਦੇਵ ਜੀ ਦੀ ਅਹਿੰਸਾ ਸੰਬੰਧੀ ਦ੍ਰਿਸ਼ਟੀ ਨਾਲ ਮੇਲ ਖਾਂਦੀ ਹੈ ਅਤੇ ਨਾ ਹੀ ਉਹਨਾਂ ਦੇ ਕੋਮਲ ਚਿੱਤ ਦਾ ਸਹੀ ਚਿੱਤਰ ਪੇਸ਼ ਕਰਦੀ ਹੈ।

ਵੀਭਤਸ ਰਸ ਭਰਪੂਰ ਇਸ ਘਟਨਾ ਰਾਹੀਂ ਪ੍ਰਾਣ-ਸੰਗਲੀ ਦਾ ਲੇਖਕ ਗੁਰੂ ਨਾਨਕ ਦੇ ਵਿਅਕਤਿਤਵ ਨੂੰ ਸਗੋਂ ਧੁੰਦਲਾ ਕਰ ਦਿੰਦਾ ਹੈ। ਪ੍ਰਾਣ-ਸੰਗਲੀ ਦੀ ਇਸ ਪ੍ਰਾਰੰਭਿਕ ਤੁਕ ਤੋਂ ਗੁਰੂ ਨਾਨਕ ਦਾ ਜਿਹੜਾ ਚਿੱਤਰ ਪਾਠਕ ਦੇ ਸਾਹਮਣੇ ਉਭਰਦਾ ਹੈ, ਉਹ ਉਹਨਾਂ ਦੀ ਬਾਣੀ ਦੇ ਬਿਲਕੁਲ ਵਿਪਰੀਤ, ਇਕ ਕਰਾਮਾਤੀ ਯੋਗੀ ਦਾ ਚਿੱਤਰ ਹੀ ਜਾਪਦਾ ਹੈ।

---

1. 'ਆਦਿ ਗ੍ਰੰਥ', ਪੰਨਾ 140.
2. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 94,95.

ਅ) **ਪ੍ਰਾਣ-ਸੰਗਲੀ ਅਤੇ ਹਠ ਯੋਗ:** ਇਹ ਇਕ ਇਤਿਹਾਸਿਕ ਤੱਥ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਯੁਗ ਵਿਚ ਪ੍ਰਚਲਿਤ ਤੰਤ੍ਰ-ਮੰਤ੍ਰ ਅਤੇ ਖ਼ਾਸ ਤੌਰ ਤੇ ਹਠ ਯੋਗ ਦੀ ਸਾਧਨਾ-ਪੱਧਤੀ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀਆਂ ਰਿੱਧੀਆਂ-ਸਿੱਧੀਆਂ ਦਾ ਪ੍ਰਬਲ ਵਿਰੋਧ ਕੀਤਾ ਸੀ।[1]

ਪਰ ਪ੍ਰਾਣ-ਸੰਗਲੀ ਦਾ ਲੇਖਕ ਉਥਾਨਿਕਾ ਤੋਂ ਲੈ ਕੇ ਅੰਤ ਤਕ ਗੁਰੂ ਨਾਨਕ ਦੇਵ ਜੀ ਨੂੰ ਅਨੇਕ ਸਿੱਧੀਆਂ ਅਤੇ ਕਰਾਮਾਤਾਂ ਨਾਲ ਜੋੜਦਾ ਹੈ। ਇਹਨਾਂ ਕਰਾਮਾਤਾਂ ਵਿਚੋਂ ਮੁੱਖ ਇਹ ਹਨ:

i) ਮੁਰਦੇ ਨੂੰ ਜਿਵਾਣਾ।[2]
ii) ਅਕਾਸ਼ ਵਿਚ ਉੱਡਣਾ।[3]
iii) ਸਮੁੰਦਰ ਦੇ ਪਾਣੀ ਨੂੰ ਤੁਰਕੇ ਪਾਰ ਕਰਨਾ, ਆਦਿ।[4]

ਇਹਨਾਂ ਕਰਾਮਾਤੀ ਘਟਨਾਵਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਗੁਰੂ ਨਾਨਕ ਨੂੰ ਇਕ ਕਰਾਮਾਤੀ ਯੋਗੀ ਦੇ ਰੂਪ ਵਿਚ ਪੇਸ਼ ਕਰਦਾ ਹੈ।

ੲ) **ਤੰਤ੍ਰ-ਮੰਤ੍ਰ, ਆਯੁਰਵੇਦ ਅਤੇ ਰਸਾਇਣ ਦੇ ਅਘੋਰ ਨੁਸਖ਼ੇ**

ਪ੍ਰਾਣ-ਸੰਗਲੀ ਵਿਚ ਜਿੱਥੇ ਹਠ ਯੋਗ ਦੀਆਂ ਸਿੱਧੀਆਂ ਦਾ ਸੁਆਮੀ ਗੁਰੂ ਨਾਨਕ ਦੇਵ ਜੀ ਨੂੰ ਦੱਸਿਆ ਗਿਆ ਹੈ, ਉੱਥੇ ਉਹਨਾਂ ਨੂੰ ਤੰਤ੍ਰਾਂ ਮੰਤ੍ਰਾਂ, ਵੈਦਿਕ ਦੇ ਅਘੋਰ ਨੁਸਖ਼ਿਆਂ ਅਤੇ ਸੋਨਾ ਬਣਾਉਣ ਦੀਆਂ ਕਈ ਜੁਗਤਾਂ ਦਾ ਮਾਹਿਰ ਵੀ ਦਰਸਾਇਆ ਗਿਆ ਹੈ।

ੳ) **ਤੰਤ੍ਰ-ਮੰਤ੍ਰ** : ਤੰਤ੍ਰਾਂ-ਮੰਤ੍ਰਾਂ ਬਾਰੇ ਮਨੁੱਖੀ ਆਕਰਸ਼ਨ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭੌਤਿਕ ਅਤੇ ਅਧਿਆਤਮਕ ਜਗਤ ਦੀਆਂ ਅਨੇਕਾਂ ਸ਼ਕਤੀਆਂ ਨੂੰ ਪ੍ਰਾਪਤ ਕਰਨ ਲਈ ਤੰਤ੍ਰਾਂ-ਮੰਤ੍ਰਾਂ ਦੀ ਸਹਾਇਤਾ ਸੰਸਾਰ ਦੇ ਹਰ ਧਰਮ, ਮਜ਼ਹਬ ਅਤੇ ਫ਼ਿਰਕੇ ਵਿਚ ਲਈ ਗਈ ਹੈ।

ਪਰੰਤੂ ਨਿਰਗੁਣਵਾਦੀ ਪਰੰਪਰਾਵਾਂ ਵਿਚ ਗੋਰਖਨਾਥ ਤੋਂ ਲੈ ਕੇ ਗੁਰੂ ਨਾਨਕ ਦੇਵ ਤਕ ਬਹੁਤ ਸਾਰੇ ਸੰਤਾਂ ਨੇ ਤੰਤ੍ਰਾਂ-ਮੰਤ੍ਰਾਂ ਦਾ ਪ੍ਰਬਲ ਵਿਰੋਧ ਕੀਤਾ ਸੀ।

---

1. "ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ" (ਆਦਿ ਗ੍ਰੰਥ, ਪੰਨਾ 418). ਆਦਿ ਵਾਕ ਗੁਰੂ ਨਾਨਕ ਦੇਵ ਜੀ ਨੇ ਆਪਣੇ ਯੁਗ ਦੇ ਹਠਯੋਗੀਆਂ ਅਤੇ ਹੋਰ ਤਾਂਤ੍ਰਿਕਾਂ ਪਰਥਾਇ ਉਚਾਰੇ ਸਨ। ਸੋਢੀ ਮਿਹਰਬਾਨ ਨੇ ਆਪਣੀ ਜਨਮਸਾਖੀ (ਪੋਥੀ ਸੱਚਖੰਡ) ਵਿਚ ਬਾਬਰ ਬਾਣੀ ਦਾ ਸੰਦਰਭ ਦਿੰਦੇ ਹੋਏ ਇਸ ਵਾਕ ਦਾ ਪ੍ਰਮਾਰਥ ਬੜੇ ਵਿਸਥਾਰ ਨਾਲ ਲਿਖਿਆ ਹੈ।
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 94,97 (ਉਥਾਨਿਕਾ).
3. ਉਹੀ, ਪੰਨਾ 161.
4. ਉਹੀ, ਪੰਨਾ 90.

ਪ੍ਰਾਣ-ਸੰਗਲੀ ਵਿਚ ਭੂਤਾਂ ਪ੍ਰੇਤਾਂ ਨੂੰ ਤੰਤ੍ਰਾਂ-ਮੰਤ੍ਰਾਂ ਰਾਹੀਂ ਵੱਸ ਕਰਨ ਦੇ ਕਿੰਨੇ ਹੀ ਉਪਾ ਦੱਸੇ ਗਏ ਹਨ। ਇਸ ਤੋਂ ਇਲਾਵਾ ਤੰਤ੍ਰਾਂ-ਮੰਤ੍ਰਾਂ ਰਾਹੀਂ ਅਨੇਕ ਸਿੱਧੀਆਂ ਪ੍ਰਾਪਤ ਕਰਨ ਦੇ ਵੀ ਬਹੁਤ ਵਿਸਤ੍ਰਿਤ ਉਲੇਖ ਪ੍ਰਾਣ-ਸੰਗਲੀ ਵਿਚ ਮਿਲਦੇ ਹਨ।

ਪ੍ਰਾਣ-ਸੰਗਲੀ ਦੇ ਲੇਖਕ ਨੇ ਗੋਰਖ ਨਾਥ ਅਤੇ ਗੁਰੂ ਨਾਨਕ ਦੇਵ ਜੀ ਦੀ ਗੋਸ਼ਟਿ ਵਿਚ ਗੋਰਖ ਨਾਥ ਪਰਥਾਇ ਤੰਤ੍ਰਾਂ-ਮੰਤ੍ਰਾਂ ਦਾ ਸੰਖੇਪ ਵੇਰਵਾ ਦਿੱਤਾ ਹੈ:

> "ਸ੍ਰੀ ਗੋਰਖ ਜੀ ਨੇ ਕਿਤਨੇ ਮੰਤਰ ਤੰਤਰ ਵਿਦਿਆ ਪ੍ਰਗਟ ਕੀਤੀ ਹੈ ਤਾਂ ਤੇ ਤੁਮ ਭੀ ਕ੍ਰਿਪਾ ਕਰ ਸੁਣਾਈਏ ਜੀ ਜੋ ਪਾਠ ਵੀ ਥੋੜਾ ਹੋਵੇ ਅਤੇ ਸਭਨਾ ਦੁੱਖਾਂ ਤੇ ਛੁਟੇ ਤਾਂ ਸ੍ਰੀ ਬਾਬਾ ਜੀ ਸਰਬੱਗ ਪੁਰਖ ਬਚਨ ਕੀਤਿਸੁ ਥੋੜ੍ਹੂ ਸੌਹੂ ਸੋਹਿ ਲਿਖਿਆ — ਰਾਗ ਰਾਮਕਲੀ ਬਾਣੀ[1] ਰਖਿਆ ਲਿਖੀ ਮਹਲਾ ੧."[2]

ਇਸ ਉਥਾਨਿਕਾ ਨਾਲ ਪ੍ਰਾਣ-ਸੰਗਲੀ ਵਿਚ ਕਿੰਨੇ ਹੀ ਤੰਤ੍ਰ-ਮੰਤ੍ਰ ਦਿੱਤੇ ਗਏ ਹਨ; ਜਿਵੇਂ:

ਓਅੰ ਬਜੰਬਰ ਦਿਗੰਬਰ ਬੋਰ ਮ੍ਰਿਗਛਾਲਾ।
ਫਿਰ ਬੈਠੇ ਤੇ ਮਾਰੋ ਹਨੁਮੰਤ ਜੀ ਕਾ ਤਾਲਾ।
ਲੋਹੇ ਕਾ ਕੋਟ। ਤਾਂਬੇ ਕਾ ਦਰਵਾਜਾ।
ਜਲਾ ਬਿੰਬ ਕੋ ਖਾਈ। ਭਾਈ ਬਹਿਨੇ ਕੋ ਚੇਰੀ ਨਾਨਕ ਸ਼ਾਹ ਕੋ ਦੁਹਾਈ।[3]

ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਵਿਚ ਦਿੱਤੇ ਗਏ ਕਿੰਨੇ ਹੀ ਮੰਤ੍ਰਾਂ ਵਿਚ ਸਾਕਣੀ, ਤਾਕਣੀ, ਡਾਕਣੀ, ਭੂਤਨੀ, ਖਵੀਸਨੀ, ਦੇਵਕੀ, ਅਲੀਬੀਰ, ਮੀਆਂ ਸ਼ੇਖ਼ ਸੱਦੋ, ਅਲੂਣੀ ਚਮਿਆਰੀ[4] ਆਦਿ ਤੰਤ੍ਰਾਂ-ਮੰਤ੍ਰਾਂ ਵਿਚ ਪ੍ਰਸਿੱਧ ਵਿਅਕਤੀਆਂ ਦੇ ਨਾਵਾਂ ਅਤੇ ਤੰਤ੍ਰ ਸ਼ਾਸਤ੍ਰ ਵਿਚ ਪ੍ਰਚਲਿਤ ਸ਼ਬਦਾਵਲੀ ਦੀ ਵਰਤੋਂ ਹੋਈ ਹੈ।

ਤੰਤ੍ਰ-ਮੰਤ੍ਰ ਸੰਬੰਧੀ ਇਹ ਮਿਥਿਆ ਵਿਸ਼ਵਾਸ ਨਿਸਚੇ ਹੀ ਗੁਰੂ ਨਾਨਕ ਦੇਵ ਜੀ ਦੀ ਨਿਰਗੁਣਵਾਦੀ ਦ੍ਰਿਸ਼ਟੀ ਦੇ ਅਨੁਕੂਲ ਨਹੀਂ ਸਨ। ਪ੍ਰਾਣ-ਸੰਗਲੀ ਦਾ ਲੇਖਕ ਅੱਗੇ ਚੱਲ ਕੇ ਇੱਕ ਥਾਂ ਤੇ ਆਪ ਹੀ ਤੰਤ੍ਰਾਂ-ਮੰਤ੍ਰਾਂ ਦੀ ਵਰਤੋਂ ਨੂੰ ਪਾਖੰਡ ਅਤੇ ਮਾਯਾ ਦਾ ਕਾਰਨ ਵੀ ਦੱਸਦਾ ਹੈ:

---

1. ਇਸਲਾਮੀ ਪਰੰਪਰਾ ਅਨੁਸਾਰ ਧਾਰਮਿਕ ਦ੍ਰਿਸ਼ਟੀ ਤੋਂ ਸੰਤ ਰੱਖਾਂ ਮੰਨੀਆਂ ਜਾਂਦੀਆਂ ਹਨ। ਸੋਢੀ ਮਿਹਰਬਾਨ ਨੇ ਗੁਰੂ ਨਾਨਕ ਦੇ ਪ੍ਰਤੀ ਮੁੱਲਾਂ ਦਾ ਇਹ ਅਸ਼ੀਰਵਾਦ ਇਸ ਸੰਦਰਭ ਵਿਚ ਵਾਚਣ ਯੋਗ ਹੈ — "ਰਖ ਹੋਵੇ ਸਾਈਂ ਦੀ ਤੈਨੂੰ"... ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਰੱਖਿਆ ਸ਼ਬਦ ਦੀ ਵਰਤੋਂ ਇਸੇ ਇਸਲਾਮੀ ਪਰੰਪਰਾ ਦੇ ਅਨੁਰੂਪ ਕਰਦਾ ਹੈ।
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 622.
3. ਉਹੀ, ਪੰਨਾ 624.
4. ਦੇਖੋ: ਉਹੀ, ਪੰਨੇ 622-625.

"ਚੇਟਕੀ ਹੋਇ ਕਰਿ ਚੇਟਕ ਲਾਈ। ਭਯਾ ਪਖੰਡੀ ਜਨਮ ਗਵਾਈ।
ਜੰਤਰ ਮੰਤਰ ਸਭ ਮਾਯਾ ਕਾਰਨਿ। ਗ੍ਰਿਹ ਕੁਟੰਬ ਤਜਿ ਲਾਗਾ ਹਾਰਨਿ।
ਕਾਹੇ ਕਾਰਨਿ ਸੁਖ ਸੋ ਭਾਗਾ। ਨਾਨਕ ਕਹੈ ਫਿਰਿ ਉਨ ਜਮੁ ਲਾਗਾ।"[1]

ਤੰਤ੍ਰ-ਮੰਤ੍ਰ ਸੰਬੰਧੀ ਵਿਵੇਚਨ ਦੇ ਨਾਲ ਇਹਨਾਂ ਤੁਕਾਂ ਦਾ ਪਰਸਪਰ ਵਿਰੋਧ ਸਪੱਸ਼ਟ ਹੈ ਅਤੇ ਇਹ ਤੁਕਾਂ ਪੂਰੀ ਵਿਸ਼ੈ-ਵਸਤੂ ਨੂੰ ਨਾ ਸਮਝਣ ਕਰਕੇ ਹੀ ਲਿਖੀਆਂ ਗਈਆਂ ਜਾਪਦੀਆਂ ਹਨ। ਗੁਰੂ ਨਾਨਕ ਦੇਵ ਜੀ ਜਿਹੇ ਪ੍ਰਬੁੱਧ ਲੇਖਕ ਦੀ ਰਚਨਾ ਵਿਚ ਅਜਿਹੇ ਅਨੇਕ ਪਰਸਪਰ ਵਿਰੋਧੀ ਬਚਨ ਨਹੀਂ ਮਿਲ ਸਕਦੇ।

ਅ) <u>ਵੈਦਿਕ ਦੇ ਨੁਸਖੇ:</u> ਗੁਰੂ ਨਾਨਕ ਦੇਵ ਜੀ ਨੂੰ ਪ੍ਰਾਣ-ਸੰਗਲੀ ਵਿਚ ਇਕ ਮਾਹਿਰ ਵੈਦ ਦੇ ਰੂਪ ਵਿਚ ਵੀ ਪ੍ਰਸਤੁਤ ਕੀਤਾ ਗਿਆ ਹੈ।[2] ਉਦਾਹਰਣ ਵਜੋਂ ਲਸਣ ਤੋਂ ਬਣਾਈਆਂ ਗਈਆਂ ਅਨੇਕ ਦਵਾਈਆਂ ਦੇ ਨੁਸਖੇ ਗੁਰੂ ਨਾਨਕ ਦੇਵ ਜੀ ਦੇ ਮੂੰਹ ਅਖਵਾਏ ਗਏ।[3] ਇਸੇ ਤਰ੍ਹਾਂ 'ਸੰਖੀਏ ਕੀ ਤਦਬੀਰ', 'ਕੁਮਾਰ ਰਸ', 'ਮੁੰਡੀ ਕਲਪ' ਅਤੇ 'ਅੰਮ੍ਰਿਤ ਗੁਟਕਾ' ਆਦਿ ਅਨੇਕ ਨੁਸਖੇ ਵੀ ਪ੍ਰਾਣ-ਸੰਗਲੀ ਵਿਚ ਉਪਲਬਧ ਹਨ। ਉਦਾਹਰਣ ਵਜੋਂ 'ਅੰਮ੍ਰਿਤ ਗੁਟਕੇ' ਨੂੰ ਖਾਣ ਤੋਂ ਇਹ ਲਾਭ ਦੱਸਿਆ ਗਿਆ ਹੈ:

"ਜੇ ਇਕ ਮਹੀਨਾ ਖਾਵੈ ਦੇਹ ਸੂਖਮ ਹੋਵੈ। ਦੂਜੇ ਮਹੀਨੇ ਬਲ ਬਹੁਤ ਧਾਤੂ ਬਹੁਤ ਹੋਵੈ। ਤੀਜੇ ਮਹੀਨੇ ਲਖਮੀ ਬਹੁਤ ਹੋਵੈ... ਪੰਜਵੈਂ ਕਾਇਆ ਕਲਪ ਹੋਵੈ। ਛਟਵੈਂ ਮਹੀਨੇ ਬਾਲਕ ਅਵਸਥਾ ਹੋਵੈ। ਸਤਵੈਂ ਮਹੀਨੇ ਦਿਨ ਮੈਂ ਤਾਰੇ ਦੇਖੈ।... ਨੌਵੈਂ ਮਹੀਨੇ ਵਾਲ ਕਾਲੇ ਹੋਣ। ਦਸਵੈਂ ਮਹੀਨੇ ਕਰਤਾਪੁਰਖ ਦੇ ਦਰਸ਼ਨ ਹੋਵੈ। ਗਿਆਰਵੈਂ ਸ਼ਸਤਰ ਨਾ ਲਗੈ। ਬਾਰਵੈਂ ਮਨੋਕਾਮਨਾ ਸਿੱਧ ਹੋਵੈ।"[4]

ਇਸ ਤਰ੍ਹਾਂ ਇਕ ਔਰ ਨੁਸਖਾ ਵੀ ਪ੍ਰਾਣ ਸੰਗਲੀ ਵਿਚ ਦਰਜ ਹੈ:

"ਨਿੰਮ ਪੱਤਰ ਮਾਸੇ 3 ਸਵੇਰੇ ਘੋਟਣੇ — ਖੁਰਾਕ ਕਿਸੇ ਦੇ ਕੰਨ ਨਾ ਪਵੈ। ਪਰਹੇਜ਼ ਖੱਟੇ ਦਾ ਕਰਨਾ। ਜੇ ਬਾਰਾਂ ਮਹੀਨੇ ਖਾਵੈ ਤਾਂ ਸਾਹਿਬ ਕਰਾਮਾਤ ਹੋਵੈ। ਵੀਰਜ ਜਾਵੈ ਨਾਹੀਂ।"[5]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 655.
2. ਗੁਰੂ ਨਾਨਕ ਦੇਵ ਜੀ ਦੀ ਇਕ ਆਯੁਰਵੈਦਿਕ ਰਚਨਾ 'ਪ੍ਰਾਣ-ਸੰਗਲੀ' ਨਾਂ ਹੇਠ ਵੀ ਮਿਲਦੀ ਹੈ। ਇਸਦਾ ਹੱਥ-ਲਿਖਤੀ ਨੁਸਖਾ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ 643 ਨੰਬਰ ਤੇ ਦਰਜ ਹੈ। ਇਸਦੇ 200 ਪੰਨਿਆਂ ਵਿਚ 437 ਨੁਸਖੇ ਅੰਕਿਤ ਹਨ। ਹੋ ਸਕਦਾ ਹੈ ਕਿ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਵਿਚ ਆਏ ਇਹ ਆਯੁਰਵੈਦਿਕ ਨੁਸਖੇ ਇਸੇ ਪ੍ਰਾਣ-ਸੰਗਲੀ ਤੋਂ ਲਏ ਗਏ ਹੋਣ।
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 804-805.
4. ਉਹੀ, ਪੰਨਾ 810.
5. ਉਹੀ, ਪੰਨਾ 812.

ੲ) <u>ਰਸਾਇਣ ਦੇ ਨੁਸਖੇ:</u> ਸੋਨਾ ਬਣਾਉਣ ਲਈ ਮਨੁੱਖ ਸਦੀਆਂ ਤੋਂ ਯਤਨਸ਼ੀਲ ਹੈ। ਪ੍ਰਾਣ-ਸੰਗਲੀ ਵਿਚ ਚਰਪਟ ਨਾਥ ਆਦਿ ਸਿੱਧਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਸੋਨਾ ਬਣਾਉਣ ਦੇ ਲਈ ਰਸਾਇਣੀ ਨੁਸਖੇ ਦੱਸੇ ਹਨ, ਜਿਵੇਂ:

> ਸਦਾ ਸੇਰ ਸੁਹਾਗ ਕਾ ਮਾਸ। ਇਸਦੀ ਬਿਧਿ ਸੁਨ ਲੇਹੁ ਸੰਤ ਸਾਧ।
> ਏਕ ਸੇਰ ਨੇ ਕੀਮਾ ਕਰੇ। ਬਿਚ ਪੰਜ ਸਿਰਸਾਹੀ ਪਾਰਾ ਧਰੇ।
> ... ਉਹ ਉਲਟੇ ਕੁੰਦਨ ਹੋਇ ਜਾਇ।[1]

ਇਹ ਰਸਾਇਣੀ ਨੁਸਖੇ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਦੇ ਅਨੁਕੂਲ ਨਹੀਂ ਹਨ।

4) <u>ਵਿਸ਼ੈ-ਵਸਤੂ ਦਾ ਅਪ੍ਰਮਾਣਿਕ ਅਤੇ ਅਸਪੱਸ਼ਟ ਵਰਣਨ</u>

ਪ੍ਰਾਣ-ਸੰਗਲੀ ਵਿਚ ਮੁੱਖ ਤੌਰ ਤੇ ਹਠ ਯੋਗ, ਰਾਜ ਯੋਗ, ਪ੍ਰੇਮਾ ਭਗਤੀ ਅਤੇ ਮੁਕਤੀ ਬਾਰੇ ਥਾਂ ਥਾਂ ਵਿਚਾਰ ਕੀਤਾ ਗਿਆ ਹੈ। ਪਰ ਗਹੁ ਨਾਲ ਵਿਚਾਰਨ ਤੋਂ ਪਤਾ ਚਲਦਾ ਹੈ ਕਿ ਇਹਨਾਂ ਸਾਰੇ ਵਿਸ਼ਿਆਂ ਬਾਰੇ ਪ੍ਰਾਣ-ਸੰਗਲੀ ਦੇ ਲੇਖਕ ਦੀ ਦ੍ਰਿਸ਼ਟੀ ਸਾਫ਼ ਨਹੀਂ ਹੈ। ਉਸਦੇ ਕੋਲ ਪ੍ਰਮਾਣਿਕ ਸਾਮਗ੍ਰੀ ਦਾ ਅਭਾਵ ਜਾਪਦਾ ਹੈ ਅਤੇ ਜ਼ਿਆਦਾਤਰ ਉਸਨੇ ਸੁਣੀਆਂ ਸੁਣਾਈਆਂ ਗੱਲਾਂ ਦਾ ਪੇਤਲਾ ਜਿਹਾ ਵਰਣਨ ਕੀਤਾ ਹੈ।

ੳ) <u>ਹਠਯੋਗ:</u> ਹਠਯੋਗ ਨੂੰ ਪ੍ਰਾਣ-ਸੰਗਲੀ ਵਿਚ ਕਾਫ਼ੀ ਥਾਂ ਤੇ ਵਿਸਥਾਰ ਨਾਲ ਲਿਖਿਆ ਗਿਆ ਹੈ ਪਰ ਹਠਯੋਗ ਬਾਰੇ ਕੋਈ ਨਵੀਂ ਨਵੇਕਲੀ ਦ੍ਰਿਸ਼ਟੀ ਤਾਂ ਕਿਤੇ ਦੂਰ ਰਹੀ, ਪ੍ਰਾਣ-ਸੰਗਲੀ ਵਿਚ ਹਠ ਯੋਗ ਦੀਆਂ ਮੁੱਢਲੀਆਂ ਸੂਚਨਾਵਾਂ ਵੀ ਸਹੀ ਤੌਰ ਤੇ ਦਰਜ ਨਹੀਂ ਹਨ। ਉਦਾਹਰਣ ਵਜੋਂ ਹਠਯੋਗ ਦੇ ਆਸਣਾ ਦਾ ਵੇਰਵਾ ਦਿੰਦੇ ਹੋਏ ਪ੍ਰਾਣ-ਸੰਗਲੀ ਦੇ ਲੇਖਕ ਨੇ ਕਈ ਇਹੋ ਜਿਹੇ ਆਸਣਾਂ ਦਾ ਉਲੇਖ ਕੀਤਾ ਹੈ, ਜਿਨ੍ਹਾਂ ਦਾ ਨਾਂ ਕਿਸੇ ਵੀ ਪ੍ਰਮਾਣਿਕ ਹਠਯੋਗ ਦੀ ਪੁਸਤਕ ਵਿਚ ਨਹੀਂ ਮਿਲਦਾ।' ਇਸਦੇ ਨਾਲ ਹੀ ਆਸਣਾਂ ਦੀ ਵਿਧੀ ਵੀ ਪ੍ਰਾਣ-ਸੰਗਲੀ ਵਿਚ ਬਹੁਤ ਅਸਪੱਸ਼ਟ ਅਤੇ ਤ੍ਰੁੱਟੀਪੂਰਣ ਹੈ। ਹਠਯੋਗ ਬਾਰੇ ਸ਼ਾਸਤ੍ਰੀ ਚਰਚਾ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਕੀਤੀ ਗਈ ਹੈ।

ਅ) <u>ਰਾਜ ਯੋਗ:</u> ਰਾਜ ਯੋਗ ਬਾਰੇ ਵੀ ਪ੍ਰਾਣ-ਸੰਗਲੀ ਦਾ ਲੇਖਕ ਕੋਈ ਸਪੱਸ਼ਟ ਅਤੇ ਪ੍ਰਮਾਣਿਕ ਮਾਨਤਾ ਪ੍ਰਸਤੁਤ ਨਹੀਂ ਕਰਦਾ। ਰਾਜ ਯੋਗ ਦੇ ਅੱਠ ਅੰਗਾਂ ਦੇ ਬਾਰੇ ਵੀ ਉਸਦੀ ਸੂਚਨਾ ਬਹੁਤ ਗ਼ਲਤ ਹੈ। ਇਸੇ ਤਰ੍ਹਾਂ ਪ੍ਰਾਣਾਯਾਮ ਬਾਰੇ ਵੀ ਪ੍ਰਾਣ-ਸੰਗਲੀ ਦੀ ਸਾਮਗ੍ਰੀ ਕੋਈ ਬਹੁਤ ਪ੍ਰਮਾਣਿਕ ਨਹੀਂ ਹੈ। ਇਸ ਵਿਸ਼ੇ ਦਾ ਲੋੜੀਂਦਾ ਵਿਸਥਾਰ ਵੀ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਵੇਖਿਆ, ਜਾ ਸਕਦਾ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 803.

ੲ) ਪ੍ਰੇਮਾ ਭਗਤੀ: ਭਗਤੀ ਨੂੰ ਦਰਸ਼ਨ ਅਤੇ ਸਾਧਨਾ ਦੇ ਪੱਧਰ ਤੇ ਨਾਰਦ ਅਤੇ ਸ਼ਾਂਡਿਲਯ ਰਿਸ਼ੀਆਂ ਨੇ ਸਥਾਪਿਤ ਕੀਤਾ ਸੀ। ਨਾਰਦ ਤੋਂ ਬਾਅਦ ਭਗਤੀ ਬਾਰੇ ਇਕ ਵਿਸ਼ਾਲ ਸਾਹਿਤ ਸਾਡੇ ਸਾਹਮਣੇ ਆਇਆ ਹੈ। ਪਰ ਪ੍ਰਾਣ-ਸੰਗਲੀ ਦਾ ਲੇਖਕ ਇਸ ਪ੍ਰਾਚੀਨ ਵਿਰਸੇ ਤੋਂ ਬਹੁਤਾ ਪਰਿਚਿਤ ਨਹੀਂ ਜਾਪਦਾ। ਥਾਂ ਥਾਂ ਤੇ ਭਗਤੀ ਦੀ ਮਹਿਮਾ ਵਰਣਨ ਕਰਦਾ ਹੋਇਆ ਵੀ ਪ੍ਰਾਣ-ਸੰਗਲੀ ਦਾ ਲੇਖਕ ਜੋਗ ਸਿੱਧੀਆਂ ਦੇ ਚੱਕਰਵਿਊ ਵਿਚ ਫਸਿਆ ਦਿਖਾਈ ਦਿੰਦਾ ਹੈ। ਭਾਵ ਇਹ ਹੈ ਕਿ ਉਸ ਦੀ ਦ੍ਰਿਸ਼ਟੀ ਵਿਚ ਨਾ ਤੇ ਸਪੱਸ਼ਟਤਾ ਹੈ ਅਤੇ ਨਾ ਹੀ ਪ੍ਰਮਾਣਿਕਤਾ।

ਸ) ਮੁਕਤੀ: ਭਾਰਤੀ ਸਾਧਨਾ ਪੱਧਤੀ ਦਾ ਅੰਤਿਮ ਉਦੇਸ਼ ਹੈ ਮੁਕਤੀ ਪ੍ਰਾਪਤ ਕਰਨਾ। ਪ੍ਰਾਣ-ਸੰਗਲੀ ਦੇ ਲੇਖਕ ਨੇ ਮੁਕਤੀ ਬਾਰੇ ਪਰਸਪਰ ਵਿਰੋਧੀ ਵਿਚਾਰ ਪ੍ਰਗਟ ਕੀਤੇ ਹਨ। ਉਦਾਹਰਣ ਵਜੋਂ ਮੁਕਤੀਆਂ ਦੀ ਸੰਖਿਆ ਵੱਖਰੀਆਂ ਵੱਖਰੀਆਂ ਥਾਵਾਂ ਤੇ ਵੱਖ ਵੱਖ ਦਰਸਾਈ ਗਈ ਹੈ ਜਿਵੇਂ ਇਕ ਥਾਂ ਤੇ 52[1] ਦੂਜੀ ਥਾਂ ਤੇ 7[2] ਤੀਜੀ ਥਾਂ ਤੇ 2[3] ਅਤੇ ਚੌਥੀ ਥਾਂ ਤੇ 12[4] ਮੁਕਤੀਆਂ ਦਾ ਉਲੇਖ ਕੀਤਾ ਗਿਆ ਹੈ। ਇਹ ਸਾਰਾ ਵਰਣਨ ਨਾ ਕੇਵਲ ਸ਼ਾਸਤ੍ਰ ਤੋਂ ਵਿਰੁੱਧ ਹੈ ਸਗੋਂ ਬਹੁਤ ਅਸਪੱਸ਼ਟ ਅਤੇ ਭ੍ਰਾਂਤੀਪੂਰਣ ਹੈ। ਗੁਰੂ ਨਾਨਕ ਦੇਵ ਜੀ ਨਾਲ ਇਸ ਅਪ੍ਰਮਾਣਿਕ ਵਿਵੇਚਨ ਨੂੰ ਜੋੜਨਾ ਆਪਣੇ ਅਗਿਆਨ ਦੀ ਸੂਚਨਾ ਦੇਣਾ ਹੈ।

## 5) ਸਾਮਾਨਯ ਤਰਕ ਅਤੇ ਗਿਆਨ ਦੇ ਵਿਰੁਧ ਘਟਨਾਵਾਂ ਦੀ ਯੋਜਨਾ

ਪ੍ਰਾਣ-ਸੰਗਲੀ ਵਿਚ ਇਹੋ ਜਿਹੀਆਂ ਬਹੁਤ ਘਟਨਾਵਾਂ ਹਨ ਜਿਨ੍ਹਾਂ ਨੂੰ ਸਾਮਾਨਯ ਤਰਕ ਅਤੇ ਗਿਆਨ ਦੇ ਆਧਾਰ ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਦਾਹਰਣ ਵਜੋਂ; ਪ੍ਰਾਣ-ਸੰਗਲੀ ਦਾ ਮੁੱਢਲਾ ਰਚਨਾ ਤੰਤ੍ਰ ਸੰਵਾਦਮਈ ਹੈ। ਇਹਨਾਂ ਸੰਵਾਦਾਂ ਲਈ ਪ੍ਰਾਣ-ਸੰਗਲੀ ਦੇ ਲੇਖਕ ਨੇ ਪਦ ਦਾ ਮਾਧਿਅਮ ਅਪਣਾਇਆ ਹੈ, ਪਰ ਤਰਕ ਪ੍ਰਧਾਨ ਗੋਸ਼ਟੀ ਲਈ ਪਦ ਇਕ ਉਪਯੁਕਤ ਮਾਧਿਅਮ ਨਹੀਂ ਹੈ। ਇਸੇ ਲਈ ਪ੍ਰਾਚੀਨ ਗੋਸ਼ਟੀਆਂ ਦੇ ਲੇਖਕਾਂ ਨੇ ਗਦ ਨੂੰ ਮਾਧਿਅਮ ਬਣਾਇਆ ਹੈ। ਇਹ ਮੰਨਣਾ ਸੰਭਵ ਨਹੀਂ ਹੈ ਕਿ ਸੰਵਾਦਾਂ ਦੇ ਦੌਰਾਨ ਕਿਸੇ ਵਸਤੂ ਦਾ ਵਿਵੇਚਨ ਕਰਨ ਲਈ ਪਦ ਦੀ ਵਰਤੋਂ ਸੁਭਾਵਿਕ ਤੌਰ ਤੇ ਹੋਈ ਹੋਵੇ। ਕਵਿਤਾ ਦੀ ਸਿਰਜਨਾ ਵਾਰਤਕ ਵਾਂਗ ਆਮ ਤੌਰ ਤੇ ਸਹਿਜ ਸੁਭਾ ਨਹੀਂ ਹੋ ਸਕਦੀ। ਪ੍ਰਾਣ-ਸੰਗਲੀ ਵਿਚ ਪਦ ਦੀ ਇਹ ਯੋਜਨਾ ਸਾਮਾਨਯ ਤਰਕ ਅਤੇ ਗਿਆਨ ਤੋਂ ਪਰੇ ਦੀ ਗੱਲ ਹੈ। ਪ੍ਰਾਣ-ਸੰਗਲੀ ਦੇ ਆਪਣੇ ਅੰਦਰਲੇ ਉਲੇਖਾਂ ਦੇ ਅਨੁਸਾਰ ਇਸ ਦਾ ਲੇਖਨ ਗੁਰੂ ਨਾਨਕ ਦੇ ਨਿਕਟਵਰਤੀ ਸਿੱਖਾਂ (ਸੈਦੂ ਸੈਹੂ) ਨੇ ਕੀਤਾ। ਜੇਕਰ ਇਸ ਗੱਲ ਨੂੰ ਮੰਨ ਲਈਏ ਤਾਂ ਸੁਭਾਵਿਕ ਤੌਰ ਤੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਵੇਲੇ ਗੁਰੂ ਨਾਨਕ ਅਤੇ ਪਾਰਬ੍ਰਹਮ ਵਿਚਕਾਰ ਗੋਸ਼ਟ ਹੋਈ ਤਾਂ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 728.
2. ਉਹੀ, ਪੰਨਾ 730.
3. ਉਹੀ, ਪੰਨਾ 731.
4. ਉਹੀ, ਪੰਨਾ 732.

ਉਸ ਵੇਲੇ ਦੇ ਸਾਰੇ ਪ੍ਰਸ਼ਨ ਉੱਤਰ ਕਿਸ ਨੇ ਲਿਖੇ? ਕਿਉਂਕਿ ਨਾ ਤੇ ਲਿਖਾਰੀ ਗੁਰੂ ਨਾਨਕ ਦੇ ਨਾਲ ਉਥੇ ਜਾ ਸਕਦੇ ਸਨ ਅਤੇ ਨਾ ਹੀ ਇਸ ਬਾਰੇ ਕੋਈ ਉਲੇਖ ਪ੍ਰਾਣ-ਸੰਗਲੀ ਵਿਚ ਮਿਲਦਾ ਹੈ। ਇਹ ਸਾਰੀ ਗੱਲਬਾਤ ਮਨਘੜਤ ਅਤੇ ਸਾਮਾਨਯ ਤਰਕ ਅਤੇ ਗਿਆਨ ਦਾ ਵਿਰੋਧ ਕਰਦੀ ਹੈ।

ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਭਵਿੱਖ ਬਾਣੀਆਂ ਉਚਰਵਾਈਆਂ ਗਈਆਂ ਹਨ। ਉਥਾਨਿਕਾ ਤੋਂ ਲੈ ਕੇ ਅੰਤ ਤਕ ਕਿੰਨੀਆਂ ਹੀ ਭਵਿਖਬਾਣੀਆਂ ਪ੍ਰਾਣ-ਸੰਗਲੀ ਵਿਚ ਮਿਲਦੀਆਂ ਹਨ। ਉਦਾਹਰਣ ਵਜੋਂ ਪਾਰਬ੍ਰਹਮ ਦੇ ਮੂੰਹੋਂ ਇਹ ਭਵਿੱਖਬਾਣੀ ਕਰਵਾਈ ਗਈ ਹੈ:

> ਜਿਥੈ ਤੇਰਾ ਭੇਖਧਰੁ, ਨਾਨਕ ਨਾਮੁ ਲਿਖੀਅਸੁ। ਸੋ ਬਾਣੀ ਸਬਦ ਪਵਿਤ੍ਰ ਹੋਗੁ।
> ਸੁਧ ਹੋਗੁ। ਜੋ ਤੇਰਾ ਨਾਮ ਜਪਨਗੇ ਸੋ ਪਵਿਤ੍ਰ ਹੋਵਨਿਗੇ।[1]

ਇਸੇ ਤਰ੍ਹਾਂ ਦੀ ਭਵਿੱਖਬਾਣੀ ਗੁਰੂ ਨਾਨਕ ਦੇਵ ਦੇ ਮੂੰਹੋਂ ਪ੍ਰਾਣ-ਸੰਗਲੀ ਨੂੰ ਸੰਗਲਾਦੀਪ ਤੋਂ ਪੰਜਾਬ ਵਿਚ ਲਿਆਉਣ ਬਾਰੇ ਵੀ ਕਰਵਾਈ ਗਈ ਹੈ।[2]

ਇਸੇ ਤਰ੍ਹਾਂ ਦੀਆਂ ਭਵਿੱਖਬਾਣੀਆਂ ਨਾ ਤੇ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਦੇ ਅਨੁਕੂਲ ਹਨ ਅਤੇ ਨਾ ਹੀ ਸਾਮਾਨਯ ਤਰਕ ਅਤੇ ਗਿਆਨ ਦੀ ਕਸਵੱਟੀ ਉੱਤੇ ਹੀ ਇਹਨਾਂ ਨੂੰ ਪਰਖਿਆ ਜਾ ਸਕਦਾ ਹੈ।

### 6) ਗੁਰੂ ਘਰ ਦੀ ਸਾਹਿੱਤ ਸ਼ੈਲੀ ਦੇ ਵਿਰੁੱਧ ਰਚਨਾ ਸ਼ੈਲੀ

ਸੰਤ ਸੰਪੂਰਣ ਸਿੰਘ ਨੇ ਪ੍ਰਾਣ-ਸੰਗਲੀ ਨੂੰ ਮਹਲਾ ੧ ਦੀ ਰਚਨਾ ਦੱਸਿਆ ਹੈ। ਇਹੋ ਕਾਰਨ ਹੈ ਕਿ ਪ੍ਰਾਣ-ਸੰਗਲੀ ਵਿਚ ਗੁਰੂ ਨਾਨਕ ਵਾਂਗ ਸਲੋਕਾਂ, ਪਉੜੀਆਂ ਅਤੇ ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਸਲੋਕਾਂ ਪਉੜੀਆਂ ਦੇ ਵਿਚ ਰਾਗਾਂ ਅਤੇ ਛੰਦਾਂ ਦੀਆਂ ਅਨੇਕ ਊਣਤਾਈਆਂ ਵਿਦਮਾਨ ਹਨ ਅਤੇ ਇਹਨਾਂ ਊਣਤਾਈਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਮੰਨਣਾ ਅਸੰਭਵ ਹੈ ਕਿ ਪ੍ਰਾਣ-ਸੰਗਲੀ ਜਿਹੀ ਕਮਜ਼ੋਰ ਅਤੇ ਅਪ੍ਰਮਾਣਿਕ ਰਚਨਾ ਦਾ ਲੇਖਕ ਗੁਰੂ ਨਾਨਕ ਜਿਹਾ ਪ੍ਰਬੀਨ ਅਤੇ ਪ੍ਰਬੁੱਧ ਵਿਅਕਤੀ ਹੋ ਸਕਦਾ ਹੈ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨ ਲਈ ਇਹ ਮਸਨੂਈ ਉਪਰਾਲਾ ਕੀਤਾ ਗਿਆ ਹੈ।

ਇਸ ਤੋਂ ਉਪਰੰਤ ਪ੍ਰਾਣ-ਸੰਗਲੀ ਦੀਆਂ ਗੋਸ਼ਟੀਆਂ ਵਿਚ ਅਨੇਕ ਥਾਵਾਂ ਤੇ ਵਕਤਾ-ਸ੍ਰੋਤਾ ਦੇ ਸੰਦਰਭ ਨੂੰ ਪ੍ਰਗਟ ਕਰਨ ਲਈ ਸੰਸਕ੍ਰਿਤ ਦੇ ਸ਼ੁਧ ਭੂਤਕਾਲੀ ਕ੍ਰਿਆ ਰੂਪ 'ਉਵਾਚ' ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਹੋਈ ਹੈ। ਇਸ ਨੇਠ ਸੰਸਕ੍ਰਿਤ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਸ਼ੈਲੀ ਦੇ ਅਨੁਕੂਲ ਨਹੀਂ ਹੈ। ਇਸੇ ਲਈ 'ਨਾਨਕ ਬਾਣੀ' ਵਿਚ ਇਸ ਸ਼ਬਦ ਦੀ ਵਰਤੋਂ ਕਿਧਰੇ ਨਹੀਂ ਹੋਈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 729.
2. ਦੇਖੋ: ਉਹੀ, ਪੰਨੇ 832, 833.

ਪ੍ਰਾਣ-ਸੰਗਲੀ ਵਿਚ 'ਉਦਾਰ' ਦਾ ਅਸ਼ੁੱਧ ਰੂਪ ਵੀ 'ਸ੍ਰੀ ਰੰਗਰੋਦਾਰ'[1], ਗੁਰੋਦਾਰ,[2] ਆਤਮਦਾਰ,[3] ਆਦਿ ਰੂਪਾਂ ਵਿਚ ਥਾਂ ਥਾਂ ਤੇ ਮਿਲਦਾ ਹੈ।

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦੀ ਸੰਰਚਨਾ ਸ਼ੈਲੀ ਗੁਰੂ ਨਾਨਕ ਦੀ ਪ੍ਰਮਾਣਿਕ ਬਾਣੀ ਦੀ ਸ਼ੈਲੀ ਤੋਂ ਬਿਲਕੁਲ ਵਿਪਰੀਤ ਹੈ।

7) <u>ਛੰਦ ਸ਼ਾਸਤ੍ਰ ਦੇ ਨਿਯਮਾਂ ਦੀ ਉਲੰਘਣਾ</u>

ਕਿਸੇ ਵੀ ਪਦਮਈ ਰਚਨਾ ਦਾ ਆਧਾਰ ਛੰਦ-ਸ਼ਾਸਤ੍ਰ ਹੁੰਦਾ ਹੈ। ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਛੰਦ ਸ਼ਾਸਤ੍ਰ ਦੇ ਨਿਯਮਾਂ ਦੀ ਉਲੰਘਣਾ ਥਾਂ ਥਾਂ ਤੇ ਕੀਤੀ ਹੈ। ਉਦਾਹਰਣ ਵਜੋਂ ਇਕ ਥਾਂ ਤੇ ਇਕੋ ਪਦੇ ਦੀਆਂ ਚਾਰ ਤੁਕਾਂ ਵਿਚ ਤਿੰਨ ਵੱਖਰੇ ਵੱਖਰੇ ਛੰਦ ਵਰਤੇ ਹਨ ਅਤੇ ਇਹਨਾਂ ਤਿੰਨਾਂ ਛੰਦਾਂ ਨੂੰ ਵੀ ਸ਼ੁੱਧ ਰੂਪ ਵਿਚ ਨਹੀਂ ਵਰਤਿਆ ਗਿਆ।

ਪ੍ਰਾਣ-ਸੰਗਲੀ ਦੀ ਸਮੁੱਚੀ ਛੰਦ-ਯੋਜਨਾ ਉਤੇ ਵਿਚਾਰ ਕਰਨ ਤੋਂ ਇਹ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਅਵਿਗਿਆਨਿਕ, ਅਸਾਹਿੱਤਿਕ ਅਤੇ ਅਕਲਾਤਮਿਕ ਤਰੀਕੇ ਨਾਲ ਹੀ ਛੰਦਾਂ ਦੀ ਵਰਤੋਂ ਕਰਦਾ ਹੈ। ਸਪੱਸ਼ਟ ਹੈ ਕਿ ਛੰਦ ਯੋਜਨਾ ਦੀ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਬਹੁਤ ਕਮਜ਼ੋਰ ਰਚਨਾ ਹੈ। ਇਸ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੱਧਰ ਦਾ ਉੱਚਾ ਅਨੁਭਵੀ ਕਵੀ ਇਸ ਤਰ੍ਹਾਂ ਦੀ ਛੰਦ ਸ਼ਾਸਤ੍ਰ ਦੀਆਂ ਪਰੰਪਰਾਵਾਂ ਤੋਂ ਹੀਣੀ ਰਚਨਾ ਦਾ ਲੇਖਕ ਨਹੀਂ ਹੋ ਸਕਦਾ। ਪ੍ਰਾਣ-ਸੰਗਲੀ ਦੀ ਛੰਦ ਯੋਜਨਾ ਬਾਰੇ ਵਿਸਥਾਰ ਨਾਲ ਵਿਚਾਰ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਪੰਜਵੇਂ ਅਧਿਆਇ ਵਿਚ ਕੀਤਾ ਗਿਆ ਹੈ।

8) <u>ਭਾਸ਼ਾ ਵਿਚ ਇਕਰੂਪਤਾ ਦਾ ਅਭਾਵ</u>

ਪ੍ਰਾਣ-ਸੰਗਲੀ ਵਿਚ ਭਾਸ਼ਾ ਦੇ ਕਈ ਪੱਧਰ ਹਨ। ਇਹਨਾਂ ਵਿਚ ਉਲੇਖ ਯੋਗ ਭਾਸ਼ਾਈ ਪੱਧਰ ਇਹ ਹਨ:

1) ਖੜ੍ਹੀ ਬੋਲੀ (ਬ੍ਰਜ ਭਾਸ਼ਾ) ਦਾ ਪੱਧਰ,
2) ਪੋਠੋਹਾਰੀ (ਲਹਿੰਦੀ) ਦਾ ਪੱਧਰ,
3) ਕੇਂਦਰੀ ਪੰਜਾਬੀ ਦਾ ਪੱਧਰ।

ਜਿਥੋਂ ਤਕ ਖੜੀ ਬੋਲੀ ਦਾ ਸਵਾਲ ਹੈ, ਪ੍ਰਾਣ-ਸੰਗਲੀ ਦਾ ਲੇਖਕ ਪੰਜਾਬ ਤੋਂ ਬਾਹਰਲੀਆਂ ਇਹਨਾਂ ਬੋਲੀਆਂ ਦੀ ਵਰਤੋਂ ਕਿਸੇ ਸੁਚੱਜੇ ਢੰਗ ਨਾਲ ਨਹੀਂ ਕਰ ਸਕਿਆ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 237.
2. ਦੇਖੋ: ਉਹੀ, ਪੰਨੇ 244,639,674.
3. ਉਹੀ, ਪੰਨਾ 751.

ਖੜੀ ਬੋਲੀ, ਬ੍ਰਜ ਭਾਸ਼ਾ ਅਤੇ ਪੰਜਾਬੀ ਦਾ ਇਕ ਰਲਗਡ ਰੂਪ ਪ੍ਰਾਣ-ਸੰਗਲੀ ਵਿਚ ਥਾਂ ਥਾਂ ਤੇ ਮਿਲਦਾ ਹੈ।

ਸੰਤ ਸੰਪੂਰਣ ਸਿੰਘ ਨੇ ਆਪਣੀ ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਖੜੀ ਬੋਲੀ ਰੰਗ ਦੇ ਵੀ ਕਈ ਸੰਦਰਭ ਸੰਪਾਦਿਤ ਕੀਤੇ ਹਨ। ਪਰ ਇਹਨਾਂ ਦਾ ਭਾਸ਼ਾਈ ਮੁੱਲ ਬਹੁਤ ਘੱਟ ਹੈ।

ਇਸੇ ਤਰ੍ਹਾਂ ਸ਼ੁੱਧ ਪੋਠੋਹਾਰੀ ਜਾਂ ਲਹਿੰਦੀ ਬੋਲੀ ਦਾ ਪ੍ਰਯੋਗ ਵੀ ਪ੍ਰਾਣ-ਸੰਗਲੀ ਵਿਚ ਨਹੀਂ ਮਿਲਦਾ। ਇੰਜ ਜਾਪਦਾ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਦੀ ਭਾਸ਼ਾਈ ਸ਼ੈਲੀ ਨੂੰ ਪ੍ਰਾਣ-ਸੰਗਲੀ ਦਾ ਲੇਖਕ ਥਾਂ ਥਾਂ ਤੇ ਅਪਣਾਉਂਦਾ ਹੈ।

ਲਾਹੌਰ ਅਤੇ ਅੰਮ੍ਰਿਤਸਰ ਦੇ ਇਲਾਕੇ ਦੀ ਬੋਲੀ ਨੂੰ ਕੇਂਦਰੀ ਪੰਜਾਬੀ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਦਾ ਲੇਖਕ ਇਸ ਕੇਂਦਰੀ ਪੰਜਾਬੀ ਦੀ ਵਰਤੋਂ ਵਿਚ ਵੀ ਬਹੁਤਾ ਸਫਲ ਨਹੀਂ ਹੋ ਸਕਿਆ।

ਸਪਸ਼ਟ ਹੈ ਕਿ ਭਾਸ਼ਾਈ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦਾ ਮੁੱਲ ਬਹੁਤ ਘੱਟ ਹੈ ਅਤੇ ਗੁਰੂ ਨਾਨਕ ਦੇਵ ਜਿਹੇ ਪੰਜਾਬੀ ਦੇ ਇਕ ਸਮੱਰਥ ਲੇਖਕ ਨੂੰ ਪ੍ਰਾਣ-ਸੰਗਲੀ ਦਾ ਕਰਤਾ ਨਹੀਂ ਮੰਨਿਆ ਜਾ ਸਕਦਾ। ਪ੍ਰਾਣ-ਸੰਗਲੀ ਦੀ ਭਾਸ਼ਾ ਬਾਰੇ ਵਿਸਥਾਰ ਨਾਲ ਚਰਚਾ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਅਧਿਆਇ ਛੇਵੇਂ ਵਿਚ ਕੀਤੀ ਗਈ ਹੈ।

## II ਪੂਰਬ ਪੱਖ ਦੀ ਪਰੀਖਿਆ

ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਬਾਰੇ ਵਿਚਾਰ ਕਰਨ ਵਾਲੇ ਉੱਤਰ ਪੱਖ ਦੇ ਆਧੁਨਿਕ ਵਿਦਵਾਨਾਂ ਵਿਚ ਪ੍ਰੋਫ਼ੈਸਰ ਅਰਨੈਸਟ ਟਰੰਪ ਦਾ ਨਾਂ ਸਭ ਤੋਂ ਪਹਿਲਾਂ ਲੈਣਾ ਉਚਿਤ ਹੋਵੇਗਾ। ਇਹ ਠੀਕ ਹੈ ਕਿ ਪ੍ਰੋਫ਼ੈਸਰ ਅਰਨੈਸਟ ਟਰੰਪ ਦੀ ਦ੍ਰਿਸ਼ਟੀ 'ਆਦਿ ਗ੍ਰੰਥ' ਬਾਰੇ, ਆਮ ਯੂਰਪੀਨ ਵਿਦਵਾਨਾਂ ਵਾਂਗ, ਬਹੁਤ ਸਾਫ਼ ਨਹੀਂ ਸੀ। ਪਰ ਫਿਰ ਵੀ ਉਸਨੇ ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਬਾਰੇ ਸੰਕਾ ਸਪਸ਼ਟ ਰੂਪ ਵਿਚ ਪ੍ਰਗਟਾਇਆ ਹੈ।[1]

ਆਧੁਨਿਕ ਯੁਗ ਦੇ ਗਿਆਨ ਵਿਗਿਆਨ, ਸਮਾਜ ਸ਼ਾਸਤ੍ਰ ਅਤੇ ਇਤਿਹਾਸ ਦੇ ਖੇਤਰਾਂ ਵਿਚ ਹੋਈਆਂ ਵਿਚਾਰ ਕ੍ਰਾਂਤੀਆਂ ਨੇ ਇਸ ਯੁਗ ਦੇ ਵਿਦਵਾਨਾਂ ਨੂੰ ਤਰਕ ਅਤੇ ਵਿਸ਼ਲੇਸ਼ਣ ਪ੍ਰਧਾਨ ਦ੍ਰਿਸ਼ਟੀ ਦੇ ਨਾਲ ਨਾਲ ਵਸਤੂ ਨਿਸ਼ਠਤਾ ਦਾ ਵੀ ਵਰਦਾਨ ਦਿੱਤਾ। ਇਸ ਵਿਗਿਆਨਿਕ ਦ੍ਰਿਸ਼ਟੀ ਨਾਲ ਵਿਚਾਰਨ ਤੋਂ ਪ੍ਰਾਣ-ਸੰਗਲੀ ਬਾਰੇ ਪਏ ਭੁਲੇਖਿਆਂ ਦਾ ਨਬੇੜਾ ਇਸ ਯੁਗ ਦੇ ਵਿਦਵਾਨਾਂ ਨੇ ਕੀਤਾ ਹੈ।

ਪੂਰਬ ਪੱਖ ਦੇ ਭੁਲੇਖਿਆਂ ਦਾ ਖੰਡਨ ਕਰਨ ਲਈ ਆਧੁਨਿਕ ਵਿਦਵਾਨਾਂ ਨੇ ਇਕ ਵਿਦਵੱਤਾ ਭਰੀ, ਖੋਜ ਭਰਪੂਰ ਅਤੇ ਤਰਕ ਪ੍ਰਮਾਣ ਤੇ ਆਧਾਰਿਤ ਚਰਚਾ ਆਰੰਭ ਕੀਤੀ। ਇਸ ਚਰਚਾ ਦਾ ਸੰਖੇਪ ਪੂਰਬ ਪੱਖ ਦੇ ਵਿਚਾਰਾਂ ਦੇ ਸੰਦਰਭ ਇਸ ਤਰ੍ਹਾਂ ਪ੍ਰਸਤੁਤ ਕੀਤਾ ਜਾ ਸਕਦਾ ਹੈ:

---

1. "ਸੰਤ ਸੰਪੂਰਣ ਸਿੰਘ ਨੇ ਅਰਨੈਸਟ ਟਰੰਪ ਦੇ ਵਿਚਾਰਾਂ ਦਾ ਉਲੇਖ ਆਪਣੀ 'ਜੀਵਨ ਗਾਥਾ' ਵਿਚ ਕੀਤਾ ਹੈ।" ਸੰਤ ਸੰਪੂਰਣ ਸਿੰਘ, 'ਜੀਵਨ ਗਾਥਾ', ਪੰਨਾ 206.

## 1) ਅੰਦਰਲੇ ਪ੍ਰਮਾਣ

ੳ) ਉਥਾਨਿਕਾ ਅਤੇ ਪੁਸ਼ਪਿਕਾ : ਪੂਰਬ ਪੱਖ ਦੇ ਵਿਦਵਾਨਾਂ ਨੇ ਪ੍ਰਾਣ-ਸੰਗਲੀ ਵਿਚ ਉਪਲੱਬਧ 'ਮਹਲਾ ੧' ਦੇ ਉਲੇਖਾਂ ਨੂੰ ਪ੍ਰਮਾਣ ਮੰਨਕੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨ ਦੀ ਚੇਸ਼ਟਾ ਕੀਤੀ ਸੀ। ਪਰ ਇਸ ਚੇਸ਼ਟਾ ਨੂੰ ਕੁਚੇਸ਼ਟਾ ਹੀ ਕਹਿਣਾ ਪਵੇਗਾ ਕਿਉਂਕਿ ਗਹੁ ਨਾਲ ਵਿਚਾਰਨ ਤੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ 'ਮਹਲਾ ੧' ਦੇ ਇਹ ਉਲੇਖ ਅਪ੍ਰਮਾਣਿਕ ਅਤੇ ਅਯੋਗ ਢੰਗ ਨਾਲ ਪ੍ਰਾਣ-ਸੰਗਲੀ ਵਿਚ ਵਰਤੇ ਗਏ ਹਨ। ਇਸ ਸੰਬੰਧੀ ਵਿਚਾਰ ਇਸੇ ਅਧਿਆਇ ਵਿਚ ਪਹਿਲਾਂ ਹੋ ਚੁਕਿਆ ਹੈ।

ਇਸੇ ਤਰ੍ਹਾਂ ਪੁਸ਼ਪਿਕਾਵਾਂ ਵਿਚ ਉਪਲਬਧ 'ਗੁਰੂ ਗ੍ਰੰਥ' ਆਦਿ ਸ਼ਬਦਾਂ ਦੀ ਵਰਤੋਂ ਵੀ ਨਾ ਕੇਵਲ ਅਪ੍ਰਮਾਣਿਕ ਹੀ ਹੈ ਸਗੋਂ ਇਹ ਇਕ ਅਨੁਚਿਤ ਚੇਸ਼ਟਾ ਜਿਹੀ ਜਾਪਦੀ ਹੈ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਹੱਥ ਲਿਖਤਾਂ[1] ਵਿਚ ਨਾ ਤੇ ਇਹ ਉਥਾਨਿਕਾਵਾਂ ਹਨ ਅਤੇ ਨਾ ਹੀ ਇਹ ਪੁਸ਼ਪਿਕਾਵਾਂ। ਇਸਦੇ ਨਾਲ ਨਾਲ ਇਹ ਤੱਥ ਵੀ ਵਿਚਾਰਨ ਯੋਗ ਹੈ ਕਿ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਵਿਚ ਉਪਲਬਧ ਉਥਾਨਿਕਾਵਾਂ ਅਤੇ ਪੁਸ਼ਪਿਕਾਵਾਂ ਵਿਚ ਸ਼ਬਦਾਂ, ਵਾਕ-ਅੰਸ਼ਾਂ ਅਤੇ ਸ਼ੈਲੀ ਦੀ ਇਕਰੂਪਤਾ[2] ਦਾ ਵੀ ਅਭਾਵ ਹੈ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸੰਤ ਸੰਪੂਰਣ ਸਿੰਘ ਨੇ ਆਪਣੀ ਸੰਪਾਦਿਤ ਪ੍ਰਾਣ-ਸੰਗਲੀ ਵਿਚ ਇਹਨਾਂ ਉਥਾਨਿਕਾਵਾਂ ਅਤੇ ਪੁਸ਼ਪਿਕਾਵਾਂ ਦੀ ਯੋਜਨਾ ਆਪਣੀ ਹੀ ਮਰਜ਼ੀ ਨਾਲ ਕੀਤੀ ਹੈ।

ਪ੍ਰਾਣ-ਸੰਗਲੀ ਵਿਚ ਉਥਾਨਿਕਾਵਾਂ ਅਤੇ ਪੁਸ਼ਪਿਕਾਵਾਂ ਦੀ ਆਧਾਰਹੀਣ ਯੋਜਨਾ ਤੋਂ ਇਲਾਵਾ ਇਹ ਤੱਥ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਵਿਚ ਨਾ ਹੀ ਉਥਾਨਿਕਾ ਅਤੇ ਨਾ ਹੀ ਕਿਸੇ ਪੁਸ਼ਪਿਕਾ ਲਿਖਣ-ਵਿਧੀ ਦੀ ਵਰਤੋਂ ਕੀਤੀ ਹੈ। ਇਸ ਦ੍ਰਿਸ਼ਟੀ ਨਾਲ ਵੀ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ।

---

1. ਦੇਖੋ: ੳ) 'ਪ੍ਰਾਣ-ਸੰਗਲੀ (ਹੱਥ-ਲਿਖਤ ਨੰ. 6116) ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ।
ਅ) ਉਹੀ (ਹੱਥ-ਲਿਖਤ ਨੰ. 7240), ਉਹੀ.
ੲ) ਉਹੀ (ਹੱਥ-ਲਿਖਤ ਨੰ. 5039-42), ਉਹੀ.
ਸ) ਉਹੀ (ਹੱਥ-ਲਿਖਤ ਨੰ. 1298), ਗੁਰੂ ਰਾਮਦਾਸ ਲਾਇਬ੍ਰੇਰੀ, ਅੰਮ੍ਰਿਤਸਰ।
ਹ) ਉਹੀ (ਹੱਥ-ਲਿਖਤ ਨੰ. 5002), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਕ) ਉਹੀ (ਹੱਥ-ਲਿਖਤ ਨੰ. 1002), ਉਹੀ.
ਖ) ਉਹੀ (ਹੱਥ-ਲਿਖਤ ਨੰ. 511), ਉਹੀ.
ਗ) ਉਹੀ (ਹੱਥ-ਲਿਖਤ ਨੰ. 10), ਉਹੀ.
ਘ) ਉਹੀ (ਹੱਥ-ਲਿਖਤ ਨੰ. 1053), ਉਹੀ.
ਙ) ਉਹੀ (ਹੱਥ-ਲਿਖਤ ਨੰ. 610), ਉਹੀ.
ਚ) ਉਹੀ (ਹੱਥ-ਲਿਖਤ ਨੰ. 1072), ਉਹੀ.
ਛ) ਉਹੀ, (ਹੱਥ-ਲਿਖਤ ਨੰ. 750), ਉਹੀ.

2. ਉਥਾਨਿਕਾ ਅਤੇ ਪੁਸ਼ਪਿਕਾ ਵਿਚ ਇਕਰੂਪਤਾ ਦਾ ਵਿਧਾਨ ਸ਼ਾਸਤ੍ਰੀ ਵਿਧਾਨ ਹੈ। ਇਸ ਦੀ ਉਲੰਘਣਾ ਨਾ ਕੇਵਲ ਸ਼ਾਸਤ੍ਰ ਦੇ ਵਿਪਰੀਤ ਹੀ ਹੈ ਸਗੋਂ ਇਸਦੇ ਨਾਲ ਨਾਲ ਲੇਖਕ ਦੀ ਉਥਾਨਿਕਾ ਅਤੇ ਪੁਸ਼ਪਿਕਾ ਸੰਬੰਧੀ ਅਪ੍ਰਮਾਣਿਕ ਸੋਚ ਸਮਝ ਦਾ ਸਬੂਤ ਵੀ ਮਿਲਦਾ ਹੈ।

ਅ) ਗੁਰੂ ਨਾਨਕ ਦੀ ਨਾਂ ਛਾਪ : ਆਮ ਤੌਰ ਤੇ ਪ੍ਰਾਣ-ਸੰਗਲੀ ਦੇ ਹਰ ਇਕ ਪਦੇ ਵਿਚ 'ਨਾਨਕ' ਦੀ ਨਾਂ-ਛਾਪ ਦੀ ਵਰਤੋਂ ਹੋਈ ਹੈ ਅਤੇ ਇਸ ਤੱਥ ਨਾਲ ਪੂਰਬ ਪੱਖ ਦੇ ਵਿਦਵਾਨ ਪ੍ਰਾਣ-ਸੰਗਲੀ ਨੂੰ ਆਦਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਦੇ ਹਨ।

ਪਰ ਪ੍ਰਾਣ-ਸੰਗਲੀ ਦੇ ਅੰਦਰਲੇ ਪ੍ਰਮਾਣਾਂ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਇਸ ਰਚਨਾ ਨੂੰ ਜੋੜਨ ਦੀ ਅਸੇਰ ਗੌਨ ਕੀਤੀ ਹੈ। ਇਸ ਬਾਰੇ ਡਾ. ਗੋਪਾਲ ਸਿੰਘ ਦੇ ਇਹ ਵਿਚਾਰ ਵਾਚਣਯੋਗ ਹਨ:

> "ਪਦ ਰਚਨਾ ਵਿਚ ਗੌਣੀ ਤੇ ਨਕਲੀ ਬਾਣੀ (ਜਿਵੇਂ ਪ੍ਰਾਣ-ਸੰਗਲੀ) 'ਨਾਨਕ' ਨਾਮ ਨਾਲ ਜੋੜੀ ਬਹੁਤ ਆਮ ਮਿਲਦੀ ਹੈ। ਜਿਸ ਕਿਸੇ ਨੇ ਉੱਤਰੀ ਹਿੰਦ ਵਿਚ ਆਪਣੇ ਮੱਤ ਦਾ ਪ੍ਰਚਾਰ ਕਰਨਾ ਹੁੰਦਾ ਸੀ, ਉਹ ਇਵੇਂ ਹੀ ਕਰਦਾ ਸੀ।"[1]

ਇਸਲਾਮੀ ਪਰੰਪਰਾਵਾਂ ਅਨੁਸਾਰ ਕਿਸੇ ਮਹਾਂਪੁਰਖ ਦੇ ਨਾਂ ਦੀ ਛਾਪ ਨੂੰ ਅਧੇਰ ਰੂਪ ਵਿਚ ਵਰਤਣਾ ਕੁਫ਼ਰ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਪ੍ਰਾਣ-ਸੰਗਲੀ ਗੌਣੀ ਬਾਣੀ ਦੇ ਰੂਪ ਵਿਚ ਪ੍ਰਗਟਿਤ ਕਰਨ ਦਾ ਯਤਨ ਕੀਤਾ ਗਿਆ ਹੈ।

ੲ) ਗੁਰੂ ਨਾਨਕ ਦੇਵ ਜੀ ਦੀ ਆਪਣੀ ਗਵਾਹੀ: ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਦੇ ਅੰਤਲੇ ਸੰਦਰਭ ਵਿਚ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਉਹਨਾਂ ਦੀ ਆਪਣੀ ਰਚਨਾ ਅਖਵਾਇਆ ਗਿਆ ਹੈ।[2] ਸਾਫ਼ ਹੈ ਕਿ ਇਹ ਤਰਕ ਨਿਰਾਧਾਰ ਹੈ। ਵਿਸ਼ੇਸ਼ ਕਰਕੇ ਇਸ ਲਈ ਵੀ ਕਿ ਇਹ ਸਾਰਾ ਸੰਦਰਭ ਪ੍ਰਾਣ-ਸੰਗਲੀ ਦੇ 80ਵੇਂ ਅਧਿਆਇ ਵਾਲੀ ਪੁਸ਼ਪਿਕਾ ਦੇ ਸਮਾਪਤ ਹੋਣ ਦੇ ਬਾਅਦ ਵਾਰਤਕ ਦੇ ਰੂਪ ਵਿਚ ਮਿਲਦਾ ਹੈ। ਇਸ ਤਰ੍ਹਾਂ ਦੇ ਵਾਰਤਕ ਅੰਸ਼ਾਂ ਨੂੰ ਪ੍ਰਮਾਣਿਕ ਮੰਨਣ ਲਈ ਕੋਈ ਆਧਾਰ ਨਹੀਂ ਹੈ।

ਸਪਸ਼ਟ ਹੈ ਕਿ ਪੂਰਬ ਪੱਖ ਦਾ ਇਹ ਤਰਕ ਵੀ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਨਹੀਂ ਕਰ ਸਕਦਾ।

ਸ) ਰਚਨਾ ਸ਼ੈਲੀ: ਪੂਰਬ ਪੱਖ ਦੇ ਵਿਦਵਾਨਾਂ ਦੇ ਅਨੁਸਾਰ ਪ੍ਰਾਣ-ਸੰਗਲੀ ਦਾ ਵਿਸ਼ਾ-ਵਸਤੂ ਅਤੇ ਇਸਦੀ ਰਾਗਾਂ ਅਨੁਸਾਰੀ ਸੰਰਚਨਾ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਆਪਣੀ ਰਚਨਾ ਸਿੱਧ ਕਰਦੀ ਹੈ। ਪਰ ਇਹ ਵੀ ਇਕ ਭੁਲੇਖਾ ਹੀ ਹੈ ਕਿਉਂਕਿ ਪ੍ਰਾਣ-ਸੰਗਲੀ ਦਾ ਵਿਸ਼ਾ-ਵਸਤੂ (ਹਠਯੋਗ ਆਦਿ) ਗੋਰਖ ਨਾਥ ਤੋਂ ਲੈ ਕੇ ਕਬੀਰ

---

1. ਡਾ: ਗੋਪਾਲ ਸਿੰਘ, ਗੌਣੀ ਬਾਣੀ, 'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ', (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 329.
2. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 832-33. ਇਸ ਸੰਦਰਭ ਦਾ ਪ੍ਰਮੁੱਖ ਅੰਸ਼ ਪਿਛੇ ਦਿੱਤਾ ਜਾ ਚੁਕਿਆ ਹੈ।

ਤਕ ਅਤੇ ਉਸ ਤੋਂ ਪਿੱਛੋਂ ਆਧੁਨਿਕ ਰਾਧਾ ਸੁਆਮੀ ਮੱਤ ਦੇ ਗ੍ਰੰਥਾਂ ਵਿਚ ਵੀ ਇਕਸਾਰ ਮਿਲਦਾ ਹੈ। ਇਸ ਲਈ ਵਿਸ਼ੈ-ਵਸਤੂ ਦੀ ਇਸ ਇਕਸਾਰਤਾ ਨਾਲ ਪ੍ਰਾਣ-ਸੰਗਲੀ ਦੇ ਕਰਤ੍ਰਿਤਵ ਬਾਰੇ ਕੋਈ ਨਿਰਣਾ ਕਰਨਾ ਸੰਭਵ ਨਹੀਂ ਹੈ।

ਇਸੇ ਤਰ੍ਹਾਂ ਛੰਦ ਅਤੇ ਰਾਗਾਂ ਦੇ ਆਧਾਰ ਤੇ ਆਦਿ ਗ੍ਰੰਥ ਅਤੇ ਪ੍ਰਾਣ-ਸੰਗਲੀ ਵਿਚ ਉਪਲਬਧ ਇਕਸਾਰਤਾ ਨੂੰ ਮੁਖ ਰੱਖਕੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨ ਲੈਣਾ ਭ੍ਰਾਂਤੀ ਮਾਤਰ ਹੈ ਕਿਉਂਕਿ ਭਾਰਤੀ ਸਾਹਿੱਤ ਵਿਚ ਛੰਦਾਂ ਅਤੇ ਰਾਗਾਂ ਦੀ 'ਆਦਿ ਗ੍ਰੰਥ' ਵਾਲੀ ਪੱਧਤੀ ਬਹੁਤ ਪ੍ਰਾਚੀਨ ਹੈ। ਪੁਰਾਤਨ ਸਿੱਧਾਂ, ਨਾਥਾਂ ਤੇ ਨਾਮਦੇਵ ਆਦਿ ਸੰਤਾਂ ਨੇ ਇਸ ਪੱਧਤੀ ਦਾ ਪਾਲਣ ਕੀਤਾ ਹੈ। ਸਪਸ਼ੱਟ ਹੈ ਕਿ ਕੇਵਲ ਛੰਦਾਂ ਅਤੇ ਰਾਗਾਂ ਦੀ ਸਮਾਨਤਾ ਦੇ ਆਧਾਰ ਤੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਦੇ ਰੂਪ ਵਿਚ ਪ੍ਰਸਿੱਧ ਕਰਨ ਲਈ ਉਹਨਾਂ ਦੀ ਸ਼ੈਲੀ ਦਾ ਅਸਫਲ ਅਨੁਕਰਣ ਕਰਦਾ ਹੈ।

2) <u>ਪ੍ਰਾਚੀਨ ਉਲੇਖ</u>

ੳ) <u>ਪੁਰਾਤਨ ਜਨਮਸਾਖੀ:</u> ਪੂਰਬ ਪੱਖ ਦੇ ਵਿਦਵਾਨਾਂ ਨੇ ਪ੍ਰਾਣ-ਸੰਗਲੀ ਬਾਰੇ ਪੁਰਾਤਨ ਜਨਮਸਾਖੀ ਦੀ ਗਵਾਹੀ ਉੱਤੇ ਲੋੜ ਤੋਂ ਵੱਧ ਵਿਸ਼ਵਾਸ ਕੀਤਾ ਜਾਪਦਾ ਹੈ।

ਇਤਿਹਾਸਿਕ ਦ੍ਰਿਸ਼ਟੀ ਤੋਂ ਸੋਢੀ ਮਿਹਰਬਾਨ ਦੀ ਪੋਥੀ 'ਸੱਚ ਖੰਡ' ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਪੁਰਾਣੀ ਜਨਮਸਾਖੀ ਹੈ। ਸੋਢੀ ਮਿਹਰਬਾਨ ਨੇ ਪੋਥੀ 'ਸੱਚਖੰਡ' ਵਿਚ ਨਾ ਤੇ ਭਾਈ ਬਾਲੇ ਦਾ ਕੋਈ ਉਲੇਖ ਕੀਤਾ ਹੈ ਅਤੇ ਨਾ ਹੀ ਪ੍ਰਾਣ-ਸੰਗਲੀ ਬਾਰੇ ਕੋਈ ਸੂਚਨਾ ਹੀ ਦਿੱਤੀ ਹੈ।

ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਸੋਢੀ ਮਿਹਰਬਾਨ ਗੁਰੂ ਅਰਜਨ ਦੇਵ ਜੀ ਦਾ ਸਕਾ ਭਤੀਜਾ ਸੀ ਅਤੇ ਪੰਚਮ ਗੁਰੂ ਜੀ ਉਸਨੂੰ ਇਕ ਲੰਮੇ ਸਮੇਂ ਤਕ ਗੁਰੂ ਘਰ ਦੀ ਮਰਯਾਦਾ ਵਿਚ ਪਰਪਕ ਕਰਦੇ ਰਹੇ ਸਨ। ਇਸ ਲਈ ਪ੍ਰਾਣ-ਸੰਗਲੀ ਬਾਰੇ ਸੋਢੀ ਮਿਹਰਬਾਨ ਦੀ ਗਵਾਹੀ ਅੰਤਿਮ ਅਤੇ ਨਿਰਣਾਇਕ ਗਵਾਹੀ ਮੰਨਣੀ ਪਵੇਗੀ।

ਸੱਚ ਇਹ ਹੈ ਕਿ ਪ੍ਰਾਣ-ਸੰਗਲੀ ਬਾਰੇ 'ਪੁਰਾਤਨ ਜਨਮਸਾਖੀ' ਵਿਚ ਦਿੱਤੇ ਗਏ ਸਾਰੇ ਵੇਰਵੇ ਨਾ ਕੇਵਲ ਅਪ੍ਰਮਾਣਿਕ ਹਨ ਸਗੋਂ ਕਿਸੇ ਉਦੇਸ਼ ਦਾ ਨਿਮਿਤ ਕਾਰਣ ਹਨ।

ਪੂਰਬ ਪੱਖ ਦੇ ਵਿਦਵਾਨਾਂ ਨੇ ਪ੍ਰਾਣ-ਸੰਗਲੀ ਅਤੇ 'ਪੁਰਾਤਨ ਜਨਮਸਾਖੀ' ਜਿਹੀਆਂ ਰਚਨਾਵਾਂ ਦੇ ਕੁਝ ਸੰਦਰਭਾਂ ਵਿਚ ਸਮਾਨਤਾ ਦੱਸੀ ਹੈ ਕਿ ਇਹ ਗੁਰੂ ਨਾਨਕ ਦੇਵ ਦੀ ਰਚਨਾ ਹੈ।

ਪਰ ਧਿਆਨ ਨਾਲ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਬਾਰੇ 'ਪੁਰਾਤਨ ਜਨਮਸਾਖੀ' ਦੇ ਉਲੇਖ ਬਹੁਤ ਭ੍ਰਾਂਤੀਪੂਰਨ ਹਨ ਅਤੇ ਇਹਨਾਂ ਉਲੇਖਾਂ ਨੂੰ ਇਸ ਸ਼ੋਧ-ਪ੍ਰਬੰਧ ਵਿਚ ਕਈ ਥਾਵਾਂ ਤੇ ਪਰਖਿਆ ਗਿਆ ਹੈ।

i) <u>ਪ੍ਰਾਣ-ਸੰਗਲੀ ਦੇ ਲਿਖਾਰੀ:</u> ਪੂਰਬ ਪੱਖ ਦੇ ਵਿਦਵਾਨ ਪ੍ਰਾਣ-ਸੰਗਲੀ ਵਿਚ ਆਏ ਇਸ ਦੇ ਲਿਖਾਰੀਆਂ ਦੇ ਨਾਵਾਂ ਨੂੰ ਆਧਾਰ ਬਣਾ ਕੇ ਇਸ ਦੀ ਪ੍ਰਮਾਣਿਕਤਾ ਸਿੱਧ ਕਰਨਾ ਚਾਹੁੰਦੇ ਹਨ।

ਪਰ ਚੂੰਕਿ ਪ੍ਰਾਣ-ਸੰਗਲੀ ਇਕ ਅਪ੍ਰਮਾਣਿਕ ਰਚਨਾ ਹੈ। ਇਸ ਲਈ ਇਸਦੇ ਲਿਖਾਰੀਆਂ ਦਾ ਉਲੇਖ ਕੋਈ ਅਰਥ ਨਹੀਂ ਰਖਦਾ।

ਇਸ ਤੋਂ ਇਲਾਵਾ ਪ੍ਰਾਣ-ਸੰਗਲੀ ਦੇ ਲਿਖਾਰੀਆਂ ਦੇ ਨਾਂ ਪ੍ਰਾਣ-ਸੰਗਲੀ ਵਿਚ ਭਿੰਨ ਭਿੰਨ ਦਰਸਾਏ ਗਏ ਹਨ। ਆਮ ਤੌਰ ਤੇ ਸੈਦੂ[1] ਸੀਹੁ ਨੂੰ ਪ੍ਰਾਣ-ਸੰਗਲੀ ਦੇ ਲਿਖਾਰੀ ਦੱਸਿਆ ਗਿਆ ਹੈ ਪਰ ਕਈ ਹੋਰ ਥਾਵਾਂ ਤੇ ਸੀਹੇ, ਮੀਹੇ, ਸੈਦੇ, ਘੇਹੋ, ਘੇਹੂ ਨੂੰ ਵੀ ਪ੍ਰਾਣ-ਸੰਗਲੀ ਦਾ ਲਿਖਾਰੀ ਦਰਸਾਇਆ ਗਿਆ ਹੈ। ਲਿਖਾਰੀਆਂ ਦੇ ਨਾਵਾਂ ਦੀ ਇਹ ਭਿੰਨਤਾ ਪ੍ਰਾਣ-ਸੰਗਲੀ ਦੀ ਪ੍ਰਮਾਣਿਕਤਾ ਉੱਤੇ ਇਕ ਗੰਭੀਰ ਪ੍ਰਸ਼ਨ ਚਿੰਨ੍ਹ ਲਾ ਦਿੰਦੀ ਹੈ।

ii) <u>ਮੁੱਢਲੀਆਂ ਸੈਂਚੀਆਂ:</u> ਪੁਰਾਤਨ ਜਨਮਸਾਖੀ ਅਤੇ ਪ੍ਰਾਣ-ਸੰਗਲੀ ਦੇ ਅੰਦਰਲੇ ਕੁਝ ਹਵਾਲਿਆਂ ਵਿਚ ਪ੍ਰਾਣ-ਸੰਗਲੀ ਦੀਆਂ ਮੁੱਢਲੀਆਂ ਸੈਂਚੀਆਂ ਤਿਆਰ ਕਰਨ ਦਾ ਉਲੇਖ ਮਿਲਦਾ ਹੈ। ਛਾਪੇ ਦੀ ਵਿਵਸਥਾ ਤੋਂ ਪਹਿਲਾਂ ਇਕ ਗ੍ਰੰਥ ਦੀਆਂ ਕਈਆਂ ਸੈਂਚੀਆਂ ਤਿਆਰ ਕਰਨ ਦੀ ਪ੍ਰਥਾ ਸੀ। ਇਥੋਂ ਤਕ ਕਿ 'ਆਦਿ ਗ੍ਰੰਥ' ਦੀਆਂ ਵੀ ਮੁਢਲੀਆਂ ਕਈ ਸੈਂਚੀਆਂ ਤਿਆਰ ਹੋਣ ਦੀ ਸੂਚਨਾ ਸਿੱਖ ਰਵਾਇਤਾਂ ਵਿਚ ਮਿਲਦੀ ਹੈ।

ਪਰ ਪ੍ਰਾਣ-ਸੰਗਲੀ ਦਾ ਲੇਖਕ ਇਸ ਬਾਰੇ ਇਕ ਰਹੱਸਪੂਰਨ ਨਕਲੀ ਛਿਪਾਊ ਸੈਂਚੀ ਤਿਆਰ ਕਰਨ ਦਾ ਉਲੇਖ ਕਰਦਾ ਹੈ। ਇਸਦੇ ਨਾਲ ਨਾਲ ਹੀ ਪ੍ਰਾਣ-ਸੰਗਲੀ ਵਿਚ ਗੁਰੂ ਨਾਨਕ ਦੇਵ ਜੀ ਦੀ ਇਹ ਆਗਿਆ[2] ਵੀ ਦਰਜ ਕੀਤੀ ਗਈ ਹੈ ਕਿ ਪ੍ਰਾਣ-ਸੰਗਲੀ ਇਕ ਖ਼ਾਸ ਵਰਗ ਲਈ ਲਿਖੀ ਗਈ ਹੈ ਅਤੇ ਉਸ ਵਰਗ ਨੂੰ ਵੀ ਪ੍ਰਾਣ-ਸੰਗਲੀ ਦੀ ਪੂਰੀ ਸੈਂਚੀ ਦੇਣ ਦਾ ਹੁਕਮ ਨਹੀਂ ਹੈ।

ਪ੍ਰਾਣ-ਸੰਗਲੀ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੀ ਇਸ ਆਗਿਆ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਦ੍ਰਿਸ਼ਟੀਕੋਣ ਲੋਕਵਾਦੀ ਸੀ। ਸਰਬੱਤ ਦਾ ਭਲਾ ਉਹਨਾਂ ਦੀ ਸਾਧਨਾ ਦਾ ਮੁੱਖ ਉਦੇਸ਼ ਸੀ ਅਤੇ ਪ੍ਰਾਣ-ਸੰਗਲੀ ਦੀ ਇਹ ਵਰਗਵਾਦੀ ਰਚਨਾ ਗੁਰੂ ਨਾਨਕ ਦੇਵ ਜੀ ਦੇ ਲੋਕਵਾਦੀ ਦ੍ਰਿਸ਼ਟੀਕੋਣ ਤੋਂ ਉਲਟ ਹੈ।

ਪ੍ਰਾਣ-ਸੰਗਲੀ ਵਿਚ ਇਸ ਨੂੰ ਗੁਰਜੀਬਾਣੀ, ਅਨਾਹਦਬਾਣੀ, ਸੁਸੰਬਦ ਬਾਣੀ ਆਦਿ ਨਾਂ ਦਿੱਤੇ ਗਏ ਹਨ। ਇਹਨਾਂ ਜਿੱਥੇ ਪ੍ਰਾਣ-ਸੰਗਲੀ ਨੂੰ ਵਿਚਾਰ ਦੇ ਪੱਖੋਂ ਇਕ ਮਨੋਕਲਪਿਤ ਰਚਨਾ ਸਿੱਧ ਕਰਦੇ ਹਨ ਉੱਥੇ ਪ੍ਰਾਣ-ਸੰਗਲੀ ਨੂੰ ਲੋਕਾਂ, ਖ਼ਾਸ ਤੌਰ ਤੇ ਬੋਧੀ ਵਿਦਵਾਨਾਂ ਨੂੰ ਇਸ ਤੋਂ ਵਾਂਝੇ ਰੱਖਣ ਦੀ ਪ੍ਰਵਿਰਤੀ ਦੀ ਵੀ ਸੂਚਨਾ ਦਿੰਦੇ ਹਨ।

---

1. ਪੁਰਾਤਨ ਜਨਮਸਾਖੀ ਦੇ ਅਨੁਸਾਰ ਸੈਦੋ ਜਟ ਦਾ ਨਾਂ ਸੀ ਅਤੇ ਦੂਸਰੀ ਜਾਤਿ ਘੇਹੋ ਸੀ:
"... ਸੈਦੋ ਜਟੁ ਜਾਤਿ ਘੇਹੋ ਪਾਹੁਲਿ ਹੁਕਮ ਨਾਲਿ ਦਿਤੀ" 'ਪੁਰਾਤਨ ਜਨਮਸਾਖੀ' (ਸੰਪਾ. ਭਾਈ ਵੀਰ ਸਿੰਘ), ਪੰਨਾ 167.
2. 'ਪ੍ਰਾਣ-ਸੰਗਲੀ' (ਹੱਥ-ਲਿਖਤ ਨੰ. 10), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ, ਪੌੜੀ ਨੰ. 1.

ਪ੍ਰਾਣ-ਸੰਗਲੀ ਬਾਰੇ ਵਰਤੇ ਗਏ ਇਹ ਸਾਰੇ ਵਿਸ਼ੇਸ਼ਣ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਅਤੇ ਉਹਨਾਂ ਦੀ ਲੋਕਵਾਦੀ ਸਾਧਨਾ ਪੱਧਤੀ ਦੇ ਪ੍ਰਤਿਕੂਲ ਹਨ। ਭਾਵ ਇਹ ਹੈ ਕਿ ਇਨ੍ਹਾਂ ਤੱਥਾਂ ਦੇ ਆਧਾਰ ਤੇ ਜਾਂ ਤੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਣਾ ਪਏਗਾ ਅਤੇ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਬਾਣੀ ਦਾ ਰਚੇਤਾ ਕਿਸੇ ਹੋਰ ਨੂੰ ਮੰਨਣਾ ਪਏਗਾ ਕਿਉਂਕਿ ਇਹਨਾਂ ਦੋਹਾਂ ਦਾ ਪਰਸਪਰ ਮੇਲ ਨਹੀਂ। ਪਰ ਆਦਿ ਗ੍ਰੰਥ ਵਿਚਲੀ ਗੁਰੂ ਨਾਨਕ ਬਾਣੀ ਨਿਰਵਿਵਾਦ ਰੂਪ ਵਿਚ ਪ੍ਰਮਾਣਿਕ ਹੈ, ਇਸ ਲਈ ਅੰਤ ਵਿਚ ਸਾਨੂੰ ਪ੍ਰਾਣ-ਸੰਗਲੀ ਦੀ ਇਸ ਬਾਣੀ ਦਾ ਰਚੇਤਾ-ਪਦ ਗੁਰੂ ਨਾਨਕ ਨਾਲੋਂ ਵੱਖ ਕਰਨਾ ਪਏਗਾ।

iii) <u>ਜੰਬੂ ਦੀਪ</u>: ਭਾਰਤ ਦੇ ਭੂਗੋਲ ਸ਼ਾਸਤ੍ਰੀਆਂ ਨੇ ਇਸ ਸਮੂਹ ਭੂਮੰਡਲ ਨੂੰ 7 ਦੀਪਾਂ ਵਿਚ ਵੰਡਿਆ ਹੈ। 'ਜੰਬੂ ਦੀਪ' ਵਿਚ ਸਾਡਾ ਦੇਸ਼ ਭਾਰਤਵਰਸ਼ ਆਉਂਦਾ ਹੈ। ਪਰ ਸੰਗਲਦੀਪ ਨਾਂ ਦਾ ਦੀਪ ਭਾਰਤੀ ਭੂਗੋਲ ਸ਼ਾਸਤ੍ਰ ਤੋਂ ਪ੍ਰਮਾਣਿਤ ਕਰਨਾ ਸਰਲ ਨਹੀਂ ਹੈ।[1]

ਅ) <u>ਭਾਈ ਬਾਲੇ ਵਾਲੀ ਜਨਮਸਾਖੀ (ਜਾਂ ਹੰਦਾਲੀਆਂ ਵਾਲੀ ਜਨਮਸਾਖੀ)</u>

ਪੂਰਬ ਪੱਖ ਦੇ ਵਿਦਵਾਨਾਂ ਨੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੀ ਰਚਨਾ ਸਿੱਧ ਕਰਨ ਲਈ ਪੁਰਾਤਨ ਜਨਮਸਾਖੀ ਤੋਂ ਇਲਾਵਾ ਭਾਈ ਬਾਲੇ ਵਾਲੀ ਜਨਮਸਾਖੀ ਦੇ ਇੱਕ ਉਲੇਖ ਨੂੰ ਵੀ ਪ੍ਰਮਾਣ ਵਜੋਂ ਪ੍ਰਸਤੁਤ ਕੀਤਾ ਹੈ। ਇਸ ਉਲੇਖ ਅਨੁਸਾਰ:

i) ਪ੍ਰਾਣ-ਸੰਗਲੀ ਦਾ ਉਚਾਰਨ ਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਵਿਚ ਕੀਤਾ।

ii) ਇਸ ਵਿਚ 113 ਅਧਿਆਇ ਹਨ।

i) ਜਿਥੋਂ ਤਕ ਪ੍ਰਾਣ-ਸੰਗਲੀ ਦੇ ਸੰਗਲਾਦੀਪ ਵਿਚ ਉਚਾਰਨ ਹੋਣ ਦਾ ਸੰਬੰਧ ਹੈ, ਇਸ ਬਾਰੇ ਵਿਸਥਾਰ ਨਾਲ ਚਰਚਾ ਪਿੱਛੇ ਹੋ ਚੁੱਕੀ ਹੈ। ਪ੍ਰਾਣ-ਸੰਗਲੀ ਦੇ 113 ਅਧਿਆਵਾਂ ਦੀ ਸੂਚਨਾ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਦਿੱਤੀ ਗਈ ਹੈ ਅਤੇ ਇਸ ਸੂਚਨਾ ਦਾ ਵਿਧੀ ਪੂਰਵਕ ਵਿਵੇਚਨ ਵਿਸ਼ਲੇਸ਼ਣ ਕਰਨਾ ਉਚਿਤ ਜਾਪਦਾ ਹੈ।

---

1. ੳ) ਮੋਨੀਅਰ ਵਿਲੀਅਮਜ਼ ਨੇ ਆਪਣੀ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ ਵਿਚ 'ਜੰਬੂ ਦੀਪ' ਨੂੰ ਅੱਜ ਦਾ ਏਸ਼ੀਆ ਮੰਨਿਆ ਹੈ। ਇਸ ਕੋਸ਼ ਵਿਚ ਵੀ 'ਸੰਘਲਾਦੀਪ' ਨਾਂ ਵਾਲੇ ਕਿਸੇ ਦੀਪ ਦਾ ਕੋਈ ਉਲੇਖ ਨਹੀਂ ਹੈ।

ਅ) ਮਲਕ ਮੁਹੰਮਦ ਜਾਇਸੀ ਨੇ ਪਦਮਾਵਤ ਵਿਚ ਸਿੰਘਲ ਦੇਸ਼ ਦਾ ਜ਼ਿਕਰ ਕੀਤਾ ਹੈ, ਸਿੰਘਲਦੀਪ ਦਾ ਨਹੀਂ।

11) <u>ਪ੍ਰਾਣ-ਸੰਗਲੀ ਦੇ ਅਧਿਆਇ:</u> ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਸੰਖਿਆ ਬਾਰੇ ਵੱਖਰੀਆਂ ਵੱਖਰੀਆਂ ਹੱਥ-ਲਿਖਤਾਂ ਅਤੇ ਛਪੀਆਂ ਹੋਈਆਂ ਪੁਸਤਕਾਂ ਵਿਚ ਬਹੁਤ ਭਿੰਨਤਾ ਹੈ। ਸੰਤ ਸੰਪੂਰਣ ਸਿੰਘ ਨੇ ਲਿਖਿਆ ਹੈ ਕਿ ਉਹਨਾਂ ਨੂੰ ਪ੍ਰਾਣ-ਸੰਗਲੀ ਦੇ ਵੱਖਰੇ ਵੱਖਰੇ ਅਧਿਆਇ ਵੱਖ ਵੱਖ ਥਾਵਾਂ ਅਤੇ ਸਮਿਆਂ ਵਿਚ ਮਿਲੇ।

ਉਹਨਾਂ ਨੇ ਸਭ ਤੋਂ ਪਹਿਲਾਂ ਪ੍ਰਾਣ-ਸੰਗਲੀ ਦੇ 21 ਅਧਿਆਇ ਨਾਗਰੀ ਅੱਖਰਾਂ ਵਿਚ ਪ੍ਰਯਾਗ ਤੋਂ ਪ੍ਰਕਾਸ਼ਿਤ ਕਰਵਾਏ ਅਤੇ ਅੱਗੇ ਚਲਕੇ ਜਦ ਉਹਨਾਂ ਨੂੰ ਪ੍ਰਾਣ-ਸੰਗਲੀ ਦੇ 80 ਅਧਿਆਵਾਂ ਵਾਲੀ ਇਕ ਹੱਥ-ਲਿਖਤ ਮਿਲੀ ਤਾਂ ਉਹਨਾਂ ਨੇ ਪ੍ਰਾਣ-ਸੰਗਲੀ ਦੇ 80 ਅਧਿਆਇ ਵੀ ਨਾਗਰੀ ਅੱਖਰਾਂ ਵਿਚ ਪ੍ਰਕਾਸ਼ਿਤ ਕਰਵਾਏ।[1] ਸੰਤ ਸੰਪੂਰਣ ਸਿੰਘ ਲਿਖਦੇ ਹਨ:

> "ਐਸੇ ਤੋ ਅਲਗ ਅਲਗ ਸਥਾਨੋਂ ਮੇਂ 113-116 ਅਧਿਆਇ ਪ੍ਰਾਣ ਸੰਗਲੀ ਕੇ ਸੰਗ੍ਰਹਿ ਕੀ ਸੂਚਨਾ ਭੀ ਕਹੀਂ ਇਤਿਹਾਸ ਮੇਂ ਮਿਲਤੀ ਹੈ। ਸੋ ਯਾ ਤੋ ਬਾਕੀ ਹਿੱਸਾ ਪੰਜਾਬ ਮੇਂ ਆਇਆ ਹੀ ਨਹੀਂ, ਯਾ ਆਇਆ ਹੋਗਾ ਤੋਂ ਅਭੀ ਹਮਾਰੀ ਅਨਵੇਸ਼ਣਾ ਗੋਚਰ ਹੈ।"[2]

ਇਸ ਤੋਂ ਇਲਾਵਾ ਪ੍ਰਾਣ-ਸੰਗਲੀ ਦੇ 80ਵੇਂ ਅਧਿਆਇ ਦੇ ਅੰਤ ਵਿਚ ਸੰਤ ਸੰਪੂਰਣ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਭਵਿਖਬਾਣੀ ਵੀ ਸੰਪਾਦਿਤ ਕੀਤੀ ਹੈ:

> "ਇਕ ਸਿੱਖ ਪੰਜਾਬ ਧਰਤੀ ਥਾ ਆਵੇਗਾ। ਉਸਨੇ ਸਠ ਧਿਆਉ ਲਿਖ ਦੇਣੇ ਪਰ ਸੰਪੂਰਣ ਗ੍ਰੰਥ ਨਹੀਂ ਦੇਣਾ।"[3]

ਸਪਸ਼ਟ ਹੈ ਕਿ ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਕੁਲ ਗਿਣਤੀ ਬਾਰੇ ਬਹੁਤ ਮੱਤਭੇਦ ਹਨ। ਇਹਨਾਂ ਮੱਤਭੇਦਾਂ ਨੂੰ ਮੁੱਖ ਰੱਖਕੇ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਕੁਲ ਅਧਿਆਵਾਂ ਦੀ ਗਿਣਤੀ ਹੁਣ ਤਕ ਕੇਵਲ ਪਰੰਪਰਾਵਾਂ ਦੇ ਅਨੁਸਾਰ ਹੀ ਦੱਸੀ ਜਾਂਦੀ ਹੈ ਅਤੇ ਇਸ ਬਾਰੇ ਕੋਈ ਪ੍ਰਮਾਣਿਕ ਵਿਵੇਚਨ ਵਿਸ਼ਲੇਸ਼ਣ ਕਿਧਰੇ ਨਜ਼ਰ ਨਹੀਂ ਆਇਆ।

ਇਹਨਾਂ ਪਰਸਪਰ ਵਿਰੋਧੀ ਵਿਚਾਰਾਂ ਤੋਂ ਉਪਰੰਤ ਪ੍ਰਾਣ-ਸੰਗਲੀ ਦੀ ਅੰਤਰੀਵੀ ਗਵਾਹੀ ਇਹ ਦੱਸਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਵਿਚ ਤਿਆਰ ਕੀਤੀ ਗਈ ਪ੍ਰਾਣ-ਸੰਗਲੀ ਦੀ ਸੰਚੀ ਤੋਂ ਕੇਵਲ 60 ਅਧਿਆਇ ਲਿਜਾਣ ਦਾ ਹੁਕਮ ਦਿੱਤਾ ਸੀ। ਜੇਕਰ ਇਹ ਸੱਚ ਹੈ ਤਾਂ ਪ੍ਰਾਣ-ਸੰਗਲੀ ਦੇ ਕੇਵਲ 60 ਅਧਿਆਇ ਹੀ ਪੰਜਾਬ ਵਿਚ ਆਉਣੇ ਚਾਹੀਦੇ ਸਨ। ਸੰਤ ਸੰਪੂਰਣ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ

---

1. ਸੰਤ ਸੰਪੂਰਣ ਸਿੰਘ, 'ਜੀਵਨ ਗਾਥਾ', ਪੰਨਾ 52.
2. 'ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 833.
3. ਉਹੀ, ਪੰਨਾ 833.

ਪ੍ਰਾਣ-ਸੰਗਲੀ ਦੇ 80 ਅਧਿਆਵਾਂ ਨੂੰ ਕਿਵੇਂ ਪ੍ਰਮਾਣਿਕ ਮੰਨਕੇ ਪ੍ਰਕਾਸ਼ਿਤ ਕੀਤਾ? ਇਸ ਪ੍ਰਸ਼ਨ ਦਾ ਕੋਈ ਉੱਤਰ ਸੰਤ ਸੰਪੂਰਣ ਸਿੰਘ ਨੇ ਨਹੀਂ ਦਿੱਤਾ। ਉਹਨਾਂ ਦੀ ਪ੍ਰਾਣ-ਸੰਗਲੀ ਸੰਬੰਧੀ ਸਾਰੀ ਖੋਜ ਵਿਰੋਧਾਭਾਸ ਦੇ ਇਸੇ ਬਿੰਦੂ ਉੱਤੇ ਆ ਕੇ ਖੇਰੂੰ ਖੇਰੂੰ ਹੋ ਜਾਂਦੀ ਹੈ।

ਸੱਚ ਇਹ ਹੈ ਕਿ ਪ੍ਰਾਣ-ਸੰਗਲੀ ਦੀ ਅੰਦਰਲੀ ਗਵਾਹੀ ਅਨੁਸਾਰ ਪ੍ਰਾਣ-ਸੰਗਲੀ ਵਿਚ ਅਧਿਆਵਾਂ ਦੀ ਸੰਖਿਆ ਘਟੋ ਘੱਟ 60 ਅਤੇ ਵੱਧ ਤੋਂ ਵੱਧ 160 ਤਕ ਹੋਣੀ ਚਾਹੀਦੀ ਹੈ। 60 ਤੋਂ 160 ਦੇ ਵਿਚਕਾਰਲਾ 100 ਅਧਿਆਵਾਂ ਦਾ ਅੰਤਰ ਕਿਸੇ ਵੀ ਰਚਨਾ ਦੀ ਪ੍ਰਮਾਣਿਕਤਾ ਉੱਤੇ ਪ੍ਰਸ਼ਨ ਚਿੰਨ੍ਹ ਲਾ ਦਿੰਦਾ ਹੈ। ਕਿਉਂਕਿ ਕਿਸੇ ਵੀ ਪ੍ਰਮਾਣਿਕ ਰਚਨਾ ਦਾ ਆਕਾਰ ਬਹੁਤ ਸਪਸ਼ਟ ਅਤੇ ਉਸਦਾ ਵਿਸਥਾਰ ਬਿਲਕੁਲ ਨਿਸ਼ਚਿਤ ਹੁੰਦਾ ਹੈ। ਉਦਾਹਰਣ ਵਜੋਂ 'ਆਦਿ ਗ੍ਰੰਥ' ਨੂੰ ਲਿਆ ਜਾ ਸਕਦਾ ਹੈ ਜਿਸ ਵਿਚ ਅੱਖਰਾਂ ਅਤੇ ਸ਼ਬਦਾਂ ਦੀ ਗਿਣਤੀ ਤੱਕ ਹਰ ਤੱਤ ਬਿਲਕੁਲ ਨਿਸ਼ਚਿਤ ਹੈ।

ਪ੍ਰਾਣ-ਸੰਗਲੀ ਦੇ ਕੁਝ ਅਧਿਆਵਾਂ ਬਾਰੇ ਪਏ ਇਸ ਭੁਲੇਖੇ ਨੂੰ ਇੱਕ ਹੋਰ ਦ੍ਰਿਸ਼ਟੀ ਤੋਂ ਵੀ ਪਰਖਿਆ ਜਾ ਸਕਦਾ ਹੈ। ਜੇਕਰ ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਵਿਸ਼ਾ-ਵਸਤੂ ਨੂੰ ਗਹੁ ਨਾਲ ਵਾਚੀਏ ਤਾਂ ਪਤਾ ਚਲਦਾ ਹੈ ਕਿ ਇਸ ਵਿਚ ਇਕ ਹੀ ਵਿਸ਼ਾ-ਵਸਤੂ ਨੂੰ ਵੱਖਰੇ ਵੱਖਰੇ ਅਧਿਆਵਾਂ ਵਿਚ ਅਤੇ ਵੱਖ ਵੱਖ ਥਾਵਾਂ ਤੇ ਦਰਜ ਕੀਤਾ ਗਿਆ ਹੈ।[1]

ਜੇ ਇਸ ਅਵਿਵਸਥਾ ਨੂੰ ਦੂਰ ਕਰਕੇ ਇਕੋ ਵਿਸ਼ਾ-ਵਸਤੂ ਦੇ ਸਾਰੇ ਅਧਿਆਵਾਂ ਨੂੰ ਇਕੋ ਹੀ ਅਧਿਆਇ ਦੇ ਅੰਤਰਗਤ ਰਖਿਆ ਜਾਵੇ ਤਾਂ/ਨ ਕੇਵਲ ਪ੍ਰਾਣ-ਸੰਗਲੀ ਦੇ ਅਧਿਆਵਾਂ ਦੀ ਸੰਖਿਆ ਹੀ ਘਟ ਜਾਵੇਗੀ ਸਗੋਂ ਸੰਪਾਦਨ ਦੀ ਦ੍ਰਿਸ਼ਟੀ ਤੋਂ ਵੀ ਪ੍ਰਾਣ-ਸੰਗਲੀ ਇਕ ਸੰਗਠਿਤ ਰਚਨਾ ਦੇ ਰੂਪ ਵਿਚ ਸਾਹਮਣੇ ਆਵੇਗੀ।

ਅਧਿਆਵਾਂ ਵਿਚ ਕ੍ਰਮਭੇਦ: ਪ੍ਰਾਣ-ਸੰਗਲੀ ਦੇ ਅਧਿਆਵਾਂ ਬਾਰੇ ਪਏ ਇਹਨਾਂ ਭੁਲੇਖਿਆਂ ਤੋਂ ਇਲਾਵਾ ਇਕ ਹੋਰ ਤੱਥ ਵੀ ਵਿਚਾਰਨਯੋਗ ਹੈ। ਪ੍ਰਾਣ-ਸੰਗਲੀ ਬਾਰੇ ਵਿਚਾਰ ਕਰਨ ਵਾਲਿਆਂ ਨੇ ਅਕਸਰ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਨੂੰ ਹੀ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ। ਪਰ ਪ੍ਰਾਣ-ਸੰਗਲੀ ਦੇ ਕੁਝ ਹੱਥ-ਲਿਖਤੀ ਨੁਸਖਿਆਂ ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਸੰਤ ਸੰਪੂਰਣ ਸਿੰਘ ਦੀ ਪ੍ਰਾਣ-ਸੰਗਲੀ ਅਤੇ ਪ੍ਰਾਣ-ਸੰਗਲੀ ਦੇ ਹੱਥ-ਲਿਖਤੀ ਨੁਸਖਿਆਂ ਵਿਚ ਅਧਿਆਇ ਕ੍ਰਮ ਸੰਬੰਧੀ ਭਿੰਨਤਾ ਵਿਦਮਾਨ

---

1. ਦੇਖੋ: ਅੰਤਿਕਾ 1 (ਉਥਾਨਿਕਾ, ਪੁਸ਼ਪਿਕਾ).

ਹੈ।[1] ਭਾਵੇਂ ਪ੍ਰਾਣ-ਸੰਗਲੀ ਦੇ ਹੱਥ-ਲਿਖਤੀ ਨੁਸਖਿਆਂ ਨਾਲ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਦੇ ਪਾਠ ਦਾ ਤੁਲਨਾਤਮਕ ਅਧਿਐਨ ਕਰਨਾ ਇਸ ਸੋਧ-ਪ੍ਰਬੰਧ ਦਾ ਵਿਸ਼ਾ ਨਹੀਂ ਹੈ। ਪਰ ਜਿਹੜੀਆਂ ਹੱਥ-ਲਿਖਤਾਂ ਇਸ ਅਧਿਐਨ ਦੇ ਦੌਰਾਨ ਵਾਚੀਆਂ ਗਈਆਂ ਹਨ, ਉਹਨਾਂ ਤੋਂ ਪ੍ਰਾਣ-ਸੰਗਲੀ ਦੇ ਅਧਿਆਵਾਂ ਦੇ ਕ੍ਰਮ ਬਾਰੇ ਕਈ ਨਵੇਂ ਤੱਥ ਸਾਹਮਣੇ ਆਏ ਹਨ।

ਇਸ ਵਿਵੇਚਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦਾ ਇਕ ਪ੍ਰਮਾਣਿਕ ਸੰਸਕਰਣ ਹੱਥ-ਲਿਖਤ ਦੇ ਆਧਾਰ ਤੇ ਤਿਆਰ ਕਰਨ ਦੀ ਲੋੜ ਹੈ।

ਬ) <u>ਭਾਈ ਮਨੀ ਸਿੰਘ ਵਾਲੀ ਜਨਮਸਾਖੀ</u>: ਇਸ ਜਨਮਸਾਖੀ ਵਿਚ ਵੀ ਪ੍ਰਾਣ-ਸੰਗਲੀ ਬਾਰੇ ਪੁਰਾਣੀਆਂ ਦੰਦ ਕਥਾਵਾਂ ਹੀ ਦੁਹਰਾਈਆਂ ਗਈਆਂ ਹਨ ਅਤੇ ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੁਆਰਾ ਰਚਿਤ ਸਿੱਧ ਕਰਨ ਲਈ ਇਸ ਜਨਮਸਾਖੀ ਦਾ ਸਾਧਾਰਣ ਜਿਹਾ ਹਵਾਲਾ ਦਿੱਤਾ ਗਿਆ ਹੈ।

ਸ) <u>ਗੁਰੂ ਪੰਥ ਪ੍ਰਕਾਸ਼ ਅਤੇ ਗੁਰਪੁਰ ਪ੍ਰਕਾਸ਼ ਦੇ ਉਲੇਖ</u>: ਜਨਮਸਾਖੀਆਂ ਦੇ ਪ੍ਰਾਣ-ਸੰਗਲੀ ਸੰਬੰਧੀ ਇਹਨਾਂ ਉਲੇਖਾਂ ਤੋਂ ਇਲਾਵਾ ਭਾਈ ਗਿਆਨ ਸਿੰਘ ਗਿਆਨੀ ਨੇ ਆਪਣੀ ਪੁਸਤਕ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਅਤੇ ਸੰਤ ਰੇਣ ਪ੍ਰੇਮ ਸਿੰਘ ਨੇ ਆਪਣੇ 'ਸ੍ਰੀ ਗੁਰਪੁਰ ਪ੍ਰਕਾਸ਼' ਗ੍ਰੰਥ ਵਿਚ ਪ੍ਰਾਣ-ਸੰਗਲੀ ਬਾਰੇ ਪੁਰਾਣੀਆਂ ਦੰਦ-ਕਥਾਵਾਂ ਨੂੰ ਹੀ ਦੁਹਰਾਇਆ ਹੈ। ਇਹਨਾਂ ਵਿਚ ਪ੍ਰਾਣ-ਸੰਗਲੀ ਬਾਰੇ ਕੋਈ ਨਵੀਂ ਦ੍ਰਿਸ਼ਟੀ ਨਹੀਂ ਮਿਲਦੀ। ਇਸ ਲਈ ਇਹਨਾਂ ਦੋਵਾਂ ਉਲੇਖਾਂ ਬਾਰੇ ਵੇਰਵਾ ਵਿਚਾਰ ਕਰਨ ਦੀ ਲੋੜ ਨਹੀਂ ਜਾਪਦੀ।

ਇਹਨਾਂ ਪ੍ਰਾਚੀਨ ਉਲੇਖਾਂ ਨੂੰ ਪ੍ਰਸਤੁਤ ਕਰਨ ਦਾ ਮੰਤਵ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨਾ ਰਿਹਾ ਹੈ। ਪਰ ਪੂਰਬ ਪੱਖ ਦੀ ਇਹ ਮਾਨਤਾ ਤਰਕਾਂ ਅਤੇ ਪ੍ਰਮਾਣਾਂ ਦੀ ਕਸੌਟੀ ਉੱਤੇ ਪੂਰੀ ਨਹੀਂ ਉਤਰਦੀ।

---

1. ਉਦਾਹਰਣ ਲਈ ਪ੍ਰਾਣ-ਸੰਗਲੀ ਦਾ ਇਕ ਹੱਥ-ਲਿਖਤੀ ਨੁਸਖਾ ਨੰ. 10, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ ਦੇਖਿਆ ਜਾ ਸਕਦਾ ਹੈ। ਇਸ ਦਾ ਆਰੰਭ ਇਸ ਤਰ੍ਹਾਂ ਹੋਇਆ ਹੈ:

   ॥ ਸਲੋਕ॥

   ਵਾਹਿ ਵਾਹਿ ਜਿਨ ਸਿਮਰਿਆ ਸੋ ਵੇਪਰਵਾਹ ਭਏ॥
   ਨਾਨਕ ਸਚੀ ਸਿਫਤ ਸਿਉ ਗਹਿਰ ਗੰਭੀਰ ਰਹੇ॥੧॥

   ਧਿਆਉ ਪਹਿਲਾ ਮਹਲਾ ੧

   ਵਾਰ ਰਾਮਕਲੀ ਕੀ ਪਉੜੀ ਚਲੀ, ਪੌੜੀ 1,2. ਇਸ ਦੇ ਵਿਪਰੀਤ ਸੰਤ ਸੰਪੂਰਨ ਸਿੰਘ ਨੇ ਪ੍ਰਾਣ-ਸੰਗਲੀ ਦਾ ਆਰੰਭ 'ਸੁੰਨ ਮਹਿਲ ਦੀ ਕਥਾ' ਨਾਲ ਕੀਤਾ ਹੈ।

III ## ਪੁਰਾਤਨ ਪੋਥੀ ਆਧੁਨਿਕ ਲੇਖਕ

ਕੁਝ ਸ਼ਰਧਾਲੂ ਆਧੁਨਿਕ ਵਿਦਵਾਨਾਂ ਨੇ ਪ੍ਰਾਣ-ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿੱਧ ਕਰਨ ਦੀ ਚੇਸ਼ਟਾ ਕੀਤੀ ਹੈ। ਉਹਨਾਂ ਦੀ ਇਸ ਚੇਸ਼ਟਾ ਦੀ ਸੰਖੇਪ ਆਲੋਚਨਾ ਪਿੱਛੇ ਕੀਤੀ ਜਾ ਚੁੱਕੀ ਹੈ।

ਸੰਤ ਸੰਪੂਰਣ ਸਿੰਘ ਪ੍ਰਾਣ-ਸੰਗਲੀ ਦੇ ਉਧਾਰ-ਕਰਤਾ ਹਨ ਅਤੇ ਉਹਨਾਂ ਨੇ ਪ੍ਰਾਣ-ਸੰਗਲੀ ਬਾਰੇ ਬਹੁਤ ਸਾਰੀਆਂ ਨਵੀਆਂ ਮਾਨਤਾਵਾਂ ਪ੍ਰਸਤੁਤ ਕੀਤੀਆਂ ਹਨ। ਇਹਨਾਂ ਮਾਨਤਾਵਾਂ ਨੂੰ ਦੋ ਸਿਰਲੇਖਾਂ ਹੇਠ ਇਸ ਤਰ੍ਹਾਂ ਵਿਚਾਰਿਆ ਜਾ ਸਕਦਾ ਹੈ:

1) ### ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਭੀ ਪ੍ਰਾਣ-ਸੰਗਲੀ ਹੈ

ਸੰਤ ਸੰਪੂਰਣ ਸਿੰਘ ਨੇ ਇਕ ਵਿਚਿਤ੍ਰ ਮਾਨਤਾ ਪ੍ਰਸਤੁਤ ਕੀਤੀ ਹੈ। ਉਹਨਾਂ ਦਾ ਵਿਚਾਰ ਹੈ ਕਿ ਪ੍ਰਾਣ-ਸੰਗਲੀ ਦਾ ਬਹੁਤ ਸਾਰਾ ਭਾਗ ਸਾਰਾਂਸ਼ ਸੰਖੇਪ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਆਪਣੀ ਪ੍ਰਮਾਣਿਕ ਬੀੜ ਵਿਚ ਸ਼ਾਮਲ ਕੀਤਾ ਸੀ।[1]

ਪ੍ਰਾਣ-ਸੰਗਲੀ ਬਾਰੇ ਸੰਤ ਸੰਪੂਰਣ ਸਿੰਘ ਦੀ ਇਹ ਮਾਨਤਾ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਦੇ ਬਿਲਕੁਲ ਪ੍ਰਤਿਕੂਲ ਹੈ। ਜੇਕਰ ਪ੍ਰਾਣ-ਸੰਗਲੀ ਦਾ ਸਾਰਾਂਸ਼ ਹੀ 'ਆਦਿ ਗ੍ਰੰਥ' ਵਿਚ ਸੰਕਲਿਤ ਕਰਨ ਦੀ ਯੋਜਨਾ ਗੁਰੂ ਅਰਜਨ ਦੇਵ ਜੀ ਦੀ ਸੀ ਤਾਂ ਪ੍ਰਾਣ-ਸੰਗਲੀ ਨੂੰ ਹੀ ਚੰਗੀ ਤਰ੍ਹਾਂ ਸੰਪਾਦਿਤ ਕਰਕੇ 'ਆਦਿ ਗ੍ਰੰਥ' ਦਾ ਦਰਜਾ ਦਿੱਤਾ ਜਾ ਸਕਦਾ ਸੀ।

ਇਸ ਤੋਂ ਇਲਾਵਾ ਇਹ ਮੰਨ ਲੈਣਾ ਵੀ ਸੰਭਵ ਨਹੀਂ ਕਿ ਗੁਰੂ ਅਰਜਨ ਦੇਵ ਨੇ ਪ੍ਰਾਣ-ਸੰਗਲੀ ਤੋਂ ਬਿਨਾਂ ਸੰਦਰਭ ਸੂਚਿਤ ਕੀਤੇ ਬਾਣੀ ਲਈ ਹੈ। ਵਾਸਤਵ ਵਿਚ ਉਹ ਗੁਰੂ ਘਰ ਦੀਆਂ ਪਰੰਪਰਾਵਾਂ ਤੋਂ ਭਲੀ ਭਾਂਤ ਜਾਣੂ ਸਨ, ਇਸ ਲਈ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਉਹੀ ਬਾਣੀ ਸੰਕਲਿਤ ਕੀਤੀ ਜੋ ਨਿਰਵਿਵਾਦ ਰੂਪ ਵਿਚ ਪ੍ਰਮਾਣਿਕ ਸੀ। ਅਪ੍ਰਮਾਣਿਕ ਬਾਣੀ ਨੂੰ ਇਕ ਪ੍ਰਮਾਣਿਕ ਸੰਕਲਨ ਵਿਚ ਕਿਸੇ ਸਿੱਧ ਹਸਤ ਸੰਪਾਦਕ ਦੁਆਰਾ ਸ਼ਾਮਲ ਕਰਨਾ ਸੰਭਵ ਨਹੀਂ। ਇਸ ਲਈ ਇਹ ਮਾਨਤਾ ਗਲਤ ਹੈ ਕਿ ਪ੍ਰਾਣ-ਸੰਗਲੀ ਵਿਚੋਂ ਕੁਝ ਬਾਣੀ ਗੁਰੂ ਅਰਜਨ ਨੇ ਗੁਰੂ ਨਾਨਕ ਬਾਣੀ ਪ੍ਰਸੰਗ ਵਿਚ ਸ਼ਾਮਲ ਕੀਤੀ ਹੈ।

ਇਸ ਤੋਂ ਇਲਾਵਾ ਪ੍ਰਾਣ-ਸੰਗਲੀ ਵਿਚ ਆਈ ਹਠਯੋਗ ਅਤੇ ਖ਼ਾਸ ਤੌਰ ਤੇ ਰਸਾਇਣ ਆਯੁਰਵੇਦ ਦੀ ਅਧੋਰ ਚਰਚਾ ਨੂੰ 'ਆਦਿ ਗ੍ਰੰਥ' ਜਿਹੇ ਪਵਿੱਤਰ ਗ੍ਰੰਥ ਵਿਚ ਸਾਰਾਂਸ਼ ਦੇ ਤੌਰ ਤੇ ਵੀ ਗ੍ਰਹਿਣ ਕਰਨਾ ਅਸੰਭਵ ਸੀ। ਸਪੱਸ਼ਟ ਹੈ ਕਿ ਸੰਤ ਸੰਪੂਰਣ ਸਿੰਘ ਦੀ ਇਹ ਮਾਨਤਾ ਨਿਰਆਧਾਰ ਅਤੇ ਅਪ੍ਰਮਾਣਿਕ ਹੈ।

2 ### ਗੁਰੂ ਗ੍ਰੰਥ ਦੀ ਆਕਾਰਵ੍ਰਿਧੀ ਦੀ ਸਮਸਿਆ

ਸੰਤ ਸੰਪੂਰਣ ਸਿੰਘ ਨੇ ਇਹ ਮਾਨਤਾ ਵੀ ਪ੍ਰਸਤੁਤ ਕੀਤੀ ਹੈ ਕਿ ਪ੍ਰਾਣ-ਸੰਗਲੀ ਨੂੰ 'ਆਦਿ ਗ੍ਰੰਥ' ਵਿਚ ਇਸ ਲਈ ਵੀ ਸੰਕਲਿਤ ਨਹੀਂ ਕੀਤਾ ਗਿਆ ਕਿਉਂਕਿ ਇਸ ਨੂੰ ਸੰਕਲਿਤ ਕਰਨ ਨਾਲ 'ਆਦਿ ਗ੍ਰੰਥ' ਦਾ ਆਕਾਰ

1. ਦੇਖੋ: ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 20-21 (ਭੂਮਿਕਾ).

ਬਹੁਤਾ ਵੱਡਾ ਹੋ ਜਾਣ ਅਤੇ ਭਾਰ ਵੱਧ ਜਾਣ ਦੀ ਸ਼ੰਕਾ ਸੀ। ਸੰਤ ਸੰਪੂਰਣ ਸਿੰਘ ਦੇ ਅਨੁਸਾਰ ਪ੍ਰਾਣ-ਸੰਗਲੀ ਦਾ ਆਕਾਰ ਪੋਣ ਗੁਰੂ ਗ੍ਰੰਥ ਸਾਹਿਬ ਜਿੰਨਾ ਹੈ।

ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਨੂੰ ਪ੍ਰਮਾਣਿਕ ਅਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨ ਲਈ ਇਹੋ ਜਿਹੀਆਂ ਨਿਰਾਧਾਰ ਮਾਨਤਾਵਾਂ ਸੰਤ ਸੰਪੂਰਣ ਸਿੰਘ ਨੇ ਪ੍ਰਸਤੁਤ ਕੀਤੀਆਂ ਹਨ। ਦਰਅਸਲ ਪ੍ਰਾਣ-ਸੰਗਲੀ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਾ ਮੰਨਕੇ ਇਸ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਨਹੀਂ ਸੀ ਕੀਤਾ। ਇਸ ਇਤਿਹਾਸਿਕ ਤੱਥ ਨੂੰ ਤਰੋੜ ਮਰੋੜ ਕੇ ਅਤੇ ਕਈ ਕਈ ਕੁਝ ਹੋਰ ਚਮਤਕਾਰੀ ਘਟਨਾਵਾਂ[1] ਰਾਹੀਂ ਪ੍ਰਾਣ-ਸੰਗਲੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਸਿੱਧ ਕਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ। ਇਸ ਚੇਸ਼ਟਾ ਨੂੰ ਹੁਣ ਤਕ ਇਤਿਹਾਸ, ਸਿੱਖ ਪਰੰਪਰਾਵਾਂ ਅਤੇ ਸੰਰਚਨਾ ਦੇ ਲੋੜੀਂਦੇ ਸੰਦਰਭ ਨਹੀਂ ਲੱਭੇ ਜਾ ਸਕੇ।

ਆਧੁਨਿਕ ਯੁਗ ਦੇ ਕੁਝ ਉੱਘੇ ਵਿਦਵਾਨਾਂ ਭਾਈ ਵੀਰ ਸਿੰਘ, ਡਾ. ਮੋਹਨ ਸਿੰਘ ਦੀਵਾਨਾ ਅਤੇ ਸੱਯਦ ਮੁਹੰਮਦ ਲਤੀਫ਼ ਨੇ ਪ੍ਰਾਣ-ਸੰਗਲੀ ਬਾਰੇ ਜਨਮਸਾਖੀਆਂ ਵਿਚ ਪ੍ਰਚਲਿਤ, ਪ੍ਰਾਚੀਨ ਦੰਦ-ਕਥਾਵਾਂ ਦਾ ਹੀ ਉਲੇਖ ਕੀਤਾ ਹੈ ਪਰ ਵਿਸਥਾਰ ਵਿਚ ਇਹਨਾਂ ਦੰਦ-ਕਥਾਵਾਂ ਦਾ ਵਿਵੇਚਨ ਵਿਸ਼ਲੇਸ਼ਣ ਉਹਨਾਂ ਨੇ ਨਹੀਂ ਕੀਤਾ।

## ਰਚਨਾ-ਕਾਲ

ਪ੍ਰਾਣ-ਸੰਗਲੀ ਜਿਹੀ ਵਿਵਾਦ ਗ੍ਰਸਤ ਪੁਰਾਤਨ ਲਿਖਤ ਦਾ ਰਚਨਾ-ਕਾਲ ਨਿਸ਼ਚਿਤ ਕਰਨਾ ਸੌਖਾ ਨਹੀਂ ਹੈ ਕਿਉਂਕਿ ਇਹਨਾਂ ਪੁਰਾਣੀਆਂ ਲਿਖਤਾਂ ਦੇ ਲਿਖਾਰੀਆਂ ਨੇ ਆਮ ਤੌਰ ਤੇ ਰਚਨਾ-ਕਾਲ ਅਤੇ ਰਚੇਤਾ ਬਾਰੇ ਕੁਝ ਨਹੀਂ ਲਿਖਿਆ ਹੁੰਦਾ। ਪੁਰਾਤਨ ਲਿਖਤਾਂ ਦੇ ਖੋਜੀ ਵਿਦਵਾਨ ਕਿਸੇ ਪੁਰਾਤਨ ਲਿਖਤ ਦਾ ਰਚਨਾ-ਕਾਲ ਦੱਸਣ ਲਈ ਇਹਨਾਂ ਦੋ ਤੱਥਾਂ ਨੂੰ ਮੁੱਖ ਰੱਖ ਕੇ ਨਿਰਣਾ ਕਰਦੇ ਹਨ:

1) ਪ੍ਰਾਚੀਨ-ਲਿਖਤ ਦੇ ਰਚੇਤਾ ਜਾਂ ਉਸਦੀ ਰਚਨਾ ਬਾਰੇ ਪ੍ਰਾਚੀਨਤਮ ਉਲੇਖਾਂ ਰਾਹੀਂ ਕਿਸੇ ਵੀ ਰਚਨਾ ਦੇ ਰਚਨਾ-ਕਾਲ ਦੀ ਉੱਤਮ ਸੀਮਾਂ ਨਿਸ਼ਚਿਤ ਕੀਤੀ ਜਾ ਸਕਦੀ ਹੈ।

2) ਕਿਸੇ ਵੀ ਰਚਨਾ ਬਾਰੇ ਉੱਤਰਵਰਤੀ ਉਲੇਖਾਂ ਦਾ ਸਮੇਂ ਕਾਲ ਸੰਬੰਧੀ ਵੇਰਵਾ ਸੰਬੰਧਤ ਰਚਨਾ ਦੇ ਰਚਨਾ-ਕਾਲ ਬਾਰੇ ਅਧਮ ਨਿਰਣਾ ਦੇ ਸਕਦਾ ਹੈ। ਇਸ ਨੂੰ ਰਚਨਾ-ਕਾਲ ਦੀ ਸਭ ਤੋਂ ਹੇਠਲੀ ਸੀਮਾਂ ਕਿਹਾ ਜਾ ਸਕਦਾ ਹੈ।

ਮਹਾਂਭਾਰਤ ਜਿਹੀਆਂ ਅਨੇਕ ਪ੍ਰਾਚੀਨ ਪੁਸਤਕਾਂ ਦੇ ਰਚਨਾ-ਕਾਲ ਦਾ ਨਿਰਣਾ ਇਹਨਾਂ ਦੋਹਾਂ ਤੱਥਾਂ ਦੇ ਪ੍ਰਕਾਸ਼ ਵਿਚ ਹੀ ਕੀਤਾ ਗਿਆ ਹੈ।

### 1) ਪ੍ਰਾਣ-ਸੰਗਲੀ ਦੇ ਰਚਨਾ-ਕਾਲ ਦੀ ਉੱਤਮ ਸੀਮਾਂ

ਪ੍ਰਾਣ-ਸੰਗਲੀ ਨੂੰ ਕੁਝ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨਿਆ ਹੈ ਪਰ ਆਵੱਸ਼ਕ ਤਰਕਾਂ ਅਤੇ ਪ੍ਰਮਾਣਾਂ ਦੇ ਅਭਾਵ ਵਿਚ ਇਸ ਮੱਤ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਤਿਹਾਸ ਦੇ ਅਨੁਸਾਰ ਆਦਿ

---

1. ਪ੍ਰਾਣ-ਸੰਗਲੀ ਬਾਰੇ ਇਕ ਦੰਦ-ਕਥਾ ਇਹ ਵੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਅਪ੍ਰਮਾਣਿਕ ਰਚਨਾ ਮੰਨਕੇ ਜਲ-ਪ੍ਰਵਾਹ ਕਰਵਾ ਦਿੱਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਪ੍ਰਾਣ-ਸੰਗਲੀ ਪਾਣੀ ਵਿਚੋਂ ਕੱਢ ਲਈ ਸੀ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਤਕ ਪ੍ਰਾਣ-ਸੰਗਲੀ ਬਾਰੇ ਕੋਈ ਪ੍ਰਮਾਣਿਕ ਉਲੇਖ ਨਹੀਂ ਮਿਲਦਾ।

ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਕੇ ਭਤੀਜੇ ਸੋਢੀ ਮਿਹਰਬਾਨ ਨੇ ਜਨਮਸਾਖੀ ਗੁਰੂ ਨਾਨਕ ਦੇਵ ਜੀ (ਪੋਥੀ ਸਚਖੰਡ) ਵਿਚ ਵੀ ਪ੍ਰਾਣ-ਸੰਗਲੀ ਬਾਰੇ ਕੋਈ ਉਲੇਖ ਨਹੀਂ ਕੀਤਾ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਰਚਨਾਵਾਂ ਵਿਚ ਕਿਧਰੇ ਵੀ ਪ੍ਰਾਣ-ਸੰਗਲੀ ਦਾ ਕੋਈ ਹਵਾਲਾ ਨਹੀਂ ਦਿੱਤਾ।

ਸੋਢੀ ਮਿਹਰਬਾਨ ਗੁਰੂ ਬੰਸ਼ ਵਿਚੋਂ ਸਨ ਅਤੇ ਭਾਈ ਗੁਰਦਾਸ ਨੂੰ ਵੀ ਗੁਰੂ ਘਰ ਵਿਚ ਬਹੁਤ ਉੱਚੀ ਥਾਂ ਮਿਲੀ ਹੋਈ ਸੀ। ਇਹ ਦੋਵੇਂ ਵਿਅਕਤੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ ਅਤੇ ਗੁਰੂ ਘਰ, ਖ਼ਾਸ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸਭ ਤੋਂ ਪ੍ਰਮਾਣਿਕ ਅਤੇ ਚਮਤਕਾਰਾਂ ਤੋਂ ਰਹਿਤ ਸੂਚਨਾਵਾਂ ਦੇਣ ਵਾਲੇ ਵਿਦਵਾਨ ਸਨ। ਕਿਹਾ ਜਾਂਦਾ ਹੈ ਕਿ ਗੁਰੂ ਘਰ ਸੰਬੰਧੀ ਜਿਸ ਗੱਲ ਦੀ ਸੂਚਨਾ ਇਹ ਦੋਵੇਂ ਵਿਅਕਤੀ ਨਹੀਂ ਦਿੰਦੇ, ਉਸ ਗੱਲ ਦੀ ਪ੍ਰਮਾਣਿਕਤਾ ਸ਼ੱਕੀ ਹੁੰਦੀ ਹੈ। ਸੋਢੀ ਮਿਹਰਬਾਨ ਅਤੇ ਭਾਈ ਗੁਰਦਾਸ — ਇਹ ਦੋਵੇਂ ਵਿਦਵਾਨ ਪ੍ਰਾਣ-ਸੰਗਲੀ ਬਾਰੇ ਅਤੇ ਗੁਰੂ ਨਾਨਕ ਦੇਵ ਜੀ ਦੀ ਸੰਗਲਾਦੀਪ ਯਾਤ੍ਰਾ ਬਾਰੇ ਵੀ ਮੋਨ ਹਨ। ਇਨ੍ਹਾਂ ਤੱਥਾਂ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦਾ ਰਚਨਾ-ਕਾਲ ਸੋਢੀ ਮਿਹਰਬਾਨ (1581-1640 ਈ.) ਅਤੇ ਭਾਈ ਗੁਰਦਾਸ (1551-1639 ਈ.) ਤੋਂ ਬਾਅਦ ਦਾ ਹੈ। ਇਹ ਪ੍ਰਾਣ-ਸੰਗਲੀ ਦੇ ਰਚਨਾ-ਕਾਲ ਦੀ ਉੱਚਤਮ ਸੀਮਾ ਮੰਨੀ ਜਾ ਸਕਦੀ ਹੈ।

2) ਸੰਗਲੀ ਦੇ ਰਚਨਾ-ਕਾਲ ਦੀ ਹੇਠਲੀ ਸੀਮਾ

ਪ੍ਰਾਣ-ਸੰਗਲੀ ਦੇ ਰਚਨਾ-ਕਾਲ ਦੀ ਹੇਠਲੀ ਸੀਮਾ ਨਿਸ਼ਚਿਤ ਕਰਨ ਤੋਂ ਪਹਿਲਾਂ 'ਪੁਰਾਤਨ ਜਨਮਸਾਖੀ' ਰਚਨਾ-ਕਾਲ ਬਾਰੇ ਵਿਚਾਰ ਕਰਨੀ ਉਚਿਤ ਹੋਵੇਗੀ ਕਿਉਂਕਿ ਪ੍ਰਾਣ-ਸੰਗਲੀ ਦੀ ਪ੍ਰਾਰੰਭਕ ਉਥਾਨਕਾ ਅਤੇ ਪਹਿਲਾ ਪਿਆਇ (ਅਧਿਆਇ ਉਨਮਨਿ ਕਾ) ਪੁਰਾਤਨ ਜਨਮਸਾਖੀ ਵਿਚ ਸੰਕਲਿਤ ਹੈ। ਇਸ ਤੱਥ ਤੋਂ ਇਹ ਪਤਾ ਚਲਦਾ ਕਿ ਪੁਰਾਤਨ ਜਨਮਸਾਖੀ ਅਤੇ ਪ੍ਰਾਣ-ਸੰਗਲੀ ਵਿਚ ਇੱਕ ਮੌਲਿਕ ਸਮਾਨਤਾ ਵਿਦਮਾਨ ਹੈ। ਇਸ ਤੱਥ ਦੀ ਪ੍ਰੋੜ੍ਹਤਾ ਜੁਗਾਵਲੀ' ਨਾਮਕ ਰਚਨਾ ਦੇ ਪੁਰਾਤਨ ਜਨਮਸਾਖੀ ਅਤੇ ਪ੍ਰਾਣ-ਸੰਗਲੀ ਵਿਚ ਸੰਕਲਿਤ ਹੋਣ ਨਾਲ ਵੀ ਹੁੰਦੀ ਹੈ।

ਰਾਤਨ ਜਨਮਸਾਖੀ ਦਾ ਰਚਨਾ-ਕਾਲ

ੳ) ਭਾਈ ਵੀਰ ਸਿੰਘ ਅਤੇ ਪੁਰਾਤਨ ਜਨਮਸਾਖੀ: ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਨੂੰ ਆਧੁਨਿਕ ਵਿਧੀ ਾਲ ਸਭ ਤੋਂ ਪਹਿਲਾਂ ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤਾ ਹੈ। ਉਹਨਾਂ ਅਨੁਸਾਰ 'ਪੁਰਾਤਨ ਜਨਮਸਾਖੀ' ਦਸਮ ਗੁਰੂ ਖਾਲਸੇ ਦੀ ਸਿਰਜਣਾ' ਤੋਂ ਬਾਅਦ ਲਿਖੀ ਗਈ ਰਚਨਾ ਹੈ। ਉਹਨਾਂ ਦਾ ਮੁੱਖ ਤਰਕ ਇਹ ਹੈ ਕਿ 'ਵਾਹਿਗੁਰੂ' 'ਵਾਹਿਗੁਰੂ ਜੀ ਕੀ ਫ਼ਤਹਿ' — ਇਹ ਦੋਵੇਂ ਵਾਕ ਅੰਮ੍ਰਿਤ ਛਕਾਉਣ ਸਮੇਂ ਦਸਮ ਗੁਰੂ ਜੀ ਨੇ ਉਚਾਰਣ ਕੀਤੇ ਸਨ। ਤੋਂ ਪਹਿਲਾਂ ਇਹ ਗੁਪਤ ਵਾਕ ਮੰਨੇ ਜਾਂਦੇ ਸਨ ਅਤੇ ਇਹ ਦੋਵੇਂ ਵਾਕ 'ਪੁਰਾਤਨ ਜਨਮਸਾਖੀ' ਵਿਚ ਪ੍ਰਗਟ ਹੋਏ ਹਨ। ਸਿੱਟੇ ਵਜੋਂ ਭਾਈ ਵੀਰ ਸਿੰਘ ਲਿਖਦੇ ਹਨ ਕਿ 'ਇਸ ਹਿਸਾਬ ਵਿਚ ਇਹ ਸਾਖੀ 1756 ਸੰਮਤ ਤੋਂ ਮਗਰੋਂ

ਕੀ ਜਾ ਸਕੀ ਹੁੰਦੀ ਹੈ।'[1]

ਅ) ਮੈਕਾਲਫ਼ ਅਤੇ ਪੁਰਾਤਨ ਜਨਮਸਾਖੀ: ਮੈਕਾਲਫ਼ ਨੇ ਇਕ ਥਾਂ ਤੇ ਲਿਖਿਆ ਹੈ ਕਿ 'ਪੁਰਾਤਨ ਜਨਮਸਾਖੀ' ਦਾ ਲੇਖਕ ਕੋਈ ਸੇਵਾ ਦਾਸ ਨਾਂ ਦਾ ਸਾਧੂ ਸੀ ਅਤੇ ਇਹ ਸੂਚਨਾ ਮੈਕਾਲਫ਼ ਨੂੰ ਭਦਾਉੜ ਦੇ ਸਰਦਾਰ ਅਤਰ ਸਿੰਘ ਪਾਸੋਂ ਮਿਲੀ ਸੀ। ਮੈਕਾਲਫ਼ ਨੇ ਇਹ ਵੀ ਲਿਖਿਆ ਹੈ ਕਿ ਪੁਰਾਤਨ ਜਨਮਸਾਖੀ ਦਾ ਇੱਕ ਹੱਥਲਿਖਤੀ ਨੁਸਖਾ ਉਹਨਾਂ ਨੂੰ ਮਿਲਿਆ ਸੀ ਅਤੇ ਉਸ ਉੱਤੇ ਲਿਖਣ ਕਾਲ ਸੰਮਤ 1645 (1588 ਈ.) ਦਿੱਤਾ ਹੋਇਆ ਸੀ। ਮੈਕਾਲਫ਼ ਦੇ ਅਨੁਸਾਰ ਪੁਰਾਤਨ ਜਨਮਸਾਖੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਘੱਟੋ ਘੱਟ 16 ਸਾਲ ਪਹਿਲਾਂ ਲਿਖੀ ਜਾ ਚੁੱਕੀ ਸੀ।[2]

ਪਰੰਤੂ ਮੈਕਾਲਫ਼ ਦੇ ਇਸ ਮੱਤ ਨਾਲ ਸਹਿਮਤ ਹੋਣਾ ਕਠਿਨ ਹੈ ਕਿਉਂਕਿ:—

i) ਪੁਰਾਤਨ ਜਨਮਸਾਖੀ ਦੇ ਤਥਾਕਥਿਤ ਲੇਖਕ ਸੇਵਾਦਾਸ ਬਾਰੇ ਉਪਰੋਕਤ ਵਿਦਵਾਨ ਨੇ ਕੇਵਲ ਸੁਣੀ ਸੁਣਾਈ ਗੱਲ ਉੱਤੇ ਵਿਸ਼ਵਾਸ ਕੀਤਾ ਹੈ। ਕਿਸੇ ਵੀ ਪ੍ਰਾਚੀਨ ਹੱਥ-ਲਿਖਤ ਬਾਰੇ ਇਸ ਤਰ੍ਹਾਂ ਦੀ ਸੂਚਨਾ ਨੂੰ ਬਿਨਾ ਘੋਖਿਆਂ ਸਵੀਕਾਰ ਕਰਨਾ ਆਧੁਨਿਕ ਖੋਜ ਵਿਧੀ ਦੇ ਪ੍ਰਤਿਕੂਲ ਹੈ। ਸੇਵਾਦਾਸ ਦੀ ਕਿਸੇ ਵੀ ਸਾਹਿਤਕ ਰਚਨਾ ਦਾ ਵੇਰਵਾ ਜਾਂ ਉਸਦੇ ਰਚਨਾ-ਕਾਲ ਦਾ ਕੋਈ ਵੇਰਵਾ ਹੁਣ ਤੱਕ ਪੇਸ਼ ਨਹੀਂ ਕੀਤਾ ਜਾ ਸਕਿਆ।

ii) ਜਿੱਥੋਂ ਤਕ ਪੁਰਾਤਨ ਜਨਮਸਾਖੀ ਦੇ 1645 ਸੰਮਤ ਵਾਲੇ ਹੱਥ-ਲਿਖਤੀ ਨੁਸਖੇ ਦਾ ਸਵਾਲ ਹੈ, ਇਹ ਕਹਿਣਾ ਉਚਿਤ ਹੋਵੇਗਾ ਕਿ ਜਦੋਂ ਤਕ ਇਸ ਹੱਥ-ਲਿਖਤੀ ਨੁਸਖੇ ਦੀ ਪੂਰੀ ਤਰ੍ਹਾਂ ਅਤੇ ਹਰ ਪਾਸਿਓਂ ਪ੍ਰੀਖਿਆ ਨਾ ਕੀਤੀ ਜਾਵੇ, ਉਦੋਂ ਤੱਕ ਇਸ ਹੱਥ-ਲਿਖਤੀ ਨੁਸਖੇ ਦੀ ਪ੍ਰਮਾਣਿਕਤਾ ਸਿੱਧ ਨਹੀਂ ਕੀਤੀ ਜਾ ਸਕਦੀ। ਖੋਜ ਦੇ ਵਿਗਿਆਨਕ ਯੁਗ ਵਿਚ ਪ੍ਰਾਚੀਨ ਹੱਥਲਿਖਤਾਂ ਨੂੰ Radio Active ਫਾਰਮੂਲੇ ਨਾਲ ਪਰਖਿਆ ਜਾਂਦਾ ਹੈ ਅਤੇ ਇਸੇ ਆਧਾਰ ਉੱਤੇ ਉਹਨਾਂ ਦਾ ਕਾਲ-ਨਿਰਣਾ ਹੁੰਦਾ ਹੈ।

iii) ਮੈਕਾਲਫ਼ ਦੇ ਅਨੁਸਾਰ 'ਪੁਰਾਤਨ ਜਨਮਸਾਖੀ' ਦਾ ਜਿਹੜਾ ਹੱਥ-ਲਿਖਤੀ ਨੁਸਖਾ ਉਹਨਾਂ ਨੂੰ ਮਿਲਿਆ ਸੀ, ਉਹ 1645 ਸੰਮਤ ਦਾ ਸੀ। ਉਹਨਾਂ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਸੰਮਤ ਮੂਲ ਪੁਸਤਕ ਦਾ ਹੈ ਜਾਂ ਉਸਦੇ ਉਤਾਰੇ ਦਾ। ਜੇਕਰ ਇਸ ਨੂੰ ਮੂਲ ਪੁਸਤਕ ਦਾ ਲਿਖਣ ਕਾਲ ਮੰਨਿਆ ਜਾਵੇ ਤਾਂ ਇਹੋ ਜਿਹੀ ਸਾਢੇ ਤਿਨ ਸੌ ਜਾਂ ਚਾਰ ਸੌ ਸਾਲ ਪੁਰਾਣੀ ਕਿਸੇ ਵੀ ਹੱਥ-ਲਿਖਤ ਦੀ ਪ੍ਰਾਪਤੀ ਸਾਧਾਰਣ ਪ੍ਰਸਥਿਤੀਆਂ ਵਿਚ ਸੰਭਵ ਨਹੀਂ ਜਾਪਦੀ। ਮੈਕਾਲਫ਼ ਨੂੰ ਇਸ ਮਹੱਤਵਪੂਰਨ ਹੱਥ-ਲਿਖਤ ਦੇ ਸੰਮਤ ਦਾ ਪੂਰਾ ਵੇਰਵਾ ਦੇਣਾ ਚਾਹੀਦਾ ਸੀ। ਇਸ ਵੇਰਵੇ ਦੇ ਅਭਾਵ ਵਿਚ ਇਸ ਬਾਰੇ ਕੁਝ ਨਿਰਣਾ ਨਹੀਂ ਕੀਤਾ ਜਾ ਸਕਦਾ। ਡਾ. ਲਾਈਟਨਰ ਨੇ ਆਪਣੀ ਪੁਸਤਕ …enous …stem of Education in Panjab (1882) ਵਿਚ ਪੰਜਾਬ ਦੀਆਂ ਪੁਰਾਣੀਆਂ ਲਿਖਤਾਂ, ਲਿਪੀਆਂ ਅਤੇ

---

1. 'ਪੁਰਾਤਨ ਜਨਮਸਾਖੀ' (ਸੰਪਾ. ਭਾਈ ਵੀਰ ਸਿੰਘ), ਪੰਨਾ 5 (ਭੂਮਿਕਾ).
2. ਦੇਖੋ: M.A. Macauliffe, The Sikh Religion, Vol. I (Introduction) LXXXVI.

ਅੱਖਰਾਂ ਦੇ ਵੱਖੋ ਵੱਖ ਫੋਟੋ ਨਮੂਨੇ ਦਿੱਤੇ ਹਨ। ਡਾ. ਲਾਈਟਨਰ ਤੋਂ ਪੰਜਾਹ ਸੱਠ ਸਾਲ ਮਗਰੋਂ ਮੈਕਾਲਫ ਨੂੰ 1645 ਸੰਮਤ ਵਾਲੀ ਪੁਰਾਤਨ ਜਨਮਸਾਖੀ ਦੀ ਹੱਥ-ਲਿਖਤ ਦਾ ਫੋਟੋ ਨਮੂਨਾ ਦੇਣਾ ਚਾਹੀਦਾ ਸੀ। ਮੈਕਾਲਫ ਦੀ ਇਸ ਅਣਗਹਿਲੀ ਨਾਲ ਇਸ ਵਡਮੁੱਲੀ ਰਚਨਾ ਤੋਂ ਪੰਜਾਬੀ ਸਾਹਿਤ ਵਾਂਝਾ ਰਹਿ ਗਿਆ ਹੈ।

ਜੇਕਰ 1645 ਸੰਮਤ ਨੂੰ ਉਤਾਰੇ ਦਾ ਲਿਖਣ ਕਾਲ ਮੰਨ ਲਿਆ ਜਾਵੇ ਤਾਂ ਹੱਥ-ਲਿਖਤ ਵਿਗਿਆਨ[1] (Manuscriptology ) ਦੇ ਮੁੱਢਲੇ ਸਿਧਾਂਤ ਅਨੁਸਾਰ ਇਹ ਵੀ ਮੰਨਣਾ ਪਏਗਾ ਕਿ ਮੂਲ ਪੁਸਤਕ ਇਸ ਉਤਾਰੇ ਤੋਂ ਘੱਟੋ ਘੱਟ ਸੌ ਸਾਲ ਪੁਰਾਣੀ ਹੋਣੀ ਚਾਹੀਦੀ ਹੈ। ਭਾਵ ਇਹ ਹੈ ਕਿ 1645 ਸੰਮਤ ਦੇ ਹੱਥ-ਲਿਖਤੀ ਨੁਸਖੇ ਦਾ ਮੂਲ ਰੂਪ 1545 ਸੰਮਤ ਦੇ ਲਾਗੇ ਪਾਸੇ ਦਾ ਸਮਾਂ ਹੋਣਾ ਚਾਹੀਦਾ ਹੈ। ਇਸ ਹਿਸਾਬ ਨਾਲ ਮੂਲ ਪੁਰਾਤਨ ਜਨਮਸਾਖੀ ਲਿਖਣ ਦੇ ਸਮੇਂ ਗੁਰੂ ਨਾਨਕ ਦੇਵ ਜੀ ਦੀ ਆਯੂ 19 ਸਾਲ ਦੇ ਨੇੜੇ-ਤੇੜੇ ਬਣਦੀ ਹੈ ਕਿਉਂਕਿ ਉਹਨਾਂ ਦਾ ਜਨਮ ਸੰਮਤ 1526 ਵਿਚ ਹੋਇਆ ਸੀ। ਇਸ ਤਰ੍ਹਾਂ ਦੇ ਹੋਰ ਵੀ ਭੁਲੇਖੇ ਤਥਾਕਥਿਤ 1645 ਸੰਮਤ ਵਾਲੇ ਹੱਥ-ਲਿਖਤੀ ਨੁਸਖੇ ਨਾਲ ਪਏ ਹਨ। ਦਰਅਸਲ 1645 ਸੰਮਤ ਵਾਲਾ ਹੱਥ-ਲਿਖਤੀ ਨੁਸਖਾ ਕੋਈ ਪ੍ਰਮਾਣਿਕ ਲਿਖਤ ਨਹੀਂ ਜਾਪਦੀ।

1ਵ) ਪੁਰਾਤਨ ਹੱਥ-ਲਿਖਤਾਂ ਨੂੰ ਵਾਚਣ ਵਾਲੇ ਖੋਜੀ ਵਿਦਵਾਨ ਇਸ ਗੱਲ ਤੋਂ ਪਰਿਚਤ ਹਨ[2] ਕਿ ਉੱਤਰੀ ਭਾਰਤ ਅਤੇ ਖ਼ਾਸ ਤੌਰ ਤੇ ਪੰਜਾਬ ਦੇ ਭੂਗੋਲਿਕ ਵਾਤਾਵਰਣ ਵਿਚ ਕਿਸੇ ਹੱਥ-ਲਿਖਤ ਦਾ ਮੌਲਿਕ ਰੂਪ ਵਿਚ ਵਧੀ ਤਿੰਨ ਸੌ ਸਾਲ ਤੋਂ ਵੱਧ ਸੁਰੱਖਿਅਤ ਰਹਿਣਾ ਇਕ ਅਜੂਬਾ ਹੀ ਹੈ। ਹੁਣ ਤਕ ਪੰਜਾਬ ਦੀਆਂ ਜਿੰਨੀਆਂ ਪੁਰਾਤਨ ਹੱਥ-ਲਿਖਤਾਂ ਪ੍ਰਕਾਸ਼ ਵਿਚ ਆਈਆਂ ਹਨ, ਉਹਨਾਂ ਦਾ ਸਮਾਂ ਵਧੀ ਤਿੰਨ ਸੌ ਸਾਲ ਤੋਂ ਪੁਰਾਣਾ ਸਿੱਧ ਨਹੀਂ ਹੁੰਦਾ। ਇਸ ਦਾ ਕਾਰਣ ਇਹ ਹੈ ਕਿ ਅਜੋਕੀਆਂ ਵਿਗਿਆਨਕ ਵਿਧੀਆਂ ਜਿਨ੍ਹਾਂ ਨਾਲ ਕਿਸੇ ਹੱਥ-ਲਿਖਤ ਨੂੰ ਸਦੀਆਂ ਤਕ ਸੁਰੱਖਿਅਤ ਰਖਿਆ ਜਾ ਸਕੇ, ਵੀਹ ਪੱਚੀ ਸਾਲ ਤੋਂ ਪਹਿਲਾਂ ਪੰਜਾਬ ਵਿਚ ਉਪਲਬਧ ਨਹੀਂ ਸਨ। ਪਰਿਣਾਮ ਸਰੂਪ ਪੰਜਾਬ ਦਾ ਹੱਥ-ਲਿਖਤੀ ਸਾਹਿਤ ਘੱਟੋ ਘੱਟ ਆਪਣੇ ਮੌਲਿਕ ਰੂਪ ਵਿਚ ਦਸਮ ਗੁਰੂ ਤੋਂ ਪਹਿਲਾਂ ਦਾ ਸਿੱਧ ਨਹੀਂ ਹੋ ਸਕਦਾ। ਕਹਿਣ ਦਾ ਭਾਵ ਇਹ ਹੈ ਕਿ ਤਥਾ-ਕਥਿਤ 1645 ਸੰਮਤ ਵਾਲੇ ਪੁਰਾਤਨ ਜਨਮਸਾਖੀ ਦੇ ਨੁਸਖੇ ਦੇ ਅੱਖਰਾਂ ਨੂੰ ਆਧੁਨਿਕ ਵਿਗਿਆਨਕ ਵਿਧੀ ਰਾਹੀਂ ਪਰਖੇ ਬਿਨਾਂ ਏਨਾ ਪੁਰਾਣਾ ਮੰਨ ਲੈਣਾ ਕਿਸੇ ਵੀ

---

1. ਹੱਥ-ਲਿਖਤਾਂ ਦਾ ਲਿਖਣ-ਕਾਲ ਸਿੱਧ ਕਰਨ ਲਈ ਬਹੁਤ ਸਾਰੀਆਂ ਵਿਧੀਆਂ ਅਪਣਾਈਆਂ ਜਾਂਦੀਆਂ ਹਨ। ਇਹਨਾਂ ਵਿਚ ਮੂਲ ਗ੍ਰੰਥ ਦਾ ਰਚਨਾ-ਕਾਲ ਉਸਦੇ ਉਤਾਰੇ ਤੋਂ ਆਮ ਤੌਰ ਤੇ ਘੱਟੋ ਘੱਟ ਸੌ ਵਰ੍ਹੇ ਪਹਿਲਾਂ ਦਾ ਹੋਣਾ ਚਾਹੀਦਾ ਹੈ। ਵਿਸਥਾਰ ਲਈ ਵੇਖੋ: ਡਾ. ਸਤਿੰਦਰ, 'ਪਾਂਡੂ ਲਿਪਿ ਵਿਗਿਆਨ' ਪੰਨੇ 278,279.

2. ਵੇਰਵੇ ਲਈ ਵੇਖੋ:
   ੳ) 'ਹੱਥ-ਲਿਖਤਾਂ ਦੀ ਸੂਚੀ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਦੋ ਭਾਗ, ਪ੍ਰਕਾ. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.
   ਅ) 'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਪ੍ਰਕਾਸ਼ਕ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ.

ਹੱਥ-ਲਿਖਤ ਦੇ ਵਾਚਣ ਵਾਲੇ ਲਈ ਉਚਿਤ ਨਹੀਂ ਜਾਪਦਾ।[1] ਇੰਜ ਜਾਪਦਾ ਹੈ ਕਿ ਪੁਰਾਤਨ ਜਨਮਸਾਖੀ ਨੂੰ ਪ੍ਰਾਚੀਨ ਰਚਨਾ ਦੱਸਣ ਵਾਲੇ ਵਿਦਵਾਨਾਂ ਨੇ ਸਰਲ ਵਿਸ਼ਵਾਸਾਂ ਤੋਂ ਵਧੇਰੇ ਕੰਮ ਲਿਆ ਹੈ। ਕਿਸੇ ਵਿਗਿਆਨਕ ਜਾਂ ਕਿਸੇ ਹੋਰ ਉੱਚੀ ਸੋਰ ਦਾ ਸਹਾਰਾ ਉਹਨਾਂ ਨੇ ਨਹੀਂ ਲਿਆ।

ਇਸ ਵਿਚਾਰ ਚਰਚਾ ਦੀ ਲੋਅ ਵਿਚ ਭਾਈ ਵੀਰ ਸਿੰਘ ਦੁਆਰਾ ਸਿਧ ਕੀਤਾ ਸਮਾਂ ਅਰਥਾਤ ਦਸਮ ਗੁਰੂ ਤੋਂ ਬਾਅਦ ਦਾ ਸਮਾਂ ਪੁਰਾਤਨ ਜਨਮਸਾਖੀ ਦਾ ਸਹੀ ਰਚਨਾਕਾਲ ਕਿਹਾ ਜਾ ਸਕਦਾ ਹੈ। ਇਹ ਪ੍ਰਾਣ-ਸੰਗਲੀ ਦੇ ਰਚਣ ਕਾਲ ਦੀ ਸਭ ਤੋਂ ਹੇਠਲੀ ਸੀਮਾ ਮੰਨੀ ਜਾ ਸਕਦੀ ਹੈ।

ਵਾਸਤਵ ਵਿਚ ਪ੍ਰਾਣ-ਸੰਗਲੀ ਦੇ ਮੁਢਲੇ ਅਵਤਰਨ ਪੁਰਾਤਨ ਜਨਮਸਾਖੀ ਵਿਚ ਸੰਕਲਿਤ ਹਨ ਅਤੇ ਇਹ ਅਵਤਰਨ ਪੁਰਾਤਨ ਜਨਮਸਾਖੀ ਵਿਚ ਸੰਕਲਿਤ ਹਨ ਅਤੇ ਇਹ ਅਵਤਰਨ ਪੁਰਾਤਨ ਜਨਮਸਾਖੀ ਦੇ ਅੰਤਿਮ ਅੰਗ ਹਨ, ਇਸ ਲਈ ਪ੍ਰਾਣ-ਸੰਗਲੀ ਨੂੰ ਪੁਰਾਤਨ ਜਨਮਸਾਖੀ ਤੋਂ ਬਾਅਦ ਦੀ ਰਚਨਾ ਮੰਨਿਆ ਜਾ ਸਕਦਾ ਹੈ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਪੁਰਾਤਨ ਜਨਮਸਾਖੀ ਦੇ ਸਬੰਧਿਤ ਅਵਤਰਨਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਕਲਪਨਾ ਰਾਹੀਂ ਪ੍ਰਾਣ-ਸੰਗਲੀ ਨੂੰ ਯੋਗ, ਵੇਦਾਂਤ, ਭਗਤੀ ਆਦਿ ਸੰਦਰਭ ਦਿੱਤੇ ਹਨ। ਇਸ ਸੰਦਰਭ ਵਿਚ ਇਹ ਤੱਥ ਵੀ ਧਿਆਨ ਗੋਚਰੇ ਰਖਣਾ ਚਾਹੀਦਾ ਹੈ ਕਿ ਪ੍ਰਾਣ-ਸੰਗਲੀ ਦੀ ਭਾਸ਼ਾ ਬਹੁਤ ਥਾਵਾਂ ਤੇ ਪੁਰਾਤਨ ਜਨਮਸਾਖੀ ਦੀ ਭਾਸ਼ਾ ਦਾ ਹੀ ਅਨੁਕਰਣ ਕਰਦੀ ਜਾਪਦੀ ਹੈ। ਅੰਤ ਵਿਚ ਇਹ ਕਹਿਣਾ ਸਾਹਿਤਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਸ਼ੁਧ ਹੋਵੇਗਾ ਕਿ ਪ੍ਰਾਣ-ਸੰਗਲੀ ਦਾ ਰਚਨਾ-ਕਾਲ ਪੁਰਾਤਨ ਜਨਮਸਾਖੀ ਤੋਂ ਵੱਧ ਤੋਂ ਵਧ ਸੌ ਸਾਲ ਅਤੇ ਘੱਟ ਤੋਂ ਘੱਟ 50 ਸਾਲ ਬਾਅਦ ਦਾ ਹੋਣਾ ਚਾਹੀਦਾ ਹੈ।

## ਨਿਸ਼ਕਰਸ਼

ਪ੍ਰਾਣ-ਸੰਗਲੀ ਬਾਰੇ ਪੂਰਬ ਪੱਖ ਦੇ ਅਨੇਕ ਤਰਕਾਂ, ਨੁਕਤਿਆਂ ਅਤੇ ਪ੍ਰਮਾਣਾਂ ਦਾ ਵਿਵੇਚਨ ਅਤੇ ਵਿਸ਼ਲੇਸ਼ਣ ਕਰਨ ਤੋਂ ਪਿੱਛੋਂ ਇਹ ਨਿਸ਼ਕਰਸ਼ ਉਪਲਬਧ ਹੁੰਦੇ ਹਨ:

ਪ੍ਰਾਣ-ਸੰਗਲੀ ਆਪਣੇ ਵਰਤਮਾਨ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਹੀਂ ਹੋ ਸਕਦੀ। ਸਿੰਗਲਾਦੀਪ ਦੇ ਰਾਜਾ ਸ਼ਿਵਨਾਭ ਪ੍ਰਥਾਇ ਇਸ ਦਾ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਹੋਣਾ ਵੀ ਇਤਿਹਾਸਕ, ਭੂਗੋਲਿਕ ਅਤੇ ਦਰਸ਼ਨ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਸਿੱਧ ਕਰਨਾ ਹੁਣ ਤਕ ਸੰਭਵ ਨਹੀਂ ਹੋ ਸਕਿਆ।

---

1. ਮੈਕਾਲਫ ਤੋਂ ਪਹਿਲਾਂ ਗੁਰਮੁਖੀ ਅੱਖਰਾਂ ਦੇ ਬਹੁਤ ਪੁਰਾਣੇ ਫੋਟੋ ਨਮੂਨੇ Indigenous System of Education in Punjab, 1882 ਵਿੱਚ ਡਾ. ਲਾਈਟਨਰ ਨੇ ਪ੍ਰਸਤੁਤ ਕੀਤੇ ਸਨ। ਇਸ ਦੇ ਨਾਲ ਨਾਲ ਜਨਰਲ ਕਨਿੰਘਮ ਅਤੇ ਪ੍ਰਿੰਸੇਪ ਆਦਿ ਵਿਦਵਾਨਾਂ ਨੇ ਬ੍ਰਾਹਮੀ ਲਿਪੀ ਦੇ ਸੰਦਰਭ ਵਿਚ ਗੁਰਮੁਖੀ ਦੇ ਅੱਖਰਾਂ ਦਾ ਇਤਿਹਾਸ ਤੇ ਵਿਕਾਸ ਵੀ ਮੈਕਾਲਫ ਤੋਂ ਪਹਿਲਾਂ ਪ੍ਰਕਾਸ਼ਿਤ ਕਰ ਦਿੱਤਾ ਸੀ। ਇਸੇ ਤਰ੍ਹਾਂ ਮੈਕਾਲਫ ਤੋਂ ਪਹਿਲਾਂ ਗੌਰੀ ਸ਼ੰਕਰ ਹੀਰਾ ਚੰਦ ਓਝਾ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਪ੍ਰਾਚੀਨ ਭਾਰਤੀਯ ਲਿਪੀ ਮਾਲਾ' ਵੀ ਪ੍ਰਕਾਸ਼ ਵਿਚ ਆ ਚੁੱਕੀ ਸੀ। ਲਿਪੀ ਵਿਗਿਆਨ ਦੀਆਂ ਇਹਨਾਂ ਪ੍ਰਮਾਣਿਕ ਪੁਸਤਕਾਂ ਦੀ ਸਹਾਇਤਾ ਤੋਂ ਬਿਨਾਂ ਕਿਸੇ ਵੀ ਹੱਥ-ਲਿਖਤ ਦੀ ਲਿਪੀ ਜਾਂ ਉਸਦੇ ਅੱਖਰਾਂ ਬਾਰੇ ਕੋਈ ਨਿਰਣਾ ਦੇਣਾ ਉਚਿਤ ਨਹੀਂ ਜਾਪਦਾ।

ਪ੍ਰਾਣ-ਸੰਗਲੀ ਦਾ ਵਿਸ਼ਾ-ਵਸਤੂ ਨਾ ਕੇਵਲ ਅਪ੍ਰਮਾਣਿਕ ਹੀ ਹੈ ਸਗੋਂ ਇਸ ਵਿਚ ਬਹੁਤ ਸਾਰੀਆਂ ਤੱਥ ਮੂਲਕ ਭ੍ਰਾਂਤੀਆਂ ਵੀ ਹਨ। ਸਿੱਖ ਰਹਿਤ, ਮਰਯਾਦਾ ਅਤੇ ਪਰੰਪਰਾਵਾਂ ਦੇ ਪ੍ਰਤਿਕੂਲ ਅਨੇਕ ਘਟਨਾਵਾਂ, ਜੰਤ੍ਰਾਂ-ਮੰਤ੍ਰਾਂ ਅਤੇ ਸਿੱਧੀਆਂ ਦਾ ਅਨੇਕ ਵੇਰਵਾ ਅਤੇ ਵੈਦਿਕ ਦੇ ਅਸ਼ਲੀਲ (ਕਾਮ ਸੰਬੰਧੀ) ਨੁਸਖਿਆਂ ਦਾ ਪ੍ਰਾਣ-ਸੰਗਲੀ ਵਿਚ ਸੰਕਲਿਤ ਹੋਣਾ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਾ ਹੋਣ ਦਾ ਬਹੁਤ ਪੱਕਾ ਅਤੇ ਵਿਸ਼ਵਾਸ ਯੋਗ ਪ੍ਰਮਾਣ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਬਿਲਕੁਲ ਉਲਟ ਰਸਾਇਣ ਆਦਿ ਦਾ ਉਲੇਖ ਇਸ ਰਚਨਾ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਸਥਾਪਿਤ ਨਹੀਂ ਹੋਣ ਦਿੰਦਾ। ਭਾਸ਼ਾ ਅਤੇ ਸੰਰਚਨਾ ਦੀ ਦ੍ਰਿਸ਼ਟੀ ਤੋਂ ਵੀ ਪ੍ਰਾਣ-ਸੰਗਲੀ ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਤੋਂ ਬਿਲਕੁਲ ਉਲਟ ਹੋਣ ਕਰਕੇ ਗੁਰੂ ਜੀ ਦੀ ਕ੍ਰਿਤੀ ਹੋਣ ਦਾ ਮਾਣ ਪ੍ਰਾਪਤ ਨਹੀਂ ਕਰ ਸਕਦੀ। ਗੁਰੂ ਨਾਨਕ ਦੇਵ ਜੀ ਦੇ ਕਰਤ੍ਰਿਤਵ ਨਾਲ ਅਸੰਬੰਧਿਤ ਇਸ ਰਚਨਾ ਦਾ ਕਰਤਾ ਕੌਣ ਹੋ ਸਕਦਾ ਹੈ ਇਸ ਬਾਰੇ ਇਤਿਹਾਸਕ, ਸਾਹਿਤਕ ਆਦਿ ਪ੍ਰਮਾਣ ਉਪਲਬਧ ਨਹੀਂ ਹਨ। ਹਾਂ, ਇਸ ਦੇ ਵਿਸ਼ਾ-ਵਸਤੂ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਦਾ ਰਚੇਤਾ ਕੋਈ ਇਕ ਵਿਅਕਤੀ ਨਾ ਹੋ ਕੇ ਹਠ ਯੋਗਿਕ ਸਾਧਨਾ ਦਾ ਪ੍ਰਤਿਪਾਦਨ ਕਰਨ ਵਾਲੇ ਕੁਝ ਸਾਧ ਕਵੀ ਹੋ ਸਕਦੇ ਹਨ ਜਿਨ੍ਹਾਂ ਦੀਆਂ ਖਿੰਡੀਆਂ ਪੁੰਡੀਆਂ ਰਚਨਾਵਾਂ ਨੂੰ ਪ੍ਰਾਣ-ਸੰਗਲੀ ਨਾਂ ਅਧੀਨ ਸੰਕਲਿਤ ਕੀਤਾ ਗਿਆ ਜਾਪਦਾ ਹੈ। ਜੇ ਇਹਨਾਂ ਵੱਖ ਵੱਖ ਅਧਿਆਵਾਂ ਦਾ ਰਚੇਤਾ ਇਕੋ ਵਿਅਕਤੀ ਹੁੰਦਾ ਤਾਂ ਇਹਨਾਂ ਵਿਚ ਨਾ ਤਾਂ ਵਿਸ਼ੇਗਤ ਵਿਰੋਧ ਹੁੰਦਾ ਤੇ ਨਾ ਹੀ ਇਹਨਾਂ ਅਧਿਆਵਾਂ ਦੀ ਗਿਣਤੀ ਅਤੇ ਪ੍ਰਾਣ-ਸੰਗਲੀ ਦੇ ਆਕਾਰ ਪ੍ਰਕਾਰ ਵਿਚ ਇਤਨੀ ਅਸੰਤੁਲਿਤ ਅਵਿਗਿਆਨਕ ਕ੍ਰਮਹੀਣਤਾ ਹੁੰਦੀ। ਵੱਖ ਵੱਖ ਵਿਸ਼ਿਆਂ ਅਤੇ 60 ਤੋਂ ਲੈ ਕੇ 160 ਅਧਿਆਵਾਂ ਦੀ ਗਿਣਤੀ ਨੂੰ ਆਪਣੇ ਅੰਦਰ ਸਮੇਟਣ ਵਾਲੇ ਪ੍ਰਾਣ-ਸੰਗਲੀ ਦੇ ਵੱਖ ਵੱਖ ਹੱਥ-ਲਿਖਤੀ ਨੁਸਖ਼ੇ ਅਤੇ ਕੁਝ ਛਪੀਆਂ ਹੋਈਆਂ ਪੁਸਤਕਾਂ ਨੂੰ ਧਿਆਨ ਵਿਚ ਰਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਣ-ਸੰਗਲੀ ਆਪਣੇ ਵਰਤਮਾਨ ਰੂਪ ਵਿਚ ਕਿਸੇ ਇਕ ਵਿਅਕਤੀ ਦੀ ਰਚਨਾ ਨਹੀਂ ਹੈ। ਇਸ ਦਾ ਰਚਨਾ-ਕਾਲ ਵੀ ਸੰਦਿਗਧ ਹੈ। ਅਨੁਮਾਨ ਹੈ ਕਿ ਇਸ ਦੀ ਰਚਨਾ ਅਠਾਰਵੀਂ ਸਦੀ ਦੇ ਲਾਗੇ ਪਾਸ ਹੋਈ ਹੋਵੇਗੀ।

# ਅੱਧਿਆਇ ਦੂਜਾ

## ਪ੍ਰਾਣ-ਸੰਗਲੀ: ਵਿਸ਼ਾ-ਵਸਤੂ

ਅਧਿਆਇ 2

## ਪ੍ਰਾਣ-ਸੰਗਲੀ: ਵਿਸ਼-ਵਸਤੂ

### ਪ੍ਰਾਣ-ਸੰਗਲੀ: ਸ਼ਾਬਦਿਕ ਅਰਥ

ਆਮ ਤੌਰ ਤੇ ਪ੍ਰਾਣ-ਸੰਗਲੀ ਦਾ ਅਰਥ ਪ੍ਰਾਣਾਂ ਨੂੰ ਬੰਨ੍ਹਣ ਵਾਲੀ ਰਚਨਾ ਦੱਸਿਆ ਗਿਆ ਹੈ। ਸੰਤ ਸੰਪੂਰਣ ਸਿੰਘ ਨੇ ਸੰਗਲੀ ਦਾ ਅਰਥ 'ਸੰਜਮ' (ਕਾਬੂ) ਵੀ ਕੀਤਾ ਹੈ।[1] ਪਰ ਪ੍ਰਾਣ-ਸੰਗਲੀ ਦਾ ਅਰਥ ਸੰਜਮ ਜਾਂ ਕਾਬੂ ਕਰਨ ਦਾ ਕੋਈ ਪ੍ਰਮਾਣ ਸੰਤ ਜੀ ਨੇ ਨਹੀਂ ਦਿੱਤਾ। ਇਸੇ ਤਰ੍ਹਾਂ ਪ੍ਰਾਣ ਦਾ ਅਰਥ ਸਵਾਸ ਜਾਂ ਸਾਹ ਉਹਨਾਂ ਨੇ ਕੀਤਾ ਹੈ। ਪਰ ਇਸ ਸ਼ਬਦ ਦੀ ਵੀ ਪੂਰੀ ਵਿਆਖਿਆ ਉਹਨਾਂ ਨੇ ਨਹੀਂ ਕੀਤੀ। ਡਾ. ਰਤਨ ਸਿੰਘ ਜੱਗੀ ਨੇ ਵੀ ਇਸੇ ਅਰਥ ਨੂੰ ਸਵੀਕਾਰ ਕੀਤਾ ਹੈ।[2] ਪਰ ਇਸ ਬਾਰੇ ਵਿਸਥਾਰ ਨਾਲ ਵਿਚਾਰ ਉਹਨਾਂ ਨੇ ਵੀ ਨਹੀਂ ਕੀਤਾ ਇੰਜ ਜਾਪਦਾ ਹੈ ਕਿ ਹੁਣ ਤਕ ਵਿਦਵਾਨਾਂ ਨੇ ਭਾਈ ਕਾਨ੍ਹ ਸਿੰਘ ਦੇ 'ਮਹਾਨਕੋਸ਼'[3] ਦੇ ਆਧਾਰ ਤੇ ਹੀ ਇਹ ਅਰਥ ਕੀਤੇ ਹਨ। ਪਰ 'ਪ੍ਰਾਣ' ਅਤੇ 'ਸੰਗਲੀ' — ਇਹਨਾਂ ਦੋਵਾਂ ਸ਼ਬਦਾਂ ਦੇ ਅੰਤਰੀਵੀ ਅਰਥਾਂ ਨੂੰ ਇਕ ਨਵਾਂ ਸੰਦਰਭ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ।

ਪ੍ਰਾਣ ਸ਼ਬਦ ਦਾ ਅਰਥ: ਯੋਗ ਦੀਆਂ ਦੋਵੇਂ ਸ਼ਾਖਾਵਾਂ — ਹਠ ਯੋਗ ਅਤੇ ਰਾਜ ਯੋਗ — ਵਿਚ ਪ੍ਰਾਣ ਦਾ ਅਰਥ ਪ੍ਰਾਣ-ਵਿਦਿਆ ਅਰਥਾਤ ਯੋਗ-ਵਿਦਿਆ ਦੱਸਿਆ ਗਿਆ ਹੈ। 'ਸਿੱਧ ਸਿੱਧਾਂਤ ਪੱਧਤੀ',[4] 'ਗੋਰਖ ਸੰਹਿਤਾ',[5] 'ਯੋਗ ਪਟਲ,[6] ਅਤੇ 'ਯੋਗ ਤਾਪਿਨੀ ਉਪਨਿਸ਼ਦ'[7] ਆਦਿ ਯੋਗ ਸੰਬੰਧੀ ਪ੍ਰਾਚੀਨ ਤਥ ਪ੍ਰਮਾਣਿਕ ਰਚਨਾਵਾਂ ਵਿਚ 'ਪ੍ਰਾਣ' ਸ਼ਬਦ ਦਾ ਅਰਥ ਪ੍ਰਾਣ-ਵਿਦਿਆ ਅਥਵਾ ਯੋਗ-ਵਿਦਿਆ ਦੱਸਿਆ ਗਿਆ ਹੈ। 'ਸ਼ਵੇਤਾਸ਼ਵਤਰ ਉਪਨਿਸ਼ਦ'[8]

---

1. 'ਪ੍ਰਾਣ-ਸੰਗਲੀ' (ਸੰਪ. ਸੰਤ ਸੰਪੂਰਣ ਸਿੰਘ), ਪੰਨਾ 12 (ਭੂਮਿਕਾ).
2. ਡਾ. ਰਤਨ ਸਿੰਘ ਜੱਗੀ, ਪ੍ਰਾਣ-ਸੰਗਲੀ ਦਾ ਕਰਤ੍ਰਿਤਵ ਪ੍ਰਸ਼ਨ, 'ਖੋਜ ਪੱਤ੍ਰਿਕਾ' ਸਾਲ 1967-68, ਅੰਕ 1, ਪੰਨਾ 67.
3. "ਪ੍ਰਾਣ ਸੰਗਲਾ, ਹਠ ਯੋਗ ਅਨੁਸਾਰ ਪ੍ਰਾਣਾਯਾਮ ਦੱਸਣ ਵਾਲੀ ਇਕ ਪੋਥੀ, ਜਿਸਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਦੱਸਿਆ ਜਾਂਦਾ ਹੈ। 'ਗੁਰਪ੍ਰਤਾਪ ਸੂਰਯ' ਅਨੁਸਾਰ ਗੁਰੂ ਅਰਜਨ ਸਾਹਿਬ ਨੇ ਇਹ ਪੋਥੀ ਜਲ ਪ੍ਰਵਾਹ ਕਰ ਦਿੱਤੀ, ਇਸ ਤੋਂ ਸਿੱਧ ਹੈ ਕਿ ਉਹ ਜਗਤ ਗੁਰੂ ਦੀ ਰਚਨਾ ਨਹੀਂ ਸੀ। ਹੁਣ ਵੀ ਇਸੇ ਨਾਉਂ ਦੀ ਇੱਕ ਪੋਥੀ ਦੇਖੀ ਜਾਂਦੀ ਹੈ ਜਿਸਦੀ ਰਚਨਾ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਗੁਰੂ ਸਾਹਿਬ ਦੀ ਰਚਨਾ ਨਹੀਂ ਹੈ।" ਦੇਖੋ: 'ਗੁਰਸ਼ਬਦ ਰਤਨਾਕਰ-ਮਹਾਨਕੋਸ਼', (ਕਾਨ੍ਹ ਸਿੰਘ ਨਾਭਾ), ਪੰਨੇ 803-804.
4. 'ਸਿੱਧ ਸਿੱਧਾਂਤ ਪੱਧਤੀ', ਅਧਿਆਇ 3, ਪਾਦ 1, ਸਲੋਕ 83.
5. 'ਗੋਰਖ ਸੰਹਿਤਾ', ਅਧਿਆਇ 1, ਪਾਦ 35, ਸਲੋਕ 40.
6. 'ਯੋਗ ਪਟਲ', ਅਧਿਆਇ 1, ਸਲੋਕ 9.
7. 'ਯੋਗ ਤਾਪਿਨੀ ਉਪਨਿਸ਼ਦ' ਪਟਲ 1.
8. 'ਸ਼ਵੇਤਾਸ਼ਵਤਰ ਉਪਨਿਸ਼ਦ', ਵੱਲਰੀ 1.

ਵਿਚ ਪ੍ਰਾਣ ਨੂੰ 'ਬ੍ਰਹਮ' ਦੱਸਿਆ ਗਿਆ ਹੈ। ਪਤੰਜਲੀ[1] ਨੇ ਯੋਗ ਸੂਤਰ ਵਿਚ ਅਸ਼ਟਾਂਗ ਯੋਗ ਦਾ ਆਧਾਰ ਪ੍ਰਾਣ-ਵਿਦਿਆ (ਪ੍ਰਾਣਾਯਾਮ) ਨੂੰ ਹੀ ਸਵੀਕਾਰ ਕੀਤਾ ਹੈ।

ਇੰਜ ਜਾਪਦਾ ਹੈ ਕਿ ਪ੍ਰਾਣ ਨੂੰ ਯੋਗ ਵਿਦਿਆ ਦੇ ਅਰਥ ਵਿਚ ਪ੍ਰਾਣ-ਸੰਗਲੀ ਦੇ ਲੇਖਕ ਜਾਂ ਇਸਦੇ ਸੰਗ੍ਰਹਿ-ਕਰਤਾ ਨੇ ਵਰਤਿਆ ਹੈ। ਯੋਗ ਸ਼ਾਸਤ੍ਰ ਦੀ ਪਰੰਪਰਾ ਵਿਚ ਵੀ 'ਪ੍ਰਾਣ' ਦਾ ਇਹੋ ਅਰਥ ਢੁਕਦਾ ਹੈ।

<u>ਸੰਗਲੀ ਸ਼ਬਦ ਦਾ ਅਰਥ</u>: 'ਸੰਗਲੀ' ਸ਼ਬਦ ਨੂੰ ਆਮ ਤੌਰ ਤੇ ਪੰਜਾਬੀ ਦੇ ਸੰਗਲ, ਸੰਗਲੀ ਆਦਿ ਵਿਵਹਾਰਿਕ ਅਰਥਾਂ ਵਿਚ ਸਵੀਕਾਰ ਕੀਤਾ ਗਿਆ ਹੈ। ਪਰ ਗਹੁ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ 'ਸੰਗਲ' ਦਾ ਆਮ ਪ੍ਰਚਲਿਤ ਅਰਥ ਇਥੇ ਨਹੀਂ ਢੁਕਦਾ। ਕਿਉਂਕਿ ਯੋਗ-ਵਿਦਿਆ (ਪ੍ਰਾਣ ਵਿਦਿਆ) ਦਾ ਮੁੱਖ ਮੰਤਵ ਪ੍ਰਾਣਾਂ ਦੀ ਮੁਕਤੀ ਹੈ। ਸੰਗਲੀ ਰਾਹੀਂ ਪ੍ਰਾਣਾਂ ਨੂੰ ਬੰਨ੍ਹਣਾ ਜਾਂ ਕਾਬੂ (ਸੰਜਮ) ਦੀ ਤਰ੍ਹਾਂ ਉਹਨਾਂ ਨੂੰ ਵਰਤਮਾਨ ਰੂਪ ਵਿਚ ਸੁਰਖਿਅਤ ਰਖਣਾ ਯੋਗ-ਵਿਦਿਆ ਦਾ ਮੰਤਵ ਨਹੀਂ ਹੈ। ਇਸ ਲਈ 'ਸੰਗਲੀ ਸ਼ਬਦ ਦਾ ਵੀ ਕੁਝ ਭਿੰਨ ਅਰਥ ਹੋਣਾ ਚਾਹੀਦਾ ਹੈ।

ਇੰਜ ਜਾਪਦਾ ਹੈ ਕਿ ਇਹ 'ਸੰਗਲੀ' ਸ਼ਬਦ 'ਸਿੰਹਲੀ' (ਸੰਗਲਾਦੀਪ ਵਾਲੀ) ਸ਼ਬਦ ਦਾ ਵਿਕਸਿਤ ਰੂਪ ਹੈ। ਜੇ ਇਹ ਗੱਲ ਸਵੀਕਾਰ ਕੀਤੀ ਜਾਏ ਕਿ ਇਹ ਰਚਨਾ ਸੰਗਲਾਦੀਪ ਵਿਚ ਹੋਈ ਸੀ, ਤਾਂ ਇਸ ਸ਼ਬਦ ਦਾ ਸੰਬੰਧ 'ਸੰਗਲ' ਨਾਲ ਨਾ ਹੋ ਕੇ 'ਸਿੰਹਲ' ਜਾਂ 'ਸਿੰਹਲਾਦੀਪ' ਨਾਲ ਹੋਣਾ ਚਾਹੀਦਾ ਹੈ। ਇਸ ਵਿਚਾਰ ਦੀ ਪੁਸ਼ਟੀ ਸੰਤ ਸੰਪੂਰਣ ਸਿੰਘ ਨੇ ਵੀ ਇਕ ਥਾਂ ਤੇ ਕੀਤੀ ਹੈ। ਉਹਨਾਂ ਨੂੰ ਕਿਸੇ ਪ੍ਰਾਚੀਨ ਹੱਥ-ਲਿਖਤ ਵਿਚ ਪ੍ਰਾਣ-ਸੰਗਲੀ ਦੀ ਥਾਂ 'ਪ੍ਰਾਣ-ਸਿੰਹਲੀ' ਸ਼ਬਦ ਮਿਲਿਆ ਹੈ।[2]

ਇਸ ਤਰ੍ਹਾਂ ਪ੍ਰਾਣ-ਸੰਗਲੀ ਸੰਬੰਧੀ ਇਕ ਪੁਰਾਣੇ ਭੁਲੇਖੇ ਦਾ ਨਿਵਾਰਣ ਹੋ ਸਕਦਾ ਹੈ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਸਦੇ ਰਚਨਾਕਾਰ ਨੇ 'ਪ੍ਰਾਣ' ਸ਼ਬਦ ਦੀ ਵਰਤੋਂ ਯੋਗ ਸ਼ਾਸਤ੍ਰ ਦੀਆਂ ਪੁਰਾਣੀਆਂ ਪਰੰਪਰਾਵਾਂ ਅਨੁਸਾਰ ਕੀਤੀ ਹੈ। ਕਿਉਂਕਿ ਆਪਣੇ ਵਿਸ਼ੇ ਦੇ ਨੇੜੇ ਹੋਣ ਕਰਕੇ ਇਹੋ ਸ਼ਬਦ ਉਸਨੇ ਪ੍ਰਯੋਗ ਕੀਤਾ ਹੈ। 'ਸਿੰਹਲ' ਸ਼ਬਦ ਵਿਚ ਵੀ ਯੋਗ ਸ਼ਾਸਤ੍ਰ ਦੀਆਂ ਸਾਰੀਆਂ ਪਰੰਪਰਾਵਾਂ, ਮਾਨਤਾਵਾਂ ਅਤੇ ਸਾਧਨਾ ਪੱਧਤੀਆਂ ਪ੍ਰਤੀਕ ਰੂਪ ਵਿਚ ਸੰਕੇਤਿਤ ਹੋਈਆਂ ਹਨ। ਇਸ ਤੋਂ ਇਲਾਵਾ ਅਸ਼ਟਾਂਗ ਯੋਗ ਜਾਂ ਹਠ ਯੋਗ ਜਾਂ ਕਿਸੇ ਹੋਰ ਅਧਿਆਤਮਿਕ ਸਾਧਨਾ ਪੱਧਤੀ ਵਿਚ ਪ੍ਰਾਣ ਜਾਂ ਪ੍ਰਾਣਾਯਾਮ ਨੂੰ ਮੁਕਤੀ ਲਈ ਜਾਂ ਆਤਮਿਕ ਉੱਨਤੀ ਲਈ ਬਹੁਤ ਆਵੱਸ਼ਕ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ 'ਪ੍ਰਾਣ' ਸ਼ਬਦ ਪ੍ਰਾਣ-ਵਿਦਿਆ ਅਰਥਾਤ ਯੋਗ-ਵਿਦਿਆ ਦਾ ਸੂਚਕ ਹੈ ਅਤੇ 'ਸਿੰਹਲੀ' ਸ਼ਬਦ ਇਸ ਰਚਨਾ ਦੀ ਰਚਣ-ਥਾਂ ਵਲ ਸੰਕੇਤ ਕਰਦਾ ਹੈ।

<u>'ਸਿੰਹਲੀ' ਸ਼ਬਦ</u>: 'ਸਿੰਹਲ' ਜਾਂ 'ਸਿੰਹਲੀ' ਸ਼ਬਦ ਯੋਗ ਅਤੇ ਨਾਥ ਸੰਪ੍ਰਦਾਇ ਦੇ ਸਾਧਕਾਂ ਨੇ ਦੱਖਣ ਦੇਸ਼ ਲਈ ਅਕਸਰ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਚ ਵੀ 'ਦੱਖਣ' ਸ਼ਬਦ ਦੀ ਵਰਤੋਂ ਕਈ ਥਾਵਾਂ ਤੇ ਹੋਈ ਹੈ। 'ਦੱਖਣੀ ਓਅੰਕਾਰ' ਇਸ ਕਿਸਮ ਦੀ ਇਕ ਉੱਘੀ ਰਚਨਾ ਹੈ। ਇੰਜ ਜਾਪਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਦੱਖਣ ਦੇਸ਼ ਦੀਆਂ ਉਦਾਸੀਆਂ ਨਾਲ ਇਸ ਰਚਨਾ ਦਾ ਸੰਬੰਧ ਸਥਾਪਿਤ ਕਰਨ ਲਈ

---

1. 'ਯੋਗ ਸੂਤਰ', ਪਾਦ 1, ਸੂਤਰ 24.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 55 (ਭੂਮਿਕਾ).

ਇਸ ਨੂੰ 'ਸਿੰਹਲੀ' ਵਿਸ਼ੇਸ਼ਣ ਦਿੱਤਾ ਗਿਆ ਹੋਵੇਗਾ। ਜਨਮਸਾਖੀਆਂ ਵਿਚ ਅਕਸਰ ਪ੍ਰਾਣ-ਸੰਗਲੀ ਦਾ ਉੱਚਾਰਨ ਗੁਰੂ ਨਾਨਕ ਦੇਵ ਜੀ ਦੀ ਦੂਜੀ (ਦੱਖਣ ਦੇਸ਼ ਦੀ) ਉਦਾਸੀ ਵੇਲੇ ਉਹਨਾਂ ਦੇ ਮੂੰਹੋਂ ਕਰਵਾਇਆ ਹੈ।[1]

ਕਿਉਂਕਿ ਇਹ ਰਚਨਾ ਹੁਣ ਤਕ ਠੀਕ ਤਰ੍ਹਾਂ ਸੰਪਾਦਿਤ ਜਾਂ ਪ੍ਰਕਾਸ਼ਿਤ ਨਹੀਂ ਹੋਈ ਅਤੇ ਇਸਦੇ ਪੁਰਾਣੇ ਹੱਥ-ਲਿਖਤੀ ਨੁਸਖੇ ਵੀ ਅਜੇ ਤਕ ਠੀਕ ਤਰ੍ਹਾਂ ਵਾਚੇ ਨਹੀਂ ਜਾ ਸਕੇ। ਇਸ ਲਈ ਸੰਭਾਵਨਾ ਹੈ ਕਿ ਇਸ ਰਚਨਾ ਦਾ ਸਹੀ ਨਾਂ 'ਪ੍ਰਾਣ-ਸਿੰਹਲੀ' ਹੀ ਹੋਵੇ। ਲੋਕ ਪ੍ਰਚਲਿਤ ਰਚਨਾਵਾਂ ਦੇ ਨਾਵਾਂ ਵਿਚ ਇਸ ਤਰ੍ਹਾਂ ਦਾ ਉਲਟ ਫੇਰ ਅਕਸਰ ਹੋ ਜਾਂਦਾ ਹੈ। ਉਦਾਹਰਣ ਵਜੋਂ 'ਵੇਦ' ਨੂੰ 'ਬੇਦ', 'ਯਜੁਰ ਵੇਦ' ਨੂੰ 'ਜੁਜਰਬੇਦ', 'ਰਾਮਾਇਣ' ਨੂੰ 'ਰਮੈਣ', 'ਧਨਵੰਤਰੀ' ਨੂੰ 'ਧਨੰਤਰ ਵੈਦ' ਅਤੇ 'ਕਪਾਲ ਮੋਚਨ' ਨੂੰ 'ਲੋਪਾਲ ਮੋਚਨ' ਆਦਿ ਵਿਕ੍ਰਿਤ ਸ਼ਬਦ ਲੋਕ ਪ੍ਰਚਲਿਤ ਹਨ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ 'ਸਿੰਘਲੀ' ਸ਼ਬਦ ਦਾ ਉੱਚਾਰਨ ਔਖਾ ਹੋਣ ਕਰਕੇ ਇਸਨੂੰ 'ਸੰਗਲੀ' ਜਿਹਾ ਸੌਖਾ ਰੂਪ ਲੋਕ-ਮੂੰਹਾਂ ਤੋਂ ਮਿਲਿਆ ਹੋਵੇਗਾ। ਇਸ ਲੋਕ ਪ੍ਰਚਲਿਤ ਸ਼ਬਦ ਨੂੰ ਕੋਈ ਹੋਰ ਅਰਥ ਦੇਣ ਲਈ ਖਿੱਚ-ਤਾਣ ਕਰਨ ਦੀ ਲੋੜ ਨਹੀਂ ਜਾਪਦੀ।

## ਵਿਸ਼ਾ-ਵਸਤੂ

'ਪ੍ਰਾਣ-ਸੰਗਲੀ' ਦਾ ਮੁੱਖ ਵਿਸ਼ਾ ਯੋਗ ਦੀ ਸਾਧਨਾ ਹੈ। ਇਸ ਸਾਧਨਾ ਤੋਂ ਸਾਧਕ ਨੂੰ ਸੁੰਨ ਮਹਿਲ ਦੀ ਪ੍ਰਾਪਤੀ ਜਾਂ ਉਥੇ ਤਕ ਜਾਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਦਰਅਸਲ, ਪ੍ਰਾਣ ਦੀ ਸਾਧਨਾ ਨਾਲ ਸਾਧਕ ਆਪਣੇ ਪ੍ਰਾਣਾਂ (ਸਵਾਸ ਸ਼ਕਤੀ) ਨੂੰ ਅਨੇਕ ਚੱਕਰਾਂ ਅਤੇ ਕਮਲਾਂ ਵਿਚੋਂ ਲੰਘਾਉਂਦਾ ਹੋਇਆ 'ਦਸਮਦੁਆਰ' ਅਥਵਾ ਗਗਨ ਮੰਡਲ ਤਕ ਲੈ ਜਾਂਦਾ ਹੈ। ਇਸ ਪੂਰੀ ਯਾਤਰਾ ਨੂੰ ਯੋਗ ਸ਼ਾਸਤ੍ਰ ਵਿਚ 'ਉਲਟ ਬ੍ਰਿਤੀ'[2] ਕਿਹਾ ਜਾਂਦਾ ਹੈ। ਕਿਉਂਕਿ ਸੰਸਾਰ ਤੋਂ ਮੂੰਹ ਮੋੜ ਕੇ ਆਪਣੀ ਚਿੱਤ-ਬਿਰਤੀ ਨੂੰ ਅੰਤਰਮੁਖੀ ਕਰਨਾ ਇਸ ਸਾਧਨਾ ਦਾ ਉਦੇਸ਼ ਹੈ। ਇਸ ਉਦੇਸ਼ ਦੀ ਪ੍ਰਾਪਤੀ ਵਿਚ ਪ੍ਰਾਣਾਂ ਦੀ ਸਾਧਨਾ ਪ੍ਰਾਣਾਯਾਮ ਰਾਹੀਂ ਕੀਤੀ ਜਾਂਦੀ ਹੈ। ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਪ੍ਰਾਣਾਂ ਦੀ ਸਾਧਨਾ ਹੈ। ਇਸ ਸਾਧਨਾ ਨੂੰ ਵੱਖਰੇ ਵੱਖਰੇ ਪ੍ਰਤੀਕਾਂ ਰਾਹੀਂ ਅਤੇ ਵੱਖਰੀਆਂ ਵੱਖਰੀਆਂ ਮੰਜ਼ਲਾਂ ਰਾਹੀਂ ਇਸ ਰਚਨਾ ਵਿਚ ਪ੍ਰਸਤੁਤ ਕੀਤਾ ਗਿਆ ਹੈ।

## I ਪ੍ਰਾਣ-ਸੰਗਲੀ ਦੇ ਮੁੱਢਲੇ ਸੋਮੇ

### 1) ਸੰਸਕ੍ਰਿਤ ਦੇ ਯੋਗ ਸੰਬੰਧੀ ਗ੍ਰੰਥ

ਪ੍ਰਾਣ-ਸੰਗਲੀ ਦੇ ਅਧਿਐਨ ਤੋਂ ਅਤੇ ਸੰਤ ਸੰਪੂਰਣ ਸਿੰਘ ਦੀਆਂ ਟਿੱਪਣੀਆਂ ਨੂੰ ਵੇਖਣ ਤੋਂ ਪਤਾ ਚਲਦਾ ਹੈ ਕਿ ਯੋਗ ਸੰਬੰਧੀ ਬਹੁਤ ਸਾਰੀ ਸਾਮਗ੍ਰੀ ਇਸ ਰਚਨਾਕਾਰ ਨੇ ਆਪਣੀਆਂ ਪੂਰਬਵਰਤੀ ਯੋਗ ਸ਼ਾਸਤ੍ਰ ਦੀਆਂ

---

1. 'ਪੁਰਾਤਨ ਜਨਮਸਾਖੀ' (ਸੰਪਾ. ਭਾਈ ਵੀਰ ਸਿੰਘ), ਪੰਨਾ 162.
2. 'ਇਸ ਉਲਟੀ ਬ੍ਰਿਤੀ ਨੂੰ ਯੋਗ ਗ੍ਰੰਥਾਂ ਵਿਚ 'ਉਨਮਨਿ ਅਵਸਥਾ' ਕਿਹਾ ਜਾਂਦਾ ਹੈ। 'ਉਨਮਨਿ' ਦਾ ਅਰਥ ਹੈ ਮਨ ਦਾ ਜਗਤ ਤੋਂ ਉਪਰਾਮ ਹੋਣਾ ਅਤੇ ਪਾਰਬ੍ਰਹਮ ਵਿਚ ਲੀਨ ਹੋਣਾ। 'ਸਮਾਧੀ ਅਵਸਥਾ ਦੀ ਸੂਚਨਾ ਵੀ ਕਈ ਵਾਰੀ ਉਨਮਨਿ ਸ਼ਬਦ ਨਾਲ ਦਿੱਤੀ ਜਾਂਦੀ ਹੈ।'
   ਵੇਖੋ: 'ਪ੍ਰਾਣ-ਸੰਗਲੀ', ਅਧਿਆਇ ਪਹਿਲਾ, ਉਨਮਨਿਕ, ਪੰਨੇ 1-7.

ਰਚਨਾਵਾਂ ਵਿਚੋਂ ਲਈ ਹੈ। ਮੁੱਖ ਰੂਪ ਵਿਚ ਇਹਨਾਂ ਪ੍ਰਾਚੀਨ ਰਚਨਾਵਾਂ ਦੇ ਨਾਂ ਇਸ ਪ੍ਰਕਾਰ ਹਨ:

ੳ) ਸਿੱਧ ਸਿਧਾਂਤ ਪੱਧਤੀ,
ਅ) ਘੇਰੰਡ ਸੰਹਿਤਾ,
ੲ) ਗੋਰਖ ਸੰਹਿਤਾ,
ਸ) ਯੋਗ ਪਟਲ।

2) <u>ਪ੍ਰਾਣ-ਸੰਗਲੀ ਅਤੇ ਗੋਰਖਬਾਣੀ</u>

ਸੰਸਕ੍ਰਿਤ ਦੀਆਂ ਇਹਨਾਂ ਮੌਲਿਕ ਪੁਸਤਕਾਂ ਤੋਂ ਇਲਾਵਾ ਪ੍ਰਾਣ-ਸੰਗਲੀ ਦੇ ਲੇਖਕ ਨੇ ਗੋਰਖ ਨਾਥ ਦੀ ਰਚਨਾ 'ਗੋਰਖਬਾਣੀ'[1] ਤੋਂ ਵੀ ਪ੍ਰੇਰਨਾ ਅਤੇ ਪ੍ਰਭਾਵ ਗ੍ਰਹਿਣ ਕੀਤਾ ਹੈ। ਇਹੋ ਕਾਰਨ ਹੈ ਕਿ ਪ੍ਰਾਣ-ਸੰਗਲੀ ਵਿਚ ਗੋਰਖ ਨਾਥ ਦੀ ਸ਼ਬਦਾਵਲੀ ਅਤੇ ਯੋਗ ਸਾਧਨਾ ਦੀ ਗੋਰਖ ਨਾਥ ਵਾਲੀ ਪੱਧਤੀ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਅਪਣਾਇਆ ਹੈ। ਗੋਰਖਬਾਣੀ ਅਤੇ ਪ੍ਰਾਣ-ਸੰਗਲੀ ਦੇ ਕੁਝ ਪ੍ਰਮੁੱਖ ਅਤੇ ਇਕੋ ਜਿਹੇ ਯੋਗ ਸ਼ਾਸਤ੍ਰੀ ਤੱਤਾਂ ਦਾ ਸੰਖਿਪਤ ਵੇਰਵਾ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ:

<u>ਪ੍ਰਾਣ-ਸੰਗਲੀ</u>[2]: ਗੋਰਖਬਾਣੀ ਵਿਚ ਇਕ ਰਚਨਾ 'ਪ੍ਰਾਣ ਸੰਕਲੀ' ਸਿਰਲੇਖ ਹੇਠ ਦਰਜ ਹੈ।[3] ਇਸ ਪ੍ਰਾਣ-ਸੰਗਲੀ ਦੀ ਬਣਤਰ ਅਤੇ ਇਸ ਵਿਚ ਉਪਲਬਧ ਯੋਗ ਸੰਬੰਧੀ ਅਨੇਕ ਸ਼ਬਦ ਅਤੇ ਪ੍ਰਤੀਕ ਸੰਰਚਨਾ ਤਥਾ ਸਾਧਨਾ ਦੀ ਦ੍ਰਿਸ਼ਟੀ ਤੋਂ ਇਕੋ ਹੀ ਪੱਧਰ ਦੇ ਜਾਪਦੇ ਹਨ। ਇਹਨਾਂ ਦੋਹਾਂ ਰਚਨਾਵਾਂ ਵਿਚ ਕੁਝ ਅੰਤਰੀਵੀ ਸਮਾਨਤਾਵਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ:

ੳ) <u>ਸੰਖਿਆਵਾਚੀ ਪ੍ਰਤੀਕਾਂ ਦੀ ਵਰਤੋਂ</u>: ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਸੰਖਿਆ-ਵਾਚੀ ਪ੍ਰਤੀਕਾਂ ਦੀ ਵਰਤੋਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਸੰਖਿਆਵਾਚੀ ਸ਼ਬਦਾਂ ਦੀ ਵਰਤੋਂ ਨਾਲ ਜਿੱਥੇ ਵਿਸ਼ੇ-ਵਸਤੂ ਨੂੰ ਸਪਸ਼ੱਟਤਾ ਦਿੱਤੀ ਜਾਂਦੀ ਹੈ, ਉੱਥੇ ਇਹਨਾਂ ਦੀ ਵਰਤੋਂ ਰੋਚਕਤਾ ਨੂੰ ਵੀ ਵਧਾਉਂਦੀ ਹੈ; ਉਦਾਹਰਣ ਵਜੋਂ:

"ਨੌ ਨਾਟਿਕਾ ਕੋਟੜੀ ਬਹਤਰਿ। ਚੇਰ ਪਰਾਸ ਪਚੀਸ ਪੰਚ ਅਰਿ॥"[4]

ਸੰਖਿਆਵਾਚੀ ਪ੍ਰਤੀਕਾਂ ਦੀ ਇਸ ਤਰ੍ਹਾਂ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਵੀ ਥਾਂ ਥਾਂ ਤੇ ਮਿਲਦੀ ਹੈ; ਜਿਵੇਂ:

---

1. 'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪ੍ਰਕਾ: ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਸੰਸਕਰਣ ਤੀਜਾ, 2017 ਬਿਕ੍ਰਮੀ।
2. "ਪ੍ਰਾਣ ਸੰਕਲੀ ਨਾਂ ਦੀ ਇਕ ਹੱਥ-ਲਿਖਤ ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ ਵਿਚ ਮੌਜੂਦ ਹੈ। ਇਸ ਦਾ ਲੇਖਕ ਗੁਰੂ ਗੋਰਖਨਾਥ ਲਿਖਿਆ ਹੈ। ਇਸ ਵਿਚ 250 ਪੱਤਰੇ ਹਨ। ਲਿਪੀ ਨਾਗਰੀ ਅਤੇ ਕ੍ਰਮ-ਸੰਖਿਆ 7/1822/6 ਹੈ।
   ਦੇਖੋ: 'ਹਸਤ-ਲਿਖਤ ਹਿੰਦੀ ਗ੍ਰੰਥੋਂ ਕੀ ਵਿਵਰਣਾਤਮਕ ਸੂਚੀ' ਪ੍ਰਕਾ. ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਸੰਸ: ਪਹਿਲਾ, 1971.
3. ਦੇਖੋ: 'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ
4. 'ਗੋਰਖਬਾਣੀ' (ਪ੍ਰਾਣਸੰਕਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 164.

i) 'ਨੌ ਸੈ ਨਾੜਿ ਬਹਤਰਿ ਕੋਠੜੀਆਂ'।[1]

ii) 'ਪੰਜ ਸੱਤ ਨੌਂ ਨਾਕਾ ਰਖਣਿ'।[2]

iii) 'ਨੌ ਦਰ ਮੂੰਦਿ ਅਨਾਹਦ ਭਰਿਆ, ਲੱਖ ਚੌਰਾਸੀ ਕਾਟਾ'।[3]

iv) 'ਪੰਚ ਜੋਤਿ ਲਏ ਸਭ ਅਨੂਆ'।[4]

ਅ) <u>ਖਟ-ਚੱਕਰ</u>: ਯੋਗ ਸ਼ਾਸਤ੍ਰ ਵਿਚ ਪ੍ਰਸਿੱਧ ਖਟ-ਚੱਕਰਾਂ ਬਾਰੇ ਗੋਰਖਬਾਣੀ ਅਤੇ ਪ੍ਰਾਣ-ਸੰਗਲੀ ਦੇ ਵੇਰਵੇ ਲਗਭਗ ਇਕ-ਸਮਾਨ ਹਨ। ਇਹਨਾਂ ਦੀ ਸਮਾਨਤਾ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਜਾ ਸਕਦਾ ਹੈ:

ਗੋਰਖਨਾਥ ਦੀ 'ਪ੍ਰਾਣ-ਸੰਗਲੀ' ਵਿਚ ਖਟ-ਚੱਕਰਾਂ ਬਾਰੇ ਬਹੁਤ ਸਾਰੇ ਉਲੇਖ ਮਿਲਦੇ ਹਨ, ਜਿਵੇਂ:

"ਭੇਦਿ ਖਟ ਚਕ੍ਰ ਬਸੈ ਨਾਗਣੀ।"[5]

ਇਸੇ ਤਰ੍ਹਾਂ ਪ੍ਰਾਣ-ਸੰਗਲੀ ਅਤੇ ਪ੍ਰਾਣਸੰਗਲੀ ਦੇ ਖਟ-ਚੱਕਰਾਂ ਬਾਰੇ ਬਹੁਤ ਸਾਰੇ ਉਲੇਖ ਇਕ-ਸਮਾਨ ਹਨ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੀਆਂ ਇਹ ਤੁਕਾਂ ਵੇਖਣਯੋਗ ਹਨ:

'ਖਟ ਚਕ੍ਰ ਕੈ ਖਟ ਅਸਥਾਨ'।[6]

'ਰਾਜ ਕਰੈ ਖਟ ਚਕ੍ਰ ਖੋੜਸ ਆਧਾਰੈ'।[7]

ੲ) <u>ਨਾਗਨੀ (ਨਾਗਣੀ)</u>: ਯੋਗ ਸ਼ਾਸਤ੍ਰ ਵਿਚ ਕੁੰਡਲਿਨੀ ਨੂੰ ਨਾਗਨੀ ਕਹਿਣ ਦੀ ਇਕ ਪਰੰਪਰਾ ਹੈ। ਗੋਰਖਨਾਥ ਦੀ ਪ੍ਰਾਣ-ਸੰਗਲੀ ਵਿਚ ਨਾਗਣ ਦਾ ਇਹ ਉਲੇਖ ਵਾਚਣਯੋਗ ਹੈ:

'ਕਾਲੀ ਨਾਗਨੀ ਮੀਡਕ ਧਰਹੀ'।[8]

ਪ੍ਰਾਣ-ਸੰਗਲੀ ਵਿਚ ਵੀ ਨਾਗਨੀ ਦੇ ਰੂਪ ਵਿਚ ਕੁੰਡਲਿਨੀ ਨੂੰ ਪ੍ਰਸਤੁਤ ਕੀਤਾ ਗਿਆ ਹੈ; ਜਿਵੇਂ:

'ਤਾਂ ਉਪਰ ਇਕ ਨਾਗਿਨ ਬਸੈ'।[9]

ਸ) <u>ਇੜਾ, ਪਿੰਗਲਾ, ਸੁਖਮਨਾ</u>: ਯੋਗ ਸ਼ਾਸਤ੍ਰ ਅਨੁਸਾਰ ਮਨੁੱਖੀ ਸਰੀਰ ਵਿਚ ਤਿੰਨ ਪ੍ਰਧਾਨ ਨਾੜੀਆਂ ਹਨ — ਇੜਾ, ਪਿੰਗਲਾ ਅਤੇ ਸੁਖਮਨਾ। ਗੋਰਖਨਾਥ ਦੀ ਪ੍ਰਾਣਸੰਗਲੀ ਵਿਚ ਇਹਨਾਂ ਨਾੜੀਆਂ ਦਾ ਉਲੇਖ ਇਕ ਥਾਂ ਤੇ ਇਸ ਤਰ੍ਹਾਂ ਹੋਇਆ ਹੈ:

'ਇੜਾ ਪਿੰਗੁਲਾ ਸੁਖਮਨਾ ਨਾੜੀ।ਛੂਟੇ ਭ੍ਰਮ ਮਿਟੇ ਬਨਵਾਰੀ॥'[10]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 23.
2. "ਪੰਜ ਸੱਤ ਅਤੇ ਨੌ ਸੰਖਿਆਵਾਚੀ ਪ੍ਰਤੀਕ ਹਨ ਅਤੇ ਇਹਨਾਂ ਦਾ ਸਪਸ਼ਟੀਕਰਣ ਸੰਤ ਸੰਪੂਰਣ ਸਿੰਘ ਨੇ ਸੰਬੰਧਤ ਟਿਪਣੀ ਵਿਚ ਕੀਤਾ ਹੈ।" 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 220, ਟਿਪਣੀ 6.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 14, ਟਿੱਪਣੀ ਨੰ. 4.
4. ਉਹੀ, ਪੰਨਾ 86, ਟਿੱਪਣੀ ਨੰ. 4.
5. 'ਗੋਰਖਬਾਣੀ' (ਪ੍ਰਾਣ ਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 165.
6. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 196, ਟਿੱਪਣੀ ਨੰ. 1.
7. ਉਹੀ, ਪੰਨਾ 24, ਟਿੱਪਣੀ ਨੰ. 1 ਅਤੇ 2.
8. 'ਗੋਰਖਬਾਣੀ' (ਪ੍ਰਾਣਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 166.
9. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 196, ਟਿੱਪਣੀ ਨੰ. 2.
10. ਦੇਖੋ: 'ਗੋਰਖਬਾਣੀ' (ਪ੍ਰਾਣ ਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 167 ਅਤੇ ਟਿੱਪਣੀ ਨੰ. 16.

ਪ੍ਰਾਣ-ਸੰਗਲੀ ਵਿਚ ਦਰਜ ਇਹਨਾਂ ਨਾੜੀਆਂ ਦਾ ਵੇਰਵਾ ਗੋਰਖਨਾਥ ਦੀ ਪ੍ਰਾਣਸੰਗਲੀ ਨਾਲ ਹੂ-ਬਹੂ ਮਿਲਦਾ ਹੈ:

'ਇੜਾ ਪਿੰਗੁਲਾ ਸੁਖਮਨਾ ਤਨ ਬੁਧਿ।'[1]

ਥ) ਗੁਹਜੀ ਬਾਣੀ: ਯੋਗ ਸ਼ਾਸਤ੍ਰ ਨੂੰ ਗੁਹਜੀ ਬਾਣੀ ਅਤੇ ਯੋਗ ਸਾਧਨਾ ਨੂੰ ਗੁਹਜੀ ਸਾਧਨਾ ਕਹਿਣ ਦੀ ਬਹੁਤ ਪੁਰਾਣੀ ਪਰੰਪਰਾ ਹੈ। ਇਸ ਪਰੰਪਰਾ ਦਾ ਨਿਭਾ ਗੋਰਖਨਾਥ ਦੀ ਪ੍ਰਾਣਸੰਗਲੀ ਦੇ ਆਰੰਭ ਵਿਚ ਹੋਇਆ ਹੈ।[2]

ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ ਗੁਹਜੀ ਬਾਣੀ ਸ਼ਬਦ ਦੀ ਵਰਤੋਂ ਅਨੇਕ ਥਾਵਾਂ ਤੇ ਕੀਤੀ ਹੈ।[3]

ਦ) ਉਨਮਨਿ: ਉਨਮਨਿ ਸ਼ਬਦ ਸਿੱਧਾਂ ਅਤੇ ਨਾਥਾਂ ਦੇ ਸਾਹਿੱਤ ਵਿਚ ਬਹੁਤ ਪ੍ਰਚਲਿਤ ਰਿਹਾ ਹੈ। ਗੋਰਖਨਾਥ ਨੇ ਇਸ ਸ਼ਬਦ ਦੀ ਵਰਤੋਂ ਅਨੇਕ ਥਾਵਾਂ ਤੇ ਕੀਤੀ ਹੈ:

'ਅਹਿਨਿਸਿ ਮਨ ਲੈ ਉਨਮਨ ਰਹੈ।'[4]

ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ 'ਉਨਮਨਿ' ਸ਼ਬਦ ਦੀ ਵਰਤੋਂ ਗੋਰਖਬਾਣੀ ਦੇ ਅਰਥਾਂ ਵਿਚ ਅਨੇਕ ਥਾਵਾਂ ਤੇ ਕੀਤੀ ਹੈ। ਪ੍ਰਾਣ-ਸੰਗਲੀ ਦਾ ਪਹਿਲਾ ਅਧਿਆਇ 'ਉਨਮਨਿ' ਬਾਰੇ ਹੀ ਹੈ।[5]

ਧ) ਕਾਇਆ ਗੜ੍ਹ: ਸ਼ਰੀਰ ਦੀ ਗੁੰਝਲਦਾਰ ਸੰਰਚਨਾ ਨੂੰ ਗੜ੍ਹ ਜਾਂ ਨਗਰੀ ਦਾ ਰੂਪਕ ਗੋਰਖਬਾਣੀ ਵਿਚ ਬਹੁਤ ਥਾਵਾਂ ਤੇ ਦਿੱਤਾ ਗਿਆ ਹੈ;[6] ਜਿਵੇਂ:

'ਕਾਯਾਗੜ੍ਹ ਭੀਤਰਿ ਦੇਵ ਦੇਹੁਰਾ ਕਾਸੀ।'[7]

ਪ੍ਰਾਣ-ਸੰਗਲੀ ਵਿਚ ਕਾਇਆ ਗੜ੍ਹ ਦਾ ਇਹ ਰੂਪਕ ਗੋਰਖਬਾਣੀ ਦੇ ਪ੍ਰਭਾਵ ਹੇਠ ਇਸ ਤਰ੍ਹਾਂ ਵਰਤਿਆ ਗਿਆ ਹੈ:

i) 'ਗੜ੍ਹ ਕਾਯਾਂ ਮਨ ਵਸਿ ਕਰਨੁ ਪੰਜੇ ਮਿਲਿ ਆਏ।'[8]

ii) 'ਕਰਨ ਏਕ ਗੜ੍ਹ ਕੀਆ ਬਨਾਈ।
ਤਿਸੁ ਗੜ੍ਹ ਮਹਿ ਮਨੁ ਵਸਿਆ ਆਈ॥'[9]

---

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 131, ਟਿੱਪਣੀ ਨੰ. 1,2,3.
2. 'ਗੋਰਖਬਾਣੀ' (ਪ੍ਰਾਣਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 164.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 217 ਆਦਿ।
4. ਦੇਖੋ: 'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨੇ 7,13,19,32,36,45,47, 68,106 ਆਦਿ।
5. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 1-7.
6. ਦੇਖੋ: 'ਗੋਰਖਬਾਣੀ' (ਪ੍ਰਾਣਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨੇ 120,121,134 ਆਦਿ।
7. ਉਹੀ, ਪੰਨਾ 116.
8. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 771.
9. ਉਹੀ, ਪੰਨਾ 770.

ਗ) ਸੁਸੰਬਦ: ਨਾਥਾਂ ਅਤੇ ਸਿੱਧਾਂ ਨੇ ਆਪਣੀ ਬਾਣੀ ਨੂੰ 'ਸੁਸੰਬਦ ਬਾਣੀ' ਕਿਹਾ ਹੈ। ਉਹਨਾਂ ਦਾ ਭਾਵ ਇਹ ਜਾਪਦਾ ਹੈ ਕਿ ਇਸ ਸੁਸੰਬਦ ਬਾਣੀ ਵਿਚ ਉਹਨਾਂ ਦੇ ਆਪਣੇ ਸਾਧਨਾ ਸੰਬੰਧੀ ਅਨੁਭਵਾਂ ਦਾ ਵੇਰਵਾ ਵਿਦਮਾਨ ਹੈ।

ਗੋਰਖਬਾਣੀ ਵਿਚ ਸੁਸੰਬਦ[1] ਸ਼ਬਦ ਦੀ ਵਰਤੋਂ ਇਸ ਤਰ੍ਹਾਂ ਮਿਲਦੀ ਹੈ:

'ਸੁਸੰਬਦ ਸ੍ਰੀ (ਗੁਰ) ਗੋਰਖ (ਨਾਥ) ਕਹਿਯਾ।
ਬੂਝਿ ਲਓ ਪੰਡਿਤ ਪੜਿਯਾ॥[2]

ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਰਚਨਾ ਨੂੰ ਕਈ ਥਾਵਾਂ ਤੇ 'ਸੁਸੰਬਦ ਬਾਣੀ' ਕਿਹਾ ਹੈ। ਇੱਥੋਂ ਤਕ ਕਿ ਉਸਨੇ ਪ੍ਰਾਣ-ਸੰਗਲੀ ਦੇ ਕਈ ਅਧਿਆਵਾਂ ਨੂੰ ਸੁਸੰਬਦ ਬਾਣੀ ਦਾ ਨਾਂ ਦਿੱਤਾ ਹੈ।[3]

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣਸੰਗਲੀ ਅਤੇ ਗੋਰਖਬਾਣੀ ਵਿਚ ਸਿਰਲੇਖਾਂ ਤੋਂ ਲੈ ਕੇ ਪੁਸ਼ਪਿਕਾਵਾਂ ਤਕ, ਵਿਸ਼ੈ-ਵਸਤੂ ਅਤੇ ਸਾਧਨਾ-ਪੱਧਤੀ ਤੋਂ ਲੈ ਕੇ ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਤਕ ਇਕ ਡੂੰਘੀ ਸਮਾਨਤਾ ਦਿਸਦੀ ਹੈ। ਇਸ ਸਮਾਨਤਾ ਦਾ ਕਾਰਨ ਇਹੋ ਹੋ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਪੂਰਬਵਰਤੀ ਅਤੇ ਯੋਗ-ਸ਼ਾਸਤ੍ਰ (ਸਾਧਨਾ) ਦੀ ਪ੍ਰਮਾਣਿਕ ਪੁਸਤਕ ਗੋਰਖਬਾਣੀ ਤੋਂ ਪ੍ਰੇਰਨਾ ਲੈ ਕੇ ਪ੍ਰਾਣ-ਸੰਗਲੀ ਦੀ ਰਚਨਾ ਕੀਤੀ ਹੈ।

## ੩) ਪ੍ਰਾਣ-ਸੰਗਲੀ ਅਤੇ ਆਦਿ ਗ੍ਰੰਥ

ਪ੍ਰਾਣ-ਸੰਗਲੀ ਦੀ ਪਿਠਭੂਮੀ ਵਿਚ 'ਆਦਿ ਗ੍ਰੰਥ', ਉਸਦੀ ਬਾਣੀ ਦੀ ਬਣਤਰ ਅਤੇ ਉਸਦੀ ਰਾਗਾਂ ਅਨੁਸਾਰੀ ਸੰਰਚਨਾ ਪੱਧਤੀ ਵਿਦਮਾਨ ਹੈ। ਇਸ ਦੇ ਨਾਲ ਨਾਲ ਪ੍ਰਾਣ-ਸੰਗਲੀ ਵਿਚ 'ਆਦਿ ਗ੍ਰੰਥ' ਦੀ ਅਧਿਆਤਮਿਕ ਵਿਸ਼ੈ-ਵਸਤੂ ਦੀ ਸਮਾਨਤਾ ਵੀ ਧਿਆਨਯੋਗ ਹੈ। ਇਹਨਾਂ ਸਮਾਨਤਾਵਾਂ ਦਾ ਸੰਖਿਪਤ ਵੇਰਵਾ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ:

### ੳ) ਮਹਲਾ ੧ ਦੇ ਸਿਰਲੇਖ

ਪ੍ਰਾਣ-ਸੰਗਲੀ ਦਾ ਲੇਖਕ 'ਆਦਿ ਗ੍ਰੰਥ' ਦੀ ਪੱਧਤੀ ਅਨੁਸਾਰ ਮਹਲਾ ੧ ਸਿਰਲੇਖ ਹੇਠ ਆਪਣੀ ਰਚਨਾ ਪ੍ਰਸਤੁਤ ਕਰਦਾ ਹੈ।

### ਅ) ਸਲੋਕਾਂ ਅਤੇ ਪਉੜੀਆਂ ਦੀ ਵਰਤੋਂ

'ਆਦਿ ਗ੍ਰੰਥ' ਦੀ ਸ਼ੈਲੀ ਅਨੁਸਾਰ ਪ੍ਰਾਣ-ਸੰਗਲੀ ਦੇ ਲੇਖਕ ਨੇ ਸਲੋਕਾਂ ਅਤੇ ਪਉੜੀਆਂ ਵਿਚ ਆਪਣੀ ਰਚਨਾ ਪ੍ਰਸਤੁਤ ਕੀਤੀ ਹੈ।

334819

### ੲ) ਰਾਗ-ਅਨੁਸਾਰੀ ਪੱਧਤੀ

ਪ੍ਰਾਣ-ਸੰਗਲੀ ਵਿਚ ਆਸਾ, ਰਾਮਕਲੀ, ਮਾਰੂ, ਗਉੜੀ ਪੂਰਬੀ, ਭੈਰਉ, ਮਾਝ, ਮਾਲੀ ਗਉੜਾ, ਸੂਹੀ, ਕੇਦਾਰਾ ਅਤੇ ਗੋਂਡ — ਇਹਨਾਂ ਦਸਾਂ ਰਾਗਾਂ ਦੀ ਵਰਤੋਂ 'ਆਦਿ ਗ੍ਰੰਥ' ਦੀ ਸ਼ੈਲੀ ਦੇ ਅਨੁਸਾਰ ਕੀਤੀ ਗਈ ਹੈ।

---

1. ਦੇਖੋ: 'ਗੋਰਖਬਾਣੀ' (ਪ੍ਰਾਣਸੰਗਲੀ) (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨੇ 109,127.
2. ਉਹੀ, ਪੰਨਾ 8.
3. ਦੇਖੋ 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 6,7,8,10,11,12,15,32,37,42,45,58,63,64 ਆਦਿ।

### ਸ) ਅਧਿਆਤਮਿਕ ਸਾਧਨਾ ਦੇ ਪ੍ਰਮੁਖ ਤੱਤ

ਗੁਰੂ ਨਾਨਕ ਬਾਣੀ ਵਿਚ ਯੋਗ ਆਦਿ ਸਾਧਨਾਵਾਂ ਦੀ ਥਾਂ ਸਹਿਜ ਸਾਧਨਾ ਨੂੰ ਸਵੀਕ੍ਰਿਤ ਕੀਤਾ ਗਿਆ ਹੈ। ਇਹੋ ਕਾਰਨ ਹੈ ਕਿ 'ਜਪੁਜੀ' ਤੋਂ ਲੈ ਕੇ 'ਸਿਧ ਗੋਸਟਿ', 'ਦੱਖਣੀ ਓਅੰਕਾਰ' ਅਤੇ 'ਪਟੀ' ਆਦਿ ਬਾਣੀਆਂ ਵਿਚ ਸਹਿਜ ਸਾਧਨਾ ਨੂੰ ਸਥਾਪਿਤ ਕੀਤਾ ਗਿਆ ਹੈ। ਪ੍ਰਾਣ-ਸੰਗਲੀ ਦਾ ਲੇਖਕ ਵੀ ਇਹਨਾਂ ਬਾਣੀਆਂ ਦੀ ਸਰਣੀ ਤੇ ਹੀ ਆਪਣੀ ਰਚਨਾ ਅੰਦਰ ਇਸ ਪ੍ਰਕਾਰ ਦੀਆਂ ਰਚਨਾਵਾਂ ਦੀ ਵਿਵਸਥਾ ਕਰਦਾ ਹੈ।

ਇਸ ਤਰ੍ਹਾਂ ਇਹ ਸਿੱਧ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਵਿਸ਼ੈ-ਵਸਤੂ ਤੋਂ ਲੈ ਕੇ ਆਪਣੇ ਅਭਿਵਿਅਕਤੀ ਪੱਖ ਤਕ 'ਆਦਿ ਗ੍ਰੰਥ' ਤੋਂ ਪ੍ਰੇਰਨਾ ਲੈਂਦੀ ਹੈ।[1]

### II ਪ੍ਰਾਣ-ਸੰਗਲੀ ਦੇ ਵਿਸ਼ੈ-ਵਸਤੂ ਦੀ ਅੰਤਰੀਵੀ ਵੰਡ

ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਹੈ ਯੋਗ ਅਤੇ ਅਧਿਆਤਮਿਕ ਚਰਚਾ। ਇਸ ਵਿਸ਼ੇ ਨੂੰ ਅਤੇ ਖ਼ਾਸ ਤੌਰ ਤੇ ਇਸਦੇ ਵਿਸਥਾਰ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਅਧਿਆਵਾਂ[2] ਵਿਚ ਵੰਡਿਆ ਹੈ। ਕਈ ਥਾਵਾਂ ਤੇ ਇਹਨਾਂ ਅਧਿਆਵਾਂ ਦੇ ਇਕ, ਦੋ ਜਾਂ ਤਿੰਨ ਅੰਸ਼ ਵੀ ਦਿੱਤੇ ਗਏ ਹਨ ਅਤੇ ਇਹਨਾਂ ਅੰਸ਼ਾਂ ਨੂੰ ਇਕੋ ਹੀ ਅਧਿਆਇ ਦੇ ਅੰਤਰਗਤ ਅਤੇ ਅਧਿਆਇ ਦੀ ਇਕੋ ਸੰਖਿਆ ਹੇਠ ਰਖਿਆ ਗਿਆ ਹੈ। ਆਮ ਤੌਰ ਤੇ ਇਹਨਾਂ ਅਧਿਆਵਾਂ ਦੇ ਸ਼ੁਰੂ ਵਿਚ ਇਕ ਛੰਦਮਈ ਉਥਾਨਿਕਾ ਵੀ ਬਹੁਤੇ ਥਾਵਾਂ ਤੇ ਦਿੱਤੀ ਗਈ ਹੈ। ਪਹਿਲੇ ਅਧਿਆਇ ਦੇ ਆਰੰਭ ਹੋਣ ਤੋਂ ਪਹਿਲਾਂ ਇਕ ਲੰਮੀ ਉਥਾਨਿਕਾ[3] (ਪੰਨਾ 85 ਤੋਂ 99 ਤਕ) ਦਿੱਤੀ ਗਈ ਹੈ।

ਉਥਾਨਿਕਾ ਅਤੇ ਅਧਿਆਇ ਦੀ ਵੰਡ ਤੋਂ ਇਲਾਵਾ ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਦੀ ਸੂਚਨਾ ਦੇਣ ਵਾਲੀ ਇਕ ਅੰਤਰੀਵੀ ਵੰਡ 'ਪੁਸ਼ਪਿਕਾ' ਦੇ ਰੂਪ ਵਿਚ ਵੀ ਮਿਲਦੀ ਹੈ। 'ਪੁਸ਼ਪਿਕਾ' ਵਿਚ ਅਧਿਆਇ ਦੇ ਸਮਾਪਤ ਹੋਣ ਦੀ ਸੂਚਨਾ, ਅਧਿਆਇ ਦੀ ਵਿਸ਼ੈ-ਵਸਤੂ ਅਤੇ ਅਧਿਆਇ ਦੀ ਕ੍ਰਮ-ਸੰਖਿਆ ਦਾ ਉਲੇਖ ਮਿਲਦਾ ਹੈ।

ਪ੍ਰਾਣ-ਸੰਗਲੀ ਦੀ ਇਸ ਅੰਤਰੀਵੀ ਵੰਡ ਦਾ ਅਧਿਐਨ ਕਰਦੇ ਹੋਏ ਇਹ ਤੱਤ ਉਭਰਕੇ ਸਾਹਮਣੇ ਆਉਂਦੇ ਹਨ:

---

1. ਸੰਤ ਸੰਪੂਰਨ ਸਿੰਘ ਅਨੁਸਾਰ ਪ੍ਰਾਣ-ਸੰਗਲੀ ਨੂੰ ਆਧਾਰ ਬਣਾਕੇ ਇਸ ਦੀਆਂ ਬਹੁਤ ਸਾਰੀਆਂ ਰਚਨਾਵਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਆਦਿ ਗ੍ਰੰਥ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਮਤ ਦੀ ਸਮੀਖਿਆ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਪਿਛਲੇ ਅਧਿਆਇ ਵਿਚ ਕੀਤੀ ਗਈ ਹੈ।
2. ਸੰਸਕ੍ਰਿਤ 'ਅਧਿਆਇ' ਸ਼ਬਦ ਦਾ ਅਰਥ ਹੈ ਵਿਸ਼ੇ ਦੀ ਤਹਿ ਤਕ ਪੁਜਣਾ। ਅਧਿਆਇ ਸ਼ਬਦ ਦੀ ਵਰਤੋਂ ਗਿਆਨ ਪ੍ਰਧਾਨ ਸਾਹਿਤ ਦੇ ਵੱਖਰੇ ਵੱਖਰੇ ਅੰਸ਼ਾਂ ਨੂੰ ਪ੍ਰਗਟਾਉਣ ਲਈ ਕੀਤੀ ਜਾਂਦੀ ਹੈ।
   ਦੇਖੋ: a) *Sanskrit-English Dictionary*, Monier Williams.
   b) *Sanskrit-English Dictionary*, Apte.
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ) ਪੰਨੇ 85-99.

1) ਉਥਾਨਿਕਾ: ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਜਨਮਸਾਖੀ ਲੇਖਕਾਂ ਅਤੇ ਹੋਰ ਮਧਕਾਲੀਨ ਵਿਆਖਿਆਕਾਰਾਂ ਨੇ ਉਥਾਨਿਕਾ ਦੀ ਪਰੰਪਰਾ ਸਥਾਪਿਤ ਕੀਤੀ। ਇਸ ਉਥਾਨਿਕਾ ਵਿਚ ਆਮ ਤੌਰ ਤੇ ਬਾਣੀ ਸੰਬੰਧੀ ਭੂਗੋਲ ਅਤੇ ਇਤਿਹਾਸ ਦਿੱਤਾ ਜਾਂਦਾ ਹੈ। ਵਕਤਾ ਅਤੇ ਸ੍ਰੋਤਾ ਦੇ ਵੇਰਵੇ ਅਤੇ ਬਾਣੀ ਦੇ ਮੂਲ ਮੰਤਵ ਨੂੰ ਸਮਝਾਉਣ ਦਾ ਯਤਨ ਉਥਾਨਿਕਾ ਦੇ ਲੇਖਕਾਂ ਨੇ ਕੀਤਾ ਹੈ।

ਸੋਢੀ ਮਿਹਰਬਾਨ (1581-1640ਈ.) ਦੀ ਜਨਮਸਾਖੀ (ਪੋਥੀ ਸੱਚਖੰਡ) ਵਿਚ ਸਭ ਤੋਂ ਪਹਿਲਾਂ ਬਾਣੀ ਵਿਆਖਿਆ ਦੇ ਸੰਦਰਭ ਵਿਚ ਉਥਾਨਿਕਾ ਦੀ ਵਰਤੋਂ ਕੀਤੀ ਗਈ ਹੈ। ਇਸ ਉਥਾਨਿਕਾ ਰਾਹੀਂ ਗੁਰਬਾਣੀ ਨੂੰ ਸਥਾਨ ਅਤੇ ਸਮੇਂ ਦਾ ਸੰਦਰਭ ਦਿੱਤਾ ਗਿਆ। ਬਾਣੀ ਦੇ ਸਮਾਜਿਕ ਦਾਰਸ਼ਨਿਕ ਅਤੇ ਹੋਰ ਲੋਕ-ਜੀਵਨ ਦੇ ਪੱਖਾਂ ਨੂੰ ਵੀ ਇਹਨਾਂ ਉਥਾਨਿਕਾਵਾਂ ਰਾਹੀਂ ਪ੍ਰਗਟਾਇਆ ਗਿਆ ਹੈ।

ਉਥਾਨਿਕਾ ਦੀ ਇਹ ਪਰੰਪਰਾ ਬਹੁਤ ਲੋਕ-ਪ੍ਰਿਯ ਸਿੱਧ ਹੋਈ। 17ਵੀਂ ਅਤੇ 18ਵੀਂ ਸਦੀਆਂ ਦੇ ਗੁਰਬਾਣੀ ਦੇ ਅਨੇਕ ਵਿਆਖਿਆਕਾਰਾਂ ਨੇ ਇਸ ਸ਼ੈਲੀ ਦਾ ਪ੍ਰਯੋਗ ਕੀਤਾ। 18ਵੀਂ ਅਤੇ 19ਵੀਂ ਸਦੀਆਂ ਦੇ ਇਹਨਾਂ ਵਿਆਖਿਆਕਾਰਾਂ[1] ਨੇ ਵੀ ਗੁਰਬਾਣੀ ਵਿਆਖਿਆ ਦੇ ਸੰਦਰਭ ਵਿਚ ਉਥਾਨਿਕਾ ਸ਼ੈਲੀ ਨੂੰ ਅਪਣਾਇਆ ਹੈ:

i) ਆਨੰਦਘਨ (ਜਪੁ ਟੀਕਾ),

ii) ਭਾਈ ਸੰਤੋਖ ਸਿੰਘ (ਗਰਬ ਗੰਜਨੀ – ਜਪੁ ਟੀਕਾ),

iii) ਤਾਰਾ ਸਿੰਘ ਨਰੋਤਮ (ਟੀਕਾ ਸ੍ਰੀ ਰਾਗ)।

ਪਰੰਤੂ ਕਿਸੇ ਵੀ ਮੂਲ ਗ੍ਰੰਥ ਵਿਚ ਉਥਾਨਿਕਾ ਦੀ ਵਰਤੋਂ ਦਾ ਕੋਈ ਪ੍ਰਮਾਣ ਪੰਜਾਬ ਦੇ ਸਾਹਿੱਤ ਵਿਚ ਨਹੀਂ ਮਿਲਦਾ। ਪ੍ਰਾਣ-ਸੰਗਲੀ ਹੀ ਇਕੋ ਇਕ ਇਹੋ ਜਿਹੀ ਰਚਨਾ ਹੈ ਜਿਸ ਦੇ ਮੂਲ ਪਾਠ ਦੇ ਨਾਲ ਉਥਾਨਿਕਾ ਵੀ ਮਿਲਦੀ ਹੈ।

ਪ੍ਰਾਣ-ਸੰਗਲੀ ਦੀਆਂ ਉਥਾਨਿਕਾਵਾਂ ਦੀ ਪੜਚੋਲ ਨਾਲ ਇਹ ਤੱਥ ਸਾਹਮਣੇ ਆਉਂਦੇ ਹਨ:

ੳ) ਉਥਾਨਿਕਾਵਾਂ ਵਿਚ ਆਕਾਰ ਦੀ ਭਿੰਨਤਾ: ਪ੍ਰਾਣ-ਸੰਗਲੀ ਦੀਆਂ ਉਥਾਨਿਕਾਵਾਂ ਆਕਾਰ ਦੀ ਦ੍ਰਿਸ਼ਟੀ ਤੋਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਉਦਾਹਰਣ ਲਈ ਪਹਿਲੇ ਅਧਿਆਇ ਦੀ ਉਥਾਨਿਕਾ (ਪੰਨੇ 15) ਪ੍ਰਾਣ-ਸੰਗਲੀ ਦੀਆਂ ਉਥਾਨਿਕਾਵਾਂ ਵਿਚੋਂ ਸਭ ਤੋਂ ਵੱਡੀ ਹੈ। ਇਸ ਤੋਂ ਵਿਪਰੀਤ ਉਥਾਨਿਕਾਵਾਂ ਦੀ ਬਹੁ-ਗਿਣਤੀ ਛੋਟੇ ਆਕਾਰ ਦੀ ਹੀ ਹੈ।

ਇਹਨਾਂ ਉਥਾਨਿਕਾਵਾਂ ਦਾ ਗਹੁ ਨਾਲ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਉਥਾਨਿਕਾ ਸੰਬੰਧੀ ਕਿਸੇ ਵਿਸ਼ੇਸ਼ ਦ੍ਰਿਸ਼ਟੀ ਜਾਂ ਕਿਸੇ ਅੰਤਰੀਵੀ ਯੋਜਨਾ ਨਾਲ ਇਹਨਾਂ ਨੂੰ ਨਹੀਂ ਰਖਿਆ ਗਿਆ। ਭਾਵ ਇਹ ਹੈ ਕਿ

1. ਦੇਖੋ: ਡਾ. ਰਾਜਗੁਰੂ, 'ਗੁਰਮੁਖੀ ਲਿਪੀ ਮੇਂ ਹਿੰਦੀ ਗਦ', ਪੰਨੇ 137 ਤੋਂ 145.

ਉਥਾਨਿਕਾਵਾਂ ਦੀ ਇਹ ਯੋਜਨਾ ਅਤੇ ਉਹਨਾਂ ਦਾ ਛੋਟਾ ਵੱਡਾ ਆਕਾਰ ਲੇਖਕ ਨੇ ਆਪਣੇ ਤਰੀਕੇ ਨਾਲ ਕੀਤਾ ਹੈ।

ਅ) <u>ਉਥਾਨਿਕਾਵਾਂ ਦੀ ਅਨਿਯਮਿਤ ਯੋਜਨਾ:</u> ਪ੍ਰਾਣ-ਸੰਗਲੀ ਦੇ ਕੁਝ ਅਧਿਆਵਾਂ ਦੇ ਆਰੰਭ ਵਿਚ ਉਥਾਨਿਕਾਵਾਂ ਨਹੀਂ ਦਿੱਤੀਆਂ ਗਈਆਂ।[1] ਇਸ ਦਾ ਕੋਈ ਕਾਰਨ ਵੀ ਪ੍ਰਾਣ-ਸੰਗਲੀ ਦੇ ਸੰਪਾਦਕ ਨੇ ਨਹੀਂ ਦਿੱਤਾ। ਸੰਪਾਦਨਾ ਦੀ ਨੀਤੀ ਦੀ ਇਹ ਉਣਤਾਈ[2] ਜਾਪਦੀ ਹੈ।

ੲ) <u>ਉਥਾਨਿਕਾ ਦੀ ਵਿਸ਼ੈ-ਵਸਤੂ:</u> ਆਮ ਤੌਰ ਤੇ ਅਧਿਆਇ ਵਿਚ ਆਉਣ ਵਾਲੀ ਵਿਸ਼ੈ-ਵਸਤੂ ਦੀ ਮੁੱਢਲੀ ਜਾਣਕਾਰੀ ਉਥਾਨਿਕਾ ਵਿਚ ਦਿੱਤੀ ਜਾਂਦੀ ਹੈ।[3] ਸੋਢੀ ਮਿਹਰਬਾਨ ਦੀਆਂ 'ਪੋਥੀ ਸੱਚਖੰਡ' ਵਿਚ ਦਿੱਤੀਆਂ ਉਥਾਨਿਕਾਵਾਂ ਇਸ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਹਨ; ਇਸੇ ਲਈ ਇਹਨਾਂ ਉਥਾਨਿਕਾਵਾਂ ਨੂੰ ਅਗਲੇਰੇ ਟੀਕਾਕਾਰਾਂ ਨੇ ਅਪਣਾਇਆ।

ਉਥਾਨਿਕਾ ਦੇ ਇਸ ਉੱਚੇ ਆਦਰਸ਼ ਤਕ ਪ੍ਰਾਣ-ਸੰਗਲੀ ਦਾ ਲੇਖਕ ਨਹੀਂ ਪੁੱਜਦਾ। ਉਸ ਦੀਆਂ ਉਥਾਨਿਕਾਵਾਂ ਆਮ ਤੌਰ ਤੇ ਗੁਰੂ ਨਾਨਕ ਜਾਂ ਸਿੱਧਾਂ ਨਾਥਾਂ ਦੇ ਚਮਤਕਾਰਾਂ ਆਦਿ ਘਟਨਾਵਾਂ ਨਾਲ ਸੰਬੰਧਿਤ ਹਨ। ਭਾਵ ਇਹ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ (ਸੰਪਾਦਕ) ਨੇ ਇਕ ਜਾਦੂ ਦੀ ਦੁਨੀਆਂ ਦੀ ਸਿਰਜਣਾ ਇਹਨਾਂ ਉਥਾਨਿਕਾਵਾਂ ਵਿਚ ਕੀਤੀ ਹੈ।[4]

ਉਥਾਨਿਕਾ ਦੀ ਪਰੰਪਰਾ ਵਿਚ ਪ੍ਰਾਣ-ਸੰਗਲੀ ਦੀਆਂ ਉਥਾਨਿਕਾਵਾਂ ਦਾ ਕੋਈ ਵਿਸ਼ੇਸ਼ ਮਹੱਤਵ ਤਾਂ ਨਹੀਂ ਹੈ, ਪਰ ਇਸ ਪਰੰਪਰਾ ਦਾ ਅਨੁਸਰਣ ਕਰਦੇ ਹੋਏ ਪ੍ਰਾਣ-ਸੰਗਲੀ ਦੇ ਲੇਖਕ (ਸੰਪਾਦਕ) ਨੇ ਪ੍ਰਾਣ-ਸੰਗਲੀ ਵਿਚ ਉਥਾਨਿਕਾ ਦੀ ਵਰਤੋਂ ਪਰੰਪਰਾ ਦੇ ਅਨੁਸਾਰ ਕੀਤੀ ਹੈ। ਉਥਾਨਿਕਾ ਪਰੰਪਰਾ ਦੀ ਇਹ ਵਰਤੋਂ ਸ਼ਾਇਦ ਅੰਤਿਮ ਹੀ ਹੈ। 19ਵੀਂ ਅਤੇ ਖ਼ਾਸ ਤੌਰ ਤੇ 20ਵੀਂ ਸਦੀ ਵਿਚ ਉਥਾਨਿਕਾ ਲਿਖਣ ਦੀ ਕੋਈ ਪਰੰਪਰਾ ਨਹੀਂ ਮਿਲਦੀ।

---

51

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ) ਅਧਿਆਇ 2,3,4,5,17,33,34,55,56,57, 65,68,74,76,78,79.
2. ਪ੍ਰਾਣ-ਸੰਗਲੀ ਦੇ ਕੁਝ ਹੱਥ-ਲਿਖਤ ਨੁਸਖਿਆਂ ਵਿਚ ਵੀ ਉਥਾਨਿਕਾਵਾਂ ਨਹੀਂ ਹਨ। ਉਦਾਹਰਣ ਲਈ ਇਹ ਹੱਥ-ਲਿਖਤਾਂ ਦੇਖੀਆਂ ਜਾ ਸਕਦੀਆਂ ਹਨ:
   ੳ) 'ਪ੍ਰਾਣ-ਸੰਗਲੀ' (ਹੱਥ-ਲਿਖਤ ਨੰ. 6116), ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ.
   ਅ) ਉਹੀ (ਹੱਥ-ਲਿਖਤ ਨੰ. 10), ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.
   ੲ) ਉਹੀ (ਹੱਥ-ਲਿਖਤ ਨੰ. 750), ਉਹੀ.
   ਸ) ਉਹੀ (ਹੱਥ-ਲਿਖਤ ਨੰ. 1072), ਉਹੀ.
3. ਡਾ. ਰਾਜ ਗੁਰੂ 'ਗੋਸ਼ਟਿ ਗੁਰੂ ਮਿਹਰਵਾਨੁ', ਗੋਸ਼ਟੀ ਨੰ. 1 ਅਤੇ 5 ਆਦਿ।
4. ਪ੍ਰਾਣ-ਸੰਗਲੀ ਦੀ ਉਥਾਨਿਕਾ ਵਿਚ ਗੁਰੂ ਨਾਨਕ ਦਾ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਉਤੇ ਸਵਾਰੀ ਕਰਨਾ, ਉਸਦੇ ਇਕੋ ਇਕ ਬੱਚੇ ਨੂੰ ਉਸਦੇ ਪਿਤਾ ਦੇ ਹੱਥੀਂ ਜ਼ਿਬਹਾ ਕਰਾਉਣਾ ਅਤੇ ਫਿਰ ਉਸਦਾ ਮਾਸ ਰਿੰਨ੍ਹ ਕੇ ਅੱਗੇ ਰਖਣਾ ਅਤੇ ਉਸ ਬੱਚੇ ਨੂੰ ਫਿਰ ਸੁਰਜੀਤ ਕਰਨ ਦਾ ਉਲੇਖ ਇਸ ਉਥਾਨਿਕਾ ਵਿਚ ਮਿਲਦਾ ਹੈ। ਜਾਦੂ ਅਤੇ ਕ੍ਰਿਸ਼ਮੇ ਦੀ ਇਸ ਦੁਨੀਆਂ ਦਾ ਗੁਰੂ ਨਾਨਕ ਦੀ ਦ੍ਰਿਸ਼ਟੀ ਨਾਲ ਕੋਈ ਸੰਬੰਧ ਨਹੀਂ ਹੈ।

   ਇਸ ਤਰ੍ਹਾਂ ਹੋਰ ਅਨੇਕ ਉਥਾਨਿਕਾਵਾਂ ਵਿਚ ਹਿਮਾਲਾ ਤੋਂ ਸਮੁੰਦਰ ਤਕ ਦੀ ਆਕਾਸ਼ੀ ਯਾਤਰਾ ਦਾ ਵਰਣਨ ਵੀ ਮਿਲਦਾ ਹੈ। ਉਦਾਹਰਣ ਲਈ ਦੇਖੋ: 'ਪ੍ਰਾਣ-ਸੰਗਲੀ' ਦੇ ਅਧਿਆਇ 7 ਦੀ ਉਥਾਨਿਕਾ, ਪੰਨੇ 151-152.

2) <u>ਸਿਰਲੇਖ</u>

ਸਿਰਲੇਖ ਅਧਿਆਇ ਦੀ ਮੁੱਖ ਵਿਸ਼ਾ-ਵਸਤੂ ਨਾਲ ਸੰਬੰਧਿਤ ਹੁੰਦੇ ਹਨ। ਸਿਰਲੇਖ ਕਿਸੇ ਵੀ ਅਧਿਆਇ ਦੇ ਮੁੱਖ ਦ੍ਰਿਸ਼ਟੀਕੋਣ ਨੂੰ ਸਾਡੇ ਸਾਹਮਣੇ ਲਿਆਉਂਦੇ ਹਨ। ਇਸ ਤਰ੍ਹਾਂ ਸਿਰਲੇਖਾਂ ਦੀ ਯੋਜਨਾ ਅਤੇ ਉਹਨਾਂ ਦੀ ਵਰਤੋਂ ਬਹੁਤ ਸੂਝ ਨਾਲ ਕੀਤੀ ਜਾਂਦੀ ਹੈ।

ਪ੍ਰਾਣ-ਸੰਗਲੀ ਦੇ ਅਧਿਆਵਾਂ ਦਾ ਆਰੰਭ ਅਕਸਰ ਸਿਰਲੇਖਾਂ ਨਾਲ ਹੋਇਆ ਹੈ। ਇਹਨਾਂ ਸਿਰਲੇਖਾਂ ਤੋਂ ਪਹਿਲਾਂ ਉਥਾਨਿਕਾ ਵੀ ਆਉਂਦੀ ਹੈ ਪਰ ਸਿਰਲੇਖ ਸੰਬੰਧੀ ਕੋਈ ਸਪੱਸ਼ਟ ਨੀਤੀ ਜਾਂ ਸਿੱਧਾਂਤ ਪ੍ਰਾਣ-ਸੰਗਲੀ ਦੇ ਲੇਖਕ ਨੇ ਨਹੀਂ ਵਰਤਿਆ। ਸਿਰਲੇਖ ਸੰਬੰਧੀ ਪ੍ਰਾਣ-ਸੰਗਲੀ ਦੀ ਨੀਤੀ ਦਾ ਅਧਿਐਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

ੳ) <u>ਸਿਰਲੇਖ ਦਾ ਅਭਾਵ</u>: ਪ੍ਰਾਣ-ਸੰਗਲੀ ਦੇ ਕੁਝ ਅਧਿਆਵਾਂ ਦੇ ਆਰੰਭ ਵਿਚ ਸਿਰਲੇਖ ਉਪਲਬਧ ਨਹੀਂ ਹਨ ਜਿਵੇਂ ਅਧਿਆਇ 62 ਦੇ ਆਰੰਭ ਵਿਚ ਕੋਈ ਸਿਰਲੇਖ ਨਹੀਂ ਹੈ – ਕੇਵਲ "੧ਓ ਸ੍ਰੀ ਸਤਿਗੁਰ ਨਾਨਕ ਨਿਰਬਾਣ ਪ੍ਰਸਾਦਿ – ਸ੍ਰੀ ਗੁਰੋਵਾਚ" ਮਿਲਦਾ ਹੈ। ਇਸ ਨੂੰ ਕਿਸੇ ਤਰ੍ਹਾਂ ਵੀ ਸਿਰਲੇਖ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਅਧਿਆਇ 73,74,75, ਵਿਚ ਵੀ ਕੋਈ ਸਿਰਲੇਖ ਨਹੀਂ ਹੈ। ਸਿਰਲੇਖ ਦੇਣ ਦੀ ਇਸ ਅਧੂਰੀ ਪੱਧਤੀ ਦੇ ਕਾਰਨ ਪ੍ਰਾਣ-ਸੰਗਲੀ ਦਾ ਕੋਈ ਵਿਗਿਆਨਿਕ ਜਾਂ ਯੋਜਨਾਬੱਧ ਰੂਪ ਸਾਹਮਣੇ ਨਹੀਂ ਆਉਂਦਾ।

ਅ) <u>ਇਕ ਤੋਂ ਵੱਧ ਸਿਰਲੇਖ:</u> ਪ੍ਰਾਣ-ਸੰਗਲੀ ਦੇ ਕੁਝ ਅਧਿਆਵਾਂ ਵਿਚ ਇਕ ਤੋਂ ਵੱਧ ਸਿਰਲੇਖ ਮਿਲਦੇ ਹਨ ਜਿਵੇਂ ਅਧਿਆਇ 43 ਦੇ ਇਹ ਤਿੰਨ ਸਿਰਲੇਖ ਦਿੱਤੇ ਗਏ ਹਨ:[1]

i) ਬੀਸ ਪ੍ਰਗਾਸ (ਵਿਸ਼ਵ ਪ੍ਰਕਾਸ਼ – ਸੰਤ ਸੰਪੂਰਣ ਸਿੰਘ),
ii) ਕੁੰਭ ਸੁਸੰਬਦ,
iii) ਬੀਜ ਮੰਤਰ ਸੰਸਾਰ ਕਾ।

ਇਸ ਤਰ੍ਹਾਂ ਅਧਿਆਇ 69 ਵਿਚ ਵੀ ਤਿੰਨ ਸਿਰਲੇਖ ਮਿਲਦੇ ਹਨ:[2]

i) ਸਾਖੀ ਬਾਬੇ ਨਾਨਕ ਗੁਰੂ ਕੀ,
ii) ਬਿਹੰਗਮ,
iii) ਸ੍ਰੀ ਬਾਬੇ ਕਰਤਾਰਪੁਰਖ ਗੋਸ਼ਟ।

ਇਕ ਅਧਿਆਇ ਦੇ ਦੋ-ਦੋ ਸਿਰਲੇਖ ਵੀ ਪ੍ਰਾਣ-ਸੰਗਲੀ ਵਿਚ ਮਿਲਦੇ ਹਨ ਜਿਵੇਂ ਅਧਿਆਇ ੨੬।[3] ਇਸ ਵਿਚ –

---

੧. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 613.
2. ਉਹੀ, ਪੰਨਾ 717.
3. ਉਹੀ, ਪੰਨਾ 378.

i) ਦਸ ਅਵਤਾਰਾਂ ਦੀ ਵਾਰਤਾ,

ii) ਧਿਆਉ ਆਦਿ ਜੁਗਾਦਿ ਕਾ।

ਇਹ ਦੋ ਸਿਰਲੇਖ ਦਿੱਤੇ ਗਏ ਹਨ। ਇਸੇ ਤਰ੍ਹਾਂ 38ਵੇਂ ਅਧਿਆਇ ਵਿਚ ਵੀ ਦੋ ਸਿਰਲੇਖ ਮਿਲਦੇ ਹਨ;[1] ਜਿਵੇਂ:

i) ਬ੍ਰਹਿਮ ਬਾਣੀ,

ii) ਸੁੰਨ ਨਿਰੰਤਰ ਕਾ ਧਿਆਉ।

ਪ੍ਰਾਣ-ਸੰਗਲੀ ਦੇ ਕੁਝ ਹੋਰ ਅਧਿਆਵਾਂ ਜਿਵੇਂ 13,23,29,34,36,39,41 ਅਤੇ 71 ਵਿਚ ਵੀ ਇਕ ਤੋਂ ਵੱਧ ਸਿਰਲੇਖ ਮਿਲਦੇ ਹਨ। ਪ੍ਰਾਣ-ਸੰਗਲੀ ਦੇ ਸਿਰਲੇਖਾਂ ਸੰਬੰਧੀ ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਸਿਰਲੇਖਾਂ ਦੀ ਵਰਤੋਂ ਕਿਸੇ ਨਿਯਮ ਜਾਂ ਯੋਜਨਾ ਜਾਂ ਕਿਸੇ ਸਿੱਧਾਂਤ ਨੂੰ ਮੁੱਖ ਰਖਕੇ ਨਹੀਂ ਕਰ ਰਿਹਾ। ਸਿਰਲੇਖਾਂ ਦੀ ਇਸ ਅਵਿਗਿਆਨਿਕ ਅਤੇ ਆਪ-ਹੁਦਰੀ ਯੋਜਨਾ ਕਾਰਨ ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਬਹੁਤੀ ਸਪੱਸ਼ਟ ਨਹੀਂ ਹੁੰਦੀ।

3) ਅਧਿਆਇ

ਪ੍ਰਾਚੀਨ ਲੇਖਕ ਗਿਆਨ ਪ੍ਰਧਾਨ ਸਾਹਿੱਤ ਨੂੰ ਅਧਿਆਵਾਂ ਵਿਚ ਵੰਡਦੇ ਆਏ ਹਨ। ਇਸ ਤੋਂ ਵਿਪਰੀਤ ਭਾਵਨਾ ਪ੍ਰਧਾਨ ਸਾਹਿੱਤ ਜਿਵੇਂ ਕਾਵਿ ਆਦਿ ਨੂੰ ਆਮ ਤੌਰ ਤੇ ਸਰਗਾਂ ਵਿਚ ਵੰਡਿਆ ਜਾਂਦਾ ਹੈ। ਆਮ ਤੌਰ ਤੇ ਵਿਸ਼ੇ ਸੰਬੰਧੀ ਸਾਰਾ ਵੇਰਵਾ ਇਕ ਖ਼ਾਸ ਤਰਤੀਬ ਨਾਲ ਲੇਖਕ ਇਕ ਅਧਿਆਇ ਵਿਚ ਪੇਸ਼ ਕਰਦਾ ਹੈ। ਕਿਸੇ ਵੀ ਲੇਖਕ ਦੀ ਇਸ ਸੁਕਾਂਤ ਅੰਤਰੀਵੀ ਵੰਡ ਨੂੰ ਸੰਸਕ੍ਰਿਤ ਵਿਚ ਅਧਿਆਇ ਕਿਹਾ ਜਾਂਦਾ ਹੈ[2] ਅਤੇ ਵਿਸ਼ੈ-ਵਸਤੂ ਨੂੰ ਸਮਝਣ ਸਮਝਾਉਣ ਲਈ ਸੌਖ ਨੂੰ ਮੁੱਖ ਰਖਦੇ ਹੋਏ ਕਿਸੇ ਵੀ ਗ੍ਰੰਥ ਵਿਚ ਅਧਿਆਵਾਂ ਦੀ ਯੋਜਨਾ ਕੀਤੀ ਜਾਂਦੀ ਹੈ।

ਪ੍ਰਾਣ-ਸੰਗਲੀ ਦੇ ਲੇਖਕ (ਸੰਪਾਦਕ) ਨੇ ਪ੍ਰਾਣ-ਸੰਗਲੀ ਵਿਚ 80 ਅਧਿਆਇ ਪ੍ਰਕਾਸ਼ਿਤ ਕੀਤੇ ਹਨ। ਉਸਦਾ ਕਥਨ ਹੈ ਕਿ ਮੂਲ 113 ਅਧਿਆਵਾਂ ਵਿਚੋਂ 80 ਅਧਿਆਇ ਹੀ ਉਸਨੂੰ ਮਿਲੇ ਅਤੇ ਉਸਨੇ ਪ੍ਰਾਣ-ਸੰਗਲੀ ਵਿਚ ਇਹਨਾਂ 80 ਅਧਿਆਵਾਂ ਨੂੰ ਹੀ ਸੰਪਾਦਿਤ ਕੀਤਾ ਹੈ। ਪ੍ਰਾਣ-ਸੰਗਲੀ ਦੇ ਇਹਨਾਂ ਅਧਿਆਵਾਂ ਦੀ ਯੋਜਨਾ ਨੂੰ ਗਹੁ ਨਾਲ ਵਾਚਣ ਤੇ ਇਹ ਤੱਥ ਸਾਹਮਣੇ ਆਉਂਦੇ ਹਨ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 464.
2. ਦੇਖੋ: ੳ) 'Mimaansaa-Kosha', Anand Ashram, Poona, 1952.
   ਅ) 'ਵਾਚਸਪਤਯਮ', ਕਲਕੱਤਾ, 1890 (ਅਧਿਆਇ).

ੳ) ਪ੍ਰਾਣ-ਸੰਗਲੀ ਵਿਚ ਇਕੋ ਹੀ ਵਿਸ਼ੈ-ਵਸਤੂ ਵੱਖਰੇ ਵੱਖਰੇ ਅਤੇ ਇਕ ਦੂਜੇ ਤੋਂ ਲੜੀ-ਕ੍ਰਮ ਵਿਚ ਦੂਰ ਦੂਰ ਰਖੇ ਗਏ ਹਨ। ਉਦਾਹਰਣ ਵਜੋਂ ਯੋਗ ਸੰਬੰਧੀ ਚਰਚਾ ਪ੍ਰਾਣ-ਸੰਗਲੀ ਦੇ 29,30,34,41,46,47,50,57 ਆਦਿ ਅਧਿਆਵਾਂ ਵਿਚ ਪਾਈ ਜਾਂਦੀ ਹੈ। ਇਸ ਤਰ੍ਹਾਂ ਸੁਸੰਬਿਦ ਬਾਣੀ ਕਈ ਵੱਖਰੇ ਵੱਖਰੇ 23 ਅਧਿਆਵਾਂ ਵਿਚ ਮਿਲਦੀ ਹੈ।[1] ਇਸਦੇ ਨਾਲ ਵਿਸ਼ੈ-ਵਸਤੂ ਨੂੰ ਠੀਕ ਤਰ੍ਹਾਂ ਸਮਝਣ ਵਿਚ ਅਸਪੱਸ਼ਟਤਾ ਆਉਂਦੀ ਹੈ।

ਅ) ਕਿਸੇ ਇਕ ਵਿਸ਼ੇ ਉੱਤੇ ਸਿਲਸਿਲੇਵਾਰ ਇਕੋ ਹੀ ਅਧਿਆਇ ਵਿਚ ਵਿਚਾਰ ਕਰਨ ਦੀ ਪਰੰਪਰਾ ਹੈ ਕਿਉਂਕਿ ਅਧਿਆਵਾਂ ਦੀ ਯੋਜਨਾ ਦਾ ਮੰਤਵ ਵੀ ਇਹੋ ਹੀ ਹੁੰਦਾ ਹੈ।

ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਪਰੰਪਰਾ ਦੀ ਉਲੰਘਣਾ ਥਾਂ ਥਾਂ ਤੇ ਕੀਤੀ ਹੈ। ਯੋਗ ਦੀ ਚਰਚਾ ਕਰਦੇ ਭਗਤੀ ਦਾ ਵੇਰਵਾ ਵੀ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾ ਭਗਤੀ ਦਾ ਸਰੂਪ ਸਪੱਸ਼ਟ ਹੁੰਦਾ ਹੈ ਅਤੇ ਨਾ ਹੀ ਯੋਗ ਦਾ, ਸਗੋਂ ਦੋਵਾਂ ਦਾ ਇਕ ਰਲਗਡ ਜਿਹਾ ਰੂਪ ਸਾਹਮਣੇ ਆਉਂਦਾ ਹੈ। ਉਦਾਹਰਣ ਵਜੋਂ ਸੱਠਵੇਂ ਅਧਿਆਇ ਨੂੰ ਦੇਖਿਆ ਜਾ ਸਕਦਾ ਹੈ।[2] ਇਸ ਵਿਚ ਅਗਮਬਾਣੀ ਸਿਰਲੇਖ ਹੇਠ ਉਲਟੀਚਰੀਆ ਅਤੇ ਸੁੰਨ ਸ਼ਬਦ ਦੇ ਨਾਲ ਨਾਲ ਗੁਰੂ ਮਹਿਮਾ ਦਾ ਵੀ ਵਰਣਨਕੀਤਾ ਗਿਆ ਹੈ। ਗੁਰੂ ਜੀ ਦੀ ਇਸ ਮਹਿਮਾ ਨੂੰ ਪੌਰਾਣਿਕ ਦ੍ਰਿਸ਼ਟੀ (ਫਲ ਸ੍ਰੁਤੀ) ਨਾਲ ਸਮਾਪਤ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਇਕ ਅਧਿਆਇ ਵਿਚ ਹਠ ਯੋਗ, ਰਾਜ ਯੋਗ, ਭਗਤੀ ਅਤੇ ਪੌਰਾਣਿਕ ਦ੍ਰਿਸ਼ਟੀ ਇਹਨਾਂ ਵੱਖਰੀਆਂ ਵੱਖਰੀਆਂ ਪੱਧਤੀਆਂ ਦਾ ਰਲਗਡ ਮਿਲਦਾ ਹੈ।

ਇਸੇ ਤਰ੍ਹਾਂ ਅਧਿਆਇ 50 ਵਿਚ ਗਰਭ ਵਿਚਾਰ, ਯੋਗ ਅਭਿਆਸ ਅਤੇ ਭਗਤੀ ਸਿੱਧਾਂਤ ਦਾ ਵਰਣਨ ਕੀਤਾ ਗਿਆ ਹੈ।[3] ਇਸ ਪ੍ਰਸੰਗ ਦੇ ਅੰਤ ਵਿਚ ਇਹ ਤੁਕ ਦਿੱਤੀ ਗਈ ਹੈ:

"ਨਾਨਕ ਗਹਿ ਭਗਤ ਅਲੇਖ।"[4]

ਇਸ ਤੁਕ ਨਾਲ ਇਸ ਰਲਗਡ ਨੂੰ ਸਮਾਪਤ ਕੀਤਾ ਗਿਆ ਹੈ। ਇਸ ਤਰ੍ਹਾਂ ਦਾ ਰਲਗਡ ਲੇਖਕ ਦੀ ਦ੍ਰਿਸ਼ਟੀ ਦੀ ਅਸਪੱਸ਼ਟਤਾ ਅਤੇ ਅਧਿਆਇ ਸੰਬੰਧੀ ਇਕ ਅਮਰਯਾਦਿਤ ਵਿਉਂਤ ਦਾ ਹੀ ਸੂਚਕ ਹੈ।

ੲ) ਆਮ ਤੌਰ ਤੇ ਅਧਿਆਵਾਂ ਦੇ ਸਿਰਲੇਖ ਛੋਟੇ, ਢੁਕਵੇਂ ਅਤੇ ਵਿਸ਼ੇ ਦੇ ਅਨੁਕੂਲ ਹੁੰਦੇ ਹਨ। ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਨੇਮ ਦੀ ਵੀ ਕਈ ਥਾਵਾਂ ਤੇ ਉਲੰਘਣਾ ਕੀਤੀ ਹੈ। ਉਸਨੇ ਕਈ ਅਧਿਆਵਾਂ ਦੇ ਸਿਰਲੇਖ ਬਹੁਤ ਲੰਮੇ ਅਤੇ ਅਵਿਵਸਥਿਤ ਦਿੱਤੇ ਹਨ। ਇਹ ਵੀ ਉਸਦੇ ਦ੍ਰਿਸ਼ਟੀਕੋਣ ਦੀ ਇਕ ਤਰੁਟੀ ਕਹੀ ਜਾ ਸਕਦੀ ਹੈ।

ਉਦਾਹਰਣ ਵਜੋਂ "ਅਗਮ ਨਿਗਮ ਸੁਸੰਬਿਦ ਅਮਰਬਾਣੀ... ਯੋਗ ਵੈਰਾਗ ਸੱਚਖੰਡ ਕੀ ਜੁਗਤ ਬਾਣੀ ਉਪਮਾ ਸਦਾਨੰਦ ਜੀ ਕੀ"[5] (ਅਧਿਆਇ 12) ਇਤਨਾ ਵੱਡਾ ਤੇ ਅਵਿਵਸਥਿਤ ਸਿਰਲੇਖ ਕਿਸੇ ਸੁਚੱਜੀ ਸਿਰਲੇਖ ਸੰਬੰਧੀ

1. ਦੇਖੋ: ਪ੍ਰਸਤੁਤ ਸੋਧ-ਪ੍ਰਬੰਧ ਦੀ ਅੰਤਿਕਾ
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 176.
3. ਉਹੀ, ਪੰਨਾ 643.
4. ਉਹੀ, ਪੰਨਾ 646.
5. ਉਹੀ, ਪੰਨਾ 237.

ਵਿਉਂਤ ਦਾ ਲਖਾਇਕ ਨਹੀਂ ਹੈ। ਇਸ ਤੋਂ ਇਲਾਵਾ ਨਿਰਗੁਣ ਸੰਬੰਧੀ ਚਰਚਾ, ਜੋਗ ਵੈਰਾਗ ਸੱਚਖੰਡ ਸੰਬੰਧੀ ਚਰਚਾ ਅਤੇ ਅੰਤ ਵਿਚ ਭਗਤੀ (ਉਪਮਾ) ਸੰਬੰਧੀ ਚਰਚਾ ਦਾ ਰਲਗੱਡ ਵੀ ਕਿਸੇ ਉੱਚੀ ਸੋਚ ਦਾ ਪਰਿਣਾਮ ਨਹੀਂ ਹੈ।

4) <u>ਪੁਸ਼ਪਿਕਾ</u>

ਪੁਸ਼ਪਿਕਾ ਕਿਸੇ ਵਿਸ਼ੇਸ਼ ਵਿਸ਼ੇ ਦੀ ਸਮਾਪਤੀ ਦੀ ਸੂਚਨਾ ਦਿੰਦੀ ਹੈ। ਪ੍ਰਾਚੀਨ ਆਚਾਰੀਆਂ ਨੇ ਅਧਿਆਇ ਦੀ ਅੰਤਰੀਵੀ ਵੰਡ ਨੂੰ ਪੰਜ ਖੰਡਾਂ[1] ਵਿਚ ਵੰਡਿਆ ਹੈ:

i) ਪ੍ਰਤਿਗਿਆ ii) ਤਰਕ, ਪਰਮਾਣ iii) ਵਿਵੇਚਨ (ਉਪਪੱਤੀ)
iv) ਉਦਾਹਰਣ v) ਉਪਸੰਹਾਰ

ਉਪਸੰਹਾਰ ਨੂੰ ਅਧਿਆਵਾਂ ਦੀ ਵੰਡ ਵਿਚ ਪੁਸ਼ਪਿਕਾ ਕਿਹਾ ਜਾਂਦਾ ਹੈ। ਪ੍ਰਤਿਗਿਆ ਨਾਲ ਵਿਸ਼ੇ ਦੀ ਚਰਚਾ ਸ਼ੁਰੂ ਹੁੰਦੀ ਹੈ ਅਤੇ ਪੁਸ਼ਪਿਕਾ ਨਾਲ ਉਸਦੀ ਸਮਾਪਤੀ। ਪੁਸ਼ਪਿਕਾ ਸੰਬੰਧੀ ਇਸ ਦ੍ਰਿਸ਼ਟੀ ਦੀ ਸਫਲਤਾ ਇਸ ਤੱਥ ਤੇ ਨਿਰਭਰ ਕਰਦੀ ਹੈ ਕਿ ਉਸਦਾ ਪ੍ਰਾਰੰਭ ਅਰਥਾਤ ਪ੍ਰਤਿਗਿਆ ਵਾਕ ਉਪਸੰਹਾਰ (ਪੁਸ਼ਪਿਕਾ) ਨਾਲ ਮੇਲ ਖਾਵੇ। ਪਰੰਪਰਾ ਅਨੁਸਾਰ ਪੁਸ਼ਪਿਕਾ ਵਿਚ ਇਹ ਉਲੇਖ ਰਹਿਣੇ ਚਾਹੀਦੇ ਹਨ:

i) 'ਇਤਿ' ਸ਼ਬਦ ਦੀ ਵਰਤੋਂ,
ii) ਗ੍ਰੰਥ ਦੇ ਨਾਂ ਦਾ ਉਲੇਖ,
iii) ਅਧਿਆਇ ਦਾ ਸਿਰਲੇਖ ਤੇ ਉਸਦੀ ਕ੍ਰਮ-ਸੰਖਿਆ।

ਪ੍ਰਾਣ-ਸੰਗਲੀ ਵਿਚ ਪੁਸ਼ਪਿਕਾ ਦੇ ਇਸ ਸਿਧਾਂਤ ਦੀ ਪਾਲਣਾ ਦੀ ਥਾਂ ਉਲੰਘਣਾ ਹੀ ਵਧੇਰੇ ਹੋਈ ਹੈ। ਇਸ ਉਲੰਘਣਾ ਦੇ ਕਈ ਰੂਪ ਹਨ; ਜਿਵੇਂ:

ੳ) ਸਿਰਲੇਖਾਂ ਅਤੇ ਪੁਸ਼ਪਿਕਾਵਾਂ ਵਿਚ ਵਿਸ਼ੇ-ਵਸਤੂ ਸੰਬੰਧੀ ਅੰਤਰ,
ਅ) ਪੁਸ਼ਪਿਕਾਵਾਂ ਵਿਚ ਸਿਰਲੇਖਾਂ ਤੋਂ ਵਾਧੂ ਸ਼ਬਦ,
ੲ) ਅਧਿਆਇ ਦੇ ਅੰਤ ਵਿਚ ਪੁਸ਼ਪਿਕਾਵਾਂ ਦਾ ਅਭਾਵ,
ਸ) ਅਧੂਰੀਆਂ ਪੁਸ਼ਪਿਕਾਵਾਂ।

ੳ) <u>ਸਿਰਲੇਖਾਂ ਅਤੇ ਪੁਸ਼ਪਿਕਾਵਾਂ ਵਿਚ ਵਿਸ਼ੇ-ਵਸਤੂ ਸੰਬੰਧੀ ਅੰਤਰ:</u> ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਅਧਿਆਵਾਂ ਦੇ ਸਿਰਲੇਖਾਂ ਅਤੇ ਪੁਸ਼ਪਿਕਾਵਾਂ ਵਿਚ ਕਈ ਤਰ੍ਹਾਂ ਦੇ ਅੰਤਰ ਮਿਲਦੇ ਹਨ। ਇਹਨਾਂ ਵਿਚੋਂ ਕੁਝ ਅੰਤਰ ਇਹ ਹਨ:

ਕਈ ਥਾਵਾਂ ਤੇ ਸਿਰਲੇਖ ਵਿਚ ਦਿੱਤੀ ਗਈ ਵਿਸ਼ੇ-ਵਸਤੂ ਪੁਸ਼ਪਿਕਾ ਨਾਲ ਨਹੀਂ ਮਿਲਦੀ; ਜਿਵੇਂ ਅਧਿਆਇ 12 ਦਾ ਸਿਰਲੇਖ ਅਤੇ ਉਸਦੀ ਪੁਸ਼ਪਿਕਾ ਵਿਚ ਬਹੁਤ ਭਿੰਨਤਾ ਹੈ।[2] ਇਸ ਤੀ ਅਤੇ ਅਵਿਵਸਥਿਤ

---

1. ਵੇਖੋ: ੳ) 'Mimaansaa Kosha', Poona, (ਪੁਸ਼ਪਿਕਾ).
   ਅ) 'ਅਭਿਧਾਨ ਰਾਜੇਂਦਰ ਕੋਸ਼' ਦਿੱਲੀ, 1950.
2. ਵੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 237,243.

ਸਿਰਲੇਖ ਦਾ ਕੇਵਲ ਇਕੋ ਸ਼ਬਦ (ਸੱਚਖੰਡ) ਹੀ ਪੁਸ਼ਪਿਕਾ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹਨਾਂ 14 ਅਧਿਆਵਾਂ ਵਿਚ ਵੀ ਸਿਰਲੇਖਾਂ ਅਤੇ ਪੁਸ਼ਪਿਕਾਵਾਂ ਵਿਚ ਸਪੱਸ਼ਟ ਅੰਤਰ ਵਿਦਮਾਨ ਹੈ: 37,38,43,58,60,6 63,66,67,73,74,75,77,78.

ਅ) ਪਰਚਾਂ ਵਿਚ ਸਿਰਲੇਖਾਂ ਤੋਂ ਵਾਧੂ ਸ਼ਬਦ: ਪ੍ਰਾਣ-ਸੰਗਲੀ ਦੀਆਂ ਕਈ ਪੁਸ਼ਪਿਕਾਵਾਂ ਵਿਚ ਸਿਰਲੇਖ ਨਾਲੋਂ ਬਹੁਤ ਸਾਰੇ ਵਾਧੂ ਸ਼ਬਦ ਦਿੱਤੇ ਗਏ ਹਨ। ਇਸ ਤਰ੍ਹਾਂ ਦੀਆਂ ਪੁਸ਼ਪਿਕਾਵਾਂ ਦੀ ਸੰਖਿਆ 19 ਬਣਦੀ ਹੈ।

ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੇ ਦੂਜੇ ਅਧਿਆਇ ਦੀ ਪੁਸ਼ਪਿਕਾ ਅਤੇ ਇਸ ਅਧਿਆਇ ਦੇ ਸਿਰਲੇਖ ਨੂੰ ਵੇਖਿਆ ਜਾ ਸਕਦਾ ਹੈ।[1] ਇਸ ਅਧਿਆਇ ਦਾ ਸਿਰਲੇਖ ਹੈ – "ਅਧਿਆਇ ਪਰਮਤੱਤ ਕਾ" – ਪਰ ਇਸ ਅਧਿਆਇ ਦੀ ਪੁਸ਼ਪਿਕਾ ਇਸ ਤਰ੍ਹਾਂ ਦਿੱਤੀ ਗਈ ਹੈ:

"ਇਤਿ ਸ੍ਰੀ ਪ੍ਰਾਣ ਸੰਗਲੀ ਕਮਲ ਭੇਦ ਪ੍ਰਕਾਸ਼ ਪਰਮ ਤੱਤ ਪ੍ਰਵੇਸ਼ ਵਰਣਨ ਨਾਮ ਦੂਸਰਾ ਅਧਿਆਇ ਸੰਪੂਰਣ।"

ਸਿਰਲੇਖ ਨਾਲੋਂ ਵਾਧੂ ਸ਼ਬਦਾਂ ਦੀ ਵਰਤੋਂ ਪੁਸ਼ਪਿਕਾ ਵਿਚ ਹੋਣੀ, ਇਸ ਗੱਲ ਦਾ ਪ੍ਰਮਾਣ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੂੰ ਅਧਿਆਇ ਸਿਰਲੇਖ ਅਤੇ ਪੁਸ਼ਪਿਕਾ ਸੰਬੰਧੀ ਨਿਯਮਾਂ ਦੀ ਸੋਝੀ ਨਹੀਂ ਹੈ।

ਇਸ ਤਰ੍ਹਾਂ ਅਧਿਆਇ 33 ਦਾ ਸਿਰਲੇਖ ਹੈ – 'ਅਨਹਦ ਪ੍ਰਕਾਸ਼' ਅਤੇ ਇਸ ਦੀ ਪੁਸ਼ਪਿਕਾ ਵਿਚ 'ਅਨਹਦ ਪ੍ਰਕਾਸ਼' ਤੋਂ ਉਪਰੰਤ 'ਚਤੁਰਾਸਨ – ਬਿੰਦੁਸਥੰਭਨ ਚਤੁਰ ਸਮਾਧ ਚਕਰ ਵਰਨਨ' ਇਹ ਵਾਧੂ ਸ਼ਬਦ ਆਏ ਹਨ।[2] ਇਸੇ ਤਰ੍ਹਾਂ ਦੀਆਂ ਪੁਸ਼ਪਿਕਾਵਾਂ ਦੀ ਸੂਚੀ ਇਸ ਸੋਧ-ਪ੍ਰਬੰਧ ਦੀ ਅੰਤਿਕਾ ਵਿਚ ਦਿੱਤੀ ਗਈ ਹੈ।

ੲ) ਅਧਿਆਇ ਦੇ ਅੰਤ ਵਿਚ ਪੁਸ਼ਪਿਕਾਵਾਂ ਦਾ ਅਭਾਵ: ਪ੍ਰਾਣ-ਸੰਗਲੀ ਵਿਚ ਇਕ ਥਾਂ ਤੇ ਅਧਿਆਇ ਦੇ ਅੰਤ ਵਿਚ ਪੁਸ਼ਪਿਕਾ ਨਹੀਂ ਦਿੱਤੀ ਗਈ ਕੇਵਲ "ਅਧਿਆਇ ਸੰਪੂਰਨ॥21॥"[3] ਇਹ ਲਿਖਿਆ ਗਿਆ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਕੋਲ ਪੁਸ਼ਪਿਕਾ ਸੰਬੰਧੀ ਕੋਈ ਨਰੋਈ ਅਤੇ ਨਿਗਰ ਦ੍ਰਿਸ਼ਟੀ ਨਹੀਂ ਸੀ।

ਸ) ਅਧੂਰੀਆਂ ਪੁਸ਼ਪਿਕਾਵਾਂ: ਪ੍ਰਾਣ-ਸੰਗਲੀ ਦੀਆਂ ਕੁਝ ਪੁਸ਼ਪਿਕਾਵਾਂ ਵਿਚ ਅਧਿਆਇ ਦਾ ਸਿਰਲੇਖ ਜਾਂ ਉਸਦੀ ਵਿਸ਼ੈ-ਵਸਤੂ ਸੰਬੰਧੀ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ ਗਿਆ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੇ ਛੇਵੇਂ ਅਧਿਆਇ ਦੀ ਅਧੂਰੀ ਪੁਸ਼ਪਿਕਾ ਇਸ ਤਰ੍ਹਾਂ ਦਿੱਤੀ ਗਈ ਹੈ:

"ਇਤਿ ਸ੍ਰੀ ਗੁਰੂ ਗਰੰਥ ਸ੍ਰੀ ਪ੍ਰਾਣ ਸੰਗਲੀ ਛਠਮੋਂ ਧਿਆਇ ਸੰਪੂਰਣ॥6॥"[4]

ਇਸ ਅਧਿਆਇ ਦੇ ਸਿਰਲੇਖ ਅਗਮਬਾਣੀ[5] ਦਾ ਕੋਈ ਵੀ ਲੋੜੀਂਦਾ ਉਲੇਖ ਪੁਸ਼ਪਿਕਾ ਵਿਚ ਨਹੀਂ ਹੈ।

---

1. ਵੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 7,16.
2. ਉਹੀ, ਪੰਨੇ 427,426.
3. ਉਹੀ, ਪੰਨਾ 343.
4. ਉਹੀ, ਪੰਨਾ 100.
5. ਉਹੀ, ਪੰਨਾ 78.

ਇਸ ਤਰ੍ਹਾਂ 18ਵੇਂ ਅਧਿਆਇ ਦਾ ਸਿਰਲੇਖ 'ਗੁਰਜਬਾਣੀ ਨਿਰਜੋਗ ਭਗਤ ਸੰਦੇ ਖੰਡ ਕੇ ਪ੍ਰਭਾਵ ਪ੍ਰਭੂ ਗੁਣ ਨਿਧਾਨ ਸੁਮੰਦ੍ਰ ਵਰਨਨ' ਦਿੱਤਾ ਗਿਆ ਹੈ ਪਰ ਪੁਸ਼ਪਿਕਾ ਵਿਚ ਕੇਵਲ "ਇਤਿ ਸ੍ਰੀ ਧਿਆਉ ਅਠਾਰਵਾਂ ਪ੍ਰਾਣ ਸੰਗਲੀ ਕਾ ਗੁਰ ਤਰੰਥ ਸੰਪੂਰਨ" ਆਇਆ ਹੈ।[1]

ਪ੍ਰਾਣ-ਸੰਗਲੀ ਦੀਆਂ ਪੁਸ਼ਪਿਕਾਵਾਂ ਨੂੰ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ:

i) ਇਹਨਾਂ ਦੀ ਵਰਤੋਂ ਵਿਚ ਕੋਈ ਸੁਚੱਜੀ ਯੋਜਨਾ ਨਹੀਂ ਦਿਸਦੀ।

ii) ਇਹਨਾਂ ਪੁਸ਼ਪਿਕਾਵਾਂ ਵਿਚ ਸ਼ਬਦਾਂ ਦਾ ਭੇਦ, ਵਾਧੂ ਸ਼ਬਦਾਂ ਦੀ ਵਰਤੋਂ ਅਤੇ ਹੋਰ ਕਈ ਅਧੂਰੀਆਂ ਸੂਚਨਾਵਾਂ ਹੋਣ ਕਰਕੇ ਇਹਨਾਂ ਪੁਸ਼ਪਿਕਾਵਾਂ ਦਾ ਮਹੱਤਵ ਘੱਟ ਜਾਂਦਾ ਹੈ।

iii) ਇਹਨਾਂ ਪੁਸ਼ਪਿਕਾਵਾਂ ਵਿਚ ਲੇਖਕ (ਸੰਪਾਦਕ) ਨੇ ਅਧਿਆਇ ਦੀ ਮੁੱਖ ਵਿਸ਼ੈ-ਵਸਤੂ ਅਤੇ ਉਸਦੇ ਸਿਰਲੇਖ ਨੂੰ ਵੀ ਕਈ ਵਾਰੀ ਅੱਖੋਂ ਪਰੋਖੇ ਰਖਿਆ ਹੈ।

ਇਹਨਾਂ ਅੰਤਰਰੋਧੀ ਅਤੇ ਸੰਰਚਨਾਤਮਿਕ ਵਿਰੋਧਾਭਾਸਾਂ ਨੂੰ ਅਤੇ ਇਹਨਾਂ ਦੀ ਬਣਤਰ ਨੂੰ ਦੇਖਦੇ ਹੋਏ ਇਹਨਾਂ ਪੁਸ਼ਪਿਕਾਵਾਂ ਨੂੰ ਆਧਾਰਹੀਣ ਅਤੇ ਭ੍ਰਾਮਕ ਵੀ ਕਿਹਾ ਜਾ ਸਕਦਾ ਹੈ। ਇਹਨਾਂ ਪੁਸ਼ਪਿਕਾਵਾਂ ਦੀ ਵਰਤੋਂ ਕਿਸੇ ਵੀ ਪੁਰਾਣੀ ਹੱਥ-ਲਿਖਤ ਬਾਰੇ ਕੇਵਲ ਭੁਲੇਖਿਆਂ ਨੂੰ ਹੀ ਜਨਮ ਦੇ ਸਕਦੀ ਹੈ।

## III ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਦਾ ਵਰਗੀਕਰਣ

ਵਰਗੀਕਰਣ ਦੀ ਸਮੱਸਿਆ ਵਿਸ਼ਲੇਸ਼ਣ ਦੀ ਹੀ ਸਮੱਸਿਆ ਹੁੰਦੀ ਹੈ ਕਿਉਂਕਿ ਕਿਸੇ ਵੀ ਵਿਸ਼ੈ-ਵਸਤੂ ਨੂੰ ਵਰਗਾਂ ਵਿਚ ਵੰਡਣ ਲਈ ਸੰਬੰਧਿਤ ਵਿਸ਼ੈ-ਵਸਤੂ ਦੀ ਪੂਰੀ ਜਾਣਕਾਰੀ ਦੀ ਆਵਸ਼ਕਤਾ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਨੂੰ ਹੁਣ ਤਕ ਕਿਸੇ ਵਰਗੀਕਰਣ ਦੀ ਕਸਵੱਟੀ ਉਤੇ ਨਹੀਂ ਪਰਖਿਆ ਗਿਆ।

ਰਚਨਾ ਬਨਾਮ ਬਾਣੀ: ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀਆਂ ਰਚਨਾਵਾਂ ਨੂੰ ਬਾਣੀ ਸਿਰਲੇਖ ਹੇਠ ਦਰਜ ਕੀਤਾ ਹੈ। ਉਸਦਾ ਇਹ ਕੰਮ ਅਤੇ ਖ਼ਾਸ ਤੌਰ ਤੇ ਉਸ ਦੀ ਇਸ ਸੰਬੰਧੀ ਸੋਚ ਨੂੰ ਕਦੇ ਵੀ ਖਿਮਾਂ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਨਾਲ ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਵਿਚ ਜਾਣ ਬੁੱਝ ਕੇ ਰਲਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।[2]

---

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 315,323.
'ਪ੍ਰਾਣ-ਸੰਗਲੀ ਦੇ 22ਵੇਂ ਅਧਿਆਇ ਦੀ ਪੁਸ਼ਪਿਕਾ ਵੀ ਇਸੇ ਤਰ੍ਹਾਂ ਅਧੂਰੀ ਹੈ।'

2. ਪ੍ਰਾਣ-ਸੰਗਲੀ ਜਿਹੀਆਂ ਕਿੰਨੀਆਂ ਹੀ ਰਚਨਾਵਾਂ ਨੂੰ ਖੋਜੀ ਵਿਦਵਾਨ ਕੱਚੀ ਬਾਣੀ ਦਾ ਦਰਜਾ ਦਿੰਦੇ ਹਨ ਕਿਉਂਕਿ ਇਹ ਰਚਨਾਵਾਂ ਗੁਰੂ ਨਾਨਕ ਦੀ ਦ੍ਰਿਸ਼ਟੀ ਦਾ ਵਿਰੋਧ ਕਰਦੀਆਂ ਹਨ ਅਤੇ ਇਹਨਾਂ ਦਾ ਮਨੋਰਥ ਅਪ੍ਰਮਾਣਿਕ ਰਚਨਾਵਾਂ ਨੂੰ ਵੀ ਗੁਰੂ ਨਾਨਕ ਦੀ ਬਾਣੀ ਸਿੱਧ ਕਰਨਾ ਸੀ। ਪ੍ਰਾਣ-ਸੰਗਲੀ ਨੂੰ ਹੇਠ ਲਿਖੇ ਵਿਦਵਾਨਾਂ ਨੇ ਕੱਚੀ ਬਾਣੀ ਹੀ ਸਿੱਧ ਕੀਤਾ ਹੈ: ੳ) 'ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ' (ਸੰਪਾ. ਸੁਰਿੰਦਰ ਸਿੰਘ ਕੋਹਲੀ); ਅ) ਸ਼ਮਸ਼ੇਰ ਸਿੰਘ ਅਸ਼ੋਕ, ਗੁਰੂ ਨਾਨਕ ਦੇ ਨਾਂ ਤੇ ਕੱਚੀ ਬਾਣੀ, 'ਖੋਜ ਪਤ੍ਰਿਕਾ' ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ), ਨਵੰਬਰ, 1969; ੲ) ਰਾਜਿੰਦਰ ਸਿੰਘ ਵਿਦਿਆਰਥੀ, ਗੁਰੂ ਨਾਨਕ ਦੇਵ ਅਤੇ ਕੱਚੀ ਬਾਣੀ ਦੀ ਸਮੱਸਿਆ, 'ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪਾ. ਪ੍ਰੀਤਮ ਸਿੰਘ); ਸ) ਡਾ. ਗੋਪਾਲ ਸਿੰਘ, ਕੱਚੀ ਬਾਣੀ, 'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ).

ਵਰਗੀਕਰਣ ਦੀ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਨੂੰ ਇਹਨਾਂ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

<u>ਬਾਣੀ</u>: ਉਂਜ ਤਾਂ ਪ੍ਰਾਣ-ਸੰਗਲੀ ਦਾ ਲੇਖਕ ਆਪਣੀ ਸਾਰੀ ਰਚਨਾ ਨੂੰ ਹੀ ਬਾਣੀ ਨਾਂ ਦਿੰਦਾ ਹੈ ਪਰ ਉਸਨੇ ਆਪਣੀਆਂ ਕੁਝ ਰਚਨਾਵਾਂ ਲਈ ਬਾਣੀ ਸ਼ਬਦ ਖ਼ਾਸ ਤੌਰ ਤੇ ਵਰਤਿਆ ਹੈ। ਪ੍ਰਾਣ-ਸੰਗਲੀ ਦੀ ਤਥਾ-ਕਥਿਤ ਬਾਣੀ ਨੂੰ ਪ੍ਰਾਣ-ਸੰਗਲੀ ਦੀ ਆਪਣੀ ਅੰਦਰਲੀ ਗਵਾਹੀ ਦੇ ਆਧਾਰ ਤੇ ਇਹਨਾਂ ਮੁੱਖ ਵਰਗਾਂ ਵਿਚ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ:

ਬਾਣੀ

- ਸੁਸੰਬਦ ਬਾਣੀ
- ਅਗਮ ਬਾਣੀ
- ਅਚਰਜ ਬਾਣੀ
- ਅਗਮ ਮਹਿਲ ਕੀ ਬਾਣੀ
- ਸੱਚੀ ਬਾਣੀ
- ਅਗਾਧ ਬਾਣੀ
- ਗੁਹਜੀ ਬਾਣੀ

ਇਹਨਾਂ ਮੁੱਖ ਵਰਗਾਂ ਤੋਂ ਇਲਾਵਾ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀਆਂ ਰਚਨਾਵਾਂ ਨੂੰ ਹੋਰ ਕਈ ਸਿਰਲੇਖ ਵੀ ਦਿੱਤੇ ਹਨ ਪਰ ਉਹਨਾਂ ਸਿਰਲੇਖਾਂ ਨਾਲ ਰਚਨਾ ਦਾ ਕੋਈ ਵਰਗ ਬਣਾਉਣਾ ਉਚਿਤ ਨਹੀਂ ਜਾਪਦਾ।

ਵਰਗੀਕਰਣ ਦਾ ਆਧਾਰ

ਉਂਜ ਤਾਂ ਪ੍ਰਾਣ-ਸੰਗਲੀ ਦੇ ਆਪਣੇ ਅੰਦਰਲੇ ਉਲੇਖਾਂ (ਸਿਰਲੇਖਾਂ) ਦੇ ਆਧਾਰ ਤੇ ਕੀਤਾ ਗਿਆ ਕੋਈ ਵੀ ਵਰਗੀਕਰਣ ਬਹੁਤਾ ਸਾਰਥਕ ਨਹੀਂ ਹੋ ਸਕਦਾ ਕਿਉਂਕਿ ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਵਿਚ ਉਹਨਾਂ ਦੇ ਸਿਰਲੇਖ ਆਮ ਤੌਰ ਤੇ ਇਕ ਤੋਂ ਵੱਧ ਦਿੱਤੇ ਗਏ ਹਨ ਅਤੇ ਇਹ ਸਿਰਲੇਖ ਨਾਂ ਕੇਵਲ ਭਰਮਪੂਰਣ ਹੀ ਹਨ ਸਗੋਂ ਇਹਨਾਂ ਚ ਬਹੁਤ ਸਾਰੇ ਉਲੇਖ ਪਰਸਪਰ ਵਿਰੋਧੀ ਵੀ ਹਨ।[1] ਉਪਰੋਕਤ ਸੱਤਾਂ ਵਰਗਾਂ ਵਿਚ ਵੰਡੀ ਗਈ ਬਾਣੀ ਦੀ ਵਿਸ਼ਾ-ਵਸਤੂ ਇਕੋ ਜਿਹੀ ਹੈ। ਕੇਵਲ ਨਾਂ ਹੀ ਵੱਖਰੇ ਵੱਖਰੇ ਦਿੱਤੇ ਗਏ ਹਨ। ਉਦਾਹਰਣ ਵਜੋਂ ਅਗਾਧ ਬਾਣੀ ਗੁਹਜਬਾਣੀ ਅਤੇ ਅਗਮਬਾਣੀ — ਇਹ ਤਿੰਨੇ ਸ਼ਬਦ ਅਰਥ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਦੇ ਨੇੜੇ ਹਨ। ਉਪਰੋਕਤ ਵਰਗਾਂ ਵਿਚੋਂ 'ਸੱਚੀ ਬਾਣੀ', 'ਅਚਰਜ ਬਾਣੀ' ਅਤੇ 'ਅਗਮ ਮਹਲ ਕੀ ਬਾਣੀ' ਆਦਿ ਵਰਗ ਵੀ ਵਿਸ਼ਾ-ਵਸਤੂ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਤੋਂ ਭਿੰਨ ਨਹੀਂ ਹਨ।

1. ਉਦਾਹਰਣ ਵਜੋਂ ਪ੍ਰਾਣ-ਸੰਗਲੀ ਦੇ ਇਹਨਾਂ ਸਿਰਲੇਖਾਂ ਨੂੰ ਦੇਖਿਆ ਜਾ ਸਕਦਾ ਹੈ:
   ੳ) 'ਸੁੰਨ ਮਹਲ ਕੀ ਕਥਾ, ਨਿਰੰਕਾਰ ਕਾ ਧਿਆਨ, ਅਧਿਆਇ ਪਹਿਲਾ ਉਨਮਨਿ ਕਾ' ਪੰਨਾ 1.
   ਅ) 'ਗੁਹਜੀ ਬਾਣੀ, ਅਗਮ ਮਹਲ ਕੀ ਕਥਾ ... ਉਦਾਸ ਕਰਮਯੋਗ ਵੈਰਾਗ ਜੁਗਤ ਜਤਨ ਬਿਸਮਾਦਬਾਣੀ' ਪੰਨਾ 217.[2] ਸਿਰਲੇਖਾਂ ਦੀ ਇਸ ਅਵਿਵਸਥਾ ਲਈ ਦੇਖੋ ਇਸ ਸ਼ੋਧ-ਪ੍ਰਬੰਧ ਦੀ ਭੂਮਿਕਾ ।

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਤਥਾ-ਕਥਿਤ ਬਾਣੀ ਨੂੰ ਕਿਸੇ ਇਕ ਵਿਸ਼ੇਸ਼ ਵਿਚਾਰ ਬਿੰਦੂ ਨੂੰ ਮੁਖ ਰਖਦੇ ਹੋਏ ਆਪਣੀਆਂ ਰਚਨਾਵਾਂ ਨੂੰ ਵਿਗਿਆਨਿਕ ਵਿਧੀ ਨਾਲ ਵਰਗੀਕ੍ਰਿਤ ਨਹੀਂ ਕੀਤਾ। ਉਸਨੇ ਇਕੋ ਹੀ ਰਚਨਾ (ਅਧਿਆਇ) ਨੂੰ ਇਕ ਤੋਂ ਅਧਿਕ ਵਰਗਾਂ ਵਿਚ ਥਾਂ ਥਾਂ ਤੇ ਵੰਡਿਆ ਹੈ। ਇਸ ਦ੍ਰਿਸ਼ਟੀ ਤੋਂ ਚੌਂਹਵੇਂ ਅਧਿਆਇ ਦਾ ਇਹ ਸਿਰਲੇਖ ਵਾਚਣਯੋਗ ਹੈ:

> "... ਤਾਂ ਸ੍ਰੀ ਗੁਰੂ ਜੀ ਜੋਗ ਸਮੁੰਦਰ ਰਤਨਮਾਲਾ ਜੋਗ ਕਰਮ ਜੋਗ ਪਤਨ ਗਿਆਨ, ਪ੍ਰਸੰਗ ਇਛਕਸਾਰ ਧਿਆਉ ਬੀਸਵਾਂ ਬਧੀ ਰਤਨਮਾਲਾ ਸੁਸੰਬਦ ਪ੍ਰਕਾਸ਼ ਕੀਤਾ।। ਜੋਗ ਰਤਨਮਾਲਾ।।
> (ਜੋਗ ਜੁਗਤਿ ਕਾ ਪਤਨ – ਅਗਨਿ ਪ੍ਰਸੰਗ – ਬਾਬੇ ਕਾ ਗਿਆਨ)[1]

ਇਸ ਸਿਰਲੇਖ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ ਪ੍ਰਾਣ-ਸੰਗਲੀ ਦੇ ਸਿਰਲੇਖਾਂ ਵਿਚ ਇਕ ਤੋਂ ਵੱਧ ਵਿਸ਼ਿਆਂ ਨੂੰ ਸੰਕਲਿਤ ਕੀਤਾ ਗਿਆ ਹੈ ਅਤੇ ਇਸ ਵਿਵੇਕਹੀਣ ਸੰਕਲਨ ਨੂੰ ਕਿਸੇ ਇਕ ਵਰਗੀਕਰਣ ਦੇ ਅੰਤਰਗਤ ਰਖਣਾ ਸੰਭਵ ਨਹੀਂ ਹੈ।[2]

ਪ੍ਰਾਣ-ਸੰਗਲੀ ਦੀ ਤਰੁਟੀਪੂਰਣ ਸੰਪਾਦਨ-ਯੋਜਨਾ ਨੂੰ ਸਾਹਮਣੇ ਰਖਿਆਂ ਇਹ ਸੰਦੇਹ ਸਹਿਜੇ ਹੀ ਮਨ ਵਿਚ ਉਭਰਦਾ ਹੈ ਕਿ ਸੰਤ ਸੰਪੂਰਣ ਸਿੰਘ ਨੇ ਪ੍ਰਾਣ-ਸੰਗਲੀ ਦੇ ਅਧਿਆਵਾਂ ਨੂੰ ਸਿਰਲੇਖ ਦਿੰਦੇ ਹੋਏ ਕਿਸੇ ਪ੍ਰਮਾਣਿਕ ਅਤੇ ਪ੍ਰਾਚੀਨ ਹੱਥ-ਲਿਖਤ ਨੂੰ ਸੁਨਿਸ਼ਚਿਤ ਆਧਾਰ ਨਹੀਂ ਬਣਾਇਆ। ਇਹੋ ਕਾਰਨ ਹੈ ਕਿ ਪ੍ਰਾਣ-ਸੰਗਲੀ ਦੀਆਂ ਵੱਖਰੀਆਂ ਵੱਖਰੀਆਂ ਹੱਥ-ਲਿਖਤਾਂ ਵਿਚ ਜਾਂ ਤੇ ਅਧਿਆਵਾਂ ਦੇ ਸਿਰਲੇਖ ਹਨ ਹੀ ਨਹੀਂ ਜਾਂ ਇਹ ਸਿਰਲੇਖ ਬਹੁਤ ਸਪੱਸ਼ਟ ਅਤੇ ਛੋਟੇ ਹਨ।[3]

ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਦਾ ਸਰਲ ਅਤੇ ਸਾਰਥਿਕ ਵਰਗੀਕਰਣ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਅਤੇ ਪ੍ਰਾਣ-ਸੰਗਲੀ ਦੀਆਂ ਹੱਥ-ਲਿਖਤਾਂ ਨੂੰ ਤੁਲਨਾਤਮਿਕ ਦ੍ਰਿਸ਼ਟੀ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ) ਪੰਨਾ 329.
2. ਅਨੇਕ ਵਿਸ਼ਿਆਂ ਦਾ ਇਹੋ ਜਿਹਾ ਰਲਗਡ ਪ੍ਰਾਣ-ਸੰਗਲੀ ਦੇ ਕਿੰਨੇ ਹੀ ਅਧਿਆਵਾਂ ਵਿਚ ਮਿਲਦਾ ਹੈ। ਉਦਾਹਰਣ ਵਜੋਂ 3,5,11,12,32 ਅਧਿਆਇ ਵੇਖੇ ਜਾ ਸਕਦੇ ਹਨ।
3. 'ਪ੍ਰਾਣ-ਸੰਗਲੀ' ਦੀ ਹੱਥ-ਲਿਖਤ ਨੰ. 6116, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੇ ਅਧਿਆਵਾਂ ਦੇ ਮੁੱਢਲੇ ਸਿਰਲੇਖ ਇਸ ਤਰ੍ਹਾਂ ਹਨ:

   i) ਧਿਆਉ ਉਨਮਾਨ ਕਾ (ਪੌਤਰਾ 1)
   ii) ਧਿਆਉ ਦੂਜਾ ਸੁੰਨ ਕਾ (ਪੌਤਰਾ 7)
   iii) ਧਿਆਉ ਗੁਟਾ ਕਾ (ਪੌਤਰਾ 19)
   iv) ਧਿਆਉ ਨਾਭੀ ਕਾ (ਪੌਤਰਾ 40)

   v) ਇਸੇ ਤਰ੍ਹਾਂ ਪ੍ਰਾਣ-ਸੰਗਲੀ ਦੀਆਂ ਹੱਥ-ਲਿਖਤਾਂ ਨੰ. 750 ਅਤੇ 1072, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਅਧਿਆਵਾਂ ਦੇ ਸਿਰਲੇਖ ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਨਾਲੋਂ ਬਹੁਤ ਛੋਟੇ ਹਨ ਅਤੇ ਨਾ ਹੀ ਉਹਨਾਂ ਦੇ ਅੰਤ ਵਿਚ ਚੱਲਦੀ ਹੋਈ ਵਿਸਤ੍ਰਿਤ ਉਥਾਨਿਕਾ ਹੀ ਮਿਲਦੀ ਹੈ।

ਤੋਂ ਨਾ ਵਾਂਚਿਆ ਜਾਵੇ। ਹੱਥ-ਲਿਖਤਾਂ ਨੂੰ ਵਾਚਣ ਦਾ ਕੰਮ ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਘੇਰੇ ਤੋਂ ਬਾਹਰ ਹੈ। ਇਸ ਲਈ ਇਸ ਸਮੱਸਿਆ ਨੂੰ ਇਥੇ ਛੇੜਨਾ ਉਚਿਤ ਨਹੀਂ ਜਾਪਦਾ।

1) <u>ਸੁਸੰਬਿਦ ਬਾਣੀ</u>

ਪ੍ਰਾਣ-ਸੰਗਲੀ ਵਿਚ ਬਹੁਤ ਸਾਰੇ ਅਧਿਆਵਾਂ ਨੂੰ ਸੁਸੰਬਿਦ ਸਿਰਲੇਖ ਦਿੱਤਾ ਗਿਆ ਹੈ।[1] ਸੁਸੰਬਿਦ ਸ਼ਬਦ ਦਾ ਅਰਥ ਸੰਪਾਦਕ ਨੇ 'ਪੰਜਵਾਂ ਵੇਦ' ਜਾਂ ਇਕ ਨਵੀਂ ਵਿਚਾਰਧਾਰਾ ਕਹਿ ਕੇ ਦਿੱਤਾ ਹੈ। ਵਾਸਤਵ ਵਿਚ ਇਹ ਸ਼ਬਦ ਬਹੁਤ ਪੁਰਾਣਾ ਹੈ[2] ਅਤੇ ਇਸਦਾ ਸੰਬੰਧ ਕਿਸੇ ਸਾਧਕ ਦੇ ਆਪਣੇ ਅਧਿਆਤਮਿਕ ਅਨੁਭਵਾਂ ਨਾਲ ਹੈ।

ਇੰਜ ਜਾਪਦਾ ਹੈ ਕਿ ਆਪਣੇ ਅਨੁਭਵਾਂ ਨੂੰ ਦੂਜੇ ਸਾਧਕਾਂ ਤੋਂ ਨਿਖੇੜਨ ਲਈ ਬਹੁਤ ਸਾਰੇ ਸਾਧਕਾਂ ਨੇ ਵੱਖਰੇ ਵੱਖਰੇ ਨਾਂ ਅਤੇ ਵੱਖਰੀਆਂ ਵੱਖਰੀਆਂ ਸਾਧਨਾ-ਪੱਧਤੀਆਂ ਦਾ ਵਿਧਾਨ ਕੀਤਾ ਹੈ। ਇਸ ਵੱਖਰੇ ਵੱਖਰੇ ਵਿਧਾਨ ਨਾਲ ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਅਨੇਕ ਪਰਸਪਰ ਵਿਰੋਧੀ ਅਤੇ ਇੱਕ ਦੂਜੇ ਤੋਂ ਵੱਖਰੀ ਦ੍ਰਿਸ਼ਟੀ ਉਭਰਦੀ ਦਿਸਦੀ ਹੈ। ਜੇਕਰ ਇਹ ਕਿਹਾ ਜਾਵੇ ਕਿ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨੂੰ ਵਿਚਾਰ, ਤਰਕ ਅਤੇ ਪ੍ਰਮਾਣ ਦੇ ਆਧਾਰ ਤੇ ਵਿਸ਼ਲੇਸ਼ਣ ਕਰਨ ਕਰਵਾਣ ਤੋਂ ਬਚਣ ਲਈ ਸੁਸੰਬਿਦ ਭਾਵਨਾ ਦਾ ਸਹਾਰਾ ਲਿਆ ਗਿਆ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੜ੍ਹੇ-ਲਿਖੇ ਅਤੇ ਵਿਚਾਰਸ਼ੀਲ ਲੋਕਾਂ ਨੂੰ ਇਸ ਅਨੁਭਵ ਅਤੇ ਇਸ ਸਾਧਨਾ-ਪੱਧਤੀ ਤੋਂ ਵਾਂਝੇ ਰਖਣ ਲਈ ਇਸ ਬਾਣੀ ਦਾ ਤਾਰਕਿਕ ਵਿਸ਼ਲੇਸ਼ਣ ਕਰਨ ਤੋਂ ਵਰਜਿਆ ਗਿਆ ਹੈ।

ਮੱਧ ਯੁਗ ਦੇ ਅਨੇਕ ਸੰਤਾਂ ਨੇ ਇਸ ਸੁਸੰਬਿਦ ਬਾਣੀ ਦੀ ਭਾਵਨਾ ਨੂੰ ਥਾਂ ਥਾਂ ਤੇ ਪ੍ਰਮਾਣਕੀ ਦਿੱਤੀ ਹੈ। ਉਦਾਹਰਣ ਵਜੋਂ 'ਗੋਰਖਬਾਣੀ' ਦੇ ਸੁਸੰਬਿਦ ਸੰਬੰਧੀ ਉਲੇਖਾਂ ਨੂੰ ਲਿਆ ਜਾ ਸਕਦਾ ਹੈ। ਦਰਅਸਲ, ਆਪਣੇ ਆਪ ਨੂੰ ਸਾਧਨਾ ਦੇ ਖੇਤਰ ਵਿਚ ਸਥਾਪਿਤ ਕਰਨ ਲਈ ਇਹਨਾਂ ਲੋਕਾਂ ਨੇ ਆਪਣੇ ਸ਼ਰਧਾਲੂਆਂ ਨੂੰ ਅੱਖਾਂ ਮੀਟਕੇ, ਸੋਚ ਸਮਝ ਨੂੰ ਜੰਦਰਾ ਮਾਰ ਕੇ, ਆਪਣਾ ਅਨੁਯਾਈ ਬਣਨ ਦੀ ਪ੍ਰੇਰਨਾ ਸੁਸੰਬਿਦ ਰਾਹੀਂ ਦਿੱਤੀ ਹੈ।

ਆਮ ਤੌਰ ਤੇ ਸੁਸੰਬਿਦ ਸ਼ਬਦ ਨੂੰ ਦੋਧਾਰੀ ਤਲਵਾਰ ਵਾਂਗ ਵਰਤਿਆ ਗਿਆ ਹੈ। ਇਸ ਦੀ ਇਕ ਧਾਰ ਨਾਲ ਆਪਣੇ ਵਿਰੋਧੀਆਂ ਉਤੇ ਪ੍ਰਹਾਰ ਕੀਤਾ ਜਾਂਦਾ ਹੈ ਅਤੇ ਦੂਜੀ ਧਾਰ ਨਾਲ ਆਪਣੇ ਵਿਰੋਧੀਆਂ ਦੇ ਤਰਕਾਂ ਪ੍ਰਮਾਣਾਂ ਨੂੰ ਕੱਟਿਆ ਜਾਂਦਾ ਹੈ। ਆਮ ਤੌਰ ਤੇ ਸੁਸੰਬਿਦ ਸ਼ਬਦ ਦੀ ਵਰਤੋਂ ਆਪਣੇ ਮੂਲ ਅਰਥ ਤੋਂ ਹਟ ਕੇ ਆਪਣੇ ਸੀਮਿਤ ਜਿਹੇ ਮੰਤਵ ਨੂੰ ਮੁੱਖ ਰਖ ਕੇ ਕੀਤੀ ਜਾਂਦੀ ਹੈ। ਪ੍ਰਾਣ-ਸੰਗਲੀ ਦਾ ਲੇਖਕ ਵੀ ਸੁਸੰਬਿਦ ਸੰਬੰਧੀ ਇਸ ਧਾਰਨਾ ਅਤੇ ਇਸਦੀ ਵਰਤੋਂ ਦਾ ਅਪਵਾਦ ਨਹੀਂ ਹੈ।

ਸੁਸੰਬਿਦ ਸਿਰਲੇਖ ਤੋਂ ਇਲਾਵਾ ਪ੍ਰਾਣ-ਸੰਗਲੀ ਦਾ ਲੇਖਕ ਆਪਣੀਆਂ ਰਚਨਾਵਾਂ ਨੂੰ ਕੁਝ ਹੋਰ ਵਰਗਾਂ ਵਿਚ ਵੀ ਵੰਡਣ ਦੀ ਚੇਸ਼ਟਾ ਕਰਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀਆਂ ਰਚਨਾਵਾਂ ਨੂੰ ਇਹਨਾਂ ਸਿਰਲੇਖਾਂ ਹੇਠ ਵੀ ਰਖਿਆ ਹੈ; ਜਿਵੇਂ:

---

1. ਵੇਖੋ: ਪ੍ਰਸਤੁਤ ਸ਼ੋਧ-ਪ੍ਰਬੰਧ ਦੀ ਭੂਮਿਕਾ
2. "ਗੋਰਖਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਮਿਲਦੀ ਹੈ।"
   'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 8.

ੳ) ਅਗਮ ਬਾਣੀ (ਅਧਿਆਇ 6,8,15 ਆਦਿ)
ਅ) ਅਚਰਜ ਬਾਣੀ (ਅਧਿਆਇ 24 ਆਦਿ)
ੲ) ਅਗਮ ਮਹਲ ਕੀ ਬਾਣੀ (ਅਧਿਆਇ 32 ਆਦਿ)
ਸ) ਸੱਚੀ ਬਾਣੀ (ਅਧਿਆਇ 36 ਆਦਿ)
ਹ) ਅਗਾਧ ਬਾਣੀ (ਅਧਿਆਇ 67 ਆਦਿ)
ਕ) ਗੁਹਜੀ ਬਾਣੀ (ਅਧਿਆਇ 14 ਆਦਿ)

ਵਾਸਤਵ ਵਿਚ ਪ੍ਰਾਣ-ਸੰਗਲੀ ਦੀਆਂ ਸਾਰੀਆਂ ਰਚਨਾਵਾਂ ਨੂੰ ਠੀਕ ਤਰ੍ਹਾਂ ਵਰਗੀਕ੍ਰਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸਦੇ ਲੇਖਕ ਨੇ ਇਹਨਾਂ ਸਾਰੀਆਂ ਰਚਨਾਵਾਂ ਨੂੰ ਕਿਸੇ ਇਕ ਵਿਚਾਰ-ਬਿੰਦੂ ਦੇ ਆਲੇ ਦੁਆਲੇ ਨਹੀਂ ਬੁਣਿਆ। ਇਹੋ ਕਾਰਨ ਹੈ ਕਿ ਪ੍ਰਾਣ-ਸੰਗਲੀ ਦੇ ਸਿਰਲੇਖਾਂ ਅਤੇ ਉਸਦੀਆਂ ਪੁਸ਼ਪਿਕਾਵਾਂ ਵਿਚ ਵਿਸ਼ੈ-ਨਿਰਦੇਸ਼ ਸੰਬੰਧੀ ਅਨੇਕ ਵਿਭਿੰਨਤਾਵਾਂ ਅਤੇ ਵਿਰੋਧਾਭਾਸ ਮਿਲਦੇ ਹਨ।

2) <u>ਯੋਗ</u>

ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਯੋਗ ਅਤੇ ਉਸਦੀ ਸਾਧਨਾ-ਪੱਧਤੀ ਹੈ ਕਿਉਂਕਿ ਪ੍ਰਾਣ-ਸੰਗਲੀ ਦਾ ਨਾਂ ਅਤੇ ਇਸ ਨਾਲ ਜੁੜੀਆਂ ਅਨੇਕ ਦੰਤ-ਕਥਾਵਾਂ ਇਸਨੂੰ ਯੋਗ ਮਾਰਗ ਦੀ ਰਚਨਾ ਹੀ ਦਸਦੀਆਂ ਹਨ। ਪ੍ਰਾਣ-ਸੰਗਲੀ ਦੇ ਬਹੁਤ ਸਾਰੇ ਅਧਿਆਵਾਂ ਵਿਚ ਯੋਗ ਦੇ ਸ਼ਾਸਤਰੀ ਪੱਖ – ਹਠ ਯੋਗ ਸਾਧਨਾ ਅਤੇ ਯੋਗੀ ਦੀ ਰਹਿਣੀ ਬਹਿਣੀ ਬਾਰੇ ਵਿਸਥਾਰ ਨਾਲ ਚਰਚਾ ਹੋਈ ਹੈ। ਪ੍ਰਾਣ-ਸੰਗਲੀ ਵਿਚ ਆਈ ਯੋਗ ਸੰਬੰਧੀ ਸਾਮਗ੍ਰੀ ਨੂੰ ਮੋਟੇ ਤੌਰ ਤੇ ਤਿੰਨ ਮੁੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

ੳ) <u>ਯੋਗ ਦੀ ਸ਼ਾਸਤਰੀ ਚਰਚਾ:</u> ਪ੍ਰਾਣ-ਸੰਗਲੀ ਵਿਚ ਯੋਗ ਦੀ ਸ਼ਾਸਤਰੀ ਚਰਚਾ ਕਈ ਅਧਿਆਵਾਂ ਵਿਚ ਪ੍ਰਸਤੁਤ ਕੀਤੀ ਗਈ ਹੈ ਜਿਵੇਂ ਉਨਮਨਿ ਅਵਸਥਾ (ਅਧਿਆਇ 1), ਕਮਲ ਭੇਦ (ਅਧਿਆਇ 2), ਯੋਗ ਵੈਰਾਗ (ਅਧਿਆਇ 12 ਪ੍ਰਾਣ ਪਿੰਡ ਕਾ ਬੰਧੇਜ (ਅਧਿਆਇ 14), ਸੁੰਨ ਮੰਡਲ ਅਤੇ ਸੁੰਨ ਨਿਰੰਕਾਰ (ਅਧਿਆਇ 22 ਅਤੇ 38), ਆਸਣ ਅਤੇ ਬਿੰਦਸਥੰਭਨ (ਅਧਿਆਇ 33), ਅਸ਼ਟਾਂਗ ਯੋਗ (ਅਧਿਆਇ 34), ਯੋਗ ਨਿਰਾਲੰਬ (ਅਧਿਆਇ 50), ਬ੍ਰਹਮ ਯੋਗ (ਅਧਿਆਇ 56), ਯੋਗ ਤਿਲਕ (ਅਧਿਆਇ 65) ਅਤੇ ਯੋਗ ਮਣੀ (ਅਧਿਆਇ 66) ਆਦਿ।

ਬੇਸ਼ਕ ਯੋਗ ਦੀ ਸ਼ਾਸਤਰੀ ਚਰਚਾ ਨੂੰ ਅਧਿਕ ਪ੍ਰਮਾਣਿਕ ਤੇ ਨਹੀਂ ਕਿਹਾ ਜਾ ਸਕਦਾ ਪਰ ਇਸ ਵਿਚ ਕੁਛ ਕੁ ਸ਼ਾਸਤਰੀ ਆਧਾਰ ਅਵੱਸ਼ ਗ੍ਰਹਿਣ ਕੀਤਾ ਗਿਆ ਹੈ।

ਅ) <u>ਯੋਗ ਦੀ ਸ੍ਵੈ-ਕਲਪਿਤ ਚਰਚਾ:</u> ਪ੍ਰਾਣ-ਸੰਗਲੀ ਵਿਚ ਉਪਲਬਧ ਯੋਗ ਚਰਚਾ ਦਾ ਬਹੁਤ ਸਾਰਾ ਅੰਸ਼ ਲੇਖਕ ਦੀ ਆਪਣੀ ਕਲਪਣਾ ਦਾ ਹੀ ਵਿਸਥਾਰ ਜਾਪਦਾ ਹੈ। ਇਸ ਨੂੰ ਲੇਖਕ ਆਪਣੇ ਸਾਧਨਾਤਮਿਕ ਅਨੁਭਵ ਦੀ ਉਪਲਬਧੀ ਮੰਨਦਾ ਹੈ। ਇਸ ਤਰ੍ਹਾਂ ਦੀ ਸ੍ਵੈ-ਕਲਪਿਤ ਚਰਚਾ ਯੋਗ ਦੀਆਂ 62 ਹਾਟਾਂ ਦਾ ਵੇਰਵਾ ਅਧਿਆਇ 4 ਵਿਚ ਦੇਣ ਵੇਲੇ ਕੀਤੀ ਗਈ ਹੈ। ਇਸੇ ਤਰ੍ਹਾਂ ਦੀ ਸ੍ਵੈ-ਕਲਪਿਤ ਯੋਗ ਚਰਚਾ ਇਹਨਾਂ ਅਧਿਆਵਾਂ ਵਿਚ ਵੀ ਮਿਲਦੀ ਹੈ; ਜਿਵੇਂ: ਮਾਰਗ ਪ੍ਰਕਾਸ਼ (ਅਧਿਆਇ 7), ਉਦਾਸ ਕਰਮ ਯੋਗ (ਅਧਿਆਇ 11), ਨਿਰਜੋਗ ਭਗਤੀ (ਅਧਿਆਇ 16 ਅਤੇ 18), ਯੋਗ ਕਲਾ (ਅਧਿਆਇ 26), ਯੋਗ ਮਾਲਾ (ਅਧਿਆਇ 27), ਕਿਰਿਆ ਸਾਰ ਯੋਗ (ਅਧਿਆਇ

29), ਯੋਗ ਨਿਧਿ (ਅਧਿਆਇ 30), ਯੋਗ ਜਤਨ (ਅਧਿਆਇ 32), ਯੋਗ ਵਿਚਾਰ (ਅਧਿਆਇ 39) ਯੋਗ ਰਤਨਾਵਲੀ (ਅਧਿਆਇ 40), ਆਤਮ ਯੋਗ (ਅਧਿਆਇ 41), ਕਰਮ ਯੋਗ (ਅਧਿਆਇ 47), ਨਿਰਬਾਣ ਯੋਗ (ਅਧਿਆਇ 49), ਅਤੇ ਕਰਮ ਵਿਪਾਕ (ਅਧਿਆਇ 57) ਆਦਿ।

ੲ) ਯੋਗ ਦੀ ਫੁਟਕਲ ਚਰਚਾ: ਪ੍ਰਾਣ-ਸੰਗਲੀ ਦੇ ਕਈ ਅਧਿਆਵਾਂ ਵਿਚ ਯੋਗ ਸੰਬੰਧੀ ਫੁਟਕਲ ਚਰਚਾ ਵੀ ਉਪਲਬਧ ਹੁੰਦੀ ਹੈ; ਜਿਵੇਂ ਬਹੱਤਰ ਕੋਠੜੀਆਂ ਦਾ ਵੇਰਵਾ ਨੌਂ ਨਾੜੀਆਂ ਦੇ ਨਾਲ ਅਧਿਆਇ 5 ਵਿਚ ਦਿੱਤਾ ਗਿਆ ਹੈ। ਇਸੇ ਤਰ੍ਹਾਂ ਯੋਗੀ ਦੀ ਰਹਿਣੀ ਬਹਿਣੀ ਬਾਰੇ ਅਧਿਆਇ 63 ਅਤੇ 64 ਵਿਚ ਚਰਚਾ ਕੀਤੀ ਗਈ ਹੈ। ਇਸ ਚਰਚਾ ਦਾ ਥੋੜਾ ਬਹੁਤ ਸ਼ਾਸਤ੍ਰੀ ਆਧਾਰ ਵਿਦਮਾਨ ਹੈ।

3) ਪੌਰਾਣਿਕ ਰਚਨਾਵਾਂ

ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਦੇ ਤੀਜੇ ਵਰਗ ਨੂੰ ਪੌਰਾਣਿਕ ਰਚਨਾਵਾਂ ਦਾ ਵਰਗ ਕਿਹਾ ਜਾ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਉਤੇ ਪੌਰਾਣਿਕ ਪ੍ਰਭਾਵ ਬਹੁਤ ਡੂੰਘੇ ਹਨ। ਯੋਗ ਸ਼ਾਸਤ੍ਰ ਦੀ ਤੱਥ ਮੂਲਕ ਚਰਚਾ ਕਰਦੇ ਹੋਏ ਵੀ ਪ੍ਰਾਣ-ਸੰਗਲੀ ਦਾ ਲੇਖਕ ਅਨੇਕ ਪੌਰਾਣਿਕ ਮਿਥਿਆ ਵਿਸ਼ਵਾਸਾਂ ਦਾ ਉਲੇਖ ਕਰਨੋ ਰੁਕ ਨਹੀਂ ਸਕਿਆ। ਇਸ ਤਰ੍ਹਾਂ ਵਿਸ਼ਨੂੰ ਦੇ ਦਸ ਅਵਤਾਰਾਂ ਅਤੇ ਹੋਰ ਪੌਰਾਣਿਕ ਵਿਅਕਤੀਆਂ ਦਾ ਥਾਂ ਥਾਂ ਤੇ ਉਲੇਖ ਇਸ ਰਚਨਾ ਨੂੰ ਪੌਰਾਣਿਕ ਪੱਧਰ ਦੀ ਰਚਨਾ ਸਿੱਧ ਕਰਦਾ ਹੈ। ਇਸ ਪੌਰਾਣਿਕ ਦ੍ਰਿਸ਼ਟੀ ਦੇ ਦੋ ਮੁੱਖ ਅੰਗ ਇਹ ਹਨ:

ੳ) ਅਵਤਾਰਵਾਦ,
ਅ) ਮਿਥਿਹਾਸਿਕ ਉਲੇਖ,

ੳ) ਅਵਤਾਰਵਾਦ: ਪੁਰਾਣਾਂ ਦੇ ਅਨੁਸਾਰ ਧਰਮ ਦੀ ਰੱਖਿਆ ਲਈ ਭਗਵਾਨ ਵਿਸ਼ਨੂੰ ਨੇ ਕਈ ਵਾਰ ਅਵਤਾਰ ਲਿਆ। ਇਹਨਾਂ ਅਵਤਾਰਾਂ ਦੀ ਗਿਣਤੀ 10 ਤੋਂ ਲੈ ਕੇ 24 ਤਕ ਮੰਨੀ ਜਾਂਦੀ ਹੈ। ਇਥੋਂ ਤਕ ਕਿ ਮਹਾਤਮਾ ਬੁੱਧ, ਜੈਨ, ਤੀਰਥੰਕਰ, ਮਹਾਵੀਰ ਜਿਹੇ ਨਾਸਤਕ ਲੋਕਾਂ ਨੂੰ ਵੀ ਵਿਸ਼ਨੂੰ ਦਾ ਅਵਤਾਰ ਦੱਸਿਆ ਗਿਆ ਹੈ ਅਤੇ ਇਸ ਤਰ੍ਹਾਂ ਹਰ ਇਕ ਮਹਾਨ ਅਤੇ ਇਤਿਹਾਸਿਕ ਵਿਅਕਤੀ ਨੂੰ ਵਿਸ਼ਨੂੰ ਨਾਲ ਜੋੜਨ ਦੀ ਪਰੰਪਰਾ ਸਥਾਪਿਤ ਕੀਤੀ ਗਈ।

ਪੰਜਾਬ ਵਿਚ ਬਹੁਤ ਸਾਰੇ ਜਨਮਸਾਖੀ ਲੇਖਕਾਂ ਨੇ ਗੁਰੂ ਨਾਨਕ ਨੂੰ ਵੀ ਵਿਸ਼ਨੂੰ ਦਾ ਅਵਤਾਰ ਦਸਿਆ ਹੈ। ਅੱਗੇ ਚਲ ਕੇ ਇਸ ਪਰੰਪਰਾ ਨੂੰ ਹੋਰ ਵੀ ਪ੍ਰੌੜ੍ਹਤਾ ਪ੍ਰਦਾਨ ਕੀਤੀ ਗਈ ਅਤੇ ਪ੍ਰਾਣ-ਸੰਗਲੀ ਜਿਹੀਆਂ ਅਨੇਕ ਰਚਨਾਵਾਂ ਵਿਚ ਨਾ ਕੇਵਲ ਗੁਰੂ ਨਾਨਕ ਨੂੰ ਵਿਸ਼ਨੂੰ ਜਾਂ ਪਾਰਬ੍ਰਹਮ ਜਾਂ ਅਕਾਲਪੁਰਖ ਦਾ ਅਵਤਾਰ ਹੀ ਦੱਸਿਆ ਗਿਆ ਹੈ ਸਗੋਂ ਪਾਰਬ੍ਰਹਮ ਨਾਲ ਗੁਰੂ ਨਾਨਕ ਦੀਆਂ ਗੋਸ਼ਟੀਆਂ ਦਾ ਵੀ ਵੇਰਵਾ ਦਿੱਤਾ ਹੈ। ਪ੍ਰਾਣ-ਸੰਗਲੀ ਵਿਚ ਪਾਰਬ੍ਰਹਮ

ਅਤੇ ਗੁਰੂ ਨਾਨਕ ਦੀਆਂ ਗੋਸ਼ਟਾਂ ਦਾ ਵਰਣਨ ਥਾਂ ਥਾਂ ਤੇ ਮਿਲਦਾ ਹੈ।[1] ਇਹ ਪੌਰਾਣਿਕ ਅਤੇ ਮਿਥਿਹਾਸਿਕ ਦ੍ਰਿਸ਼ਟੀ ਦਾ ਰਲਗੱਡ ਹੈ। ਇਸੇ ਤਰ੍ਹਾਂ ਦਸ ਅਵਤਾਰ[2] ਸਿਰਲੇਖ ਹੇਠ ਦੋ ਅਧਿਆਇ (24 ਅਤੇ 28) ਪ੍ਰਾਣ-ਸੰਗਲੀ ਵਿਚ ਦਰਜ ਹਨ। ਅਧਿਆਇ 24 ਵਿਚ ਰਾਮਚੰਦਰ, ਕ੍ਰਿਸ਼ਨ ਅਤੇ ਨਰਸਿੰਘ ਅਵਤਾਰਾਂ ਦੀ ਕਥਾ ਦਿੱਤੀ ਗਈ ਹੈ। ਮਹਾਂਭਾਰਤ ਦੇ ਕਈ ਪਾਤਰ ਜਿਵੇਂ ਦਰੋਪਦੀ, ਅਰਜਨ ਪੁਰਾਣਾਂ ਦੇ ਅਜਾਮਲ, ਹਰੀਚੰਦ ਆਦਿ ਪਾਤਰਾਂ ਦੇ ਨਾਂ ਅਤੇ ਉਹਨਾਂ ਬਾਰੇ ਮੁੱਖ ਘਟਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ।[3]

ਇਸੇ ਤਰ੍ਹਾਂ ਦੀਆਂ ਪੌਰਾਣਿਕ ਸ਼ੈਲੀ ਵਿਚ ਬਹੁਤ ਸਾਰੀਆਂ ਘਟਨਾਵਾਂ ਪ੍ਰਾਣ-ਸੰਗਲੀ ਦੇ 27,76,79 ਆਦਿ ਅਧਿਆਵਾਂ ਵਿਚ ਵੀ ਮਿਲਦੀਆਂ ਹਨ।

ਅ) ਮਿਥਿਹਾਸਿਕ ਉਲੇਖ: ਪੌਰਾਣਿਕਤਾ ਆਮ ਤੌਰ ਤੇ ਸਾਮਾਨਯ ਤਰਕ ਅਤੇ ਗਿਆਨ ਦਾ ਵਿਰੋਧ ਕਰਦੀ ਹੈ। ਇਸ ਲਈ ਪੌਰਾਣਿਕ ਦ੍ਰਿਸ਼ਟੀ ਨਾਲ ਬਹੁਤ ਸਾਰੀਆਂ ਸਿੱਧੀਆਂ ਅਤੇ ਹੋਰ ਚਮਤਕਾਰਾਂ ਦਾ ਵੇਰਵਾ ਦਿੱਤਾ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ ਅਨੇਕ ਥਾਵਾਂ ਤੇ ਜੋਗ ਦੀਆਂ ਸਿੱਧੀਆਂ ਨੂੰ ਮਿਥਿਹਾਸਿਕ ਦ੍ਰਿਸ਼ਟੀ ਤੋਂ ਉਲੀਕਿਆ ਗਿਆ ਹੈ। ਇਸੇ ਤਰ੍ਹਾਂ ਹਜ਼ਾਰਾਂ ਸਾਲ ਪਹਿਲਾਂ ਹੋਏ ਜੋਗੀਆਂ ਜਾਂ ਹੋਰ ਵਿਅਕਤੀਆਂ ਨਾਲ ਹਜ਼ਾਰ ਸਾਲ ਪਿੱਛੋਂ ਹੋਏ ਲੋਕਾਂ ਨਾਲ ਸੰਵਾਦ ਜਾਂ ਗੋਸ਼ਟੀ ਦੀ ਯੋਜਨਾ ਮਿਥਿਹਾਸਿਕ ਦ੍ਰਿਸ਼ਟੀ ਤੋਂ ਹੀ ਕੀਤੀ ਗਈ ਹੈ।

ਪ੍ਰਾਣ-ਸੰਗਲੀ ਦਾ ਲੇਖਕ ਪੌਰਾਣਿਕ ਦ੍ਰਿਸ਼ਟੀ ਕਰਕੇ ਮਿਥਿਹਾਸਿਕ ਅਤਿਕਥਨੀਆਂ ਅਤੇ ਹੋਰ ਕਾਲ-ਕ੍ਰਮ ਸੰਬੰਧੀ ਦੋਸ਼ਾਂ ਤੋਂ ਮੁਕਤ ਨਹੀਂ ਰਹਿ ਸਕਿਆ। ਉਦਾਹਰਣ ਵਜੋਂ ਪ੍ਰਾਣ-ਸੰਗਲੀ ਦਾ ਲੇਖਕ ਚਾਰੇ ਵੇਦਾਂ ਨੂੰ ਗੁਰੂ ਨਾਨਕ ਰਚਿਤ ਮੰਨਦਾ ਹੈ।[4] ਇਹ ਮਾਨਤਾ ਲੇਖਕ ਦੀ ਮਿਥਿਹਾਸਿਕ ਦ੍ਰਿਸ਼ਟੀ ਦਾ ਹੀ ਪ੍ਰਮਾਣ ਹੈ। ਇਸੇ ਦ੍ਰਿਸ਼ਟੀ ਨਾਲ ਅਸਮੇਧ ਜਗ,[5] ਗਊ-ਦਾਨ ਦੀ ਮਹਿਮਾ,[6] ਗਊ-ਸਿੰਘ ਸੰਵਾਦ[7] ਆਦਿ ਪ੍ਰਸੰਗ ਕਲਪਨਾ ਮਾਤਰ ਪ੍ਰਤੀਤ ਹੁੰਦੇ ਹਨ।

---

1. ੳ) 'ਪੁਰਾਤਨ ਜਨਮਸਾਖੀ' (ਸੰਪਾ. ਭਾਈ ਵੀਰ ਸਿੰਘ), ਪੰਨਾ 17.
   ਅ) ਦੇਖੋ: 'ਮਿਹਰਬਾਨ ਵਾਲੀ ਜਨਮਸਾਖੀ', ਪੰਨਾ 6,7,8.
   ੲ) ਜਨਮਸਾਖੀਆਂ ਤੋਂ ਇਲਾਵਾ ਬਹੁਤ ਸਾਰੇ ਨਿਰਮਲੇ ਅਤੇ ਉਦਾਸੀ ਸੰਤਾਂ ਨੇ ਵੀ ਗੁਰੂ ਨਾਨਕ ਨੂੰ ਵਿਸ਼ਨੂੰ ਦਾ ਅਵਤਾਰ ਹੀ ਦੱਸਿਆ ਹੈ।
   ਸ) ਪੰਡਿਤ ਤਾਰਾ ਸਿੰਘ ਨਰੋਤਮ ਨੇ ਵੀ ਗੁਰੂ ਨਾਨਕ ਨੂੰ ਵਿਸ਼ਨੂੰ ਦਾ ਅਵਤਾਰ ਦੱਸਿਆ ਹੈ।
2. "ਮੀਣਾ ਸ਼ਾਖਾ ਦੀ 'ਸੁਖਮਨੀ ਸਹਿੰਸਰਨਾਮ' (ਪੋਥੀ ਦਸ ਅਵਤਾਰਾਂ ਕੀ) ਵਿਚ ਦਸ ਅਵਤਾਰਾਂ ਦਾ ਵੇਰਵਾ ਦਿੱਤਾ ਗਿਆ ਹੈ।" ਡਾ. ਰਾਜਗੁਰੂ, 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ', ਪੰਨਾ 205.
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 361-367.
4. ਦੇਖੋ: ਉਹੀ, ਪੰਨੇ 762-765.
5. ਉਹੀ, ਪੰਨਾ 735.
6. ਉਹੀ, ਪੰਨਾ 735.
7. ਉਹੀ, ਪੰਨਾ 764.

ਪੌਰਾਣਿਕ ਅਤੇ ਮਿਥਿਹਾਸਕ ਦ੍ਰਿਸ਼ਟੀ ਨਾਲ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਰਚਨਾ ਦਾ ਬਹੁਤ ਸਾਰਾ ਭਾਗ ਪ੍ਰਸਤੁਤ ਕੀਤਾ ਹੈ।[1] ਇਸ ਲਈ ਉਸਦੀ ਰਚਨਾ ਦੀ ਪ੍ਰਮਾਣਿਕਤਾ ਸੰਦੇਹ ਅਤੇ ਭਰਮ ਦੇ ਘੇਰੇ ਤੋਂ ਬਾਹਰ ਨਹੀਂ ਨਿਕਲ ਸਕੀ।[2]

4) ਪ੍ਰਾਣ-ਸੰਗਲੀ ਦੀਆਂ ਫੁਟਕਲ ਰਚਨਾਵਾਂ

ਉਂਜ ਤਾਂ ਪ੍ਰਾਣ-ਸੰਗਲੀ ਦਾ ਹਰ ਇਕ ਅਧਿਆਇ ਆਮ ਤੌਰ ਤੇ ਆਪਣੇ ਆਪ ਵਿਚ ਇਕ ਸੁਤੰਤਰ ਵਰਗ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇੰਜ ਜਾਪਦਾ ਹੈ ਕਿ ਲੇਖਕ ਅਧਿਆਇ ਸੰਬੰਧੀ ਜਾਂ ਵਰਗੀਕਰਣ ਸੰਬੰਧੀ ਦ੍ਰਿਸ਼ਟੀ ਤੋਂ ਪਰਿਚਿਤ ਨਹੀਂ ਸੀ। ਇਸ ਲਈ ਇਸ ਰਚਨਾ ਵਿਚ ਕਿਸੇ ਇਕ ਵਿਚਾਰ-ਬਿੰਦੂ ਨੂੰ ਕੇਂਦਰ ਵਿਚ ਰਖ ਕੇ ਕੋਈ ਠੁੱਕਵੀਂ ਰਚਨਾ ਬਹੁਤ ਘੱਟ ਮਿਲਦੀ ਹੈ। ਇਹੋ ਕਾਰਨ ਹੈ ਕਿ ਪ੍ਰਾਣ-ਸੰਗਲੀ ਦੀਆਂ ਰਚਨਾਵਾਂ ਨੂੰ ਵਰਗੀਕਰਣ ਦਾ ਕੋਈ ਸੰਦਰਭ ਦੇਣਾ ਸੰਭਵ ਨਹੀਂ ਜਾਪਦਾ।

ਪ੍ਰਾਣ-ਸੰਗਲੀ ਵਿਚ ਫੁਟਕਲ ਰਚਨਾਵਾਂ ਬਹੁਤ ਹਨ। ਇਹਨਾਂ ਰਚਨਾਵਾਂ ਨੂੰ ਮੋਟੇ ਤੌਰ ਤੇ ਨਿਮਨਲਿਖਤ ਸਿਰਲੇਖਾਂ ਅਨੁਸਾਰ ਵਿਚਾਰਿਆ ਜਾ ਸਕਦਾ ਹੈ।

ੳ) ਅੱਖਰੀ ਵਰਗ ਦੀਆਂ ਰਚਨਾਵਾਂ: ਆਦਿ ਗ੍ਰੰਥ ਦੀ ਦਖਣੀ ਓਅੰਕਾਰ, ਪਟੀ ਅਤੇ ਬਾਵਨ ਅੱਖਰੀ ਆਦਿ ਰਚਨਾਵਾਂ ਦੇ ਅਨੁਕਰਣ ਉਤੇ ਪ੍ਰਾਣ-ਸੰਗਲੀ ਵਿਚ ਦੋ ਰਚਨਾਵਾਂ ਮਿਲਦੀਆਂ ਹਨ — 'ਦਖਣੀ ਓਅੰਕਾਰ'[3] ਅਤੇ ਬਾਵਨ ਅੱਖਰੀ।[4]

ਅ) ਮਾਤਰਾ ਵਰਗ ਦੀਆਂ ਰਚਨਾਵਾਂ: 'ਮਾਤਰਾ' ਸ਼ਬਦ ਕਿਸੇ ਕਥਾ ਜਾਂ ਕਿਸੇ ਵਿਸ਼ਿਸ਼ਟ ਰਹਿਤ-ਮਰਯਾਦਾ ਦੀ ਪੇਸ਼ੀ ਲਈ ਵਰਤਿਆ ਜਾਂਦਾ ਰਿਹਾ ਹੈ। ਪ੍ਰਾਣ-ਸੰਗਲੀ ਵਿਚ ਇਹ ਤਿੰਨ ਰਚਨਾਵਾਂ 'ਮਾਤਰਾ' ਸਿਰਲੇਖ ਹੇਠ ਮਿਲਦੀਆਂ ਹਨ; ਜਿਵੇਂ 'ਮਾਤਰਾ ਜੋਗ ਕੀ',[5] 'ਪ੍ਰਾਣ ਮਾਤਰਾ,'[6] ਅਤੇ 'ਰਹਿਤ ਮਾਤਰਾ'।[7]

ੲ) ਗਿਆਨ ਵਰਗ ਦੀਆਂ ਰਚਨਾਵਾਂ: ਪ੍ਰਾਣ-ਸੰਗਲੀ ਵਿਚ ਕਈ ਸਿਰਲੇਖਾਂ ਹੇਠ ਅਧਿਆਤਮਿਕ ਗਿਆਨ ਚਰਚਾ ਪਾਈ ਜਾਂਦੀ ਹੈ ਪਰ ਕੁਝ ਰਚਨਾਵਾਂ ਨੂੰ ਉਚੇਚੇ ਤੌਰ ਤੇ ਗਿਆਨ ਸਿਰਲੇਖ ਹੇਠ ਵੀ ਰਖਿਆ ਗਿਆ ਹੈ; ਜਿਵੇਂ 'ਪਰਮ ਗਿਆਨ',[8] 'ਮਹਾਂਗਿਆਨ',[9] ਅਤੇ 'ਸੂਖਮ ਗਿਆਨ'।[10]

---

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 60,62,79.
2. ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਦੀਆਂ ਅਪ੍ਰਮਾਣਿਕ ਅਤੇ ਨਿਰਾਧਾਰ ਰਚਨਾਵਾਂ ਵਿਚੋਂ 'ਜੁਮਾਵਲੀ' (ਅਧਿਆਇ 79) 'ਪਰਮਪੁਰਖ ਬਿਆਨ' ਅਤੇ 'ਸੱਚਖੰਡ ਦਰਬਾਰ' (ਅਧਿਆਇ 78 ਦੇਖੋ ਅੱਗੇ) ਆਦਿ ਉਲੇਖਣੀਯ ਹਨ।
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 35, ਪੰਨੇ 439-448.
4. ਉਹੀ, ਅਧਿਆਇ 36, ਪੰਨੇ 448-461.
5. ਉਹੀ, ਅਧਿਆਇ 63, ਪੰਨੇ 705-706.
6. ਉਹੀ, ਅਧਿਆਇ 64, ਪੰਨੇ 706-708.
7. ਉਹੀ, ਅਧਿਆਇ 65, ਪੰਨੇ 708-709.
8. ਉਹੀ, ਅਧਿਆਇ 53. 9. ਉਹੀ, ਅਧਿਆਇ 54. 10. ਉਹੀ, ਅਧਿਆਇ 55.

ਸ) ਮਾਲਾ ਵਰਗ ਦੀਆਂ ਰਚਨਾਵਾਂ: 'ਮਾਲਾ' ਦਾ ਅਰਥ ਹੈ ਲੜੀ। ਜਿਸ ਰਚਨਾ ਵਿਚ ਵਿਚਾਰਾਂ ਨੂੰ ਲੜੀਵਾਰ ਪ੍ਰਸਤੁਤ ਕੀਤਾ ਜਾਂਦਾ ਹੈ। ਉਸ ਰਚਨਾ ਲਈ ਮਾਲਾ ਸ਼ਬਦ ਦੀ ਵਰਤੋਂ ਹੁੰਦੀ ਆ ਰਹੀ ਹੈ। ਪ੍ਰਾਣ-ਸੰਗਲੀ ਦੀਆਂ ਕੁਝ ਰਚਨਾਵਾਂ ਮਾਲਾ ਸਿਰਲੇਖ ਹੇਠ ਵੀ ਮਿਲਦੀਆਂ ਹਨ; ਜਿਵੇਂ 'ਵਰਣਮਾਲਾ',[1] 'ਗਿਆਨਮਾਲਾ'[2] ਅਤੇ 'ਭਗਤ ਮਾਲਾ'।[3]

ਹ) ਮਿਥਿਆ ਵਿਸ਼ਵਾਸਮੂਲਕ ਰਚਨਾਵਾਂ: ਗੁਰੂ ਨਾਨਕ ਦੇਵ ਜੀ ਦੀ ਨਿਰਗੁਣਵਾਦੀ ਸਹਿਜ ਦ੍ਰਿਸ਼ਟੀ ਤੋਂ ਵਿਰੁਧ ਮਿਥਿਆ ਵਿਸ਼ਵਾਸ ਮੂਲਕ ਕੁਝ ਰਚਨਾਵਾਂ ਵੀ ਪ੍ਰਾਣ-ਸੰਗਲੀ ਵਿਚ ਮਿਲਦੀਆਂ ਹਨ। ਇਹ ਰਚਨਾਵਾਂ ਘਟੋ ਘਟ ਚਾਰ ਪ੍ਰਕਾਰ ਦੀਆਂ ਹਨ:

i) ਤੰਤ੍ਰ ਮੰਤ੍ਰ: 'ਮਹਾਮੰਤ੍ਰ', 'ਮਹਾਂਵਿਦਿਆ', 'ਰਛਿਆ', 'ਰਖਿਆ', 'ਬੀਰ ਬਿਦਿਆ', 'ਸਰਬ ਰੰਛ'' — ਇਹਨਾਂ ਸਿਰਲੇਖਾਂ ਹੇਠ ਤੰਤ੍ਰਾਂ ਮੰਤ੍ਰਾਂ ਨਾਲ ਭਰਪੂਰ ਇਕ ਰਚਨਾ ਪ੍ਰਾਣ-ਸੰਗਲੀ ਵਿਚ ਮਿਲਦੀ ਹੈ।[4]

ii) ਜੋਤਿਸ਼: ਜੋਤਿਸ਼ ਦੇ ਆਧਾਰ ਤੇ 'ਵਰਸ਼ ਕਾ ਫਲ' ਅਤੇ 'ਕਾਲ ਗਿਆਨ' ਆਦਿ ਅਨੇਕ ਮਿਥਕ ਅਤੇ ਵਿਸ਼ਵਾਸ-ਮੂਲਕ ਰਚਨਾਵਾਂ ਵੀ ਪ੍ਰਾਣ-ਸੰਗਲੀ ਵਿਚ ਦਰਜ ਹਨ।[5]

iii) ਰਸਾਇਣ: ਜੜੀ ਬੂਟੀਆਂ ਨਾਲ ਸੋਨਾ ਬਣਾਉਣ ਦੇ ਕੁਝ ਨੁਸਖੇ ਪ੍ਰਾਣ-ਸੰਗਲੀ ਵਿਚ ਸੰਕਲਿਤ ਹਨ। ਇਹਨਾਂ ਨੂੰ ਕਨਕਮਾਲਾ ਨਾਂ ਵੀ ਪ੍ਰਾਣ-ਸੰਗਲੀ ਦੀ ਪੁਸ਼ਪਿਕਾ ਵਿਚ ਦਿੱਤਾ ਗਿਆ ਹੈ।[6]

iv) ਆਯੁਰਵੇਦ: ਪ੍ਰਾਣ-ਸੰਗਲੀ ਦੇ ਲੇਖਕ ਨੇ ਆਯੁਰਵੇਦ ਦੇ ਨੁਸਖੇ ਵੀ ਲਿਖੇ ਹਨ ਜਿਵੇਂ ਲਸਣ (ਪਾਕ), ਤ੍ਰਿਧਾਤ, ਤਦਬੀਰ ਸੰਖੀਏ ਕੀ, ਸਿੰਗਰਫ ਕੀ ਤਦਬੀਰ ਅਤੇ ਕੁਮਾਰ ਰਸ ਦੇ ਕਾਮ ਸ਼ਾਸਤ੍ਰੀ ਨੁਸਖੇ ਬਹੁਤ ਵਿਸਥਾਰ ਨਾਲ ਦਿੱਤੇ ਹਨ।[7] (ਅਧਿਆਇ 77, ਪੰਨੇ 804-807)।

5) ਪ੍ਰਾਣ-ਸੰਗਲੀ ਵਿਚ ਸੰਕਲਿਤ ਸੁਤੰਤਰ ਰਚਨਾਵਾਂ

ੳ) ਭੋਰਨ ਪੁਰਾਣ: ਪੰਜਾਬ ਵਿਚ ਸੰਸਕ੍ਰਿਤ ਦੇ ਕਿੰਨੇ ਹੀ ਪੁਰਾਣਾਂ ਦਾ ਅਨੁਵਾਦ ਮਿਲਦਾ ਹੈ। ਅਜ ਤਕ ਇਹ ਸਾਰੇ ਅਨੁਵਾਦ ਹੱਥਲਿਖਤੀ ਰੂਪ ਵਿਚ ਹੀ ਮਿਲਦੇ ਹਨ। ਕੁਝ ਪੁਰਾਣ ਇਹ ਹਨ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਅਧਿਆਇ 52 ਦਾ ਪਹਿਲਾ ਅੰਸ਼.
2. ਉਹੀ, ਅਧਿਆਇ 52 ਦਾ ਦੂਜਾ ਅੰਸ਼.
3. ਉਹੀ, ਅਧਿਆਇ 52 ਦਾ ਤੀਜਾ ਅੰਸ਼.
4. ਉਹੀ, ਅਧਿਆਇ 44.
5. ਉਹੀ, ਅਧਿਆਇ 76.
6. ਉਹੀ, ਅਧਿਆਇ 77.
7. ਦੇਖੋ: ਉਹੀ, ਅਧਿਆਇ 77, ਪੰਨੇ 804-807.

i) ਵਿਸ਼ਨੂੰ ਪੁਰਾਣ,[1]
ii) ਪ੍ਰਾਕ੍ਰਿਤ ਪੁਰਾਣ,[2]
iii) ਭੂਗੋਲ ਪੁਰਾਣ।[3]

ਪੁਰਾਣਾਂ ਦੇ ਅਨੁਵਾਦਾਂ ਦੀ ਪਰੰਪਰਾ ਵਿਚ ਭੋਗਲ ਪੁਰਾਣ ਦੀ ਇਕ ਉੱਚੀ ਥਾਂ ਹੈ। ਇਸ ਦੀਆਂ ਬਹੁਤ ਸਾਰੀਆਂ ਹੱਥ-ਲਿਖਤਾਂ ਪੰਜਾਬ ਵਿਚ ਮਿਲਦੀਆਂ ਹਨ। ਪੰਜਾਬੀ ਤੋਂ ਇਲਾਵਾ ਦੇਵਨਾਗਰੀ ਅੱਖਰਾਂ ਵਿਚ ਜੋਧਪੁਰ ਦੇ ਓਰੀਐਂਟਲ ਰੀਸਰਚ ਇੰਸਟੀਚਿਊਟ ਵਿਚ ਇਸ ਦੀਆਂ ਕਈ ਪ੍ਰਤੀਆਂ ਪ੍ਰਾਪਤ ਹੁੰਦੀਆਂ ਹਨ।

ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਹੱਥ-ਲਿਖਤ ਨੰ. 2375 ਉਤੇ ਭੋਗਲ ਪੁਰਾਣ ਦੀ ਇਕ ਪ੍ਰਤੀ ਦਰਜ ਹੈ। ਇਸ ਦਾ ਰਚਨਾ ਸੰਨ 1792 ਦੱਸਿਆ ਗਿਆ ਹੈ।[4] ਭੋਗਲ ਪੁਰਾਣ ਦੀਆਂ ਹੱਥ-ਲਿਖਤਾਂ ਨੂੰ ਸਾਹਮਣੇ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਰਚਨਾਕਾਰ ਜਾਂ ਸੰਗ੍ਰਹਿਕਾਰ ਨੇ ਇਹ ਰਚਨਾ ਥੋੜ੍ਹੇ ਬਹੁਤ ਅੰਤਰ ਦੇ ਨਾਲ ਕਿਸੇ ਹੋਰ ਸੋਮੇ ਤੋਂ ਲੈ ਕੇ ਪ੍ਰਾਣ-ਸੰਗਲੀ ਵਿਚ ਸੰਕਲਿਤ ਕੀਤੀ ਹੈ।

ਭੋਗਲ ਦਾ ਅਰਥ ਭੂਗੋਲ ਸ਼ਾਸਤ੍ਰ ਕੀਤਾ ਗਿਆ ਹੈ। ਡਾ. ਰਾਜ ਗੁਰੂ ਨੇ ਇਸ ਸ਼ਾਸਤ੍ਰ ਦਾ ਸੋਮਾ 'ਪ੍ਰਾਕ੍ਰਿਤ ਪੁਰਾਣ' ਨੂੰ ਮੰਨਿਆ ਹੈ।[5] ਭੋਗਲ ਪੁਰਾਣ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਨਾ ਤਾਂ ਵਿਗਿਆਨਿਕ ਹਨ ਅਤੇ ਨਾ ਹੀ ਉਹਨਾਂ ਦਾ ਕੋਈ ਸੰਬੰਧ ਗੁਰੂ ਨਾਨਕ ਦੇ ਕਾਲ ਨਾਲ ਜੋੜਿਆ ਜਾ ਸਕਦਾ ਹੈ। ਹੋਰ ਅਤੇ ਉਸਦੀ ਸਾਧਨਾ-ਪੱਧਤੀ ਨਾਲ ਵੀ ਇਸਦਾ ਕੋਈ ਸੰਬੰਧ ਨਹੀਂ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭੋਗਲ ਪੁਰਾਣ ਪ੍ਰਾਣ-ਸੰਗਲੀ ਦਾ ਕੋਈ ਅਟੁੱਟ ਅੰਗ ਨਹੀਂ ਹੈ। ਕੇਵਲ ਗ੍ਰੰਥ ਨੂੰ ਵਿਸਥਾਰ ਦੇਣ ਲਈ ਮੂਲ ਭੋਗਲ ਪੁਰਾਣ ਨੂੰ ਕਾਂਟ-ਛਾਂਟ ਕਰਕੇ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

ਅ) <u>ਬਿਹੰਗਮ ਬਾਣੀ</u>: ਜਨਮਸਾਖੀ ਪਰੰਪਰਾ ਵਿਚ ਬਿਹੰਗਮ ਬਾਣੀ ਇਕ ਪ੍ਰਸਿੱਧ ਰਚਨਾ ਹੈ। ਇਸ ਦੀਆਂ ਬਹੁਤ ਸਾਰੀਆਂ ਹੱਥ-ਲਿਖਤਾਂ ਮਿਲਦੀਆਂ ਹਨ। ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਹੱਥ-ਲਿਖਤ ਨੰ. 730 ਉਤੇ ਇਕ ਬਿਹੰਗਮ ਬਾਣੀ ਦੀ ਪੂਰੀ ਸੰਕਲਿਤ ਹੈ। ਇਸ ਦਾ ਲਿਖਣਕਾਲ 1799 ਈ. ਦੱਸਿਆ ਗਿਆ ਹੈ। ਇਸ ਜਾਪਦਾ ਹੈ ਕਿ ਇਹ ਗ੍ਰੰਥ ਮੂਲ ਪੁਸਤਕ ਦੇ ਉਤਾਰੇ ਦਾ ਹੀ ਸੰਨ ਹੈ।

ਬਿਹੰਗਮ ਬਾਣੀ ਪੁਰਾਣਾਂ ਦੀ ਸ਼ੈਲੀ ਵਿਚ ਗੁਰੂ ਨਾਨਕ ਦੀ ਜੀਵਨੀ ਪ੍ਰਸਤੁਤ ਕਰਦੀ ਹੈ। ਗੁਰੂ ਨਾਨਕ ਦੀ ਆਤਮਾ ਅਤੇ ਪਾਰਬ੍ਰਹਮ ਦੀ ਗੋਸ਼ਟੀ ਇਸ ਰਚਨਾ ਦਾ ਮੁੱਖ ਵਿਸ਼ਾ ਹੈ। ਬਹੁਤ ਰੋਚਕ ਅਤੇ ਢੁਕਵੀਂ ਸ਼ੈਲੀ ਵਿਚ ਅਧਿਆਤਮਿਕ ਚਰਚਾ ਇਸ ਪੁਸਤਕ ਵਿਚ ਕੀਤੀ ਗਈ ਹੈ। ਡਾ. ਰਾਜਗੁਰੂ ਅਨੁਸਾਰ ਇਸ ਰਚਨਾ ਦਾ ਲੇਖਕ ਕੋਈ ਮੀਣਾ ਸ਼ਾਖਾ ਦਾ ਹੀ ਵਿਅਕਤੀ ਹੋ ਸਕਦਾ ਹੈ।[6]

---

1. ਦੇਖੋ: ਡਾ. ਰਾਜਗੁਰੂ, 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ', ਪੰਨੇ 146-147.
2. ਉਹੀ, ਪੰਨੇ 149-150.
3. ਉਹੀ, ਪੰਨੇ 151-152.
4. ਉਹੀ, ਪੰਨੇ 151-152.
5. ਉਹੀ, ਪੰਨਾ 151.
6. ਉਹੀ, ਪੰਨੇ 155-156.

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਬਿਰਹੰਗਮ ਬਾਣੀ ਵੀ ਪ੍ਰਾਣ-ਸੰਗਲੀ ਵਿਚ ਕਿਤੋਂ ਬਾਹਰੋਂ ਲਈ ਗਈ ਰਚਨਾ ਹੈ ਅਤੇ ਇਸਦਾ ਮਨੋਰਥ ਵੀ ਪ੍ਰਾਣ-ਸੰਗਲੀ ਨੂੰ ਵੱਧ ਤੋਂ ਵੱਧ ਵਿਸਥਾਰ ਦੇਣਾ ਅਤੇ ਪੌਰਾਣਿਕ ਦ੍ਰਿਸ਼ਟੀ ਨਾਲ ਜੋੜਨਾ ਹੈ।

ਪ੍ਰਾਣ-ਸੰਗਲੀ ਵਿਚ ਇਹ ਅਧਿਆਇ 25,38,69,70,71,72,73 ਬਿਰਹੰਗਮ ਬਾਣੀ ਤੋਂ ਲਏ ਗਏ ਹਨ। ਲੇਕਨ ਪੁਰਾਣ ਵਾਂਗ ਬਿਰਹੰਗਮ ਬਾਣੀ ਨੂੰ ਵੀ ਕਾਂਟ ਛਾਂਟ ਕਰਕੇ ਇਸ ਪੁਸਤਕ ਵਿਚ ਰਖਿਆ ਗਿਆ ਹੈ ਅਤੇ ਇਸ ਕਾਂਟ ਛਾਂਟ ਨਾਲ ਬਿਰਹੰਗਮ ਬਾਣੀ ਅਤੇ ਉਸਦੀ ਭਾਸ਼ਾ ਦਾ ਰੂਪ ਬਹੁਤ ਵਿਗਾੜਿਆ ਗਿਆ ਹੈ।[1]

ੲ) <u>ਗਿਆਨ ਸਰੋਦੇ:</u> ਸੰਤ ਸੰਪੂਰਣ ਸਿੰਘ ਦੁਆਰਾ ਸੰਪਾਦਿਤ ਪ੍ਰਾਣ-ਸੰਗਲੀ ਵਿਚ ਪੰਨੇ 783 ਤੋਂ 792 ਤਕ ਇਕ ਗੱਦਮਈ ਰਚਨਾ 'ਗਿਆਨ ਸਰੋਦੇ' ਸਿਰਲੇਖ ਹੇਠ ਸੰਕਲਿਤ ਹੈ। ਇਸ ਵਿਚ ਸੱਜੇ ਖੱਬੇ ਚਲਣ ਵਾਲੇ ਸੁਰਾਂ ਦੇ ਹਿਸਾਬ ਨਾਲ ਬਹੁਤ ਸਾਰੀਆਂ ਚੰਗੀਆਂ ਮਾੜੀਆਂ ਘਟਨਾਵਾਂ ਦਾ ਸੰਬੰਧ ਜੋੜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਨਿਰਗੁਣਵਾਦੀ ਦ੍ਰਿਸ਼ਟੀ ਨਾਲ ਇਸ ਰਚਨਾ ਦਾ ਵੀ ਕੋਈ ਸੰਬੰਧ ਨਹੀਂ ਹੈ। ਇਹ ਗੱਦਮਈ ਰਚਨਾ ਪ੍ਰਾਣ-ਸੰਗਲੀ ਵਿਚ ਕਿਤੋਂ ਬਾਹਰੋਂ ਲੈ ਕੇ ਸ਼ਾਮਲ ਕੀਤੀ ਗਈ ਜਾਪਦੀ ਹੈ। ਚੂੰਕਿ ਇਸ ਦਾ ਸੰਬੰਧ ਪ੍ਰਾਣ-ਸੰਗਲੀ ਨਾਲ ਨਹੀਂ ਹੈ, ਇਸ ਲਈ ਇਸ ਬਾਰੇ ਵਿਸਥਾਰ ਨਾਲ ਵਿਚਾਰ ਕਰਨ ਦੀ ਲੋੜ ਨਹੀਂ ਜਾਪਦੀ।

<u>ਨਿਸ਼ਕਰਸ਼ :</u> ਪ੍ਰਾਣ-ਸੰਗਲੀ ਦੀ ਵਿਸ਼ਾ-ਵਸਤੂ ਦੇ ਇਸ ਵਿਵੇਚਨ ਵਿਸ਼ਲੇਸ਼ਣ ਤੋਂ ਇਹ ਨਿਸ਼ਕਰਸ਼ ਉਪਲਬਧ ਹੁੰਦੇ ਹਨ।

ਸਮੂਹ ਪ੍ਰਾਣ-ਸੰਗਲੀ ਨੂੰ ਗਹੁ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਇਸ ਵਿਚ ਇਕ ਹੀ ਵਿਚਾਰ ਨੂੰ ਥਾਂ ਥਾਂ ਤੇ ਬੇਲੋੜੇ ਤੌਰ ਤੇ ਦੁਹਰਾਇਆ ਗਿਆ ਹੈ। ਸੰਪਾਦਕ ਨੇ ਵੀ ਇਸ ਦੁਹਰਾਉ ਨੂੰ ਦੂਰ ਕਰਨ ਦੀ ਕੋਈ ਚੇਸ਼ਟਾ ਨਹੀਂ ਕੀਤੀ। ਇਸ ਤੋਂ ਇਲਾਵਾ, ਪ੍ਰਾਣ-ਸੰਗਲੀ ਦੀ ਵਿਸ਼ਾ-ਵਸਤੂ ਥਾਂ ਥਾਂ ਤੇ ਬਹੁਤ ਅਸਪੱਸ਼ਟ, ਅਪ੍ਰਮਾਣਿਕ ਅਤੇ ਅਧੂਰੀ ਹੈ। ਇੰਜ ਜਾਪਦਾ ਹੈ ਕਿ ਇਸ ਦੇ ਲੇਖਕ ਨੇ ਸੁਣੀਆਂ ਸੁਣਾਈਆਂ ਗੱਲਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ ਉੱਤੇ ਪ੍ਰਚਲਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੰਤ ਸੰਪੂਰਣ ਸਿੰਘ ਦੇ ਅਨੁਸਾਰ ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਯੋਗ ਸੰਬੰਧੀ ਚਰਚਾ ਹੈ। ਪਰ ਪ੍ਰਾਣ-ਸੰਗਲੀ ਦੀ ਵਿਸ਼ਾ-ਵਸਤੂ ਦਾ ਵਿਵੇਚਨ ਵਿਸ਼ਲੇਸ਼ਣ ਕਰਨ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪ੍ਰਾਣ-ਸੰਗਲੀ ਵਿਚ ਯੋਗ

---

1. "ਬਿਰਹੰਗਮ ਬਾਣੀ ਵਿਚੋਂ ਬਹੁਤ ਸਾਰੇ ਉਦਾਹਰਣ ਡਾ. ਰਾਜਗੁਰੂ ਨੇ ਆਪਣੀ ਪੁਸਤਕ ਵਿਚ ਸੰਕਲਿਤ ਕੀਤੇ ਹਨ। ਬਿਰਹੰਗਮ ਬਾਣੀ ਦੀ ਭਾਸ਼ਾ ਮੁੱਢਲੇ ਤੌਰ ਤੇ ਹੀ ਪ੍ਰਾਣ-ਸੰਗਲੀ ਦੀ ਭਾਸ਼ਾ ਤੋਂ ਵੱਖਰੀ ਹੈ। ਉਂਜ ਬਿਰਹੰਗਮ ਬਾਣੀ ਦਾ ਆਰੰਭ ਵੀ ਰਾਮਕਲੀ ਮਹਲਾ ੧ ਸਿਰਲੇਖ ਹੇਠ ਕੀਤਾ ਗਿਆ ਹੈ।"

   ਦੇਖੋ: ਡਾ. ਰਾਜਗੁਰੂ, 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ', ਪੰਨੇ 295-298.

ਤੋਂ ਭਿੰਨ ਅਤੇ ਕਿਤੇ ਕਿਤੇ ਲੋੜ ਦੇ ਵਿਰੁੱਧ ਜਾਂ ਲੋੜ ਤੋਂ ਭਿੰਨ ਵਿਸ਼ੇ ਸੰਬੰਧੀ ਚਰਚਾ ਵੀ ਬਹੁਤ ਵਿਸਥਾਰ ਨਾਲ ਕੀਤੀ ਗਈ ਹੈ। ਇਸ ਪ੍ਰਕਾਰ ਦੇ ਸ੍ਵੈ-ਵਿਰੋਧੀ ਕਥਨ ਇਸ ਰਚਨਾ ਦੀ ਪ੍ਰਮਾਣਿਕਤਾ ਨੂੰ ਸ਼ੱਕੀ ਬਣਾਉਂਦੇ ਹਨ। ਮੂਲ ਗ੍ਰੰਥ ਅਤੇ ਉਸਦੇ ਸੰਪਾਦਨ ਦੀ ਇਹ ਇਕ ਗੰਭੀਰ ਤਰੁਟੀ ਜਾਪਦੀ ਹੈ। ਪ੍ਰਾਣ-ਸੰਗਲੀ ਦੀ ਵਿਸ਼ਾ-ਵਸਤੂ ਸੰਬੰਧੀ ਅੰਤਰਲੀ ਸੰਰਚਨਾ ਨੂੰ ਉਥਾਨਿਕਾ, ਸਿਰਲੇਖ, ਅਧਿਆਇ ਅਤੇ ਪੁਸ਼ਪਿਕਾ — ਇਹਨਾਂ ਸਿਰਲੇਖਾਂ ਹੇਠ ਸੰਪਾਦਿਤ ਕੀਤਾ ਗਿਆ ਹੈ। ਵਿਸ਼ਾ-ਵਸਤੂ ਦੀ ਇਹ ਅੰਤਰਲੀ ਵੰਡ ਬਹੁਤ ਥਾਵਾਂ ਤੇ ਖੰਡਿਤ ਹੁੰਦੀ ਹੈ। ਇਹਨਾਂ ਸਾਰੇ ਸਿਰਲੇਖਾਂ ਵਿਚ ਥਾਂ ਥਾਂ ਤੇ ਸ੍ਵੈ-ਵਿਰੋਧ ਅਤੇ ਹੋਰ ਤਰੁਟੀਆਂ ਮਿਲਦੀਆਂ ਹਨ।

ਪ੍ਰਾਣ-ਸੰਗਲੀ ਦਾ ਮੁੱਖ ਆਧਾਰ ਗੁਰੂ ਨਾਨਕ ਦੇਵ ਜੀ ਦੀ ਇਤਿਹਾਸ ਪ੍ਰਸਿੱਧ ਦੂਸਰੀ ਉਦਾਸੀ ਹੈ। ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਥਾਂ ਥਾਂ ਤੇ ਇਤਿਹਾਸ ਦੀਆਂ ਸੀਮਾਵਾਂ ਦਾ ਉਲੰਘਣ ਕੀਤਾ ਹੈ ਅਤੇ ਉਸਨੇ ਆਪਣੀ ਵਿਸ਼ਾ-ਵਸਤੂ ਨੂੰ ਇਤਿਹਾਸ ਦੀ ਦ੍ਰਿਸ਼ਟੀ ਤੋਂ ਸ਼ੁੱਧ ਰੂਪ ਵਿਚ ਪੇਸ਼ ਨਹੀਂ ਕੀਤਾ।

ਪ੍ਰਾਣ-ਸੰਗਲੀ ਵਿਚ ਕੁਝ ਸੁਤੰਤਰ ਰਚਨਾਵਾਂ ਜਿਵੇਂ ਜੋਗਨ ਪੁਰਾਣ, ਤ੍ਰਿਹੰਗਮ ਬਾਣੀ, ਗਿਆਨ ਸਰੋਦੇ ਆਦਿ ਵੀ ਸੰਕਲਿਤ ਕੀਤੀਆਂ ਗਈਆਂ ਹਨ। ਇਹਨਾਂ ਰਚਨਾਵਾਂ ਦੀ ਵਿਸ਼ਾ-ਵਸਤੂ ਦਾ ਪ੍ਰਾਣ-ਸੰਗਲੀ ਦੀ ਮੂਲ ਵਿਸ਼ਾ-ਵਸਤੂ ਜਾਂ ਦ੍ਰਿਸ਼ਟੀ ਨਾਲ ਕੋਈ ਸੰਬੰਧ ਨਹੀਂ ਹੈ। ਵਿਸ਼ਾ-ਵਸਤੂ ਦੀ ਸਮਾਨਤਾ ਨੂੰ ਅੱਖੋਂ ਪਰੋਖੇ ਕਰਕੇ ਇਹੋ ਜਿਹੀਆਂ ਵਾਧੂ ਰਚਨਾਵਾਂ ਪ੍ਰਾਣ-ਸੰਗਲੀ ਦਾ ਆਕਾਰ ਵਧਾਉਣ ਲਈ ਇਸ ਵਿਚ ਸੰਕਲਿਤ ਕੀਤੀਆਂ ਗਈਆਂ ਜਾਪਦੀਆਂ ਹਨ।

# ਅਧਿਆਇ ਤੀਜਾ

## ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ

## ਅਧਿਆਇ 3

# ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ

ਪ੍ਰਾਣ-ਸੰਗਲੀ ਅਧਿਆਤਮਕ ਸਾਧਨਾ ਦੇ ਖੇਤਰ ਵਿਚ ਇਕ ਵਡਮੁੱਲੀ ਰਚਨਾ ਹੈ। ਇਸ ਰਚਨਾ ਦੇ ਅਧਿਆਤਮਕ ਪੱਖ ਦਾ ਆਲੋਚਨਾਤਮਕ ਅਧਿਐਨ ਇਹਨਾਂ ਦੋ ਖੰਡਾਂ ਵਿਚ ਕੀਤਾ ਜਾ ਰਿਹਾ ਹੈ:

I ਭਾਰਤੀ ਸਾਧਨਾ ਪੱਧਤੀ: ਪਰੰਪਰਾ ਅਤੇ ਸਰੂਪ

II ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ

## I ਭਾਰਤੀ ਸਾਧਨਾ ਪੱਧਤੀ: ਪਰੰਪਰਾ ਅਤੇ ਸਰੂਪ

ਭਾਰਤ ਦੇ ਪ੍ਰਾਚੀਨ ਰਿਸ਼ੀਆਂ ਮੁਨੀਆਂ ਨੇ ਵਿਅਕਤੀ ਦੇ ਜੀਵਨ ਨੂੰ ਚਾਰ ਆਸ਼੍ਰਮਾਂ ਵਿਚ ਵੰਡਿਆ ਹੈ। ਪਹਿਲਾ ਆਸ਼੍ਰਮ ਬ੍ਰਹਮਚਰਜ, ਦੂਜਾ ਗ੍ਰਿਹਸਥ, ਤੀਜਾ ਬਾਨਪ੍ਰਸਥ ਅਤੇ ਚੌਥਾ ਸੰਨਿਆਸ ਹੈ। ਇਸ ਤਰ੍ਹਾਂ ਪੂਰੀ ਮਨੁੱਖ ਆਯੂ ਨੂੰ 25,25 ਸਾਲਾਂ ਦੇ ਚਾਰ ਕਾਲ-ਖੰਡਾਂ ਵਿਚ ਵੰਡਿਆ ਗਿਆ ਹੈ।[1]

ਉਪਨਿਸ਼ਦ ਯੁਗ ਵਿਚ ਆ ਕੇ ਇਕ ਨਵੀਂ ਪ੍ਰਵਿਰਤੀ ਦਾ ਵਿਕਾਸ ਹੋਇਆ। ਇਸ ਅਨੁਸਾਰ ਇਸ ਛਿਨ-ਭੰਗੁਰ ਅਤੇ ਨਾਸ਼ਮਾਨ ਸੰਸਾਰ ਤੋਂ ਉਲਟੀ ਬਿਰਤੀ ਧਾਰਨ ਕਰਕੇ ਗਿਆਨ ਜਾਂ ਸਾਧਨਾ ਦੇ ਮਾਰਗ ਵਿਚ ਪ੍ਰਵਿਰਤ ਹੋਣ ਦੀ ਭਾਵਨਾ ਪ੍ਰਬਲ ਹੁੰਦੀ ਗਈ। ਹੁਣ ਇਹ ਮੰਨਿਆ ਜਾਣ ਲੱਗਾ ਕਿ ਦੇਵੀ ਦੇਵਤਿਆਂ ਦੀ ਪੂਜਾ, ਉਹਨਾਂ ਵਾਸਤੇ ਕੀਤੇ ਜਾਣ ਵਾਲੇ ਯੱਗ ਆਦਿ ਦਾ ਫਲ ਸਥੂਲ ਹੈ। ਭਾਵ ਇਹ ਕਿ ਇਸ ਨਾਲ ਮਨੁੱਖ ਦੀ ਪੂਰੀ ਸਮਰਥਾ, ਉਸਦੀ ਗਿਆਨ ਸ਼ਕਤੀ ਜਾਂ ਚੇਤਨਾ ਸ਼ਕਤੀ ਦਾ ਪੂਰਾ ਵਿਸਥਾਰ ਆਤਮਾ ਨੂੰ ਨਹੀਂ ਮਿਲਦਾ। ਇਹਨਾਂ ਕਰਮ-ਕਾਂਡ ਭਰੇ ਯੱਗਾਂ ਅਤੇ ਇਹੋ ਜਿਹੇ ਸਥੂਲ ਵਿਧੀ-ਵਿਧਾਨ ਨਾਲ ਮਨੁੱਖ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।[2]

ਇਸ ਵਿਚਾਰਧਾਰਾ ਕਾਰਨ ਵੈਦਿਕ ਯੁਗ ਦੇ ਦੇਵੀ ਦੇਵਤਿਆਂ, ਉਹਨਾਂ ਦੀ ਪੂਜਾ, ਉਹਨਾਂ ਲਈ ਕੀਤੇ ਜਾਣ ਵਾਲੇ ਯੱਗਾਂ ਅਤੇ ਕਰਮ-ਕਾਂਡ ਦੇ ਵਿਧੀ-ਵਿਧਾਨ ਨਾਲ ਪਰਿਪੂਰਨ ਜੀਵਨ ਪੱਧਤੀ ਨੂੰ ਅਵਿਦਿਆ ਆਖਿਆ

---

1. ਦੇਖੋ: ੳ) P.V. Kane, *History of Dharma Shastra*, Vol. I, pp. 150-200.
   ਅ) ਮਨੂ, 'ਮਨੂ ਸਿਮ੍ਰਿਤੀ' ਅਧਿਆਇ 1, ਸ਼ਲੋਕ 20-25.
   ੲ) ਯਾਗਯਵਲਕਯ, 'ਯਾਗਯਵਲਕਯ ਸਿਮ੍ਰਿਤੀ', ਅਧਿਆਇ 1, ਸ਼ਲੋਕ 15-20.
   ਸ) Dr S. Radhakrishnan, *Hindu View of Life*, pp. 5-8.
2. ਦੇਖੋ: Dr Ranade, *Philosophy of Upnisads*, pp. 7-15.

ਗਿਆ। ਇਹ ਸੀ ਸਥੂਲ ਤੋਂ ਸੂਖਮ ਵਲ ਤੁਰਨ ਦੀ ਜਿਗਿਆਸਾ। ਇਸਦੇ ਨਾਲ ਉਪਨਿਸ਼ਦ ਯੁਗ ਦਾ ਗਿਆਨ ਕਾਂਡ ਸ਼ੁਰੂ ਹੁੰਦਾ ਹੈ।

ਇਸ ਯੁਗ ਵਿਚ ਪਹਿਲੀ ਵਾਰ ਰਿਸ਼ੀਆਂ ਨੇ ਇਹ ਅਨੁਭਵ ਕੀਤਾ ਕਿ ਮਨੁੱਖ ਦਾ ਅੰਤਿਮ ਉਦੇਸ਼ ਆਪਣੇ ਆਪ ਨੂੰ ਜਾਂ ਆਤਮਾ ਨੂੰ ਪਛਾਣਨਾ ਹੈ। ਆਤਮਾ ਨੂੰ ਪਛਾਣਨਾ ਹੀ ਗਿਆਨ ਹੈ। ਇਸ ਗਿਆਨ ਦੀ ਪ੍ਰਾਪਤੀ ਲਈ ਭਾਰਤ ਦੇ ਰਿਸ਼ੀਆਂ ਨੇ ਸਾਧਨਾ, ਤਪਸਿਆ ਅਤੇ ਧਿਆਨ ਦਾ ਮਾਰਗ ਚੁਣਿਆ।[1]

ਤਪਸਿਆ ਦੇ ਕਈ ਰੂਪ ਦੱਸੇ ਗਏ। ਆਪਣੇ ਆਪ ਨੂੰ ਭੁੱਖਾ, ਨੰਗਾ ਅਤੇ ਤਿਹਾਇਆ ਰਖਕੇ, ਕਾਮ ਭਾਵਨਾ ਉਤੇ ਕਾਬੂ ਪਾ ਕੇ ਪਰਮਾਤਮਾ ਦਾ ਚਿੰਤਨ ਕਰਨਾ ਤਪਸਿਆ ਦਾ ਸਭ ਤੋਂ ਉੱਚਾ ਆਦਰਸ਼ ਮੰਨਿਆ ਗਿਆ ਪਰੰਤੂ ਬੁੱਧ ਆਦਿ ਬਹੁਤ ਸਾਰੇ ਸੂਝਵਾਨ ਵਿਚਾਰਕਾਂ ਨੇ ਇਹ ਅਨੁਭਵ ਕੀਤਾ ਕਿ ਇਸ ਤਰ੍ਹਾਂ ਦੇ ਕਸ਼ਟ ਸਹਿਣ ਕਰਨ ਨਾਲ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਉਹਨਾਂ ਨੇ ਗਿਆਨ ਦੀ ਪ੍ਰਾਪਤੀ ਲਈ ਉਪਾਸ਼ਨਾ ਦਾ ਮਾਰਗ ਅਪਣਾਉਣ ਦਾ ਸੰਦੇਸ਼ ਦਿੱਤਾ।[2]

ਸਰੀਰ ਨੂੰ ਕਸ਼ਟ ਦੇਣ ਦਾ ਵਿਰੋਧ ਬਹੁਤ ਕਰਕੇ ਉਪਨਿਸ਼ਦਾਂ ਦੇ ਗਿਆਨ ਕਾਂਡ ਵਿਚ ਹੋਇਆ। ਹੁਣ ਇਹ ਮੰਨਿਆ ਜਾਣ ਲੱਗਿਆ ਕਿ ਆਤਮਾ ਸਰਬ-ਵਿਆਪਕ ਹੈ ਅਤੇ ਸੰਸਾਰ ਦੇ ਕਣ ਕਣ ਵਿਚ ਉਸਦੀ ਸਤਾ ਨੂੰ ਪਛਾਣਨਾ ਅਤੇ ਅਨੁਭਵ ਕਰਨਾ ਗਿਆਨ ਦਾ ਉਦੇਸ਼ ਹੈ।[3]

ਇਹ ਇਕ ਕ੍ਰਾਂਤੀਕਾਰੀ ਵਿਚਾਰ ਸੀ ਜਿਸ ਨਾਲ ਮਨੁੱਖ ਨੂੰ ਅਤੇ ਉਸਦੇ ਵਿਅਕਤਿਤਵ ਨੂੰ ਇਕ ਮਹਾਨ ਉਚਾਈ ਉਤੇ ਸਥਾਪਿਤ ਕੀਤਾ ਗਿਆ। ਉਪਨਿਸ਼ਦਾਂ ਵਿਚ ਸਾਫ਼ ਲਿਖਿਆ ਹੈ ਕਿ ਮਨੁੱਖੀ ਆਤਮਾ ਹੀ ਬ੍ਰਹਮ (ਈਸ਼ਵਰ) ਹੈ। ਉਪਨਿਸ਼ਦਾਂ ਦੇ ਰਿਸ਼ੀਆਂ ਨੇ ਨਾ ਕੇਵਲ ਆਪਣੇ ਆਪ ਨੂੰ ਪਰੰਤੂ ਆਪਣੇ ਸ਼ਿਸ਼ਾਂ ਨੂੰ ਵੀ ਬ੍ਰਹਮ ਦਾ ਹੀ ਰੂਪ ਦੱਸਿਆ।[4]

ਹੁਣ ਸਵਾਲ ਇਹ ਪੈਦਾ ਹੋਇਆ ਕਿ ਇਸ ਆਤਮਾ ਨੂੰ ਬ੍ਰਹਮ ਦਾ ਰੂਪ ਕਿਵੇਂ ਸਮਝਿਆ ਜਾ ਸਕਦਾ ਹੈ? ਬ੍ਰਹਮ ਸਰਵਵਿਆਪਕ ਹੈ ਅਤੇ ਆਤਮਾ ਸਰਵਵਿਆਪਕ ਨਹੀਂ ਹੈ। ਇਸ ਤਰ੍ਹਾਂ ਬ੍ਰਹਮ ਸਰਬੱਗ ਹੈ ਅਤੇ ਆਤਮਾ ਅਲਪੱਗ। ਸ਼ੰਕਰਾਚਾਰਯ ਆਦਿ ਵਿਦਵਾਨਾਂ ਨੇ ਬੂੰਦ ਅਤੇ ਸਮੁੰਦਰ ਦੀ ਉਪਮਾ ਦੇ ਨਾਲ ਜੀਵ-ਆਤਮਾ ਅਤੇ ਬ੍ਰਹਮ ਦਾ ਭੇਦ ਸਪੱਸ਼ਟ ਕੀਤਾ।[5]

---

1. *Encyclopaedia of Religion and Ethics* (Upnishads).
2. ਦੇਖੋ: ਭਿਖੂ, ਜਗਦੀਸ਼ ਕਸਪ, 'ਭਗਵਾਨ ਬੁੱਧ', ਪੰਨੇ 102-151.
3. ਦੇਖੋ: ਡਾ. ਬਸੰਤ ਜੈਨ ਕੇ, 'ਉਪਨਿਸ਼ਦ ਔਰ ਗਿਆਨ ਕਾਂਡ', 'ਕਲਿਆਣ' (ਉਪਨਿਸ਼ਦ ਅੰਕ), ਪੰਨੇ 15-21.
4. ਦੇਖੋ: Dr Ranade, *Philosophy of Upnisads*, pp. 12-20.
5. ਦੇਖੋ: Dr S. Radhakrishnan, *History of Indian Philosophy*, Vol. I, pp. 10-12.

ਸ਼ੰਕਰਾਚਾਰਯ ਆਦਿ ਵਿਦਵਾਨ ਸਾਧਕਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਆਤਮਾ ਨੂੰ ਬ੍ਰਹਮ ਦੇ ਰੂਪ ਵਿਚ ਜਾਣਨ ਪਛਾਣਨ ਲਈ ਉਪਾਸਨਾ ਦੀ ਲੋੜ ਹੈ। ਦਿਨ ਰਾਤ ਅਤੇ ਸਵਾਸ-ਗ੍ਰਾਸ ਵਿਚ 'ਮੈਂ ਬ੍ਰਹਮ ਹਾਂ' ਇਸ ਭਾਵਨਾ ਨੂੰ ਦ੍ਰਿੜ੍ਹ ਕਰਨ ਨਾਲ ਵਿਅਕਤੀ ਜੀਵ-ਆਤਮਾ ਨੂੰ ਬ੍ਰਹਮ ਦੇ ਰੂਪ ਵਿਚ ਜਾਣ ਸਕਦਾ ਹੈ।[1]

ਕੇਵਲ ਭਾਵਨਾ ਨਾਲ ਹੀ ਕੰਮ ਨਹੀਂ ਚਲ ਸਕਦਾ – ਉਹਨਾਂ ਨੇ ਆਚਰਣ ਦੀ ਪਵਿੱਤ੍ਰਤਾ, ਸੱਚ ਬੋਲਣਾ, ਹਿੰਸਾ ਨਾ ਕਰਨੀ ਆਦਿ ਵਿਵਹਾਰਿਕ ਤੱਤਾਂ ਨੂੰ ਵੀ ਉਪਾਸਨਾ ਨਾਲ ਜੋੜਿਆ। ਇਸਦਾ ਪਰਿਣਾਮ ਇਹ ਹੋਇਆ ਕਿ ਉਪਨਿਸ਼ਦਾਂ ਦੀ ਉਪਾਸਨਾ ਗਿਆਨ-ਕਾਂਡ ਦੇ ਰੂਪ ਵਿਚ ਸਥਾਪਿਤ ਹੋਈ।[2]

ਸ਼ੰਕਰਾਚਾਰਯ ਤੋਂ ਪਿੱਛੋਂ ਭਾਰਤ ਦੇ ਦਰਸ਼ਨ ਸ਼ਾਸਤ੍ਰੀਆਂ ਨੇ ਆਤਮਾ ਨੂੰ ਬ੍ਰਹਮ ਦਾ ਅੰਸ਼ ਮੰਨ ਕੇ ਆਤਮਾ ਨੂੰ ਈਸ਼ਵਰ ਤੀਕ ਪੁੱਜਣ ਦੀ ਪੱਧਤੀ ਦਾ ਵਿਧਾਨ ਕੀਤਾ। ਇਹ ਗਿਆਨ ਕਾਂਡ ਦੀ ਬਹੁਤ ਵੱਡੀ ਜਿਤ ਸੀ।[3] ਇਸ ਗਿਆਨ ਕਾਂਡ ਦੇ ਸਾਹਮਣੇ ਇਕ ਵਿਵਹਾਰਿਕ ਕਠਿਨਾਈ ਸੀ – ਕੋਈ ਵੀ ਵਿਅਕਤੀ ਆਪਣੇ ਆਪ ਨੂੰ ਬ੍ਰਹਮ ਕਹਿ ਸਕਦਾ ਸੀ। ਜੀਵਨ ਦੇ ਹੋਰ ਸਦਾਚਾਰਿਕ ਪੱਖਾਂ ਨੂੰ ਨਜ਼ਰੋਂ ਉਹਲੇ ਕਰਕੇ ਇਸ ਤਰ੍ਹਾਂ ਦੀ ਗੱਲ ਕਹਿਣਾ ਇਕ ਧੋਖਾ ਜਾਂ ਪਾਖੰਡ ਹੋ ਸਕਦਾ ਹੈ। ਸ਼ੰਕਰਾਚਾਰਯ ਤੋਂ ਪਿੱਛੋਂ ਪੰਜ ਛੇ ਸੌ ਸਾਲਾਂ ਵਿਚ ਇਸ ਤਰ੍ਹਾਂ ਦੇ ਪਾਖੰਡੀ ਗਿਆਨੀਆਂ ਦਾ ਬਹੁਤ ਬੋਲਬਾਲਾ ਰਿਹਾ। ਇਹ ਲੋਕ ਜ਼ੁਬਾਨੀ ਜਮਾਂ ਖ਼ਰਚ ਕਰਕੇ ਲੋਕਾਂ ਨੂੰ ਭਟਕਾਉਂਦੇ ਤੇ ਭਰਮਾਉਂਦੇ ਸਨ।[4]

ਭਰਮ ਦੇ ਇਸ ਚਕਰਵਿਊ ਨੂੰ ਤੋੜਨ ਲਈ ਗੋਰਖਨਾਥ ਅਤੇ ਹੋਰ ਸਿੱਧਾਂ ਨੇ ਬੀੜਾ ਚੁਕਿਆ। ਸ਼ੰਕਰਾਚਾਰਯ ਦੇ 'ਅਹਮ੍ ਬ੍ਰਹਮ ਅਸਮਿ' (ਮੈਂ ਬ੍ਰਹਮ ਹਾਂ) ਦੇ ਵਿਚਾਰ ਦਾ ਵਿਰੋਧ ਕਰਨਾ ਸਮਾਜ, ਦਰਸ਼ਨ ਅਤੇ ਇਤਿਹਾਸ – ਇਹਨਾਂ ਤਿੰਨਾਂ ਪੱਖਾਂ ਤੋਂ ਜ਼ਰੂਰੀ ਹੋ ਗਿਆ ਸੀ। ਗੋਰਖਨਾਥ ਆਦਿ ਵਿਚਾਰਵਾਨ ਸਾਧਕਾਂ ਨੇ ਇਹ ਅਨੁਭਵ ਕੀਤਾ ਕਿ ਕੇਵਲ ਮੂੰਹੋਂ 'ਮੈਂ ਬ੍ਰਹਮ ਹਾਂ' ਕਹਿਣਾ ਕਾਫ਼ੀ ਨਹੀਂ ਹੈ। ਬ੍ਰਹਮ ਅਤੇ ਆਤਮਾ ਦੀ ਏਕਤਾ ਪ੍ਰਗਟਾਉਣ ਲਈ ਸਾਧਕ ਨੂੰ ਵਧੇਰੇ ਆਤਮ ਸੰਜਮ ਨਾਲ ਕੰਮ ਲੈਣਾ ਪਵੇਗਾ। ਇਸ ਆਤਮ ਸੰਜਮ ਦਾ ਪ੍ਰਤੱਖ ਰੂਪ ਹਠ ਯੋਗ ਵਿਚ ਉਹਨਾਂ ਨੇ ਪ੍ਰਸਤੁਤ ਕੀਤਾ ਹੈ।[5]

ਹਠ ਯੋਗ, ਪ੍ਰਾਚੀਨ ਪਤੰਜਲ ਯੋਗ ਦਾ ਹੀ ਇਕ ਸੰਸ਼ੋਧਿਤ ਰੂਪ ਸੀ। ਪਤੰਜਲੀ ਨੇ ਯੋਗ ਸਾਧਨਾ ਲਈ ਕਈ ਉਪਾਅ ਦੱਸੇ ਹਨ ਪਰੰਤੂ ਇਹ ਉਪਾਅ ਵੇਦਾਂਤੀਆਂ (ਸ਼ੰਕਰਾਚਾਰਯ) ਦੇ ਗਿਆਨ ਕਾਂਡ ਤੋਂ ਬਹੁਤ ਵੱਖਰੇ ਨਹੀਂ ਸਨ।[6]

---

1. ਵੇਖੋ: Dr B.L. Atrey, Philosophy of Yoga Vasistha, pp. 9-15.
2. ਵੇਖੋ: Dr Surendra Nath Dasgupta, History of Indian Philosophy, Vol.III, pp. 201-206.
3. ਵੇਖੋ Swami Satswarupa Nand, A Critique of Advaita Philosophy, The Basis of Indian Culture, (Ed. A.K. Majumdar), pp. 87-96.
4. ਵੇਖੋ: Dr S. Radhakrishnan, History of Indian Philosophy, Vol. I, pp. 125-130.
5. ਵੇਖੋ: Dr Madhwan, The Philosophy of Advait, pp. 102-105.
6. ਵੇਖੋ: (a) Surendra Nath, Dasgupta, Yoga as Philsophy and Religion, pp. 25-30.
   b) B.K.S. Iyengar, Light on Yoga, pp. 5-15.

ਇਸ ਲਈ ਯੋਗ ਦੀ ਵਿਚਾਰਧਾਰਾ ਨੂੰ ਵਿਵਹਾਰਕ ਸਾਧਨਾ ਦਾ ਇਕ ਨਵੇਕਲਾ ਸੰਦਰਭ ਹਠ ਯੋਗ ਦੇ ਸਾਧਕਾਂ ਨੇ ਦਿੱਤਾ। ਹਠ ਯੋਗ ਦੀ ਸਾਧਨਾ ਦਾ ਸਿਧਾਂਤਕ ਅਤੇ ਵਿਵਹਾਰਕ ਪੱਖ ਇਹਨਾਂ ਚਾਰ ਤੱਤਾਂ ਰਾਹੀਂ ਸਪੱਸ਼ਟ ਕੀਤਾ ਜਾਂਦਾ ਹੈ:

1) ਵੈਰਾਗ ਭਾਵ,
2) ਅਫੁਰ ਦ੍ਰਿਸ਼ਟੀ,
3) ਅਸ਼ਟਾਂਗ ਯੋਗ ਸਾਧਨਾ,
4) ਨਾਭੀ-ਚਕ੍ਰ-ਕਮਲ ਸਾਧਨਾ।

1) ਵੈਰਾਗ ਭਾਵ

ਵੈਰਾਗ ਸ਼ਬਦ ਵਿਉਤਪਤੀ ਦੀ ਦ੍ਰਿਸ਼ਟੀ ਤੋਂ ਵਿ+ਰਾਗ – ਇਹਨਾਂ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਰਾਗ ਸ਼ਬਦ ਦਾ ਵਿਆਕਰਣ ਦੀ ਦ੍ਰਿਸ਼ਟੀ ਤੋਂ ਅਰਥ ਹੁੰਦਾ ਹੈ – ਮਨ ਨੂੰ ਖਿਚਣ ਵਾਲਾ। ਭਾਵ ਇਹ ਹੈ ਕਿ ਮਨੁੱਖ ਦੀਆਂ ਸਾਰੀਆਂ ਕਾਮਨਾਵਾਂ ਅਤੇ ਇੱਛਾਵਾਂ ਇਸੇ ਰਾਗ ਦੇ ਨਾਲ ਜੁੜੀਆਂ ਹੋਈਆਂ ਹਨ। ਦੂਜੇ ਸ਼ਬਦਾਂ ਵਿਚ ਮਨੁੱਖ ਦੀ ਸਾਰੀ ਮਾਨਸਿਕ ਹੋਂਦ ਇਸੇ ਰਾਗ ਭਾਵਨਾ ਦੇ ਉੱਤੇ ਨਿਰਭਰ ਹੈ। ਯੋਗ ਸ਼ਾਸਤ੍ਰ ਵਿਚ ਸਾਧਕ ਲਈ ਹਰ ਕਾਮਨਾ ਜਾਂ ਇੱਛਾ ਤੋਂ ਮਨ ਨੂੰ ਸ਼ੁਧ ਰੱਖਣ ਦਾ ਵਿਧਾਨ ਕੀਤਾ ਗਿਆ ਹੈ। ਇਸ ਵਿਧਾਨ ਨੂੰ 'ਵੈਰਾਗ ਭਾਵ'[1] ਕਿਹਾ ਜਾਂਦਾ ਹੈ।

ਭਾਰਤੀ ਸਾਧਨਾ ਪੱਧਤੀ ਵਿਚ ਕਿਸੇ ਵੀ ਅਧਿਆਤਮਕ ਸਿੱਧੀ ਦੀ ਪ੍ਰਾਪਤੀ ਲਈ ਮਨ ਦਾ ਰਾਗ ਅਤੇ ਦ੍ਵੈਸ਼ ਤੋਂ ਸ਼ੁੰਨਯ ਹੋਣਾ ਇਕ ਅਨਿਵਾਰੀ ਸ਼ਰਤ ਹੈ। ਇਸੇ ਲਈ ਰਾਗਹੀਣਤਾ ਨੂੰ ਵੈਰਾਗ ਸ਼ਬਦ ਰਾਹੀਂ ਪ੍ਰਗਟਾਇਆ ਜਾਂਦਾ ਹੈ।

ਪਤੰਜਲੀ ਨੇ ਯੋਗ ਦਰਸ਼ਨ[2] ਵਿਚ ਅਤੇ ਵਿਆਸ ਨੇ ਗੀਤਾ[3] ਵਿਚ ਅਭਿਆਸ ਅਤੇ ਵੈਰਾਗ ਨੂੰ 'ਰਾਗ ਦ੍ਵੈਸ਼' ਤੋਂ ਬਚਾਉਣ ਲਈ ਵੈਰਾਗ ਭਾਵ ਦਾ ਵਿਧਾਨ ਕੀਤਾ ਹੈ।

---

1. ੳ) ਭਗਵਦਗੀਤਾ ਵਿਚ ਅਭਿਆਸ ਅਤੇ ਵੈਰਾਗ ਨੂੰ ਯੋਗ ਸਾਧਨਾ ਦਾ ਪਹਿਲਾ ਅੰਗ ਮੰਨਿਆ ਗਿਆ ਹੈ। ਦੇਖੋ: 'ਭਗਵਦ ਗੀਤਾ' ਅਧਿਆਇ 6, ਸ਼ਲੋਕ 35.
   ਅ) ਰਿਗਵੇਦ ਵਿਚ ਕਾਮ-ਵਾਸ਼ਨਾ ਨੂੰ ਸਾਂਤ ਕਰਨ ਲਈ ਵੈਰਾਗ ਦੀ ਸਹਾਇਤਾ ਲੈਣ ਦਾ ਵਿਧਾਨ ਕੀਤਾ ਗਿਆ ਹੈ। 'ਰਿਗਵੇਦ' ਅਧਿਆਇ 17, ਮੰਤ੍ਰ 55.
   ੲ) ਭਰਤਰੀ ਹਰੀ, 'ਸ਼ਤਕ', ਅਧਿਆਇ 5, ਸ਼ਲੋਕ 4.
   ਹੋਰ ਵੇਰਵ ਲਈ ਦੇਖੋ:
   a) M.M. Williams, Sanskrit-English Dictionary.
   b) Apte, Sanskrit-English Dictionary.
2. 'ਯੋਗ ਦਰਸ਼ਨ', ਪਾਦ 1, ਸੂਤ੍ਰ 12.
3. 'ਭਗਵਦ ਗੀਤਾ' ਅਧਿਆਇ 3, ਸ਼ਲੋਕ 14.

ਹਠ ਯੋਗੀਆਂ ਦਾ ਵਿਚਾਰ ਸੀ ਕਿ ਬਿਨਾ ਵੈਰਾਗ ਭਾਵਨਾ ਤੋਂ ਵਿਅਕਤੀ ਸਾਧਨਾ ਜਾਂ ਹਠ ਯੋਗ ਵੱਲ ਮੁੜ ਨਹੀਂ ਸਕਦਾ। ਜਗਤ ਅਤੇ ਇਸ ਦੀਆਂ ਸਾਰੀਆਂ ਕਾਮਨਾਵਾਂ ਨੂੰ ਨਜ਼ਰੋਂ ਉਹਲੇ ਕਰਕੇ ਹੀ ਵੈਰਾਗ ਦੀ ਪ੍ਰਾਪਤੀ ਹੁੰਦੀ ਹੈ। ਇਸ ਵੈਰਾਗ ਲਈ ਕਾਮਨਾਵਾਂ ਦਾ ਨਾਸ, ਇੱਥੋਂ ਤਕ ਕਿ ਸਵਰਗ ਆਦਿ ਦੀ ਇੱਛਾ ਦਾ ਵੀ ਨਾਸ਼ ਜ਼ਰੂਰੀ ਮੰਨਿਆ ਗਿਆ। ਪਤੰਜਲੀ ਦੇ ਯੋਗ ਸੂਤਰਾਂ[1] ਦਾ 'ਭਾਸ਼ਯ' ਲਿਖਦੇ ਹੋਏ ਮਹਾਂਰਿਸ਼ੀ ਵਿਆਸ ਨੇ ਕਿਹਾ ਹੈ ਕਿ ਇਕ ਰਿਸ਼ੀ ਨੇ ਆਪਣੇ ਲੱਖਾਂ ਜਨਮ ਜਨਮਾਂਤਰਾਂ ਦਾ ਗਿਆਨ ਪ੍ਰਾਪਤ ਕੀਤਾ।

ਕਈ ਵਾਰੀ ਉਹ ਇੰਦਰ ਦੇਵਤਾ, ਕਈ ਵਾਰੀ ਬ੍ਰਹਮਾ ਅਤੇ ਕਈ ਵਾਰੀ ਸੰਕਰਦੇਵਤਾ ਵੀ ਬਣਿਆ। ਅੰਤ ਵਿਚ ਉਹ ਇਸ ਸਿੱਟੇ ਤੇ ਪੁੱਜਿਆ ਕਿ ਸੰਸਾਰ ਵਿਚ ਦੁੱਖ ਹੀ ਦੁੱਖ ਹੈ ਅਤੇ ਇਸ ਦੁੱਖ ਦਾ ਮੂਲ ਕਾਰਨ ਇੱਛਾ ਜਾਂ ਕਾਮਨਾ ਹੈ। ਇਕ ਤਰ੍ਹਾਂ ਇਹ ਤੱਥ ਮਹਾਤਮਾ ਬੁੱਧ ਦੇ ਸਿੱਧਾਂਤਾਂ ਦੇ ਅਨੁਕੂਲ ਹੈ। ਉਹਨਾਂ ਨੇ ਵੀ ਇਹ ਕਿਹਾ ਸੀ ਕਿ ਮੈਂ ਆਪਣੇ ਪਿਛਲੇ ਅਨੇਕ ਜਨਮਾਂ ਵਿਚ 'ਬੋਧੀ-ਸਤਵ' ( बोधि|सत्व ) ਦੇ ਰੂਪ ਵਿਚ ਕਈ ਜੂਨਾਂ ਵਿਚ ਰਿਹਾ ਅਤੇ ਅੰਤ ਵਿਚ ਇਹੋ ਨਿਸਚੇ ਹੋਇਆ ਕਿ ਸੰਸਾਰ ਵਿਚ ਸਭ ਕੁਝ ਦੁੱਖਾਂ ਨਾਲ ਭਰਪੂਰ ਹੈ।"

ਦੁੱਖ ਦੀ ਇਹ ਦ੍ਰਿਸ਼ਟੀ ਸਾਡੇ ਭਾਰਤੀ ਦਰਸ਼ਨ, ਚਿੰਤਨ ਅਤੇ ਭਗਤੀ ਦੀ ਮੂਲ ਚੇਤਨਾ ਹੈ। ਇਸੇ ਨੂੰ ਆਧਾਰ ਬਣਾ ਕੇ ਸਾਡੇ ਦੇਸ਼ ਵਿਚ ਅਨੇਕ ਤਰ੍ਹਾਂ ਦੀਆਂ ਵੈਰਾਗ ਮੂਲਕ ਸਾਧਨਾ ਪੱਧਤੀਆਂ ਦਾ ਵਿਕਾਸ ਹੋਇਆ।

2) <u>ਅਦ੍ਵੈਤ ਦ੍ਰਿਸ਼ਟੀ</u>

ਭਾਰਤੀ ਦਰਸ਼ਨ ਸ਼ਾਸਤ੍ਰ ਅਤੇ ਸਾਧਨਾ ਪੱਧਤੀ ਵਿਚ ਜੀਵਾਤਮਾ ਅਤੇ ਪਰਮਾਤਮਾ (ਪਾਰਬ੍ਰਹਮ) ਦਾ ਅਨਿਖੜਵਾਂ ਅਤੇ ਅੰਤਿਮ ਰੂਪ ਵਿਚ ਇਕ ਹੋਣ ਦਾ ਸੰਕਲਪ ਬਹੁਤ ਪੁਰਾਣਾ ਸੰਕਲਪ ਹੈ।[2] ਵੈਦਿਕ ਯੁਗ ਦੇ ਅੰਤ ਵਿਚ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਆਤਮਾ ਅਤੇ ਪਰਮਾਤਮਾ (ਪਾਰਬ੍ਰਹਮ) ਦੀ ਏਕਤਾ ਦਾ ਵਾਰ ਵਾਰ ਉਲੇਖ ਕੀਤਾ ਹੈ। ਉਪਨਿਸ਼ਦਾਂ ਦੇ ਇਹ ਵਾਕ ਭਾਰਤੀ ਅਦ੍ਵੈਤਵਾਦ (ਜੀਵਾਤਮਾ ਅਤੇ ਪਰਮਾਤਮਾ ਦਾ ਅਭੇਦ) ਦੇ ਮੁੱਢਲੇ ਸੋਮੇਂ ਹਨ:

i) ਅਹਮ੍ ਬ੍ਰਹਮ ਅਸ੍ਮਿ,

ii) ਅਯਮ ਆਤਮਾ ਬ੍ਰਹਮ,

iii) ਤ੍ਵਮ ਬ੍ਰਹਮ।

---

1. 'ਯੋਗਦਰਸ਼ਨ', ਪਾਦ 3, ਸੂਤਰ 51.

2. ਦੇਖੋ: a) Dr R.D. Ranade, <u>Philosophy of Upnisads</u>, pp. 6-9, (Introduction).

b) Dr S. Radhakrishnan, <u>History of Indian Philosophy</u>, pp. 10-12.

c) <u>Ken Upnishad</u> (Ed.& Translated by Swami Chida Nand Giri), pp7-10.

ਸ਼ੰਕਰਾਚਾਰਯ ਨੇ ਉਪਨਿਸ਼ਦਾਂ ਦੇ ਇਹਨਾਂ ਵਾਕਾਂ ਨੂੰ ਮਹਾਵਾਕ ਕਿਹਾ ਹੈ ਕਿਉਂਕਿ ਅਦ੍ਵੈਤਵਾਦ ਦੀ ਪੂਰੀ ਪ੍ਰਕ੍ਰਿਆ ਅਤੇ ਸਾਧਨਾ ਪੱਧਤੀ ਇਹਨਾਂ ਮਹਾਵਾਕਾਂ ਉੱਤੇ ਹੀ ਆਧਾਰਿਤ ਹੈ।[1] ਉਪਨਿਸ਼ਦਾਂ ਦੇ ਸਾਰੇ ਵਿਆਖਿਆਕਾਰਾਂ ਨੇ ਇਹਨਾਂ ਮਹਾਵਾਕਾਂ ਦੀ ਵਿਆਖਿਆ ਅਦ੍ਵੈਤਵਾਦੀ ਢੰਗ ਨਾਲ ਕੀਤੀ ਹੈ। ਇਥੋਂ ਤਕ ਕਿ ਜਿਨ੍ਹਾਂ ਆਚਾਰਯਾਂ ਨੇ ਅਦ੍ਵੈਤਵਾਦ ਦਾ ਖੰਡਨ ਕਰਦੇ ਹੋਏ ਵਿਸ਼ਿਸ਼ਟ ਅਦ੍ਵੈਤਵਾਦ, ਦ੍ਵੈਤਵਾਦ, ਦ੍ਵੈਤ-ਅਦ੍ਵੈਤਵਾਦ ਅਤੇ ਸ਼ੁੱਧ ਅਦ੍ਵੈਤਵਾਦ ਦੀ ਸਥਾਪਨਾ ਕੀਤੀ, ਉਹਨਾਂ ਨੇ ਵੀ ਇਹਨਾਂ ਮਹਾਵਾਕਾਂ ਦਾ ਤਾਤਪਰਜ ਅਦ੍ਵੈਤਵਾਦ ਹੀ ਮੰਨਿਆ ਹੈ।[2]

ਸ਼ੰਕਰਾਚਾਰਯ ਤੋਂ ਪਿੱਛੋਂ ਇਸ ਅਦ੍ਵੈਤਵਾਦ ਦੇ ਇਹ ਮੁੱਖ ਤੱਤ ਉੱਭਰ ਕੇ ਸਾਹਮਣੇ ਆਏ:

ੳ) ਆਤਮਾ ਅਤੇ ਬ੍ਰਹਮ ਦੀ ਏਕਤਾ (ਦੂਈ ਦਾ ਅਭਾਵ): ਅਦ੍ਵੈਤ ਸ਼ਬਦ ਦਾ ਅਰਥ ਹੈ ਦ੍ਵੈਤ ਦਾ ਅਭਾਵ। ਤਾਤਪਰਜ ਇਹ ਕਿ ਇਸ ਜਗਤ ਵਿਚ 'ਨਾਨਾ' ਭਾਵ ਨਹੀਂ ਹੈ। ਸਭ ਕੁਝ ਦ੍ਰਿਸ਼ਮਾਨ ਪਦਾਰਥ ਬ੍ਰਹਮ ਹੀ ਹੈ। ਸ਼ੰਕਰਾਚਾਰਯ ਦੀ ਇਸ ਧਾਰਨਾ ਦਾ ਵਿਆਪਕ ਪ੍ਰਭਾਵ ਸਾਡੇ ਦਰਸ਼ਨ ਅਤੇ ਸਾਹਿੱਤ ਉੱਤੇ ਪਿਆ।[3]

ਦ੍ਵੈਤ ਦਾ ਲੋਕ-ਪ੍ਰਚਲਿਤ ਰੂਪ 'ਦੂਈ' ਆਮ ਤੌਰ ਤੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਚਿਰਾਂ ਤੋਂ ਹੀ ਪ੍ਰਚਲਿਤ ਰਿਹਾ ਹੈ। ਇਸ 'ਦੂਈ' ਦਾ ਖੰਡਨ ਸਾਡੇ ਅਨੇਕ ਸੰਤਾਂ ਅਤੇ ਦਰਵੇਸ਼ਾਂ ਨੇ ਥਾਂ ਥਾਂ ਤੇ ਕੀਤਾ ਹੈ। ਇਹ ਅਦ੍ਵੈਤਵਾਦ ਦੀ ਭਾਰਤੀ ਦ੍ਰਿਸ਼ਟੀ ਉੱਤੇ ਬਹੁਤ ਵੱਡੀ ਜਿੱਤ ਸਮਝੀ ਜਾਂਦੀ ਹੈ।

ਸਿੱਧ, ਨਾਥ, ਜੈਨ ਅਤੇ ਸੰਤ ' ਦੀ ਪੂਰੀ ਪਰੰਪਰਾ ਨੇ ਦੂਈ ਦੀ ਨਿਸ਼ੇਧੀ ਕੀਤੀ ਹੈ ਅਤੇ ਜਾਤ-ਪਾਤ, ਉਚ ਨੀਚ, ਦੀ ਵਿਵਹਾਰਿਕ ਭੇਦ ਨੂੰ ਵੰਗਾਰਿਆ ਹੈ। ਦਰਅਸਲ, ਮੱਧ ਯੁਗ ਦੀ ਪੂਰੀ ਕ੍ਰਾਂਤੀਕਾਰੀ ਚੇਤਨਾ ਦਾ ਸੋਮਾ ਹੈ – ਦੂਈ ਦਾ ਖੰਡਨ ਅਤੇ ਇਸ ਦੀ ਥਾਂ ਤੇ ਮਨੁੱਖੀ ਏਕਤਾ ਦੀ ਸਥਾਪਨਾ। ਇਸ ਤਰ੍ਹਾਂ ਦੂਈ ਦਾ ਖੰਡਨ

---

1. a) Dr Abhayankar, Shankar and His Philosophy, pp. 102-105.
   b) M. Sarkar, System of Vedantic Thought and Culture, pp. 439-442.
   c) B. Feddegon, Shankar's Gita Bhasya, pp. 7-12.
   d) Kokileshwar Shastri, Advaita Philosophy, pp. 3-6 (Introduction).
2. Shankar Vijay, Vol. XXXIV (Ed. & Trans. by Thibaut), pp. 102-108.
3. a) M. Sarkar, System of Vedantic Thought and Culture, pp. 11-15.
   b) Atma Bodha (ed. Hall), pp. 10-15.
   c) Vedanta Sar (Translated by G.A. Jacob), pp. 15-21.
   d) Vedant Paribhasa (Translated by A. Venis), pp. 5-9.

ਕਰਦੇ ਹੋਏ ਸਾਡੇ ਵਿਚਾਰਕਾਂ ਨੇ ਸ਼ੰਕਰਾਚਾਰਯ ਤੋਂ ਪ੍ਰੇਰਨਾ ਲੈ ਕੇ ਕਰਮ ਅਤੇ ਗਿਆਨ ਦੇ ਪੱਧਰ ਉੱਤੇ ਮਨੁੱਖੀ ਏਕਤਾ ਨੂੰ ਸਥਾਪਿਤ ਕੀਤਾ ਹੈ।

ਅ <u>ਮਾਯਾ ਦਾ ਸੰਕਲਪ:</u> ਸ਼ੰਕਰਾਚਾਰਯ ਨੇ ਉਪਨਿਸ਼ਦਾਂ ਦੇ ਆਧਾਰ ਤੇ ਇਸ ਦ੍ਰਿਸ਼ਟਮਾਨ ਜਗਤ ਨੂੰ ਮਿਥਿਆ ਦੱਸਿਆ ਹੈ। ਉਹਨਾਂ ਦਾ ਤਾਤਪਰਜ ਇਹ ਹੈ ਕਿ ਜੋ ਕੁਝ ਵੀ ਅਸੀਂ ਇਸ ਬਾਹਰੀ ਜਗਤ ਵਿਚ ਦੇਖ ਰਹੇ ਹਾਂ, ਉਹ ਸਭ ਹੈ ਨਹੀਂ, ਪਰ ਦਿਸਦਾ ਹੈ। ਦਿਸਣ ਦੀ ਇਸ ਪ੍ਰਕ੍ਰਿਆ ਨੂੰ ਸ਼ੰਕਰਾਚਾਰਯ ਨੇ 'ਅਧਿਆਸ' ਨਾਂ ਦਿੱਤਾ ਹੈ। ਇਸ ਦੀ ਪ੍ਰੋੜ੍ਹਤਾ ਲਈ ਰੱਸੀ ਵਿਚ ਸੱਪ ਦੀ ਭ੍ਰਾਂਤੀ, ਰੇਤ ਵਿਚ ਜਲ ਦੀ ਭ੍ਰਾਂਤੀ (ਮ੍ਰਿਗ ਤ੍ਰਿਸ਼ਨਾ) ਅਤੇ ਸੁਪਨੇ ਵਿਚ ਅਨੇਕ ਪ੍ਰਕਾਰ ਦੇ ਪਦਾਰਥਾਂ ਅਤੇ ਅਨੁਭਵਾਂ ਦੀ ਭ੍ਰਾਂਤੀ ਦਾ ਉਦਾਹਰਣ ਸ਼ੰਕਰਾਚਾਰਯ ਨੇ ਦਿੱਤਾ ਹੈ।[1]

ਸ਼ੰਕਰਾਚਾਰਯ ਨੇ ਆਪਣੇ ਪ੍ਰੌੜ੍ਹ ਪ੍ਰਮਾਣਾਂ ਦੇ ਆਧਾਰ ਤੇ ਮਾਯਾਵਾਦ ਦੀ ਸਥਾਪਨਾ ਕੀਤੀ। ਮਾਯਾ ਦੀ ਵਾਸਤਵਿਕ ਸੱਤਾ ਨੂੰ ਸ਼ੰਕਰਾਚਾਰਯ ਵੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਕਰ ਸਕੇ। ਉਹਨਾਂ ਦਾ ਵਿਚਾਰ ਸੀ ਕਿ ਇਸ ਮਾਯਾ ਨੂੰ ਨਾ 'ਸਤ' ਕਿਹਾ ਜਾ ਸਕਦਾ ਹੈ ਅਤੇ ਨਾ ਹੀ 'ਅਸਤ'। ਇਸ ਲਈ ਉਹਨਾਂ ਨੇ ਮਾਯਾ ਨੂੰ 'ਅਨਿਰਵਚਨੀਯ' ਕਿਹਾ ਹੈ। 'ਅਨਿਰਵਚਨੀਯ' ਦਾ ਅਰਥ ਹੈ ਜਿਸਦਾ ਸਪੱਸ਼ਟੀਕਰਣ ਨਾ ਕੀਤਾ ਜਾ ਸਕੇ।[2]

ਸ਼ੰਕਰਾਚਾਰਯ ਦੇ ਵਿਰੋਧੀਆਂ ਨੇ ਇਸ ਮਾਯਾਵਾਦੀ ਦ੍ਰਿਸ਼ਟੀ ਦਾ ਬਹੁਤ ਤਕੜਾ ਖੰਡਨ ਕੀਤਾ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਇਹ ਜਗਤ ਬ੍ਰਹਮ ਦੀ ਸ੍ਰਿਸ਼ਟੀ ਹੈ ਅਤੇ ਬ੍ਰਹਮ ਸਤ ਸਰੂਪ ਹੈ – ਇਸ ਲਈ ਉਸ ਦੀ ਸ੍ਰਿਸ਼ਟੀ ਮਿਥਿਆ ਨਹੀਂ ਹੋ ਸਕਦੀ। ਰਾਮਾਨੁਜ, ਨਿੰਬਾਰਕ ਅਤੇ ਬਲੱਭ ਆਦਿ ਆਚਾਰਯਾਂ ਨੇ ਸ਼ੰਕਰਾਚਾਰਯ ਦੇ ਮਾਯਾਵਾਦ ਦਾ ਹਰ ਤਰ੍ਹਾਂ ਖੰਡਨ ਕਰਨ ਦਾ ਯਤਨ ਕੀਤਾ।[3]

---

1. ਦੇਖੋ: a) <u>Gandpadiya Karika</u> (Translated by Anand Ashram), p. 9.
   b) Prof. Hiriynna, Bhartari Prapanch, <u>Proceedings of Third Oriental Conference, Madras 1924</u>, pp. 105-109.
   c) Vachaspati Misra, <u>Bhamati</u> (Braham Sutra), pp. 5-11.
   d) <u>Panch Dashi</u>, (edited by G.N. Jha), pp. 7-11.
2. ਦੇਖੋ: a) ਸ਼ੰਕਰਾਚਾਰਯ, 'ਬ੍ਰਹਮ ਸੂਤ੍ਰ', ਪੰਨਾ 9.
   b) 'ਜੀਵਨ ਮੁਕਤਿ ਵਿਵੇਕ', (ਸੰਪਾ. ਆਨੰਦ ਆਸ਼੍ਰਮ), ਪੰਨੇ 18-20.
   c) <u>Vedanta Sar</u> (trans. by G.A. Jacob), pp. 7-11.
   d) <u>Naiskarmya Sidhi</u> (ed. Hiriyanna), pp. 9-15.
3. ਦੇਖੋ: a) <u>Encyclopaedia of Religion and Ethics</u> (Visistadvaita by A.B. Keith).
   b) Ramanuja, <u>Sri Bhasaya</u>, pp. 1-15.
   c) ਉਹੀ, 'ਗੀਤਾ ਭਾਸ਼ਯ', ਪੰਨੇ 21-30.
   d) ਨਿੰਬਾਰਕ, 'ਵੇਦਾਂਤ-ਪਾਰਿਜਾਤ-ਸੌਰਭ', ਪੰਨੇ 7-15.

ਸ਼ੰਕਰਾਚਾਰਯ ਦੇ ਇਸ ਮਾਯਾਵਾਦ ਨੂੰ ਪਿਛਲੇਰੇ ਕਈ ਜੋਗੀਆਂ ਅਤੇ ਸੰਤਾਂ ਨੂੰ ਆਪਣੀ ਆਪਣੀ ਵੱਖਰੀ ਦ੍ਰਿਸ਼ਟੀ ਨਾਲ ਸਵੀਕਾਰ ਕੀਤਾ। ਆਮ ਬੋਲ ਚਾਲ ਦੀ ਭਾਸ਼ਾ ਵਿਚ ਮਾਯਾ ਦਾ ਅਰਥ ਮਿਥਿਆ, ਨਾਸ਼ਵਾਨ ਅਤੇ ਛਿਨ-ਭੰਗੁਰ ਆਦਿ ਰੂਪ ਵਿਚ ਵਿਕਸਿਤ ਹੋਇਆ। ਉਦਾਹਰਣ ਲਈ ਪੰਜਾਬੀ ਵਿਚ ਮਾਯਾ ਨੂੰ – ਮਾਇਆ – ਇਹ ਲਿਖਤੀ ਰੂਪ ਮਿਲਿਆ ਅਤੇ ਇਸਦਾ ਅਰਥ ਹੋਇਆ ਧਨ ਸੰਪਤੀ। ਇਸ ਦੀ ਵਰਤੋਂ ਬਹੁਵਚਨ ਲਈ ਹੋਣ ਲਗੀ। ਇਹ ਹੈ ਸ਼ੰਕਰਾਚਾਰਯ ਦੀ ਮਾਯਾ ਦਾ ਆਧੁਨਿਕ ਰੂਪ।[1]

ੲ) ਸਾਧਨਾ ਪੱਧਤੀ: ਸ਼ੰਕਰਾਚਾਰਯ ਦੀ ਮਾਯਾ ਸੰਬੰਧੀ ਦ੍ਰਿਸ਼ਟੀ, ਉਹਨਾਂ ਦੀ ਅਦ੍ਵੈਤਵਾਦੀ ਵਿਚਾਰਧਾਰਾ, ਸਦਾਚਾਰ, ਵੈਰਾਗ, ਤਪੱਸਿਆ ਅਤੇ ਧਿਆਨ ਮੂਲਕ ਸਾਧਨਾ ਪੱਧਤੀ ਨੇ ਸਾਡੀ ਧਰਮ ਸਾਧਨਾ ਨੂੰ ਵਿਆਪਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ।

ਇਹ ਸੱਚ ਹੈ ਕਿ ਅਦ੍ਵੈਤਵਾਦੀ ਕਿਸੇ ਖ਼ਾਸ ਸਾਧਨਾ ਪੱਧਤੀ ਦੇ ਸਮਰਥਕ ਨਹੀਂ ਸਨ। ਭਗਤੀ ਦਾ ਸਿਧਾਂਤ ਉਹਨਾਂ ਦੇ ਅਦ੍ਵੈਤ ਦੇ ਅਨੁਕੂਲ ਨਹੀਂ ਹੈ। ਰਾਜ ਯੋਗ ਅਤੇ ਹਠ ਯੋਗ ਦੀਆਂ ਸਾਧਨਾਵਾਂ ਵੀ ਉਹਨਾਂ ਨੂੰ ਸਵੀਕਾਰ ਨਹੀਂ। ਤੰਤ੍ਰ ਮੰਤ੍ਰ ਦੀ ਭਾਵਨਾ ਵੀ ਉਹਨਾਂ ਦੇ ਅਨੁਕੂਲ ਨਹੀਂ ਪਰ ਇਹ ਵੀ ਸੱਚ ਹੈ ਕਿ ਸਾਰੇ ਉੱਚ ਅਦ੍ਵੈਤਵਾਦੀ ਕਿਸੇ ਨਾ ਕਿਸੇ ਬਿੰਦੂ ਉੱਤੇ ਆ ਕੇ ਪਾਰਬ੍ਰਹਮ ਨਾਲ ਕੋਈ ਨਾ ਕੋਈ ਭਾਵਾਤਮਕ ਸੰਬੰਧ ਅਵੱਸ਼ ਜੋੜਦੇ ਰਹੇ ਹਨ। ਸ਼ੰਕਰਾਚਾਰਯ ਦੀਆਂ ਅਨੇਕ ਰਚਨਾਵਾਂ ਭਗਤੀ ਭਾਵ ਤੋਂ ਭਰਪੂਰ ਹਨ। ਮੱਧਯੁਗ ਦੇ ਮਹਾਨ ਅਦ੍ਵੈਤਵਾਦੀ 'ਮਧੂ ਸੂਦਨ ਸਰਸਵਤੀ' ਨੇ ਆਪਣੇ ਗ੍ਰੰਥਾਂ ਵਿਚ ਭਗਵਾਨ ਕ੍ਰਿਸ਼ਨ ਦੀ ਭਗਤੀ ਦੇ ਸ਼ਲੋਕ ਲਿਖੇ ਹਨ। ਇਸ ਤਰ੍ਹਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਿਧਾਂਤ ਦੇ ਪੱਧਰ ਉੱਤੇ ਜੀਵ ਅਤੇ ਬ੍ਰਹਮ ਦੀ ਏਕਤਾ ਸਾਰੇ ਅਦ੍ਵੈਤਵਾਦੀਆਂ ਨੂੰ ਸਵੀਕਾਰ ਹੈ ਪਰ ਵਿਵਹਾਰਿਕ ਦ੍ਰਿਸ਼ਟੀ ਤੋਂ ਜੀਵ ਅਤੇ ਬ੍ਰਹਮ ਦੇ ਵਿਚਕਾਰ ਇਕ ਅੰਤਰ ਮੰਨਣਾ ਹਰ ਇਕ ਅਦ੍ਵੈਤਵਾਦੀ ਦੀ ਮਜਬੂਰੀ ਜਾਪਦੀ ਹੈ।[2]

ਅਦ੍ਵੈਤਵਾਦੀ ਸਾਧਨਾ ਪੱਧਤੀ ਮੁੱਖ ਰੂਪ ਵਿਚ ਕਰਮ ਕਾਂਡ ਤੋਂ ਵੱਖ ਹੋ ਕੇ ਚਲਦੀ ਹੈ। ਕੇਵਲ ਭਾਵਨਾ – ਸ਼ੁੱਧ ਭਾਵਨਾ – ਹੀ ਇਸ ਸਾਧਨਾ ਪੱਧਤੀ ਦਾ ਮੂਲ ਹੈ। ਇਹੋ ਕਾਰਨ ਹੈ ਕਿ ਭਾਵਨਾ ਦੇ ਪੱਧਰ ਉੱਤੇ ਕਿਸੇ ਅਦ੍ਵੈਤਵਾਦੀ ਨੇ ਭਗਵਾਨ ਸ਼ੰਕਰ ਨੂੰ ਅਤੇ ਕਿਸੇ ਨੇ ਕ੍ਰਿਸ਼ਨ ਨੂੰ ਆਪਣਾ ਇਸ਼ਟ ਦੇਵ ਸਵੀਕਾਰ ਕੀਤਾ ਕਿਉਂਕਿ ਕੇਵਲ ਮੂੰਹੋਂ 'ਅਹਮ ਬ੍ਰਹਮ ਅਸਮਿ' ਕਹਿਣ ਨਾਲ ਕਿਸੇ ਉਦੇਸ਼ ਦੀ ਪੂਰਤੀ ਨਹੀਂ ਹੁੰਦੀ।[3] ਇਸ ਕਥਨ ਦੇ

---

1. ਦੇਖੋ: ੳ) ਪਰਸ਼ੁਰਾਮ ਚਤੁਰਵੇਦੀ, 'ਉੱਤਰੀ ਭਾਰਤ ਕੀ ਸੰਤ ਪਰੰਪਰਾ', ਪੰਨੇ 15-25.
   ਅ) ਡਾ. ਵਾਸਦੇਵ ਸ਼ਰਨ ਸਿੰਘ, ਕਬੀਰ ਔਰ ਮਾਯਾ,' ਕਬੀਰ ਸਾਹਿਬ', ਪੰਨੇ 102-115 (ਸੰਪਾ. ਵਿਵੇਕ ਦਾਸ).
2. ਦੇਖੋ: T.G. Mainkar, The Making of the Vedanta, pp. 50-60.
3. ਦੇਖੋ: a) H.L. Sharma, Wisdom of Vedanta, pp. 5-6 (Introduction).
   b) R.N. Dandekar, Insights into Hinduism, pp. 8-11.
   c) Max Muller F., Vedanta Philosophy, pp. 21-28.

ਕਿਸੇ ਪਾਖੰਡ ਵਿਚ ਬਦਲ ਜਾਣ ਦੀ ਪੂਰੀ ਸੰਭਾਵਨਾ ਰਹਿੰਦੀ ਹੈ। ਇਸ ਲਈ ਆਪਣੀ ਅਦ੍ਵੈਤਵਾਦੀ ਦ੍ਰਿਸ਼ਟੀ ਨੂੰ ਵਿਵਹਾਰਿਕ ਰੂਪ ਦੇਣ ਲਈ ਸਾਧਕ ਨੂੰ ਇਕ ਠੋਸ ਧਰਾਤਲ ਤੇ ਖੜ੍ਹਾ ਕਰਨ ਦੀ ਭਾਵਨਾ ਨੇ ਅਦ੍ਵੈਤਵਾਦ ਨੂੰ ਭਾਵਨਾ ਮੂਲਕ ਭਗਤੀ ਦਾ ਵਰਦਾਨ ਦਿੱਤਾ।[1]

ਸ) <u>ਮੁਕਤੀ</u>: ਚੂੰਕਿ ਭਾਰਤ ਦੀ ਸਾਧਨਾ ਪੱਧਤੀ ਦਾ ਇਕੋ ਇਕ ਉਦੇਸ਼ ਜਨਮ ਮਰਨ ਤੋਂ ਮੁਕਤ ਹੋਣਾ ਹੈ, ਇਸ ਲਈ ਹਰ ਇਕ ਸਾਧਨਾ ਪੱਧਤੀ ਵਿਚ ਮੁਕਤੀ ਦਾ ਮਾਰਗ ਦੱਸਿਆ ਗਿਆ ਹੈ। ਅਦ੍ਵੈਤਵਾਦ ਦੇ ਪ੍ਰਚਾਰਕਾਂ ਅਨੁਸਾਰ ਮੁਕਤੀ ਮਨੁੱਖ ਜੀਵਨ ਦਾ ਉਦੇਸ਼ ਹੈ ਕਿਉਂਕਿ ਰਿਸ਼ੀਆਂ ਨੇ ਮਨੁੱਖੀ ਜੀਵਨ ਦੇ ਚਾਰ ਉਦੇਸ਼ਾਂ ਵਿਚੋਂ ਅੰਤਿਮ ਉਦੇਸ਼ ਮੁਕਤੀ ਮੰਨਿਆ ਹੈ। ਇਹ ਚਾਰ ਉਦੇਸ਼ ਹਨ:

i) ਧਰਮ,
ii) ਅਰਥ,
iii) ਕਾਮ,
iv) ਮੋਕਸ਼।

ਸ਼ੰਕਰਾਚਾਰਯ ਅਨੁਸਾਰ ਮੋਕਸ਼ ਗਿਆਨ ਤੋਂ ਬਿਨਾ ਨਹੀਂ ਹੋ ਸਕਦਾ ਕਿਉਂਕਿ ਉਪਨਿਸ਼ਦਾਂ ਵਿਚ ਸਾਫ਼ ਲਿਖਿਆ ਹੈ ਕਿ "ਗਿਆਨ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ।"[2]

'ਗਿਆਨ' ਤੋਂ ਭਾਵ ਹੈ ਜੀਵ ਅਤੇ ਬ੍ਰਹਮ ਦੀ ਏਕਤਾ। ਇਸ ਤੋਂ ਬਿਨਾ ਸਭ ਕੁਝ ਅਗਿਆਨ ਹੈ। ਇਸੇ ਤਰ੍ਹਾਂ ਮੁਕਤੀ ਤੋਂ ਅਦ੍ਵੈਤਵਾਦੀਆਂ ਦਾ ਭਾਵ ਜੀਵ ਦਾ ਬ੍ਰਹਮ ਵਿਚ ਲੀਨ ਹੋਣਾ ਹੈ। ਇਸ ਮੁਕਤੀ ਤੋਂ ਪਿੱਛੋਂ ਨਾ ਜਨਮ ਮਰਨ ਹੈ ਅਤੇ ਨਾ ਹੀ ਕੋਈ ਹੋਰ ਦੁੱਖ ਦਰਦ।

ਕਿਹਾ ਜਾਂਦਾ ਹੈ ਕਿ ਸ਼ੰਕਰਾਚਾਰਯ ਦੀ ਮੁਕਤੀ ਸੰਬੰਧੀ ਦ੍ਰਿਸ਼ਟੀ ਉੱਤੇ ਬੋਧੀਆਂ ਦੇ 'ਨਿਰਵਾਣ' ਦਾ ਪ੍ਰਭਾਵ ਹੈ। ਬੁੱਧ ਨੇ ਆਪਣੀ ਸਾਧਨਾ ਦਾ ਉਦੇਸ਼ ਨਿਰਵਾਣ ਦੱਸਿਆ ਸੀ ਅਤੇ ਕਿਹਾ ਸੀ ਕਿ ਜਿਸ ਤਰ੍ਹਾਂ ਦੀਵੇ ਦਾ ਪ੍ਰਕਾਸ਼ ਦੀਵੇ ਦੇ ਬੁਝਣ ਨਾਲ ਹੀ ਵਾਯੂਮੰਡਲ ਵਿਚ ਲੀਨ ਹੋ ਜਾਂਦਾ ਹੈ, ਉਸ ਤਰ੍ਹਾਂ ਮਰਨ ਤੋਂ ਬਾਅਦ ਇਹ 'ਪ੍ਰਾਣ' ਵਾਯੂਮੰਡਲ ਵਿਚ ਲੀਨ ਹੋ ਜਾਂਦੇ ਹਨ। 'ਅਨਾਤਮਵਾਦੀ' ਬੁੱਧ ਦਾ ਇਹ ਵਿਚਾਰ ਆਤਮਵਾਦੀ ਸ਼ੰਕਰਾਚਾਰਯ ਨੇ ਮੁਕਤੀ ਦੇ ਰੂਪ ਵਿਚ ਸਵੀਕਾਰ ਕੀਤਾ ਅਤੇ ਇਸ ਮੱਤ ਦੀ ਪ੍ਰੋੜ੍ਹਤਾ ਲਈ ਵੇਦਾਂ,

---

1. ਦੇਖੋ: a) S.K. Belvalkar, <u>History of Indian Philosophy</u>, Vol. II, pp. 4-9 (Introduction).
   b) Dr J.N. Sinha, <u>History of Indian Philosophy</u>, pp. 11-16 (Introduction).
2. ਦੇਖੋ: a) H.L. Sharma, <u>Wisdom of Vedanta</u>, pp. 9-11 (Introduction).
   b) C.C.J. Webb, <u>History of Philosophy</u>, pp. 21-25.
   c) Dr J.N. Sinha, <u>History of Indian Philosophy</u>, Vol. I, pp. 97-99.

ਉਪਨਿਸ਼ਦਾਂ ਦੇ ਬਚਨ ਉਧਰਿਤ ਕੀਤੇ।[1]

ਸ਼ੰਕਰਾਚਾਰਯ ਦੀ ਮੁਕਤੀ ਸੰਬੰਧੀ ਇਹ ਦ੍ਰਿਸ਼ਟੀ ਪਿਛਲੇਰੇ ਸੰਤਾਂ ਅਤੇ ਹੋਰ ਸਾਧਕਾਂ ਨੇ ਸਵੀਕਾਰ ਕੀਤੀ। ਇਸ ਤਰ੍ਹਾਂ ਸ਼ੰਕਰਾਚਾਰਯ ਅਤੇ ਉਹਨਾਂ ਦੇ ਅਦ੍ਵੈਤਵਾਦ ਨੇ ਭਾਰਤੀ ਧਰਮ, ਸਾਧਨਾ ਅਤੇ ਸਾਹਿੱਤ ਨੂੰ ਹਰ ਇਕ ਯੁਗ ਵਿਚ ਪ੍ਰਭਾਵਿਤ ਕੀਤਾ ਹੈ।

3) <u>ਅਸ਼ਟਾਂਗ ਯੋਗ ਸਾਧਨਾ</u>

ਪਤੰਜਲੀ ਨੇ ਰਾਜ ਯੋਗ ਦੇ ਅੱਠ ਅੰਗਾਂ ਦਾ ਵਿਵੇਚਨ ਕੀਤਾ ਸੀ। ਪਤੰਜਲੀ ਦਾ ਉਦੇਸ਼ 'ਚਿੱਤ ਬਿਰਤੀ ਦਾ ਨਿਰੋਧ' ( योगश्चित्तवृत्तिनिरोधः ) ਸੀ। ਪਤੰਜਲੀ ਨੇ ਇਸ ਤੋਂ ਅੱਗੇ ਚਲ ਕੇ ਚਿੱਤ ਬਿਰਤੀਆਂ ਦੇ ਨਿਰੋਧ ਲਈ ਅੱਠ ਸਾਧਨਾ ਦੀ ਚਰਚਾ ਕੀਤੀ ਹੈ। ਇਹਨਾਂ ਅੱਠਾਂ ਸਾਧਨਾ ਨੂੰ ਰਾਜ ਯੋਗ ਦੇ ਅੱਠ ਅੰਗ ਕਿਹਾ ਜਾਂਦਾ ਹੈ। ਇਹ ਅੱਠ ਅੰਗ ਇਸ ਤਰ੍ਹਾਂ ਦੱਸੇ ਗਏ ਹਨ:

ੳ) <u>ਯਮ:</u> ਯਮ ਦਾ ਅਰਥ ਹੈ ਸੰਜਮ, ਭਾਵ ਇਹ ਕਿ ਮਨ ਆਦਿ ਦਸੇ ਇੰਦ੍ਰੀਆਂ ਉੱਤੇ ਆਪਣਾ ਨਿਯੰਤ੍ਰਣ ਰਖਣਾ 'ਯਮ' ਦਾ ਉਦੇਸ਼ ਹੈ। ਇਸਦੇ ਬਹੁਤ ਸਾਰੇ ਭੇਦ ਦੱਸੇ ਗਏ ਹਨ ਪਰ ਆਮ ਤੌਰ ਤੇ ਅਹਿੰਸਾ, ਸੱਚ ਬੋਲਣਾ, ਚੋਰੀ ਨਾ ਕਰਨਾ, ਬ੍ਰਹਮਚਰੀਯ ਅਤੇ ਚੀਜ਼ਾਂ ਦਾ ਸੰਗ੍ਰਹਿ ਨਾ ਕਰਨਾ — ਇਹ ਪੰਜ 'ਯਮ' ਦੇ ਮੁੱਖ ਭੇਦ ਹਨ।[2]

ਅ) <u>ਨਿਯਮ:</u> ਯਮ ਦਾ ਅਗਲਾ ਪੜਾ ਨਿਯਮ ਕਿਹਾ ਜਾਂਦਾ ਹੈ। ਇਸ ਵਿਚ ਸਾਧਕ ਯਮ ਦੀ ਸਾਧਨਾ ਵਿਚ ਪਰਿਪਕ ਹੋ ਜਾਂਦਾ ਹੈ ਅਤੇ ਉਸਦਾ ਨਿਯੰਤ੍ਰਣ ਆਪਣੀਆਂ ਮਨ ਆਦਿ ਦਸ ਇੰਦ੍ਰੀਆਂ ਉੱਤੇ ਪੂਰਨ ਰੂਪ ਵਿਚ ਹੋ ਜਾਂਦਾ ਹੈ। ਪਤੰਜਲੀ[3] ਅਨੁਸਾਰ ਇਸ ਦੇ ਪੰਜ ਪ੍ਰਕਾਰ ਹਨ:

1. ਪਵਿੱਤ੍ਰਤਾ,
2. ਸੰਤੋਸ਼,
3. ਤਪ,
4. ਅਧਿਐਨ ਕਰਨਾ
5. ਈਸ਼ਵਰ ਤੇ ਵਿਸ਼ਵਾਸ ਕਰਨਾ।

---

1. ਦੇਖੋ:
   a) Neog, Maheswar, <u>Bhakti Ratnakar of Shankar Deva</u>, pp. 7-9 (Introduction).
   b) K.N. Tewari, <u>Comparative Religion</u>, pp. 21-26.
   c) S.C. Chaudhary, <u>Hindu Religion and Culture: An Outlook</u>, pp. 2-16.
2. 'ਯੋਗ ਦਰਸ਼ਨ' ਪਾਦ ਤੀਸਰਾ, ਸੂਤ੍ਰ 18.
3. ਦੇਖੋ: ੳ) 'ਯੋਗ ਦਰਸ਼ਨ', ਪਾਦ ਦੂਸਰਾ, ਸੂਤ੍ਰ 30.
   ਅ) ਉਹੀ, ਪਾਦ ਦੂਸਰਾ, ਸੂਤ੍ਰ 32.
   ੲ) <u>Paatanjala Raaja Yoga</u> (Ed. Swami S.P. Saraswati), pp. 21-30.

ੲ) ਆਸਣ: ਆਸਣ ਦਾ ਅਰਥ ਹੈ – ਬੈਠਣ ਦਾ ਤਰੀਕਾ ਜਾਂ ਬਹਿਣੀ। ਪਤੰਜਲੀ ਨੇ ਸਾਧਕ ਲਈ ਬੈਠਣ ਦੇ ਕਈ ਤਰੀਕਿਆਂ ਦਾ ਉਲੇਖ ਕੀਤਾ ਹੈ। ਉਹਨਾਂ ਦਾ ਤਾਤਪਰਜ ਇਹ ਜਾਪਦਾ ਹੈ ਕਿ ਸਾਧਕ ਨੂੰ ਯੋਗ ਸਾਧਨਾ ਲਈ ਇਕ ਥਾਂ ਤੇ ਅਤੇ ਇਕੋ ਹੀ ਮੁਦ੍ਰਾ ਵਿਚ ਬੈਠਣ ਦਾ ਬਹੁਤ ਤਕੜਾ ਅਭਿਆਸ ਹੋਣਾ ਚਾਹੀਦਾ ਹੈ ਕਿਉਂਕਿ ਇਕ ਥਾਂ ਡਟ ਕੇ ਬੈਠਣ ਤੋਂ ਬਿਨਾ ਯੋਗ ਸਾਧਨਾ ਦਾ ਕੋਈ ਵੀ ਅੰਗ ਸਫਲ ਨਹੀਂ ਹੋ ਸਕਦਾ।

ਮਹਾਂ ਰਿਸ਼ੀ ਵਿਆਸ ਨੇ ਪਤੰਜਲੀ ਦੇ ਇਸ ਮੰਤਵ ਨੂੰ ਬਹੁਤ ਵਿਸਥਾਰ ਨਾਲ ਸਮਝਾਇਆ ਹੈ। ਉਹਨਾਂ ਦਾ ਭਾਵ ਇਹ ਹੈ ਕਿ ਸਾਧਕ ਆਪਣਾ ਚੁਗਿਰਦਾ ਚੰਗੀ ਤਰ੍ਹਾਂ ਸਾਫ਼ ਸੁਥਰਾ ਅਤੇ ਪਵਿੱਤਰ ਬਣਾਵੇ। ਲੋਕਾਂ ਦੀ ਆਵਾਜਾਈ ਤੋਂ ਦੂਰ ਕਿਸੇ ਪੱਧਰੇ ਥਾਂ ਦੇਰ ਤੀਕ ਇਕ ਮੁਦ੍ਰਾ ਵਿਚ ਬੈਠਣ ਦਾ ਅਭਿਆਸ ਸਾਧਕ ਨੂੰ ਕਰਨਾ ਚਾਹੀਦਾ ਹੈ – ਇਸਨੂੰ ਆਸਣ ਦੀ ਸਾਧਨਾ ਕਿਹਾ ਜਾਂਦਾ ਹੈ। ਜਿਹੜਾ ਵਿਅਕਤੀ ਇਕ ਥਾਂ ਤੇ ਟਿਕ ਕੇ ਨਹੀਂ ਬੈਠ ਸਕਦਾ ਉਸਨੂੰ ਯੋਗ ਸਾਧਨਾ ਦਾ ਅਧਿਕਾਰੀ ਨਹੀਂ ਮੰਨਿਆ ਜਾਂਦਾ। ਪਤੰਜਲੀ ਅਨੁਸਾਰ 84 ਆਸਣਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕੁਝ ਲੋਕ ਇਸ ਤੋਂ ਵੱਧ ਵੀ ਆਸਣਾਂ ਦੀ ਗਿਣਤੀ ਦੱਸਦੇ ਹਨ।[1]

ਸ) ਪ੍ਰਾਣਾਯਾਮ: ਰਾਜ ਯੋਗ ਅਤੇ ਹਠ ਯੋਗ ਦੋਹਾਂ ਵਿਚ ਪ੍ਰਾਣ ਉੱਤੇ ਨਿਯੰਤ੍ਰਣ ਕਰਨ ਦਾ ਵਿਧਾਨ ਕੀਤਾ ਗਿਆ ਹੈ। ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਹਰ ਇਕ ਸਾਹ ਨਾਲ ਮਨੁੱਖ ਦੀ ਆਯੂ ਘਟਦੀ ਹੈ। ਇਸ ਲਈ ਪ੍ਰਾਣਾਂ (ਸਾਹਾਂ) ਨੂੰ ਆਪਣੇ ਨਿਯੰਤ੍ਰਣ ਵਿਚ ਰਖਣਾ, ਯੋਗ ਸਾਧਨਾ ਲਈ, ਆਪਣੀ ਸਿਹਤ ਅਤੇ ਲੰਮੀ ਉਮਰ ਲਈ ਜ਼ਰੂਰੀ ਹੈ। ਪਤੰਜਲੀ[2] ਨੇ ਰਾਜ ਯੋਗ ਵਿਚ ਅਤੇ ਹਠ ਯੋਗੀਆਂ ਨੇ ਆਪਣੀ ਪੱਧਤੀ ਵਿਚ ਪ੍ਰਾਣਾਯਾਮ ਨੂੰ ਬਹੁਤ ਮਹੱਤਵਪੂਰਨ ਥਾਂ ਦਿੱਤੀ ਹੈ।

ਹ) ਪ੍ਰਤਿਆਹਾਰ: ਪ੍ਰਤਿਆਹਾਰ ਸ਼ਬਦ ਦਾ ਅਰਥ ਹੈ – ਇੰਦ੍ਰੀਆਂ ਦਾ ਈਸ਼੍ਵਰ ਵੱਲ ਲਗਣਾ। ਪਤੰਜਲੀ ਅਨੁਸਾਰ ਆਸਣ ਅਤੇ ਪ੍ਰਾਣਾਯਾਮ ਦੀ ਸਾਧਨਾ ਵਿਚ ਸਫਲ ਹੋ ਕੇ ਯੋਗੀ ਅਤੇ ਸਾਧਕ ਪ੍ਰਤਿਆਹਾਰ ਰਾਹੀਂ ਈਸ਼੍ਵਰ ਵੱਲ ਮੁੜਦਾ ਹੈ। ਪਤੰਜਲੀ ਅਨੁਸਾਰ ਪ੍ਰਤਿਆਹਾਰ ਦੀ ਅਵਸਥਾ ਵਿਚ ਸਾਧਕ ਦਾ ਇੰਦ੍ਰੀਆਂ ਉੱਤੇ ਪੂਰਾ ਸੰਜਮ ਹੋ ਜਾਂਦਾ ਹੈ।[3]

ਕ) ਧਾਰਨਾ: ਧਾਰਨਾ ਸ਼ਬਦ ਦਾ ਅਰਥ ਹੈ ਚਿੱਤ ਨੂੰ ਇਕ ਥਾਂ ਤੇ ਟਿਕਾਣਾ। ਪਤੰਜਲੀ[4] ਅਨੁਸਾਰ ਸ਼ਰੀਰ ਦੇ ਅੰਦਰ ਜਾਂ ਸ਼ਰੀਰ ਤੋਂ ਬਾਹਰ ਕਿਸੇ ਮੂਰਤੀ ਜਾਂ ਭਾਵ ਵੱਲ ਮਨ ਨੂੰ ਟਿਕਾਉਣ ਦਾ ਅਭਿਆਸ ਧਾਰਨਾ ਅਖਵਾਉਂਦਾ

---

1. ਦੇਖੋ: 'ਯੋਗ ਦਰਸ਼ਨ' ਪਾਦ ਦੂਸਰਾ, ਸੂਤ੍ਰ 46,47,48.
2. ਦੇਖੋ: ਉਹੀ, ਪਾਦ ਦੂਸਰਾ, ਸੂਤ੍ਰ, 49,50,51,52.
   ਵਿਸਥਾਰ ਲਈ ਹੋਰ ਦੇਖੋ:
   Yogi [illegible], *Yoga for the Mind*, pp. 10-12.
3. 'ਯੋਗ ਦਰਸ਼ਨ' ਪਾਦ ਦੂਸਰਾ, ਸੂਤ੍ਰ 54-55.
4. ਉਹੀ, ਪਾਦ ਤੀਸਰਾ, ਸੂਤ੍ਰ 1.

ਹੈ। ਵਿਆਸ ਨੇ ਪਤੰਜਲੀ ਦੇ ਵਚਨ ਦੀ ਵਿਆਖਿਆ ਕਰਦੇ ਹੋਏ ਇਹ ਸਿੱਧ ਕੀਤਾ ਹੈ ਕਿ ਕਿਸੀ ਥਾਂ ਜਾਂ ਕਿਸੇ ਪਦਾਰਥ ਜਾਂ ਕਿਸੇ ਭਾਵ ਨੂੰ ਧਿਆਨ ਦਾ ਕੇਂਦਰ ਬਣਾਏ ਬਿਨਾ ਕੋਈ ਆਤਮਿਕ ਸਿੱਧੀ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਯੋਗ ਦੇ 'ਯਮ', 'ਨਿਯਮ' ਆਦਿ ਅੰਗ ਧਾਰਨਾ ਦੀ ਹੀ ਪੂਰਤਾ ਕਰਦੇ ਹਨ। ਭਾਵ ਇਹ ਹੈ ਕਿ ਯੋਗ ਸਾਧਨਾ ਦੀ ਅੰਤਿਮ ਪੌੜੀ ਅਰਥਾਤ ਸਮਾਧੀ ਨੂੰ ਪ੍ਰਾਪਤ ਕਰਨ ਲਈ ਧਾਰਨਾ ਸਭ ਤੋਂ ਵਧ ਸਹਾਇਕ ਸਿੱਧ ਹੁੰਦੀ ਹੈ।

ਖ) <u>ਧਿਆਨ</u>: ਧਿਆਨ ਦਾ ਅਰਥ ਹੈ ਕਿਸੀ ਚੀਜ਼, ਭਾਵ ਜਾਂ ਥਾਂ ਨਾਲ ਚਿੱਤ ਦਾ ਅਟੁੱਟ ਅਤੇ ਅਰੁਕਵੇਂ ਰੂਪ ਵਿਚ ਜੁੜੇ ਰਹਿਣਾ, ਲਿਵ ਲਗੀ ਰਹਿਣਾ — ਇਸੇ ਨੂੰ ਪ੍ਰਾਚੀਨ ਲੋਕਾਂ ਨੇ 'ਤਾੜੀ' ਜਾਂ 'ਤਾਰੀ' ਲਗਾਉਣਾ ਵੀ ਕਿਹਾ ਹੈ।

ਪਤੰਜਲੀ ਨੇ ਇਸ ਧਿਆਨ ਦਾ ਬਹੁਤ ਵਿਸਥਾਰ ਨਾਲ ਵਰਣਨ ਕੀਤਾ ਹੈ ਕਿਉਂਕਿ ਇਹ 'ਧਿਆਨ', 'ਯਮ' ਅਤੇ 'ਨਿਯਮ' ਆਦਿ ਯੋਗ ਦੇ ਅੰਗਾਂ ਦਾ ਅੰਤਖਤਵ' ਅਤੇ ਸਭ ਤੋਂ ਉੱਚਾ ਰੂਪ ਹੈ। ਇਸ ਧਿਆਨ ਰਾਹੀਂ ਸਾਧਕ ਆਪਣੇ ਲਕਸ਼ ਦੇ ਨੇੜੇ ਪੁਜਦਾ ਹੈ। ਵਿਆਸ ਨੇ ਪਤੰਜਲੀ ਦੇ ਇਸ ਵਚਨ ਦੀ ਵਿਆਖਿਆ ਕਰਦੇ ਹੋਏ ਧਿਆਨ ਲਈ ਸਾਧਕ ਦੀ ਮਾਨਸਿਕ ਬਿਰਤੀ ਨੂੰ ਵਧੇਰੇ ਮਹੱਤਵਪੂਰਨ ਮੰਨਿਆ ਹੈ।[1] ਉਹਨਾਂ ਦਾ ਭਾਵ ਇਹ ਹੈ ਕਿ ਧਿਆਨ ਦੀ ਅਵਸਥਾ ਵਿਚ ਸਾਧਕ ਦੇ ਸਾਹਮਣੇ ਉਹੀ ਮੂਰਤੀ ਜਾਂ ਭਾਵ ਆਉਂਦਾ ਹੈ ਜਿਹੜਾ ਉਸਦੇ ਮਾਨਸਿਕ ਭਾਵਾਂ ਦੇ ਨਾਲ ਨੇੜਤਾ ਰਖਦਾ ਹੈ। ਤਮੋ ਗੁਣੀ ਬਿਰਤੀ ਦੇ ਲੋਕਾਂ ਦਾ ਧਿਆਨ ਭੂਤਾਂ ਪ੍ਰੇਤਾਂ ਵੱਲ, ਰਜੋਗੁਣੀ ਬਿਰਤੀ ਵਾਲੇ ਸਾਧਕਾਂ ਦਾ ਝੁਕਾਅ ਯੋਧਿਆਂ ਜਾਂ ਸੂਰਬੀਰਾਂ ਵੱਲ ਹੁੰਦਾ ਹੈ। ਇਸੇ ਤਰ੍ਹਾਂ ਸਤੋਗੁਣੀ ਸਾਧਕਾਂ ਦਾ ਝੁਕਾਅ ਕੋਮਲ ਅਤੇ ਪਵਿੱਤਰ ਭਾਵਾਂ ਜਾਂ ਦੇਵਤਿਆਂ ਵੱਲ ਹੁੰਦਾ ਹੈ। ਕਹਿਣ ਦਾ ਤਾਤਪਰਜ ਇਹ ਹੈ ਕਿ ਸਾਧਕ ਆਪਣੇ ਮਨ ਦੇ ਭਾਵਾਂ ਨਾਲ ਹੀ ਆਪਣੇ ਇਸ਼ਟ ਦੇਵਤਾ ਦਾ ਧਿਆਨ ਕਰਦਾ ਹੈ।[2]

ਗ) <u>ਸਮਾਧੀ</u>: ਯੋਗ ਸਾਧਨਾ ਦੀ ਸਭ ਤੋਂ ਉੱਚੀ ਅਵਸਥਾ ਸਮਾਧੀ ਕਹੀ ਜਾਂਦੀ ਹੈ। ਸਮਾਧੀ ਸ਼ਬਦ ਦਾ ਅਰਥ ਹੈ ਚਿੱਤ ਦੀਆਂ ਅਨੇਕ ਬਿਰਤੀਆਂ ਦਾ ਨਾਸ ਅਤੇ ਉਹਨਾਂ ਦੀ ਥਾਂ ਤੇ ਇਕੋ ਹੀ ਬਿਰਤੀ ਦਾ ਉਦੇ ਅਤੇ ਉਸਦਾ ਅਸਤਿਤਵ।

ਪਤੰਜਲੀ[3] ਦੇ ਸਮਾਧੀ ਸੰਬੰਧੀ ਵਿਚਾਰ ਦੀ ਵਿਆਖਿਆ ਕਰਦੇ ਹੋਏ ਵਿਆਸ ਨੇ ਲਿਖਿਆ ਹੈ ਕਿ ਸਾਧਾਰਣ ਵਿਅਕਤੀ ਦਾ ਚਿੱਤ ਅਨੇਕਾਂ ਬਿਰਤੀਆਂ ਦੀਆਂ ਘੁੰਮਣਘੇਰੀਆਂ ਵਿਚ ਫਸਿਆ ਰਹਿੰਦਾ ਹੈ। ਇਸ ਤੋਂ

---

1. 'ਘੇਰੰਡ ਸੰਹਿਤਾ' ਅੰਗ੍ਰੇਜ਼ੀ ਅਨੁਵਾਦ (ਅਨੁਵਾਦਕ: ਆਰ. ਡੀ. ਬਸੂ) ਪੰਨੇ 5-8.
2. 'ਯੋਗ ਦਰਸ਼ਨ' ਪਾਦ ਤੀਸਰਾ, ਸੂਤ੍ਰ 3.
3. ਉਹੀ, ਪਾਦ ਤੀਸਰਾ, ਸੂਤ੍ਰ 4,5.

ਵਿਪਰੀਤ ਸਾਧਕ ਇਹਨਾਂ ਬਿਰਤੀਆਂ ਨੂੰ 'ਯਮ', 'ਨਿਯਮ' ਆਦਿ ਅਨੇਕ ਸਾਧਨਾ ਰਾਹੀਂ ਆਪਣੇ ਨਿਯੰਤ੍ਰਣ ਵਿਚ ਲਿਆਉਂਦਾ ਹੈ ਅਤੇ ਇਕੋ ਹੀ ਬਿਰਤੀ ਉੱਤੇ ਆਪਣਾ ਚਿੱਤ ਕੇਂਦ੍ਰਿਤ ਕਰਦਾ ਹੈ। ਇਸ ਅਵਸਥਾ ਨੂੰ ਹੀ ਸਮਾਧੀ ਦਾ ਨਾਂ ਦਿੱਤਾ ਗਿਆ ਹੈ। ਭਾਵ ਇਹ ਹੈ ਕਿ ਜਿਸ ਵੇਲੇ ਸਾਧਕ ਦੀਆਂ ਚਿੱਤ ਬਿਰਤੀਆਂ ਇਕਰੂਪ ਹੋ ਜਾਂਦੀਆਂ ਹਨ, ਉਹਨਾਂ ਦੀ ਅਨੇਕਤਾ ਏਕਤਾ ਵਿਚ ਲੀਨ ਹੋ ਜਾਂਦੀ ਹੈ ਅਤੇ ਚਿੱਤ ਆਮ ਸੰਸਾਰੀ ਪੱਧਰ ਤੋਂ ਉੱਚਾ ਹੋ ਕੇ ਅਧਿਆਤਮ ਵੱਲ ਜੁੜਦਾ ਹੈ। ਇਸ ਨੂੰ ਸਮਾਧੀ ਦੀ ਅਵਸਥਾ ਕਿਹਾ ਜਾਂਦਾ ਹੈ। ਵਿਆਸ ਨੇ ਇਸ ਗੱਲ ਉੱਤੇ ਬਹੁਤ ਜ਼ੋਰ ਦਿੱਤਾ ਹੈ ਕਿ ਸਮਾਧੀ ਲਈ ਉਦੇਸ਼ ਦੀ ਪਵਿੱਤ੍ਰਤਾ, ਸਾਧਕ ਦਾ ਨਿਸ਼ਕਾਮ ਭਾਵ ਅਤੇ ਲੋਕ-ਕਲਿਆਣ ਸਭ ਤੋਂ ਵੱਡੀਆਂ ਸ਼ਰਤਾਂ ਹਨ।[1]

4) ਨਾੜੀ-ਚਕ੍ਰ-ਕਮਲ ਸਾਧਨਾ

ਪਤੰਜਲੀ ਦੀ ਰਾਜ ਯੋਗ ਸੰਬੰਧੀ ਦ੍ਰਿਸ਼ਟੀ ਅਤੇ ਧਾਰਨਾ ਨੂੰ 'ਮਤਸਯੇਂਦ੍ਰ ਨਾਥ' ਆਦਿ ਹਠ ਯੋਗੀਆਂ ਨੇ ਇਕ ਨਵਾਂ ਸੰਦਰਭ ਦਿੱਤਾ। ਉਨ ਰਾਜ ਯੋਗ ਦੀ ਸਾਧਨਾ ਵਿਚ ਮਨੁੱਖੀ ਸਰੀਰ ਦੇ ਅੰਦਰ ਵਿਦਮਾਨ ਤਿੰਨ ਨਾੜੀਆਂ, ਛੇ ਚਕ੍ਰਾਂ, ਸੋਲਾਂ ਕਮਲਾਂ ਦੀ ਸਾਧਨਾ ਨੂੰ ਮਹੱਤਵਪੂਰਨ ਮੰਨਿਆ ਗਿਆ।[2] ਇਸਦੇ ਨਾਲ ਕੁੰਡਲਿਨੀ ਜਾਗਰਣ ਅਤੇ ਕੁੰਡਲਿਨੀ ਨੂੰ ਦਸਮ ਦੁਆਰ ਤਕ ਪਹੁੰਚਾਉਣਾ ਹਠ ਯੋਗ ਦੀ ਸਾਧਨਾ ਦਾ ਮੁਖ ਉਦੇਸ਼ ਮੰਨਿਆ ਗਿਆ।[3] ਇਸ ਨਵੀਨ ਅਤੇ ਮੌਲਿਕ ਸਾਧਨਾ ਪੱਧਤੀ ਨੂੰ ਆਮ ਤੌਰ ਤੇ ਹਠ ਯੋਗ ਦੀ ਸਾਧਨਾ ਪੱਧਤੀ ਕਿਹਾ ਜਾਂਦਾ ਹੈ।[4]

---

1. ਦੇਖੋ: S.N. Dasgupta, Yoga as Philosophy and Religion, pp. 36-40.
2. ਦੇਖੋ: ੳ) ਗੋਪੀ ਨਾਥ ਕਵਿਰਾਜ, ਯੋਗ ਕਾ ਵਿਸ਼ੁ ਪਰਿਚਯ, 'ਪਰਮਾਰਥ ਪਥ', ਪੰਨੇ 53-63.
   ਅ) 'ਹਠ ਯੋਗ ਪ੍ਰਦੀਪਿਕਾ', ਪੰਨੇ 9-11.
3. ਦੇਖੋ: ੳ) 'ਸ਼ਾਂਡਿਲਯ ਉਪਨਿਸ਼ਦ', ਪੰਨੇ 8-10.
   ਅ) 'ਯੋਗ ਉਪਨਿਸ਼ਦ', ਪੰਨੇ 1-3.
   ੲ) 'ਸ਼ਿਵ ਸੰਹਿਤਾ' ਪੰਨੇ 7-9.
4. ਦੇਖੋ:
   ੳ) ਯੋਗੇਸ਼ਵਰਾਨੰਦ, ਵੇਦੋਂ ਮੇਂ ਯੋਗ, 'ਪਰਮਾਰਥ ਪਥ', ਪੰਨੇ 81,83.
   ਅ) ਜਯੇਂਦਰ ਪੁਰੀ, ਯੋਗ ਤਤ੍ਵ ਮੀਮਾਂਸਾ, 'ਪਰਮਾਰਥ ਪਥ', ਪੰਨੇ 149-150.
   ੲ) ਤਾਰਾ ਚੰਦ, ਯੋਗ ਵਿਗਿਆਨ, 'ਪਰਮਾਰਥ ਪਥ', ਪੰਨੇ 230-231.

## ਹਠ ਯੋਗ ਦਾ ਅਰਥ

ਹਠ ਯੋਗ ਦਾ ਸਾਮਾਨਯ ਅਰਥ ਮਨ ਨੂੰ ਹਠ ਪੂਰਵਕ ਵੈਰਾਗ ਵਲ ਲਾਉਣਾ ਹੈ ਪਰ ਬਹੁਤ ਸਾਰੇ ਹਠ ਯੋਗੀਆਂ ਨੇ ਹਠ ਯੋਗ ਦੇ ਵੱਖਰੇ ਵੱਖਰੇ ਅਰਥ ਕੀਤੇ ਹਨ। ਉਦਾਹਰਣ ਵਜੋਂ 'ਹਠ ਯੋਗ ਪ੍ਰਦੀਪਿਕਾ' ਵਿਚ 'ਹ' ਨੂੰ ਸੂਰਜ ਦਾ ਅਤੇ 'ਠ' ਨੂੰ ਚੰਦ੍ਰਮਾ ਦਾ ਵਾਚਕ ਸ਼ਬਦ ਦਸਿਆ ਗਿਆ ਹੈ। ਸੂਰਜ ਅਤੇ ਚੰਦ੍ਰਮਾ ਦਾ ਮੇਲ ਹਠ ਯੋਗ ਵਿਚ ਇੜਾ, ਪਿੰਗਲਾ ਦੇ ਸੁਖਮਨਾ ਵਿਚ ਨਯੋਗ ਨਾਲ ਸੰਬੰਧਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਹਠ ਯੋਗ ਦਾ ਇਹੋ ਅਰਥ ਕੀਤਾ ਹੈ।[1]

ਹਠ ਯੋਗ ਦਾ ਪ੍ਰਾਰੰਭ ਪਤੰਜਲੀ ਦੇ ਰਾਜ ਯੋਗ ਤੋਂ ਪਿੱਛੋਂ ਹੋਇਆ ਕਿਉਂਕਿ ਹਠ ਯੋਗ ਦੇ ਸਾਰੇ ਗ੍ਰੰਥਾਂ ਵਿਚ ਪਤੰਜਲੀ ਨੂੰ 'ਆਦਿ ਯੋਗ ਅਚਾਰੀਯ' ਕਿਹਾ ਗਿਆ ਹੈ।[2]

ਕੁਝ ਹਠ ਯੋਗੀਆਂ ਨੇ ਆਪਣੀ ਪਰੰਪਰਾ ਸ਼ਿਵ ਜੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਇਕ ਮਿਥਿਹਾਸਿਕ ਕਲਪਨਾ ਮਾਤ੍ਰ ਹੈ। ਹਠ ਯੋਗ ਦੇ ਪ੍ਰਾਚੀਨ ਅਚਾਰੀਯਾਂ ਵਿਚ 'ਮਤਸਯਿੰਦ੍ਰ ਨਾਥ' (ਮਛੰਦਰ ਨਾਥ), 'ਗੋਰਖ ਨਾਥ', 'ਚਰਪਟ ਨਾਥ', 'ਜਲੰਧਰ ਨਾਥ' ਅਤੇ 'ਚਤੁਰੰਗ ਨਾਥ' (ਚੌਰੰਗੀ ਨਾਥ) ਬਹੁਤ ਪ੍ਰਸਿੱਧ ਹਨ।[3]

## ਹਠ ਯੋਗ: ਮੁੱਖ ਸਿੱਧਾਂਤ

ਭਾਰਤ ਦੀ ਸਾਧਨਾ ਪੱਧਤੀ ਅਤੇ ਦਰਸ਼ਨ ਸ਼ਾਸਤ੍ਰ ਦੇ ਇਤਿਹਾਸ ਵਿਚ ਪਤੰਜਲੀ ਦਾ ਯੋਗ ਦਰਸ਼ਨ ਅਤੇ ਉਸਦੀ ਸਾਧਨਾ ਪੱਧਤੀ ਸਭ ਤੋਂ ਪ੍ਰਾਚੀਨ ਹੈ। ਯੋਗ ਦਰਸ਼ਨ ਦੀ ਪ੍ਰਾਚੀਨਤਾ ਬਾਰੇ ਯੋਗ ਅਚਾਰੀਯ ਸ੍ਰੀ ਗੋਪੀ ਨਾਥ ਜੀ ਨੇ ਇਕ ਲੰਮੀ ਲੇਖ ਮਗਰੋਂ ਇਹ ਸਿੱਧ ਕੀਤਾ ਹੈ ਕਿ "ਪਤੰਜਲ ਯੋਗ ਦਰਸ਼ਨ ਤੋਂ ਪ੍ਰਾਚੀਨ ਕੋਈ ਦਰਸ਼ਨ ਭਾਰਤ ਵਿਚ ਨਹੀਂ ਹੈ।"[4]

---

1. 'ਹ' ਸੂਰਜ 'ਠ' ਚੰਦ੍ਰਮਾ — ਇਹਨਾਂ ਦੋਵਾਂ ਦਾ ਯੋਗ (ਸੰਬੰਧ) ਕਰਨਾ ਹਠ ਯੋਗ ਹੈ — ਭਾਵ ਇੜਾ ਅਤੇ ਪਿੰਗਲਾ ਦਾ ਸੁਖਮਨਾ ਨਾਲ ਜੋੜਨਾ।
   ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨਕੋਸ਼', ਪੰਨਾ ੨੭੬
2. 'ਗੋਰਖ ਸ਼ਤਕ', 'ਗੋਰਖ ਸੰਹਿਤਾ', 'ਹਠ ਯੋਗ ਪ੍ਰਦੀਪਿਕਾ', 'ਘੇਰੰਡ ਸੰਹਿਤਾ' ਅਤੇ 'ਨਿਰੰਜਨ ਪੁਰਾਣ' ਆਦਿ ਹਠ ਯੋਗ ਦੇ ਪ੍ਰਮਾਣਿਕ ਗ੍ਰੰਥਾਂ ਵਿਚ ਹਠ ਯੋਗ ਦੇ ਪ੍ਰਵਰਤਕਾਂ (Founders) ਅਤੇ ਪ੍ਰਾਚੀਨ ਅਚਾਰੀਯਾਂ ਦਾ ਵੇਰਵਾ ਮਿਲਦਾ ਹੈ।
3. ਦੇਖੋ:
   ਗੋਪੀ ਨਾਥ ਕਵਿਰਾਜ, ਯੋਗ ਕਾ ਵਿਸ਼ੁਧ ਪਰਿਚਯ, 'ਪਰਮਾਰਥ ਪਥ', ਪੰਨੇ 62,63.
4. ਦੇਖੋ: ਗੋਪੀ ਨਾਥ ਕਵਿਰਾਜ, ਪਤੰਜਲ ਯੋਗ ਦਰਸ਼ਨ ਕੀ ਪ੍ਰਾਚੀਨਤਾ, 'ਪਰਮਾਰਥ ਪਥ', ਪੰਨੇ 248-255.

   a) H.L. Sharma, The Psychodynamics of Yoga, pp. 7-10.
   b) H.L. Sharma, Yoga Technique of Psychology, pp. 25-28.

ਪਤੰਜਲ ਯੋਗ ਦਰਸ਼ਨ ਤੋਂ ਬਾਅਦ ਭਾਰਤ ਵਿਚ ਕਈ ਹੋਰ ਯੋਗਾਂ ਦਾ ਵਿਕਾਸ ਹੋਇਆ; ਇਹਨਾਂ ਵਿਚ ਮੁੱਖ ਇਹ ਹਨ:

i) ਹਠ ਯੋਗ,

ii) ਮੰਤ੍ਰ ਯੋਗ,

iii) ਲਯ ਯੋਗ

iv) ਕੁੰਡਲਿਨੀ ਯੋਗ

ਇਹਨਾਂ ਤੋਂ ਬਿਨਾ ਕੁਝ ਵਿਦਵਾਨਾਂ ਨੇ ਭਗਤੀ ਯੋਗ ਅਤੇ ਆਧੁਨਿਕ ਯੁਗ ਦੇ ਬਹੁਤ ਸਾਰੇ ਸੰਤਾਂ ਨੇ ਸਹਿਜ ਯੋਗ ਅਤੇ ਨਾਦ ਯੋਗ ਆਦਿ ਅਨੇਕਾਂ ਯੋਗਾਂ ਦੀ ਚਰਚਾ ਕੀਤੀ ਹੈ ਪਰ ਯੋਗ ਸੰਬੰਧੀ ਇਸ ਪੂਰੀ ਚਰਚਾ ਨੂੰ ਸਾਹਮਣੇ ਰਖਕੇ ਇਹ ਕਿਹਾ ਗਿਆ ਹੈ ਕਿ ਮੁੱਖ ਯੋਗ ਰਾਜ ਯੋਗ ਹੀ ਹੈ, ਹਠ ਯੋਗ ਆਦਿ ਹੋਰ ਯੋਗ ਇਸ ਰਾਜ ਯੋਗ ਦੀ ਪ੍ਰਾਪਤੀ ਵਿਚ ਸਹਾਇਕ ਹੁੰਦੇ ਹਨ।

ਰਾਜ ਯੋਗ ਦੀ ਅਸ਼ਟਾਂਗ ਵਿਧੀ ਥੋੜੇ ਬਹੁਤੇ ਅੰਤਰ ਨਾਲ ਸਾਰੇ ਯੋਗਾਂ ਵਿਚ ਮਿਲਦੀ ਹੈ। ਅਸ਼ਟਾਂਗ ਯੋਗ ਦੇ ਪਹਿਲੇ ਕੁਝ ਅੰਗਾਂ ਨੂੰ ਛੱਡ ਕੇ ਅੰਤਿਮ ਤਿੰਨੇ ਅੰਗ 'ਧਾਰਨਾ', 'ਧਿਆਨ' ਅਤੇ 'ਸਮਾਧੀ' ਨੂੰ ਸਾਰੇ ਯੋਗਾਂ ਵਿਚ ਅਪਣਾਇਆ ਗਿਆ ਹੈ। ਵਾਸਤਵ ਵਿਚ ਧਾਰਨਾ, ਧਿਆਨ, ਸਮਾਧੀ ਤੋਂ ਬਿਨਾ ਕਿਸੇ ਵੀ ਅਧਿਆਤਮਿਕ ਸਾਧਨਾ ਵਿਚ ਸਾਧਕ ਨੂੰ ਸਫਲਤਾ ਨਹੀਂ ਮਿਲ ਸਕਦੀ। ਸਾਧਨਾ ਦੀ ਗੱਲ ਤਾਂ ਇਕ ਪਾਸੇ ਰਹੀ, ਆਮ ਵਿਵਹਾਰਿਕ ਜੀਵਨ ਵਿਚ ਵੀ ਬਿਨਾ ਆਸਣ ਦੇ ਸਿੱਧੇ ਅਡੋਲ ਆਸਣ ਅਤੇ ਚਿਤ ਦੀ ਇਕਾਗਰਤਾ ਬਿਨਾ ਕੋਈ ਵੀ ਸਫਲਤਾ ਕਿਸੇ ਵੀ ਖੇਤਰ ਵਿਚ ਨਹੀਂ ਮਿਲ ਸਕਦੀ। ਸਫਲ ਹੋਣ ਦੀ ਸੂਰਤ ਕੇਵਲ ਇਹ ਹੈ ਕਿ ਵਿਅਕਤੀ ਆਪਣੇ ਆਪ ਨੂੰ ਆਪਣੇ ਉਦੇਸ਼ ਨਾਲ ਕਿਵੇਂ ਤੇ ਕਿੰਨਾ ਜੋੜ ਸਕਿਆ ਹੈ। ਜੁੜਨ ਦੀ ਇਸੇ ਸਥਿਤੀ ਦਾ ਨਾਮ ਯੋਗ ਹੈ। ਇਸੇ ਲਈ ਸ੍ਰੀਮਦ ਭਗਵਦ ਗੀਤਾ[1] ਵਿਚ ਕਿਹਾ ਗਿਆ ਹੈ ਕਿ "ਆਪਣੇ ਕੰਮਾਂ ਵਿਚ ਕੁਸ਼ਲ ਹੋਣਾ ਹੀ ਯੋਗ ਹੈ।"

---

1. 'ਭਗਵਦ ਗੀਤਾ' ਅਧਿਆਇ 7, ਸ਼ਲੋਕ 64.
(ਪ੍ਰਸਿੱਧ ਯੋਗੀ ਸ੍ਰੀ ਗੋਪੀ ਨਾਥ ਕਵਿਰਾਜ ਨੇ ਗੀਤਾ ਦੇ ਇਸ ਭਾਵ ਨੂੰ ਜੀਵਾਤਮਾ ਅਤੇ ਪਰਮਾਤਮਾ ਦੇ ਯੋਗ ਨਾਲ, ਪ੍ਰਾਣ ਅਤੇ ਅਪਾਨ ਦੇ ਯੋਗ ਨਾਲ, ਚੰਦ੍ਰਮਾ ਅਤੇ ਸੂਰਜ ਦੇ ਯੋਗ ਨਾਲ, ਸ਼ਿਵ ਅਤੇ ਸ਼ਕਤੀ ਦੇ ਯੋਗ ਨਾਲ ਸਮਝਾਉਣ ਦਾ ਯਤਨ ਕੀਤਾ ਹੈ)
ਦੇਖੋ: ਗੋਪੀ ਨਾਥ ਕਵਿਰਾਜ, ਯੋਗ ਕਾ ਵਿਸ਼ੁਧ ਪਰਿਚਯ, 'ਪਰਮਾਰਥ ਪਥ', ਪੰਨਾ 53.

ਹਠ ਯੋਗ ਦੇ ਮੁਖ ਅੰਗ

ਹਠ ਯੋਗ ਦੇ ਬਾਰੇ ਵਿਚਾਰ ਕਰਦੇ ਹੋਏ ਵਿਦਵਾਨਾਂ ਅਤੇ ਸਾਧਕਾਂ ਨੇ ਹਠ ਯੋਗ ਦੀ ਸਾਧਨਾ ਸੰਬੰਧੀ ਸੱਤ ਅੰਗਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ:

ੳ) ਖਟਕਰਮ (ਸ਼ਟ ਕਰਮ)

ਅ) ਆਸਣ

ੲ) ਮੁਦ੍ਰਾ

ਸ) ਪ੍ਰਤਿਆਹਾਰ

ਹ) ਪ੍ਰਾਣਾਯਾਮ

ਕ) ਧਿਆਨ

ਖ) ਸਮਾਧੀ

ਪਤੰਜਲੀ ਦੇ ਅਸ਼ਟਾਂਗ ਯੋਗ ਦੇ ਯਮ, ਨਿਯਮ ਅਤੇ ਧਾਰਨਾ – ਇਹ ਤਿੰਨ ਅੰਗ ਹਠ ਯੋਗ ਵਿਚ ਨਹੀਂ ਹਨ। ਇਹਨਾਂ ਦੀ ਥਾਂ ਖਟ ਕਰਮ ਅਤੇ ਮੁਦ੍ਰਾ ਇਹ ਦੋ ਨਵੇਂ ਅੰਗ ਜੋੜੇ ਗਏ ਹਨ।

ੳ) ਖਟਕਰਮ (ਸ਼ਟਕਰਮ): ਸ਼ਰੀਰ ਦੀ ਸ਼ੁੱਧੀ (ਕਾਯਾ ਸੋਧਨ) ਲਈ ਹਠ ਯੋਗੀਆਂ ਨੇ ਛੇ ਉਚੇਰੀਆਂ ਕ੍ਰਿਆਵਾਂ ਦਾ ਵਿਧਾਨ ਕੀਤਾ ਹੈ। ਇਹ ਛੇ ਕ੍ਰਿਆਵਾਂ ਇਹ ਹਨ:

i) ਧੋਤਿ

ii) ਬਸ੍ਤਿ

iii) ਨੇਤਿ

iv) ਨੋਲਕੀ (ਨੋਲਿ, ਨਿਊਲੀ)

v) ਤ੍ਰਾਟਕ

vi) ਕਪਾਲ ਭਾਤਿ

i) ਧੋਤਿ – 'ਧੋਤਿ' ਬਾਰੇ ਭਾਈ ਕਾਨ੍ਹ ਸਿੰਘ ਲਿਖਦੇ ਹਨ – "ਯੋਗ ਗ੍ਰੰਥਾਂ ਅਨੁਸਾਰ ਇਕ ਯੋਗ ਕ੍ਰਿਆ, ਜਿਸ ਦਾ ਪ੍ਰਕਾਰ ਇਹ ਹੈ – ਦੋ ਉਂਗਲ ਚੋੜਾ ਅਤੇ ਅਠ ਦਸ ਹਥ ਲੰਮਾ ਕਪੜਾ ਗਿੱਲਾ ਕਰਕੇ ਪਾਣੀ ਦੀ ਸਹਾਇਤਾ ਨਾਲ ਨਿਗਲਣਾ ਅਰ ਥੋੜਾ ਚਿਰ ਠਹਿਰ ਕੇ ਬਾਹਰ ਕੱਢਣਾ, ਇਸ ਤਰ੍ਹਾਂ ਕਰਨ ਨਾਲ ਅੰਤੜੀ ਦੀ ਮੈਲ ਦੂਰ ਹੁੰਦੀ ਹੈ, ਹਠ ਯੋਗ ਦੇ ਅਭਿਆਸੀ 'ਧੋਤਿ' ਵਰਤਦੇ ਹਨ।"[1]

---

1. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਖਟਕਰਮ (ਧੋਤਿ).
ਹੋਰ ਵਿਸਥਾਰ ਲਈ ਦੇਖੋ:
ੳ) 'ਹਠ ਯੋਗ ਪ੍ਰਦੀਪਿਕਾ', ਪੰਨੇ 9-13. ਅ) 'ਗੋਰਖ ਸੰਹਿਤਾ', ਪੰਨੇ 7-12.

ii) ਬਸਤਿ — ਭਾਈ ਕਾਨ੍ਹ ਸਿੰਘ ਦੇ ਅਨੁਸਾਰ — "ਅਸਤੀ ਨਾਭੀ ਤਕ ਪਾਣੀ ਵਿਚ ਬੈਠਕੇ ਛੀ ਉਂਗਲ ਦੀ ਲੰਮੀ ਉਂਗਲ ਜਿਤਨੀ ਮੋਟੀ ਬੇਝਾ ਬਾਂਸ ਦੀ ਨਲਕੀ ਲੈ ਕੇ ਚਾਰ ਉਂਗਲ ਗੁਦਾ ਵਿਚ ਚੜ੍ਹਾਉਣੀ ਅਤੇ ਪ੍ਰਾਣਾਂ ਦੇ ਬਲ ਨਾਲ ਉਸ ਰਾਹੀਂ ਜਲ ਖਿੱਚਕੇ ਅੰਤੜੀ ਸਾਫ਼ ਕਰਨੀ।"[1] ਹਠ ਯੋਗ ਦੇ ਸਾਧਕਾਂ ਲਈ 'ਬਸਤਿ ਕਰਮ' ਦਾ ਵਿਧਾਨ ਹਠ ਯੋਗ ਦੇ ਗ੍ਰੰਥਾਂ ਵਿਚ ਕੀਤਾ ਗਿਆ ਹੈ।

iii) ਨੇਤਿ — ਭਾਈ ਕਾਨ੍ਹ ਸਿੰਘ ਲਿਖਦੇ ਹਨ — "ਇਕ ਗਿਠ ਲੰਮਾ ਸੂਤ ਦਾ ਡੋਰਾ ਬਰੀਕ ਅਤੇ ਮੁਲਾਇਮ ਲੈਕੇ ਨੱਕ ਵਿਚ ਚੜ੍ਹਾਉਣਾ ਅਤੇ ਉਸਦਾ ਇਕ ਸਿਰਾ ਮੂੰਹ ਦੇ ਰਸਤੇ ਕੱਢਣਾ ਅਤੇ ਦੋਵੇਂ ਸਿਰੇ ਫੜਕੇ ਹੌਲੀ ਹੌਲੀ ਨੱਕ ਅਤੇ ਕੰਠ ਦੀ ਸਫਾਈ ਕਰਨੀ।"[2] ਕਾਯਾ ਸ਼ੋਧਨ ਲਈ ਇਸ 'ਨੇਤਿ ਕਰਮ' ਨੂੰ ਕੀਤਾ ਜਾਂਦਾ ਹੈ।

iv) ਨੌਲਕੀ — ਭਾਈ ਕਾਨ੍ਹ ਸਿੰਘ ਅਨੁਸਾਰ — "ਦੋਵੇਂ ਕੰਨ੍ਹੇ ਨੀਵੇਂ ਕਰਕੇ, ਪਿੱਠ ਦਾ ਬਲ ਛੱਡਕੇ ਸਿਧੇ ਬੈਠਣਾ, ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ ਉਪਰ ਹੇਠ ਇਸ ਤਰ੍ਹਾਂ ਚਲਾਇਮਾਨ ਕਰਨਾ ਜਿਵੇਂ ਮਧਾਣੀ ਦੇ ਫਿਰਨ ਤੋਂ ਮਟਕੇ ਵਿਚ ਦਹੀਂ ਦੀ ਹਾਲਤ ਹੁੰਦੀ ਹੈ।"[3] ਇਸ ਕ੍ਰਿਆ ਦਾ ਉਦੇਸ਼ ਸਰੀਰ ਦੀ ਸੁਧੀ ਹੈ ਅਤੇ ਇਸ ਸੁਧੀ ਉਤੇ ਹਠ ਯੋਗ ਦੇ ਗ੍ਰੰਥਾਂ ਵਿਚ ਬਹੁਤ ਜ਼ੋਰ ਦਿੱਤਾ ਗਿਆ ਹੈ।

v) ਤ੍ਰਾਟਕ — ਭਾਈ ਕਾਨ੍ਹ ਸਿੰਘ ਅਨੁਸਾਰ — "ਨੇਤਰਾਂ ਦੀ ਟਕ ਕਿਸੇ ਖ਼ਾਸ ਚਿੰਨ੍ਹ ਉਤੇ ਲਾਕੇ, ਉਸ ਵੇਲੇ ਤਾਈਂ ਇਕ ਰਸ ਦੇਖਦੇ ਰਹਿਣਾ, ਜਦੋਂ ਤਕ ਨੇਤਰਾਂ ਵਿਚ ਜਲ ਆ ਕੇ ਨਜ਼ਰ ਥਕ ਨਾ ਜਾਵੇ।"[4] 'ਤ੍ਰਾਟਕ ਕਰਮ' ਦੀ ਸਾਧਨਾ ਰਾਹੀਂ ਸਾਧਕ ਨੂੰ ਧਿਆਨ ਦੀ ਸਿਧੀ ਪ੍ਰਾਪਤ ਹੁੰਦੀ ਹੈ।

---

1. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਖਟਕਰਮ (ਬਸਤਿ).
   ਹੋਰ ਵਿਸਥਾਰ ਲਈ ਦੇਖੋ:
   ੳ) 'ਸਾਂਡਿਲਯ ਉਪਨਿਸ਼ਦ', ਪੰਨੇ 9-11.
   ਅ) 'ਗੋਰਖ ਸ਼ਤਕ', ਪੰਨੇ 7-11.
2. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਖਟਕਰਮ (ਨੇਤਿ).
   ਹੋਰ ਵਿਸਥਾਰ ਲਈ ਦੇਖੋ:
   ੳ) 'ਘੇਰੰਡ ਸੰਹਿਤਾ', ਪੰਨੇ 21-25.
   ਅ) 'ਸਿਧ ਸਿੱਧਾਂਤ ਪੱਧਤੀ', ਪੰਨੇ 9-11.
3. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਖਟਕਰਮ (ਨੌਲਕੀ).
4. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਖਟਕਰਮ (ਤ੍ਰਾਟਕ).
   ਵਿਸਥਾਰ ਲਈ ਦੇਖੋ:
   ੳ) 'ਗੋਰਖ ਸੰਹਿਤਾ, ਪੰਨੇ 15-16.
   ਅ) 'ਗੋਰਖ ਸ਼ਤਕ', ਪੰਨੇ 9-11.

ਚ) <u>ਕਪਾਲ ਭਾਤਿ</u> — ਮਹਾਨ ਕੋਸ਼ ਅਨੁਸਾਰ — "ਲੁਹਾਰ ਦੀ ਧੌਂਕਣੀ ਵਾਂਗ ਰੇਚਕ, ਪੂਰਕ ਦੇ ਅਭਿਆਸ ਨਾਲ ਪ੍ਰਾਣਾਂ ਨੂੰ ਛੇਤੀ ਛੇਤੀ ਚੜ੍ਹਾਉਣਾ ਅਤੇ ਉਤਾਰਨਾ।"[1] ਪ੍ਰਾਣਾਂ ਉਤੇ ਸਾਧਕ ਦਾ ਸੰਜਮ ਸਿਧ ਕਰਨ ਲਈ 'ਕਪਾਲ ਭਾਤਿ ਕਰਮ' ਦੀ ਸਾਧਨਾ ਕੀਤੀ ਜਾਂਦੀ ਹੈ।

ਸੁਆਮੀ ਗੰਗੇਸ਼ਵਰਾਨੰਦ ਜੀ ਨੇ ਹਠ ਯੋਗ ਦੇ ਸੱਤ ਅੰਗਾਂ ਬਾਰੇ ਵਿਸਥਾਰ ਨਾਲ ਵਿਚਾਰ ਕੀਤਾ ਹੈ ਅਤੇ ਇਹ ਚੇਤਾਵਨੀ ਦਿੱਤੀ ਹੈ ਕਿ ਇਸਦਾ ਅਭਿਆਸ ਕਿਸੇ ਅਨੁਭਵੀ ਅਤੇ ਯੋਗ ਗੁਰੂ ਦੀ ਦੇਖ-ਰੇਖ ਹੇਠ ਹੋਣਾ ਚਾਹੀਦਾ ਹੈ।[2]

ਅ) <u>ਆਸਣ:</u> ਪਤੰਜਲੀ ਦੀ ਆਸਣ ਸੰਬੰਧੀ ਦ੍ਰਿਸ਼ਟੀ ਤੋਂ ਥੋੜ੍ਹੀ ਭਿੰਨ ਹੈ ਹਠ ਯੋਗ ਦੀ ਆਸਣ ਸੰਬੰਧੀ ਦ੍ਰਿਸ਼ਟੀ ਅਤੇ ਸਾਧਨਾ। ਸਰੀਰ ਨੂੰ ਦ੍ਰਿੜ੍ਹ ਕਰਨ ਲਈ ਅਤੇ ਮਨ ਨੂੰ ਸਥਿਰ ਰੱਖਣ ਲਈ ਕਈ ਆਸਣਾਂ ਦਾ ਵਿਧਾਨ ਹਠ ਯੋਗੀਆਂ ਨੇ ਕੀਤਾ ਹੈ। ਸਿੱਧਾਂਤ ਦੇ ਰੂਪ ਵਿਚ ਜੀਵਾਂ ਦੀਆਂ ਜਿੰਨੀਆਂ ਜੂਨੀਆਂ ਹਨ, ਉਤਨੇ ਹੀ ਆਸਣ ਮਿਥੇ ਗਏ ਹਨ। ਇਸ ਤਰ੍ਹਾਂ ਚੌਰਾਸੀ ਲੱਖ ਆਸਣਾਂ ਦਾ ਉਲੇਖ ਹਠ ਯੋਗ ਦੇ ਗ੍ਰੰਥਾਂ ਵਿਚ ਮਿਲਦਾ ਹੈ।

ਪਰੰਤੂ ਕਿਹਾ ਜਾਂਦਾ ਹੈ ਕਿ ਸ਼ੰਕਰ ਭਗਵਾਨ ਨੇ 84 ਲੱਖ ਆਸਣਾਂ ਵਿਚੋਂ 84 ਆਸਣਾਂ ਨੂੰ ਮੁੱਖ ਮੰਨਿਆ ਹੈ। ਹਠ ਯੋਗੀਆਂ ਦਾ ਇਹ ਵੀ ਵਿਚਾਰ ਹੈ ਕਿ ਚੌਰਾਸੀ ਆਸਣਾਂ ਵਿਚੋਂ ਕੇਵਲ 33 ਆਸਣ ਬਹੁਤ ਲਾਭਦਾਇਕ ਹਨ। ਕੁਝ ਹਠ ਯੋਗੀ ਕੇਵਲ 4 ਆਸਣਾਂ ਨੂੰ ਮੁੱਖ ਮੰਨਦੇ ਹਨ ਅਤੇ ਸਿਧ ਆਸਣ ਨੂੰ ਸਰਬਸ੍ਰੇਸ਼ਟ ਕਹਿੰਦੇ ਹਨ।[3]

ੲ) <u>ਮੁਦ੍ਰਾ:</u> ਹਠ ਯੋਗ ਅਨੁਸਾਰ ਯੋਗ ਦੀਆਂ ਜਿਨ੍ਹਾਂ ਕ੍ਰਿਆਵਾਂ ਨਾਲ ਪ੍ਰਾਣਾਯਾਮ ਆਦਿ ਅੰਗਾਂ ਦੀ ਸਿੱਧੀ ਲਈ ਸਹਾਇਤਾ ਮਿਲਦੀ ਹੈ, ਉਹਨਾਂ ਕ੍ਰਿਆਵਾਂ ਨੂੰ 'ਮੁਦ੍ਰਾ' ਕਿਹਾ ਜਾਂਦਾ ਹੈ। 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਲਿਖਦੇ ਹਨ:

> "ਯੋਗ ਮੱਤ ਅਨੁਸਾਰ ਨਿਸ਼ਸਤ੍ਰ ਦੀ ਇੱਕ ਰੀਤਿ, ਇਸਦਾ ਨਾਮ ਮੁਦ੍ਰਾ ਇਸ ਲਈ ਹੈ ਕਿ ਇਹ ਕਲੇਸ਼ਾਂ ਨੂੰ ਮੁਦ ਦਿੰਦੀ ਹੈ।"[4]

---

1. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਖਟਕਰਮ (ਕਪਾਲ ਭਾਤਿ).
   ਵਿਸਥਾਰ ਲਈ ਦੇਖੋ:
   ੳ) 'ਨਿਰੰਜਨ ਪੁਰਾਣ', ਪੰਨੇ 7-9. ਅ) 'ਯੋਗ ਬੀਜ', ਪੰਨੇ 6-9.
2. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਖਟਕਰਮ (ਕਪਾਲ ਭਾਤਿ).
   ਵਿਸਥਾਰ ਲਈ ਦੇਖੋ:
   ੳ) 'ਯੋਗ ਬੀਜ', ਪੰਨਾ 9. ਅ) 'ਸਿਧ ਸਿੱਧਾਂਤ ਪੱਧਤੀ', ਪੰਨਾ 11.
3. ਦੇਖੋ: ਸੁਆਮੀ ਗੰਗੇਸ਼ਵਰਾਨੰਦ, ਵੇਦੋਂ ਮੇਂ ਯੋਗ, 'ਪਰਮਾਰਥ ਪਥ', ਪੰਨੇ 84-85.
4. ਦੇਖੋ: ਭਾਈ ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' (ਮੁਦ੍ਰਾ).

ਇਹਨਾਂ ਮੁਦ੍ਰਾਂ ਦੇ ਕਿੰਨੇ ਹੀ ਭੇਦ ਮੰਨੇ ਜਾਂਦੇ ਹਨ; ਮੁੱਖ ਭੇਦ ਇਹ ਹਨ – ਮਹਾਂ ਮੁਦ੍ਰਾ, ਨਭੋ ਮੁਦ੍ਰਾ, ਖੇਚਰੀ ਮੁਦ੍ਰਾ, ਅਤੇ ਸ਼ਾਂਭਵੀ ਮੁਦ੍ਰਾ।[1]

ਸ) <u>ਪ੍ਰਤਿਆਹਾਰ:</u> ਹਠ ਯੋਗ ਦਾ ਇਹ ਅੰਗ ਰਾਜ ਯੋਗ ਤੋਂ ਲਿਆ ਗਿਆ ਹੈ। ਇਸਦਾ ਵਿਵੇਚਨ ਪ੍ਰਸਤੁਤ ਸ਼ੋਧ-ਪ੍ਰਬੰਧ ਵਿਚ ਪਿੱਛੇ ਹੋ ਚੁੱਕਿਆ ਹੈ।[2]

ਹ) <u>ਪ੍ਰਾਣਾਯਾਮ:</u> ਪ੍ਰਾਣਾਯਾਮ ਬਾਰੇ ਹਠ ਯੋਗ ਅਤੇ ਰਾਜ ਯੋਗ ਦੇ ਸਿੱਧਾਂਤਿਕ ਗ੍ਰੰਥਾਂ ਵਿਚ ਬਹੁਤ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।[3] ਇਹ ਮੰਨਿਆ ਜਾਂਦਾ ਹੈ ਕਿ ਪ੍ਰਾਣਾਯਾਮ ਯੋਗ ਸਾਧਨਾ (ਭਾਵੇਂ ਇਹ ਸਾਧਨਾ ਹਠ ਯੋਗ ਦੀ ਹੋਵੇ ਭਾਵੇਂ ਰਾਜ ਯੋਗ ਦੀ) ਦਾ ਕੇਂਦਰ-ਬਿੰਦੂ ਪ੍ਰਾਣਾਯਾਮ ਹੈ। ਇਹ ਕਹਿਣਾ ਜ਼ਰੂਰੀ ਹੈ ਕਿ ਪ੍ਰਾਣਾਯਾਮ ਉੱਤੇ ਤੇ ਉਸਦੇ ਭੇਦਾਂ ਦੇ ਬਾਰੇ ਜਿੰਨੀ ਚਰਚਾ ਹਠ ਯੋਗ ਵਿਚ ਹੋਈ ਹੈ, ਉੱਨੀ ਰਾਜ ਯੋਗ ਦੇ ਗ੍ਰੰਥਾਂ ਵਿਚ ਨਹੀਂ ਮਿਲਦੀ। ਪ੍ਰਾਣਾਯਾਮ ਬਾਰੇ ਮਹਾਨ ਕੋਸ਼ ਵਿਚ ਲਿਖਿਆ ਹੈ :

> "ਯੋਗ ਦਾ ਚੌਥਾ ਅੰਗ, ਯੋਗ ਸੂਤਰ ਵਿਚ ਸ੍ਵਾਸ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵਸ ਕਰਨਾ ਪ੍ਰਾਣਾਯਾਮ ਹੈ। ਅਤ੍ਰੀ ਰਿਖੀ ਲਿਖਦਾ ਹੈ ਕਿ ਪ੍ਰਾਣ ਰੋਕ ਕੇ 'ਓਅੰ ਭੂਰ ਭੁਵ: ਸ੍ਵ:' ਸਹਿਤ ਤਿੰਨ ਵਾਰ ਗਾਇਤ੍ਰੀ ਦਾ ਜਪ ਕਰਨਾ, ਪ੍ਰਾਣਾਯਾਮ ਹੈ।"[4]

ਪਤੰਜਲ ਯੋਗ ਦੇ ਅਨੁਸਾਰ ਪ੍ਰਾਣਾਯਾਮ ਦੇ ਤਿੰਨ ਮੁੱਖ ਭੇਦ ਹਨ – ਪੂਰਕ, ਕੁੰਭਕ ਅਤੇ ਰੇਚਕ। ਹਠ ਯੋਗ ਦੇ ਅਨੁਸਾਰ ਪ੍ਰਾਣਾਯਾਮ ਦੇ ਅੱਠ ਭੇਦ ਹਨ – ਇਹਨਾਂ ਭੇਦਾਂ ਦਾ ਹੀ ਵਿਸਥਾਰ ਹਠ ਯੋਗ ਦੇਹਠ ਪ੍ਰਦੀਪਿਕਾ ਆਦਿ ਗ੍ਰੰਥਾਂ ਵਿਚ ਮਿਲਦਾ ਹੈ।

ਸੰਤ ਮਤ ਦੇ ਸਾਰੇ ਸਾਧਕਾਂ ਨੇ ਪ੍ਰਾਣਾਯਾਮ ਨੂੰ ਬਹੁਤ ਮਹੱਤਵਪੂਰਨ ਮੰਨਿਆ ਹੈ। ਕਬੀਰ ਤੋਂ ਲੈ ਕੇ ਸੁਆਮੀ ਵਿਵੇਕਾਨੰਦ ਤਕ ਸਾਰੇ ਸਾਧਕਾਂ ਨੇ ਪ੍ਰਾਣਾਯਾਮ ਨੂੰ ਅਧਿਆਤਮਕ ਸਾਧਨਾ ਦਾ ਮੁੱਖ ਤੱਤ ਸਵੀਕਾਰ

---

1. ਦੇਖੋ: ੳ) 'ਹਠ ਯੋਗ ਪ੍ਰਦੀਪਿਕਾ' ਪੰਨੇ 35-36.
   ਅ) 'ਗੋਰਖ ਸੂਤਰ', ਪੰਨੇ 17-21.
   ੲ) 'ਸਿੱਧ ਸਿਧਾਂਤ ਪੱਧਤੀ', ਪੰਨੇ 17-21.
2. ਦੇਖੋ: ੳ) 'ਘੇਰੰਡ ਸੰਹਿਤਾ', ਪੰਨੇ 41-44.
   ਅ) 'ਨਿਰੰਜਨ ਪੁਰਾਣ', ਪੰਨੇ 23-25.
   ੲ) 'ਗੋਰਖ ਸੰਹਿਤਾ', ਪੰਨੇ 38-40.
3. ਦੇਖੋ: ੳ) 'ਸਿੱਧ ਸਿਧਾਂਤ ਸੰਗ੍ਰਹਿ,' ਪੰਨੇ 51-61.
   ਅ) 'ਯੋਗ ਬੀਜ', ਪੰਨੇ 21-25.
   ੲ) 'ਗੋਰਖ ਸੰਹਿਤਾ', ਪੰਨੇ 17-21.
4. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' (ਪ੍ਰਾਣਾਯਾਮ).

ਕੀਤਾ ਹੈ। ਪ੍ਰਾਣਾਯਾਮ ਯੋਗ ਸਾਧਨਾ ਦਾ ਆਧਾਰ ਸਤੰਭ ਮੰਨਿਆ ਜਾਂਦਾ ਹੈ। ਹਠ ਯੋਗ ਅਤੇ ਰਾਜ ਯੋਗ ਦੇ ਗ੍ਰੰਥਾਂ ਵਿਚ ਇਸਦੀ ਬਹੁਤ ਮਹਿਮਾ ਦੱਸੀ ਗਈ ਹੈ। ਕਿਉਂਕਿ ਮਨ ਨੂੰ ਸੰਜਮ ਵਿਚ ਰੱਖਣ ਵਾਸਤੇ ਇਸਦਾ ਅਭਿਆਸ ਜ਼ਰੂਰੀ ਹੈ।

ਗ) <u>ਧਿਆਨ:</u> ਧਿਆਨ ਦਾ ਸੰਕਲਪ ਪਤੰਜਲੀ ਨੇ ਯੋਗ ਦਰਸ਼ਨ ਵਿਚ ਸਭ ਤੋਂ ਪਹਿਲਾਂ ਦਿੱਤਾ ਹੈ। ਉਹਨਾਂ ਦੇ ਪਿੱਛੋਂ ਤੰਤ੍ਰ ਯੋਗ ਅਤੇ ਯੋਗ ਦੇ ਹੋਰ ਭੇਦਾਂ ਵਿਚ ਧਿਆਨ ਨੂੰ ਉਚੇਰੀ ਥਾਂ ਦਿੱਤੀ ਗਈ ਹੈ। ਇੰਜ ਲੱਗਦਾ ਹੈ ਕਿ ਧਿਆਨ ਤੋਂ ਬਿਨਾ ਕੋਈ ਵੀ ਸਾਧਨਾ ਪੱਧਤੀ ਪੂਰਨ ਨਹੀਂ ਹੋ ਸਕਦੀ। ਇਸੇ ਲਈ ਹਰ ਇਕ ਸਾਧਕ ਨੇ ਜਾਂ ਹਰ ਇਕ ਭਗਤ ਨੇ ਧਿਆਨ ਰਾਹੀਂ ਆਪਣੇ ਉਦੇਸ਼ ਵਿਚ ਸਫਲਤਾ ਪ੍ਰਾਪਤ ਕੀਤੀ ਹੈ।[1]

ਹਠ ਯੋਗ ਦੇ ਪ੍ਰਾਚੀਨ ਗ੍ਰੰਥਾਂ ਵਿਚ ਧਿਆਨ ਬਾਰੇ ਬਹੁਤ ਵਿਸਤ੍ਰਿਤ ਚਰਚਾ ਮਿਲਦੀ ਹੈ।[2] ਬੋਧੀਆਂ ਅਤੇ ਜੈਨੀਆਂ ਨੇ ਵੀ ਆਪਣੇ ਗ੍ਰੰਥਾਂ ਵਿਚ ਧਿਆਨ ਨੂੰ ਇਕ ਮਹੱਤਵਪੂਰਨ ਥਾਂ ਦਿੱਤੀਹੈ।[3] ਇਸੇ ਤਰ੍ਹਾਂ ਸਿੱਧਾਂ ਅਤੇ ਨਾਥਾਂ ਦੀਆਂ ਪਰੰਪਰਾਵਾਂ ਵਿਚ ਵੀਧਿਆਨ ਨੂੰ ਯੋਗ ਸਾਧਨਾ ਦੇ ਇਕ ਮਹੱਤਵਪੂਰਨ ਅੰਗ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। 'ਅਰਵਿੰਦ' ਜਿਹੇ ਆਧੁਨਿਕ ਯੋਗੀਆਂ ਨੇ ਵੀ ਧਿਆਨ ਨੂੰ ਆਪਣੀ ਸਾਧਨਾ ਦੇ ਕੇਂਦਰ ਵਿਚ ਰਖਿਆ।[4] ਇਸ ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਪਤੰਜਲੀ ਤੋਂ ਲੈ ਕੇ ਆਧੁਨਿਕ ਯੁਗ ਤਕ ਯੋਗ ਸਾਧਨਾ ਦੇ ਅਨੇਕਾਂ ਸਾਧਕਾਂ ਨੇ ਧਿਆਨ ਨੂੰ ਆਪਣੀ ਸਾਧਨਾ ਪੱਧਤੀ ਲਈ ਇਕ ਮਹੱਤਵਪੂਰਨ ਤੱਤ ਜਾਂ ਅੰਗ ਦੇ ਰੂਪ ਵਿਚ ਸਵੀਕਾਰ ਕੀਤਾ ਹੈ।[5] ਧਿਆਨ ਦੀ ਇਸ ਮਹਿਮਾ ਨੂੰ ਮੁਖ ਰਖ ਕੇ ਕੁਝ ਯੋਗੀਆਂ ਨੇ 'ਧਿਆਨ ਯੋਗ' ਦੀ ਵੀ ਕਲਪਨਾ ਕੀਤੀ ਹੈ। ਇਸ ਤਰ੍ਹਾਂ ਧਿਆਨ ਯੋਗ ਦੇ ਇਕ ਅੰਗ ਤੋਂ ਅਗਾਂਹ ਵਧ ਕੇ ਇਕ ਪੂਰਨ

---

1. ਦੇਖੋ: ੳ) 'ਸਿੱਧ ਸਿਧਾਂਤ ਪੱਧਤੀ' ਪੰਨੇ 17-21.
   ਅ) 'ਗੋਰਖ ਸੰਹਿਤਾ', ਪੰਨੇ 25-31.
   ੲ) 'ਨਿਰੰਜਨ ਪੁਰਾਣ', ਪੰਨੇ 21-28.
   ਸ) 'ਘੇਰੰਡ ਸੰਹਿਤਾ', ਪੰਨੇ 17-21.
2. ਦੇਖੋ: ੳ) 'ਘੇਰੰਡ ਸੰਹਿਤਾ', ਅਧਿਆਇ 7, ਸ਼ਲੋਕ 51.
   ਅ) 'ਧਿਆਨ ਬਿੰਦੂ ਉਪਨਿਸ਼ਦ', ਅਧਿਆਇ 6, ਸ਼ਲੋਕ 5.
   ੲ) 'ਯੋਗ ਕੁੰਡਲੀ ਉਪਨਿਸ਼ਦ', ਅਧਿਆਇ 2, ਸ਼ਲੋਕ 51.
3. ਦੇਖੋ: ੳ) 'ਅੰਗੁੱਤਰ-ਨਿਕਾਯ' (ਸੰਪਾ. ਡਾ. ਭਟਾਚਾਰੀਆ), ਪੰਨੇ 711-712.
   ਅ) ਰਾਮਦਾਸ, ਸਮਾਧਿ ਯੋਗ 'ਪਰਮਾਰਥ ਪਥ', ਪੰਨਾ 502.
4. Arvinda, <u>Divine Life</u>, Vol. I, p. 161.
5. Yoganand, <u>Autobiography of a Yogi</u>, pp. 51-65.

ਅਤੇ ਸੁਤੰਤਰ ਯੋਗ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ।[1]

ਧਿਆਨ ਦੇ ਪ੍ਰਕਾਰ: ਧਿਆਨ ਦੇ ਸਾਧਨਾ ਦੀ ਦ੍ਰਿਸ਼ਟੀ ਤੋਂ ਕਈ ਪ੍ਰਕਾਰ ਮੰਨੇ ਗਏ ਹਨ। ਹਠਯੋਗ[2] ਦੇ ਕੁਝ ਗ੍ਰੰਥਾਂ ਵਿਚ ਧਿਆਨ ਦੇ ਤਿੰਨ ਮੁਖ ਭੇਦ ਦਸੇ ਗਏ ਹਨ:

i) ਸਥੂਲ ਧਿਆਨ  ii) ਜੋਤੀ ਧਿਆਨ  iii) ਸੂਖਮ ਧਿਆਨ

'ਸਿੱਧ ਸਿੱਧਾਂਤ ਪੱਧਤੀ', 'ਗੋਰਖ ਸ਼ਤਕ' ਆਦਿ ਗ੍ਰੰਥਾਂ ਵਿਚ 'ਖਟ ਚਕ੍ਰ ਧਿਆਨ' ਦਾ ਵਿਸਥਾਰ ਵੀ ਦਿੱਤਾ ਗਿਆ ਹੈ ਅਤੇ ਵੱਖਰੇ ਵੱਖਰੇ ਚਕ੍ਰਾਂ ਧਿਆਨ ਲਗਾਉਣ ਦੇ ਵੱਖਰੇ ਵੱਖਰੇ ਫਲਾਂ ਦਾ ਉਲੇਖ ਵੀ ਇਹਨਾਂ ਗ੍ਰੰਥਾਂ ਵਿਚ ਮਿਲਦਾ ਹੈ।[3]

ਇਸੇ ਤਰ੍ਹਾਂ ਤੰਤ੍ਰ ਸ਼ਾਸਤ੍ਰ[4] ਵਿਚ ਵੀ ਧਿਆਨ ਦੇ ਤਿੰਨ ਪ੍ਰਕਾਰ ਇਸ ਤਰ੍ਹਾਂ ਦਰਸਾਏ ਗਏ ਹਨ:

i) ਧਿਆਨ-ਧਿਆਨ  ii) ਓਂਕਾਰ ਧਿਆਨ  iii) ਸੋਹੰ ਧਿਆਨ

ਹਠ ਯੋਗ ਦੇ ਧਿਆਨ ਸੰਬੰਧੀ ਇਸ ਪ੍ਰਚੀਨ ਵਿਵੇਚਨ ਵਿਸ਼ਲੇਸ਼ਣ ਤੋਂ ਪਤਾ ਚਲਦਾ ਹੈ ਕਿ ਧਿਆਨ ਨੂੰ ਯੋਗ ਸਾਧਨਾ ਦਾ ਇਕ ਉੱਚਾ ਅਤੇ ਮਹੱਤਵਪੂਰਨ ਅੰਗ ਮੰਨਿਆ ਜਾਂਦਾ ਰਿਹਾ ਹੈ।

ਅ) ਸਮਾਧੀ: ਸਮਾਧੀ ਰਾਜ ਯੋਗ ਦਾ ਅੰਤਿਮ ਕਰਮ ਹੈ। ਇਸ ਲਈ ਪਤੰਜਲੀ ਨੇ ਯੋਗ ਦੀ ਪੂਰੀ ਪ੍ਰਕ੍ਰਿਆ ਰਾਹੀਂ ਸਮਾਧੀ ਦੀ ਅਵਸਥਾ ਨੂੰ ਪ੍ਰਾਪਤ ਕਰਨ ਦਾ ਉਲੇਖ ਕੀਤਾ ਹੈ। ਹਠ ਯੋਗ ਵਿਚ ਸਮਾਧੀ ਨੂੰ ਇਤਨਾ ਮਹੱਤਵਪੂਰਨ ਸਥਾਨ ਨਹੀਂ ਦਿੱਤਾ ਗਿਆ। ਸਮਾਧੀ ਦੀ ਥਾਂ ਹਠ ਯੋਗ ਵਿਚ ਗਗਨ ਮੰਡਲ (ਦਸਮ ਦੁਆਰ) ਤਕ ਪ੍ਰਾਣ ਨੂੰ ਪੁਚਾ ਦੇਣਾ ਆਮ ਤੌਰ ਤੇ ਹਠ ਯੋਗ ਦਾ ਟੀਚਾ ਮੰਨਿਆ ਜਾਂਦਾ ਹੈ।[5]

---

1. ਦੇਖੋ: ਹਨੂਮਾਨ ਪ੍ਰਸਾਦ ਪੋਦਾਰ, ਧਿਆਨ ਯੋਗ, 'ਪਰਮਾਰਥ ਪਥ', ਪੰਨੇ 453-467.
2. 'ਸਿੱਧ ਸਿੱਧਾਂਤ ਪੱਧਤੀ' ਅਧਿਆਇ 1, ਸ਼ਲੋਕ 18.
3. ਦੇਖੋ: ਪ੍ਰੋ. ਮਾਜੂਮਦਾਰ, ਤ੍ਰਿਵਿਧ ਯੋਗ, 'ਪਰਮਾਰਥ ਪਥ', ਪੰਨੇ 640-647.
4. 'ਯੋਗ ਕੁੰਡਲੀ ਉਪਨਿਸ਼ਦ', ਅਧਿਆਇ 2, ਸ਼ਲੋਕ 32.
5. ਦੇਖੋ: ੳ) 'ਸਿੱਧ ਸਿੱਧਾਂਤ ਪੱਧਤੀ', ਪੰਨੇ 17-21.
   ਅ) 'ਗੋਰਖ ਸੰਹਿਤਾ', ਪੰਨੇ 25-31.
   ੲ) 'ਨਿਰੰਜਨ ਪੁਰਾਣ', ਪੰਨੇ 21-28.
   ਸ) 'ਘੇਰੰਡ ਸੰਹਿਤਾ', ਪੰਨੇ 17-22.

ਹਠ ਯੋਗ ਦੇ ਕੁਝ ਗ੍ਰੰਥਾਂ ਵਿਚ ਸਮਾਧੀ ਬਾਰੇ ਜੋ ਵਰਣਨ ਮਿਲਦਾ ਹੈ , ਉਸ ਤੋਂ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਹਠ ਯੋਗੀਆਂ ਦੀ ਸਮਾਧੀ ਕੋਈ ਉਚ ਪੱਧਰੀ ਅਧਿਆਤਮਕ ਸਥਿਤੀ ਨਹੀਂ ਹੈ। ਗੋਪੀ ਨਾਥ ਕਵਿਰਾਜ[1] ਵਰਗੇ ਸਾਧਕਾਂ ਨੇ ਇਹ ਸਪਸ਼ਟ ਕੀਤਾ ਹੈ ਕਿ ਰਾਜ ਯੋਗ ਰਾਹੀਂ ਪ੍ਰਾਪਤ ਸਮਾਧੀ ਦੀ ਸਥਿਤੀ ਆਤਮਾ ਦੇ ਚੇਤੰਨ ਰੂਪ ਦੀ ਪ੍ਰਾਪਤੀ ਹੈ। ਇਸ ਲਈ ਇਸ ਨੂੰ ਚੇਤੰਨ ਸਮਾਧੀ ਕਿਹਾ ਜਾਂਦਾ ਹੈ। ਇਸ ਤੋਂ ਵਿਪਰੀਤ ਹਠ ਯੋਗ ਦੀ ਸਮਾਧੀ ਸੁੱਤੇ ਪਏ ਮਨੁੱਖ ਦੇ ਚਿਤ ਦੀ ਸਥਿਤੀ ਵਾਂਗ ਹੈ। ਭਾਵ ਇਹ ਹੈ ਕਿ ਹਠ ਯੋਗ ਰਾਹੀਂ ਚਿਤ ਦੀਆਂ ਵਿਰਤੀਆਂ ਨੂੰ ਨਿਯੰਤ੍ਰਣ ਵਿਚ ਤਾਂ ਕੀਤਾ ਜਾ ਸਕਦਾ ਹੈ ਪਰ ਉਹਨਾਂ ਨੂੰ ਕਿਸੇ ਉਚੇ (ਆਤਮ ਗਿਆਨ) ਆਦਰਸ਼ ਵਲ ਨਹੀਂ ਪ੍ਰੇਰਿਆ ਜਾ ਸਕਦਾ। ਇਸ ਲਈ ਹਠ ਯੋਗ ਦੀਸਮਾਧੀ ਨੂੰ 'ਮੂੜ੍ਹ ਸਮਾਧੀ'[2] ਕਿਹਾ ਜਾਂਦਾ ਹੈ।

## ਹਠ ਯੋਗ ਅਤੇ ਰਾਜ ਯੋਗ ਵਿਚ ਮੁਖ ਅੰਤਰ

ਯੋਗ ਦੇ ਇਹਨਾਂ ਅੰਗਾਂ ਦਾ ਵੇਰਵਾ ਯੋਗ ਸ਼ਾਸਤ੍ਰ ਦੇ ਅਨੇਕ ਗ੍ਰੰਥਾਂ ਵਿਚ ਮਿਲਦਾ ਹੈ। ਹਠ ਯੋਗ ਦੇ ਸਾਧਕਾਂ ਨੇ ਰਾਜ ਯੋਗ ਦੀ ਪੂਰੀ ਪੱਧਤੀ ਅਪਣਾਈ ਹੈ। 'ਯਮ', 'ਨਿਯਮ' ਆਦਿ ਅੱਠੇ ਸਾਧਨਾਂ ਨੂੰ ਉਹਨਾਂ ਨੇ ਸਵੀਕਾਰ ਕੀਤਾ ਹੈ। ਇਹਨਾਂ ਦੋਹਾਂ ਪ੍ਰਣਾਲੀਆਂ ਵਿਚ ਮੁੱਖ ਅੰਤਰ ਇਹ ਹਨ:

1) ਰਾਜ ਯੋਗੀ 'ਯਮ', 'ਨਿਯਮ' ਅਤੇ 'ਆਸਣ' ਆਦਿ ਸਾਧਨਾਂ ਰਾਹੀਂ ਕਾਯਾ ਸ਼ੁੱਧੀ ਉੱਤੇ ਬਲ ਦਿੰਦਾ ਹੈ। ਭਾਵ ਇਹ ਹੈ ਕਿ ਰਾਜ ਯੋਗੀ ਦੀ ਦ੍ਰਿਸ਼ਟੀ ਵਿਚ 'ਯਮ',' ਨਿਯਮ' ਆਦਿ ਕੇਵਲ ਸਾਧਨ ਹਨ ਅਤੇ ਇਹਨਾਂ ਦਾ ਸਾਧਯ (ਲਕਸ਼ ਜਾਂ ਉਦੇਸ਼) ਹੈ ਸਮਾਧੀ।

ਇਸ ਤੋਂ ਵਿਪਰੀਤ ਹਠ ਯੋਗੀ 'ਯਮ', 'ਨਿਯਮ' ਅਤੇ 'ਆਸਣ' ਆਦਿ ਸਾਧਨਾ ਉੱਤੇ ਵੀ ਬਹੁਤ ਬਲ ਦਿੰਦੇ ਹਨ। 84 ਆਸਣਾਂ ਅਤੇ 'ਯਮ', 'ਨਿਯਮ' ਦੇ ਅਨੇਕ ਭੇਦਾਂ ਦੀ ਸਿਰਜਣਾ ਉਹਨਾਂ ਨੇ ਇਸੇ ਦ੍ਰਿਸ਼ਟੀ ਤੋਂ ਕੀਤੀ ਹੈ। ਉਹਨਾਂ ਦਾ ਮੰਤਵ ਸਰੀਰ ਨੂੰ ਕਮਾਉਣਾ ਵਧੇਰੇ ਹੈ। ਉਹਨਾਂ ਨੇ ਸਰੀਰ ਨੂੰ ਮੰਦਰ ਦੱਸਿਆ ਹੈ ਅਤੇ ਇਸ ਵਿਚ 'ਬ੍ਰਹਮ' ਦੀ ਮੂਰਤੀ ਸਥਾਪਿਤ ਕਰਨ ਦੀ ਪ੍ਰੇਰਨਾ ਦਿੱਤੀ ਹੈ।[3]

---

1. ਦੇਖੋ: ਗੋਪੀ ਨਾਥ ਕਵਿਰਾਜ, ਯੋਗ ਤਥਾ ਯੋਗ ਵਿਭੂਤਿ, 'ਪਰਮਾਰਥ ਪਥ', ਪੰਨੇ 732-742.
2. ਪ੍ਰੋ. ਮਾਜੂਮਦਾਰ, ਤ੍ਰਿਵਿਧ ਯੋਗ, 'ਪਰਮਾਰਥ ਪਥ', ਪੰਨਾ 645.
3. ਦੇਖੋ:
   ੳ) ਦਾਮੋਦਰ ਸ਼ਾਸਤ੍ਰੀ, ਯੋਗ ਤਤ੍ਵ, 'ਪਰਮਾਰਥ ਪਥ', ਪੰਨਾ 36.
   ਅ) ਜਯ ਦਯਾਲ, ਅਸ਼ਟਾਂਗ ਯੋਗ, 'ਪਰਮਾਰਥ ਪਥ', ਪੰਨਾ 45.
   ੲ) ਬਾਲ ਕ੍ਰਿਸ਼ਨ, ਰਾਜ ਯੋਗ, 'ਪਰਮਾਰਥ ਪਥ', ਪੰਨਾ 51.

ii) ਰਾਜ ਯੋਗੀ ਕਾਇਆ ਸ਼ੁੱਧੀ ਉੱਤੇ ਇਤਨਾ ਬਲ ਨਹੀਂ ਦਿੰਦੇ। ਉਹਨਾਂ ਦਾ ਉਦੇਸ਼ ਸਥੂਲ ਸ਼ੁੱਧੀ ਤੋਂ ਉੱਚਾ ਉਠਕੇ ਭਾਵਾਂ ਅਤੇ ਵਿਚਾਰਾਂ ਦੀ ਸ਼ੁੱਧੀ ਉੱਤੇ ਅਧਿਕ ਬਲ ਦੇਣਾ ਹੈ। ਉਹਨਾਂ ਦਾ ਮੰਤਵ ਹੈ ਕਿ ਪਵਿੱਤਰ ਵਿਚਾਰ ਮਨ ਨੂੰ ਵਧੇਰੇ ਪਵਿੱਤਰ ਬਣਾ ਸਕਦੇ ਹਨ। ਆਸਣ ਆਦਿ ਨਾਲ ਇਤਨਾ ਲਾਭ ਨਹੀਂ ਹੋ ਸਕਦਾ।

ਹਠ ਯੋਗੀ 'ਯਮ', 'ਨਿਯਮ', 'ਆਸਣ' ਆਦਿ ਤੋਂ ਇਲਾਵਾ ਕਾਇਆ ਸ਼ੁੱਧੀ ਲਈ 'ਨੇਤੀ' ਅਤੇ 'ਧੋਤੀ' ਆਦਿ ਕ੍ਰਿਆਵਾਂ ਨੂੰ ਵੀ ਅਪਣਾਉਂਦੇ ਹਨ। ਰਾਜ ਯੋਗ ਵਿਚ ਇਹਨਾਂ ਲਈ ਕੋਈ ਥਾਂ ਨਹੀਂ ਹੈ।[1]

iii) ਰਾਜ ਯੋਗ ਦਾ ਉਦੇਸ਼ ਸਮਾਧੀ ਅਵਸਥਾ ਦੀ ਪ੍ਰਾਪਤੀ ਹੈ। ਆਪਣੇ ਪ੍ਰਭੂ ਨਾਲ ਇਕਮਿਕ ਹੋ ਜਾਣਾ, ਉਹਨਾਂ ਦਾ ਮਹਾਨ ਸੰਕਲਪ ਹੈ।

ਇਸ ਤੋਂ ਵਿਪਰੀਤ ਹਠ ਯੋਗੀ ਕਾਇਆ ਸ਼ੁੱਧੀ ਰਾਹੀਂ ਮਨ ਦੀਆਂ ਅਨੇਕ ਸ਼ਕਤੀਆਂ ਦੀ ਪ੍ਰਾਪਤੀ ਆਪਣਾ ਮੁੱਖ ਉਦੇਸ਼ ਸਵੀਕਾਰ ਕਰਦੇ ਹਨ। ਇਹਨਾਂ ਸ਼ਕਤੀਆਂ ਨੂੰ ਆਮ ਤੌਰ ਤੇ ਸਿੱਧੀਆਂ ਵੀ ਕਿਹਾ ਜਾਂਦਾ ਹੈ। ਰਾਜ ਯੋਗੀ ਇਹਨਾਂ ਸਿਧੀਆਂ ਨੂੰ ਸਾਧਨਾ ਦੇ ਮਾਰਗ ਵਿਚ ਜਾਂ ਸਮਾਧੀ ਦੀ ਅਵਸਥਾ ਲਈ ਕੇਵਲ ਵਿਘਨ ਮਾਤ੍ਰ ਮੰਨਦਾ ਹੈ।

iv) ਹਠ ਯੋਗੀਆਂ ਨੇ ਮਨੁੱਖੀ ਸਰੀਰ ਦੇ ਅੰਦਰ ਕਈ ਕਮਲਾਂ ਅਤੇ ਚੱਕਰਾਂ ਦੀ ਹੋਂਦ ਦੱਸੀ ਹੈ। ਇਹਨਾਂ ਚੱਕਰਾਂ ਅਤੇ ਕਮਲਾਂ ਦਾ ਵੇਰਵਾ ਹਠ ਯੋਗ ਦੇ ਗ੍ਰੰਥਾਂ ਵਿਚ ਮਿਲਦਾ ਹੈ ਪਰੰਤੂ ਰਾਜ ਯੋਗ ਵਿਚ ਇਹਨਾਂ ਚੱਕਰਾਂ ਜਾਂ ਕਮਲਾਂ ਦਾ ਕੋਈ ਉਲੇਖ ਨਹੀਂ ਮਿਲਦਾ।[2]

v) ਹਠ ਯੋਗੀਆਂ ਅਨੁਸਾਰ ਸਰੀਰ ਦੇ ਨੌਂ ਦਰਵਾਜ਼ੇ ਹਨ ਅਤੇ ਦੱਸਵਾਂ ਦਰਵਾਜ਼ਾ 'ਸੁੰਨ ਮਹਿਲ' ਜਾਂ 'ਦਸਮ ਦੁਆਰ' ਕਿਹਾ ਜਾਂਦਾ ਹੈ। ਇਹ ਸਾਰੀ ਚਰਚਾ ਹਠ ਯੋਗੀਆਂ ਦੀ ਆਪਣੀ ਮਿਥੀ ਹੋਈ ਹੈ। ਰਾਜ ਯੋਗ ਵਿਚ ਇਸ ਲਈ ਕੋਈ ਥਾਂ ਨਹੀਂ।[3]

vi) ਹਠ ਯੋਗੀ 'ਕੁੰਡਲਿਨੀ' ਸ਼ਕਤੀ ਅਤੇ ਉਸਦੇ ਜਗਾਉਣ ਨੂੰ ਬਹੁਤ ਮਹੱਤਵਪੂਰਨ ਮੰਨਦੇ ਹਨ। ਸਰੀਰ ਦੇ ਸਾਰੇ ਕਮਲਾਂ, ਚੱਕਰਾਂ ਨੂੰ ਵਿੰਨ੍ਹਦੀ ਹੋਈ ਇਹ ਸ਼ਕਤੀ ਦਸਮ ਦੁਆਰ' ਤੇ ਪੁਜਦੀ ਹੈ ਅਤੇ ਹਠ ਯੋਗੀ ਲਈ ਇਹ ਉਸਦੀ ਸਭ ਤੋਂ ਵੱਡੀ ਸਫਲਤਾ ਮੰਨੀ ਜਾਂਦੀ ਹੈ। ਰਾਜ ਯੋਗ ਵਿਚ ਕੁੰਡਲਨੀ ਸ਼ਕਤੀ ਨੂੰ ਸਵੀਕਾਰ ਨਹੀਂ ਕੀਤਾ ਗਿਆ।[4]

---

1. ਦੇਖੋ: ੳ) ਦਾਮੋਦਰ, ਸੰਪੂਰਣ ਯੋਗ, 'ਪਰਮਾਰਥ ਪਥ', ਪੰਨੇ 206-207.
   ਅ) ਤਾਰਾ ਚੰਦ, ਯੋਗ ਵਿਗਿਆਨ, 'ਪਰਮਾਰਥ ਪਥ', ਪੰਨੇ 231,235.
   ੲ) ਨਿਤਯਾਨੰਦ, ਯੋਗ ਸ਼ਾਸਤ੍ਰ ਕੇ ਦਾਰਸ਼ਨਿਕ ਸਿੱਧਾਂਤ, 'ਪਰਮਾਰਥ ਪਥ', ਪੰਨੇ 239,241.
2. ਗੋਪੀ ਨਾਥ ਕਵਿਰਾਜ, ਯੋਗ ਕਾ ਵਿਸ਼ੁਧ ਪਰਿਚਯ, 'ਪਰਮਾਰਥ ਪਥ', ਪੰਨੇ 53-56.
3. ਜਯ ਦਯਾਲ, ਅਸ਼ਟਾਂਗ ਯੋਗ, 'ਪਰਮਾਰਥ ਪਥ,' ਪੰਨੇ 45-48;
4. ਦਾਮੋਦਰ ਸ਼ਾਸਤ੍ਰੀ, ਯੋਗ ਤਤ੍ਵ ਮੀਮਾਂਸਾ, 'ਪਰਮਾਰਥ ਪਥ', ਪੰਨੇ 36-38;

ਵ113 ਹਠ ਯੋਗੀਆਂ ਨੇ ਰੀੜ ਦੀ ਹੱਡੀ ਨਾਲ ਤਿੰਨ ਨਾੜੀਆਂ ਦਾ ਉਲੇਖ ਕੀਤਾ ਹੈ। ਇਹਨਾਂ ਨਾੜੀਆਂ ਦੇ ਨਾਂ ਹਨ —'ਇੜਾ', 'ਪਿੰਗਲਾ' ਅਤੇ 'ਸੁਖਮਨਾ'। ਪਤੰਜਲੀ ਅਤੇ ਉਸਦੇ ਵਿਆਖਿਆਕਾਰ ਮਹਾਂਰਿਸ਼ੀ ਵਿਆਸ ਨੇ ਇਹਨਾਂ ਨਾੜੀਆਂ ਦਾ ਉਲੇਖ ਨਹੀਂ ਕੀਤਾ।

ਇਉਂ ਜਾਪਦਾ ਹੈ ਕਿ ਰਾਜ ਯੋਗ ਦੀ ਰੁਖੀ ਸੁਖੀ ਸਾਧਨਾ ਪੱਧਤੀ ਤੋਂ ਪਰੇ ਹਟ ਕੇ ਸਿੱਧੀਆਂ ਦੀ ਪ੍ਰਾਪਤੀ ਲਈ ਜਿਹੜਾ ਮਾਰਗ ਹਠ ਯੋਗੀਆਂ ਨੇ ਚੁਣਿਆ, ਉਹ ਮਾਰਗ ਪਤੰਜਲੀ ਅਤੇ ਉਸਦੇ ਮਹਾਨ ਵਿਆਖਿਆਕਾਰ ਵਿਆਸ ਦੇ ਸਿੱਧਾਂਤ ਨਾਲ ਮੇਲ ਨਹੀਂ ਖਾਂਦਾ। ਇਹੋ ਕਾਰਨ ਹੈ ਕਿ ਅੱਗੇ ਚਲ ਕੇ ਹਠ ਯੋਗ ਨਾਲ ਤੰਤ੍ਰ ਮੰਤ੍ਰ, ਜਾਦੂ ਟੂਣਾ, ਭੂਤ ਪ੍ਰੇਮ, ਜੰਤ੍ਰ ਤਾਵੀਜ਼ ਆਦਿ ਮਿਥਿਆ ਵਿਸ਼ਵਾਸਾਂ ਦੀ ਲੰਮੀ ਪਰੰਪਰਾ ਸ਼ੁਰੂ ਹੋਈ। ਅਗਿਆਨ ਦੇ ਕਾਰਨ ਬਹੁਤ ਸਾਰੇ ਲੋਕ ਇਹਨਾਂ ਵੱਲ ਝੁਕੇ ਅਤੇ ਇਹਨਾਂ ਲਈ ਮਠਾਂ, ਮੰਦਿਰਾਂ, ਸਮਾਧਾਂ ਆਦਿ ਦੇ ਰੂਪ ਵਿਚ ਬਹੁਤ ਰੁਪਿਆ ਪੈਸਾ ਅਤੇ ਜਾਇਦਾਦਾਂ ਸਥਾਪਿਤ ਕੀਤੀਆਂ। ਦੂਜੇ ਸ਼ਬਦਾਂ ਵਿਚ ਇਹਨਾਂ ਹਠ ਯੋਗੀਆਂ ਨੇ ਸਿੱਧੀਆਂ ਦੀ ਆੜ ਲੈ ਕੇ ਆਪਣੇ ਆਪ ਨੂੰ ਈਸ਼ਵਰ ਜਾਂ ਈਸ਼ਵਰ ਤੁਲ ਸਿੱਧ ਕੀਤਾ ਅਤੇ ਆਪਣੇ ਹਲਵੇ ਮੰਡੇ ਦਾ ਪੂਰਾ ਅਤੇ ਪੱਕਾ ਪ੍ਰਬੰਧਕੀਤਾ।

ਭਾਵ ਇਹ ਹੈ ਕਿ ਭਾਰਤੀ ਸਾਧਨਾ ਪੱਧਤੀ ਦੀ ਪਰੰਪਰਾ ਵਿਚ 'ਨਾੜੀ-ਚਕ੍ਰ-ਕਮਲ ਸਾਧਨਾ' ਦਾ ਵਿਕਾਸ ਹਠ ਯੋਗ ਦੀ ਪੱਧਤੀ ਰਾਹੀਂ ਹੋਇਆ ਹੈ। ਹਠ ਯੋਗੀਆਂ ਦੇ ਅਨੁਸਾਰ ਕਾਇਆ ਸੁਧੀ ਸਾਧਨਾ ਦੀ ਪਹਿਲੀ ਪਉੜੀ ਹੈ। ਇਸ ਤੋਂ ਪਿੱਛੋਂ ਸਥੂਲ ਸਰੀਰ ਦੇ ਅੰਦਰ ਵਿਦਮਾਨ ਤਿੰਨ ਨਾੜੀਆਂ, ਕੁੰਡਲਿਨੀ, ਛੇ ਚਕ੍ਰਾਂ, ਸੋਲਾਂ ਕਮਲਾਂ ਦੀ ਸਾਧਨਾ ਹਠ ਯੋਗ ਦੇ ਅਨੁਸਾਰ ਕੀਤੀ ਜਾਂਦੀ ਹੈ। ਇਸ ਲਈ ਹਠ ਯੋਗ ਦੀ ਪੂਰੀ ਦ੍ਰਿਸ਼ਟੀ ਅਤੇ ਪੱਧਤੀ ਨੂੰ ਸਪੱਸ਼ਟ ਕਰਨ ਲਈ 'ਨਾੜੀ-ਚਕ੍ਰ-ਕਮਲ ਸਾਧਨਾ' — ਇਹ ਨਾਂ ਦਿੱਤਾ ਜਾਂਦਾ ਹੈ।

## II ਪ੍ਰਾਣ-ਸੰਗਲੀ ਵਿਚ ਅਧਿਆਤਮਕ ਸਾਧਨਾ ਦਾ ਸਰੂਪ

ਪ੍ਰਾਣ-ਸੰਗਲੀ ਦਾ ਵਰਤਮਾਨ ਰੂਪ ਪੰਜਾਬ ਦੇ ਅਧਿਆਤਮਕ ਸਾਹਿਤ ਦੇ ਖੇਤਰ ਵਿਚ ਇਕ ਉਲੇਖਣੀਯ ਰਚਨਾ ਹੈ ਕਿਉਂਕਿ ਪ੍ਰਾਣ-ਸੰਗਲੀ ਹੀ ਪੰਜਾਬ ਦੀ ਇਕੋ ਇਕ ਇਹੋ ਜਿਹੀ ਰਚਨਾ ਹੈ ਜਿਸ ਵਿਚ ਭਾਰਤੀ ਸਾਧਨਾ ਪੱਧਤੀ ਦੇ ਵਖਰੇ ਵਖਰੇ ਰੂਪਾਂ ਦਾ ਵੇਰਵਾ ਮਿਲਦਾ ਹੈ। ਇਸ ਦੇ ਨਾਲ ਨਾਲ ਭਾਰਤੀ ਸਾਧਨਾ ਅਤੇ ਚਿੰਤਨ ਪੱਧਤੀ ਦਾ ਵੈਰਾਗ ਭਾਵ ਅਤੇ ਅਦ੍ਵੈਤ ਦ੍ਰਿਸ਼ਟੀ ਦਾ ਵੀ ਕਾਫੀ ਵਿਸਥਾਰ ਪ੍ਰਾਣ-ਸੰਗਲੀ ਵਿਚ ਮਿਲਦਾ ਹੈ। ਅਸ਼ਟਾਂਗ ਯੋਗ ਦੇ ਮੁਖ ਤੱਤ ਅਤੇ ਹਠ ਯੋਗ ਦੀ ਨਾੜੀ-ਚਕ੍ਰ-ਕਮਲ ਸਾਧਨਾ ਪੱਧਤੀ ਨੂੰ ਵੀ ਪ੍ਰਾਣ-ਸੰਗਲੀ ਵਿਚ ਬਹੁਤ ਵਿਸਥਾਰ ਨਾਲ ਉਲੀਕਿਆ ਗਿਆ ਹੈ। ਭਾਵ ਇਹ ਹੈ ਕਿ ਭਾਰਤੀ ਚਿੰਤਨਧਾਰਾ ਅਤੇ ਸਾਧਨਾ ਪੱਧਤੀ ਦਾ ਚਿਤਰ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

### 1 ਵੈਰਾਗ ਭਾਵ

ਪ੍ਰਾਣ-ਸੰਗਲੀ ਦੇ ਲੇਖਕ ਨੇ ਵੈਰਾਗ ਭਾਵ ਦੇ ਬਾਰੇ ਥਾਂ ਥਾਂ ਤੇ ਚਰਚਾ ਕੀਤੀ ਹੈ। ਇਸ ਚਰਚਾ ਦਾ ਸਾਰਾਂਸ਼ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ:

ੳ) ਵੈਰਾਗ ਦਾ ਸਰੂਪ: ਹਰਖ ਤੇ ਸੋਗ ਨੂੰ ਇਕਸਾਰ ਸਮਝਣ ਵਾਲੇ ਅਤੇ ਗਰੀਬੀ ਅਮੀਰੀ ਵਿਚ ਇਕਸਾਰ ਰਹਿਣ ਵਾਲੇ ਵੈਰਾਗਵਾਨ ਸਾਧਕ ਨੂੰ ਪ੍ਰਾਣ-ਸੰਗਲੀ ਵਿਚ ਅਮਰਪਦ ਦਾ ਅਧਿਕਾਰੀ ਦੱਸਿਆ ਹੈ:

ਹਰਖ ਦੇਖਿ ਮਨੁ ਨਾਹੀਂ ਬਿਗਸਾਵੈ, ਸੋਗ ਨਹੀਂ ਮੁਰਝਾਵੈ।
ਜਿਉਂ ਸੰਪੇ ਤਿਉਂ ਬਿਪਤਿ ਪਛਾਨੈ, ਬੇਗਮ ਮਹਿਲ ਲਖਾਵੈ।
ਕਹੁ ਨਾਨਕ ਜੋ ਪਰਮਪਦਿ ਰਾਤਾ, ਤਿਹਿ ਜਮੁ ਨਿਕਟ ਨਾ ਆਵੈ।[1]

ਯੋਗ ਦਰਸ਼ਨ ਦੇ ਅਨੁਸਾਰ ਹਰਖ ਸੋਗ ਆਦਿ ਵਿਪਰੀਤ ਪ੍ਰਸਥਿਤੀਆਂ ਵਿਚ ਅਡੋਲ ਰਹਿਣਾ ਅਤੇ ਕਿਸੇ ਵੀ ਸੁਖਾਵੀਂ ਵਸਤ ਦੀ ਕਾਮਨਾ ਉੱਕਾ ਹੀ ਨਾ ਕਰਨਾ ਵੈਰਾਗ ਦਾ ਮੁੱਖ ਲੱਛਣ ਹੈ। ਪ੍ਰਾਣ-ਸੰਗਲੀ ਵਿਚ ਵੈਰਾਗ ਦਾ ਇਹੀ ਸੰਕਲਪ ਮਿਲਦਾ ਹੈ।

ਪ੍ਰਾਣ-ਸੰਗਲੀ ਵਿਚ ਵੈਰਾਗ ਭਾਵ ਦੀ ਸਾਧਨਾ ਰਾਹੀਂ ਅਨਹਦ ਸ਼ਬਦ ਦੀ ਪ੍ਰਾਪਤੀ ਦੇ ਨਾਲ ਨਾਲ ਉਸਤਤਿ ਤੇ ਨਿੰਦਾ ਤੋਂ ਅਪ੍ਰਭਾਵਿਤ ਰਹਿਣ ਦੀ ਸ਼ਕਤੀ, ਸੂਖਮ ਤੱਤ, ਅਮਰਪਦ ਅਤੇ ਅਭੇਪਦ ਜਿਹੇ ਉੱਚ ਪਦਾਂ ਦੀ ਪ੍ਰਾਪਤੀ ਦਾ ਵਿਧਾਨ ਇਸ ਤਰ੍ਹਾਂ ਕੀਤਾ ਗਿਆ ਹੈ:

ਅਨਹਦ ਰਾਤਾ ਭਯਾ ਬਿਰਾਗੀ, ਉਸਤਤਿ ਨਿੰਦ ਨਾ ਭਾਵੈ।
ਅਨਭੀਨੇ ਸਿਉ ਸਹਿਜ ਪਤੀਨਾ, ਤਬ ਤੇ ਭਯਾ ਬਿਦਾਵੈ।
ਕਹੁ ਨਾਨਕ ਜੋ ਅਮਰ ਪਦਿ ਰਾਤਾ, ਸੋਈ ਅਭੈ ਪਦ ਪਾਵੈ।

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 15.

ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਵੈਰਾਗ ਦੇ ਸ਼ਾਸਤ੍ਰੀ ਰੂਪ ਨੂੰ ਅਪਣਾਉਂਦਾ ਹੈ ਅਤੇ ਮਨ ਨੂੰ ਕਾਮਨਾਵਾਂ ਤੋਂ ਰਹਿਤ ਕਰਨ ਉੱਤੇ ਬਲ ਦਿੰਦਾ ਹੈ।

ਅ) ਵੈਰਾਗਵਾਨ ਦੀ ਰਹਿਣੀ ਬਹਿਣੀ: ਵੈਰਾਗ ਭਾਵ ਕੇਵਲ ਜਜ਼ਬਾਤ ਦੀ ਹੀ ਵਸਤੂ ਨਹੀਂ ਹੈ, ਸਗੋਂ ਸਾਧਕ ਦੇ ਵੈਰਾਗ ਭਾਵ ਦੀ ਝਲਕ ਉਸਦੀ ਰਹਿਣੀ ਬਹਿਣੀ ਵਿਚ ਹੋਣੀ ਚਾਹੀਦੀ ਹੈ। ਪ੍ਰਾਣ-ਸੰਗਲੀ ਵਿਚ ਕਾਮ ਕ੍ਰੋਧ ਦੇ ਅਭਾਵ ਨੂੰ ਅਤੇ ਅਟੁੱਟ ਧਿਆਨ ਨੂੰ ਵੈਰਾਗਵਾਨ ਦੀ ਰਹਿਣੀ ਬਹਿਣੀ ਦਾ ਆਧਾਰ ਦੱਸਿਆ ਗਿਆ ਹੈ:

ਹਰਿ ਭਜਨ ਕਾ ਭੇਦ ਕਰਬਾ। ਕਾਮ ਕ੍ਰੋਧ ਕਾ ਛੇਦ ਕਰਬਾ॥
ਏਕ ਪਰ ਰਾਖਬੇ ਪੰਚ ਸਾਖੀ, ਮਾਨ ਮੋਹ ਮੈਤ ਮਾਰਬੇ ਹਾਥੀ॥

'ਮਾਨ' ਅਤੇ 'ਮੋਹ' ਨੂੰ ਹਾਥੀ ਦਾ ਰੂਪਕ ਦਿੰਦੇ ਹੋਏ ਪ੍ਰਾਣ-ਸੰਗਲੀ ਦਾ ਲੇਖਕ ਸਾਧਕ ਦੀ ਵੈਰਾਗ ਭਾਵਨਾ ਦਾ ਚਿਤਰ ਪ੍ਰਸਤੁਤ ਕਰਦਾ ਹੈ। ਮੋਹ-ਹੀਣਤਾ ਦੀ ਸਥਿਤੀ ਅਤੇ ਉਦਾਸ-ਬਿਰਤੀ ਵੈਰਾਗ ਭਾਵ ਦੀ ਸੂਚਨਾ ਦਿੰਦੀ ਹੈ:

ਨਿਰਮੋਹ ਮੜ੍ਹੀ ਨਿਹਚਲ ਬਾਸਾ। ਜਰਨਕ ਜਟਾ ਸਿਰ ਦੇਖਧਾ ਤਿਮਾਸਾ॥
ਧਧਾਨ ਧੂੰਆਂ ਸੁਰਤਿ ਸੇਲੀ ਸਮਾਣੀ। ਰਹਣ ਅਕਾਸ਼ ਕੀ ਛਾਯਾ ਨਿਰਸ ਉਡਾਣੀ॥

ਭਾਸ਼ਾ ਦੇ ਇਸ ਪੂਰਬੀ ਰੂਪ ਰਾਹੀਂ ਵੈਰਾਗਵਾਨ ਸਾਧਕ ਦੀ ਰਹਿਣੀ ਬਹਿਣੀ ਦਾ ਇਕ ਵਿਸ਼ਵਾਸ ਯੋਗ ਚਿਤਰ ਇਹਨਾਂ ਸਤਰਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ।

ੲ) ਵੈਰਾਗ ਦੀ ਦ੍ਰਿਸ਼ਟੀ: ਵੈਰਾਗਵਾਨ ਸਾਧਕ ਸੰਸਾਰ ਦੇ ਮਿਥਿਆ ਭਾਵ ਦਾ ਅਨੁਭਵ ਕਰਦਾ ਹੈ ਅਤੇ ਅਬਿਨਾਸ਼ੀ ਪਾਰਬ੍ਰਹਮ ਨਾਲ ਆਪਣੀ ਲਿਵ ਲਾਈ ਰਖਦਾ ਹੈ। ਵੈਰਾਗ ਭਾਵ ਦੀ ਇਸ ਕੇਂਦਰੀ ਦ੍ਰਿਸ਼ਟੀ ਨੂੰ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਦਰਸਾਇਆ ਗਿਆ ਹੈ:

ਜਿਸ ਸਿਉ ਪ੍ਰੀਤਿ ਸੁਮਿਟ ਗਈ, ਧੁੰਧੂ ਬਰਾ ਸਿਰਿ ਕਾਰੁ।
ਜਿਸ ਖਸਮ ਵਿਸਾਰੀ ਨਾਨਕਾ, ਤਿਸ ਕਧੋਂ ਬਿਰੁ ਨਾਹ ਸੋਹਾਗੁ॥[2]

ਪ੍ਰਾਣ-ਸੰਗਲੀ ਵਿਚ ਦੰਪਤੀ ਮੂਲਕ 'ਸੁਹਾਗ' ਅਤੇ 'ਖਸਮ' — ਇਹਨਾਂ ਸ਼ਬਦਾਂ ਰਾਹੀਂ ਸੰਸਾਰ ਬਾਰੇ ਵੈਰਾਗਵਾਨ ਦੀ ਦ੍ਰਿਸ਼ਟੀ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸੇ ਤਰ੍ਹਾਂ ਜੰਮਣ ਮਰਨ ਦੇ ਚਕਰ ਚੋਂ ਛੁੱਟਣ ਲਈ ਵੈਰਾਗਵਾਨ ਦੀ ਇਸ ਦ੍ਰਿਸ਼ਟੀ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਜੋ ਜਨਮੇ ਸੋ ਜਾਯ ਮਰਿ, ਜੋ ਆਵੈ ਸੋ ਜਾਯ।
ਕਿਸ ਕੇ ਕਹੀਅਹਿ ਘਰਿ ਮੰਦਰ, ਹਉਮੈਂ ਸੰਗਿ ਕਾਲ ਬਲਾਯ॥[3]

---

1. ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 706, 707
2. ਉਹੀ, ਪੰਨਾ 290.
3. ਉਹੀ, ਪੰਨਾ 291.

ਵੈਰਾਗਵਾਨ ਦਾ ਭਗਤੀ ਭਾਵ ਅਤੇ ਸਤਿਸੰਗ ਬਾਰੇ ਉਸਦੀ ਤੀਬਰ ਇੱਛਾ ਨੂੰ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਉਲੀਕਿਆ ਗਿਆ ਹੈ:

ਪਾਪ ਪੁੰਨ ਬਯੋਹਾਰ ਸੁ ਕਰਣੇ, ਦੇ ਦੇ ਲੈਣੇ ਸਾਈ।
ਨਾਨਕ ਭਗਤਿ ਰਤੇ ਬੈਰਾਗੀ, ਹਰ ਸਾਧ ਸੰਗਤਿ ਬੁਧਿ ਪਾਈ॥[1]

ਵਾਸਤਵ ਵਿਚ ਪਾਪ ਦੀ ਥਾਂ ਪੁੰਨ ਕਰਨ ਵਾਲੇ ਵੈਰਾਗੀ ਨੂੰ ਭਗਤੀ ਦਾ ਫਲ ਪ੍ਰਾਪਤ ਹੁੰਦਾ ਹੈ ਅਤੇ ਸਾਧ ਸੰਗਤ ਦੇ ਸਦਕੇ ਉਸਨੂੰ ਪਰਮਤੱਤ ਦੀ ਪ੍ਰਾਪਤੀ ਹੁੰਦੀ ਹੈ। ਵੈਰਾਗ ਭਾਵ ਦੀ ਇਸ ਕੇਂਦਰੀ ਦ੍ਰਿਸ਼ਟੀ ਨੂੰ ਪ੍ਰਾਣ-ਸੰਗਲੀ ਵਿਚ ਬਹੁਤ ਸਾਰੀਆਂ ਥਾਵਾਂ ਤੇ ਚਿਤ੍ਰਿਤ ਕੀਤਾ ਗਿਆ ਹੈ। ਵੈਰਾਗ ਭਾਵ ਦਾ ਵੇਰਵਾ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ:

ਸੋਆਗੁਨ ਪਾਵਹਿ ਸਤਿਗੁਰ ਕੀ ਸੇਵਾ। ਜਾਂ ਕਉ ਬੰਦਹਿ ਦੇਵੀ ਦੇਵਾ॥
ਜਿਹਾ ਖਟਰਸ ਸਵਾਦ ਬਿਚਖਣ। ਨਾਨਕ ਸਹਜ ਬੈਰਾਗ ਕੇ ਲੱਖਣ॥[2]

ਵੈਰਾਗਵਾਨ ਸਾਧਕ ਨੂੰ ਦੇਵੀ ਦੇਵਤੇ ਵੀ ਨਮਸਕਾਰ ਕਰਦੇ ਹਨ। ਇਸ ਤੱਥ ਦੀ ਪੁਸ਼ਟੀ ਉਪ੍ਰੋਕਤ ਪੰਕਤੀਆਂ ਤੋਂ ਸਹਿਜੇ ਹੀ ਹੋ ਜਾਂਦੀ ਹੈ।

ਨਾਮ ਸਿਮਰਨ ਦੀ ਪਹਿਲੀ ਪਉੜੀ ਵੈਰਾਗ ਹੈ। ਇਸ ਲਈ ਵੈਰਾਗ ਦੀ ਦ੍ਰਿਸ਼ਟੀ ਨੂੰ ਪ੍ਰਾਣ-ਸੰਗਲੀ ਵਿਚ ਥਾਂ ਥਾਂ ਤੇ ਚਿਤ੍ਰਿਤ ਕੀਤਾ ਗਿਆ ਹੈ:

ਹਰਿ ਨਾਮ ਰਤੇ ਸਦਾ ਬੈਰਾਗੀ। ਹਰਿ ਨਾਮ ਰਤੇ ਨਾਨਕ ਵਡਭਾਗੀ॥[3]

ਨਿਸ਼ਕਰਸ਼: ਸਾਧਕ ਅਧਿਆਤਮਕ ਸਾਧਨਾ ਦੇ ਮਾਰਗ ਵਿਚ ਵੈਰਾਗ ਦੀ ਸਹਾਇਤਾ ਨਾਲ ਹੀ ਅੱਗੇ ਵੱਧਦਾ ਹੈ ਕਿਉਂਕਿ ਸੰਸਾਰ ਤੋਂ ਉਪਰਾਮ ਹੋਣਾ ਅਤੇ ਸੰਸਾਰਕ ਪਦਾਰਥਾਂ ਲਈ ਮੋਹ ਖਿਰਨਾ ਦਾ ਭਾਵ ਸਾਧਕ ਦੇ ਮਨ ਵਿਚ ਵੈਰਾਗ ਭਾਵਨਾ ਨਾਲ ਹੀ ਦ੍ਰਿੜ ਹੁੰਦਾ ਹੈ। ਇਸ ਲਈ ਭਾਰਤੀ ਅਧਿਆਤਮਕ ਸਾਧਨਾ ਵਿਚ ਵੈਰਾਗ ਭਾਵ ਨੂੰ ਬਹੁਤ ਉੱਚੀ ਥਾਂ ਦਿੱਤੀ ਗਈ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਵੈਰਾਗਭਾਵ ਦੀ ਇਸੇ ਦ੍ਰਿਸ਼ਟੀ ਨੂੰ ਮੁੱਖ ਰਖਕੇ ਸਾਧਨਾ ਦੇ ਖੇਤਰ ਵਿਚ ਵੈਰਾਗ ਨੂੰ ਇਕ ਮਹੱਤਵਪੂਰਣ ਤੱਥ ਦੇ ਰੂਪ ਵਿਚ ਸਵੀਕਾਰ ਕੀਤਾ ਹੈ।

2) ਅਦ੍ਵੈਤ ਦ੍ਰਿਸ਼ਟੀ

ੳ) ਆਤਮਾ ਅਤੇ ਬ੍ਰਹਮ ਦੀ ਏਕਤਾ: ਪ੍ਰਾਣ-ਸੰਗਲੀ ਦੀ ਮੌਲਿਕ ਵਿਚਾਰਧਾਰਾ ਅਦ੍ਵੈਤ ਮੂਲਕ ਹੈ। ਇਹ ਸੱਚ ਹੈ ਕਿ ਪ੍ਰਾਣ-ਸੰਗਲੀ ਵਿਚ ਹਠ ਯੋਗ, ਮੰਤ੍ਰ, ਤੰਤ੍ਰ ਅਤੇ ਜਯੋਤਿਸ਼ ਆਦਿ ਦੇ ਵੱਖਰੇ ਵੱਖਰੇ ਤੱਤ ਇਸ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 293.
2. ਉਹੀ, ਪੰਨਾ 327.
3. ਉਹੀ. ਪੰਨਾ 370

ਅਦ੍ਵੈਤਵਾਦੀ ਵਿਚਾਰਧਾਰਾ ਨੂੰ ਥਾਂ ਥਾਂ ਤੇ ਖੰਡਿਤ ਕਰਦੇ ਹਨ ਪਰ ਪ੍ਰਾਣ-ਸੰਗਲੀ ਦੇ ਸਾਰੇ ਮਹੱਤਵਪੂਰਨ ਅੰਸ਼ ਅਦ੍ਵੈਤਵਾਦੀ ਦ੍ਰਿਸ਼ਟੀ ਨਾਲ ਹੀ ਜੁੜੇ ਹੋਏ ਹਨ। ਉਦਾਹਰਣ ਲਈ ਇਹ ਅੰਸ਼ ਦੇਖੇ ਜਾ ਸਕਦੇ ਹਨ:

ਏਕ ਬ੍ਰਹਮ ਇਕ ਬਰਨ, ਇਕ ਏਕੋ ਬੋਲਨਿਹਾਰ॥
ਏਕਾ ਜਾਤਿ ਸੁਨਾਤਿ ਇਕ ਏਕੋ ਹੀ ਉਪਚਾਰ॥[1]

ਇਹ ਤੁਕ 'ਨਿਰੰਜਨ ਭਗਤੀ' ਵਿਚ ਆਈ ਹੈ। ਇਸ ਤੁਕ ਵਿਚ ਅਦ੍ਵੈਤਵਾਦ ਦੇ ਸਾਰੇ ਮੁਢਲੇ ਤੱਤ ਵਿਦਮਾਨ ਹਨ। ਬ੍ਰਹਮ ਅਤੇ ਬੋਲਨਿਹਾਰ ਅਰਥਾਤ ਜੀਵ ਦੀ ਏਕਤਾ ਇਥੇ ਸਪੱਸ਼ਟ ਕੀਤੀ ਗਈ ਹੈ। ਜਾਤ ਪਾਤ ਦੀ ਏਕਤਾ ਅਤੇ ਵਿਵਹਾਰ ਜਗਤ ਦੀ ਭੇਦ ਬੁੱਧੀ ਨੂੰ ਵੀ ਇਥੇ ਪ੍ਰਗਟਾਇਆ ਗਿਆ ਹੈ। 'ਉਪਚਾਰ' ਸ਼ਬਦ ਵਿਵਹਾਰਿਕ ਭੇਦ ਭਾਵ ਦਾ ਬੋਧਕ ਹੈ। ਇਸੇ ਤਰ੍ਹਾਂ:

ਦੁਤੀਆ ਤ੍ਰਿਤੀਆ ਕਛੂ ਨਹੀਂ ਸਭ ਏਕੋ ਹੀ ਪ੍ਰਕਾਸ।
ਏਕੋ ਰੂਪ ਬਰਨ ਏਕ, ਏਕ ਰੱਤ ਇਕੁ ਮਾਸ॥[2]

ਇਸ ਤੁਕ ਵਿਚ ਦੁਤੀਆ ਸ਼ਬਦ ਦ੍ਵੈਤ ਭਾਵਨਾ ਲਈ ਵਰਤਿਆ ਗਿਆ ਹੈ। ਜਿਹੜੇ ਵਿਚਾਰਕ ਜੀਵ ਅਤੇ ਬ੍ਰਹਮ ਨੂੰ ਵੱਖਰੇ ਵੱਖਰੇ ਦੋ ਤੱਤ ਮੰਨਦੇ ਹਨ, ਉਹਨਾਂ ਦਾ ਖੰਡਨ ਇਸ ਸ਼ਬਦ ਰਾਹੀਂ ਕੀਤਾ ਗਿਆ ਹੈ। ਇਸੇ ਤਰ੍ਹਾਂ ਤ੍ਰਿਤੀਆ ਸ਼ਬਦ ਜੀਵ, ਬ੍ਰਹਮ ਅਤੇ ਜਗਤ ਦੀ ਵੱਖਰੀ ਵੱਖਰੀ ਸੱਤਾ ਮੰਨਣ ਵਾਲੇ 'ਤ੍ਰੈਤਵਾਦੀ' ਵਿਚਾਰਕਾਂ ਦਾ ਖੰਡਨ ਕੀਤਾ ਗਿਆ ਹੈ। 'ਪ੍ਰਕਾਸ਼' (ਗਿਆਨ) ਦੀ ਏਕਤਾ ਵੀ ਇਥੇ ਦਰਸਾਈ ਗਈ ਹੈ। ਜਾਤਿ ਪਾਤਿ, ਰੂਪ ਰੰਗ ਦੀ ਏਕਤਾ ਨੂੰ ਰੱਤ ਮਾਸ ਦੀ ਏਕਤਾ ਵਾਂਗ ਸਪੱਸ਼ਟ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਤੁਕ ਵਿਚ ਅਦ੍ਵੈਤਵਾਦ ਦੀ ਮੌਲਿਕ ਵਿਚਾਰਧਾਰਾ ਦਾ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ।

ਇਸੇ ਤਰ੍ਹਾਂ ਆਤਮਾ ਦੀ ਸਰਵਵਿਆਪਕਤਾ ਦਾ ਵਰਣਨ ਇਸ ਸ਼ਲੋਕ ਵਿਚ ਕੀਤਾ ਗਿਆ ਹੈ:

ਨਾਨਕ ਐਸੀ ਬਾਤ ਕਹੁ ਕਾਹੇ ਮਨੂਆ ਭਰਮਾਹਿ।
ਆਤਮ ਰਾਮ ਹੈ ਸਗਲ ਮਹਿ ਦੂਜਾ ਕੋਈ ਨਾਹਿ॥[3]

ਇਥੇ 'ਆਤਮ ਰਾਮ' ਸ਼ਬਦ ਵੇਦਾਂਤ ਦੀ ਵਿਸ਼ੇਸ਼ ਦ੍ਰਿਸ਼ਟੀ ਦਾ ਸੂਚਕ ਹੈ। ਇਸੇ ਭਾਵ ਨੂੰ ਇੱਕ ਹੋਰ ਥਾਂ ਤੇ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 307.
2. ਉਹੀ, ਪੰਨਾ 307.
   'ਏਕੋ ਕਹੀਐ ਨਾਨਕਾ ਦੂਜਾ ਨਾਹੇ ਕੋ' ਆਦਿ ਗੁਰਬਾਣੀ ਦੀਆਂ ਤੁਕਾਂ ਵਿਚ ਅਦ੍ਵੈਤਵਾਦੀ ਭਾਵਨਾ ਦਾ ਰੂਪ ਮਿਲਦਾ ਹੈ।'
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 602.

ਸਭ ਭੀਤਰਿ ਵਰਤੈ ਵਰਤਾਰਾ। ਆਪੇ ਕਰਨ ਕਰਾਵਣਹਾਰਾ॥
ਜੋ ਕਿਛੁ ਹੋਇ ਸੁ ਤੁਮਤੇ ਹੋਇ। ਭੀਤਰਿ ਬਾਹਰਿ ਏਕੋ ਸੋਇ॥[1]

'ਬਾਹਰਿ', 'ਭੀਤਰਿ' ਦੀ ਇਸ ਏਕਤਾ ਦਾ ਵਿਵਹਾਰਿਕ ਰੂਪ ਇਸ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ:

ਦੋਸਤ ਦੁਸ਼ਮਨ ਤਾਂ ਕੇ ਹੈ ਏਕ। ਸਾਧ ਚੋਰ ਕਾ ਨਾਹਿ ਬਿਬੇਕ॥
ਜਾਂਕੀ ਬੰਧ ਮੁਕਤਿ ਦੂਰ ਹੈ ਭਾਈ। ਆਤਮ ਪਰਾਤਮ ਪਛਾਣਿ ਕਰਿ ਲਾਈ॥[2]

ਭਾਵ ਇਹ ਹੈ ਕਿ ਆਤਮਾ ਪਰਮਾਤਮਾ ਦੀ ਏਕਤਾ ਨਾਲ ਸਾਧਕ ਦੀ ਭੇਦ ਬੁੱਧੀ ਨਸ਼ਟ ਹੋ ਜਾਂਦੀ ਹੈ।

ਪ੍ਰਾਣ-ਸੰਗਲੀ ਦੀ ਅਦ੍ਵੈਤਵਾਦੀ ਦ੍ਰਿਸ਼ਟੀ ਦਾ ਪੂਰਾ ਵਿਸਥਾਰ ਇਹਨਾਂ ਪੰਕਤੀਆਂ ਵਿਚ ਪਾਇਆ ਜਾਂਦਾ ਹੈ:

ਆਪੇ ਗਾਨਆਪੇ ਅਗਾਨਾ। ਆਪੇ ਪਾਨੈ ਆਪ ਅਪਾਨਾ॥
ਆਪੇ ਸਰਵਰ ਆਪੇ ਮਾਛੀ। ਆਪ ਅਹੇੜੀ ਜਾਲ ਵਗਾਈ॥
ਆਪੇ ਮਾਰੈ ਆਪ ਜਿਵਾਲੈ। ਆਪੇ ਛੋਡੈ ਆਪ ਸਮਾਲੈ॥
ਜੋਈ ਆਪ ਕੋ ਉਲਟਿ ਕਰਿ ਲਹੈ। ਨਾਨਕ ਦਾਸ ਉਦਾਸੀ ਰਹੈ॥[3]

'ਮਨ ਪ੍ਰਬੋਧ ਗ੍ਰੰਥ' ਨਾਂ ਹੇਠ ਦਿੱਤੀਆਂ ਗਈਆਂ ਉਪਰਲੀਆਂ ਤੁਕਾਂ ਪ੍ਰਾਣ-ਸੰਗਲੀ ਦੇ ਕੇਂਦਰੀ ਭਾਵ ਨੂੰ ਸਪੱਸ਼ਟ ਕਰਦੀਆਂ ਹਨ। ਜੀਵ ਅਤੇ ਬ੍ਰਹਮ ਦੀ ਏਕਤਾ ਨੂੰ ਵੱਖਰੇ ਵੱਖਰੇ ਉਦਾਹਰਣਾਂ ਰਾਹੀਂ ਇਹਨਾਂ ਤੁਕਾਂ ਵਿਚ ਪ੍ਰਗਟਾਇਆ ਗਿਆ ਹੈ ਅਤੇ ਅੰਤਲੀ ਤੁਕ ਵਿਚ ਆਪਣੇ ਆਪ ਨੂੰ ਉਲਟਾਉਣ ਦੀ ਅਰਥਾਤ ਸੰਸਾਰ ਤੋਂ ਮੂੰਹ ਮੋੜਨ ਦੀ ਪ੍ਰਵਿਰਤੀ ਦਾ ਵੀ ਉਲੇਖ ਇਥੇ ਹੋਇਆ ਹੈ।

ਨਿਸ਼ਕਰਸ਼ ਇਹ ਹੈ ਕਿ ਪ੍ਰਾਣ-ਸੰਗਲੀ ਦੀ ਸਾਧਨਾ ਪੱਧਤੀ ਵਿਚ ਅਦ੍ਵੈਤ ਆਤਮਾ ਅਤੇ ਪ੍ਰਮਾਤਮਾ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਹਠ ਯੋਗ ਦੀ ਸਾਧਨਾ ਦੇ ਨਾਲ ਨਾਲ ਅਦ੍ਵੈਤ ਭਾਵ ਦੀ ਪ੍ਰਾਪਤੀ ਲਈ ਸਾਧਕ ਨੂੰ ਥਾਂ ਥਾਂ ਤੇ ਪ੍ਰੇਰਿਆ ਗਿਆ ਹੈ।

ਅ) <u>ਮਾਯਾ ਦਾ ਸੰਕਲਪ:</u> ਪ੍ਰਾਣ-ਸੰਗਲੀ ਦਾ ਲੇਖਕ ਮਾਯਾਵਾਦ ਦੇ ਦਾਰਸ਼ਨਿਕ ਪੱਖ ਤੋਂ ਬਹੁਤਾ ਪਰਿਚਿਤ ਨਹੀਂ ਜਾਪਦਾ ਕਿਉਂਕਿ ਮਾਯਾਵਾਦੀ ਸਿੱਧਾਂਤ ਦਾ ਦਾਰਸ਼ਨਿਕ ਸਪੱਸ਼ਟੀਕਰਣ ਪ੍ਰਾਣ-ਸੰਗਲੀ ਵਿਚ ਕਿਤੇ ਨਹੀਂ ਮਿਲਦਾ। ਥਾਂ ਥਾਂ ਤੇ ਮਾਯਾ ਦਾ ਉਲੇਖ ਪ੍ਰਾਣ-ਸੰਗਲੀ ਵਿਚ ਮਿਲਦਾ ਹੈ ਅਤੇ ਵੱਖਰੀਆਂ ਵੱਖਰੀਆਂ ਥਾਵਾਂ ਤੇ ਵੱਖਰੇ ਵੱਖਰੇ ਅਰਥਾਂ ਵਿਚ ਮਾਯਾ ਸ਼ਬਦ ਦੀ ਵਰਤੋਂ ਹੋਈ ਹੈ। ਆਮ ਤੌਰ ਤੇ ਸੰਸਾਰ ਦੇ ਪਦਾਰਥਾਂ ਅਤੇ ਸਾਧਕ ਨੂੰ ਸਾਧਨਾ ਦੇ ਮਾਰਗ ਤੋਂ ਭਟਕਾਉਣ ਵਾਲੇ ਤੱਤਾਂ ਦੀ ਸੂਚਨਾ ਮਾਯਾ ਰਾਹੀਂ ਦਿੱਤੀ ਗਈ ਹੈ। ਉਦਾਹਰਣ ਵਜੋਂ ਇਹ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 609.
2. ਉਹੀ, ਪੰਨਾ 609.
3. ਉਹੀ, ਪੰਨਾ 633.

ਤੁਕਾਂ ਦੇਖੀਆਂ ਜਾ ਸਕਦੀਆਂ ਹਨ:

ਇਕੁ ਘਰਬਾਰੀ ਅਰੁ ਸੰਸਾਰੀ। ਭਲੀ ਬੁਰੀ ਕੈ ਏਕ ਨਿਆਰੀ॥
ਮਾਯਾ ਮਾਯਾ ਸਭ ਜਗੁ ਕਹੈ। ਬ੍ਰਹਮ ਰੂਪ ਕੋਈ ਜਨੁ ਲਹੈ॥[1]

ਭਾਵ ਇਹ ਹੈ ਕਿ ਘਰ ਬਾਰ, ਸੰਸਾਰ, ਭਲਾ ਬੁਰਾ ਆਦਿ ਭੇਦ ਭਾਵ ਮਾਯਾ ਦੇ ਹੀ ਕਾਰਨ ਹਨ ਅਤੇ ਸਾਧਕ ਇਸ ਭੇਦ ਭਾਵ ਨੂੰ ਦੂਰ ਕਰਕੇ ਅਦ੍ਵੈਤਵਾਦੀ ਭਾਵਨਾ ਰਾਹੀਂ ਬ੍ਰਹਮਰੂਪ ਹੁੰਦਾ ਹੈ।

ਇਸ ਮਾਯਾ ਦਾ ਰੂਪ ਸਾਧਕ ਨੂੰ ਥਾਂ ਥਾਂ ਤੇ ਭਟਕਾਉਂਦਾ ਹੈ ਅਤੇ ਇਹ ਮਾਯਾ ਸਾਧਨਾ ਲਈ ਇਕ ਵਿਘਨ ਸਿੱਧ ਹੁੰਦੀ ਹੈ। ਮਾਯਾ ਦੇ ਇਸ ਸਰੂਪ ਨੂੰ ਪ੍ਰਾਣ-ਸੰਗਲੀ ਵਿਚ 'ਮੋਹਿਨੀ' ਨਾਂ ਨਾਲ ਪ੍ਰਗਟਾਇਆ ਗਿਆ ਹੈ:

ਇਸੁ ਮਨ ਮਹਿ ਇਹੁ ਮੋਹਨੀ ਕੀਨੀ ਹਰਿ ਪ੍ਰਭੁ ਜਪਨੁ ਨਾ ਦੇਈ।
ਜਿਨਿ ਇਹ ਮੋਹਨੀ ਮਾਰਿ ਬਿਡਾਰੀ ਪੂਰਣ ਕਲਿ ਮਹਿ ਸੋਈ॥
ਮਾਯਾ ਮੋਹਨੀ ਮਨ ਮਹਿ ਤਿਆਗੀ ਮਨਿ ਤੁਮ ਨਿਕਟ ਨਾ ਆਵੈ।
ਜਿਨ ਮੋਹਨੀ ਸਿਉ ਬਹੁ ਚਿਤੁ ਲਾਇਆ ਨਾਨਕ ਭਰਮਿ ਭੁਲਾਵੈ॥[2]

ਇਹਨਾਂ ਤੁਕਾਂ ਵਿਚ ਮਾਯਾ ਦਾ ਮੋਹਿਨੀ ਰੂਪ ਸਪੱਸ਼ਟ ਕੀਤਾ ਗਿਆ ਹੈ। ਇਸਦੇ ਪ੍ਰਭਾਵਹੇਠ ਮਨ ਸਾਧਨਾ ਵੱਲ ਨਹੀਂ ਲਗਦਾ ਅਤੇ ਭਰਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਇਸ ਮਾਯਾ ਦਾ ਦ੍ਰਿਸ਼ਮਾਨ ਰੂਪ ਧਨ, ਦੌਲਤ ਦਸਿਆ ਗਿਆ ਹੈ। ਧਨ ਦੌਲਤ ਲਈ 'ਬਿਖਿਆ' ਸ਼ਬਦ ਵਰਤਿਆ ਗਿਆ ਹੈ:

ਬਿਖਯਾ ਤਿਆਗੇ ਬਿਰਕਤ ਤਬ ਹੋਈ। ਬਿਖਯਾ ਲਗੁ ਨਾਰੇ ਮੁਕਤਿ ਨਾ ਹੋਈ॥
ਮੁਕਤਿ ਬਿਖਯਾ ਸਿਉ ਭਯਾ ਨਿਆਰਾ। ਤਾਂ ਕੇ ਭੀਤਰਿ ਚਾਨਣ ਸਾਰਾ॥
ਜੌ ਤੈਂ ਪਾਇਆ ਗਿਆਨ ਕੋ ਰੇਤਾ। ਬਿਖਯਾ ਕਈ ਨਿਰਮਲ ਭਯਾ ਚੀਤਾ॥[3]

ਗਿਆਨ ਦੀ ਪ੍ਰਾਪਤੀ ਮਾਯਾ ਦੇ ਬੰਧਨ ਨੂੰ ਕਟ ਦਿੰਦੀ ਹੈ ਅਤੇ ਸਾਧਕ ਨੂੰ ਮੁਕਤ ਕਰ ਦਿੰਦੀ ਹੈ। ਇਸ ਵੇਦਾਂਤੀ ਦ੍ਰਿਸ਼ਟੀ ਨੂੰ ਇਹਨਾਂ ਤੁਕਾਂ ਵਿਚ ਪ੍ਰਗਟਾਇਆ ਗਿਆ ਹੈ।

ਸੰਸਾਰ ਦੇ ਵਿਸ਼ੈ ਭੋਗ ਦੁੱਖ ਦੇ ਕਾਰਨ ਹਨ ਅਤੇ ਸਾਧਕ ਲਈ ਕੇਵਲ ਵਿਸ਼ ਹਨ। ਇਸ ਭਾਵਨਾਂ ਨੂੰ ਪ੍ਰਾਣ-ਸੰਗਲੀ ਵਿਚ ਇੰਜ ਦਰਸਾਇਆ ਗਿਆ ਹੈ:

ਬਿਖਯਾ ਕਈ ਦੁਖ ਸੁਖ ਭਯਾ ਮਨ ਉਪਜਿਆ ਬੈਰਾਗੁ।
ਨਾਨਕ ਕਹੁ ਕੂੰਟੀ ਹੈ ਸੁਖ ਭਯਾ ਤਾਂ ਕੇ ਮਸਤਕਿ ਭਾਗੁ॥[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 611.
2. ਉਹੀ, ਪੰਨਾ 630.
3. ਉਹੀ, ਪੰਨਾ 611.
4. ਉਹੀ, ਪੰਨਾ 612.

ਭਾਵ ਇਹ ਹੈ ਕਿ ਵਿਸ਼ੈ ਰੂਪੀ ਮਾਇਆ ਦਾ ਨਾਸ਼ ਸੁਖ ਦਾ ਕਾਰਨ ਹੈ ਅਤੇ ਇਸ ਸੁੱਖ ਦਾ ਰੂਪ ਹੈ ਮੁਕਤੀ। ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਵਿਚ ਮਾਇਆ ਸ਼ਬਦ ਦੀ ਵਰਤੋਂ ਭਾਵੇਂ ਵੇਦਾਂਤੀ ਦ੍ਰਿਸ਼ਟੀਕੋਣ ਨਾਲ ਨਹੀਂ ਹੋਈ ਪਰ ਇਸ ਦੀ ਮੁੱਖ ਭਾਵਨਾ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਥਾਂ ਥਾਂ ਤੇ ਅਪਣਾਇਆ ਹੈ।

ੲ) <u>ਸਾਧਨਾ ਪੱਧਤੀ</u>: ਭਾਰਤ ਦੇ ਵਿਚਾਰਕਾਂ ਨੇ ਸਾਧਨਾ ਨੂੰ ਸਭ ਤੋਂ ਉੱਚੀ ਥਾਂ ਦਿੱਤੀ ਹੈ। ਕਥਨੀ ਨਾਲੋਂ ਕਰਨੀ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਹਠ ਯੋਗੀਆਂ ਨੇ ਕਾਇਆ ਦੀ ਸ਼ੁੱਧੀ ਰਾਹੀਂ, ਰਾਜ ਯੋਗੀਆਂ ਨੇ ਮਾਨਸਿਕ ਸੰਜਮ ਰਾਹੀਂ, ਤੰਤ੍ਰ ਯੋਗੀਆਂ ਨੇ ਤੰਤ੍ਰਾਂ ਰਾਹੀਂ ਅਤੇ ਹੋਰ ਸਾਧਨਾ ਪੱਧਤੀਆਂ ਨੂੰ ਮੰਨਣ ਵਾਲਿਆਂ ਨੇ ਆਪਣੀ ਆਪਣੀ ਦ੍ਰਿਸ਼ਟੀ ਅਤੇ ਪ੍ਰਕ੍ਰਿਤੀ ਦੇ ਅਨੁਕੂਲ ਅਨੇਕ ਪ੍ਰਕਾਰ ਦੀਆਂ ਸਾਧਨਾ ਪੱਧਤੀਆਂ ਨੂੰ ਸਵੀਕਾਰ ਕੀਤਾ। ਕਹਿਣ ਦਾ ਭਾਵ ਇਹ ਹੈ ਕਿ ਜ਼ੁਬਾਨੀ ਜਮ੍ਹਾਂ ਖਰਚ ਨੂੰ ਭਾਰਤ ਦੀ ਕਿਸੇ ਵੀ ਸਾਧਨਾ ਪੱਧਤੀ ਵਿਚ ਚੰਗਾ ਨਹੀਂ ਮੰਨਿਆ ਗਿਆ।[1] ਆਮ ਤੌਰ ਤੇ ਮਨੁੱਖ ਮਾਤ੍ਰ ਦੀ ਭਲਾਈ (ਸਰਬੱਤ ਦਾ ਭਲਾ) ਅਤੇ ਆਪਣੇ ਸਰੀਰ ਨੂੰ ਸੰਜਮ ਵਿਚ ਰੱਖਣਾ ਭਾਰਤੀ ਸਾਧਨਾ ਪੱਧਤੀ ਵਿਚ ਇਕ ਆਵੱਸ਼ਕ ਸ਼ਰਤ ਮੰਨੀ ਗਈ ਹੈ।

ਪ੍ਰਾਣ-ਸੰਗਲੀ ਦਾ ਲੇਖਕ ਕਿਸੇ ਇਕ ਵਿਸ਼ੇਸ਼ ਸਾਧਨਾ ਪੱਧਤੀ ਨਾਲ ਜੁੜਿਆ ਨਹੀਂ ਜਾਪਦਾ। ਕਿਉਂਕਿ ਕਈ ਥਾਵਾਂ ਤੇ ਚਕ੍ਰ ਭੇਦਨ, ਸਹਸ੍ਰਦਲ ਕਮਲ, ਕੁੰਡਲਨੀ ਜਾਗਰਣ ਆਦਿ ਹਠ ਯੋਗ ਦੀ ਸਾਧਨਾ ਪੱਧਤੀ ਦਾ ਉਲੇਖ ਇਸ ਵਿਚ ਮਿਲਦਾ ਹੈ। ਇਸੇ ਤਰ੍ਹਾਂ ਪੌਰਾਣਿਕ ਦੇਵੀ ਦੇਵਤਿਆਂ ਦੀ ਪੂਜਾ ਅਤੇ ਤੰਤ੍ਰਾਂ ਮੰਤ੍ਰਾਂ ਦੀ ਸਾਧਨਾ ਦਾ ਵੀ ਉਲੇਖ ਪ੍ਰਾਣ-ਸੰਗਲੀ ਵਿਚ ਮਿਲਦਾ ਹੈ।

ਪਰ ਇਹ ਗੱਲ ਵੀ ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਸਾਧਨਾ ਪੱਧਤੀ ਵਿਚ ਮਨ ਨੂੰ ਸੰਜਮ ਵਿਚ ਰਖਣ ਲਈ ਸਾਧਕ ਨੂੰ ਪ੍ਰੇਰਿਆ ਹੈ। ਉਦਾਹਰਣ ਲਈ ਪ੍ਰਾਣ-ਸੰਗਲੀ ਦੇ ਇਹ ਸੰਦਰਭ ਦੇਖੇ ਜਾ ਸਕਦੇ ਹਨ:

ਜਾਂਕੇ ਮਨਿ ਤ੍ਰਿਸ਼ਨਾ ਨਹੀਂ ਅਰੁ ਮਨਸਾ ਰਹੈ ਨਾ ਚੋਰ।
ਤਾਂ ਕੇ ਸਦਾ ਅਨੰਦ ਸੁਖ ਅਰੁ ਦੇਖੈ ਨਿਤ ਠੋਰ॥[2]

---

1. ਦੇਖੋ:
   a) Shiva Nand, <u>Science of Yoga</u>, Vol. III, pp. 5-9.
   b) J.N. Swami, <u>Narda Bhakti Sutra: Commentary</u>, pp. 1-11.
   c) Maheswar Neog, <u>Bhakti Ratnakar of Sankardeva</u>, pp. 9-12.
   d) S.N. Dasgupta, <u>History of Indian Philosophy</u>, Vol. I, pp. 11-21.

2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 604.

ਭਾਵ ਇਹ ਹੈ ਕਿ ਤ੍ਰਿਸ਼ਨਾ ਅਤੇ ਮਨਸਾ ਉੱਤੇ ਸੰਜਮ ਹੋਣਾ ਸਾਧਨਾ ਦੀ ਪਹਿਲੀ ਪੌੜੀ ਹੈ। ਤ੍ਰਿਸ਼ਨਾ ਅਤੇ ਮਨਸਾ ਦਾ ਸਥੂਲ ਰੂਪ ਵਿਵਹਾਰਿਕ ਜਗਤ ਵਿਚ ਲੈਣ ਦੇਣ ਨਾਲ ਜੁੜਿਆ ਹੋਇਆ ਹੈ। ਪ੍ਰਾਣ-ਸੰਗਲੀ ਦੇ 'ਆਤਮ ਪ੍ਰਗਾਸ' ਵਿਚ ਇਸ ਲੈਣ ਦੇਣ ਨੂੰ ਸਾਧਨਾ ਦੇ ਮਾਰਗ ਵਿਚ ਵਿਘਨ ਦੱਸਿਆ ਗਿਆ ਹੈ:

ਤਿਸੁ ਜਾਨੈ ਅਹਿਨਿਸ ਸਦਾ ਰਹਤ ਸਰਬ ਕੇ ਬੀਚ।
ਨਾਨਕ ਲੈਨ ਦੇਨ ਕੀ ਕਿਛੁ ਨਹੀ ਜਦੋਂ ਸੰਗੀ ਕੇ ਸੰਗ॥[1]

ਭਾਵ ਇਹ ਹੈ ਕਿ ਵਿਵਹਾਰਿਕ ਲੈਣ ਦੇਣ ਵਾਲਾ ਵਿਅਕਤੀ ਸਾਧਨਾ ਦੇ ਮਾਰਗ ਉਤੇ ਨਹੀ ਚੱਲ ਸਕਦਾ। ਇਸੇ ਲੈਣ ਦੇਣ ਦੀ ਕਈ ਥਾਵਾਂ ਤੇ ਨਿਖੇਧੀ ਕੀਤੀ ਗਈ ਹੈ:

ਲੈਨ ਦੇਨ ਕੀ ਬਿਧਿ ਸਭ ਤਿਆਗੀ। ਐਸੀ ਬਿਧਿ ਪਾਵੈ ਵਡਭਾਗੀ॥[2]

ਇਸ ਸਾਧਨਾ ਪੱਧਤੀ ਦਾ ਵੈਰਾਗ ਮੂਲਕ ਰੂਪ ਇਸ ਤਰ੍ਹਾਂ ਸਪੱਸ਼ਟ ਕੀਤਾ ਗਿਆ ਹੈ:

ਜਾਂ ਕੇ ਮਨਿ ਨਹੀ ਕਲਪਨਾ ਅਕਲਪ ਕਿਛਧਾ ਕਹੂ ਖਾਏ।
ਬੈਰਾਗੀ ਹੋਏ ਖੇਲਨਾ ਜਗ ਮਹਿ ਸਾਧ ਕਹਾਏ॥[3]

ਸਾਧਕ ਲਈ ਕਿਸੇ ਵੀ ਕਿਸਮ ਦੀ ਕਲਪਨਾ ਜਾਂ ਕੋਈ ਦਾਅਵਾ ਕਰਨਾ ਅਯੋਗ ਗੱਲ ਹੈ ਕਿਉਂਕਿ ਇਸਦੇ ਨਾਲ ਸਾਧਨਾ ਖੰਡਿਤ ਹੁੰਦੀ ਹੈ। ਇਸੇ ਭਾਵ ਨੂੰ ਇਸ ਤਰ੍ਹਾਂ ਵੀ ਸਪੱਸ਼ਟ ਕੀਤਾ ਗਿਆ ਹੈ:

ਜਾਂ ਕੇ ਮਨਿ ਆਸਾ ਨਹੀ ਅਰੁ ਚਾਹ ਨਾ ਉਪਜੈ ਕੋਇ।
ਨਾਨਕ ਬਿਨੁ ਆਸਾ ਜੋ ਦੇਖੀਐ ਜੋ ਕੀਜੈ ਸੋ ਹੋਇ॥[4]

ਆਸਾ ਅਤੇ ਚਾਹ ਦਾ ਹੋਣਾ ਸਾਧਕ ਲਈ ਇਕ ਵਿਘਨ ਹੈ। ਇਸ ਤੋਂ ਬਿਨਾ ਸੁੱਖ ਦੁੱਖ ਵਿਚ ਉਸਤਤ ਨਿੰਦਾ ਵਿਚ ਇਕਸਾਰ ਰਹਿਣਾ ਸਾਧਨਾ ਦਾ ਮੁੱਖ ਉਦੇਸ਼ ਹੈ:

ਸੁਾਦੀ ਭ੍ਰਮੀ ਕਹੂ ਮਨ ਨਹੀ ਜਾਨੈ। ਹਰਖ ਸੋਗ ਦਿਲ ਮੈ ਨਹੀ ਆਨੈ॥
ਉਸਤਤਿ ਨਿੰਦਾ ਵਹਿ ਸੁਰਤਿ ਨਾ ਹੋਈ। ਇਹ ਬਿਧਿ ਭਰਮਿ ਨਾ ਉਪਜੈ ਕੋਈ॥[5]

ਸਾਧਨਾ ਦਾ ਵਿਵਹਾਰਿਕ ਰੂਪ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਅਲਪਾਹਾਰੀ ਨਿੰਦਰਾ ਥੋੜੀ। ਪਵਨ ਤੀਨ ਵਿਧਿ ਰਾਖੈ ਜੋੜੀ॥[6]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 605.
2. ਉਹੀ, ਪੰਨਾ 608;
3. ਉਹੀ, ਪੰਨਾ 608.
4. ਉਹੀ, ਪੰਨਾ 610.
5. ਉਹੀ, ਪੰਨਾ 612.
6. ਉਹੀ, ਪੰਨਾ 615

ਭਾਵ ਇਹ ਹੈ ਕਿ ਆਪਣੇ ਆਹਾਰ ਉੱਤੇ ਸੰਜਮ, ਨਿੰਦ੍ਰਾ ਉੱਤੇ ਸੰਜਮ ਅਤੇ ਤਿੰਨਾ ਪ੍ਰਾਣਾਂ (ਪ੍ਰਾਣ, ਅਪਾਨ, ਉਦਾਨ) ਉੱਤੇ ਸੰਜਮ ਕਰਨਾ ਸਾਧਕ ਲਈ ਆਵੱਸ਼ਕ ਹੈ। ਸਾਧਕ ਲਈ ਬਹੁਤਾ ਸੌਣਾ ਅਨੁਚਿਤ ਹੈ ਕਿਉਂਕਿ ਇਸਦੇ ਨਾਲ ਪ੍ਰਾਣ-ਸੰਗਲੀ ਦਾ ਨਾਸ਼ ਹੁੰਦਾ ਹੈ ਅਤੇ ਸਾਧਕ ਦਾ ਸਮਾਂ ਵੀ ਵਿਅਰਥ ਜਾਂਦਾ ਹੈ। ਇਸ ਵਿਚਾਰ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ:

ਦੇਖਿ ਸੁਭਾਵ ਸੰਸਾਰ ਕੇ ਸਗਲਾ ਕੂੜਾ ਜਾਣਿਆ।
ਨਾਨਕ ਖੰਡਿਤ ਨਿੰਦ੍ਰਾ ਜੋ ਕਰੈ ਤਿਸ ਅਕਲੋ ਮਨੁ ਮਾਨਿਆ॥[1]

ਸਾਧਨਾ ਲਈ ਮਨ ਉੱਤੇ ਪੂਰਾ ਸੰਜਮ ਹੋਣਾ ਚਾਹੀਦਾ ਹੈ। ਇਸੇ ਲਈ ਬਹੁਤ ਸਾਰੇ ਸਾਧਕ ਮਨ ਦੀ ਸਾਧਨਾ ਨੂੰ ਹੀ ਸਭ ਤੋਂ ਉੱਚੀ ਸਾਧਨਾ ਮੰਨਦੇ ਹਨ। ਪ੍ਰਾਣ-ਸੰਗਲੀ ਦੇ ਲੇਖਕ ਨੇ ਮਨ ਦੀ ਇਸ ਸਾਧਨਾ ਨੂੰ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਹੈ। ਮਨ ਸਾਰੀਆਂ ਵਾਸਨਾਵਾਂ ਅਤੇ ਕਾਮਨਾਵਾਂ ਦਾ ਕੇਂਦਰ ਹੈ। ਇਸ ਲਈ ਮਨ ਨੂੰ ਸੰਜਮ ਵਿਚ ਰਖਣਾ ਸਾਧਕ ਲਈ ਸਭ ਤੋਂ ਜ਼ਰੂਰੀ ਗੱਲ ਹੈ।

ਮਨ ਹੀ ਮਾਯਾ ਮੋਹ ਵਧਾਯਾ। ਮਨ ਹੀ ਤ੍ਰਿਸਨਾ ਭਰਮਿ ਭੁਲਾਯਾ॥
ਮਨ ਹੀ ਕਾਮ ਕ੍ਰੋਧ ਹੈ ਮੋਹ। ਨਾਨਕ ਇਹ ਕਰਤਾ ਲੋਭ ਅਰੁ ਧ੍ਰੋਹ॥[2]

ਇਸ ਮਨ ਨੂੰ ਸੰਜਮ ਵਿਚ ਰੱਖਣ ਲਈ ਸਾਧਕ ਨੂੰ ਗਿਆਨ ਅਤੇ ਵੈਰਾਗ ਦੀ ਲੋੜ ਹੁੰਦੀ ਹੈ:

ਆਪ ਸਮਝ ਸਮਝਾਈ ਨਿਜ ਆਪੇ ਹੀ ਕੋ ਸੋਧ।
ਨਾਨਕ ਇਉਂ ਹੀ ਜਾਣੀਐ ਲੀਜੈ ਮਨ ਪ੍ਰਬੋਧ॥[3]

ਮਨ ਦਾ ਇਹ ਸੰਜਮ ਸਾਧਨਾ ਅਤੇ ਸਾਧਕ ਦੀ ਪੂਰਨਤਾ ਲਈ ਸਭ ਤੋਂ ਵੱਡੀ ਸ਼ਰਤ ਹੈ। ਮਨ ਸੰਜਮ ਤੋਂ ਬਾਅਦ ਹੀ ਸਾਧਨਾ ਦੇ ਮਾਰਗ ਵਿਚ ਸਫਲਤਾ ਮਿਲ ਸਕਦੀ ਹੈ।[4]

## ਸ ਮੁਕਤੀ

1) **ਅਗਿਆਨ:** ਪ੍ਰਾਣ-ਸੰਗਲੀ ਦੇ ਲੇਖਕ ਨੇ ਸਾਧਕ ਨੂੰ ਮੁਕਤੀ ਪ੍ਰਾਪਤ ਕਰਨ ਲਈ ਗਿਆਨ ਜਾਂ ਆਤਮ ਗਿਆਨ ਵੱਲ ਪ੍ਰੇਰਿਆ ਹੈ ਕਿਉਂਕਿ ਗਿਆਨ ਦੇ ਰਾਹੀਂ ਮੁਕਤੀ ਦਾ ਵਿਧਾਨ, ਪ੍ਰਾਚੀਨ ਆਚਾਰਯ ਨੇ ਕੀਤਾ ਹੈ।

ਇਸ ਗਿਆਨ ਦੇ ਸਰੂਪ ਨੂੰ ਸਪੱਸ਼ਟ ਕਰਨ ਲਈ ਅਗਿਆਨ ਦਾ ਰੂਪ ਸਪੱਸ਼ਟ ਕਰਨਾ ਜ਼ਰੂਰੀ ਹੁੰਦਾ ਹੈ। ਇਸ ਲਈ ਪ੍ਰਾਣ-ਸੰਗਲੀ ਦਾ ਲੇਖਕ ਅਗਿਆਨ ਦੇ ਬਾਰੇ ਵਿਸਥਾਰ ਨਾਲ ਚਰਚਾ ਕਰਦਾ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 603.
2. ਉਹੀ, ਪੰਨਾ 633.
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 633.
4. ਦੇਖੋ:
   a) Shiva Nanda Swami, Science of Yoga, pp. 21-28.
   b) J.M. Ananda, Swami, Yoga of Divine Love, pp. 6-8.
   c) Dr S.Radhakrishnan, Hindu View of Life, pp. 7-16.

ਜਾਂ ਕੈ ਮਨ ਅਗਿਆਨ ਹੈ ਏਕ ਬਿਖਧਾ ਕਾ ਮੂਲ।
ਨਾਨਕਕਹੈ ਹੁਸ਼ੀਆਰ ਤਿਹ ਸੋ ਜਨ ਕਬਹੁ ਨਾ ਭੂਲ॥[1]

ਅਗਿਆਨ ਸਾਰੇ ਵਿਸ਼ਿਆਂ ਦਾ ਮੂਲ ਹੈ ਅਤੇ ਇਸ ਅਗਿਆਨ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੇ ਇਸ ਵਿਚਾਰ ਨੂੰ ਇਸ ਤਰ੍ਹਾਂ ਸਮਝਾਉਣ ਦਾ ਯਤਨ ਕੀਤਾ ਹੈ:

ਜਾਂ ਕੈ ਮਨਿ ਅਗਿਆਨ ਹੈ ਗਹਿਰਾ। ਮਿਥਯਾ ਸੋ ਸੋਈ ਜਨੁ ਕਹਤਾ॥
ਜਾਕੀ ਦ੍ਰਿਸ਼ਟਿ ਹੈ ਲੋਭ ਪਰ ਧਾਵੈ। ਸੋ ਲੋਭ ਬਹੁ ਭਾਂਤਿ ਦਿਖਾਵੈ॥[2]

ਭਾਵ ਇਹ ਹੈ ਕਿ ਅਗਿਆਨ ਦੇ ਕਾਰਨ ਵਿਅਕਤੀ ਮਿਥਿਆ ਵਿਸ਼ਵਾਸਾਂ ਵਿਚ ਫਸਿਆ ਰਹਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਵਿਚ ਉਲਝਿਆ ਰਹਿੰਦਾ ਹੈ। ਇਕ ਆਮ ਸੰਸਾਰੀ ਵਿਅਕਤੀ ਦਾ ਵਿਵਹਾਰ ਅਗਿਆਨ ਮੂਲਕ ਹੁੰਦਾ ਹੈ।

11) <u>ਹਉਮੈ</u>: ਅਗਿਆਨ ਦਾ ਸਭ ਤੋਂ ਵਿਆਪਕ ਰੂਪ ਹੈ ਹਉਮੈ। ਇਹ ਹਉਮੈ ਆਮ ਵਿਵਹਾਰਿਕ ਜੀਵਨ ਵਿਚ ਵੀ ਬਹੁਤ ਖਰਾਬ ਕਰਦੀ ਹੈ ਅਤੇ ਸਾਧਕ ਲਈ ਤਾਂ ਇਹ ਆਤਮ ਹੱਤਿਆ ਦੇ ਤੁੱਲ ਮੰਨੀ ਜਾਂਦੀ ਹੈ ਕਿਉਂਕਿ ਇਸ ਨਾਲ ਵਿਅਕਤੀ ਆਪਣੇ ਸੀਮਿਤ ਗਿਆਨ ਨੂੰ ਅਸੀਮ ਬਣਾ ਕੇ ਅਤੇ ਆਪਣੀਆਂ ਊਣਤਾਈਆਂ ਨੂੰ ਵਡਿਆਈ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਹ ਸਾਰੀ ਦੁਬਿਧਾ ਅਨੇਕ ਪਾਖੰਡਾਂ ਅਤੇ ਹੋਰ ਬੁਰਾਈਆਂ ਵੱਲ ਲੈ ਜਾਂਦੀ ਹੈ।

ਸਾਧਕ ਲਈ ਨਿਮ੍ਰਤਾ, ਸਜਨਤਾ ਅਤੇ ਭਲਮਾਣਸੀ ਨੂੰ ਪ੍ਰਧਾਨ ਕੀਤਾ ਗਿਆ ਹੈ ਕਿਉਂਕਿ ਇਸ ਨਾਲ ਸਾਧਕ ਦੇ ਮਨ ਵਿਚ 'ਬਿਨਯ' ਦੀ ਭਾਵਨਾ ਵਧਦੀ ਹੈ ਅਤੇ ਉਸਦੀ ਹੰਕਾਰ ਬਿਰਤੀ ਟੁਟਦੀ ਹੈ। ਇਹੋ ਕਾਰਨ ਹੈ ਕਿ ਸੰਤਾਂ, ਭਗਤਾਂ ਅਤੇ ਯੋਗੀਆਂ ਨੇ ਆਪਣੇ ਆਪ ਨੂੰ ਬਹੁਤ ਗਰੀਮੀ ਅਤੇ ਨਿਮ੍ਰਤਾ ਨਾਲ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਅਕਤਿਤਵ ਨੂੰ ਇਸ ਹਉਮੈ ਤੋਂ ਬਹੁਤ ਪਰੇ ਰਖਿਆ ਹੈ।

ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆਂ ਤਤੁ।[3]

ਤਾਤਪਰਜ ਇਹ ਹੈ ਕਿ ਸਾਧਨਾ ਰਾਹੀਂ ਮਨੁੱਖ ਦੇ ਮਾਨਸਿਕ ਵਿਕਾਰ ਹੌਲੀ ਹੌਲੀ ਦੂਰ ਹੁੰਦੇ ਹਨ। ਇਹਨਾਂ ਵਿਕਾਰਾਂ ਵਿਚੋਂ ਸਭ ਤੋਂ ਪ੍ਰਬਲ ਵਿਕਾਰ ਹਉਮੈ ਦਾ ਹੈ। ਇਸੇ ਹਉਮੈ ਕਾਰਨ ਵਿਅਕਤੀ ਅਨੇਕ ਪਾਪ ਕਰਦਾ ਹੈ ਅਤੇ ਲੋਕਾਂ ਨੂੰ ਭਾਂਤ ਭਾਂਤ ਦੇ ਦੁੱਖ ਦਿੰਦਾ ਹੈ। ਇਸ ਲਈ ਹਉਮੈ ਨੂੰ ਖ਼ਤਮ ਕਰਨ ਦੀ ਪ੍ਰੇਰਨਾ ਸਾਰੇ ਧਰਮਾਂ ਅਤੇ ਸਾਧਨਾਂ ਪੱਧਤੀਆਂ ਵਿਚ ਦਿੱਤੀ ਗਈ ਹੈ। ਪ੍ਰਾਣ-ਸੰਗਲੀ ਵਿਚ ਹਉਮੈ ਦੇ ਨਾਸ਼ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ।

ਹਉਮੈ ਜਾਏ ਮੁਕਤਿ ਕਉ ਪਾਵੈ। ਮੁਕਤਾ ਹੋਏ ਸੁ ਮੁਕਤ ਸਿਧਾਵੈ॥[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 602.
2. ਉਹੀ, ਪੰਨਾ 602.
3. ਆਦਿ ਗ੍ਰੰਥ, ਪੰਨਾ 470.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 606

ਭਾਵ ਇਹ ਹੈ ਕਿ ਮੁਕਤੀ ਲਈ ਹਉਮੈ ਇਕ ਵਿਘਨ ਹੈ। ਸਾਧਕ ਨੂੰ ਇਸ ਤੋਂ ਬਚਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸੇ ਭਾਵ ਨੂੰ ਇਸ ਤਰ੍ਹਾਂ ਵੀ ਸਪੱਸ਼ਟ ਕੀਤਾ ਗਿਆ ਹੈ:

ਹਉਮੈ ਕੇਹੀ ਤਜੀਐ ਰੀਤਿ। ਆਤਮ ਕੋ ਜਾਨਹੁ ਖਰਾ ਅਤੀਤ॥[1]

ਤਾਤਪਰਜ ਇਹ ਹੈ ਕਿ ਹਉਮੈ ਦੀ ਰਾਹ ਨੂੰ ਛੱਡਕੇ ਆਤਮ ਗਿਆਨ ਵਲ ਪੁਜਿਆ ਜਾ ਸਕਦਾ ਹੈ।

iii) <u>ਗਿਆਨ:</u> ਅਗਿਆਨ ਦਾ ਨਾਸ਼ ਅਤੇ ਗਿਆਨ ਦੀ ਪ੍ਰਾਪਤੀ ਦਾ ਵਿਧਾਨ ਹਰ ਇਕ ਸਾਧਨਾ ਪੱਧਤੀ ਵਿਚ ਕੀਤਾ ਗਿਆ ਹੈ। ਗਿਆਨ ਦੀ ਪਰਿਭਾਸ਼ਾ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਦਿੱਤੀ ਗਈ ਹੈ:

ਤਿਸ ਕੇ ਅੱਖਰ ਤੀਨ ਕਹਾਵਹਿ। ਗਕਾਰ-ਯਕਾਰ-ਨਕਾਰ ਲਖਾਵਹਿ॥
ਗਕਾਰ ਸੋਈ ਜੋ ਸੋਈ ਉਠਾਵੈ। ਯਕਾਰ ਹੈ ਆਪੇ ਪ੍ਰਤਿਪਾਲ ਸਮਾਵੈ॥
ਨਕਾਰ ਵਹੀ ਜੋ ਕਲੇਸ਼ਾ ਨਾਸ। ਜਿਸ ਗਿਆਨ ਭਯਾ ਪ੍ਰਕਾਸ॥[2]

ਗਿਆਨ ਦੀ ਇਹ ਪਰਿਭਾਸ਼ਾ ਸ਼ਾਸਤ੍ਰੀ ਦ੍ਰਿਸ਼ਟੀ ਨਾਲ ਤਾਂ ਬਹੁਤ ਸਹੀ ਨਹੀਂ ਹੈ ਪਰ ਗਿਆਨ ਦੇ ਦੋਵੇਂ ਤੱਤ — ਅਗਿਆਨ ਦਾ ਨਾਸ਼ ਅਤੇ ਪਰਮਾਤਮਾ ਦਾ ਅਹਿਸਾਸ — ਇਸ ਪਰਿਭਾਸ਼ਾ ਵਿਚ ਆ ਗਏ ਹਨ। ਇਸ ਗਿਆਨ ਨੂੰ ਪ੍ਰਾਣ-ਸੰਗਲੀ ਵਿਚ ਹਉਮੈ ਦੇ ਨਾਸ਼ ਨਾਲ ਮਿਥਿਆ ਵਿਸ਼ਵਾਸਾਂ ਦੇ ਖ਼ਤਮ ਹੋਣ ਨਾਲ ਅਤੇ ਆਤਮਾ ਦੀ ਸਰਬ-ਵਿਆਪਕਤਾ ਦੇ ਨਾਲ ਇਸ ਤਰ੍ਹਾਂ ਜੋੜਿਆ ਗਿਆ ਹੈ:

ਜੋ ਸੁਘੜ ਸੁਜਾਣ ਆਤਮ ਕਉ ਜਾਣੈ। ਜੋ ਜਨ ਮਿਥਯਾ ਨਹੀਂ ਲਪਟਾਵੈ॥
... ... ... ... ...
ਆਤਮ ਰੂਪ ਸਗਲ ਘਟ ਮਾਹੀ। ਸੋ ਆਤਮ ਸੰਗਿ ਸਗਲ ਸਮਾਹੀ॥[3]

ਭਾਵ ਇਹ ਹੈ ਕਿ ਆਤਮਾ ਦਾ ਗਿਆਨ ਅਰਥਾਤ ਆਤਮਾ ਨੂੰ ਸਰਬ ਵਿਆਪਕ ਸਮਝਣ ਦਾ ਭਾਵ ਸੱਚਾ ਗਿਆਨ ਹੈ। ਇਸ ਆਸ਼ੇ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਗਈ ਹੈ:

ਜਬ ਜਾਨੈ ਸੁਧ ਆਤਮਾ ਨਾਨਾ ਬਿਧਿ ਸੰਸਾਰ।
ਨਾਨਕ ਭੁਲਹੇ ਬਾਹਰੇ ਕਿਉਂ ਕਰਿ ਉਤਰੇ ਪਾਰਿ॥[4]

ਭਾਵ ਇਹ ਹੈ ਕਿ ਆਤਮਾ ਦੇ ਸ਼ੁੱਧ ਅਤੇ ਸਰਬ-ਵਿਆਪਕ ਰੂਪ ਨੂੰ ਜਾਣਨਾ ਹੀ ਸੱਚਾ ਗਿਆਨ ਹੈ ਅਤੇ ਬਾਹਰੀ ਸੰਸਾਰ ਨੂੰ ਆਪਣੇ ਤੋਂ ਭਿੰਨ ਜਾਣਨ ਵਾਲਾ ਵਿਅਕਤੀ ਅਗਿਆਨੀ ਹੈ ਅਤੇ ਉਸਨੂੰ ਮੁਕਤੀ ਨਹੀਂ ਮਿਲ ਸਕਦੀ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 611.
2. ਉਹੀ, ਪੰਨਾ 662.
3. ਉਹੀ, ਪੰਨਾ 603.
4. ਉਹੀ, ਪੰਨਾ 603.

ਸੱਚੇ ਗਿਆਨ ਦੇ ਸਰੂਪ ਨੂੰ ਕਈ ਵਾਰੀ ਬ੍ਰਹਮ ਗਿਆਨ ਵੀ ਕਿਹਾ ਜਾਂਦਾ ਹੈ। ਆਤਮਾ ਅਤੇ ਜਗਤ ਵਿਹਾਰ ਭੇਦ ਭਾਵ ਨੂੰ ਖ਼ਤਮ ਕਰਕੇ ਜੀਵ ਅਤੇ ਬ੍ਰਹਮ ਦੀ ਏਕਤਾ ਸੱਚੇ ਗਿਆਨ ਦਾ ਸਰੂਪ ਹੈ:

ਬ੍ਰਹਮ ਗਿਆਨ ਮਨ ਉਪਜਿਆ ਜੈਸੇ ਬਿਰਖ ਕੀ ਝਾਤ।
ਜਿਤੁ ਤਨਿ ਇਹੁ ਉਪਜੈ, ਗਿਰੇ ਪੁਰਾਨੇ ਪਾਤ॥[1]

ਇਸ ਸ਼ਲੋਕ ਵਿਚ ਸਾਧਕ ਦੇ ਮਨ ਵਿਚ ਉਤਪੰਨ ਹੋਏ ਗਿਆਨ ਦੀ ਤੁਲਨਾ ਬ੍ਰਿਛ ਦੇ ਨਵੇਂ ਪੱਤਿਆਂ ਨਾਲ ਕੀਤੀ ਗਈ ਹੈ। ਪੁਰਾਣੇ ਪੱਤੇ ਅਰਥਾਤ ਮਿੱਥਿਆ ਵਿਸ਼ਵਾਸ ਅਤੇ ਅਗਿਆਨ ਦੇ ਨਾਸ਼ ਹੋਣ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾਰਸ਼ਨਿਕ ਤੱਥ ਨੂੰ ਇਵੇਂ ਪ੍ਰਗਟਾਇਆ ਗਿਆ ਹੈ। ਇਸੇ ਪ੍ਰਸੰਗ ਵਿਚ ਜਗਤ ਦੇ ਸਾਰੇ ਕਾਰ-ਵਿਹਾਰ ਨੂੰ ਛੱਡ ਕੇ ਆਤਮਾ ਦੀ ਸਰਵ-ਵਿਆਪਕਤਾ ਨੂੰ ਜਾਣਨ ਪਛਾਣਨ ਦੀ ਪ੍ਰਕ੍ਰਿਆ ਨੂੰ ਗਿਆਨ ਕਿਹਾ ਗਿਆ ਹੈ:

ਮੀਤਾ ਐਸੀ ਸਮਝ ਤੂੰ ਛੋਡਹੁ ਮਰਨ ਧਿਆਨ।
ਨਾਨਕ ਤੁਹੀਂ ਚੇਤੰਨ ਹੈਂ ਸਗਲ ਜਾਨਨ ਕਉ ਜਾਨ॥[2]

ਭਾਵ ਇਹ ਹੈ ਕਿ ਸੰਸਾਰ ਦੇ ਹੋਰ ਗਿਆਨ ਧਿਆਨ ਨੂੰ ਛੱਡ ਕੇ ਆਤਮਦੇ ਚੇਤੰਨ ਅਤੇ ਸਰਬ ਵਿਆਪਕ ਰੂਪ ਨੂੰ ਜਾਣਨਾ ਸਾਰੇ ਗਿਆਨਾਂ ਦਾ ਗਿਆਨ ਹੈ।

ਗਿਆਨ ਦਾ ਸਰੂਪ ਸਪੱਸ਼ਟ ਕਰਦੇ ਹੋਏ ਗਿਆਨ ਅਤੇ ਅਗਿਆਨ ਵਿਚ ਇਕ ਸੀਮਾ-ਰੇਖਾ ਇਸ ਤਰ੍ਹਾਂ ਖਿੱਚੀ ਗਈ ਹੈ:

ਗਿਆਨ ਧਿਆਨ ਬਹੁਤ ਹੈ ਜਾਨੇ। ਸੁਫਲ ਨਾ ਹੋਤੇ ਬਿਨ ਬ੍ਰਹਮ ਪਛਾਨੇ।
ਬ੍ਰਹਮ ਜਾਨਨਾ ਇਹ ਬਿਧਿ ਭਾਈ। ਸਬੈ ਬ੍ਰਹਮ ਨਾਨਕ ਲਿਵ ਲਾਈ॥[3]

ਤਾਤਪਰਜ ਇਹ ਹੈ ਕਿ ਗਿਆਨ ਧਿਆਨ ਦੀਆਂ ਹੋਰ ਪੱਧਤੀਆਂ ਨਿਸਫਲ ਹਨ। ਬ੍ਰਹਮ ਗਿਆਨ ਹੀ ਸੱਚਾ ਗਿਆਨ ਹੈ ਅਤੇ ਉਸਦਾ ਸਰੂਪ ਹੈ ਜੀਵ ਬ੍ਰਹਮ ਦੀ ਏਕਤਾ ਅਤੇ ਆਤਮਾ ਦੀ ਸਰਬ ਵਿਆਪਕਤਾ। ਇਸ ਤੱਥ ਦਾ ਸਪੱਸ਼ਟੀਕਰਣ ਇਹਨਾਂ ਤੁਕਾਂ ਵਿਚ ਕੀਤਾ ਗਿਆ ਹੈ:

ਬੇਦ ਪੜ੍ਹੇ ਤਾਂ ਕਥਾ ਸੁਨ ਭਾਈ। ਆਤਮ ਪਰਮਾਤਮ ਜਾਨਯੋ ਨਾਹੀ॥
ਸੋ ਵਹੁ ਪੁਰਖ ਪਸ਼ੂ ਜਗ ਮਾਹੀ। ਫਿਰ ਫਿਰ ਜੂਨੀ ਆਵੈ ਜਾਂਹੀ॥
ਆਵਨ ਜਾਨਾ ਤਾਂਕਾ ਮਿਟ ਜਾਈ। ਨਾਨਕ ਬ੍ਰਹਮ ਜਾਨ ਨਿਜ ਰੂਪ ਸਮਾਈ॥[4]

ਭਾਵ ਇਹ ਹੈ ਕਿ ਸੰਸਾਰ ਦਾ ਵਿਵਹਾਰਿਕ ਗਿਆਨ ਅਤੇ ਸ਼ਾਸਤ੍ਰ ਚਰਚਾ ਬਿਲਕੁਲ ਬੇਕਾਰ ਹੈ ਕਿਉਂਕਿ ਇਸਦੇ ਨਾਲ ਨਾ ਤੇ ਅਗਿਆਨ ਦੀ ਨਿਵਿਰਤੀ ਹੁੰਦੀ ਹੈ ਅਤੇ ਨਾ ਹੀ ਆਵਾਗਉਣ ਹੀ ਮਿਟਦਾ ਹੈ। ਸੱਚਾ ਗਿਆਨ ਹੀ ਸਾਧਕ ਨੂੰ ਮੁਕਤੀ ਪ੍ਰਾਪਤ ਕਰਵਾਉਂਦਾ ਹੈ।

---

1. 'ਪ੍ਰਾਣ-ਸੰਗਲੀ'(ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 609.
2. ਉਹੀ, ਪੰਨਾ 611.
3. ਉਹੀ, ਪੰਨਾ 611.
4. ਉਹੀ, ਪੰਨਾ 621.

ਮੁਕਤੀ ਸੰਬੰਧੀ ਪ੍ਰਾਣ-ਸੰਗਲੀ ਦੇ ਇਸ ਵਿਵੇਚਨ ਤੋਂ ਇਹ ਤੱਥ ਉਘੜ ਕੇ ਸਾਹਮਣੇ ਆਉਂਦੇ ਹਨ:

i) ਗਿਆਨ ਤੋਂ ਬਿਨਾ ਮੁਕਤੀ ਨਹੀਂ ਮਿਲ ਸਕਦੀ।

ii) ਗਿਆਨ ਦਾ ਸਰੂਪ ਹੈ ਆਤਮਾ ਦੀ ਸਰਬਵਿਆਪਕਤਾ ਜਾਂ ਆਤਮਾ ਪਰਮਾਤਮਾ ਦੀ ਏਕਤਾ।

iii) ਇਸ ਗਿਆਨ ਦੀ ਪ੍ਰਾਪਤੀ ਲਈ ਅਗਿਆਨ ਦਾ ਨਾਸ ਹੋਣਾ ਜ਼ਰੂਰੀ ਹੈ ਅਤੇ ਅਗਿਆਨ ਦਾ ਦ੍ਰਿਸ਼ਮਾਨ ਰੂਪ ਹੈ ਹਉਮੈ ਅਤੇ ਮਾਇਆ।

ਸਾਧਕ (ਗਿਆਨੀ) ਦੇ ਲੱਛਣ: ਪ੍ਰਾਣ-ਸੰਗਲੀ ਦੇ ਲੇਖਕ ਨੇ ਸਾਧਕ ਨੂੰ ਕਦੇ ਬ੍ਰਹਮਗਿਆਨੀ ਕਦੇ ਵੈਰਾਗੀ, ਅਵਧੂਤ ਅਤੇ ਕਦੀ ਜੋਗੀ ਜਾਂ ਉਦਾਸੀ ਇਹਨਾਂ ਨਾਵਾਂ ਨਾਲ ਯਾਦ ਕੀਤਾ ਹੈ। ਉਸਦਾ ਭਾਵ ਇਹ ਜਾਪਦਾ ਹੈ ਕਿ ਇਹਨਾਂ ਵੱਖਰੇ ਵੱਖਰੇ ਨਾਵਾਂ ਨਾਲ ਇਕੋ ਹੀ ਵਿਅਕਤੀ ਅਰਥਾਤ ਸਾਧਕ ਦਾ ਬੋਧ ਹੁੰਦਾ ਹੈ।

ਬ੍ਰਹਮਗਿਆਨੀ: ਬ੍ਰਹਮ ਨੂੰ ਸਰਬ ਵਿਆਪਕ ਮੰਨਣ ਤੇ ਸਮਝਣ ਵਾਲੇ ਨੂੰ ਉੱਚ ਕੋਟੀ ਦਾ ਸਾਧਕ ਜਾਂ ਬ੍ਰਹਮ ਗਿਆਨੀ ਕਿਹਾ ਗਿਆ।

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ। ਗਗਨ ਮੰਡਲ ਮਹਿ ਰਾਖੈ ਚੇਤਾ॥
ਉਲਟੇ ਪਵਨੁ ਕਰੈ ਅਹਾਰੁ। ਕ੍ਰੋ. ਕੂਠ ਮੇਟੈ ਪਾਵੈ ਸਾਰੁ॥[1]

ਇਸੇ ਤਰ੍ਹਾਂ ਬ੍ਰਹਮ ਗਿਆਨੀ ਲਈ ਸਹਸ੍ਰਦਲ ਕਮਲ ਵਿਚ ਪ੍ਰਾਣਾਂ ਨੂੰ 'ਲਯ' ਕਰਨ ਦੀ ਜੁਗਤੀ ਦਾ ਉਲੇਖ ਕੀਤਾ ਗਿਆ ਹੈ।[2]

ਵੈਰਾਗੀ: ਵੈਰਾਗ ਨੂੰ ਅੰਧਿਆਤਮਕ ਸਾਧਨਾ ਦੀ ਪਹਿਲੀ ਪੌੜੀ ਮੰਨਿਆ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਸਾਧਕ ਦੀ ਵੈਰਾਗ ਭਾਵਨਾ ਦਾ ਥਾਂ ਥਾਂ ਤੇ ਉਲੇਖ ਕੀਤਾ ਹੈ ਅਤੇ ਸਾਧਕ ਦੀ ਇਸ ਅਵਸਥਾ ਨੂੰ ਕਈ ਵਾਰ ਨਮਸਕਾਰ ਕੀਤਾ ਹੈ:

ਜਿਹ ਅਨਰਸ ਸਵਾਦ ਬਿਚਖਣ। ਨਾਨਕ ਸਹਜ ਬੈਰਾਗ ਕੇ ਲਖਣ॥[3]

ਵੈਰਾਗੀ ਲਈ ਸੁੰਨ ਸਮਾਧੀ ਅਤੇ ਅਨਹਦ ਨਾਦ ਦਾ ਵੀ ਉਲੇਖ ਕੀਤਾ ਗਿਆ ਹੈ।[4] ਇਸਦੇ ਨਾਲ ਨਾਲ ਵੈਰਾਗੀ ਦੇ ਭੇਖ ਦਾ ਵੀ ਵੇਰਵਾ ਦਿੱਤਾ ਗਿਆ ਹੈ। ਸਿਰ ਮੁਨਾਉਣਾ, ਟੋਪੀ ਪਾਉਣਾ, ਤੁਲਸੀ ਦੀ ਮਾਲਾ ਪਹਿਣਨੀ ਅਤੇ ਮੋਢੇ ਤੇ ਮ੍ਰਿਗਛਾਲ ਰਖਣੀ ਵੈਰਾਗੀ ਦਾ ਭੇਖ ਦਸਿਆ ਗਿਆ ਹੈ। ਕੇਵਲ ਇਸ ਭੇਖ ਨੂੰ ਧਾਰਨ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 331.
2. ਉਹੀ, ਪੰਨਾ 333.
3. ਉਹੀ, ਪੰਨਾ 327.
4. ਉਹੀ, ਪੰਨਾ 328.

ਕਰਨ ਵਾਲਾ ਵਿਅਕਤੀ ਵੈਰਾਗੀ ਨਹੀਂ ਹੋ ਸਕਦਾ ਕਿਉਂਕਿ ਵੈਰਾਗ ਮਨ ਦੀ ਇਕ ਸੂਖਮ ਅਵਸਥਾ ਹੈ:

ਪਹਰਿ ਭੇਖ ਗ੍ਰਿਹ ਤਿਰਿਆ ਤਿਆਗੀ। ਸੋ ਨਾਹੀ ਪੁਰਖਾ ਬੈਰਾਗੀ।
ਜਿਨਿ ਸਤਿਗੁਰ ਹਉਮੈ ਨਹੀਂ ਤਿਆਗੀ। ਨਾਨਕ ਸੋ ਨਾਹੀ ਬੈਰਾਗੀ॥[1]

<u>ਯੋਗੀ:</u> ਯੋਗ ਸਾਧਨਾ ਵਿਚ ਯੋਗੀ ਨੂੰ ਬੜੇ ਸਤਿਕਾਰ ਨਾਲ ਦੇਖਿਆ ਜਾਂਦਾ ਹੈ ਕਿਉਂਕਿ ਯੋਗ ਸਾਧਨਾ ਵਿਚ ਪੂਰੇ ਉਤਰਨ ਵਾਲੇ ਨੂੰ ਹੀ ਯੋਗੀ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਯੋਗੀ ਦੇ ਲੱਛਣ ਬੜੇ ਵਿਸਥਾਰ ਨਾਲ ਦੱਸੇ ਹਨ। ਇਹਨਾਂ ਵਿਚੋਂ ਮੁੱਖ ਲੱਛਣ ਇਹ ਹਨ:

1) ਇੰਦ੍ਰੀ ਸੰਜਮ,[2]
2) ਦਸਮ ਦੁਆਰ ਦੀ ਸੋਝੀ,[3]
3) ਨਿਰੰਤਰ ਧਿਆਨ ਅਵਸਥਾ।[4]

ਆਪਣੀ ਇਸ ਪੂਰੀ ਦ੍ਰਿਸ਼ਟੀ ਦਾ ਸੰਖੇਪ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਤੁਕ ਵਿਚ ਦਿੱਤਾ ਹੈ:

ਗਿਆਨ ਮਧਾਣਾ ਨੇਤ੍ਰਾ ਭਾਉ। ਇਨ ਬਿਧਿ ਜਪੀਐ ਕੇਵਲ ਨਾਉ।
ਰੋਲ ਵਿਰੋਲ ਲੀਆ ਹੈ ਮੱਖਨ। ਨਾਨਕ ਕਹੈ ਜੋਗ ਕੇ ਲਛਣ॥[5]

ਪ੍ਰਾਣ-ਸੰਗਲੀ ਦਾ ਲੇਖਕ ਭੇਖ ਅਤੇ ਪਖੰਡਾਂ ਦਾ ਵਿਰੋਧ ਕਰਦਾ ਹੈ। ਇੱਥੋਂ ਤਕ ਕਿ ਯੋਗ ਦੇ ਆਡੰਬਰ ਦੀ ਵੀ ਉਸਨੇ ਨਿਖੇਧੀ ਕੀਤੀ ਹੈ:

ਬਾਰਾਂ ਪੰਥੀ ਜੋਗੁ ਨਾ ਪਾਇਆ। ਬਿਨ ਗੁਰਸ਼ਬਦੇ ਭਰਮਿ ਭੁਲਾਇਆ।
ਪਾਖੰਡ ਕੀਨੇ ਜੋਗੁ ਨਾ ਹੋਈ। ਬਿਨ ਗੁਰ ਪੂਰੇ ਮੁਕਤ ਨਾ ਹੋਈ॥[6]

ਪ੍ਰਾਣ-ਸੰਗਲੀ ਦਾ ਲੇਖਕ ਕਿਤੇ ਕਿਤੇ ਸਾਧਕ ਨੂੰ ਭਗਤ ਨਾਂ ਵੀ ਦਿੰਦਾ ਹੈ:

ਹਰਖ ਸੋਗ ਕਛੁ ਜਾਨੈ ਨਹੀ ਆਸ ਨਿਰਾਸਾ ਹੋਇ।
ਨਾਨਕ ਭਲੀ ਬੁਰੀ ਕਿਛੁ ਉਪਜੈ ਨਹੀ ਭਗਤ ਕਹਾਵੈ ਸੋਇ॥[7]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 328.
2. ਉਹੀ, ਪੰਨਾ 326.
3. ਉਹੀ, ਪੰਨਾ 326.
4. ਉਹੀ, ਪੰਨਾ 326.
5. ਉਹੀ, ਪੰਨਾ 326.
6. ਉਹੀ, ਪੰਨਾ 336.
7. ਉਹੀ, ਪੰਨਾ 605

ਇਸ ਤਰ੍ਹਾਂ ਉਦਾਸੀ ਸ਼ਬਦ ਵੀ ਸਾਧਕ ਲਈ ਵਰਤਿਆ ਗਿਆ ਹੈ। ਇੰਦ੍ਰੀ ਸੰਜਮ, ਕਾਯਾ, ਸ਼ੋਧਨ, ਅਤੇ ਦਸਮ ਦੁਆਰ ਦੀ ਸੋਝੀ ਆਦਿ ਹਠ ਯੋਗ ਦੇ ਤੱਤ 'ਉਦਾਸੀ' ਦੇ ਵੀ ਲੱਛਣ ਦੱਸੇ ਗਏ ਹਨ:

ਦਾਸ ਉਦਾਸੀ ਗੁਰਮੁਖਿ ਗਾਏ। ਨਿਜ ਘਰਿ ਬਸੈ ਫਿਰਿ ਕਾਲੁ ਨਾ ਖਾਏ॥[1]

ਇਸੇ ਪ੍ਰਸੰਗ ਵਿਚ ਹਠ ਯੋਗ ਦੀ ਪੂਰੀ ਸਾਧਨਾ ਨੂੰ 'ਉਦਾਸੀ' ਨਾਲ ਜੋੜਿਆ ਗਿਆ ਹੈ।

ਅਵਧੂਤ: ਅਵਧੂਤ ਸ਼ਬਦ ਵੀ ਸਾਧਕ ਲਈ ਵਰਤਿਆ ਗਿਆ ਹੈ। ਅਵਧੂਤ ਦਾ ਲੱਛਣ ਕਰਦੇ ਹੋਏ ਪ੍ਰਾਣ-ਸੰਗਲੀ ਦਾ ਲੇਖਕ ਅਵਧੂਤ ਨੂੰ ਹਠ ਯੋਗ ਦੀ ਸਾਧਨਾ ਨਾਲ ਜੋੜਦਾ ਹੈ। ਅਵਧੂਤ ਨੂੰ ਸਾਧਨਾ ਦੀ ਉੱਚੀ ਅਵਸਥਾ ਦਾ ਸੁਆਮੀ ਦੱਸਦਾ ਹੈ:

ਮਨ ਪਵਨੈ ਲੈ ਰਾਖੈ ਬੰਧ। ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧ॥
ਅਪਣੈ ਵਸਿ ਕਰਿ ਰਾਖੈ ਦੂਤਾ। ਨਾਨਕ ਕਹੈ ਸੋਈ ਅਵਧੂਤਾ॥[2]

ਅਰਥਾਤ ਪ੍ਰਾਣਾਯਾਮ ਦੀ ਸਾਧਨਾ ਕਰਨ ਵਾਲਾ, ਤ੍ਰਿਵੇਣੀ, ਤ੍ਰਿਕੁਟੀ (ਆਗਿਆ ਚਕ੍ਰ) ਦਾ ਭੇਦਨ ਕਰਨ ਵਾਲਾ ਅਤੇ ਪੰਜਾਂ ਦੂਤਾਂ (ਇੰਦ੍ਰੀਆਂ) ਨੂੰ ਆਪਣੇ ਵੱਸ ਵਿਚ ਰੱਖਣ ਵਾਲਾ ਸਾਧਕ ਅਵਧੂਤ ਕਿਹਾ ਜਾਂਦਾ ਹੈ।

ਓਅੰਕਾਰ: 'ਓਅੰਕਾਰ' ਨੂੰ ਸਾਧਨਾ ਦੇ ਕੇਂਦਰ ਵਿਚ ਰਖਿਆ ਗਿਆ ਹੈ। ਉਪਨਿਸ਼ਦਾਂ ਤੋਂ ਲੈ ਕੇ ਸ਼ੰਕਰਾਚਾਰਯ ਆਦਿ ਦਾਰਸ਼ਨਿਕਾਂ ਨੇ ਹਠ ਯੋਗ ਆਦਿ ਸਾਧਨਾਵਾਂ ਦੇ ਸਾਧਕਾਂ ਨੇ, ਭਗਤਾਂ ਅਤੇ ਸੰਤਾਂ ਨੇ 'ਓਅੰਕਾਰ' ਨੂੰ ਆਪਣੀ ਸਾਧਨਾ ਵਿਚ ਇਕ ਉੱਚਾ ਜਾਂ ਪਹਿਲਾ ਸਥਾਨ ਦਿੱਤਾ ਹੈ।[3] ਗੁਰੂ ਨਾਨਕ ਦੇਵ ਜੀ ਨੇ ਆਪਣੀ ਪੂਰੀ ਦ੍ਰਿਸ਼ਟੀ ਦਾ ਪ੍ਰਤੀਕ 'ਓਅੰਕਾਰ' ਨੂੰ ਮੰਨਿਆ ਹੈ। ਗੁਰੂ ਨਾਨਕ ਦੀ ਅਦ੍ਵੈਤਵਾਦੀ ਦ੍ਰਿਸ਼ਟੀ ਅਤੇ ਉਹਨਾਂ ਦੀ ਸਮਨ੍ਵੈ ਮੂਲਕ ਸਾਧਨਾ ਦਾ ਪ੍ਰਤੀਨਿਧ ਹੈ 'ੴ'।

ਪ੍ਰਾਣ-ਸੰਗਲੀ ਦੇ ਲੇਖਕ ਨੇ ਓਅੰਕਾਰ ਨੂੰ ਬੀਜ ਮੰਤ੍ਰ ਦੱਸਿਆ ਹੈ ਅਤੇ ਇਸਦੀ ਚਰਚਾ ਬਹੁਤ ਵਿਸਥਾਰ ਨਾਲ ਕੀਤੀ ਹੈ। ਇਸ ਵਿਸਥਾਰ ਦੇ ਕੁਝ ਅੰਸ਼ ਇਹ ਹਨ:

ਓਅੰ ਬੀਜ ਮੰਤ੍ਰ ਕਾ ਇਹੀ ਬੀਚਾਰ। ਤਾਂ ਕਾ ਅੰਤੁ ਨਾ ਪਾਰਾਵਾਰ॥
ਸਰਬ ਧਰਮ ਤਾਂ ਮੂਲ ਹੈ ਕੀਆ। ਜਹਾਂ ਪਾਰਬ੍ਰਹਮ ਨਿਵਾਸਾ ਲੀਆ॥[4]

ਭਾਵ ਇਹ ਹੈ ਕਿ ਓਅੰਕਾਰ ਦੀ ਮਹਿਮਾ ਦਾ ਕੋਈ ਅੰਤ ਨਹੀਂ। ਸਾਰੇ ਧਰਮਾਂ ਦਾ ਮੂਲ ਇਹੋ ਹੈ ਅਤੇ ਪਾਰਬ੍ਰਹਮ ਦਾ ਵਾਸਾ ਇਥੇ ਹੀ ਹੈ।

'ਓਅੰਕਾਰ' ਦੀ ਇਕ ਪਰਿਭਾਸ਼ਾ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਪ੍ਰਕਾਰ ਦਿੱਤੀ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 218.
2. ਉਹੀ, ਪੰਨਾ 325.
3. ਦੇਖੋ: a) Shivananda, Swami, Science of Yoga, Vol. I, pp. 21-28; Vol. V, pp. 19-21; Vol. VII, pp. 20-26. b) H.L. Sharma, Yoga Technique of Psychology, pp. 9-16. c) K.N. Tewari, Comparative Religion, pp. 6-11.
4. 'ਪ੍ਰਾਣ-ਸੰਗਲੀ', (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 613.

ਓਮ ਕੀ ਮਾਤ੍ਰਾ ਕਹੀਐ ਤੀਨ। ਅਕਾਰ ਉਕਾਰ ਮਕਾਰ ਪ੍ਰਬੀਨ।
ਜਬ ਇਹੁ ਮਾਤ੍ਰਾ ਹੋਵੈ ਇਕਠਾਈ। ਨਾਨਕ ਤਬ ਓਅੰਕਾਰ ਕਹਾਈ॥[1]

ਭਾਵ ਇਹ ਹੈ ਕਿ ਅ+ਉ+ਮ ਇਹਨਾਂ ਤਿੰਨਾਂ ਅੱਖਰਾਂ ਤੋਂ ਓਅੰਕਾਰ ਸ਼ਬਦ ਬਣਿਆ ਹੈ। ਇਹਨਾਂ ਤਿੰਨਾਂ ਅੱਖਰਾਂ ਦਾ ਇਕ ਰਹੱਸਮਈ ਅਰਥ ਪ੍ਰਾਣ-ਸੰਗਲੀ ਦੇ ਲੇਖਕ ਨੇ ਕੀਤਾ ਹੈ। ਉਸ ਦੇ ਅਨੁਸਾਰ 'ਅ' ਦਾ ਅਰਥ ਹੈ ਰਿਗਵੇਦ, 'ਉ' ਦਾ ਅਰਥ ਹੈ ਜਜੁਰਵੇਦ ਅਤੇ 'ਮ' ਦਾ ਅਰਥ ਹੈ ਮਹਾਦੇਵ:

ਇਨੋਂ ਤੀਨੋਂ ਮਿਲ ਕਰ ਓਅੰਕਾਰ ਪ੍ਰਗਟਾਯਾ। ਨਾਨਕ ਸੋਈ ਓਅੰਕਾਰ ਸਭ ਮਾਹਿ ਸਮਾਯਾ॥[2]

ਵਿਆਕਰਣ ਦੀ ਦ੍ਰਿਸ਼ਟੀ ਤੋਂ ਇਹ ਅਰਥ ਠੀਕ ਹੈ ਪਰ 'ਮ' ਨਾਲ ਮਹਾਦੇਵ ਦੀ ਸੂਚਨਾ ਦੇਣਾ ਕੇਵਲ ਕਲਪਨਾ ਮਾਤ੍ਰ ਜਾਪਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਉੱਤੇ ਇਹ ਪੌਰਾਣਿਕ ਪ੍ਰਭਾਵ ਕਿਹਾ ਜਾ ਸਕਦਾ ਹੈ। ਇਸਤੋਂ ਅਗਲੀਆਂ ਤੁਕਾਂ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਦੇਵਤਾਵਾਂ ਦੇ ਨਾਲ ਓਅੰਕਾਰ ਨੂੰ ਜੋੜਿਆ ਗਿਆ ਹੈ ਪਰ ਇਸਦਾ ਕੋਈ ਸ਼ਾਸਤ੍ਰੀ ਪ੍ਰਮਾਣ ਨਹੀਂ ਮਿਲਦਾ।

ਓਅੰਕਾਰ ਨੂੰ ਵੈਦਿਕ ਯੁਗ ਤੋਂ ਲੈ ਕੇ ਅੱਜ ਤੱਕ ਹਰ ਇਕ ਸਾਧਨਾ ਵਿਚ ਬਹੁਤ ਮਹੱਤਵਪੂਰਨ ਮੰਨਿਆ ਗਿਆ ਹੈ। ਨਿਰਗੁਣਵਾਦੀ ਹੋਵੇ ਭਾਵੇਂ ਸਰਗੁਣਵਾਦੀ, ਤੰਤ੍ਰਵਾਦੀ ਹੋਵੇ ਭਾਵੇਂ ਮੰਤ੍ਰਵਾਦੀ, ਓਅੰਕਾਰ ਤੋਂ ਬਿਨਾ ਕਿਸੇ ਵੀ ਸਾਧਨਾ ਪੱਧਤੀ ਨੂੰ ਪੂਰਨ ਨਹੀਂ ਕਿਹਾ ਜਾ ਸਕਦਾ।

ਜਿੱਥੋਂ ਤਕ ਧਿਆਨ ਦਾ ਸੰਬੰਧ ਹੈ, ਸਾਰੇ ਸਾਧਕਾਂ ਨੇ ਓਅੰਕਾਰ ਦੇ ਧਿਆਨ ਨੂੰ ਸਭ ਤੋਂ ਵੱਡਾ ਧਿਆਨ ਮੰਨਿਆ ਹੈ। ਇਸੇ ਲਈ ਸਾਰੇ ਦੇਵੀ ਦੇਵਤਿਆਂ ਨੂੰ ਓਅੰਕਾਰ ਦੇ ਵਿਚ ਵਿਖਾਇਆ ਜਾਂਦਾ ਹੈ। ਯੋਗੀ ਲੋਕ ਇਸੇ ਓਅੰਕਾਰ ਨੂੰ ਆਪਣੇ ਹਿਰਦੇ ਵਿਚ ਧਿਆਉਂਦੇ ਹਨ। ਹਠ ਯੋਗੀਆਂ ਦੇ ਅਨੁਸਾਰ ਓਅੰਕਾਰ ਹੀ 'ਵਿਸ਼ੁਧਿ ਚਕ੍ਰ' ਅਰਥਾਤ ਹਿਰਦੇ ਦੇ ਨਾਲ ਹੈ। ਇਸ ਓਅੰਕਾਰ ਦੀ ਮਹਿਮਾ ਵੇਦਾਂ, ਸ਼ਾਸਤ੍ਰਾਂ, ਪੁਰਾਣਾਂ ਅਤੇ ਹੋਰ ਅਨੇਕ ਗ੍ਰੰਥਾਂ ਵਿਚ ਪਾਈ ਜਾਂਦੀ ਹੈ। ਜਿਹੜੇ ਸਾਧਕ ਕਿਸੇ ਮੂਰਤੀ ਨੂੰ ਨਹੀਂ ਮੰਨਦੇ, ਉਹ ਓਅੰਕਾਰ ਦੇ ਰੂਪ ਦਾ ਧਿਆਨ ਧਰਦੇ ਹਨ।[3]

ਨਿਸ਼ਕਰਸ਼: ਪ੍ਰਾਣ-ਸੰਗਲੀ ਦੇ ਅਧਿਆਤਮਕ ਵਿਚਾਰਾਂ ਨੂੰ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਵਿਚ ਅਦ੍ਵੈਤ ਦ੍ਰਿਸ਼ਟੀ ਦਾ ਬਹੁਤ ਵਿਸਥਾਰ ਮਿਲਦਾ ਹੈ। ਆਤਮਾ ਅਤੇ ਬ੍ਰਹਮ ਦੀ ਏਕਤਾ, ਮਾਇਆ ਦਾ ਸੰਕਲਪ, ਮੁਕਤੀ ਦੇ ਸਾਧਨ ਆਦਿ ਦੀ ਚਰਚਾ ਅਦ੍ਵੈਤਵਾਦੀ ਦ੍ਰਿਸ਼ਟੀ ਤੋਂ ਕੀਤੀ ਗਈ ਹੈ। ਓਅੰਕਾਰ ਦੇ ਧਿਆਨ ਨੂੰ ਅਦ੍ਵੈਤਵਾਦੀ ਸਾਧਨਾ ਦਾ ਕੇਂਦਰ-ਬਿੰਦੂ ਦੱਸਿਆ ਗਿਆ ਹੈ। ਇਹ ਪੂਰੀ ਚਰਚਾ ਅਦ੍ਵੈਤਵਾਦ ਦੇ ਮੁੱਖ ਸਿੱਧਾਂਤਾਂ ਦੇ ਅਨੁਕੂਲ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 613.
2. ਉਹੀ, ਪੰਨਾ 614.
3. "ਇਸਲਾਮੀ ਸਾਧਨਾ ਪੱਧਤੀ ਵਿਚ 'ਹੂ' ਦੀ ਵਰਤੋਂ ਓਅੰਕਾਰ ਦੀ ਤਰ੍ਹਾਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਅਲਾਹ ਨਾਲ ਜੋੜਿਆ ਜਾਂਦਾ ਹੈ। ਹੋ ਸਕਦਾ ਹੈ ਕਿ 'ਹੂ' 'ਓਅੰਕਾਰ' ਦਾ ਹੀ ਰੂਪਾਂਤਰ ਹੋਵੇ।"

## 3) ਅਸ਼ਟਾਂਗ ਯੋਗ ਸਾਧਨਾ

ਪ੍ਰਾਣ-ਸੰਗਲੀ ਵਿਚ ਅਸ਼ਟਾਂਗ ਯੋਗ ਅਤੇ ਹਠ ਯੋਗ ਦੀ ਰਲਵੀਂ ਮਿਲਵੀਂ ਸਾਧਨਾ ਪੱਧਤੀ ਮਿਲਦੀ ਹੈ। ਇਸ ਤੋਂ ਛੁੱਟ ਕਮਲ, ਚਕ੍ਰ, ਬੰਧ, ਇੜਾ, ਪਿੰਗਲਾ, ਸੁਖਮਨਾ ਅਤੇ ਕੁੰਡਲਿਨੀ ਸ਼ਕਤੀ ਬਾਰੇ ਬਹੁਤ ਸਾਰੇ ਉਲੇਖ ਪ੍ਰਾਣਸੰਗਲੀ ਵਿਚ ਮਿਲਦੇ ਹਨ। ਇਹਨਾਂ ਉਲੇਖਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਸਾਧਨਾ ਦੀਆਂ ਇਹਨਾਂ ਪੱਧਤੀਆਂ ਤੋਂ ਜਾਣੂ ਤਾਂ ਸੀ ਪਰ ਇਹਨਾਂ ਨੂੰ ਮਿਲਾ ਕੇ ਇਕ ਸੁਸੰਗਠਿਤ ਅਤੇ ਇਕ ਨਵੀਂ ਮੌਲਿਕ ਰੰਦਵੀਂ ਸਾਧਨਾ ਪੱਧਤੀ ਪ੍ਰਸਤੁਤ ਕਰਨ ਵਿਚ ਉਸ ਨੂੰ ਕੋਈ ਸਫਲਤਾ ਨਹੀਂ ਮਿਲੀ। ਇਉਂ ਜਾਪਦਾ ਹੈ ਕਿ ਆਪਣੇ ਯੁਗ ਦੇ ਯੋਗੀਆਂ (ਹਠ ਯੋਗੀਆਂ ਤੇ ਰਾਜ ਯੋਗੀਆਂ) ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਨਾਥਾਂ ਸਿੱਧਾਂ ਅਤੇ ਹੋਰ ਰਹੱਸਵਾਦੀਆਂ ਦੀ ਦ੍ਰਿਸ਼ਟੀ ਤੋਂ ਲਾਭ ਉਠਾਉਂਦੇ ਹੋਏ ਪ੍ਰਾਣ-ਸੰਗਲੀ ਦੇ ਲੇਖਕ ਨੇ ਯੋਗ ਮੱਤ ਅਤੇ ਸਾਧਾਰਣ ਵਿਸ਼ਵਾਸਾਂ ਦਾ ਇਕ ਮਿਲਗੋਭਾ ਪ੍ਰਾਣਸੰਗਲੀ ਵਿਚ ਪ੍ਰਸਤੁਤ ਕੀਤਾ ਹੈ। ਇਸ ਦੀ ਪ੍ਰਮਾਣਿਕਤਾ ਉਤੇ ਕਿੰਤੂ ਕੀਤਾ ਜਾ ਸਕਦਾ ਹੈ।

ਰਾਜ ਯੋਗ ਅਤੇ ਹਠ ਯੋਗ ਆਪਣੀ ਵਿਚਾਰਧਾਰਾ ਅਤੇ ਸਾਧਨਾ ਪੱਧਤੀ ਲਈ ਪਤੰਜਲੀ ਦੇ ਦੱਸੇ ਹੋਏ ਯੋਗ ਦੇ ਅੱਠਾਂ ਅੰਗਾਂ ਨੂੰ ਸਵੀਕਾਰ ਕਰਦੇ ਹੋਏ,[1] ਹਠ ਯੋਗੀ 'ਯਮ', 'ਨਿਯਮ' ਤੋਂ ਪਿੱਛੋਂ ਆਸਣਾਂ ਉਤੇ ਬਹੁਤ ਜ਼ੋਰ ਦਿੰਦੇ ਹਨ ਅਤੇ ਮੁਕਤੀ (ਮੋਕਸ਼) ਦੀ ਥਾਂ ਰਿੱਧੀਆਂ ਸਿੱਧੀਆਂ ਵਲ ਵਧੇਰੇ ਝੁਕਦੇ ਹਨ।[2] ਪ੍ਰਾਣ-ਸੰਗਲੀ ਵਿਚ ਅਸ਼ਟਾਂਗ ਯੋਗ ਦੇ ਬਾਰੇ ਲਿਖਿਆ ਹੈ:

> ਅਸ਼ਟਾਂਗ ਯੋਗ ਕੀ ਸੁਨੋ ਕਹਾਨੀ। ਜਾਂ ਸੇ ਆਠੋਂ ਸਿਧਿ ਨੁਸ਼ਾਨੀ।।[3]

ਇਸ ਬਚਨ ਨਾਲ ਅਸ਼ਟਾਂਗ ਯੋਗ ਦੀ ਚਰਚਾ ਪ੍ਰਾਣ-ਸੰਗਲੀ ਵਿਚ ਸ਼ੁਰੂ ਕੀਤੀ ਗਈ ਹੈ। ਅਤੇ ਅੱਠਾਂ ਸਿੱਧੀਆਂ ਦਾ ਵੇਰਵਾ ਵੀ ਇਸੇ ਸੰਦਰਭ ਵਿਚ ਦਿੱਤਾ ਗਿਆ ਹੈ। ਇਸ ਅਸ਼ਟਾਂਗ ਯੋਗ ਦਾ ਵਰਣਨ ਇਹਨਾਂ ਸ਼ਬਦਾਂ ਰਾਹੀਂ ਕੀਤਾ ਗਿਆ ਹੈ:

---

1. ਦੇਖੋ: a) Dr S. Radhakrishnan, History of Indian Philosophy, Vol. I, pp. 81-91.
   b) Ross, The New Manual of Yoga, pp. 8-15.
2. ਦੇਖੋ: a) Dr S.N. Dasgupta, Yoga as Philosophy & Religion, pp. 7-8.
   b) Ross, The New Manual of Yoga, pp. 21-26.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 413.

ਅਬ ਆਠ ਅੰਗ ਕੀ ਜੁਗਤਿ ਕਮਾਈ।
ਹਰ ਹਰ ਸਿਵ ਪਰਮ ਪਦ ਪਾਈ॥[1]

ਭਾਵ ਇਹ ਹੈ ਕਿ ਯੋਗ ਦੇ ਅੱਠ ਅੰਗਾਂ ਦੀ ਸਾਧਨਾ ਕਰਨ ਤੋਂ "ਹਰਿ" ਦੀ ਸੇਵਾ ਪ੍ਰਾਪਤ ਹੁੰਦੀ ਹੈ ਅਤੇ ਇਸਦੇ ਰਾਹੀਂ ਪਰਮਪਦ ਅਰਥਾਤ ਮੁਕਤੀ ਪ੍ਰਾਪਤ ਹੁੰਦੀ ਹੈ।

ੳ) <u>ਯਮ</u>: ਇਸ ਤੋਂ ਅੱਗੇ ਯੋਗ ਦੇ ਪਹਿਲੇ ਅੰਗ 'ਯਮ' ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

ਪ੍ਰਥਮੇ ਜਮ ਕੇ ਸਾਧੇ ਭਾਈ। ਯਾਰੀ ਚੋਰੀ ਚਿਤ ਨਾ ਲਾਈ॥
ਲੰਪਟ ਜੋਤ ਖਿਮਾ ਮਨ ਧਾਰੇ। ਤਬ ਸਿਧਿ ਅਠਿ ਆਇ ਪੁਕਾਰੇ॥
ਏ ਗੁਨ ਮੇਰੇ ਸੁਨਹੁ ਪਿਆਰੇ। ਨਿੰਦ੍ਰਾ ਤ੍ਰਿਖਾ ਭੁਖ ਨਿਵਾਰੇ॥
ਕੋਸ ਸਹੰਸਰ ਕੀ ਬਿਧਿ ਜਾਨੈ। ਸਭ ਕੇ ਦੇਖੈ ਬਾਤ ਬਖਾਨੈ॥
ਐਸੀ ਬਿਧਿ ਕਰਿ ਹੋਨੈ ਦੇਹਾ। ਤਬ ਨਾਨਕ ਲਾਗੈ ਪ੍ਰਭ ਸੋ ਨੇਹਾ॥[2]

'ਯਮ' ਦੇ ਇਸ ਲੱਛਣ ਵਿਚ ਪ੍ਰਾਣ-ਸੰਗਲੀ ਦੇ ਲੇਖਕ ਨੇ ਪਤੰਜਲੀ ਦੀ ਦ੍ਰਿਸ਼ਟੀ ਤੋਂ ਹਟ ਕੇ ਬਹੁਤ ਕੁਝ ਕਿਹਾ ਹੈ। ਪਤੰਜਲੀ ਅਨੁਸਾਰ ਇੰਦ੍ਰੀਆਂ ਨੂੰ ਨਿਯੰਤ੍ਰਣ ਵਿਚ ਰਖਣਾ 'ਯਮ' ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਇੰਦ੍ਰੀਆਂ ਦੇ ਇਸ ਨਿਯੰਤ੍ਰਣ ਨੂੰ ਚੋਰੀ, ਯਾਰੀ, ਨੀਂਦਰ, ਭੁੱਖ ਪਿਆਸ ਆਦਿ ਉਤੇ ਕਾਬੂ ਪਾਉਣ ਦੀ ਗੱਲ ਕੀਤੀ ਹੈ। ਪਤੰਜਲੀ ਦੀ ਮੂਲ ਦ੍ਰਿਸ਼ਟੀ ਦਾ ਵਿਸਥਾਰ ਇਸ ਨੂੰ ਕਿਹਾ ਜਾ ਸਕਦਾ ਹੈ।

ਇਸ ਤੋਂ ਛੁੱਟ ਯਮ ਦੀ ਸਾਧਨਾ ਤੇ ਪ੍ਰਾਪਤ ਹੋਣ ਵਾਲੀਆਂ ਅਠਿ ਸਿੱਧੀਆਂ ਦਾ ਉਲੇਖ ਪ੍ਰਾਣ-ਸੰਗਲੀ ਦੇ ਲੇਖਕ ਨੇ ਬਿਨਾ ਕਿਸੀ ਸ਼ਾਸਤ੍ਰੀ ਆਧਾਰ ਤੋਂ ਕੀਤਾ ਹੈ। ਹਜ਼ਾਰਾਂ ਕੋਹਾਂ ਦੀ ਗੱਲ ਜਾਣ ਲੈਣੀ ਅਤੇ ਸਭ ਕੁਝ ਦੇਖ ਲੈਣਾ ਜਿਹੀਆਂ ਸਿੱਧੀਆਂ ਪ੍ਰਾਣ-ਸੰਗਲੀ ਦੇ ਲੇਖਕ ਦੀ ਕਲਪਨਾ ਮਾਤਰ ਹਨ।

ਅ) <u>ਨਿਯਮ (ਨੇਮ)</u>: ਨਿਯਮ ਦੇ ਬਾਰੇ ਪਤੰਜਲੀ ਦੀ ਦ੍ਰਿਸ਼ਟੀ ਦਾ ਉਲੇਖ ਪਿੱਛੇ ਹੋ ਚੁੱਕਿਆ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਯੋਗ ਦੇ ਇਸ ਦੂਜੇ ਅੰਗ 'ਨੇਮ' ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ:

ਦੂਜੇ ਅੰਗ ਨੇਮ ਸੁਣ ਲੀਜੈ। ਕਾਯਾ ਦੇਵਲ ਸੇਵ ਕਰੀਜੈ॥
ਦਯਾ ਦਾਨ ਸੰਤੋਖ ਵਿਚਾਰੀ। ਤਾਂ ਤੇ ਮਹਿਮਾ ਕਹੀ ਸੰਵਾਰੀ॥
ਅਪਨੇ ਲੱਛਣ ਭਾਖ ਸੁਨਾਵੈ। ਇੱਛਾ ਚਾਰੀ ਰੂਪ ਸਦਾਵੈ॥
ਮਨੋ ਕਾਮਨਾ ਸਿਧ ਕਰਾਈ। ਜੋ ਚਾਹੈ ਸੋ ਰੂਪ ਬਣਾਈ॥
ਸੋ ਕੇ ਲੀਜੈ ਨਿਕਟ ਬਹਾਲਾ॥ ਤਬ ਨਾਨਕ ਕੀਜੈ ਯਾਦ ਅਕਾਲਾ॥[3]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 413.
2. ਉਹੀ, ਪੰਨਾ 413.
3. ਉਹੀ, ਪੰਨਾ 413.

ਪਤੰਜਲੀ ਅਨੁਸਾਰ ਪਵਿੱਤ੍ਰਤਾ, ਸੰਤੋਖ, ਤਪੱਸਿਆ ਅਤੇ ਪ੍ਰਭੂ ਦੀ ਸ਼ਰਨ ਵਿਚ ਜਾਣ ਦੀ ਭਾਵਨਾ ਨਿਯਮ ਦਾ ਮੁੱਖ ਰੂਪ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਸਰੀਰ ਦੇਵਲ ਬਣਾਉਣ ਦੀ ਗੱਲ ਕੀਤੀ ਹੈ। ਉਸਦਾ ਭਾਵ ਸਰੀਰਿਕ ਪਵਿੱਤ੍ਰਤਾ ਦਾ ਹੋ ਸਕਦਾ ਹੈ। ਪਤੰਜਲੀ ਦੇ ਸੰਤੋਖ ਨੂੰ ਦਯਾ, ਦਾਨ ਨਾਲ ਜੋੜਿਆ ਗਿਆ ਹੈ। ਇਹ ਸਾਰੀ ਸਾਮਗ੍ਰੀ ਪਤੰਜਲੀ ਦੀ ਦ੍ਰਿਸ਼ਟੀ ਦਾ ਹੀ ਵਿਸਥਾਰ ਹੈ।

ਪਰੰਤੂ ਇੱਛਾਚਾਰੀ ਰੂਪ ਹੋਣਾ, ਮਨੋਕਾਮਨਾ ਸਿੱਧ ਹੋਣੀ ਅਤੇ ਆਪਣਾ ਰੂਪ ਵਟਾ ਲੈਣਾ ਆਦਿ ਸਿੱਧੀਆਂ ਦਾ ਉਲੇਖ 'ਨਿਯਮ' ਦੇ ਸੰਦਰਭ ਵਿਚ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੇ ਵੱਲੋਂ ਕੀਤਾ ਹੈ। ਅੰਤ ਵਿਚ ਅਕਾਲ-ਪੁਰਖ ਦੀ ਯਾਦ ਨਾਲ ਇਸ ਪੂਰੇ ਪ੍ਰਸੰਗ ਨੂੰ ਗੁਰੂ ਨਾਨਕ ਦੀ ਦ੍ਰਿਸ਼ਟੀ ਨਾਲ ਜੋੜਿਆ ਗਿਆ ਹੈ।

ੲ <u>ਆਸਣ:</u> ਪਤੰਜਲੀ ਦੀ ਆਸਣ ਸੰਬੰਧੀ ਦ੍ਰਿਸ਼ਟੀ ਬਾਰੇ ਵਿਚਾਰ ਪਿੱਛੇ ਹੋ ਚੁੱਕਿਆ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਆਸਣ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ:

ਅਬ ਤੀਜੇ ਆਸਣ ਮਾਂਡੇ ਮੀਤਾ। ਮਨਿ ਦ੍ਰਿੜ ਕਰਿ ਲਾਵੈ ਨਾਮ ਪ੍ਰੀਤਾ॥
ਕਾਮ ਕ੍ਰੋਧ ਮੋਹ ਪਰਹਾਰੈ। ਨੇਮ ਧਰਮ ਘਟ ਮਹਿ ਉਰਧਾਰੈ॥
ਤਬ ਲਗੁ ਮਾਇ ਤਿਸੈ ਰੀਝਾਵੈ। ਸਭੇ ਰੂਪ ਅਪਨਾ ਦਿਖਲਾਵੈ॥
ਦੇਹਿ ਛੈਲ ਉਰੇ ਘਟਿ ਬਾਸਾ। ਸੁਰਗਿਨੀ ਅਪਨੇ ਨਵਰ ਨਿਵਾਸਾ॥
ਮੁਝ ਮੈਂ ਬੈਸਿ ਗੁਣ ਹੈ ਭਾਈ। ਨਾਨਕ ਰਾਖਹੁ ਮਨ ਸਿਉ ਲਾਈ॥[1]

ਇਹਨਾਂ ਤੁਕਾਂ ਵਿਚ ਆਸਣ ਦੇ ਸੰਬੰਧ ਵਿਚ ਪਤੰਜਲੀ ਦਾ ਮੂਲ ਮੰਤਵ ਦੋਹਰਾਇਆ ਗਿਆ ਹੈ। ਕਾਮ, ਕ੍ਰੋਧ, ਮੋਹ ਨੂੰ ਦੂਰ ਕਰਨ ਲਈ, ਮਨ ਨੂੰ ਦ੍ਰਿੜ੍ਹ ਕਰਨ ਲਈ ਅਤੇ ਨੇਮ ਧਰਮ ਨੂੰ ਆਪਣੇ ਅੰਦਰ ਸਥਾਪਿਤ ਕਰਨ ਲਈ ਆਸਣ ਦੀ ਵਰਤੋਂ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।[2]

ਪਰੰਤੂ, ਪਤੰਜਲੀ ਨੇ ਆਸਣ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸਦੀ ਸਥਿਰਤਾ ਜਾਂ ਉਸਦਾ ਅਡਿੱਗ ਹੋਣਾ ਅਤੇ ਉਸਦਾ ਸੁਖਾਵਾਂ ਹੋਣਾ ਦੱਸਿਆ ਹੈ।[3] ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਇਥੇ ਵੀ ਯੋਗ ਦੇ ਇਕ ਅੰਗ ਆਸਣ ਨੂੰ ਆਪਣੀ ਕਲਪਨਾ ਰਾਹੀਂ ਵਿਸਥਾਰ ਦਿੱਤਾ ਹੈ ਅਤੇ ਮਾਇਆ ਦੁਆਰਾ ਸਾਧਕ ਨੂੰ ਭਟਕਾਉਣ ਦੀ ਗੱਲ ਕੀਤੀ ਹੈ।

ਸ) <u>ਪ੍ਰਤਿਆਹਾਰ:</u> ਪਤੰਜਲੀ ਦੇ ਅਨੁਸਾਰ ਯੋਗ ਦਾ ਚੌਥਾ ਅੰਗ ਹੈ — ਪ੍ਰਾਣਾਯਾਮ ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਪ੍ਰਾਣਾਯਾਮ ਦੀ ਥਾਂ ਪ੍ਰਤਿਆਹਾਰ ਨੂੰ ਰੱਖਿਆ ਹੈ। ਪਤੰਜਲੀ ਦੇ ਅਨੁਸਾਰ ਪ੍ਰਤਿਆਹਾਰ ਯੋਗ ਦਾ ਪੰਜਵਾਂ ਅੰਗ ਹੈ।[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 414.
2. ਦੇਖੋ: Ross, The New Manual of Yoga, pp. 3-6.
3. ਦੇਖੋ: 'ਯੋਗ ਦਰਸ਼ਨ', ਪਾਦ 2, ਸੂਤ੍ਰ 46.
4. ਉਹੀ, ਪਾਦ 2, ਸੂਤ੍ਰ 54.

ਪ੍ਰਾਣ-ਸੰਗਲੀ ਦੇ ਲੇਖਕ ਨੇ ਪ੍ਰਾਣਾਯਾਮ ਨੂੰ ਅਸ਼ਟਾਂਗ ਯੋਗ ਵਿਚ ਇਥੇ ਥਾਂ ਨਹੀਂ ਦਿੱਤੀ।

'ਪ੍ਰਤਿਆਹਾਰ' ਦਾ ਅਰਥ ਹੈ ਇੰਦ੍ਰੀਆਂ ਨੂੰ ਸੰਸਾਰ ਵੱਲੋਂ ਮੋੜਨਾ। ਪ੍ਰਾਣ-ਸੰਗਲੀ ਦੇ ਲੇਖਕ ਨੇ ਪ੍ਰਤਿਆਹਾਰ ਦੇ ਬਾਰੇ ਇਹ ਵੇਰਵਾ ਦਿੱਤਾ ਹੈ:

ਪ੍ਰਤਯਾਹਾਰ ਚੌਥਾ ਹੈ ਅੰਗਾ। ਪੂਰਕ ਤੇ ਕੁੰਭਕ ਨਿਹਸੰਗਾ॥
ਰੇਚਕ ਸਹਿਜੇ ਪਵਨਉਤਾਰੀ। ਤਬ ਮਨਮਾਣੀ ਕਰਿ ਸਿੰਗਾਰੀ॥
ਬਹੁ ਅਪਨੇ ਗੁਨ ਗਾਇ ਸੁਨਾਵੈ। ਅਮਰ ਹੋਈ ਨਾ ਮਰਨੈ ਪਾਵੈ॥
ਹਉਂ ਐਸੀ ਬਿਧਿ ਕਰਿ ਆਈ ਸ਼ਰਨਾ। ਨਿਸਦਿਨ ਸੇਵੌਂ ਤੁਮਰੇ ਚਰਨਾ॥
ਸਹਤ ਦੇਹ ਸੁਰਗੈ ਹੈ ਬਾਸਾ। ਤਹੰ ਨਾਨਕ ਕੀਜੈ ਭੋਗ ਬਿਲਾਸਾ॥[1]

ਪ੍ਰਾਣ-ਸੰਗਲੀ ਦੇ ਲੇਖਕ ਨੇ ਸਿਰਲੇਖ ਦੇ ਤੌਰ ਤੇ ਪ੍ਰਤਿਆਹਾਰ ਦਾ ਨਾਂ ਦਿੱਤਾ ਹੈ ਪਰ ਵਰਣਨ ਸਾਰਾ ਪ੍ਰਾਣਾਯਾਮ ਦਾ ਕੀਤਾ। ਪੂਰਕ, ਕੁੰਭਕ, ਰੇਚਕ ਇਹ ਤਿੰਨੇ ਭੇਦ ਪ੍ਰਾਣਾਯਾਮ ਦੇ ਹਨ। ਸੰਪੱਸ਼ਟ ਹੈ ਕਿ ਪਤੰਜਲੀ ਦੇ ਪ੍ਰਤਿਆਹਾਰ ਦੀ ਇਥੇ ਛਾਂ ਮਾਤਰ ਵੀ ਨਹੀਂ ਹੈ। ਪ੍ਰਾਣਾਯਾਮ ਅਤੇ ਪ੍ਰਤਿਆਹਾਰ ਨੂੰ ਇਕ ਮੰਨਕੇ ਇਹ ਮਿਲਗੋਭਾ ਜਿਹਾ ਤਿਆਰ ਕੀਤਾ ਗਿਆ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੂੰ ਇਥੇ ਟਪਲਾ ਲੱਗਿਆ ਜਾਪਦਾ ਹੈ।[2]

ਪਰੰਤੂ ਸਿੱਧੀਆਂ ਉੱਤੇ ਇਥੇ ਵੀ ਉਸਨੇ ਬਲ ਦਿੱਤਾ ਹੈ। 'ਦੇਹ' ਦੇ ਨਾਲ ਸਵਰਗਾਂ ਵਿਚ ਜਾਣਾ ਅਤੇ ਉਥੇ ਭੋਗ ਵਿਲਾਸ ਕਰਨ ਦਾ ਅਧਿਕਾਰ ਪ੍ਰਤਿਆਹਾਰ ਰਾਹੀਂ ਸਾਧਕ ਨੂੰ ਮਿਲਦਾ ਹੈ। ਇਸ ਗੱਲ ਦੀ ਗਵਾਹੀ ਪ੍ਰਾਣ-ਸੰਗਲੀ ਵਿਚ ਮਿਲਦੀ ਹੈ।

ਹ) 'ਸਮ' ਦਾ ਅਰਥ ਹੈ 'ਸ਼ਾਂਤੀ'। ਯੋਗ ਦੇ ਅੱਠਾਂ ਅੰਗਾਂ ਵਿਚ 'ਸਮ' ਨਾਂ ਦੇ ਕਿਸੇ ਅੰਗ ਦਾ ਉਲੇਖ ਪਤੰਜਲੀ ਨੇ ਨਹੀਂ ਕੀਤਾ।[3] ਉਂਜ ਸਾਧਕ ਲਈ ਮਨੋਂ ਚਿੱਤੋਂ ਸ਼ਾਂਤ ਰਹਿਣ ਦਾ ਵਿਧਾਨ ਸ਼ਾਸਤ੍ਰਾਂ ਵਿਚ ਮਿਲਦਾ ਹੈ ਪਰ ਯੋਗ ਦੇ ਕਿਸੇ ਅੰਗ ਦੇ ਰੂਪ ਵਿਚ 'ਸਮ' ਦਾ ਉਲੇਖ ਨਹੀਂ ਮਿਲਦਾ। ਪ੍ਰਾਣ-ਸੰਗਲੀ ਦੀ ਇਹ ਮੌਲਿਕਤਾ ਹੋ ਸਕਦੀ ਹੈ ਪਰ ਇਸਦੀ ਪ੍ਰਮਾਣਿਕਤਾ ਉੱਤੇ ਕਿੰਤੂ ਕੀਤਾ ਜਾ ਸਕਦਾ ਹੈ।

'ਸਮ' ਦਾ ਵਰਣਨ ਪ੍ਰਾਣ-ਸੰਗਲੀ ਵਿਚ ਇਸ ਪ੍ਰਕਾਰ ਮਿਲਦਾ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 414.
2. ਦੇਖੋ: a) Dr S. Radhakrishnan, Indian Philosophy, Vol. I, pp. 102-109.
   b) Arvinda, The Synthesis of Yoga, pp. 25-32.
3. ਦੇਖੋ: a) 'ਯੋਗ ਸੂਤ੍ਰ' ਪਾਦ ਦੂਜਾ.
   b) Dr S.N. Dasgupta, Yoga as Philosophy and Religion, pp. 51-65.
   c) Arvinda, Life Divine, Vol. I, pp. 85-88.

ਸਮ ਅੰਗੇ ਪੰਚਮੁ ਮਨ ਰਾਜਾ। ਤਿਸ ਕੇ ਪਕੜ ਸਰੇ ਸਭ ਕਾਜਾ॥
ਸਮ ਦ੍ਰਿਸ਼ਟੀ ਹੋਈ ਬ੍ਰਹਮ ਪਛਾਨੈ। ਜੋਗ ਜੁਗਤਿ ਕਹੁ ਘਟ ਮੈ ਆਨੈ॥
ਤਬ ਮ੍ਰਿਤ ਆਈ ਪਹੁੰਚੀ ਰੂਪ। ਨਿਰਖਹੁ ਹਮਰਾ ਖੇਲ ਅਨੂਪ॥
ਤੀਨ ਲੋਕ ਪਰ ਹੁਕਮ ਹਮਾਰਾ। ਤਹੀਂ ਫਿਰ ਨਬ ਕੋਈ ਟਾਰਣਹਾਰਾ॥
ਹਮ ਕੋ ਅਪਨੇ ਸੰਗ ਮਿਲਾਈਂ। ਤਬ ਸਭ ਮਨੋਰਥ ਪੂਰ ਸਮਾਈਂ॥[1]

ਸਮ ਨੂੰ ਸ਼ਾਸਤ੍ਰਾਂ ਵਿਚ ਸਤੇ ਗੁਣ ਦੀ ਸੰਪੱਤੀ ਮੰਨਿਆ ਗਿਆ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਸਮ ਨੂੰ ਯੋਗ ਦਾ ਪੰਜਵਾਂ ਅੰਗ ਮੰਨ ਕੇ ਇਸਦੇ ਰਾਹੀਂ ਮਨ ਦੇ ਉੱਤੇ ਕਾਬੂ ਪਾਉਣ ਅਤੇ ਸਮਦ੍ਰਿਸ਼ਟੀ ਹੋਣ ਦਾ ਉਲੇਖ ਕੀਤਾ ਹੈ। ਸਮ ਦੀ ਸਿਧੀ ਹੋਣ ਤੋਂ ਮਗਰੋਂ ਮ੍ਰਿਤੂ ਸਾਧਕ ਦੇ ਸਾਹਮਣੇ ਆਉਂਦੀ ਹੈ ਅਤੇ ਉਸਨੂੰ ਯੋਗ ਮਾਰਗ ਤੋਂ ਭਟਕਾਉਣ ਦਾ ਯਤਨ ਕਰਦੀ ਹੈ।

ਸਪੱਸ਼ਟ ਹੈ ਕਿ ਇਹ ਸਾਰਾ ਵੇਰਵਾ ਪਤੰਜਲੀ ਦੇ ਅਨੁਰੂਪ ਤਾਂ ਨਹੀਂ ਹੈ ਪਰ ਸਾਧਨਾ ਦੀਆਂ ਹੋਰ ਪੱਧਤੀਆਂ ਵਿਚ ਸਮ ਨੂੰ ਬਹੁਤ ਮਹੱਤਾ ਦਿੱਤੀ ਗਈ ਹੈ।[2]

ਕ) <u>ਦਮ</u>: ਪਤੰਜਲੀ ਅਨੁਸਾਰ ਯੋਗ ਦਾ ਛੇਵਾਂ ਅੰਗ ਹੈ 'ਧਾਰਨਾ' ਪਰੰਤੂ ਪ੍ਰਾਣ-ਸੰਗਲੀ ਵਿਚ ਇਸ ਛੇਵੀਂ ਥਾਂ ਤੇ 'ਦਮ' ਨੂੰ ਰਖਿਆ ਗਿਆ ਹੈ। ਪਤੰਜਲੀ ਅਤੇ ਹੋਰ ਆਚਾਰਯਾਂ ਨੇ ਯੋਗ ਦੇ ਕਿਸੇ ਅੰਗ ਦੇ ਰੂਪ ਵਿਚ ਦਮ ਨੂੰ ਨਹੀਂ ਸਵੀਕਾਰਿਆ। 'ਦਮ' ਸ਼ਬਦ ਦਾ ਅਰਥ ਹੈ – ਇੰਦ੍ਰੀਆਂ ਦਾ ਦਮਨ ਕਰਨਾ। ਪ੍ਰਾਣ-ਸੰਗਲੀ ਵਿਚ ਇਸਦਾ ਵਰਣਨ ਇੰਜ ਆਇਆ ਹੈ:

ਛੇਵੇਂ ਅੰਗ ਦਮ ਰੋਕਨ ਛੋਰੀ। ਸਵਾਸ ਪ੍ਰਾਣਾਮ ਕਰੈ ਮਨੁ ਥੋਰ॥
ਪਵਨ ਸਾਧ ਦਸ ਦਵਾਰਾ ਖੋਲੈ। ਤਬ ਆਏ ਪ੍ਰਕਾਸਯਾ ਮੁਖ ਤੇ ਬੋਲੈ॥
ਐਸੀ ਮੈਂ ਹੌ ਸੁੰਦਰ ਨਾਰੀ। ਤੀਨ ਕਾਲ ਕੀ ਜਾਨਣਹਾਰੀ॥
ਮਿਲ ਕਰਿ ਯੋਗੀ ਕਰੈ ਹੁਲਾਸਾ। ਭੂਤ ਭਵਿਸਯ ਹੋਏ ਪ੍ਰਕਾਸਾ॥[3]

'ਦਮ' ਦੇ ਮੂਲ ਅਰਥ ਤੋਂ ਹਟ ਕੇ ਪ੍ਰਾਣ-ਸੰਗਲੀ ਦੇ ਲੇਖਕ ਨੇ 'ਦਮ' ਦਾ ਇਕ ਹੋਰ ਰੂਪ ਪ੍ਰਸਤੁਤ ਕੀਤਾ ਹੈ। ਪ੍ਰਾਣਾਯਾਮ ਨੂੰ ਵਿਸ਼ੇਸ਼ ਉੱਚੀ ਥਾਂ ਦਿੱਤੀ ਗਈ ਹੈ ਅਤੇ ਇਸ ਰਾਹੀਂ ਸਿੱਧੀਆਂ ਦੀ ਪ੍ਰਾਪਤੀ ਦਾ ਉਲੇਖ ਕੀਤਾ ਗਿਆ ਹੈ। ਸਪੱਸ਼ਟ ਹੈ ਕਿ ਇਹ ਸਾਰਾ ਵੇਰਵਾ ਕਲਪਨਾ ਮਾਤਰ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 414.
2. ਦੇਖੋ: a) <u>The Bases of Indian Culture</u> (ed. A.K. Majumdar), pp. 70-72.
   b) Swami P. Anand, <u>Mantra, Yantra and Tantra</u>, pp. 329-331.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 414.

ਅ) <u>ਧਿਆਨ:</u> ਪਤੰਜਲੀ ਅਨੁਸਾਰ ਯੋਗ ਦਾ ਸੱਤਵਾਂ ਅੰਗ ਹੈ 'ਧਿਆਨ'। ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ ਇਸ ਨੂੰ ਸੱਤਵੀਂ ਥਾਂ ਤੇ ਹੀ ਰਖਿਆ ਹੈ:

ਅਬ ਸਪਤਮ ਅੰਗ ਮਹਿ ਧਿਆਨ ਲਗਾਵੈ। ਤਬ ਤ੍ਰਿਕੁਟੀ ਮਧਿ ਦ੍ਰਿਸਟਿ ਸਮਾਵੈ॥
ਤਹੰ ਅਵਰ ਤ੍ਰਿਸ੍ਨਾ ਨਾਹੀ ਕਛੂ ਪੇਖੈ। ਸਭ ਤੇ ਉਸਤਤ ਬ੍ਰਹਮ ਬਿਸੇਖੈ॥
ਤਬ ਸ੍ਰੋਤਾ ਇਉਂ ਆਇ ਪੁਕਾਰੈ। ਤੁਮ ਸੁਨੀਐ ਮੈ ਮੁਗਧਾ ਨਾਰੈ।
ਅਬ ਕਬ ਲੀਜੈ ਮੁਝ ਕੋ ਦਾਸੀ। ਤਬ ਕਾਟੀ ਨਾਨਕ ਜਮ ਫਾਸੀ॥[1]

ਪ੍ਰਾਣ-ਸੰਗਲੀ ਦੇ ਇਸ ਉਲੇਖ ਵਿਚ ਪਤੰਜਲੀ ਦੇ ਧਿਆਨ ਦੀ ਕੇਂਦਰੀ ਦ੍ਰਿਸ਼ਟੀ ਦਾ ਅਭਾਵ ਹੈ। 'ਤ੍ਰਿਕੁਟੀ' ਦਾ ਉਲੇਖ ਹਠ ਯੋਗ ਦੀ ਪਰੰਪਰਾ ਅਨੁਸਾਰ ਹੈ। ਧਿਆਨ ਦੀ ਸਿੱਧੀ ਹੋਣ ਤੋਂ ਬਾਅਦ ਵਿਘਨ ਇਕ ਨਾਰੀ ਦੇ ਰੂਪ ਵਿਚ ਸਾਧਕ ਨੂੰ ਭਟਕਾਉਣ ਲਈ ਸਾਮ੍ਹਣੇ ਆਉਂਦੇ ਹਨ। ਸਮੁੱਚੇ ਰੂਪ ਵਿਚ ਪਤੰਜਲੀ ਦੇ ਅਤੇ ਹਠ ਯੋਗ ਦੇ ਧਿਆਨ ਦਾ ਇਕ ਮਿਲਗੋਭਾ ਇਥੇ ਮਿਲਦਾ ਹੈ।

ਬ) <u>ਧਾਰਨਾ:</u> ਪਤੰਜਲੀ[2] ਅਨੁਸਾਰ ਅਸ਼ਟਾਂਗ ਯੋਗ ਦਾ ਛੇਵਾਂ ਅੰਗ ਧਾਰਨਾ ਹੈ ਪਰੰਤੂ ਪ੍ਰਾਣ-ਸੰਗਲੀ ਵਿਚ ਇਸਨੂੰ ਅੱਠਵਾਂ ਅੰਗ ਦੱਸਿਆ ਗਿਆ ਹੈ। ਇਸ ਕ੍ਰਮ ਭੇਦ ਦਾ ਕਾਰਨ ਸਪੱਸ਼ਟ ਨਹੀਂ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਮਤਭੇਦ ਦਾ ਕੋਈ ਸਪਸ਼ਟੀਕਰਣ ਨਹੀਂ ਦਿੱਤਾ:

ਅਬ ਅੰਗ ਧਾਰਣਾ ਕੀ ਬਿਧਿ ਪਾਵੈ। ਪਾਂਚ ਤਤਵ ਕੀ ਜੁਗਤਿ ਬਤਾਵੈ॥
ਫਿਰ ਤਨ ਮਨ ਸੋਧ ਕੀਆ ਮੇਦਾਨ। ਦ੍ਵਾਦਸ ਜੋਤਿਬ ਪਛਾਨਿ ਧਿਆਨੈ॥
ਪਹੁੰਚ ਗਗਨਹਰਿ ਸਿਉ ਲਿਵ ਲਾਈ। ਤਬ ਦ੍ਰਿਸ਼ਟਾ ਮਨ ਹਰਨੇ ਆਈ॥
... ..... ..... .....
ਮਨ ਇੱਛਾ ਸਭ ਹੀ ਫਲ ਪਾਵੈ। ਤਬ ਨਾਨਕ ਤਰਹਿ ਤਤ ਮਿਲਾਵੈ॥[3]

ਪਤੰਜਲੀ ਦੀ ਧਾਰਨਾ ਸੰਬੰਧੀ ਦ੍ਰਿਸ਼ਟੀ ਤੋਂ ਬਿਲਕੁਲ ਵਿਪਰੀਤ ਹੈ ਪ੍ਰਾਣ-ਸੰਗਲੀ ਦੀ ਧਾਰਨਾ ਦਾ ਸੰਕਲਪ। ਪੰਜ ਤੱਤ, ਬਾਰਾਮਾਹ ਅਤੇ ਤਨ ਮਨ ਸੁੱਧੀ ਆਦਿ ਨੂੰ ਧਾਰਨਾ ਨਾਲ ਜੋੜਿਆ ਗਿਆ ਹੈ। ਪਤੰਜਲੀ ਨੇ ਧਾਰਨਾ ਨੂੰ ਚਿੱਤ ਦੀ ਇਕਾਗ੍ਰਤਾ ਨਾਲ ਮੇਲਿਆ ਹੈ ਪਰ ਪ੍ਰਾਣ-ਸੰਗਲੀ ਦਾ ਮਤ ਇਸ ਤੋਂ ਉਲਟ ਹੈ। ਧਾਰਨਾ ਦੀ ਸਿਧੀ ਤੋਂ ਪਿੱਛੋਂ ਵਿਘਨ ਦਾ ਆਉਣਾ ਦੱਸਿਆ ਗਿਆ ਹੈ ਪਰ ਇਹ ਸਾਰੀ ਪ੍ਰਕ੍ਰਿਆ ਪ੍ਰਾਣ-ਸੰਗਲੀ ਦੀ ਕਲਪਨਾ ਮਾਤਰ ਜਾਪਦੀ ਹੈ।

ੲ) <u>ਸਮਾਧੀ:</u> ਪਤੰਜਲੀ ਅਨੁਸਾਰ ਯੋਗ ਦੇ ਅੱਠ ਅੰਗ ਹਨ ਅਤੇ ਅੱਠਵਾਂ ਅੰਗ ਸਮਾਧੀ ਹੈ। ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਇਥੇ ਨਾ ਕੇਵਲ ਅੱਠਾਂ ਦੀ ਥਾਂ ਨੌ ਅੰਗ ਰੱਖੇ ਹਨ ਸਗੋਂ ਸਮਾਧੀ ਨੂੰ ਇਕ ਹੋਰ ਰੰਗ ਦੇ ਕੇ ਪੇਸ਼ ਕੀਤਾ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.
2. ਦੇਖੋ: a) Arvinda, <u>Life Divine</u>, Vol. III, pp. 201-210.
   b) Woods, <u>Yoga System of Patanjali</u>, pp. 5-9.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.

ਅਬ ਨਵਮਾਂ ਕੀ ਸਮਾਧਿ ਸੁਨੀਜੈ। ਤੌਹ ਸਾਧਨ ਬਾਧਨ ਅਵਰੁ ਨਾ ਕੀਜੈ॥
ਮਰਨ ਹੋਈ ਪੁਨ ਸੰਤ ਨਰਾਂਈ। ਤਬ ਆਪਨ ਸਿਉ ਆਪੇ ਬਿਸਰਾਈ॥
ਫਿਰ ਲਾਗੀ ਤਾਰੀ ਗਗਨਿ ਮੰਝਾਰੇ। ਜਹੈ ਅਲਖ ਰੂਪ ਆਤਮ ਦ੍ਰਿਸ਼ਟਾਰੇ।
... ... ... ...
ਤਬੈ ਮਨਸਾ ਸਿਧ ਆਏ ਪਗ ਲਾਗੀ। ਮੁਕਤਿ ਰੂਪ ਅਰੁ ਮਨ ਮਹਿ ਜਾਗੀ॥[1]

ਪਤੰਜਲੀ ਦੀ ਸਮਾਧੀ ਸੰਬੰਧੀ ਦ੍ਰਿਸ਼ਟੀ ਦਾ ਕੇਵਲ ਇਕੋ ਹੀ ਅੰਗ ਇਥੇ ਆਇਆ ਹੈ – 'ਆਪਣੇ ਆਪ ਨੂੰ ਭੁੱਲ ਜਾਣਾ' – ਪਤੰਜਲੀ ਦੇ 'ਰੂਪ ਸ਼ੂੰਨਯਤਾ' ਦਾ ਹੀ ਝਲਕਾਰਾ ਜਾਪਦਾ ਹੈ। ਬਾਕੀ ਸਭ ਕੁਝ ਹਠ ਯੋਗ ਤੋਂ ਲਈ ਗਈ ਸਾਮਗ੍ਰੀ ਹੈ। 'ਤਾੜੀ ਲੱਗਣੀ', 'ਗਗਨ ਮੰਡਲ', 'ਅਲਖ ਰੂਪ' ਹਠ ਯੋਗ ਦੀ ਸ਼ਬਦਾਵਲੀ ਹੈ।

ਪ੍ਰਾਣ-ਸੰਗਲੀ ਅਨੁਸਾਰ ਸਮਾਧੀ ਚਾਰ ਪ੍ਰਕਾਰ ਦੀ ਹੈ। ਇਸ ਪ੍ਰਸੰਗ ਵਿਚ ਪ੍ਰਾਣ-ਸੰਗਲੀ ਦੇ ਲੇਖਕ ਨੇ 'ਜਠਰ ਅਗਨੀ' ਨੂੰ 'ਆਵੀ' ਦੀ ਉਪਮਾ ਦਿੱਤੀ ਹੈ ਅਤੇ ਮਨ ਤੇ ਤਨ ਨੂੰ ਇਸ ਆਵੀ ਵਿਚ ਤਾਅ ਕੇ ਯੋਗ ਸਾਧਨਾ ਦੇ ਅਨੁਕੂਲ ਬਣਾਇਆ ਜਾਂਦਾ ਹੈ। ਇਸ ਤੋਂ ਪਿੱਛੋਂ 'ਅਚਰਜ ਵਸਤੂ' ਦੀ ਪ੍ਰਾਪਤੀ ਹੁੰਦੀ ਹੈ:

1) <u>ਪ੍ਰਥਮ ਸਮਾਧੀ</u>

ਪ੍ਰਥਮੇ ਤਉ ਸਮਾਧਿ ਸੁਨਾਈ। ਜਠਰ ਅਗਨਿ ਕੀ ਆਵੀ ਚੜ੍ਹਾਈ॥
ਤਾਏ ਤਾਏ ਤਨ ਬਹੁਤ ਪਤਾਯਾ। ਜਬ ਪਾਕਾ ਤਬ ਨਕਿ ਸੁਨਾਯਾ॥
ਆਵੀ ਤੇ ਤਬ ਨਿਕਸਿਆ ਸਾਰਾ। ਤਬਹਿ ਖਸਮ ਨੇ ਹਾਥਿ ਉਤਾਰਾ॥
ਵਸਤੁ ਅਚਰਜ ਬੀਚਿ ਨੇ ਪਾਈ। ਨਾਨਕ ਪ੍ਰਥਮ ਸਮਾਧਿ ਸੁਨਾਈ॥[2]

ਪ੍ਰਥਮ ਸਮਾਧੀ ਦਾ ਫਲ ਇਸ ਤਰ੍ਹਾਂ ਦੱਸਿਆ ਗਿਆ ਹੈ:

ਪ੍ਰਥਮ ਸਮਾਧਿ ਕੀ ਕਥਾ ਨਿਸ਼ਾਨੀ। ਭਿੰਨ ਭਿੰਨ ਕਰਿ ਪ੍ਰਗਟ ਬਖਾਨੀ॥
ਦਾਤਾ ਭੁਗਤਾ ਨਹਿ ਦੁਖ ਦਿਖਾਵੈ। ਅਤਿ ਉਦਾਰ ਨਿਹਚਉ ਨਹਿੰ ਧਾਵੈ॥
ਨਿਸ਼ਿ ਬਾਸਰ ਉਹ ਨਿਹਚਉ ਕਰੈ। ਸ਼ਬਦ ਸੋਧਿ ਏਕਾਕੀ ਫਿਰੈ॥
ਬਾਲ ਅਵਸਥਾ ਬੇਗਮ ਰਹੈ। ਨਾਨਕ ਪ੍ਰਥਮ ਸਮਾਧਿ ਬਿਸਮ ਹੋਇ ਰਹੈ॥[3]

ਕਹਿਣ ਦਾ ਤਾਤਪਰਜ ਇਹ ਹੈ ਕਿ ਪ੍ਰਥਮ ਸਮਾਧੀ ਦੀ ਸਿੱਧੀ ਦਾ ਫਲ ਚਿੱਤ ਦੀ ਉਦਾਰਤਾ, ਨਿਸਚੇ ਦੀ ਅਟਲਤਾ, ਗਿਆਨ ਦਾ ਨਿਰੰਤਰ ਚਿੰਤਨ ਅਤੇ ਬੱਚੇ ਦੀ ਤਰ੍ਹਾਂ ਬਿਨਾ ਕਿਸੇ ਗ਼ਮ ਤੋਂ ਰਹਿਣ ਦੀ ਸਥਿਤੀ ਆਦਿ ਹੁੰਦੇ ਹਨ।

---

1. 'ਪ੍ਰਾਣ-ਸੰਗਲੀ', (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.
2. ਉਹੀ, ਪੰਨਾ 21.
3. ਉਹੀ, ਪੰਨਾ 21.

ii) ਦੁਤੀਆ ਸਮਾਧੀ: ਦੂਜੀ ਸਮਾਧੀ ਦਾ ਸਰੂਪ ਇਸ ਤਰ੍ਹਾਂ ਦੱਸਿਆ ਗਿਆ ਹੈ:

ਦੁਤੀਆ ਪਰਮ ਸਮਾਧਿ ਕਰਿ ਰਾਖੀ। ਪਰਮ ਤਤੁ ਧਰਿਆ ਵਿਚਿ ਸਾਖੀ॥
ਮਹਿਮਾ ਉਸ ਕਹੀ ਨਹੀ ਜਾਏ। ਮਹਾਂ ਸਮਾਧਿ ਮੰਹਿ ਰਹਿਆ ਸਮਾਏ॥
ਏਕ ਘਾਟੁ ਦਰੀਆਉ ਹਜ਼ਾਰ। ਦਸ ਦੁਆਰ ਅਠਸਠਿ ਬਾਜ਼ਾਰ॥[1]

ਕਹਿਣ ਦਾ ਭਾਵ ਇਹ ਹੈ ਕਿ ਦੁਤੀਆ ਸਮਾਧੀ ਵਿਚ ਪਰਮ ਤੱਤ ਦਾ ਚਿੰਤਨ ਹੁੰਦਾ ਹੈ ਅਤੇ ਸੁਖਮਨਾ ਨਾੜੀ ਦੇ ਰਾਹੀ ਪ੍ਰਾਣਾਂ ਨੂੰ ਦਸਵੇਂ ਦੁਆਰ ਤਕ ਲਿਜਾਇਆ ਜਾਂਦਾ ਹੈ। ਸੁਖਮਨਾ ਨਾੜੀ ਅਤੇ ਦਸਮ ਦੁਆਰਾ ਦੇ ਵਿਚਕਾਰ ਅਠਾਹਟ ਪੜ੍ਹਾਂ(ਬਾਜ਼ਾਰ) ਹਨ।

ਇਸ ਦੁਤੀਆ ਸਮਾਧੀ ਦੇ ਲੱਛਣ ਪ੍ਰਾਣ-ਸੰਗਲੀ ਵਿਚ ਬੜੇ ਵਿਸਥਾਰ ਨਾਲ ਦਿੱਤੇ ਗਏ ਹਨ। ਜੈਸਾ, ਧਰਮ, ਧੀਰਜ, ਸੰਤੋਖ, ਖਿਮਾਂ, ਸ਼ਾਂਤੀ ਆਦਿ ਅਨੇਕ ਗੁਣ ਪ੍ਰਾਪਤ ਹੁੰਦੇ ਹਨ ਅਤੇ ਅਨੇਕ ਦੋਸ਼ ਦੂਰ ਹੁੰਦੇ ਹਨ। ਅਜਪਾ ਜਾਪ ਚਲਦਾ ਰਹਿੰਦਾ ਹੈ ਅਤੇ 18 ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਧਕ ਯੋਗ ਦੀ ਮਹਾਨ ਸਿੱਧੀ ਵੱਲ ਤੁਰ ਪੈਂਦਾ ਹੈ।

iii) ਤ੍ਰਿਤੀ ਸਮਾਧੀ: ਤੀਜੀ ਸਮਾਧੀ ਨੂੰ ਅਲੇਖ, ਜਾਤਿ ਪਾਤਿ, ਵਰਣ, ਭੇਖ ਤੋਂ ਪਰ੍ਹੇ ਮੰਨਿਆ ਗਿਆ ਹੈ। ਇਸ ਨੂੰ 'ਅਤਿ ਅਵਧੂਤੀ' ਬਹੁਤ ਵਿਸਥਾਰ ਵਾਲੀ ਅਤੇ ਬਹੁਤ ਵਿਆਪਕ ਦੱਸਿਆ ਗਿਆ ਹੈ। ਹਠ ਯੋਗ ਦੇ ਖਟਚਕ੍ਰ, ਅਨਹਦ ਨਾਦ ਅਤੇ ਦਸ਼ਮ ਦੁਆਰ ਵਿਚ ਅੰਮ੍ਰਿਤ ਦਾ ਪੀਣਾ ਆਦਿ ਹਠ ਯੋਗ ਦੀ ਸਾਮਗ੍ਰੀ ਦਾ ਉਲੇਖ ਇਸ ਤੀਜੀ ਸਮਾਧੀ ਵਿਚ ਕੀਤਾ ਗਿਆ ਹੈ। ਮੜ੍ਹੀ ਮਸਾਣੀਂ ਅਤੇ ਦਰਿਆਵਾਂ ਉੱਤੇ ਰਹਿਣ ਦੀ ਰਹਿਤ ਵੀ ਇਸੇ ਸਮਾਧੀ ਵਿਚ ਮੰਨੀ ਗਈ ਹੈ:

ਤ੍ਰਿਤੀ ਸਮਾਧਿ ਕਾ ਇਹੁ ਬੀਚਾਰੁ। ਮਹਾਂ ਬਿਅੰਤੁ ਅਤਿਹਿ ਬਿਸਥਾਰੁ॥
ਅਤਿ ਅਵਧੂਤੀ ਮਹਾ ਉਲੇਖ। ਤਿਸ ਜਾਤਿ ਨਾ ਪਾਤਿ ਬਰਨੁ ਨਹਿ ਭੇਖੁ॥[2]

—

ਆਦਿ ਮਧਧ ਅੰਤਰ ਬੂਝੈ ਬੀਧਾਨੁ। ਨਾਨਕ ਤ੍ਰਿਤੀਯ ਸਮਾਧਿ ਬਖਾਨੁ॥[3]

iv) ਚਤੁਰਥਿ ਸਮਾਧੀ: ਇਸ ਸਮਾਧੀ ਵਿਚ ਸਾਧਕ ਆਤਮ-ਗਿਆਨ ਨਾਲ ਭਰਪੂਰ ਹੁੰਦਾ ਹੈ। ਆਤਮਾ ਪਰਮਾਤਮਾ ਦੀ ਏਕਤਾ, ਪਰਮ ਜੋਤੀ ਵਿਚ ਲੀਨ ਹੋਣਾ, ਤ੍ਰਿਕੁਟੀ ਵਿਚ ਧਿਆਨ ਲਗਾਉਣਾ ਆਦਿ ਗੁਣ ਇਸ ਚੌਥੀ ਸਮਾਧੀ ਦੇ ਹੁੰਦੇ ਹਨ:

---

1. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 21-22.
2. ਉਹੀ, ਪੰਨਾ 23.
3. ਉਹੀ, ਪੰਨਾ 25.

ਚਤੁਰਥ ਸਮਾਧਿ ਬਸੀ ਆਪਿ ਆਪਿ। ਤਿਸ ਜਾਤਿ ਵਰਨੁ ਨਹਿ ਮਾਈ ਨਾ ਬਾਪ॥
ਚਿਦਾ ਨੰਦ ਰੂਪ ਅਨੂਪ ਸਰੂਪੰ। ਤਿਤਹ ਅਮੋਘ ਕਰਿ ਸਤਿ ਸਤਿ ਧੂਪੰ॥
ਪਰਮਦੇਵ ਪ੍ਰਮਾਤਮਾ ਪਰਮਿਤਿ ਪਰ ਅਸਥਾਪਨੰ।
ਚਤਰੁ ਸਮਾਧਿ ਜੋ ਬਸੀ ਨਾਨਕ ਤੇ ਲੱਛਣ ਪਰਵਾਨੰ॥ [1]

ਵਾਸਤਵ ਵਿਚ ਸਮਾਧੀ ਦੇ ਚਾਰ ਪ੍ਰਕਾਰ ਪ੍ਰਾਣ-ਸੰਗਲੀ ਦੇ ਲੇਖਕ ਦੀ ਆਪਣੀ ਕਲਪਨਾ ਦੀ ਉਪਜ ਹਨ। ਇਹਨਾਂ ਦਾ ਸ਼ਾਸਤ੍ਰੀ ਆਧਾਰ ਕੋਈ ਨਹੀਂ ਹੈ। ਪਤੰਜਲੀ ਦੇ ਅਨੁਸਾਰ ਸਮਾਧੀ ਦੇ ਮੁੱਖਲੇ ਦੋ ਭੇਦ ਮੰਨੇ ਗਏ ਹਨ — ਸਵਿਕਲਪ ਸਮਾਧੀ ਅਤੇ ਨਿਰਵਿਕਲਪ ਸਮਾਧੀ। ਸਵਿਕਲਪ ਸਮਾਧੀ ਵਿਚ ਸਾਧਕ ਬਾਹਰੀ ਵਾਤਾਵਰਣ ਤੋਂ ਦੂਰ ਹੋ ਕੇ ਬ੍ਰਹਮ ਨਾਲ ਆਪਣੀ ਲਿਵ ਲਾ ਲੈਂਦਾ ਹੈ ਪਰ ਉਸਦੇ ਮਨ ਦੀ ਹੋਂਦ ਸੁਤੰਤਰ ਰੂਪ ਵਿਚ ਕਾਇਮ ਰਹਿੰਦੀ ਹੈ। ਨਿਰਵਿਕਲਪ ਸਮਾਧੀ ਵਿਚ ਮਨ ਦੀ ਸੁਤੰਤਰ ਹੋਂਦ ਵੀ ਮਿਟ ਜਾਂਦੀ ਹੈ। ਪਤੰਜਲੀ ਅਨੁਸਾਰ ਨਿਰਵਿਕਲਪ ਸਮਾਧੀ ਦੇ ਤਿੰਨ ਹੋਰ ਭੇਦ ਹੁੰਦੇ ਹਨ:

ੳ) ਸੰਪਰਗਿਆਤ ਸਮਾਧੀ,

ਅ) ਅਸੰਪਰਗਿਆਤ ਸਮਾਧੀ,

ੲ) ਧਰਮ ਮੇਘ ਸਮਾਧੀ।[2]

ਰਾਜ ਯੋਗ ਦੇ ਆਚਾਰਯ ਨੇ 'ਧਰਮ ਮੇਘ ਸਮਾਧੀ' ਨੂੰ ਸਭ ਤੋਂ ਉੱਚ ਕੋਟੀ ਦੀ ਸਮਾਧੀ ਮੰਨਿਆ ਹੈ ਕਿਉਂਕਿ ਇਸ ਸਮਾਧੀ ਦੀ ਸਥਿਤੀ ਵਿਚ ਮਨ ਅਤੇ ਉਸਦੀਆਂ ਸਾਰੀਆਂ ਕਾਮਨਾਵਾਂ ਅਤੇ ਉਸਦੇ ਸਾਰੇ ਸੰਕਲਪ ਵਿਕਲਪ ਲਯ ਹੋ ਜਾਂਦੇ ਹਨ। ਜੀਵਾਤਮਾ ਨੂੰ ਆਪਣਾ ਸ਼ੁੱਧ ਰੂਪ ਇਸੇ ਸਮਾਧੀ ਵਿਚ ਮਿਲਦਾ ਹੈ।

<u>ਨਿਸ਼ਕਰਸ਼:</u> ਪਤੰਜਲੀ ਦੇ ਅਸ਼ਟਾਂਗ ਯੋਗ ਨੂੰ ਯੋਗ ਦਾ ਮੁਢਲਾ ਢਾਂਚਾ ਕਿਹਾ ਜਾਂਦਾ ਹੈ।[3] ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਮੁਢਲੇ ਢਾਂਚੇ ਵਿਚ ਬਹੁਤ ਕੁਝ ਅਦਲਾ-ਬਦਲੀ ਕੀਤੀ ਹੈ। ਇਸ ਅਦਲ ਬਦਲ ਦਾ ਕੋਈ ਸ਼ਾਸਤ੍ਰੀ ਜਾਂ ਕੋਈ ਅਨੁਭਵਮੂਲਕ ਪ੍ਰਮਾਣ ਉਸਨੇ ਨਹੀਂ ਦਿੱਤਾ। ਇਸ ਤੋਂ ਇਲਾਵਾ ਯੋਗ ਦਰਸ਼ਨ ਅਤੇ ਉਸਦੇ ਵਿਆਖਿਆਕਾਰ ਮਹਾਂਰਿਸ਼ੀ ਵਿਆਸ ਦੀ ਯੋਗ ਸੰਬੰਧੀ ਦ੍ਰਿਸ਼ਟੀ ਦੀ ਵੀ ਥਾਂ ਥਾਂ ਤੇ ਉਲੰਘਣਾ ਪ੍ਰਾਣ-ਸੰਗਲੀ ਵਿਚ ਮਿਲਦੀ ਹੈ ਜਿਸ ਦਾ ਕੋਈ ਸਪੱਸ਼ਟੀਕਰਣ ਪ੍ਰਾਣ-ਸੰਗਲੀ ਵਿਚ ਨਹੀਂ ਦਿੱਤਾ ਗਿਆ। ਯੋਗ ਨੂੰ ਹਜ਼ਾਰਾਂ ਸਾਲਾਂ ਤੋਂ ਪਤੰਜਲੀ ਅਤੇ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 25.
2. ਦੇਖੋ: 'ਯੋਗ ਦਰਸ਼ਨ', ਪਾਦ ਚੌਥਾ, ਸੂਤ੍ਰ 29,30.
"ਵਿਆਸ ਇਹਨਾਂ ਸੂਤਰਾਂ ਦੀ ਵਿਆਖਿਆ ਕਰਦੇ ਹੋਏ ਸਮਾਧੀ ਦੇ ਦਾਰਸ਼ਨਿਕ ਅਤੇ ਸਾਧਨਾਤਮਿਕ ਪੱਖ ਦੀ ਚੰਗੀ ਤਰ੍ਹਾਂ ਪੜਚੋਲ ਕੀਤੀ ਹੈ।"
3. ਦੇਖੋ: Dr S.N. Dasgupta, <u>Yoga as Philosophy and Religion</u>, pp. 24-29.

ਮਹਾਂਰਿਸ਼ੀ ਵਿਆਸ ਦੇ ਵਿਚਾਰਾਂ ਅਤੇ ਅਨੁਭਵਾਂ ਰਾਹੀਂ ਦੇਖਿਆ ਤੇ ਪਰਖਿਆ ਜਾਂਦਾ ਰਿਹਾ ਹੈ। ਇਸ ਲਈ ਬਿਨਾ ਕਿਸੇ ਉੱਚਿਤ ਕਾਰਨ ਤੋਂ ਇਸ ਪਰੰਪਰਾ ਨੂੰ ਤੋੜਨਾ ਅਨੁਚਿਤ ਹੈ।

ਰਾਜ ਯੋਗ ਅਤੇ ਹਠ ਯੋਗ ਦੀਆਂ ਸਾਧਨਾ ਪੱਧਤੀਆਂ ਵੱਖਰੀਆਂ ਵੱਖਰੀਆਂ ਹਨ।[1] ਇਹਨਾਂ ਦੋਵਾਂ ਵਿਚ ਇਕ ਪ੍ਰਮਾਣਿਕ ਅਤੇ ਇਤਿਹਾਸਿਕ ਸੀਮਾ-ਰੇਖਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਅਣਗਹਿਲੀ ਨਾਲ ਜਾਂ ਪਰੰਪਰਾ ਦੀ ਸੋਝੀ ਨਾ ਹੋਣ ਕਰਕੇ ਇਸ ਸੀਮਾ-ਰੇਖਾ ਦੀ ਉਲੰਘਣਾ ਕਈ ਵਾਰ ਕੀਤੀ ਹੈ।

ਸਿੱਧੀਆਂ ਵਲ ਪ੍ਰਾਣ-ਸੰਗਲੀ ਦੇ ਲੇਖਕ ਦਾ ਝੁਕਾਅ ਵਧੇਰੇ ਹੈ, ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਪਤੰਜਲੀ ਦੀ ਕੇਂਦਰੀ ਦ੍ਰਿਸ਼ਟੀ ਨੂੰ ਅੱਖੋਂ ਪਰੋਖੇ ਕਰਕੇ ਯੋਗ ਸਾਧਨਾ ਦਾ ਉਦੇਸ਼ ਸਿੱਧੀ ਪ੍ਰਾਪਤ ਕਰਨਾ ਮੰਨਦਾ ਹੈ। ਇਹ ਠੀਕ ਹੈ ਕਿ ਕਈ ਥਾਵਾਂ ਤੇ ਸਿੱਧੀਆਂ ਦਾ ਵਿਰੋਧ ਵੀ ਪ੍ਰਾਣ-ਸੰਗਲੀ ਵਿਚ ਮਿਲਦਾ ਹੈ ਪਰ ਆਮ ਤੌਰ ਤੇ ਸਿੱਧੀਆਂ ਵੱਲ ਖਿਚ ਪ੍ਰਾਣ-ਸੰਗਲੀ ਦੇ ਲੇਖਕ ਦੇ ਮਨ ਵਿਚ ਘਰ ਕਰੀ ਬੈਠੀ ਹੈ।

4) : ਨਾੜੀ-ਚਕ੍ਰ-ਕਮਲ ਸਾਧਨਾ

ਹਠ ਯੋਗ ਦਾ ਮੁਖ ਵਿਸ਼ਾ ਨਾੜੀ (ਇੜਾ, ਪਿੰਗਲਾ, ਸੁਖਮਨਾ ਅਤੇ ਕੁੰਡਲਿਨੀ) ਵਿਚਾਰ, ਖਟਚਕ੍ਰ ਚਰਚਾ ਅਤੇ 16 ਕਮਲਾਂ ਦੀ ਸਾਧਨਾ ਹੈ। ਇਸ ਦੇ ਨਾਲ ਨਾਲ ਕਾਯਾ ਸ਼ੁਧੀ ਅਤੇ ਖਟਕਰਮਾਂ ਦਾ ਵਿਧਾਨ, ਯੋਗ ਸਾਧਨਾ ਲਈ ਵੱਖਰੇ ਵੱਖਰੇ ਆਸਣਾਂ ਦੀ ਵਿਵਸਥਾ, ਪ੍ਰਾਣਾਂ ਦੇ ਸੰਜਮ ਲਈ ਪ੍ਰਾਣਾਯਾਮ ਅਤੇ ਮਨ ਦੀ ਇਕਾਗਰਤਾ ਲਈ ਧਿਆਨ ਦਾ ਵਿਧਾਨ ਹਠ ਯੋਗ ਵਿਚ ਕੀਤਾ ਗਿਆ ਹੈ। ਹਠ ਯੋਗ ਸੰਬੰਧੀ ਇਸ ਪੂਰੇ ਵਿਵੇਚਨ ਨੂੰ 'ਨਾੜੀ-ਚਕ੍ਰ-ਕਮਲ ਸਾਧਨਾ' ਸਿਰਲੇਖ ਹੇਠ ਵਿਚਾਰਿਆ ਜਾ ਰਿਹਾ ਹੈ:

ੳ) ਖਟਕਰਮ (ਸ਼ਟਕਰਮ): ਪ੍ਰਾਣ-ਸੰਗਲੀ ਵਿਚ ਖਟਕਰਮ ਦੀ ਸਾਧਨਾ ਨੂੰ ਯੋਗੀਆਂ ਅਤੇ ਹੋਰ ਭੇਖਧਾਰੀਆਂ ਲਈ ਆਵਸ਼ਕ ਦੱਸਿਆ ਗਿਆ ਹੈ:

ਜੋਗੀ ਜੰਗਮ ਬਿਕਟ ਜਟਾਧਾਰੀ। ਨਾਨਕ ਭੇਖ ਕਰੇ ਭੇਖਾਰੀ॥
ਖੇਚਰ ਭੂਚਰ ਅਰੁ ਪਵਨਾਧਾਰੀ। ਖਟਕਰਮ ਅੰਭਿਆਸੀ ਡੰਡਾਧਾਰੀ॥
ਚਰਪਟ ਗੋਰਖ ਅਰੁ ਕਾਨੀਪੇ। ਨਾਨਕ ਸੁਰਨਰ ਸੇਵਹਿ ਦਰਦੀਪੇ॥[2]

---

1. ਦੇਖੋ: a) Dr S. Radhakrishnan, Indian Philosophy, Vol. I, pp. 107-110.
   b) Woods, Yoga System of Patanjali, pp. 10-15.
   c) Dr S.N. Dasgupta, Yoga as Philosophy and Religion, pp. 51-60.
   d) Ross, The New Manual of Yoga, pp. 6-9.

2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 321.

ਭਾਵ ਇਹ ਹੈ ਕਿ ਖਟਕਰਮ ਦਾ ਅਭਿਆਸ ਅਨੇਕ ਸੰਪਰਦਾਵਾਂ ਅਤੇ ਭੇਖਾਂ ਵਿਚ ਪ੍ਰਚਲਤ ਰਿਹਾ ਹੈ। ਇਸ ਲਈ ਪ੍ਰਾਣ-ਸੰਗਲੀ ਦਾ ਲੇਖਕ ਹਠ ਯੋਗ ਦੇ ਇਹਨਾਂ ਖਟਕਰਮਾਂ ਵਿਚੋਂ ਨੇਤਿ, ਧੋਤਿ, ਬਸਤੀ ਅਤੇ ਗਜਕਰਮ ਇਹਨਾਂ ਚਾਰ ਕਰਮਾਂ ਦਾ ਉਲੇਖ ਇਸ ਤਰ੍ਹਾਂ ਕਰਦਾ ਹੈ:

ਨੇਤੀ ਧੋਤੀ ਬਸਤੀ ਕਰੈ। ਗਜ ਕਰਮ ਨੇਉਰ ਮਹਿ ਧਰੈ॥
ਐਸੀ ਸਾਧਿ ਜਿ ਕੋਈ ਨਾ ਜਾਨੈ। ਨਾਨਕ ਸੋ ਜਨੁ ਅਪਨਾ ਆਪੁ ਪਛਾਨੈ।[1]

ਇਥੇ ਹਠ ਯੋਗ ਦੇ ਪ੍ਰਸਿੱਧ ਛੇ ਕਰਮਾਂ ਵਿਚੋਂ ਕੇਵਲ ਚਾਰ ਕਰਮਾਂ ਦਾ ਉਲੇਖ ਹੋਇਆ ਹੈ। ਇਹਨਾਂ ਚਾਰ ਕਰਮਾਂ ਦਾ ਵਿਧਾਨ ਇਸ ਤਰ੍ਹਾਂ ਕੀਤਾ ਗਿਆ ਹੈ:

i) <u>ਨਿਊਲੀ[2] (ਨੌਲਕੀ):</u> ਪ੍ਰਾਣ-ਸੰਗਲੀ ਵਿਚ ਨਿਊਲੀ ਕਰਮ ਦੀ ਪੂਰੀ ਵਿਧੀ ਨਹੀਂ ਦਿੱਤੀ ਗਈ ਹੈ। ਇਸ ਬਾਰੇ ਕੇਵਲ ਇਹ ਵੀ ਉਲੇਖ ਮਿਲਦਾ ਹੈ:

ਨਿਵਲੀ ਕਰਮ ਕਾ ਕਰੈ ਬੀਚਾਰੁ। ਸੋ ਤਤੁ ਪਾਵੈ ਮੋਖ ਦੁਆਰੁ॥
ਜਬ ਲਗ ਨਿਵਲਿ ਕਰਮ ਨਹੀ ਜਾਨੈ। ਕਹੁ ਨਾਨਕ ਕੈਸੇ ਸਚੁ ਮਾਨੈ॥[3]

ਸਪਸ਼ਟ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਨਿਊਲੀ ਬਾਰੇ ਨਾ ਤੇ ਕੋਈ ਸ਼ਾਸਤ੍ਰੀ ਚਰਚਾ ਕਰਦਾ ਹੈ ਅਤੇ ਨਾ ਹੀ ਕਿਸੇ ਵਿਧੀ ਵਿਧਾਨ ਦਾ ਹੀ ਉਲੇਖ ਕਰਦਾ ਹੈ। ਇਸ ਤਰ੍ਹਾਂ 'ਨਿਊਲੀ' ਬਾਰੇ ਇਕ ਆਮ ਚਲਦੀ ਚਰਚਾ ਪ੍ਰਾਣ-ਸੰਗਲੀ ਵਿਚ ਮਿਲਦੀ ਹੈ।

ii) <u>ਗਜ ਕਰਮ (ਹਸਤ ਕਰਮ):</u> ਪ੍ਰਾਣ-ਸੰਗਲੀ ਦਾ ਲੇਖਕ ਨਿਊਲੀ ਤੋਂ ਬਾਅਦ ਗਜਕਰਮ ਦਾ ਵੇਰਵਾ ਦਿੰਦਾ ਹੈ। ਇਸ ਗਜ ਕਰਮ ਨੂੰ ਹਠ ਯੋਗ ਦੇ ਪ੍ਰਮਾਣਿਕ ਗ੍ਰੰਥਾਂ ਵਿਚ 'ਬਸਤਿ' ਕਿਹਾ ਗਿਆ ਹੈ। ਪ੍ਰਾਣ-ਸੰਗਲੀ ਦੇ ਅਨੁਸਾਰ ਗਜ ਕਰਮ ਦੀ ਵਿਧੀ ਇਹ ਹੈ:

ਗਜ ਕਰਮ ਅੰਤਰਿ ਬੀਚਾਰੈ। ਇਹ ਬਿਧਿ ਕੀਨੈ ਉਤਰੈ ਪਾਰੈ॥
ਸਵਾ ਹਾਥ ਲਕੜੀ ਲੇ ਆਵਹੁ। ਸਿਰ ਪੁਰ ਛੀਲਹੁ ਸਫਾ ਬਣਾਵਹੁ॥
ਪ੍ਰਭਾਤੀ ਉਠਿ ਜੰਗਲ ਕਉ ਜਾਵਹੁ। ਇਕੰਤ ਬੈਠਿ ਕੇ ਕਰਮ ਕਮਾਵਹੁ॥
ਪਾਣੀ ਪੀ ਕੇ ਕਰਹੁ ਉਖਾਨ। ਮੈਲੁ ਉਤਾਰੈ ਤਬ ਹੋਯ ਸਾਨ॥
ਸਾਰੀ ਲਕੜੀ ਘਟ ਮਹਿ ਗਹੈ। ਗਜ ਕਰਮ ਕਉ ਇਤ ਬਿਧਿ ਕਰੈ॥
ਜਉ ਤੁਮ ਮੈਲੁ ਅੰਤਰਿ ਕੀ ਖੋਈ। ਨਾਨਕ ਹਰਿ ਜਪਿ ਨਿਰਮਲੁ ਹੋਈ॥[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 392.
2. ਹਠ ਯੋਗ ਦੀ ਸ਼ਾਸਤ੍ਰੀ ਪੱਧਤੀ ਅਨੁਸਾਰ ਇਹਨਾਂ ਖਟਕਰਮਾਂ ਦਾ ਕ੍ਰਮ ਇਸ ਤਰ੍ਹਾਂ ਹੈ — ਧੋਤਿ, ਬਸਤਿ, ਨੇਤਿ, ਨਿਊਲੀ, ਤ੍ਰਾਟਕ ਅਤੇ ਕਪਾਲ ਭਾਤਿ। ਪਰ ਪ੍ਰਾਣ-ਸੰਗਲੀ ਵਿਚ ਇਸ ਕ੍ਰਮ ਦਾ ਪਾਲਣ ਨਹੀਂ ਕੀਤਾ ਗਿਆ। ਇਥੇ ਛੇ ਵਿਚੋਂ ਕੇਵਲ ਚਾਰ ਕਰਮਾਂ ਦਾ ਉਲੇਖ ਦਿਤਾ ਗਿਆ ਹੈ। ਤੀਜੇ ਕਰਮ 'ਨੇਤਿ' ਨੂੰ ਪਹਿਲੀ ਥਾਂ ਤੇ ਰਖਿਆ ਗਿਆ ਹੈ।
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 393.
4. ਉਹੀ, ਪੰਨਾ 393.

ਇਹ ਵੇਰਵਾ ਸ਼ਾਸਤ੍ਰੀ ਦ੍ਰਿਸ਼ਟੀ ਦੇ ਅਨੁਕੂਲ ਹੈ।

iii) <u>ਨੇਤਿ</u>: ਨੇਤਿ ਕਰਮ ਬਾਰੇ ਪ੍ਰਾਣ-ਸੰਗਲੀ ਦਾ ਲੇਖਕ ਲਿਖਦਾ ਹੈ:

ਨੇਤਿ ਕਰਮ ਕਾ ਕਰਹੁ ਬੀਚਾਰੁ। ਤਬ ਤੁਮ ਪਾਵਹੁ ਅਲਖ ਅਪਾਰੁ॥
ਸਵਾ ਬਲਿਸਤ ਧਾਗਾ ਲੈ ਆਵਹੁ। ਅਤਿ ਜੋਰਾ ਕਰਿ ਮਹੁਤੁ ਬਟਾਵਹੁ॥
ਦੇ ਕਰਿ ਮੋਮ ਤੁਮ ਮੁਹਕਮ ਕਰੋ। ਤਿਸ ਕੋ ਨਾਸਿਕਾ ਭੀਤਰਿ ਧਰੋ॥
ਜਬ ਧਾਗਾ ਊਪਰਿ ਕਉ ਜਾਵੈ। ਤਬ ਨਾਨਕ ਨੇਤੀ ਕਰਮ ਕਾ ਮਾਰਗੁ ਪਾਵੈ॥[1]

ਨੇਤਿ ਕਰਮ ਦਾ ਇਹ ਵਿਧਾਨ ਹਠ ਯੋਗ ਦੀ ਪੱਧਤੀ ਦੇ ਅਨੁਕੂਲ ਹੈ।

iv) <u>ਧੋਤੀ (ਧੌਤਿ)</u>: ਪ੍ਰਾਣ-ਸੰਗਲੀ ਦੇ ਅਨੁਸਾਰ ਧੋਤੀ ਕਰਮ ਦੀ ਵਿਧੀ ਇਸ ਤਰ੍ਹਾਂ ਦੱਸੀ ਗਈ ਹੈ:

ਚਾਰਿ ਉਂਗਲ ਕਪੜਾ ਹੋਵੇ ਭਾਈ। ਜੋ ਧੋਤੀ ਸਾਧੈ ਤਿਸੁ ਮੈਲੁ ਨਾ ਰਾਈ॥
ਸਵਾ ਗਜ਼ ਕਪੜਾ ਲੰਬਾ ਹੋਵੈ। ਅੰਦਰਿ ਰਹੈ ਮੈਲੁ ਕਉ ਖੋਵੈ॥
ਸਗਲਾ ਘਟ ਕੇ ਅੰਦਰਿ ਗਹੈ। ਪਾਛੈ ਧੋਰ ਦੇ ਮੁਹਕਮ ਗਹੇ॥
ਫੇਰ ਖੈਂਚਿ ਬਾਹਰਿ ਲੈ ਆਵਹੁ ਧੋਤੀ ਕਰਮ ਕੀ ਮੈਲੁ ਛੁਡਾਵਹੁ॥[2]

ਹਠ ਯੋਗ ਦੀ ਦ੍ਰਿਸ਼ਟੀ ਤੋਂ ਧੋਤੀ ਕਰਮ ਦੀ ਇਹ ਵਿਧੀ ਪ੍ਰਮਾਣਿਕ ਹੈ ਪਰ ਧੋਤੀ ਕਰਮ ਦੀ ਕ੍ਰਮ-ਸੰਖਿਆ ਲੇਖਕ ਦੇ ਆਪਣੇ ਕ੍ਰਮ ਦੇ ਵੀ ਅਨੁਸਾਰ ਨਹੀਂ ਹੈ ਅਤੇ ਨਾ ਹੀ ਸ਼ਾਸਤ੍ਰੀ ਕਰਮ ਦੇ ਅਨੁਸਾਰ।

ਸਪਸ਼ਟ ਹੈ ਕਿ 'ਪ੍ਰਾਣ-ਸੰਗਲੀ' ਦੇ ਅਧਿਆਇ 29 ਵਿਚ ਖਟਕਰਮਾਂ ਵਿਚੋਂ ਕੇਵਲ ਚਾਰ ਕਰਮਾਂ ਦੀ ਹੀ ਵਿਧੀ ਦੱਸੀ ਗਈ ਹੈ। ਖਟ ਕਰਮ ਬਾਰੇ ਇਹ ਸੂਚਨਾ ਨਾ ਕੇਵਲ ਅਧੂਰੀ ਹੀ ਹੈ ਸਗੋਂ ਇਸ ਵਿਚ ਪ੍ਰਮਾਣਿਕਤਾ ਦੀ ਵੀ ਘਾਟ ਹੈ।

ਅ) <u>ਆਸਣ</u>: ਆਸਣ ਦੇ ਬਾਰੇ ਪ੍ਰਾਣ-ਸੰਗਲੀ ਦਾ ਲੇਖਕ ਬਹੁਤ ਵਿਸਥਾਰ ਨਾਲ ਵਿਚਾਰ ਕਰਦਾ ਹੈ ਅਤੇ ਯੋਗ ਸਿਧਾਂਤ ਦਾ ਮੁੱਖ ਸਾਧਨ ਆਸਣ ਨੂੰ ਮੰਨਦਾ ਹੈ। 'ਯੋਗ ਮਾਰਗ ਸਿੱਧ-ਗੋਸ਼ਟਿ' ਅਧਿਆਇ ਵਿਚ ਆਸਣ ਦੀ ਮਹਿਮਾ ਇਸ ਤਰ੍ਹਾਂ ਦੱਸੀ ਗਈ ਹੈ:

ਆਸਣ ਸੋਧਿ ਨਿਰਾਲਮੁ ਬਹੈ।[3]

ਆਸਣ ਦੀ ਸਿੱਧੀ ਪ੍ਰਾਪਤ ਕਰਕੇ ਯੋਗੀ ਨੂੰ ਕਿਸੇ ਬਾਹਰੀ ਸਹਾਰੇ ਦੀ ਲੋੜ ਨਹੀਂ ਪੈਂਦੀ। ਉਹ ਸਾਧਨਾ ਦੇ ਮਾਰਗ ਵਿਚ ਆਪਣੀ ਸਾਧਨਾ ਦੀ ਸ਼ਕਤੀ ਨਾਲ ਹੀ ਵਧਦਾ ਜਾਂਦਾ ਹੈ। ਇਸ ਲਈ ਆਸਣ ਨੂੰ ਦ੍ਰਿੜ੍ਹ ਕਰਨ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 393.
2. ਉਹੀ, ਪੰਨਾ 394.
3. ਉਹੀ, ਪੰਨਾ 129.

ਦਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਕਹਿਲਾਇਆ ਗਿਆ ਹੈ:

ਨਾਨਕ ਆਸਣ ਦ੍ਰਿੜ ਕਰਿ ਪੂਤਾ, ਉਨਮਨਿ ਧਿਆਨ ਲਗਾਵਉ।[1]

1) <u>ਪਦਮ ਆਸਣ</u>: ਆਸਣਾਂ ਵਿਚੋਂ ਪਦਮ ਆਸਣ ਦਾ ਵਿਧਾਨ ਬਹੁਤ ਸਪੱਸ਼ਟ ਰੂਪ ਵਿਚ ਕੀਤਾ ਗਿਆ ਹੈ:

ਪਦਮ ਆਸਨ ਕਰਿ ਬੈਠਹੁ ਮੀਤਾ। ਅਜਪਾ ਜਪ ਜਾਪਹੁ ਨਿਤ ਨੀਤਾ॥[2]

ਪ੍ਰਾਣ-ਸੰਗਲੀ ਦੇ ਲੇਖਕ ਨੇ ਮਨ ਨੂੰ ਵੱਸ ਕਰਨ ਲਈ ਆਸਣਾਂ ਦਾ ਵਿਧਾਨ ਕੀਤਾ ਹੈ:

ਮਨ ਕਉ ਪ੍ਰਥਮ ਨਿਰਮਲ ਕਰਉ। ਗੁਰ ਕਾ ਬਚਨੁ ਲੈ ਦੁਤਰੁ ਤਰਉ॥
ਗੁਰ ਕਾ ਸ਼ਬਦ ਹਿਰਦੈ ਬਸਾਵੈ। ਨਿਰੰਜਨ ਨਾਥ ਕਾ ਭੇਦ ਬਤਾਵੈ॥
ਕ੍ਰਮ ਆਸਣਾ ਤੁਮ ਕਰਹੁ ਰੇ ਭਾਈ। ਤਾਤੇ ਜੋਗ ਅਰੰਭ ਕਉ ਧਾਈ॥[3]

ਪਦਮ ਆਸਣ 84 ਆਸਣਾਂ ਵਿਚੋਂ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਇਸਦਾ ਵਿਧਾਨ ਸਾਧਕਾਂ ਲਈ ਬਹੁਤ ਉਪਯੋਗੀ ਦੱਸਿਆ ਗਿਆ ਹੈ।

84 ਆਸਣਾਂ ਦਾ ਵੇਰਵਾ ਦੇਣ ਤੋਂ ਪਹਿਲਾਂ ਪ੍ਰਾਣ-ਸੰਗਲੀ ਦੇ ਲੇਖਕ ਨੇ ਕੱਖਾਂ ਦੀ ਸੇਜ ਉੱਤੇ ਪ੍ਰਾਣਾਯਾਮ ਦਾ ਅਭਿਆਸ ਕਰਨ ਲਈ ਕਿਹਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ 84 ਆਸਣਾਂ ਵਿਚੋਂ ਮੁੱਖ ਚਾਰ ਆਸਣ ਅਤੇ ਇਹਨਾਂ ਚਾਰਾਂ ਵਿਚੋਂ ਵੀ ਪਹਿਲਾ ਸਥਾਨ 'ਪਦਮ ਆਸਣ' ਨੂੰ ਦਿੱਤਾ ਹੈ:

ਤ੍ਰਿਣ ਸਿਹਜਾ ਤੁਮ ਕਰਹੁ ਅਸਥਾਨ। ਪੁਨ ਅਰੰਭ ਕਰਹੁ ਬਿਖਯਾਨ॥
ਆਸਣ ਚੌਰਾਸੀਹ ਹੈ ਭਾਈ। ਨਾਨਕ ਜੋ ਜਨ ਸਾਧੈ ਪਰਮ ਗਤਿ ਪਾਈ॥
ਤਿਨ ਮੈਂ ਚਾਰਿ ਆਸਨ ਹੈਂ ਕਹੇ। ਤਿਨ ਕਉ ਸਾਧਿ ਪਰਮ ਪਦੁ ਲਹੇ॥
ਪ੍ਰਥਮੇ ਪਦਮ ਆਸਨ ਹੈ ਮੀਤਾ। ਜਿਨ ਬਸਿ ਹੋਇ ਸੁ ਨਿਰਮਲ ਚੀਤਾ॥[4]

<u>ਪਦਮ ਆਸਣ ਦੀ ਵਿਧੀ</u>: ਪ੍ਰਾਣ-ਸੰਗਲੀ ਅਨੁਸਾਰ ਖੱਬਾ ਪੈਰ ਸੱਜੇ ਉੱਤੇ ਅਤੇ ਸੱਜਾ ਪੈਰ ਖੱਬੇ ਉੱਤੇ ਰਖ ਕੇ ਅਰਥਾਤ ਚੌਂਕੜੀ ਮਾਰ ਕੇ 'ਮੇਰੂ ਦੰਡ' (ਰੀੜ ਦੀ ਹੱਡੀ) ਨੂੰ ਸਿੱਧਾ ਰਖ ਕੇ ਪਦਮ ਆਸਣ ਲਾਇਆ ਜਾਂਦਾ ਹੈ। 'ਖੇਚਰੀ ਮੁਦ੍ਰਾ' ਦੁਆਰਾ ਜੀਭ ਨੂੰ ਉਲਟ ਕੇ ਹਰੀ ਗੁਣਾਂ ਦਾ ਗਾਇਨ ਕਰਨਾ 'ਪਦਮ ਆਸਣ' ਦੀ ਸਿੱਧੀ ਵਿਚ ਸਹਾਇਕ ਹੁੰਦਾ ਹੈ। 'ਪਦਮ ਆਸਣ' ਸਿੱਧ ਹੋਣ ਤੇ ਸਾਧਕ ਨੂੰ 'ਬਿੰਦੂ' ਉੱਤੇ ਸੰਜਮ ਪ੍ਰਾਪਤ ਹੋ ਜਾਂਦਾ ਹੈ:

ਬਾਵੇਂ ਪਗ ਦਾਹਨ ਪਰ ਧਰਹੁ। ਦਾਹਨ ਪਾਵ ਬਾਵੇਂ ਪਰ ਕਰਹੁ॥
ਮੇਰ ਡੰਡ ਸੂਧਾ ਕਰਿ ਰਾਖਹੁ। ਜਿਹਬਾ ਉਲਟਹੁ ਹਰਿਗੁਨ ਭਾਖਹੁ॥
ਇਹ ਬਿਧਿ ਤੁਮ ਤੇ ਪਦਮਾਸਨ ਹੋਈ। ਨਾਨਕ ਤਾਂ ਕਉ ਸਾਧੈ ਬਿੰਦੁ ਬਸਿ ਹੋਈ॥[5]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ), ਪੰਨਾ 251.
2. ਉਹੀ, ਪੰਨਾ 204.
3. ਉਹੀ, ਪੰਨਾ 422.
4. ਉਹੀ, ਪੰਨਾ 422.
5. ਉਹੀ, ਪੰਨਾ 422.

ਪਦਮ ਆਸਣ ਦੀ ਇਹ ਵਿਧੀ ਆਮ ਤੌਰ ਤੇ ਹਠ ਯੋਗ ਦੇ ਗ੍ਰੰਥਾਂ ਅਨੁਸਾਰ ਹੈ। ਖੇਚਰੀ ਮੁਦ੍ਰਾ ਦੀ ਸਹਾਇਤਾ ਨਾਲ ਜੀਭ ਨੂੰ ਉਲਟਾਉਣ ਦੀ ਪ੍ਰਕ੍ਰਿਆ ਦਾ ਉਲੇਖ ਕਿਸੇ ਪ੍ਰਾਚੀਨ ਗ੍ਰੰਥ ਵਿਚ ਨਹੀਂ ਮਿਲਦਾ।[1]

ਆਮ ਤੌਰ ਤੇ ਹਠ ਯੋਗ ਦੇ ਗ੍ਰੰਥਾਂ ਵਿਚ ਸਿੱਧ ਆਸਣ ਨੂੰ ਸਭ ਤੋਂ ਮਹੱਤਵਪੂਰਨ ਆਸਣ ਮੰਨਿਆ ਗਿਆ ਹੈ ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ 'ਪਦਮ ਆਸਣ' ਨੂੰ ਸਭ ਤੋਂ ਉਚੀ ਥਾਂ ਦਿੱਤੀ ਹ । ਇਸ ਦ੍ਰਿਸ਼ਟੀ ਭੇਦ ਦਾ ਕੋਈ ਕਾਰਨ ਪ੍ਰਾਣ-ਸੰਗਲੀ ਦੇ ਲੇਖਕ ਨੇ ਨਹੀਂ ਦਿੱਤਾ।

ii) <u>ਸਿੱਧ ਆਸਣ</u>: ਯੋਗ-ਸਿੱਧੀ ਪ੍ਰਾਪਤ ਕਰਨ ਲਈ ਸਿੱਧ ਆਸਣ ਦਾ ਵਿਧਾਨ ਹਠ ਯੋਗ ਦੇ ਗ੍ਰੰਥਾਂ ਵਿਚ ਕੀਤਾ ਗਿਆ ਹੈ। ਇਸੇ ਲਈ ਇਸਨੂੰ 'ਸਿੱਧ ਆਸਣ' ਕਿਹਾ ਜਾਂਦਾ ਹੈ। ਯੋਗੀਆਂ, ਸਿੱਧਾਂ ਅਤੇ ਬਹੁਤ ਸਾਰੇ ਦੇਵਤਿਆਂ ਦਾ ਆਸਣ ਇਹੋ 'ਸਿੱਧ ਆਸਣ' ਦੱਸਿਆ ਜਾਂਦਾ ਹੈ।

<u>ਸਿੱਧ ਆਸਣ ਦੀ ਵਿਧੀ</u>: ਪ੍ਰਾਣ-ਸੰਗਲੀ ਦੇ ਅਨੁਸਾਰ ਸਿੱਧ ਆਸਣ ਲਾਉਣ ਲਈ ਇਕ ਪੈਰ ਮੂਲ ਦੁਆਰ ਤੇ ਅਤੇ ਦੂਜਾ ਪੈਰ ਉਸਦੇ ਉੱਤੇ ਹੋਵੇ। ਪ੍ਰਾਣਾਯਾਮ ਰਾਹੀਂ ਇਸ ਆਸਣ ਦੀ ਸਿੱਧੀ ਹੁੰਦੀ ਹੈ ਅਤੇ ਬਿੰਦੂ ਉੱਤੇ ਸਾਧਕ ਦਾ ਸੰਜਮ ਵਧੇਰੇ ਹੋ ਜਾਂਦਾ ਹੈ।

ਦੂਜਾ ਆਸਣ ਸਿੱਧ ਬਖਯਾਨ। ਮੂਲ ਦੁਆਰੇ ਆਡੀ ਆਨੁ॥
ਦੂਜਾ ਪਾਵ ਇੰਦ੍ਰੀ ਪਰ ਕਰਹੁ। ਪਉਨ ਬੰਧਿ ਨਾਭ ਪਰਿ ਰਹੁ॥
ਇਨ ਆਸਨੋਂ ਬਿੰਦੁ ਬਸਿ ਹੋਈ। ਨਾਨਕ ਗੁਰ ਪ੍ਰਸਾਦਿ ਜੋ ਸਾਧੈ ਕੋਈ॥[2]

ਪ੍ਰਾਣ-ਸੰਗਲੀ ਦੇ ਲੇਖਕ ਨੇ 'ਸਿੱਧ ਆਸਣ' ਅਤੇ 'ਪਦਮ ਆਸਣ' ਦਾ ਇਕੋ ਹੀ ਫਲ 'ਬਿੰਦੂ ਸੰਜਮ' ਦੱਸਿਆ ਹੈ। ਪ੍ਰਾਣਾਯਾਮ ਨੂੰ ਇਥੇ ਵੀ ਸਾਧਨ ਦੇ ਰੂਪ ਵਿਚ ਵਰਤਿਆ ਗਿਆ ਹੈ।

iii) <u>ਅਧਰੁ ਆਸਣ (ਕਪਾਲੀ ਆਸਣ)</u>: ਸੰਤ ਸੰਪੂਰਣ ਸਿੰਘ ਅਨੁਸਾਰ ਅਧਰੁ ਆਸਣ ਦਾ ਦੂਜਾ ਨਾਂ 'ਕਪਾਲੀ ਆਸਣ' ਵੀ ਹੈ।

<u>ਵਿਧੀ</u>: ਪ੍ਰਾਣ-ਸੰਗਲੀ ਵਿਚ ਅਧਰੁ ਆਸਣ ਦੀ ਵਿਧੀ ਇਉਂ ਦਰਸਾਈ ਗਈ ਹੈ:

ਪੱਧਰੀ ਥਾਂ ਉੱਤੇ ਬੈਠਕੇ ਸੱਜਾ ਪੈਰ ਖੱਬੇ ਉੱਤੇ ਰੱਖੇ ਅਤੇ ਦੋਹਾਂ ਪੈਰਾਂ ਦੇ ਵਿਚਕਾਰ ਦੋਵੇਂ ਹਥ ਰੱਖੇ, ਨੇਤ੍ਰ ਨੈਠਾਂ ਕਰੇ ਅਤੇ ਪ੍ਰਾਣ ਨੂੰ ਨਾਭਿ ਉੱਤੇ ਟਿਕਾਵੇ ਅਤੇ ਰਾਮ ਨਾਮ ਵਿਚ ਧਿਆਨ ਲਗਾਈ ਰਖੇ:

ਤੀਜਾ ਆਸਣ ਅਧਰੁ ਅਸਥਾਨ। ਗੁਰਪ੍ਰਸਾਦਿ ਕਰਹੁ ਬਖਯਾਨ॥
ਏਕੰਤਰ ਧਰਤ ਬਰਾਬਰਿ ਹੋਈ। ਤਾਂ ਪਰ ਆਸਨੁ ਸਾਧ ਸੋਈ॥
ਦਾਹਨ ਪਊ ਬਾਮ ਰੋੜ ਪਰ ਰਾਖਹੁ। ਰਾਮ ਨਾਮ ਰਿਦ ਅੰਤਰਿ ਭਾਖਹੁ॥
ਤਾਂ ਤੇ ਬੀਚ ਹਾਥ ਦੋਊ ਧਰਹੁ। ਆਰਤ ਤੇਤ੍ਰੀ ਨੀਚੇ ਕਰਹੁ॥
ਪਵਨ ਗੰਠਿ ਨਾਭ ਪਰ ਧਰਹੁ। ਐਸ ਅਧਰ ਆਸਣ ਲੈ ਕਰਹੁ॥[3]

---

1. ਦੇਖੋ: ਤਾਰਾ ਚੰਦ, ਯੋਗ ਵਿਗਿਆਨ, 'ਪਰਮਾਰਥ ਪਥ', ਪੰਨੇ 231-234.
2. 'ਪ੍ਰਾਣ-ਸੰਗਲੀ' (ਸੰਪਾ. ਸੰਪੂਰਣ ਸਿੰਘ), ਪੰਨਾ 422.
3. 'ਆਸਟਾਂਗ ਯੋਗ ਰਹਸਯ', ਚਮਨ ਲਾਲ ਗੌਤਮ, ਡਾ., ਪ੍ਰਕਾ. ਸੰਸਕ੍ਰਿਤ ਸੰਸਥਾਨ, ਖਵਾਜਾ ਕੁਤਬ, ਬਰੇਲੀ, ਸੰਸ. ਪਹਿਲਾ 1974.'
   'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 422.

ਇਸ ਆਸਣ ਦੀ ਵਿਧੀ ਅਤੇ ਇਸਦਾ ਰੂਪ ਬਹੁਤਾ ਸਪਸ਼ਟ ਨਹੀਂ ਹੈ। ਅਧਰੁ ਆਸਣ ਦਾ ਉਲੇਖ ਕਿਸੇ ਵੀ ਪ੍ਰਮਾਣਿਕ ਯੋਗ ਦੇ ਗ੍ਰੰਥ ਵਿਚ ਨਹੀਂ ਮਿਲਦਾ। 'ਘੇਰੰਡ ਸੰਹਿਤਾ', 'ਹਠ ਯੋਗ ਪ੍ਰਦੀਪਿਕਾ' ਆਦਿ ਪ੍ਰਾਚੀਨ ਗ੍ਰੰਥਾਂ ਵਿਚ ਅਤੇ 'ਅਸ਼ਟਾਂਗ ਯੋਗ ਰਹਸਯ'[1] ਅਤੇ 'ਪਰਮਾਰਥ ਪਥ' ਵਿਚ ਵੀ ਇਸ ਨਾਂ ਦਾ ਕੋਈ ਆਸਣ ਨਹੀਂ ਹੈ।

14) ਖੱਪਰ ਆਸਣ: ਯੋਗ ਦੇ ਪ੍ਰਮਾਣਿਕ ਗ੍ਰੰਥਾਂ ਵਿਚ ਖੱਪਰ ਆਸਣ ਨਾਂ ਦੇ ਆਸਣ ਦਾ ਕੋਈ ਉਲੇਖ ਨਹੀਂ ਮਿਲਦਾ। ਇੰਜ ਜਾਪਦਾ ਹੈ ਕਿ ਇਸ ਆਸਣ ਦਾ ਨਾਂ ਅਤੇ ਇਸਦਾ ਵਰਣਨ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਮਨਮਰਜ਼ੀ ਅਨੁਸਾਰ ਕੀਤਾ ਹੈ।

ਵਿਧੀ— ਪ੍ਰਾਣ-ਸੰਗਲੀ ਅਨੁਸਾਰ ਸਾਧਕ ਦੋਵੇਂ ਪੈਰ ਬਰਾਬਰ ਕਰਕੇ ਚਿਤੜ ਉਹਨਾਂ ਉਪਰ ਰੱਖੇ। ਪ੍ਰਾਣਾਯਾਮ ਦੀ ਸਹਾਇਤਾ ਨਾਲ ਇਸ ਆਸਣ ਦੀ ਸਿੱਧੀ ਹੁੰਦੀ ਹੈ ਅਤੇ ਨਿਰਬਾਣ ਪਦ ਪ੍ਰਾਪਤ ਹੁੰਦਾ ਹੈ:

ਦੋਊ ਪੈਰ ਬਰਾਬਰਿ ਕਰੈ। ਗੁਦਾ ਉਠਾਇ ਤਹੇ ਊਪਰਿ ਧਰੈ॥
ਮਨ ਪਵਨਾ ਕਉ ਸਮਸਰਿ ਆਨੁ। ਤਬ ਤੁਮ ਪਾਵਹੁ ਪਦ ਨਿਰਬਾਨੁ॥[2]

'ਖੱਪਰ ਆਸਣ' ਦਾ ਇਹ ਰੂਪ ਬਹੁਤ ਅਸਪੱਸ਼ਟ ਹੈ। ਇਸ ਆਸਣ ਦਾ ਉਲੇਖ ਜਾਂ ਇਸਦੀ ਵਿਧੀ ਕਿਸੇ ਵੀ ਪ੍ਰਮਾਣਿਕ, ਪ੍ਰਾਚੀਨ ਅਤੇ ਨਵੀਨ ਯੋਗ ਗ੍ਰੰਥ ਵਿਚ ਨਹੀਂ ਮਿਲਦੀ।

ਸਾਰਾਂਸ਼ ਵਜੋਂ ਪ੍ਰਾਣ-ਸੰਗਲੀ ਵਿਚ ਆਸਣਾਂ ਬਾਰੇ ਗੁਰੂ ਨਾਨਕ ਦੇਵ ਜੀ ਦੀ ਨਿਰਗੁਣਵਾਦੀ ਦ੍ਰਿਸ਼ਟੀ ਦਾ ਵੀ ਉਲੇਖ ਇਕ ਦੋ ਥਾਂ ਤੇ ਹੋਇਆ ਹੈ। 84 ਆਸਣਾਂ ਨੂੰ ਮੁੱਖ ਮੰਨਣ ਵਾਲੇ ਸਾਧਕਾਂ ਨੂੰ ਇਹ ਕਿਹਾ ਗਿਆ ਹੈ:

ਚੌਰਾਸੀਹ ਆਸਨ ਕਰੇ ਧਿਆਨ। ਮੁਕਤਿ ਨਾ ਪਾਵੈ ਬਧੇ ਅਭਿਮਾਨ॥
ਚੌਰਾਸੀਹ ਰੰਗ ਅਨੰਤ ਬਹੁ ਕੀਏ। ਖੋਜਤ ਖੋਜਤ ਭ੍ਰਮਤ ਮੂਏ॥[3]

ਤਾਤਪਰਜ ਇਹ ਹੈ ਕਿ 84 ਆਸਣਾਂ ਉੱਤੇ ਅਭਿਮਾਨ ਕਰਨ ਵਾਲੇ ਨੂੰ ਮੁਕਤੀ ਨਹੀਂ ਮਿਲ ਸਕਦੀ ਕਿਉਂਕਿ ਆਸਣ ਇਕ ਸਥੂਲ ਸਾਧਨਾ ਹੈ। ਇਸ ਲਈ 84 ਆਸਣਾਂ ਦਾ ਇਹ ਵਿਸਥਾਰ ਸਾਧਕ ਨੂੰ ਵਧੇਰੇ ਭਟਕਾਉਂਦਾ ਹੈ। ਸਮੁੱਚੇ ਤੌਰ ਤੇ ਪ੍ਰਾਣ-ਸੰਗਲੀ ਵਿਚ ਹੋਈ ਆਸਣਾਂ ਸੰਬੰਧੀ ਇਹ ਚਰਚਾ ਨਾ ਕੇਵਲ ਅਪ੍ਰਮਾਣਿਕ ਹੀ ਹੈ ਸਗੋਂ ਇਸ ਵਿਚ ਸ੍ਵੈ-ਵਿਰੋਧੀ ਵਚਨ ਵੀ ਪਾਏ ਜਾਂਦੇ ਹਨ।

ੲ) ਮੁਦ੍ਰਾ: ਹਠ ਯੋਗ ਦੇ ਅਨੁਸਾਰ 'ਮੁਦ੍ਰਾ' ਦਾ ਸੰਕਲਪ ਤੇ ਉਸਦੀ ਸਿੱਧੀ ਇਕ ਮਹੱਤਵਪੂਰਨ ਵਿਸ਼ਾ ਹੈ ਪਰ ਪ੍ਰਾਣ-ਸੰਗਲੀ ਦਾ ਲੇਖਕ ਇਸ ਬਾਰੇ ਮੌਨ ਹੈ।

ਸ) ਪ੍ਰਤਿਆਹਾਰ: ਪ੍ਰਾਣ-ਸੰਗਲੀ ਦਾ ਲੇਖਕ, ਪ੍ਰਾਣਾਯਾਮ ਅਤੇ ਪ੍ਰਤਿਆਹਾਰ ਬਾਰੇ ਭ੍ਰਾਂਤੀ ਦਾ ਸ਼ਿਕਾਰ ਹੋਇਆ ਹੈ। ਉਸਨੇ ਪ੍ਰਾਣਾਯਾਮ ਅਤੇ ਪ੍ਰਤਿਆਹਾਰ, ਨੂੰ ਭਿੰਨ ਭਿੰਨ ਨਾ ਸਮਝਕੇ ਇਕੋ ਮੰਨਿਆ ਹੈ। ਇਸ ਸਾਰੇ ਵਿਚਾਰ

---

1. ਦੇਖੋ: ਚਮਨ ਲਾਲ ਗੌਤਮ, 'ਅਸ਼ਟਾਂਗ ਯੋਗ ਰਹਸਯ', ਪ੍ਰਕਾ. ਸੰਸਕ੍ਰਿਤ ਸੰਸਥਾਨ, ਖਵਾਜਾ ਕੁਤਬ, ਬਰੇਲੀ, ਸੰਸ. ਪਹਿਲਾ, 1974.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 422. 3. ਉਹੀ, ਪੰਨਾ 728.

ਪ੍ਰਸਤੁਤ ਸ਼ੋਧ-ਪ੍ਰਬੰਧ ਦੇ ਇਸੇ ਅਧਿਆਇ ਵਿਚ ਪਿੱਛੇ ਕੀਤਾ ਜਾ ਚੁਕਿਆ ਹੈ।

ਹ) ਪ੍ਰਾਣਾਯਾਮ: ਪ੍ਰਾਣ-ਸੰਗਲੀ ਵਿਚ ਪ੍ਰਾਣਾਯਾਮ ਦਾ ਉਲੇਖ ਥਾਂ ਥਾਂ ਤੇ ਪਾਇਆ ਜਾਂਦਾ ਹੈ। ਪ੍ਰਾਣਾਯਾਮ ਸੰਬੰਧੀ ਕੁਝ ਉਕੇ ਉਲੇਖ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਮਿਲਦੇ ਹਨ:

ਅਲਪਾਹਾਰੀ ਨਿੰਦ੍ਰਾ ਥੋੜੀ। ਪਵਨ ਤੀਨ ਬਿਧਿ ਰਾਖੈ ਜੋੜੀ॥
ਪੂਰਕ ਕੁੰਭਕ ਰੇਚਕ ਤ੍ਰੈਵਿਧ। ਇਹ ਬਿਧਿ ਸਮਝੈ ਹੋਵੈ ਸਿੱਧ॥
ਤੀਨ ਭਾਂਤ ਕਾ ਕਰਹੁ ਧਿਆਨ। ਨਾਨਕ ਤਾਂ ਕਾ ਕਰਹੁ ਵਖਯਾਨ॥[1]

ਇਹਨਾਂ ਤੁਕਾਂ ਵਿਚ ਯੋਗੀ ਦੀ ਪਛਾਣ ਕਰਵਾਈ ਗਈ ਹੈ। ਉਹ ਅਲਪਾਹਾਰੀ ਹੈ ਅਰਥਾਤ ਥੋੜਾ ਖਾਣ ਵਾਲਾ ਹੈ। ਉਹ ਸੌਂਦਾ ਵੀ ਘੱਟ ਹੈ ਅਤੇ ਪ੍ਰਾਣਾਯਾਮ ਦੀਆਂ ਤਿੰਨੇ ਵਿਧੀਆਂ ਨਾਲ ਪ੍ਰਾਣਾਂ ਨੂੰ ਸੰਜਮ ਵਿਚ ਰਖਦਾ ਹੈ।

i) ਪੂਰਕ: ਪੂਰਕ ਪ੍ਰਾਣਾਯਾਮ ਦਾ ਪਹਿਲਾ ਭੇਦ ਹੈ। ਪੂਰਕ ਸ਼ਬਦ ਦਾ ਅਰਥ ਹੈ ਹਵਾ ਨੂੰ ਵਾਯੂਮੰਡਲ ਤੋਂ ਖਿੱਚ ਕੇ ਫੇਫੜਿਆਂ ਵਿਚ ਭਰਨਾ। ਪ੍ਰਾਣ-ਸੰਗਲੀ ਵਿਚ ਪੂਰਕ ਦਾ ਲੱਛਣ ਇਸ ਤਰ੍ਹਾਂ ਕੀਤਾ ਗਿਆ ਹੈ:

ਨੇਤੀ ਬਾਰ ਕਹੁ ਪੂਰ ਕਹਿਏ।[2]

ii) ਕੁੰਭਕ: ਕੁੰਭਕ ਦਾ ਅਰਥ ਹੈ ਕੁੰਭ ਅਰਥਾਤ ਘੜਾ। ਪ੍ਰਾਣਾਂ ਨੂੰ ਵਾਯੂਮੰਡਲ ਤੋਂ ਖਿਚ ਕੇ ਫੇਫੜਿਆਂ ਵਿਚ ਰੋਕ ਲੈਣ ਨੂੰ ਕੁੰਭਕ ਪ੍ਰਾਣਾਯਾਮ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਵਿਚ ਇਸਦਾ ਰੂਪ ਇਸ ਪ੍ਰਕਾਰ ਦੱਸਿਆ ਗਿਆ ਹੈ:

ਕੁੰਭਕ ਸੋ ਜੋ ਸੰਪੂਰਣ ਭਰਤੇ।[3]

ਤਾਤਪਰਜ ਇਹ ਹੈ ਕਿ ਜਿਵੇਂ ਪਾਣੀ ਨੂੰ ਘੜੇ ਵਿਚ ਭਰਕੇ ਰੱਖ ਲਿਆ ਜਾਂਦਾ ਹੈ, ਉਸੇ ਤਰ੍ਹਾਂ ਪ੍ਰਾਣਾਂ ਨੂੰ ਫੇਫੜਿਆਂ ਵਿਚ ਭਰਕੇ ਰਖਣ ਨੂੰ ਪ੍ਰਾਣਾਯਾਮ ਦਾ ਕੁੰਭਕ ਭੇਦ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਅਨੁਸਾਰ ਕੁੰਭਕ ਦੀ ਵਿਧੀ ਇਹ ਹੈ:

ਤਿਸ ਕਹੁ ਕੁੰਭਕ ਹੀ ਕਰਿ ਜਾਨੈ। ਦੋਨੋ ਨਾਸਿਕ ਰੋਕ ਪਵਨ ਅੰਤਰ ਨਹੀਂ ਆਨੈ॥
ਜੇਤਾ ਪੀਵੈ ਤੇਤਾ ਛੋਡੈ। ਐਸੀ ਸਾਧਨਾ ਸਿਉ ਮਨ ਹੋਵੈ॥[4]

iii) ਰੇਚਕ: ਰੇਚਕ ਸ਼ਬਦ ਦਾ ਅਰਥ ਹੈ – ਛੱਡਣਾ। ਪੂਰਕ ਅਤੇ ਕੁੰਭਕ ਰਾਹੀਂ ਜਿਹੜੀ ਪ੍ਰਾਣ ਵਾਯੂ ਫੇਫੜਿਆਂ ਵਿਚ ਇਕੱਠੀ ਕੀਤੀ ਜਾਂਦੀ ਹੈ, ਉਸਨੂੰ ਵਿਧੀ ਪੂਰਵਕ ਬਾਹਰ ਛੱਡਣਾ ਰੇਚਕ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਵਿਚ ਰੇਚਕ ਦਾ ਰੂਪ ਇੰਜ ਸਪੱਸ਼ਟ ਕੀਤਾ ਗਿਆ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ ੬੦.
2. ਉਹੀ, ਪੰਨਾ 615.
3. ਉਹੀ, ਪੰਨਾ 615.
4. ਉਹੀ, ਪੰਨਾ 616.

ਰੇਚਕ ਕਰਾ ਕਰ ਛੋਡਣ ਪਵਣ। ਤਾਕਾ ਮਿਟ ਜਾਏ ਆਵਾਗਵਣ॥[1]

ਪ੍ਰਾਣ-ਸੰਗਲੀ ਦਾ ਪ੍ਰਾਣਾਯਾਮ ਸੰਬੰਧੀ ਇਹ ਵਿਵੇਚਨ ਬਹੁਤ ਪ੍ਰਮਾਣਿਕ ਹੈ। ਪ੍ਰਾਣਾਯਾਮ ਦੇ ਕੁੰਭਕ ਆਦਿ ਦੇ ਉਪਭੇਦਾਂ ਦਾ ਉਲੇਖ ਵੀ ਯੋਗ ਦੇ ਗ੍ਰੰਥਾਂ ਵਿਚ ਮਿਲਦਾ ਹੈ। ਇਸਦੇ ਨਾਲ ਹੀ ਪ੍ਰਾਣਾਯਾਮ ਦਾ ਸਮਾਂ ਅਤੇ ਪ੍ਰਾਣਾਯਾਮ ਦੇ ਨਾਲ 'ਬੰਧ' ਅਤੇ 'ਮੁਦ੍ਰਾ' ਆਦਿ ਦਾ ਵਿਧਾਨ ਵੀ ਯੋਗ ਸ਼ਾਸਤ੍ਰ ਵਿਚ ਮਿਲਦਾ ਹੈ।[2] ਪ੍ਰਾਣ-ਸੰਗਲੀ ਦੇ ਲੇਖਕ ਨੇ ਇਹ ਵੇਰਵਾ ਨਹੀਂ ਦਿੱਤਾ।

ਪ੍ਰਾਣਾਯਾਮ ਅਤੇ ਪੌਰਾਣਿਕ ਦ੍ਰਿਸ਼ਟੀ: ਪ੍ਰਾਣ-ਸੰਗਲੀ ਦੇ ਲੇਖਕ ਨੇ ਪ੍ਰਾਣਾਯਾਮ ਰਾਹੀਂ ਅਨੇਕ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਦਾ ਉਲੇਖ ਕੀਤਾ ਹੈ। ਇਸਦੇ ਨਾਲ ਹੀ 'ਬ੍ਰਹਮ', 'ਵਿਸ਼ਨੂੰ' ਅਤੇ 'ਮਹਾਦੇਵ' ਨੂੰ ਵੀ ਪ੍ਰਾਣਾਯਾਮ ਦੀ ਸਿੱਧੀ ਨਾਲ ਜੋੜਿਆ ਹੈ। ਪ੍ਰਾਣ-ਸੰਗਲੀ ਅਨੁਸਾਰ ਜਿਸ ਤਰ੍ਹਾਂ ਦੀਵੇ ਦੀ ਲੋ ਹਵਾ ਦੇ ਅਭਾਵ ਵਿਚ ਅਡੋਲ ਰਹਿੰਦੀ ਹੈ ਉਸ ਤਰ੍ਹਾਂ ਪ੍ਰਾਣਾਯਾਮ ਨਾਲ ਮਨ ਦੀ ਚੰਚਲਤਾ ਨਸ਼ਟ ਹੋ ਜਾਂਦੀ ਹੈ ਅਤੇ ਅਨਹਦ ਨਾਦ ਸੁਣਾਈ ਦਿੰਦਾ ਹੈ।

ਜੈਸੇ ਦੀਪਕ ਕੀ ਜੋਤਿ ਰਹੈ ਠਹਿਰਾਈ। ਤੈਸੇ ਇਹੁ ਮਨੁ ਨਿਹਚਲੁ ਹੋਇ ਜਾਈ॥[3]

ਯੋਗ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਇਸ ਕਥਨ ਨੂੰ ਸੱਚ ਕਿਹਾ ਜਾ ਸਕਦਾ ਹੈ। 'ਕੁੰਭਕ' ਅਤੇ 'ਰੇਚਕ' ਦੇ ਨਾਲ ਪੌਰਾਣਿਕ ਦੇਵਤਿਆਂ ਨੂੰ ਇਸ ਤਰ੍ਹਾਂ ਜੋੜਿਆ ਗਿਆ ਹੈ:

ਜਬ ਕੁੰਭਕ ਕਉ ਕੁੰਭ ਕਰਿ ਪੂਰੈ। ਤਬ ਬਿਸਨੁ ਸਾਥਿ ਮਨ ਲਾਵਹੁ ਸੂਰੈ।
ਰੇਚਕ ਸਾਥ ਹੈ ਸੁਰਤਿ ਲਗਾਈ। ਨਾਨਕ ਮਸਤਕਿ ਮਹਾਦੇਵ ਕਾ ਧਿਆਨ ਠਹਿਰਾਈ॥[4]

ਇਹਨਾਂ ਪੌਰਾਣਿਕ ਦੇਵਤਿਆਂ ਵਿਸ਼ਨੂੰ ਅਤੇ ਸ਼ੰਕਰ ਨੂੰ ਪ੍ਰਾਣਾਯਾਮ ਨਾਲ ਜੋੜਨ ਦਾ ਕੋਈ ਉਚਿਤ ਕਾਰਨ ਨਹੀਂ ਹੈ।

ਵਾਸਤਵ ਵਿਚ ਅਸ਼ਟਾਂਗ ਯੋਗ ਦੇ ਅੱਠਾਂ ਅੰਗਾਂ ਵਿਚ ਪ੍ਰਾਣਾਯਾਮ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਕੋਈ ਥਾਂ ਨਹੀਂ ਦਿੱਤੀ। ਫਿਰ ਵੀ ਹਠ ਯੋਗ ਦੇ ਸੰਦਰਭ ਵਿਚ ਪ੍ਰਾਣਾਯਾਮ ਸੰਬੰਧੀ ਇਸ ਚਰਚਾ ਦਾ ਬਹੁਤ ਮਹੱਤਵ ਹੈ।

ਕ) ਧਿਆਨ: ਪ੍ਰਾਣ-ਸੰਗਲੀ ਦੇ ਲੇਖਕ ਨੇ ਕਈ ਥਾਵਾਂ ਤੇ ਧਿਆਨ ਦਾ ਸਾਧਨ ਦੇ ਰੂਪ ਵਿਚ ਵਰਣਨ ਕੀਤਾ ਹੈ। ਪਰ ਧਿਆਨ ਸੰਬੰਧੀ ਉਸਦੀ ਦ੍ਰਿਸ਼ਟੀ ਨਾ ਤੇ ਹਠ ਯੋਗ ਦੇ ਅਨੁਕੂਲ ਹੈ ਅਤੇ ਨਾ ਹੀ ਰਾਜ ਯੋਗ ਦੇ ਧਿਆਨ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 615.
2. ਅਭਿਰਾਂ ਨੰਦਾ, ਅਸ਼ਟਾਂਗ ਯੋਗ, 'ਪਰਮਾਰਥ ਪੱਥ', ਪੰਨਾ 441.
3. 'ਪ੍ਰਾਣ-ਸੰਗਲੀ(ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 615.
4. ਉਹੀ, ਪੰਨਾ 616.

ਜਿੱਥੇ ਕਿਤੇ ਧਿਆਨ ਦਾ ਉਲੇਖ ਪ੍ਰਾਣ-ਸੰਗਲੀ ਵਿਚ ਹੋਇਆ ਹੈ, ਉਸ ਦੀ ਸਰਗੁਣਵਾਦੀ ਸਗੁਨ ਦ੍ਰਿਸ਼ਟੀ ਹੀ ਵਧੇਰੇ ਸਾਹਮਣੇ ਆਈ ਹੈ। ਉਦਾਹਰਣ ਵਜੋਂ ਇਹ ਤੁਕਾਂ ਦੇਖੀਆਂ ਜਾ ਸਕਦੀਆਂ ਹਨ:

ਰਤਨ ਪਦਾਰਥ ਬ੍ਰਹਮ ਗਿਆਨੀ। ਗਿਆਨ ਧਿਆਨੁ ਗੁਰ ਸ਼ਬਦੁ ਪਛਾਨੁ॥[1]

ਧਿਆਨ ਦੀ ਪ੍ਰਾਪਤੀ ਗੁਰੂ ਸ਼ਬਦ ਰਾਹੀਂ ਹੁੰਦੀ ਹੈ। ਇਸ ਤਥ ਦੀ ਪੁਸ਼ਟੀ ਇਸ ਤੁਕ ਵਿਚ ਕੀਤੀ ਗਈ ਹੈ। ਇਸੇ ਤਰ੍ਹਾਂ ਧਿਆਨ ਦਾ ਵਰਣਨ ਕਰਦੇ ਹੋਏ 'ਤ੍ਰਿਕੁਟੀ' ਵਿਚ ਨਜ਼ਰ ਨੂੰ ਟਿਕਾਉਣ ਦਾ ਉਲੇਖ ਵੀ ਪ੍ਰਾਣ-ਸੰਗਲੀ ਵਿਚ ਮਿਲਦਾ ਹੈ।[2]

ਵਿਸ਼ਨੂੰ ਅਤੇ ਉਸਦੀਆਂ ਚਾਰ ਭੁਜਾਵਾਂ ਦਾ ਉਲੇਖ ਕਰਦੇ ਹੋਏ ਪ੍ਰਾਣ-ਸੰਗਲੀ ਦਾ ਲੇਖਕ ਵਿਸ਼ਨੂੰ ਵਿਚ ਧਿਆਨ ਲਗਾਉਣ ਦੀ ਪ੍ਰੇਰਨਾ ਦਿੰਦਾ ਹੈ।[3] ਇਸੇ ਤਰ੍ਹਾਂ ਕ੍ਰਿਸ਼ਨ ਦੇ ਸਰਗੁਣ ਰੂਪ ਵਿਚ ਧਿਆਨ ਲਗਾਉਣ ਨੂੰ ਵੀ ਪ੍ਰਾਣ-ਸੰਗਲੀ ਦਾ ਲੇਖਕ ਯੋਗ ਸਾਧਨਾ ਲਈ ਜ਼ਰੂਰ ਮੰਨਦਾ ਹੈ।[4]

ਧਿਆਨ ਸੰਬੰਧੀ ਇਸ ਵਿਵੇਚਨ ਦੀ ਸਮਾਪਤੀ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਤਰ੍ਹਾਂ ਕੀਤੀ ਹੈ:

ਗਿਆਨ ਧਿਆਨ ਬਹੁਤ ਹੈ ਜਾਨੈ। ਸੁਫਲ ਨਾ ਹੋਤੇ ਬਿਨ ਬ੍ਰਹਮ ਪਛਾਨੈ॥
ਬ੍ਰਹਮ ਜਾਨਨਾ ਇਹ ਬਿਧਿ ਭਾਈ। ਸਰਬ ਬ੍ਰਹਮ ਨਾਨਕ ਲਿਵ ਲਾਈ॥[5]

ਸਪਸ਼ਟ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਧਿਆਨ ਬਾਰੇ ਕੋਈ ਪ੍ਰਮਾਣਿਕ ਚਰਚਾ ਪ੍ਰਸਤੁਤ ਨਹੀਂ ਕਰਦਾ। ਉਸਦਾ ਧਿਆਨ ਸੰਬੰਧੀ ਵਿਵੇਚਨ ਅਸ਼ਟਾਂਗ ਯੋਗ, ਹਠ ਯੋਗ ਅਤੇ ਸਰਗੁਣਵਾਦੀ ਪੌਰਾਣਿਕ ਭਗਤੀ ਭਾਵਨਾ ਦਾ ਮਿਲਗੋਭਾ ਹੀ ਜਾਪਦਾ ਹੈ।

ਖ) <u>ਸਮਾਧੀ:</u> ਪ੍ਰਾਣ-ਸੰਗਲੀ ਦਾ ਲੇਖਕ ਪ੍ਰਾਚੀਨ ਹਠ ਯੋਗੀਆਂ ਦੇ ਅਨੁਸਾਰ ਸਮਾਧੀ ਨੂੰ ਕੋਈ ਵੱਖਰੀ ਜਾਂ ਉਚੇਰੀ ਥਾਂ ਨਹੀਂ ਦਿੰਦਾ। ਉਸਦਾ ਭਾਵ ਇਹ ਜਾਪਦਾ ਹੈ ਕਿ ਸਮਾਧੀ ਦਾ ਪਤੰਜਲੀ ਵਾਲਾ ਸੰਕਲਪ ਕੇਵਲ ਰਾਜ ਯੋਗ ਲਈ ਹੀ ਹੈ, ਹਠ ਯੋਗ ਨਾਲ ਉਸਦਾ ਕੋਈ ਮੇਲ ਨਹੀਂ ਹੈ।

ਸਮਾਧੀ ਦੀ ਥਾਂ ਹੋਰ ਹਠ ਯੋਗੀਆਂ ਵਾਂਗ ਪ੍ਰਾਣ-ਸੰਗਲੀ ਦਾ ਲੇਖਕ ਦਸਮ ਦੁਆਰ, ਸੁੰਨ ਸਮਾਧੀ ਅਤੇ ਸੁੰਨ ਸਮਾਧੀ ਦੇ ਕਈ ਭੇਦਾਂ ਦਾ ਉਲੇਖ ਕਰਦਾ ਹੈ। ਇਸ ਬਾਰੇ ਵਿਸਥਾਰ ਨਾਲ ਵਰਣਨ ਇਸੇ ਅਧਿਆਇ ਵਿਚ ਅੱਗੇ ਚਲ ਕੇ ਕੀਤਾ ਗਿਆ ਹੈ।

<u>ਹਠ ਯੋਗ ਦੀ ਕੁਝ ਹੋਰ ਸਾਮਗ੍ਰੀ</u>

ਪ੍ਰਾਣ-ਸੰਗਲੀ ਦੇ ਲੇਖਕ ਨੇ ਹਠ ਯੋਗ ਦੇ ਇਹਨਾਂ ਤੱਤਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਹੈ:

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 132.
2. ਉਹੀ, ਪੰਨਾ 415.
3. ਉਹੀ, ਪੰਨਾ 619.
4. ਉਹੀ, ਪੰਨਾ 620.
5. ਉਹੀ, ਪੰਨਾ 621.

1) ਬ੍ਰਹਮਚਰਜ
2) ਖਟ ਚਕ੍ਰ
3) ਕਮਲ
4) ਨਾੜੀਆਂ
5) ਕੁੰਡਲਿਨੀ
6) ਦਸਮ ਦੁਆਰ
7) ਸੁੰਨ ਸਮਾਧਿ
8) ਜੋਗ ਜੁਗਤ

ਇਹਨਾਂ ਤੱਤਾਂ ਦਾ ਸ਼ਾਸਤ੍ਰੀ ਆਧਾਰ ਬਹੁਤ ਸਪਸ਼ਟ ਹੈ। ਹਰ ਇਕ ਹਠ ਯੋਗ ਦੇ ਗ੍ਰੰਥ ਵਿਚ ਇਹਨਾਂ ਤੱਤਾਂ ਬਾਰੇ ਵਿਸਥਾਰ ਨਾਲ ਵਿਚਾਰ ਕੀਤਾ ਗਿਆ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ ਹਠ ਯੋਗ ਦੇ ਇਹਨਾਂ ਮੁੱਖ ਤੱਤਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ:

1) ਬ੍ਰਹਮਚਰਜ

ਯੋਗ ਦੇ ਸਾਰੇ ਪ੍ਰਕਾਰਾਂ ਵਿਚ ਇੰਦ੍ਰੀਆਂ ਨੂੰ ਸੰਜਮ ਵਿਚ ਰਖਣ ਅਰਥਾਤ ਬ੍ਰਹਮਚਰਜ ਦਾ ਵਿਸਤ੍ਰਿਤ ਵਿਧਾਨ ਕੀਤਾ ਗਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਬ੍ਰਹਮਚਰਜ ਤੋਂ ਬਿਨਾ ਕੋਈ ਸਾਧਨਾ ਸਫਲ ਨਹੀਂ ਹੋ ਸਕਦੀ। ਇਸ ਲਈ ਇੰਦ੍ਰੀਆਂ ਨੂੰ ਜਿੱਤਣਾ ਜ਼ਰੂਰੀ ਹੈ ਅਤੇ ਬ੍ਰਹਮਚਰਜ ਰਾਹੀਂ ਇੰਦ੍ਰੀਆਂ ਨੂੰ ਪੂਰੀ ਤਰ੍ਹਾਂ ਜਿੱਤਿਆ ਜਾ ਸਕਦਾ ਹੈ:

ਇੰਦ੍ਰੀ ਜੀਤੇ ਸੋਸਾਧੁ ਕਹਾਵੈ। ਇੰਦ੍ਰੀ ਜੀਤੇ ਸੋ ਪਰਮਪਦ ਪਾਵੈ॥[1]

ਪ੍ਰਾਣ-ਸੰਗਲੀ ਵਿਚ ਬ੍ਰਹਮਚਰਜ ਨੂੰ ਬਿੰਦੂ ਰਖਿਆ ਦਾ ਨਾਂ ਦਿੱਤਾ ਗਿਆ ਹੈ ਅਤੇ ਬਿੰਦੂ ਨੂੰ ਰਤਨ ਦੇ ਪ੍ਰਤੀਕ ਵਿਚ ਵੀ ਵਰਤਿਆ ਗਿਆ ਹੈ:

ਬਿੰਦੁ ਬਿੰਦੁ ਸਭ ਕੋਈ ਕਹੈ। ਮਹਾਂਬਿੰਦੁ ਕੋਈ ਬਿਰਲਾ ਲਹੈ॥
ਮਹਾਂਬਿੰਦੁ ਮਾਂਹਿ ਲਾਲ ਬਨਾਯਾ। ਜਿਨਿ ਚੀਨਾ ਤਿਨ ਹੀ ਜਨ ਪਾਯਾ॥[2]

ਯੋਗ ਦੇ ਪ੍ਰਾਚੀਨ ਗ੍ਰੰਥਾਂ ਵਿਚ ਬਿੰਦੂ ਦੀ ਰੱਖਿਆ ਨਾਲ ਜੀਵਨ ਦੀ ਰੱਖਿਆ ਅਤੇ ਸਾਧਨਾ ਮਾਰਗ ਵਿਚ ਸਫਲਤਾ ਦੀ ਪ੍ਰਾਪਤੀ ਦਾ ਉਲੇਖ ਕੀਤਾ ਗਿਆ ਹੈ। ਪ੍ਰਾਣ-ਸੰਗਲੀ ਵਿਚ ਬਿੰਦੂ ਦੀ ਰੱਖਿਆ ਬਾਰੇ ਇਸ ਤਰ੍ਹਾਂ ਵਿਚਾਰ ਕੀਤਾ ਗਿਆ ਹੈ:

ਬਿੰਦੁ ਬਾਂਧੀ ਤਬ ਰਹਿਤ ਸਭ ਜਾਨੀ। ਬਿੰਦੁ ਬਾਂਧੀ ਤਬ ਜੋਤਿ ਪ੍ਰਗਟਾਨੀ॥
ਬਿੰਦੁ ਬਾਂਧੀ ਤਬ ਸਿਖਮਗ ਸਾਧਾ। ਬਿੰਦੁ ਬਾਂਧੀ ਤਬ ਅਗਮ ਪਦ ਲਾਧਾ॥[3]

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 50.
2. ਉਹੀ, ਪੰਨਾ 59.
3. ਉਹੀ, ਪੰਨਾ 60.

ਅਰਥਾਤ ਬਿੰਦੂ (ਵੀਰਜ) ਦੀ ਰਖਿਆ ਨਾਲ ਸਾਧਕ ਦੀ ਸਾਰੀ ਰਹਿਣੀ ਬਹਿਣੀ ਜੁੜੀ ਹੋਈ ਹੈ ਅਤੇ ਇਸ ਬਿੰਦੂ ਦੀ ਰਖਿਆ ਨਾਲ ਗਿਆਨ ਦੀ ਜੋਤੀ ਦਾ ਪ੍ਰਕਾਸ਼ ਹੁੰਦਾ ਹੈ, ਸਾਧਨਾ ਦਾ ਅਸਮਰਥ੍ਰ ਜਿੱਤਿਆ ਜਾਂਦਾ ਹੈ ਅਤੇ ਮੁਕਤੀ ਵੀ ਇਸੇ ਰਾਹੀਂ ਪ੍ਰਾਪਤ ਹੁੰਦੀ ਹੈ।

ਬਿੰਦੂ ਰੂਪੀ ਇਸ ਰਤਨ ਦੀ ਰੁਖਿਆ ਨਾਲ ਸਾਧਕ ਦੀ ਸਾਰੀ ਸਾਧਨਾ ਸਫਲਤਾ ਵੱਲ ਚੱਲ ਪੈਂਦੀ ਹੈ:

ਜਬ ਰਤਨ ਹਥਿ ਚੜਿਆ ਤਬ ਜੋਤਿ ਪਸਾਰੀ।
ਜਬ ਰਤਨ ਹਥਿ ਚੜਿਆ ਤਬ ਲਾਗੀ ਧੁਨ ਤਾਰੀ॥[1]

ਇਸ ਬਿੰਦੂ ਦਾ ਨਾਸ਼ ਸਾਧਕ ਲਈ ਸਭ ਤੋਂ ਵੱਡਾ ਵਿਘਨ ਹੈ। ਇਸ ਲਈ ਪ੍ਰਾਣ-ਸੰਗਲੀ ਵਿਚ ਬਿੰਦੂ ਦੇ ਨਾਸ਼ ਕਰਨ ਵਾਲੇ ਨੂੰ ਇਸ ਤਰ੍ਹਾਂ ਚੇਤਾਵਨੀ ਦਿੱਤੀ ਗਈ ਹੈ:

ਜਿਨਿ ਬਿੰਦੁ ਖੋਈ ਤਿਨਿ ਰਤਨ ਗੰਵਾਯਾ।
ਜਿਨਿ ਬਿੰਦੁ ਖੋਈ ਸੋ ਗਰਭ ਮਹਿ ਆਯਾ॥[2]

ਇਸੇ ਭਾਵ ਨੂੰ ਇਸ ਤਰ੍ਹਾਂ ਵੀ ਪ੍ਰਗਟਾਇਆ ਗਿਆ ਹੈ:

ਜਿਨਿ ਬਿੰਦੁ ਖੋਈ ਸੋ ਜਨਮ ਫਿਰਿ ਆਵੈ। ਜਿਨਿ ਬਿੰਦੁ ਖੋਈ ਸੋ ਸਦਾ ਦੁਖ ਪਾਵੈ॥
ਜਿਨਿ ਬਿੰਦੁ ਖੋਈ ਤਿਸ ਨਰਕ ਘਰ ਬਾਂਧਾ। ਜਿਨਿ ਬਿੰਦੁ ਖੋਈ ਤਿਨਿ ਮਹਾ ਦੁਖ ਲਾਧਾ॥[3]

ਬ੍ਰਹਮਚਰਯ ਦੇ ਇਸੇ ਰੂਪ ਨੂੰ ਇਸ ਤਰ੍ਹਾਂ ਵੀ ਦਰਸਾਇਆ ਗਿਆ ਹੈ:


ਹੋਏ ਪਵਿਤ ਜਬ ਇੰਦ੍ਰੀ ਬਾਂਧੈ। ਰਸਿ ਕਸਿ ਤਿਆਗਿ ਅੰਤਰ ਲਿਵ ਸਾਧੈ॥
ਭੋਗਨਿ ਚਿਤ ਨਾ ਦੇਈ ਕਾਹੂੰ। ਪ੍ਰੇਮ ਭਗਤਿ ਰਸੁ ਪਾਵੈ ਤਾਹੂੰ॥[4]

ਵਾਸਤਵ ਵਿਚ ਇੰਦ੍ਰੀਆਂ ਵਿਚੋਂ ਕਾਮ ਇੰਦ੍ਰੀ ਸਭ ਤੋਂ ਪ੍ਰਬਲ ਹੈ। ਇਸ ਦਾ ਸੰਜਮ ਕਰਨਾ ਬ੍ਰਹਮਚਰਯ ਦਾ ਉਦੇਸ਼ ਹੈ। ਉਪਨਿਸ਼ਦਾਂ ਦੇ ਅਨੁਸਾਰ ਦੇਵਤਿਆਂ ਨੇ ਬ੍ਰਹਮਚਰਯ ਦੇ ਰਾਹੀਂ ਮ੍ਰਿਤੂ ਨੂੰ ਜਿੱਤ ਲਿਆ ਸੀ। ਪ੍ਰਾਣ-ਸੰਗਲੀ ਦੇ ਲੇਖਕ ਨੇ ਬ੍ਰਹਮਚਰਯ ਨੂੰ ਸਾਧਨਾ ਦੇ ਇਕ ਵਿਆਪਕ ਤੱਤ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।

2) ਖਟ ਚਕ੍ਰ

ਹਠ ਯੋਗੀਆਂ ਅਨੁਸਾਰ ਮਨੁੱਖੀ ਸਰੀਰ ਦੇ ਅੰਦਰ 6 ਕਮਲ ਦੱਸੇ ਗਏ ਹਨ। ਚਕ੍ਰ ਨਾੜੀਆਂ ਦਾ ਇਕ ਜਾਲ ਮੰਨਿਆ ਜਾਂਦਾ ਹੈ ਅਤੇ ਇਸ ਦੇ ਉੱਤੇ ਕਮਲ ਦੀ ਸਥਿਤੀ ਹੁੰਦੀ ਹੈ। ਹਠ ਯੋਗ ਦੇ ਇਸ ਚਕ੍ਰ ਸੰਬੰਧੀ ਵਿਵੇਚਨ ਨੂੰ ਤੰਤ੍ਰ ਯੋਗ ਅਤੇ ਯੋਗ ਦੇ ਹੋਰ ਭੇਦਾਂ ਵਿਚ ਵੀ ਸਵੀਕਾਰ ਕੀਤਾ ਗਿਆ ਹੈ। ਸੰਤ ਸੰਪੂਰਣ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 60.
2. ਉਹੀ, ਪੰਨਾ 60.
3. ਉਹੀ, ਪੰਨਾ 61.
4. ਉਹੀ, ਪੰਨਾ 727.




पिंडी षटचक्रों सहत सहस्रारकमल सूचक चित्र ।

चित्र—( योगाऽरूढ़ पुरुष )

ਸਿੱਖ ਅਨੁਸਾਰ ਮਨੁੱਖੀ ਸਰੀਰ ਦੇ ਅੰਦਰ ਛੇ ਚਕ੍ਰ ਇਹਨਾਂ ਥਾਂਵਾਂ ਤੇ ਹਨ — ਗੁਦਾ, ਲਿੰਗ, ਨਾਭੀ, ਹਿਰਦਾ, ਕੰਠ ਅਤੇ ਭਵਾਂ ਦੇ ਵਿਚਕਾਰ।[1]

ਖਟ ਚਕ੍ਰਾਂ ਦਾ ਵੇਰਵਾ

i) ਮੂਲਾਧਾਰ ਚਕ੍ਰ: ਇਸ ਚਕ੍ਰ ਦੇ ਚਾਰ ਕੋਨੇ ਹਨ। ਇਸਦਾ ਰੰਗ ਪੀਲਾ ਮੰਨਿਆ ਜਾਂਦਾ ਹੈ। ਇਸ ਚਕ੍ਰ ਦੇ ਹੇਠਾਂ ਸਾਢੇ ਤਿੰਨ ਵਲੇਵਿਆਂ (ਵਲ੍ਹੇਟਾਂ) ਵਿਚ ਕੁੰਡਲਿਨੀ ਸ਼ਕਤੀ ਸੁੱਤੀ ਪਈ ਹੈ। ਇਸੇ ਚਕ੍ਰ ਤੋਂ ਕੁੰਡਲਿਨੀ ਸ਼ਕਤੀ ਨੂੰ ਜਗਾ ਕੇ ਸਹਸ੍ਰਦਲ ਚਕ੍ਰ ਤਕ ਪਹੁੰਚਾਇਆ ਜਾਂਦਾ ਹੈ। ਇਹ ਹਠ ਯੋਗ ਦੀ ਸਭ ਤੋਂ ਵੱਡੀ ਉਪਲਬਧੀ ਮੰਨੀ ਜਾਂਦੀ ਹੈ।

ii) ਸ੍ਵਾਧਿਸ਼ਠਾਨ ਚਕ੍ਰ: ਇਸਦੇ ਛੇ ਕੋਨੇ ਹਨ। ਇਸਦਾ ਰੰਗ ਸਫ਼ੇਦ ਹੈ ਅਤੇ ਮੂਤਰ ਸਥਾਨ ਦੇ ਨਾਲ ਇਸਦੀ ਸਥਿਤੀ ਮੰਨੀ ਜਾਂਦੀ ਹੈ।

iii) ਮਣੀਪੁਰ ਚਕ੍ਰ: ਇਸਦੇ 10 ਕੋਨੇ ਹਨ। ਨਾਭੀ ਦੇ ਸਾਹਮਣੇ ਇਸਦੀ ਸਥਿਤੀ ਦੱਸੀ ਜਾਂਦੀ ਹੈ। ਇਸਦਾ ਰੰਗ ਲਾਲ ਹੈ।

iv) ਅਨਾਹਤ ਚਕ੍ਰ: ਹਿਰਦੇ ਦੇ ਸਾਹਮਣੇ ਇਸਦੀ ਸਥਿਤੀ ਹੈ। ਇਸਦੇ 12 ਕੋਨੇ ਹਨ। ਇਸਦਾ ਰੰਗ ਕਾਲਾ ਹੈ।

v) ਵਿਸ਼ੁਧਿ ਚਕ੍ਰ: ਕੰਠ ਦੇ ਸਾਹਮਣੇ ਇਸਦੀ ਸਥਿਤੀ ਹੈ। ਇਸਦੇ 16 ਕੋਨੇ ਦੱਸੇ ਗਏ ਹਨ। ਇਸਦਾ ਰੰਗ ਸਫੇਦ ਹੈ।

vi) ਆਗਿਆ ਚਕ੍ਰ; ਇਸ ਦੀ ਸਥਿਤੀ ਭਰਵੱਟਿਆਂ ਦੇ ਵਿਚਕਾਰ ਹੈ ਅਤੇ ਇਸਦੇ ਦੋ ਕੋਨੇ ਦੱਸੇ ਗਏ ਹਨ।[2]

ਪ੍ਰਾਣ-ਸੰਗਲੀ ਵਿਚ ਖਟ ਚਕ੍ਰਾਂ ਬਾਰੇ ਇਹ ਵੇਰਵਾ ਮਿਲਦਾ ਹੈ:

ਰੋਮ ਰੋਮ ਖੰਡ ਕਾਯਾ ਬੀਚਾਰੈ। ਰਾਜ ਕਰੈ ਖਟ ਚਕ੍ਰ ਖੋੜਸ ਆਧਾਰੈ॥[3]

ਭਾਵ ਇਹ ਹੈ ਕਿ ਮਨੁੱਖੀ ਸਰੀਰ ਦੇ ਅੰਦਰ ਚਕ੍ਰਾਂ ਦਾ ਗਿਆਨ ਹਠ ਯੋਗ ਲਈ ਬਹੁਤ ਜ਼ਰੂਰੀ ਹੈ। ਇਕ ਹੋਰ ਥਾਂ ਤੇ ਪ੍ਰਾਣ-ਸੰਗਲੀ ਵਿਚ ਖਟ ਚਕ੍ਰ ਅਤੇ ਕੁੰਡਲਿਨੀ ਸ਼ਕਤੀ ਦੇ ਬਾਰੇ ਕਿਹਾ ਗਿਆ ਹੈ:

ਖਟ ਚਕ੍ਰ ਕੇ ਖਟ ਅਸਥਾਨ। ਜੋ ਜਾਣੈ ਤੇਉ ਪਰਧਾਨ॥
ਤਾਂ ਊਪਰ ਇਕ ਨਾਗਿਨ ਬਸੈ। ਨਾਨਕ ਗੁਰ ਸ਼ਬਦੀ ਓਹਿ ਨਸੈ॥[4]

---

1. "ਹਠ ਯੋਗ ਦੇ ਗ੍ਰੰਥਾਂ ਵਿਚ ਪਹਿਲਾ ਚਕ੍ਰ ਮੂਲਾਧਾਰ, ਦੂਜਾ ਚਕ ਸ੍ਵਾਧਿਸ਼ਠਾਨ, ਤੀਜਾ ਚਕ੍ਰ ਮਣੀਪੁਰ, ਚੌਥਾ ਚਕ੍ਰ ਅਨਾਹਤ, ਪੰਜਵਾਂ ਚਕ੍ਰ ਵਿਸ਼ੁਧਿ ਅਤੇ ਛੇਵਾਂ ਆਗਿਆ ਚਕ੍ਰ ਮੰਨਿਆ ਜਾਂਦਾ ਹੈ।"
ਭਾਸ੍ਕਰ ਸ਼ਾਸਤ੍ਰੀ, ਕੁੰਡਲਿਨੀ ਸ਼ਕਤੀ ਯੋਗ, 'ਪਰਮਾਰਥ ਪਥ', ਪੰਨਾ 394.
2. ਭਾਸ੍ਕਰ ਸ਼ਾਸਤ੍ਰੀ, ਸ੍ਰੀ ਕੁੰਡਲਿਨੀ ਸ਼ਕਤੀ ਯੋਗ, 'ਪਰਮਾਰਥ ਪਥ, ਪੰਨਾ 397.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 24.
4. ਉਹੀ, ਪੰਨਾ 196.

ਸਾਰਾਂਸ਼ ਵਜੋਂ ਪ੍ਰਾਣ-ਸੰਗਲੀ ਵਿਚ ਖਟ ਚਕ੍ਰਾਂ ਦਾ ਵਰਣਨ ਬਹੁਤੇ ਵਿਸਥਾਰ ਨਾਲ ਸ਼ਾਸਤ੍ਰੀ ਨੁਕਤਿਆਂ ਅਨੁਸਾਰ ਕੀਤਾ ਹੋਇਆ ਨਹੀਂ ਮਿਲਦਾ। ਜਿੱਥੇ ਕਿਧਰੇ ਇਹਨਾਂ ਦੀ ਚਰਚਾ ਹੋਈ ਹੈ, ਉਹ ਸੰਕੇਤ ਮਾਤ੍ਰ ਹੀ ਕਹੀ ਜਾ ਸਕਦੀ ਹੈ।

3) ਕਮਲ

ਹਠ ਯੋਗ ਅਨੁਸਾਰ ਮਨੁੱਖੀ ਸਰੀਰ ਵਿਚ ਅਨੇਕ ਕਮਲਾਂ ਦੀ ਸਥਿਤੀ ਦਾ ਵੇਰਵਾ ਮਿਲਦਾ ਹੈ। ਇੰਜ ਜਾਪਦਾ ਹੈ ਕਿ ਛੋਟੀਆਂ ਛੋਟੀਆਂ ਅਤੇ ਵੱਡੀਆਂ ਵੱਡੀਆਂ ਨਾੜੀਆਂ ਦੇ ਜੁੱਟ ਨੂੰ ਕਮਲ ਕਿਹਾ ਗਿਆ ਹੈ। ਹਠ ਯੋਗ ਤੋਂ ਕਮਲ ਸੰਬੰਧੀ ਇਹ ਵਿਚਾਰਧਾਰਾ ਤੰਤ੍ਰ ਯੋਗ, ਮੰਤ੍ਰ ਯੋਗ ਅਤੇ ਕੁੰਡਲੀ ਯੋਗ ਆਦਿ ਵਿਚ ਵੀ ਅਪਣਾਈ ਗਈ ਹੈ। ਇਹ ਕਮਲ ਆਮ ਤੌਰ ਤੇ ਸੱਤ ਪ੍ਰਸਿੱਧ ਹਨ — ਮੂਲਾਧਾਰ, ਸ੍ਵਾਧਿਸ਼ਠਾਨ, ਮਣੀਪੁਰ, ਅਨਾਹਤ, ਵਿਸ਼ੁਧਿ, ਆਗਿਆ ਅਤੇ ਸਹਸ੍ਰਦਲ।

ਸੰਤ ਸੰਪੂਰਣ ਸਿੰਘ ਨੇ ਪ੍ਰਾਣ-ਸੰਗਲੀ ਵਿਚ ਇਹਨਾਂ ਸੱਤ ਕਮਲਾਂ ਦਾ ਜ਼ਿਕਰ ਕੀਤਾ ਹੈ।

i) ਮੂਲਾਧਾਰ ਕਮਲ: ਇਸਦੇ ਚਾਰ ਪੱਤੇ ਦੱਸੇ ਗਏ ਹਨ ਅਤੇ ਇਸਨੂੰ ਗੁਦਾ ਅਸਥਾਨ ਵਿਚ ਦਸਿਆ ਗਿਆ ਹੈ।

ii) ਸ੍ਵਾਧਿਸ਼ਠਾਨ ਕਮਲ: ਇਸਦੇ ਚਾਰ ਪੱਤੇ ਹਨ ਅਤੇ ਇਸਦਾ ਸਥਾਨ ਲਿੰਗ ਵਿਚ ਦਸਿਆ ਗਿਆ ਹੈ।

iii) ਮਣੀਪੁਰ ਕਮਲ: ਇਸ ਦੇ ਦਸ ਪੱਤੇ ਹਨ ਅਤੇ ਇਸ ਦਾ ਸਥਾਨ ਨਾਭਿ ਵਿਚ ਦੱਸਿਆ ਗਿਆ ਹੈ।

iv) ਅਨਾਹਤ ਕਮਲ: ਇਸ ਦੇ 12 ਪੱਤੇ ਹਨ ਅਤੇ ਸਥਾਨ ਹਿਰਦਾ ਹੈ।

v) ਵਿਸ਼ੁਧਿ ਕਮਲ: ਇਸਦੇ 16 ਪੱਤੇ ਹਨ ਅਤੇ ਇਸਦਾ ਸਥਾਨ ਕੰਠ ਦੱਸਿਆ ਜਾਂਦਾ ਹੈ।

vi) ਆਗਿਆ ਚਕ੍ਰ ਕਮਲ: ਇਸਦੇ ਦੋ ਪੱਤੇ ਹਨ। ਇਹ ਇੜਾ, ਪਿੰਗਲਾ ਅਤੇ ਸੁਖਮਨਾ ਦੇ ਸੰਗਮ ਸਥਾਨ ਉਤੇ ਮੰਨਿਆ ਜਾਂਦਾ ਹੈ। ਭਰਵੱਟਿਆਂ ਦੇ ਵਿਚਕਾਰ ਮੱਥੇ ਵਿਚ ਇਸਦੀ ਸਥਿਤੀ ਮੰਨੀ ਗਈ ਹੈ।

vii) ਸਹਸ੍ਰਦਲ ਕਮਲ: ਇਹ ਹਜ਼ਾਰ ਪੱਤਿਆਂ ਵਾਲਾ ਕਮਲ ਦੱਸਿਆ ਗਿਆ ਹੈ। ਇਸਦੀ ਸਥਿਤੀ ਸਿਰ ਦੇ ਵਿਚਕਾਰ ਮੰਨੀ ਗਈ ਹੈ। ਪ੍ਰਾਣਾਂ ਅਤੇ ਸੁਖਮਨਾ ਨਾੜੀ ਦਾ 'ਲਯ' ਇਸ ਵਿਚ ਹੁੰਦਾ ਹੈ।

ਇਹਨਾਂ ਕਮਲਾਂ ਦੇ ਨਾਵਾਂ ਨਾਲ ਹੀ ਛੇ ਚਕ੍ਰਾਂ ਦੇ ਨਾਂ ਰੱਖੇ ਗਏ ਹਨ ਕਿਉਂਕਿ ਵਿਲਸਨ ਨੇ ਚਕ੍ਰ+ਕਮਲ = ਹਠ ਯੋਗ, ਇਸ ਫਾਰਮੂਲੇ ਨਾਲ ਚਕ੍ਰਾਂ ਕਮਲਾਂ ਦਾ ਸਮੀਕਰਣ ਹਠ ਯੋਗ ਵਿਚ ਮੰਨਿਆ ਹੈ।[1]

ਕਮਲ ਦਲ

ਹਠ ਯੋਗ ਅਨੁਸਾਰ ਮਨੁੱਖੀ ਸਰੀਰ ਦੇ ਅੰਦਰਲੇ ਕਮਲਾਂ ਦਾ ਮਹੱਤਵ ਉਹਨਾਂ ਦੇ ਦਲਾਂ ਭਾਵ ਪੱਤਿਆਂ ਉਤੇ ਨਿਰਭਰ ਹੈ। ਘਟ ਤੋਂ ਘਟ ਇਕ ਦਲ (ਪੱਤੇ) ਵਾਲੇ ਕਮਲ ਦਾ ਉਲੇਖ ਅਕਸਰ ਮਿਲਦਾ ਹੈ। ਇਹ ਸਾਰਿਆਂ

1. W. Wilson, Serpentine Power, p. 415.

ਤੋਂ ਛੋਟਾ ਕਮਲ ਹੈ ਅਤੇ ਇਸ ਤੋਂ ਪਿੱਛੋਂ ਦੋ, ਛੇ, ਅੱਠ, ਸੋਲਾਂ ਪੱਤੀਆਂ ਵਾਲੇ ਕਮਲਾਂ ਦਾ ਵੇਰਵਾ ਦਿੱਤਾ ਜਾਂਦਾ ਹੈ। ਸਾਰਿਆਂ ਤੋਂ ਵੱਡਾ ਕਮਲ ਇਕ ਹਜ਼ਾਰ ਪੱਤੀਆਂ ਵਾਲਾ ਹੈ ਅਤੇ ਇਹ ਮਨੁੱਖ ਦੇ ਸਿਰ ਵਿਚ ਮੰਨਿਆ ਜਾਂਦਾ ਹੈ।

ੳ) <u>ਨਾਭਿ ਕਮਲ (ਨਾਭ ਕਮਲ):</u> ਹਠ ਯੋਗੀਆਂ ਅਨੁਸਾਰ ਮਨੁੱਖ ਦੀ ਨਾਭੀ ਵਿਚ ਇਕ ਕਮਲ ਹੈ ਅਤੇ ਇਸਨੂੰ ਆਨੰਦ ਦਾ ਸਥਾਨ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਅਨੁਸਾਰ:

ਆਦਿ ਸੁੰਨ ਨਾਭ ਕਮਲ ਮਹਿ ਖੇਲਾ।[1]

ਅੱਗੇ ਲਿਖਿਆ ਹੈ:

ਇਹੁ ਨਾਭ ਕਵਲ ਆਨੰਦ ਸੇ ਆਹਿ। ਅਰ ਬਿਸਨੁ ਜੀ ਕਾ ਪਰਮ ਪਦ ਜਾਨਿ॥[2]

'ਵਿਸ਼ਨੂੰ' ਦਾ ਉਲੇਖ ਪੌਰਾਣਿਕ ਭਾਵਨਾ ਦਾ ਉੱਘਾ ਉਦਾਹਰਣ ਹੈ। ਪ੍ਰਾਣ-ਸੰਗਲੀ ਵਿਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ:

ਨਾਭ ਕਵਲ ਤਹੀ ਸਤਿਗੁਰ ਸਮੁੰਦ। ਧਰ ਹਰ ਕ੍ਰਿਪਾ ਬਰਖੈ ਇੰਦੁ॥[3]

ਇਸ ਨਾਭਿ ਕਮਲ ਨੂੰ ਪਰਮ ਪੁਰਖ ਦੀ ਦਰਗਾਹ ਵੀ ਕਿਹਾ ਗਿਆ ਹੈ ਅਤੇ ਇਸ ਵਿਚ ਧਿਆਨ ਲਗਾਉਣ ਵਾਲਾ ਸਾਧਕ ਮ੍ਰਿਤੂ ਨੂੰ ਜਿੱਤ ਲੈਂਦਾ ਹੈ।

ਨਾਭ ਕਮਲ ਕਾ ਕਰੇ ਧਿਆਨ। ਓਹੁ ਦਰਗਹਿ ਪੁਰਖ ਕੈ ਜਾਨ॥
... ... । ਉਸ ਕੋ ਕਬਹੂੰ ਨਾ ਹੋਵੈ ਮਿਰਤ॥
... ... । ਨਾਨਕ ਕਮਲ ਨਾਮ ਅਨਹਦ ਧਾਰੈ॥[4]

ਅ) ਦਲ ਕਮਲ: ਦੋ ਪੱਤੀਆਂ ਵਾਲੇ ਕਮਲ ਦਾ ਉਲੇਖ ਨਾਭਿ ਕਮਲ ਤੋਂ 10 ਉਂਗਲ ਉਪਰ ਦੱਸਿਆ ਗਿਆ ਹੈ:

ਕਵਲਿ ਕੁਸਮ ਦਲ ਭੀਤਰਿ ਜਾਤਾ। ਦਸ ਅੰਗੁਲਿ ਕੈ ਬੀਚਿ ਸਮਾਤਾ॥[5]

ਸੰਤ ਸੰਪੂਰਣ ਸਿੰਘ ਨੇ ਇਸ ਤੁਕ ਦੀ ਵਿਆਖਿਆ ਕਰਦੇ ਲਿਖਿਆ ਹੈ ਕਿ ਦੋ ਦਲ ਵਾਲਾ ਕਮਲ ਭੁੰਨ ਆਂ ਰਖਾ ਚਕ੍ਰ ਦੇ ਨਾਂ ਨਾਲ ਪ੍ਰਸਿੱਧ ਹੈ।[6]

ੲ) <u>ਖਟ ਦਲ ਕਮਲ:</u> ਛੇ ਪੱਤੀਆਂ ਵਾਲੇ ਕਮਲ ਦਾ ਉਲੇਖ ਹਠ ਯੋਗ ਵਿਚ ਮਿਲਦਾ ਹੈ। ਇਸ ਦੀ ਸਥਿਤੀ ਮੂਤਰ ਸਥਾਨ ਦੇ ਉੱਤੇ ਦੱਸੀ ਗਈ ਹੈ ਅਤੇ ਇਸ ਥਾਂ ਤੇ ਧਿਆਨ ਕਰਨ ਨਾਲ ਸਾਧਨਾ ਦੀ ਸਿੱਧੀ ਹੁੰਦੀ ਹੈ।[7]

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 618;
2. ਉਹੀ, ਪੰਨਾ 618.
3. ਉਹੀ, ਪੰਨਾ 133.
4. ਉਹੀ, ਪੰਨਾ 639.
5. ਉਹੀ, ਪੰਨਾ 11.
6. ਉਹੀ, ਪੰਨਾ 11.
7. ਉਹੀ, ਪਦ ਟਿਪਣੀ ਨੰ. 2, ਪੰਨਾ 11.

ਖਟ ਦਲਿ ਕਵਲ ਨਿਵਾਸ ਹੋਏ। ਰੰਗੁ ਨਹੁੰ ਫੇਰਿ ਮਿਲਾਵੈ ਸੋਏ॥[1]

ਸ) <u>ਅਸ਼ਟਦਲ ਕਮਲ (ਰਿਦੇ ਕਮਲ)</u>: ਹਿਰਦੇ ਨੂੰ ਕਮਲ ਦੇ ਰੂਪ ਵਿਚ ਹਠ ਯੋਗੀਆਂ ਨੇ ਸਵੀਕਾਰਿਆ ਹੈ। ਇਸਦੇ ਅੱਠ ਪੱਤੇ ਦੱਸੇ ਗਏ ਹਨ। ਇਸਦਾ ਰੰਗ ਸੁਨਹਿਰੀ ਅਤੇ ਇਸਦੀ ਲੰਬਾਈ ਅੰਗੂਠੇ ਜਿੰਨੀ ਦੱਸੀ ਜਾਂਦੀ ਹੈ। ਪ੍ਰਾਣ ਸੰਗਲੀ ਅਨੁਸਾਰ:

ਰਿਦੇ ਕਮਲ ਵਿਖੈ ਜੋ ਪਦਮ ਕਹਾਵੈ। ਤਿਸ ਕਮਲ ਪਦਮ ਕੇ ਅਸ਼ਟ ਦਲ ਬਤਾਵੈ॥
ਸੁਵਰਨ ਕੀ ਨਿਆਈ ਹੈ ਜਾਕਾ ਰੂਪ। ਅਰ ਕੇਸਰ ਚਾਰ ਅਤਿ ਕ੍ਰਾਂਤ ਸਰੂਪ॥
.... .... .... ....
ਅੰਗੁਸ਼ਟ ਮਾਤ੍ਰ ਕਵਲ ਹੈ ਥੀਆ। ਤਿਸ ਕੀ ਆਰਜਾ ਇਹ ਮਥ ਲੀਆ॥[2]

ਪ੍ਰਾਣਸੰਗਲੀ ਅਨੁਸਾਰ ਹਿਰਦੇ ਕਮਲ ਵਿਚ ਸੁਰਗ ਲੋਕ ਦਾ ਵਾਸਾ ਹੈ:

ਸੁਰਗ ਲੋਕ ਹਿਰਦੇ ਕੇ ਬੀਚ।[3]

ਹ) <u>ਦੁਆਦਸ਼ ਦਲ ਕਮਲ</u>: 12 ਪੱਤਿਆਂ ਵਾਲੇ ਇਸ ਕਮ ਲ ਦਾ ਉਲੇਖ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਮਿਲਦਾ ਹੈ:

ਤਹਾਂ ਦੁਆਦਸ਼ ਰਹੈ ਅਡੋਲੁ। ਇਸ ਮਹਿ ਜਨਮ ਨਾ ਹੋਵੈ ਮੀਚੁ॥
ਖੋਜਿ ਅਧਿਆਤਮ ਆਗਮ ਗਾਵੈ। ਨਾਨਕ ਪਰਮ ਤੱਤ ਤਬ ਪਾਵੈ॥[4]

ਕ) <u>ਸੋਲ੍ਹਾਂ ਦਲ ਕਮਲ</u>: ਖੋਡਸ ਦਲ ਜਬ ਚੇਤੇ ਪ੍ਰਾਨੀ। ਮਿਟਿ ਗਏ ਸੁਧਿਰ ਅਗਮ ਪਛਾਨੀ॥[5]

ਸੋਲ੍ਹਾਂ ਪੱਤਿਆਂ ਵਾਲੇ ਇਸ ਕਮਲ ਦਾ ਸਥਾਨ ਛਾਤੀ ਦੇ ਅੰਦਰ ਦੱਸਿਆ ਗਿਆ ਹੈ।

ਖ <u>ਸਹੰਸਦਲ ਕਮਲ</u>: ਹਜ਼ਾਰ ਪੱਤਿਆਂ ਵਾਲੇ ਕਮਲ ਦਾ ਉਲੇਖ ਹਠ ਯੋਗ ਦੇ ਗ੍ਰੰਥਾਂ ਵਿਚ ਪਾਇਆ ਜਾਂਦਾ ਹੈ। ਦਸਮਦੁਆਰ ਜਾਂ ਗਗਨ ਮੰਡਲ ਵਿਚ ਇਸਦਾ ਸਥਾਨ ਦੱਸਿਆ ਗਿਆ ਹੈ। ਪ੍ਰਾਣਾਂ ਨੂੰ ਇਸ ਵਿਚ 'ਲਯ' ਕਰਨ ਦੀ ਜੁਗਤੀ ਯੋਗ ਦੀ ਸਭ ਤੋਂ ਵੱਡੀ ਜੁਗਤੀ ਹੈ। ਪ੍ਰਾਣਸੰਗਲੀ ਅਨੁਸਾਰ ਇਸੇ ਨੂੰ ਭੰਵਰ ਗੁਫ਼ਾ[6] ਵੀ ਕਿਹਾ ਜਾਂਦਾ ਹੈ:

ਸਰਵਰ ਸੁਨ ਬਨੇ ਸਹੰਸਦਲ, ਭੰਵਰ ਗੁਫਾ ਮਗਨਾਨੇ।
ਅਤਿ ਬਿਗ੍ਰਸਾਨ ਬਨੀ ਨਿਜ ਮਹਲੀ, ਹਰਿ ਜਨ ਤਹੀ ਉਰਝਾਨੇ॥[7]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 11.
2. ਉਹੀ, ਪੰਨਾ 617.
3. ਉਹੀ, ਪੰਨਾ 619. 4. ਉਹੀ, ਪੰਨਾ 11. 5. ਉਹੀ, ਪੰਨਾ 12.
6. ਹਠਯੋਗ ਅਨੁਸਾਰ ਸੁਖਮਨਾ ਨਾੜੀ ਗੁਦਾ ਸਥਾਨ ਤੋਂ ਸ਼ੁਰੂ ਹੋ ਕੇ ਸਹੰਸਦਲ ਕਮਲ ਦੇ ਹੇਠਾਂ ਖ਼ਤਮ ਹੁੰਦੀ ਹੈ। ਇਸ ਦਾ ਉਪਰਲਾ ਸਿਰਾ (ਸੁਰਾਖ) 'ਭੰਵਰ ਗੁਫਾ' ਜਾਂ 'ਬ੍ਰਹਮ ਗੁਫਾ' ਜਾਂ 'ਬ੍ਰਹਮ ਰੰਧ੍ਰ' ਜਾਂ 'ਰੁਦ੍ਰ ਤਾਰ' ਆਦਿ ਨਾਵਾਂ ਨਾਲ ਪ੍ਰਸਿੱਧ ਹੈ। ਪੰਡਿਤ ਸ਼ਿਵ ਨਰਾਇਣ ਸ਼ਰਮਾ, ਸਹੰਸਦਲ ਕਮਲ, 'ਪਰਮਾਰਥ ਪਥ', ਪੰਨੇ 647-650.
7. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 13.

ਲਿਸਮਿਸ ਦਾਮਿਨੀ ਰਿਮਝਿਮ ਬਰਸੈ, ਹਸਿ ਪ੍ਰਭ ਮਿਲੈ ਨਿਰਾਰਾ।[1]

ਇਥੇ ਬਿਜਲੀ ਦਾ ਚਮਕਾਰਾ ਗਿਆਨ ਦਾ ਪ੍ਰਤੀਕ ਹੈ, ਰਿਮਝਿਮ ਬਰਸਣਾ ਅੰਮ੍ਰਿਤ ਦੀ ਧਾਰਾ ਦਾ ਸੂਚਕ ਹੈ। ਇਹ ਅੰਮ੍ਰਿਤ ਸਹਸ੍ਰਦਲ ਕਮਲ ਤੋਂ ਟਪਕਦਾ ਹੈ।

ਡਾ. ਗੋਪੀਨਾਥ ਕਵਿਰਾਜ ਅਨੁਸਾਰ ਸਹੰਸ੍ਰਦਲ ਕਮਲ ਤਾਂਤ੍ਰਿਕ ਅਤੇ ਸ਼ਾਕਤ ਪਰੰਪਰਾਵਾਂ ਵਿਚ ਵੀ ਮੰਨਿਆ ਜਾਂਦਾ ਹੈ ਅਤੇ ਸ਼ਿਵ ਤੇ ਸ਼ਕਤੀ ਦਾ ਮਿਲਨ ਇਥੇ ਹੀ ਹੁੰਦਾ ਹੈ। ਪ੍ਰਾਣ-ਕੁੰਡਲੀ ਦਾ ਲਯ ਭੀ ਇਥੇ ਹੀ ਮੰਨਿਆ ਜਾਂਦਾ ਹੈ।[2]

ਗ) <u>ਅਧੋਮੁਖੀ ਸਹਸ੍ਰਦਲ ਕਮਲ:</u> ਹਠ ਯੋਗ ਦੇ ਗ੍ਰੰਥਾਂ ਵਿਚ ਸਹਸ੍ਰਦਲ ਕਮਲ ਨੂੰ ਸਿਰ ਵਿਚ ਮੰਨਿਆ ਗਿਆ ਹੈ ਅਤੇ ਇਸਦਾ ਮੂੰਹ ਹੇਠਾਂ ਵੱਲ ਹੈ ਜਦੋਂ ਕਿ ਸਰੀਰ ਦੇ ਹੋਰ ਕਮਲਾਂ ਦਾ ਮੂੰਹ ਉਤਾਂਹ ਵੱਲ ਹੈ। ਪੰਡਿਤ ਸ਼ਿਵ ਨਰਾਇਣ ਸ਼ਰਮਾ[3] ਅਨੁਸਾਰ ਆਗਿਆ ਚਕ੍ਰ ਦੇ ਉੱਤੇ ਸਰੀਰ ਦੇ ਸਭ ਤੋਂ ਉੱਚੇ ਸਥਾਨ (ਮਸਤਕ) ਉੱਤੇ ਇਕ ਹਜ਼ਾਰ ਪੱਤਿਆਂ ਵਾਲੇ ਕਮਲ ਦੀ ਕਲਪਨਾ ਕੀਤੀ ਗਈ ਹੈ। ਇਸ ਕਮਲ ਦਾ ਰੰਗ ਸੁਫੇਦ ਹੈ ਅਤੇ ਇਸਦੇ ਵਿਚਲੇ ਹਿੱਸੇ ਵਿਚ ਸੂਰਜ ਦੀ ਲਾਲੀ ਵਾਂਗ ਲਾਲ ਕੇਸਰ ਭਰਿਆ ਹੋਇਆ ਹੈ ਅਤੇ ਇਸਦਾ ਮੂੰਹ ਹੇਠਾਂ ਵੱਲ ਨੂੰ ਹੈ। ਇਸਦੇ 50 ਪੱਤਿਆਂ ਦੇ ਉੱਤੇ 'ਅ' ਤੋਂ ਲੈ ਕੇ 'ਕ' (   ) ਤਕ 50 ਵਰਣ ਲਿਖੇ ਹੋਏ ਹਨ। ਇਹਨਾਂ ਸਾਰੇ ਪੱਤਿਆਂ ਦੇ ਵਿਚਕਾਰ 'ੴ ਓਅੰਕਾਰ' ਅਤੇ ਚੌਥਾ ਚੰਦ੍ਰਮਾ ਹੁੰਦਾ ਹੈ।

ਪਰੰਤੂ ਸੰਤ ਸੰਪੂਰਣ ਸਿੰਘ ਨੇ ਪ੍ਰਾਣ-ਸੰਗਲੀ ਦੀ ਭੂਮਿਕਾ ਵਿਚ 'ਯੋਗ ਆਰੂੜ' ਪੁਰਸ਼ ਦਾ ਇਕ ਚਿਤ੍ਰ ਦਿੱਤਾ ਹੈ।[4] ਇਸ ਚਿਤ੍ਰ ਵਿਚ ਸਹੰਸ੍ਰਦਲ ਕਮਲ ਦਾ ਮੂੰਹ ਸਾਹਮਣੇ ਵੱਲ ਹੈ ਅਤੇ ਇਸਦੇ ਪੱਤਿਆਂ ਉੱਤੇ ਨਾ ਤੇ ਕੋਈ ਵਰਣ ਹੈ ਅਤੇ ਨਾ ਕੋਈ ਚੰਦ੍ਰਮਾ ਜਾਂ ੴ। ਇਸ ਦ੍ਰਿਸ਼ਟੀ ਭੇਦ ਦਾ ਕੋਈ ਕਾਰਨ ਸੰਤ ਸੰਪੂਰਣ ਸਿੰਘ ਨੇ ਨਹੀਂ ਦਿੱਤਾ।

4) <u>ਨਾੜੀਆਂ</u>

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 13
2. ਡਾ. ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ', ਪੰਨਾ 80.
3. ਪੰਡਿਤ ਸ਼ਿਵ ਨਰਾਇਣ ਸ਼ਰਮਾ, ਸਹਸ੍ਰਦਲ ਕਮਲ, 'ਪਰਮਾਰਥ ਪਥ', ਪੰਨਾ 655.
4. 'ਪ੍ਰਾਣ-ਸੰਗਲੀ, (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 75.

ਹਠ ਯੋਗ ਅਨੁਸਾਰ ਸਰੀਰ ਵਿਚ 72 ਹਜ਼ਾਰ ਨਾੜੀਆਂ[1] ਹਨ। ਇਹਨਾਂ ਨਾੜੀਆਂ ਵਿਚੋਂ ਤਿੰਨ ਨਾੜੀਆਂ ਬਹੁਤ ਮਹੱਤਵਪੂਰਨ ਹਨ:[2]

ੳ) ਇੜਾ,
ਅ) ਪਿੰਗਲਾ,
ੲ) ਸੁਖਮਨਾ।

ਹਠ ਯੋਗ ਵਿਚ ਇਹਨਾਂ ਤਿੰਨਾਂ ਨਾੜੀਆਂ ਦਾ ਬਹੁਤ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇੜਾ ਚੰਦ੍ਰਮਾ ਦੀ, ਪਿੰਗਲਾ ਸੂਰਜ ਦੀ ਅਤੇ ਸੁਖਮਨਾ ਇਹਨਾਂ ਦੋਹਾਂ ਦੇ ਵਿਚਕਾਰਲੀ ਸਥਿਤੀ ਦੀ ਸੂਚਨਾ ਦਿੰਦੀ ਹੈ। ਮੱਥੇ ਦੇ ਅੰਦਰ ਇੜਾ, ਪਿੰਗਲਾ ਦਾ ਮੇਲ ਹੁੰਦਾ ਹੈ ਅਤੇ ਉਥੇ ਹੀ ਸੁਖਮਨਾ ਇਹਨਾਂ ਦੋਹਾਂ ਵਿਚ ਮਿਲਦੀ ਹੈ। ਇਸੇ ਲਈ ਇਸ ਥਾਂ ਨੂੰ 'ਤ੍ਰਿਬੇਣੀ' ਕਿਹਾ ਗਿਆ ਹੈ ਕਿਉਂਕਿ ਇੜਾ ਨੂੰ ਗੰਗਾ, ਪਿੰਗਲਾ ਨੂੰ ਜਮਨਾ ਅਤੇ ਸੁਖਮਨਾ ਨੂੰ ਸਰਸਵਤੀ ਕਿਹਾ ਗਿਆ ਹੈ।

ਸੁਖਮਨਾ ਦਾ ਰੂਪ ਓਅੰਕਾਰ (ਪ੍ਰਣਵ) ਦੀ ਤਰ੍ਹਾਂ, ਇੜਾ ਦਾ ਧਨੁਸ਼ ਦੀ ਤਰ੍ਹਾਂ ਅਤੇ ਪਿੰਗਲਾ ਦਾ ਸਿੱਧੇ ਤੀਰ ਵਾਂਗ ਦੱਸਿਆ ਗਿਆ ਹੈ। ਸੁਖਮਨਾ ਵਿਚ ਛੇ ਗੰਢਾਂ ਦੱਸੀਆਂ ਜਾਂਦੀਆਂ ਹਨ। ਇਹਨਾਂ ਨੂੰ ਹੀ ਚਕ੍ਰ ਜਾਂ ਖਟਚਕ੍ਰ ਕਿਹਾ ਜਾਂਦਾ ਹੈ।[3]

'ਮਹਾਨ ਕੋਸ਼' ਅਨੁਸਾਰ, "ਯੋਗੀਆਂ ਦੀ ਮੰਨੀ ਹੋਈ ਇਕ ਨਾੜੀ (ਇੜਾ) ਜੋ ਖੱਬੀ ਨਾਸਿਕਾ ਤੋਂ ਲੈ ਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ ਦਿਮਾਗ ਵਿਚ ਪਹੁੰਚਦੀ ਹੈ, ਇਸ ਨਾੜੀ ਦੁਆਰਾ ਯੋਗੀ ਪ੍ਰਾਣਾਯਾਮ ਦਾ ਅਭਿਆਸ ਕਰਦੇ ਹਨ, ਇਸ ਦਾ ਨਾਉਂ 'ਚੰਦ੍ਰ ਨਾੜੀ' ਭੀ ਹੈ, ਕਿਉਂਕਿ ਇਸ ਦਾ ਦੇਵਤਾ ਚੰਦ੍ਰਮਾ ਮੰਨਿਆ ਹੈ।"[4]

---

1. ੳ) "ਹਠ ਯੋਗੀਆਂ ਅਨੁਸਾਰ ਮੂਲਾਧਾਰ ਚਕ੍ਰ ਵਿਚੋਂ 72,000 ਨਾੜੀਆਂ ਨਿਕਲਦੀਆਂ ਹਨ। ਇਹਨਾਂ ਦੀਆਂ ਸ਼ਾਖਾਂ, ਉਪ-ਸ਼ਾਖਾਵਾਂ ਦੀ ਕੁਲ ਗਿਣਤੀ ਤਿੰਨ ਲੱਖ ਪੰਜਾਹ ਹਜ਼ਾਰ ਦੱਸੀ ਜਾਂਦੀ ਹੈ।" ਡਾ. ਧਰਮੇਂਦਰ ਬ੍ਰਹਮਚਾਰੀ, ਸੰਤ ਮੱਤ ਕਾ ਸਰਭੰਗ ਸੰਪਰਦਾਯ', ਪੰਨਾ 69.
   ਅ) ਤੰਤ੍ਰ ਮਾਰਗ ਵਿਚ ਇੜਾ, ਪਿੰਗਲਾ ਅਤੇ ਸੁਖਮਨਾ ਦੇ ਨਾਲ ਨਾਲ 7 ਜਾਂ 11 ਹੋਰ ਨਾੜੀਆਂ ਦਾ ਉਲੇਖ ਮਿਲਦਾ ਹੈ। ਇਹ 7 ਜਾਂ 11 ਨਾੜੀਆਂ ਇਕ ਸੂਖਮ ਪੱਧਰ ਤੇ 32 ਅਤੇ ਇਸ ਤੋਂ ਪਿੱਛੋਂ 72,000 ਹੋ ਜਾਂਦੀਆਂ ਹਨ। ਇਹਨਾਂ ਦੀ ਸਭ ਤੋਂ ਵੱਡੀ ਸੰਖਿਆ ਸਾਢੇ ਤਿੰਨ ਕ੍ਰੋੜ ਹੈ। ਡਾ. ਗੋਪੀ ਨਾਥ ਕਵਿਰਾਜ ਲਿਖਦੇ ਹਨ, ਵਾਸਤਵ ਵਿਚ ਨਾੜੀਆਂ ਦੀ ਸੰਖਿਆ ਅਨੰਤ ਹੈ। ਹਰ ਇਕ ਰੋਮ ਦੇ ਨਾਲ ਨਾੜੀਆਂ ਦਾ ਸੰਬੰਧ ਰਹਿੰਦਾ ਹੈ ਅਤੇ ਨਾੜੀਆਂ ਦੇ ਇਸ ਜਾਲ ਨੂੰ ਤੰਤ੍ਰ ਮਾਰਗ ਅਤੇ ਵਾਮ ਮਾਰਗ ਵਿਚ ਵੀ ਮਹੱਤਵ-ਪੂਰਨ ਮੰਨਿਆ ਜਾਂਦਾ ਹੈ।" ਡਾ. ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕ੍ਤ ਦ੍ਰਿਸ਼ਟੀ', ਪੰਨਾ 109-110.
2. "ਇੜਾ ਪਿੰਗੁਲਾ ਸੁਖਮਨਾ, ਇਸ ਦੇਹੀ ਮਹਿ ਪਰਧਾਨ। ਤਿਸੁ ਧਿਆਇਦਿਨ ਅਹਿਨਿਸ ਜਪੰਨਿ ਅਜਰੁ ਜਰੈ ਗੁਰ ਗਿਆਨ।" 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 263.
3. ਸਵਾਮੀ ਗੰਗੇਸ਼ਵਰ ਨੰਦ, ਵੇਦੋਂ ਮੇਂ ਯੋਗ, 'ਪਰਮਾਰਥ ਪਥ', ਪੰਨਾ 85.
4. ਵੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼'.

ਪਿੰਗਲਾ ਬਾਰੇ 'ਮਹਾਨ ਕੋਸ਼' ਦਾ ਇਹ ਉਲੇਖ ਵਿਚਾਰਨ ਯੋਗ ਹੈ:

> "ਹਠ ਯੋਗ ਦੇ ਮੱਤ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ ਜੋ ਸ਼ਰੀਰ ਦੇ ਸੱਜੇ ਪਾਸੇ ਹੈ, ਇਸ ਦਾ ਨਾਂ ਸੂਰਜ ਨਾੜੀ ਵੀ ਹੈ।"[1]

ਸੁਖਮਨਾ ਬਾਰੇ ਭਾਈ ਕਾਨ੍ਹ ਸਿੰਘ ਲਿਖਦੇ ਹਨ:

> "ਯੋਗੀਆਂ ਦੀ ਕਲਪੀ ਹੋਈ ਇਕ ਨਾੜੀ ਜੋ ਨੱਕ ਦੇ ਮੂਲ ਤੋਂ ਲੈ ਕੇ ਰੀੜ੍ਹ ਦੇ ਨਾਲ ਹੁੰਦੀ ਹੋਈ ਦਿਮਾਗ ਤੀਕ ਪਹੁੰਚਦੀ ਹੈ, ਇਸਦੇ ਸੱਜੇ ਪਾਸੇ 'ਪਿੰਗਲਾ' ਅਤੇ ਖੱਬੇ ਪਾਸੇ 'ਇੜਾ' ਹੈ। ਇਹ ਨਾੜੀ ਚੰਦ੍ਰਮਾ, ਸੂਰਜ ਅਤੇ ਅਗਨੀ ਰੂਪ ਹੈ। ਜਦ ਅੱਭਿਆਸ ਨਾਲ ਇਸ ਵਿਚ ਪ੍ਰਾਣ ਚਲਾਈਏ ਹਨ ਤਦ ਅਨਹਦ ਸ਼ਬਦ ਸੁਣੀਂਦਾ ਹੈ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਨਾਂ 'ਬ੍ਰਹਮ ਮਾਰਗ' ਅਤੇ 'ਮਹਾਂ ਪਥ' ਵੀ ਹੈ।[2] ਗੁਰਬਾਣੀ ਵਿਚ ਇਕ ਥਾਂ ਤੇ ਇਹਨਾਂ ਤਿੰਨ੍ਹਾਂ ਨਾੜੀਆਂ ਨੂੰ ਇਸ ਤਰ੍ਹਾਂ ਯਾਦ ਕੀਤਾ ਗਿਆ ਹੈ:
>
> "ਸੁਖਮਨ', ਇੜਾ, ਪਿੰਗੁਲਾ ਬੂਝੈ।"[3]

ਪ੍ਰਾਣ-ਸੰਗਲੀ ਵਿਚ ਇੜਾ, ਪਿੰਗਲਾ ਨੂੰ ਇੰਗੁਲ ਪਿੰਗੁਲ ਵੀ ਕਿਹਾ ਗਿਆ ਹੈ:

> ਤ੍ਰਿਕੁਟੀ ਸੰਧਿ ਨਾਸਿਕਾ, ਤਾਲਕ, ਸੁਖ ਮਨਿ ਜਾਇ ਸਮਾਈ।
> ਇੰਗੁਲ ਪਿੰਗੁਲ ਪਸੁਚਿਮ ਧਾਵੈ, ਰਵਿ ਸਸਿ ਅਸਤੁ ਬਿਹਾਣਾ॥[4]

ਇੜਾ, ਪਿੰਗਲਾ ਅਤੇ ਸੁਖਮਨਾ ਦੇ ਮੇਲ ਨੂੰ ਯੋਗ ਸਾਧਨਾ ਦੀ ਇਕ ਉੱਚੀ ਸਿਧੀ ਕਿਹਾ ਗਿਆ ਹੈ:

> ਇੜਾ ਪਿੰਗੁਲਾ ਸੁਖਮਨਾ ਤਨ ਬੁਧਿ। ਤੀਨ ਤਪੈ ਸਹੰਸਾ ਕੀ ਸੁਧਿ॥
> ਤ੍ਰਿਕੁਣ ਤਅਗੰਰਿ ਚਉਥਾ ਪਦੁ ਜਾਣੈ। ਲਹੁੰ ਅਰਿ ਉਂਧਿ ਦਸਵੈਂ ਘਰਿ ਆਣੈ॥[5]

ਇੰਜ ਜਾਪਦਾ ਹੈ ਕਿ ਇੰਗੁਲ ਪਿੰਗੁਲ ਇਹ ਨਾਂ ਸੰਤ ਮਤ ਵਿਚ ਕਾਫੀ ਪ੍ਰਚਲਿਤ ਸਨ। ਇਕ ਸਾਧਕ ਨੇ ਇੜਾ ਪਿੰਗਲਾ ਦੀ ਸਾਧਨਾ ਨਾਲ 'ਗਗਨ ਮੰਡਲ' ਤੇ ਜਾਣ ਦਾ ਉਲੇਖ ਕੀਤਾ ਹੈ:

> ਇੰਗਲਾ ਪਿੰਗਲਾ ਸੋਧਕੇ ਚੜ੍ਹਿ ਹੈ ਸੁਰਧਾਮਾ ਹੋ।
> ਸਤਿਗੁਰੂ ਵਹਾਂ ਆਪ ਹੈ ........................॥[6]

---

1. ਦੇਖੋ: ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼'.
2. ਦੇਖੋ: ਉਹੀ.
3. ਦੇਖੋ: 'ਆਦਿ ਗ੍ਰੰਥ', (ਸਿਧ ਗੋਸਟਿ ਮਹਲਾ ੧).
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 13.
5. ਉਹੀ, ਪੰਨਾ 131.
6. ਡਾ. ਧਰਮੇਂਦਰ, ਬ੍ਰਹਮਚਾਰੀ, 'ਸੰਤ ਮਤ ਕਾ ਸਰਭੰਗ ਸੰਪਰਦਾਯ', ਪੰਨਾ 85.

ਇਸੇ ਤਰ੍ਹਾਂ ਸੰਤ ਪਲਟੂ ਦਾਸ ਨੇ ਇੜ੍ਹਾ ਪਿੰਗਲਾ ਨੂੰ ਆਪਣੇ ਨਿਯੰਤ੍ਰਣ ਵਿਚ ਰਖ ਕੇ ਪ੍ਰਾਣਾਯਾਮ ਦੁਆਰਾ ਸਮਾਧੀ ਅਵਸਥਾ ਦੀ ਪ੍ਰਾਪਤੀ ਦਾ ਉਲੇਖ ਕੀਤਾ ਹੈ।[1]

ਇੜਾ ਘਾਟ : ਪ੍ਰਾਣ-ਸੰਗਲੀ ਦੇ ਲੇਖਕ ਨੇ ਅਧਿਆਤਮਕ ਸਾਧਨਾ ਦੇ ਮਾਰਗ ਵਿਚ 68 ਘਾਟਾਂ ਦਾ ਜ਼ਿਕਰ ਕੀਤਾ ਹੈ। 'ਘਾਟ' ਤੋਂ ਲੇਖਕ ਦਾ ਭਾਵ ਇਹ ਹੈ ਕਿ ਸਾਧਨਾ ਦੇ ਮਾਰਗ ਵਿਚ ਆਉਣ ਵਾਲੇ ਪੜਾਅ। ਇਹਨਾਂ ਪੜਾਵਾਂ ਦੀ ਗਿਣਤੀ ਵੱਖਰੇ ਵੱਖਰੇ ਲੇਖਕਾਂ ਵੱਖ ਵੱਖ ਦੱਸੀ ਹੈ।

ਇੜਾ ਨਾੜੀ ਦੇ ਘਾਟ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਬੜੇ ਵਿਸਥਾਰ ਨਾਲ ਸਮਝਾਇਆ ਹੈ। ਉਸਦਾ ਸਾਰਾਂਸ਼ ਇਹ ਹੈ ਕਿ ਇੜਾ ਘਾਟ ਵਿਚ ਪਹੁੰਚ ਕੇ ਸਾਧਕ ਦਾ ਧਿਆਨ ਸੁੰਨ ਸਮਾਧੀ ਵਲ ਲਗਦਾ ਹੈ ਅਤੇ ਅਨਹਦ ਨਾਦ ਉਸ ਨੂੰ ਸੁਣਾਈ ਦਿੰਦਾ ਹੈ:

ਇੜਾ ਘਾਟ ਜਬ ਇਹੁ ਮਨੁ ਆਵੈ। ਇਤ ਉਤ ਕੀ ਸਭ ਸੋਝੀ ਪਾਵੈ॥
ਆਵਨ ਜਾਨ ਤੇ ਰਹੈ ਨਿਰਾਰਾ। ਇੜਾ ਘਾਟ ਜਬ ਕੀਆ ਪਸਾਰਾ॥
ਇੜਾ ਸਿਰੜਾ ਰਉ ਕਰੈ ਮੇਦਾਨੁ। ਅਨਹਦ ਸੁੰਨਿ ਲਗਾਵੈ ਧਿਆਨੁ॥[2]

ਪਿੰਗਲਾ ਘਾਟ: ਪਿੰਗਲਾ ਨਾੜੀ ਦਾ ਅਧਿਆਤਮਕ ਪੜਾਅ ਪਿੰਗਲਾ ਘਾਟ ਕਿਹਾ ਗਿਆ ਹੈ। ਇਸ ਉਤੇ ਵਿਸਰਾਮ ਕਰਨ ਤੋਂ ਬਾਅਦ ਸਾਧਕ ਦਸ਼ਮ ਦੁਆਰ ਤਕ ਆਪਣੇ ਪ੍ਰਾਣਾਂ ਨੂੰ ਪਹੁੰਚਾ ਦਿੰਦਾ ਹੈ:

ਘਾਟ ਪਿੰਗਲਾ ਜਬ ਮਨੁ ਧਰੈ। ਬਿਨ ਮਾਰਗ ਗਗਨੰਤਰ ਚੜ੍ਹੈ॥
ਘਾਟ ਅਨੂਪ ਪਿੰਗਲਾ ਨਾਉ। ਨਾਨਕ ਤਹਿੰ ਬੂਝੈ ਸਭ ਭਾਉ॥[3]

ਸੁਖਮਨਾ ਘਾਟ: ਸੁਖਮਨਾ ਨਾੜੀ ਦਾ ਘਾਟ ਸਾਧਕ ਨੂੰ ਆਨੰਦ ਦੀ ਪ੍ਰਾਪਤੀ ਕਰਾਉਂਦਾ ਹੈ। ਕਾਮ, ਕ੍ਰੋਧ, ਨਿੰਦਰਾ ਆਦਿ ਤੋਂ ਛੁਟਕਾਰਾ ਮਿਲਦਾ ਹੈ:

ਘਾਟ ਸੁਖਮਨਾ ਜਬ ਮਨੁ ਜਾਇ। ਅਨੰਦ ਕੇਲ ਸੁਖ ਸਹਜ ਵਿਹਾਏ॥

.... .... .......

ਸੁਖਮਨ ਰਾਤਾ ਕਰੈ ਅਨੰਦ। ਕਾਮ ਕ੍ਰੋਧ ਤਿਆਗੈ ਸਭ ਨਿੰਦ॥[4]

ਨਾੜੀ ਸੰਬੰਧੀ ਇਸ ਵਿਵੇਚਨ ਦਾ ਨਿਸ਼ਕਰਸ਼ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ:

ਨਖ ਸਿਖ ਤੇ ਜੋ ਤੀਨ ਹੈ ਨਾਰੀ। ਈੜਾ ਪਿੰਗੁਲਾ ਸੁਖਮਨ ਬੀਚਾਰੀ॥
ਤਾ ਕੇ ਮਹਲੇ ਪਵਨ ਚੜ੍ਹਾਏ। ਚਾੜ੍ਹੇ ਪਵਨ ਬਹੁਤ ਸੁਖ ਪਾਏ॥
ਨਾਨਕ ਬੋਲੈ ਐਸੀ ਬਾਤਾ। ਤਿਸ ਕੇ ਸੰਗ ਰਹੈ ਹੋਈ ਮਾਤਾ॥[5]

---

1. ਡਾ. ਧਰਮੇਂਦਰ ਬ੍ਰਹਮਚਾਰੀ, 'ਸੰਤ ਮਤ ਕਾ ਸਰਭੰਗ ਸੰਪਰਦਾਯ', ਪੰਨਾ 111.
2. 'ਪ੍ਰਾਣ-ਸੰਗਲੀ', (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 43.
3. ਉਹੀ, ਪੰਨਾ 43.
4. ਉਹੀ, ਪੰਨਾ 43.
5. ਉਹੀ, ਪੰਨਾ 616.

## 5) ਕੁੰਡਲਿਨੀ

ਸਰੂਪ: ਕੁੰਡਲਿਨੀ ਬਾਰੇ ਹਠ ਯੋਗ, ਤੰਤ੍ਰ ਯੋਗ ਅਤੇ ਸਹਿਜ ਯੋਗ ਦੇ ਗ੍ਰੰਥਾਂ ਵਿਚ ਬਹੁਤ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਿਆ ਹੈ। ਬੁੱਧ, ਜੈਨ ਅਤੇ ਨਾਥ ਸਾਹਿਤ ਵਿਚ ਵੀ ਕੁੰਡਲਿਨੀ ਸ਼ਕਤੀ ਦੀ ਮਹਿਮਾ ਦਾ ਵਰਣਨ ਮਿਲਦਾ ਹੈ। ਕੁੰਡਲਿਨੀ ਸ਼ਕਤੀ ਨੂੰ ਖੋਜਣ ਦਾ ਸਿਹਰਾ ਆਦਿ ਨਾਥ (ਸ਼ੰਕਰ ਭਗਵਾਨ) ਦੇ ਸਿਰ ਹੈ। ਉਹਨਾਂ ਤੋਂ ਪਿੱਛੋਂ ਮੱਛਿੰਦਰ ਨਾਥ, ਗੋਰਖ ਨਾਥ ਅਤੇ ਅਨੇਕ ਹਠ ਯੋਗੀਆਂ ਨੇ ਕੁੰਡਲਿਨੀ ਸ਼ਕਤੀ ਨੂੰ ਆਪਣੀ ਸਾਧਨਾ ਰਾਹੀਂ ਜਗਾਉਣ ਦਾ ਯਤਨ ਕੀਤਾ ਹੈ। ਇਸਦੇ ਜਗਾਉਣ ਤੋਂ ਅਨੇਕਾਂ ਸਿੱਧੀਆਂ ਦੀ ਪ੍ਰਾਪਤੀ ਉਹਨਾਂ ਨੂੰ ਹੋਈ।

ਹਠ ਯੋਗ ਦੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਕੁੰਡਲਿਨੀ 'ਮੂਲਾਧਾਰ ਚਕ੍ਰ'[1] ਵਿਚ ਸੱਪਣੀ ਵਾਂਗ ਕੁੰਡਲ ਮਾਰ ਕੇ ਇੜਾ ਪਿੰਗਲਾ ਦੋਹਾਂ ਨਾੜੀਆਂ ਦੇ ਵਿਚਕਾਰ ਸੁੱਤੀ ਪਈ ਹੈ। ਸੱਪਣੀ ਵਾਂਗ ਕੁੰਡਲ ਮਾਰਨ ਕਾਰਨ ਹੀ ਇਸ ਨੂੰ ਕੁੰਡਲਿਨੀ ਕਿਹਾ ਜਾਂਦਾ ਹੈ। ਬਹੁਤ ਸਾਰੇ ਹਠ ਯੋਗੀ ਇਸ ਨੂੰ ਨਾਗਿਨ ਵੀ ਇਸੇ ਲਈ ਆਖਦੇ ਹਨ।

ਹਠ ਯੋਗੀਆਂ ਅਨੁਸਾਰ ਇਸਦੇ ਸਾਢੇ ਤਿੰਨ ਕੁੰਡਲ ਹਨ ਅਤੇ ਇਹਨਾਂ ਸਾਢੇ ਤਿੰਨ ਕੁੰਡਲਾਂ ਨੂੰ 'ਪ੍ਰਾਣਾਯਾਮ', ਅਨੇਕ 'ਬੰਧਾਂ' ਅਤੇ 'ਮੁਦ੍ਰਾਵਾਂ' ਦੀ ਸਹਾਇਤਾ ਨਾਲ ਖੋਲ੍ਹਿਆ ਜਾਂਦਾ ਹੈ। ਕੁੰਡਲ ਖੁਲ੍ਹਣ ਤੋਂ ਮਗਰੋਂ ਕੁੰਡਲਿਨੀ ਭੁੱਖੀ ਸੱਪਣੀ ਵਾਂਗ ਉਪਰਲੇ ਚਕ੍ਰਾਂ, ਕਮਲਾਂ ਦਾ ਭੇਦਨ ਕਰਦੀ ਹੋਈ ਸਹੰਸ੍ਰਦਲ ਕਮਲ ਉੱਤੇ ਜਾ ਪੁੱਜਦੀ ਹੈ। ਮੂਲਾਧਾਰ ਚਕ੍ਰ ਤੋਂ ਲੈ ਕੇ ਸਹੰਸ੍ਰਦਲ ਕਮਲ ਤਕ ਕੁੰਡਲਿਨੀ ਦੀ ਇਹ ਯਾਤ੍ਰਾ 'ਬ੍ਰਹਮਨਾੜੀ' ਅਰਥਾਤ ਸੁਖਮਨਾ ਰਾਹੀਂ ਹੁੰਦੀ ਹੈ। ਆਪਣੀ ਇਸ ਯਾਤ੍ਰਾ ਵਿਚ ਕੁੰਡਲਿਨੀ ਛੇ ਚਕ੍ਰਾਂ ਨੂੰ ਇਕ ਇਕ ਕਰਕੇ ਪਾਰ ਕਰਦੀ ਹੈ। ਇਸ ਯਾਤ੍ਰਾ ਦੇ ਪੜਾਅ ਭਿੰਨ ਭਿੰਨ ਚਕ੍ਰਾਂ ਉੱਤੇ ਹੁੰਦੇ ਹਨ ਅਤੇ ਹਰ ਇਕ ਪੜਾਅ (ਚਕ੍ਰ) ਨੂੰ ਭੇਦਨ ਮਗਰੋਂ ਕੁੰਡਲਿਨੀ ਸਾਧਕ ਨੂੰ ਸਿੱਧੀਆਂ ਦੀ ਪ੍ਰਾਪਤੀ ਕਰਵਾਉਂਦੀ ਹੈ। ਬਹੁਤ ਸਾਰੇ ਸਾਧਕ ਇਹਨਾਂ ਸਿੱਧੀਆਂ ਦੇ ਚਮਤਕਾਰਾਂ ਵਿਚ ਪੈ ਕੇ ਆਪਣੀ ਯੋਗ ਸਾਧਨਾ ਨੂੰ ਭੁੱਲ ਜਾਂਦੇ ਹਨ। ਇਹੋ ਜਿਹੇ ਸਾਧਕਾਂ ਨੂੰ ਕੱਚੇ ਯੋਗੀ ਕਿਹਾ ਜਾਂਦਾ ਹੈ।

---

1. "ਹਠ ਯੋਗ ਅਨੁਸਾਰ ਮੂਲਾਧਾਰ, ਸ੍ਵਾਧਿਸ਼ਠਾਨ, ਮਣੀਪੁਰ, ਅਨਾਹਤ ਅਤੇ ਵਿਸ਼ੁਧਿ — ਇਹ ਪੰਜੇ ਚਕ੍ਰ ਅਗਿਆਨ ਦੇ ਅੰਤਰਗਤ ਹਨ। ਇਹਨਾਂ ਦੀ ਸਿੱਧੀ ਸਾਧਕ ਨੂੰ ਸੱਚੇ ਗਿਆਨ-ਆਤਮਾ ਅਤੇ ਬ੍ਰਹਮ ਦੀ ਏਕਤਾ – ਤੋਂ ਵਾਂਝੇ ਰਖਦੀ ਹੈ। ਇਸ ਲਈ ਯੋਗੀ ਲੋਕ ਇਹਨਾਂ ਚਕ੍ਰਾਂ ਤੋਂ ਉਪਰ ਸਹਸ੍ਰਦਲ ਚਕ੍ਰ ਵਿਚ ਕੁੰਡਲਿਨੀ ਸ਼ਕਤੀ ਦਾ ਲਯ, ਗਿਆਨ ਦੀ ਸਭ ਤੋਂ ਉੱਚੀ ਦਸ਼ਾ ਮੰਨਦੇ ਹਨ।" ਡਾ. ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ', ਪੰਨਾ 80.

ਕੁੰਡਲਿਨੀ ਜਾਗਰਣ ਅਰਥਾਤ ਕੁੰਡਲਿਨੀ ਦੇ ਛੇਆਂ ਚਕ੍ਰਾਂ ਨੂੰ ਭੇਦਨ ਤੋਂ ਬਾਅਦ ਸਹਸ੍ਰਦਲ ਕਮਲ ਉੱਤੇ ਪੁੱਜਣ ਤੇ ਸਾਧਕ ਨੂੰ ਆਤਮਾ ਅਤੇ ਬ੍ਰਹਮ ਦੀ ਏਕਤਾ ਦਾ ਗਿਆਨ ਹੁੰਦਾ ਹੈ। ਯੋਗ ਸ਼ਾਸਤ੍ਰ ਅਨੁਸਾਰ ਇਹੀ ਸੱਚਾ ਗਿਆਨ ਹੈ ਅਤੇ ਯੋਗ ਸਾਧਨਾ ਦਾ ਉਦੇਸ਼ ਵੀ ਇਹੋ ਹੀ ਹੈ।

<u>ਕੁੰਡਲਿਨੀ ਸ਼ਕਤੀ ਦਾ ਜਾਗ੍ਰਣ</u>

ਹਠ ਯੋਗ ਦੀ ਸਾਧਨਾ ਵਿਚ ਸ਼ਰੀਰ ਨੂੰ ਭਿੰਨ ਭਿੰਨ ਤਰ੍ਹਾਂ ਦੀਆਂ ਸਾਧਨਾਵਾਂ ਵਿਚੋਂ ਲੰਘਾਇਆ ਜਾਂਦਾ ਹੈ। ਸ਼ਰੀਰ ਦੇ ਸਥੂਲ ਅੰਗਾਂ ਦਾ ਸੰਜਮ ਆਸਣਾਂ ਅਤੇ ਮੁਦ੍ਰਾਵਾਂ ਰਾਹੀਂ ਹੁੰਦਾ ਹੈ ਅਤੇ ਸ਼ਰੀਰ ਦੀਆਂ ਅੰਦਰਲੀਆਂ ਨਾੜੀਆਂ ਦਾ ਸੰਜਮ ਛੇ ਚਕ੍ਰਾਂ ਦੀ ਸਾਧਨਾ ਨਾਲ ਕੀਤਾ ਜਾਂਦਾ ਹੈ। ਛੇ ਚਕ੍ਰਾਂ ਦੀ ਸਾਧਨਾ ਦੇ ਨਾਲ ਨਾਲ 'ਖਟ ਕਰਮ' (ਵਸਤੀ, ਨੌਲੀ, ਧੋਤਿ ਆਦਿ) ਦੀ ਸਾਧਨਾ ਯੋਗੀ ਕਰਦਾ ਹੈ। ਇਸ ਤਰ੍ਹਾਂ ਸ਼ਰੀਰ ਅਤੇ ਮਨ ਦੋਹਾਂ ਉੱਤੇ ਯੋਗੀ ਦਾ ਪੂਰਾ ਸੰਜਮ ਸਿੱਧ ਹੁੰਦਾ ਹੈ ਅਤੇ ਸ਼ਰੀਰ ਸ਼ੁੱਧੀ ਵੀ ਨਾਲ ਨਾਲ ਹੁੰਦੀ ਹੈ।

ਹਠ ਯੋਗ ਅਨੁਸਾਰ ਹਰ ਇਕ ਵਿਅਕਤੀ ਬ੍ਰਹਮ ਦਾ ਇਕ ਅੰਸ਼ ਹੈ। ਉਸ ਵਿਚ ਉਨੀਆਂ ਹੀ ਆਤਮਿਕ ਅਤੇ ਭੌਤਿਕ ਸ਼ਕਤੀਆਂ ਹਨ ਜਿੰਨੀ ਕਿ ਬ੍ਰਹਮ ਵਿਚ ਹੁੰਦੀਆਂ ਹਨ। ਪਰ ਅਗਿਆਨ ਕਾਰਨ ਅਰਥਾਤ ਆਪਣੇ ਅਤੇ ਬ੍ਰਹਮ ਦੀ ਏਕਤਾ ਨੂੰ ਨਾ ਜਾਣਦੇ ਹੋਏ ਵਿਅਕਤੀ ਕਮਜ਼ੋਰ ਅਤੇ ਅਗਿਆਨੀ ਹੁੰਦਾ ਹੈ।

ਇਸ ਮੂਲ ਦ੍ਰਿਸ਼ਟੀ ਨੂੰ ਸਾਹਮਣੇ ਰਖ ਕੇ ਹਠ ਯੋਗੀਆਂ ਨੇ ਜੀਵ ਨੂੰ ਬ੍ਰਹਮ ਪਦ ਤਕ ਪਹੁੰਚਾਉਣ ਲਈ ਖਟ ਚਕ੍ਰ, ਖਟ ਕਰਮ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ, ਸਮਾਧੀ ਆਦਿ ਦੀ ਵਿਵਸਥਾ ਕੀਤੀ ਹੈ। ਇਸ ਵਿਵਸਥਾ ਵਿਚ ਸਭ ਤੋਂ ਮਹੱਤਵਪੂਰਨ ਹੈ ਕੁੰਡਲਿਨੀ ਜਾਗ੍ਰਨ।

ਹਠ ਯੋਗ ਅਨੁਸਾਰ ਸ਼ਰੀਰ ਦੇ ਸਾਰੇ ਅੰਗਾਂ ਉੱਤੇ ਆਸਣਾਂ ਆਦਿ ਵਿਧੀਆਂ ਨਾਲ ਅਤੇ ਪ੍ਰਾਣ ਉੱਤੇ ਪ੍ਰਾਣਾਯਾਮ ਦੀ ਵਿਧੀ ਨਾਲ ਸੰਜਮ ਪਰਪਕ ਹੋਣ ਤੋਂ ਬਾਅਦ 'ਖਟ ਕਰਮ' ਦੀ ਸਾਧਨਾ ਕਰਵਾਈ ਜਾਂਦੀ ਹੈ। 'ਖਟ ਕਰਮ' ਰਾਹੀਂ ਮਨੁੱਖ ਦੇ ਸ਼ਰੀਰ ਦਾ ਅੰਦਰਲਾ ਹਿੱਸਾ ਸ਼ੁੱਧ ਕੀਤਾ ਜਾਂਦਾ ਹੈ। ਖਟ ਕਰਮ ਇਸ ਲਈ ਸਭ ਤੋਂ ਵੱਡੀ ਸਾਧਨਾ ਹੈ। ਕਹਿਣ ਦਾ ਭਾਵ ਇਹ ਹੈ ਕਿ ਸ਼ਰੀਰ ਅਤੇ ਪ੍ਰਾਣਾਂ ਉੱਤੇ ਸੰਜਮ ਹੋਣ ਤੋਂ ਬਾਅਦ 'ਕਾਇਆ ਸ਼ੋਧਨ' ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ। ਇਸ ਪ੍ਰਕ੍ਰਿਆ ਦੇ ਪੂਰੇ ਹੋਣ ਤੋਂ ਪਿੱਛੋਂ ਕੁੰਡਲਿਨੀ ਜਾਗ੍ਰਣ ਵਲ ਸਾਧਕ ਨੂੰ ਪ੍ਰੇਰਿਆ ਜਾਂਦਾ ਹੈ।

<u>ਕੁੰਡਲਿਨੀ ਦੇ ਜਾਗ੍ਰਣ ਦੀ ਵਿਧੀ</u>

ਹਠ ਯੋਗ ਅਤੇ ਯੋਗ ਦੇ ਹੋਰ ਪ੍ਰਕਾਰਾਂ ਵਿਚ ਕੁੰਡਲਿਨੀ ਨੂੰ ਜਗਾਉਣ ਦੀਆਂ ਭਿੰਨ ਭਿੰਨ ਵਿਧੀਆਂ ਦੱਸੀਆਂ ਗਈਆਂ ਹਨ। ਇਹਨਾਂ ਵਿਧੀਆਂ ਵਿਚ ਕੁਝ ਕੁ ਪਰਸਪਰ ਅੰਤਰ ਵੀ ਮਿਲ ਜਾਂਦਾ ਹੈ ਜਿਵੇਂ ਤੰਤ੍ਰ ਯੋਗ ਵਿਚ ਕੁੰਡਲਿਨੀ ਜਾਗਰਣ ਲਈ ਤੰਤ੍ਰ ਅਤੇ ਮੰਤ੍ਰ ਦੀ ਸਹਾਇਤਾ ਲਈ ਜਾਂਦੀਹੈ। ਹਠ ਯੋਗ ਵਿਚ ਕੁੰਡਲਿਨੀ ਜਾਗਰਣ ਲਈ ਇਹ ਉਪਾਅ ਦੱਸੇ ਗਏ ਹਨ:

ੳ) <u>ਆਸਣ ਸਿੱਧੀ:</u> ਚੌਰਾਸੀ ਆਸਣਾਂ ਵਿਚੋਂ ਮੁੱਖ ਆਸਣਾਂ – ਜਿਵੇਂ ਪਦਮਾਸਣ, ਸਿੱਧਾਸਣ ਰਾਹੀਂ ਸ਼ਰੀਰ ਨੂੰ ਸੰਜਮ ਵਿਚ ਰਖਣ ਨਾਲ ਕੁੰਡਲਿਨੀ ਜਾਗਰਣ ਦੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ। ਹਠ ਯੋਗੀਆਂ ਨੇ ਬੜੇ ਸਪੱਸ਼ਟ ਢੰਗ ਨਾਲ ਕਿਹਾ ਹੈ ਕਿ ਆਸਣਾਂ ਦੀ ਸਿੱਧੀ ਕੁੰਡਲਿਨੀ ਜਾਗਰਣ ਲਈ ਪਹਿਲੀ ਪੌੜੀ ਹੈ ਅਤੇ ਇਹ ਪੌੜੀ ਦਾ ਠੀਕ ਗਿਆਨ ਅਤੇ ਉਸ ਅਨੁਸਾਰ ਕਾਯਾ ਸੰਜਮ ਸਾਧਕ ਨੂੰ ਕਿਸੇ ਪੂਰੇ ਗੁਰੂ ਦੀ ਦੇਖ ਰੇਖ ਹੇਠ ਹੀ ਸ਼ੁਰੂ ਕਰਨਾ ਚਾਹੀਦਾ ਹੈ। ਆਸਣਾਂ ਦੀ ਪੂਰੀ ਸਿੱਧੀ ਲਈ ਇਕ ਤੋਂ ਦੋ ਸਾਲ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।[1]

ਅ) <u>ਖਟ ਕਰਮ ਸਿੱਧੀ:</u> ਸ਼ਰੀਰ ਦੇ ਸਥੂਲ ਅੰਗਾਂ ਦੇ ਸੰਜਮ ਤੋਂ ਬਾਅਦ ਸਾਧਕ ਨੂੰ ਕਾਯਾ ਸ਼ੋਧਨ ਲਈ ਪ੍ਰੇਰਿਆ ਜਾਂਦਾ ਹੈ। ਵਸਤੀ, ਨੌਲੀ ਆਦਿ ਕ੍ਰਿਆਵਾਂ ਨਾਲ ਸ਼ਰੀਰ ਦੇ ਅੰਦਰ ਦੀ ਮੈਲ ਨੂੰ ਕੱਢਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਸ਼ਰੀਰ ਨੂੰ ਸ਼ੁੱਧ ਕੀਤਾ ਜਾਂਦਾ ਹੈ। ਹਠ ਯੋਗੀਆਂ ਦਾ ਵਿਸ਼ਵਾਸ ਹੈ ਕਿ ਸ਼ੁੱਧ ਬ੍ਰਹਮ ਦੀ ਪ੍ਰਾਪਤੀ ਅਸ਼ੁੱਧ ਸ਼ਰੀਰ ਵਿਚ ਨਹੀਂ ਹੋ ਸਕਦੀ।[2]

ੲ) <u>ਧਿਆਨ ਸਿੱਧੀ:</u> ਹਠ ਯੋਗ ਧਿਆਨ ਉਤੇ ਬਹੁਤ ਬਲ ਦਿੰਦਾ ਹੈ ਕਾਯਾ ਸ਼ੋਧਨ ਤੋਂ ਬਾਅਦ ਹਠ ਯੋਗੀ ਕਿਸੇ ਇਕ ਬਿੰਦੂ ਉਤੇ ਧਿਆਨ ਟਿਕਾਉਣ ਦਾ ਯਤਨ ਕਰਦਾ ਹੈ। ਜਿੰਨੀ ਦੇਰ ਤਕ ਉਹ ਇਕ ਬਿੰਦੂ ਉਤੇ ਅਡੋਲ ਰਹਿਕੇ ਧਿਆਨ ਕਰਦਾ ਹੈ, ਉਨਾਂ ਹੀ ਧਿਆਨ ਦੇ ਮਾਰਗ ਵਿਚ ਉਸਨੂੰ ਸਫਲਤਾ ਮਿਲਦੀ ਹੈ। ਧਿਆਨ ਕਰਨ ਦੀ ਸ਼ਕਤੀ ਹਰ ਇਕ ਵਿਅਕਤੀ ਵਿਚ ਹੁੰਦੀ ਹੈ ਪਰ ਇਹ ਧਿਆਨ ਨਾ ਅਡੋਲ ਹੁੰਦਾ ਹੈ ਅਤੇ ਨਾ ਹੀ ਅਟੁੱਟ। ਮਨ ਦੀ ਚੰਚਲਤਾ ਕਾਰਨ ਧਿਆਨ ਵਾਰ ਵਾਰ ਟੁਟਦਾ ਹੈ ਪਰ ਹਠ ਯੋਗੀ ਧਿਆਨ ਨੂੰ ਇਕ ਬਿੰਦੂ ਉਤੇ ਇਕ ਇਕ ਮਿੰਟ ਕਰਕੇ ਵਧਾਉਂਦਾ ਜਾਂਦਾ ਹੈ। ਇਸ ਤਰ੍ਹਾਂ ਹਠ ਯੋਗੀ ਦਾ ਮਨ ਆਪਣੀ ਚੰਚਲਤਾ ਨੂੰ ਛੱਡਕੇ ਹੌਲੀ ਹੌਲੀ ਇਕ ਬਿੰਦੂ ਉਤੇ ਟਿਕਣ ਲਗ ਜਾਂਦਾ ਹੈ। ਇਹ ਧਿਆਨ ਦੀ ਸਿੱਧੀ ਅਖਵਾਉਂਦੀ ਹੈ। ਕੁੰਡਲਿਨੀ ਜਾਗਰਣ ਵਿਚ ਇਸਦੀ ਬਹੁਤ ਮਹੱਤਾ ਹੈ ਕਿਉਂਕਿ ਧਿਆਨ ਦੀ ਸ਼ਕਤੀ ਨਾਲ ਸੁੱਤੀ ਹੋਈ ਕੁੰਡਲਿਨੀ ਨੂੰ ਜਗਾਉਣ ਵਿਚ ਵਧੇਰੇ ਸਫਲਤਾ ਮਿਲਦੀ ਹੈ।

ਸ) <u>ਸਦਾਚਾਰ:</u> ਕੁੰਡਲਿਨੀ ਜਾਗਰਣ ਲਈ ਪਵਿੱਤਰ ਜੀਵਨ ਅਤੇ ਸਦਾਚਾਰ ਮੂਲਕ ਵਿਵਹਾਰ ਦੀ ਲੋੜ ਦੱਸੀ ਗਈ ਹੈ। ਸਦਾਚਾਰ ਤੋਂ ਤਾਤਪਰਜ ਹੈ ਇੰਦ੍ਰੀਆਂ ਨੂੰ ਸੰਜਮ ਵਿਚ ਰਖ ਕੇ ਨਿਤ ਦੇ ਕਾਰ-ਵਿਹਾਰ ਵਿਚ ਲੱਗੇ ਰਹਿਣਾ। ਇਸ ਤਰ੍ਹਾਂ ਸਦਾਚਾਰ ਮੂਲਕ ਵਿਵਹਾਰ ਦਾ ਤਾਤਪਰਜ ਹੈ – ਇਮਾਨਦਾਰੀ, ਸਚਾਈ ਅਤੇ ਅਹਿੰਸਾ ਆਦਿ ਸਤੋਗੁਣੀ ਪ੍ਰਵਿਰਤੀਆਂ ਨੂੰ ਅਪਣਾਉਣਾ।

---

1. ੳ) 'ਹਠ ਯੋਗ ਪ੍ਰਦੀਪਿਕਾ', ਅਧਿਆਇ 6, ਸ਼ਲੋਕ 114.
   ਅ) ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ' ਪੰਨੇ 250-151.

2. ਡਾ. ਗੋਪੀ ਨਾਥ ਕਵਿਰਾਜ, 'ਦੇਹ ਔਰ ਕਰਮ', ਪੰਨੇ 186-187.

ਇਸ ਤਰ੍ਹਾਂ ਇਹ ਸਿੱਧ ਹੋ ਜਾਂਦਾ ਹੈ ਕਿ ਹਠ ਯੋਗੀ ਇਕ ਉੱਚ ਉਦੇਸ਼ ਲਈ ਇਸ ਸਾਧਨਾ ਮਾਰਗ ਵਿਚ ਪ੍ਰਵਿਰਤ ਹੁੰਦਾ ਹੈ। ਵੈਰਾਗ ਭਾਵ, ਸੰਜਮ, ਅਹਿੰਸਾ ਅਤੇ ਧਿਆਨ ਆਦਿ ਉੱਚੇ ਤੱਤ ਉਸਦੇ ਸਹਾਇਕ ਹੁੰਦੇ ਹਨ। ਇਸ ਤਰ੍ਹਾਂ ਹਠ ਯੋਗ ਦਾ ਸਾਧਕ ਇਕ ਉੱਚੇ ਤੇ ਸੁੱਚੇ ਉਦੇਸ਼ ਨੂੰ ਮੁੱਖ ਰਖ ਕੇ ਆਪਣੇ ਸੀਮਿਤ ਅਤੇ ਸੰਕੁਚਿਤ ਅਸਤਿਤਵ ਤੋਂ ਉੱਚੇ ਉਠਕੇ ਇਕ ਮਹਾਨ ਮਨੁੱਖੀ ਉਦੇਸ਼ ਵਲ ਵਧਦਾ ਹੈ। ਗੋਰਖ ਨਾਥ[1] ਦੇ ਸ਼ਬਦਾਂ ਵਿਚ ਜੀਵ ਬ੍ਰਹਮ ਦੀ ਏਕਤਾ ਯੋਗ ਸਾਧਨਾ ਦਾ ਉਦੇਸ਼ ਹੈ। ਇਸੇ ਉਦੇਸ਼ ਨਾਲ ਮਨੁੱਖ ਅਤੇ ਮਨੁੱਖ ਵਿਚਕਾਰ ਵਿਥ ਨੂੰ ਦੂਰ ਕਰਨ ਦਾ ਇੱਕ ਸੁਚੱਜਾ ਯਤਨ ਯੋਗ ਸਾਧਨਾ ਰਾਹੀਂ ਕੀਤਾ ਜਾਂਦਾ ਹੈ।

## ਪ੍ਰਾਣ-ਸੰਗਲੀ ਅਤੇ ਕੁੰਡਲਿਨੀ ਸ਼ਕਤੀ

ਪ੍ਰਾਣ-ਸੰਗਲੀ ਦੇ ਲੇਖਕ ਨੇ ਕੁੰਡਲਿਨੀ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਵੇਂ:

ਬੰਕਨਾਲਿ:

ਬੰਕ ਨਾਲਿ ਕੇ ਅੰਤਰਿ ਜਾਏ। ਪਛਿਮ ਦਿਸ਼ਿ ਕੀ ਸੋਝੀ ਪਾਏ॥
ਨਿਝਰ ਝਰੈ ਜਲੁ ਪੀਬਿ ਅਘਾਏ। ਤੌ ਭੰਵਰ ਗੁਫਾ ਮੈ ਆਦਿ ਸਮਾਈ॥
ਹੋਇ ਮਕਰੰਦੁ ਕਮਲ ਲਪਟਾਨਾ। ਨਾਨਕ ਪਰਮ ਤਤ ਤਬ ਜਾਨਾ॥[2]

ਇਹਨਾਂ ਤੁਕਾਂ ਵਿਚ ਕੁੰਡਲਿਨੀ ਨੂੰ 'ਬੰਕਨਾਲਿ' ਅਰਥਾਤ ਟੇਢੀ ਨਾਲੀ ਕਿਹਾ ਗਿਆ ਹੈ। ਕੁੰਡਲਿਨੀ ਦੀ ਬਨਾਵਟ ਸਾਢੇ ਤਿੰਨ ਕੁੰਡਲ ਮਾਰੀ ਹੋਈ ਸੱਪਣੀ ਵਾਂਗ ਦੱਸੀ ਗਈ ਹੈ। ਇਹ 'ਬੰਕਨਾਲਿ' ਸ਼ਬਦ ਕੁੰਡਲਿਨੀ ਦੀ ਸੁੱਤੀ ਪਈ ਅਵਸਥਾ ਦਾ ਸੂਚਕ ਹੈ।

'ਪਸ਼ਚਿਮ ਦਿਸ਼ਿ' ਤੋਂ ਤਾਤਪਰਜ ਹੈ ਗਿਆਨ ਦੇ ਪ੍ਰਤੀਬਿੰਬ ਦਾ। ਇਹ ਪ੍ਰਤੀਬਿੰਬ ਸਹੰਸਦਲ ਕਮਲ ਵਿਚ ਕੁੰਡਲਿਨੀ ਦੇ ਲਯ ਹੋਣ ਤੋਂਮਗਰੋਂ ਝਲਕਦਾ ਹੈ। ਨਿਝਰ ਦਾ ਅਰਥ ਹੈ ਝਰਨਾ ਅਤੇ ਇਸ ਸੰਦਰਭ ਵਿਚ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਸ਼ਬਦ ਦੀ ਵਰਤੋਂ ਸਹੰਸਦਲ ਕਮਲ ਤੋਂ ਝਰਦੇ ਹੋਏ ਅੰਮ੍ਰਿਤ ਦੇ ਲਈ ਕੀਤੀ ਹੈ।

'ਭੰਵਰ ਗੁਫਾ' ਸੁਖਮਨਾ ਨਾੜੀ ਦਾ ਉਪਰਲਾ ਸਿਰਾ ਹੈ। ਇਹ ਸਿਰਾ ਆਗਿਆ ਚਕ੍ਰ ਵਿਚ ਖੁਲ੍ਹਦਾ ਹੈ ਅਤੇ ਕੁੰਡਲਿਨੀ ਇਸਦੇ ਰਾਹੀਂ ਸਹੰਸਦਲ ਕਮਲ ਵਿਚ ਲਯ ਹੋਣ ਵਾਸਤੇ ਜਾਂਦੀ ਹੈ।

'ਮਕਰੰਦ' ਦਾਅਰਥ ਹੈ ਸ਼ਹਿਦ। ਸਹੰਸਦਲ ਕਮਲ ਤੋਂ ਚੋਣ ਜਾਂ ਝਰਨ ਵਾਲੇ ਅੰਮ੍ਰਿਤ ਨੂੰ ਮਕਰੰਦ ਰਾਹੀਂ ਪ੍ਰਗਟਾਇਆ ਗਿਆ ਹੈ ਅਤੇ ਸਾਧਕ ਨੂੰ ਇਸ ਮਕਰੰਦ ਦਾ ਭੰਵਰਾ ਦੱਸਿਆ ਗਿਆ ਹੈ। ਭਾਵ ਇਹ ਹੈ ਕਿ ਕੁੰਡਲਿਨੀ ਦੇ ਸਹੰਸਦਲ ਕਮਲ ਵਿਚ ਲਯ ਹੋਣ ਦੀ ਪ੍ਰਕ੍ਰਿਆ ਦਾ ਪੂਰਾ ਵਿਸਥਾਰ ਇਹਨਾਂ ਤੁਕਾਂ ਵਿਚ ਮਿਲਦਾ ਹੈ।

---

1. 'ਗੋਰਖ ਸਹਿੰਤਾ', ਅਧਿਆਇ ਤੀਸਰਾ, ਸ਼ਲੋਕ 315,316,318.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 12.

ਬੰਕ ਨਾੜ : ਕੁੰਡਲਿਨੀ ਲਈ 'ਬੰਕ ਨਾੜ' ਸ਼ਬਦ ਦੀ ਪ੍ਰਾਣ-ਸੰਗਲੀ ਵਿਚ ਵਰਤੋਂ ਕੀਤੀ ਗਈ ਹੈ। ਇਹ 'ਬੰਕ ਨਾਲਿ' ਦਾ ਹੀ ਰੂਪਾਂਤਰ ਹੈ। 'ਬੰਕ ਨਾੜ' ਸ਼ਬਦ ਯੋਗ ਦੇ ਸਥੂਲ ਬਾਹਰਲੇ ਰੂਪ ਦੀ ਨਿਖੇਧੀ ਕਰਦੇ ਹੋਏ ਵਰਤਿਆ ਗਿਆ ਹੈ। ਸੂਖਮ ਸਾਧਨਾ ਵਲ ਲਗਣ ਦੀ ਪ੍ਰੇਰਨਾ ਇਸ ਸੰਦਰਭ ਰਾਹੀਂ ਦਿੱਤੀ ਗਈ ਹੈ:

ਬੰਕ ਨਾੜਿ ਕੀ ਤਿਆਗੈ ਰੀਤਿ। ਗੁਰ ਮੁਖਿ ਲਾਗੀ ਸਚੀ ਪ੍ਰੀਤਿ॥[1]

ਗੋਰਖ ਨਾਥ ਨਾਲ ਹੋਈ ਗੋਸ਼ਟ ਵਿਚ ਗੁਰੂ ਨਾਨਕ ਦੇਵ ਜੀ ਦੇ ਮੂੰਹ ਇਹ ਤੁਕਾਂ ਅਖਵਾਈਆਂ ਗਈਆਂ ਹਨ ਕਿ ਯੋਗ ਸਾਧਨਾ ਵਿਅਰਥ ਹੈ ਅਤੇ ਸੱਚੀ ਭਗਤੀ ਹੀ ਮਨੁੱਖ ਦਾ ਪਰਮ ਉਦੇਸ਼ ਹੈ। ਇਸ ਤਰ੍ਹਾਂ ਇਕ ਹੋਰ ਥਾਂ ਤੇ 'ਬੰਕ ਨਾੜਿ' ਸ਼ਬਦ ਦੀ ਵਰਤੋਂ ਕੀਤੀ ਗਈ ਹੈ:

ਬੰਕ ਨਾੜਿ ਰਸ ਕਛੂਐ ਜਾਈ। ਨਾਨਕ ਸੋ ਦਾਨਾ ਕਰੈ ਰਜਾਈ॥[2]

ਨਾਗਿਨ:

ਖਟ ਚਕ੍ਰ ਕੇ ਖਟ ਅਸਥਾਨ। ਜੋ ਜਾਨੈ ਤੇਊ ਪਰਧਾਨ॥
ਤਾ ਊਪਰ ਇਕ ਨਾਗਿਨ ਜਸੀ। ਨਾਨਕ ਗੁਰਮੁਖਦੀ ਉਹ ਨਸੀ॥[3]

ਖਟ ਚਕ੍ਰਾਂ ਦੇ ਉੱਤੇ ਨਾਗਨ (ਕੁੰਡਲਿਨੀ) ਦੀ ਸਥਿਤੀ ਇਥੇ ਦੱਸੀ ਗਈ ਹੈ ਪਰ ਹਠ ਯੋਗ ਦੇ ਗ੍ਰੰਥਾਂ ਵਿਚ ਇਸਦੀ ਸਥਿਤੀ ਪਹਿਲੇ ਚਕ੍ਰ (ਮੂਲਾਧਾਰ ਚਕ੍ਰ) ਤੋਂ ਵੀ ਹੇਠਾਂ ਦੱਸੀ ਗਈ ਹੈ। ਇਸ ਤਰ੍ਹਾਂ ਇਥੇ ਕੁਝ ਸ਼ਾਸਤ੍ਰ ਵਿਰੋਧ ਜਾਪਦਾ ਹੈ।

ਸੰਤ ਸੰਪੂਰਣ ਸਿੰਘ ਨੇ ਇਸ ਵਿਰੋਧ ਨੂੰ ਦੂਰ ਕਰਨ ਲਈ ਇਹ ਤਰਕ ਦਿੱਤਾ ਹੈ ਕਿ ਕੁੰਡਲਿਨੀ ਛੇਆਂ ਚਕ੍ਰਾਂ ਦਾ ਭੇਦਨ ਕਰਨ ਤੋਂ ਬਾਅਦ ਅਰਥਾਤ ਆਗਿਆ ਚਕ੍ਰ ਤੋਂ ਬਾਅਦ ਸਹੰਸ੍ਰਦਲ ਕਮਲ ਵਿਚ ਲੀਨ ਹੁੰਦੀ ਹੈ। ਇਸ ਨੂੰ ਹੀ ਦਸਮਦੁਆਰ ਵਿਚ ਲੀਨ ਹੋਣਾ ਕਿਹਾ ਜਾਂਦਾ ਹੈ।

ਪਰ ਕੁਝ ਯੋਗੀ ਸਰੀਰ ਵਿਚ ਦੋ ਕੁੰਡਲਿਨੀਆਂ ਦੀ ਸਥਿਤੀ ਮੰਨਦੇ ਹਨ। ਇਕ ਕੁੰਡਲਿਨੀ ਮੂਲਾਧਾਰ ਚਕ੍ਰ ਦੇ ਹੇਠਾਂ ਹੈ ਅਤੇ ਦੂਜੀ ਆਗਿਆ ਚਕ੍ਰ ਦੇ ਉੱਤੇ। ਹੋ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਉਪਰ ਵਾਲੀ ਕੁੰਡਲਿਨੀ ਦਾ ਉਲੇਖ ਇਥੇ ਕੀਤਾ ਹੋਵੇ।

6) ਦਸਮਦੁਆਰ

ਹਠ ਯੋਗ ਅਨੁਸਾਰ ਮਨੁੱਖੀ ਸਰੀਰ ਦੇ ਅੰਦਰ ਛੇ ਚੱਕ੍ਰ ਅਤੇ 8 ਕਮਲ ਹਨ। ਸਭ ਤੋਂ ਵੱਡਾ ਕਮਲ ਸਿਰ ਦੇ ਅੰਦਰ ਹੈ ਅਤੇ ਇਸ ਵਿਚ ਪ੍ਰਾਣਾਂ ਦਾ ਲਯ ਕਰਨਾ ਹਠ ਯੋਗ ਦਾ ਮੁੱਖ ਉਦੇਸ਼ ਹੁੰਦਾ ਹੈ। ਛੇ ਚੱਕ੍ਰਾਂ ਨੂੰ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 150.
2. ਉਹੀ, ਪੰਨਾ 263.
3. ਉਹੀ, ਪੰਨਾ 196.

ਵਿੰਨ੍ਹਦੇ ਹੋਏ ਕੁੰਡਲਿਨੀ ਸ਼ਕਤੀ ਨੂੰ ਇਥੇ ਪਹੁੰਚਾਉਣਾ ਵੀ ਹਠ ਯੋਗ ਦੀ ਇਕ ਮਹੱਤਵਪੂਰਣ ਸਫਲਤਾ ਮੰਨੀ ਜਾਂਦੀ ਹੈ।

ਸਿਰ ਦੇ ਇਸ ਕਮਲ ਨੂੰ ਹਜ਼ਾਰ ਪੱਤੀਆਂ ਵਾਲਾ ਕਮਲ ਵੀ ਕਿਹਾ ਜਾਂਦਾ ਹੈ ਅਤੇ ਬਹੁਤ ਸਾਰੇ ਗ੍ਰੰਥਾਂ ਵਿਚ ਇਸ ਨੂੰ ਦਸਮਦੁਆਰ[1] ਵੀ ਆਖਿਆ ਜਾਂਦਾ ਹੈ।

ਦਸ ਦਰਵਾਜੇ: ਪ੍ਰਾਣ-ਸੰਗਲੀ ਦੇ ਲੇਖਕ ਨੇ ਇਹ 10 ਦਰਵਾਜ਼ਿਆਂ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ:

ਨੌ ਦਰ ਮੂੰਦਿ ਕਾਇਆ ਸਮ ਰਾਖੈ, ਦਸਵੈ ਸੁਸ੍ਰਿ ਘਰਿ ਸਹਿਜ ਬਸੈ।[2]

ਇਥੇ 'ਸੁਸ੍ਰਿ' ਦਾ ਅਰਥ ਹੈ ਚੰਦ੍ਰਮਾ ਅਤੇ ਇਹ ਸੁਖਮਨਾ ਨਾੜੀ ਦਾ ਪ੍ਰਤੀਕ ਹੈ। ਇਸੇ ਭਾਵ ਨੂੰ ਇੰਜ ਵੀ ਪ੍ਰਗਟਾਇਆ ਗਿਆ ਹੈ:

ਨੌ ਦਰਿ ਮੂੰਦ ਅਨਾਹਦ ਰਹਿਆ, ਲੱਖ ਚੌਰਾਸੀ ਕਾਟਾ।[3]

ਦਸਮਦੁਆਰ: ਸਿਰ ਦੇ ਕਮਲ ਨੂੰ ਦਸਮ ਦੁਆਰ ਕਿਹਾ ਗਿਆ ਹੈ। ਇਹ ਦੁਆਰ ਸੂਖਮ ਹੈ ਅਤੇ ਹਠ ਯੋਗੀ ਸਾਧਨਾ ਨਾਲ ਹੀ ਇਸ ਨੂੰ ਖੋਲਦਾ ਹੈ। ਪ੍ਰਾਣ-ਸੰਗਲੀ ਵਿਚ ਇਸ ਦਸਮ ਦੁਆਰ ਦਾ ਵਰਣਨ ਇੰਜ ਕੀਤਾ ਗਿਆ ਹੈ:

ਦਸਵੇਂ ਦੁਆਰੇ ਕੀ ਕਥਾ, ਸੁਨਿਯੇ ਸੰਤ ਸੁਭਾਇ।
ਨਾਨਕ ਜੀਵਤ ਹੀ ਮਰੈ, ਜਬ ਦਸਵੇਂ ਦੁਆਰੇ ਜਾਇ॥
ਨੌ ਦਰਵਾਜੇ ਪਰਗਟੇ, ਦਸਵੇਂ ਗੁਹਜ ਅਸਥਾਨ।
ਜਿਉਂ ਨਿਰਖਤ ਸਭ ਮੈਂ ਦਿਸੈ, ਦਸਵੇਂ ਸੰਤ ਸਮਾਨ॥[4]

ਕਿਤੇ ਕਿਤੇ ਇਸ ਨੂੰ ਦਸਵਾਂ ਘਰ ਵੀ ਕਿਹਾ ਗਿਆ ਹੈ:

ਤ੍ਰਿਗੁਣ ਤਿਆਗਿ ਚਉਥਾ ਪਦੁ ਜਾਣੈ। ਨਉ ਘਰਿ ਛੋਡਿ ਦਸਵੈਂ ਘਰਿ ਆਵੈ॥[5]

ਇਕ ਥਾਂ ਤੇ ਇਸ ਨੂੰ 'ਦਸਮਦੁਆਰ ਅਨੂਪਗੜ੍ਹ' ਵੀ ਕਿਹਾ ਗਿਆ ਹੈ:

ਦਸਵੈ ਦੁਆਰੇ ਅਨੂਪਗੜ੍ਹ ਵਾਸਾ ਤਿਤ ਨਾਈ।[6]

ਅਨੂਪਗੜ੍ਹ ਦੀ ਤਰ੍ਹਾਂ ਦਸਮ ਦੁਆਰ ਨੂੰ 'ਅਗਮਗੜ੍ਹ' ਵੀ ਕਿਹਾ ਗਿਆ ਹੈ:

---

1. ਸਰੀਰ ਵਿਚ ਨੌਂ ਦਰਵਾਜ਼ਿਆਂ ਦਾ ਉਲੇਖ ਅਕਸਰ ਮਿਲਦਾ ਹੈ – ਦੋ ਨਾਸਾਂ, ਦੋ ਅੱਖਾਂ, ਦੋ ਕੰਨ, ਇਕ ਮੂੰਹ, ਗੁਦਾ ਅਤੇ ਮੂਤਰ ਸਥਾਨ। ਹੱਠ ਯੋਗੀਆਂ ਨੇ ਸਿਰ ਨੂੰ ਦਸਮ ਦੁਆਰ, ਗਗਨ ਮੰਡਲ, ਸੁੰਨ ਮੰਡਲ ਜਾਂ ਸੁੰਨ ਮਹਿਲ ਆਦਿ ਨਾਂ ਵੀ ਦਿੱਤੇ ਹਨ।
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 14.
3. ਉਹੀ, ਪੰਨਾ 14.
4. ਉਹੀ, ਪੰਨਾ 51.
5. ਉਹੀ, ਪੰਨਾ 131.
6. ਉਹੀ, ਪੰਨਾ 772.

ਮਹਾਂ ਅਗਮਗੜ੍ਹ ਕਿਯਾ ਬਨਾਏ। ਬਿਚ ਅਠਸਠ ਹਾਟ ਕੀਏ ਜਨਾਏ॥

..... .... .... ....

ਏਕ ਪ੍ਰਧਾਨ ਅਵਰ ਹੈਂ ਦੁਹਜੇ। ਜਿਨ ਗੜ੍ਹ ਚੀਨਿਆ ਤਿਸ ਹੀ ਸੁਝੈ॥
ਪ੍ਰਾਨ ਪਿੰਡ ਅਗਮ ਹੈ ਭਾਈ। ਨਾਨਕ ਕਿਆ ਕਹੈ ਕਿਛੁ ਕਹਾ ਨਾ ਜਾਈ॥[1]

'ਅਨੂਪਗੜ੍ਹ' ਦਾ ਅਰਥ ਹੈ 'ਅਨੂਪਮ ਕਿਲਾ'। ਇਸੇ ਤਰ੍ਹਾਂ 'ਦਸਮ ਦੁਆਰ' ਨੂੰ 'ਅਗਮਗੜ੍ਹ' ਵੀ ਕਿਹਾ ਗਿਆ ਹੈ:

ਮਹਾਂ ਅਗਮਗੜ੍ਹ ਕਿਯਾ ਬਨਾਏ। ਬਿਚ ਅਠਸਠ ਹਾਟ ਕਮੈ ਜਨਾਏ॥[2]

ਦਸਮ ਦੁਆਰ ਵਿਚ 'ਓਅੰਕਾਰ' ਦੀ ਸਥਿਤੀ ਦਸੀ ਗਈ ਹੈ:

ਸਭ ਓਅੰਕਾਰ ਤੇ ਉਪਜਿ ਖਲੋਈ। ਚਾਰ ਅਕਾਰ ਬੀਜ ਹੈ ਦੋਈ॥
ਪਰ ਮਸਤਕ ਜਾਹਾ ਹੈ ਨਾਮ। ਨਾਨਕ ਤਹੈ ਓਅੰਕਾਰ ਕਾ ਭਲਾ ਮੁਕਾਮ॥[3]

ਇਸ ਦਸਮ ਦੁਆਰ ਵਿਚ ਸਾਧਕ ਸੁਖਮਨਾ ਰਾਹੀਂ ਆਪਣੇ ਪ੍ਰਾਣਾਂ ਨੂੰ ਉਪਰ ਪਹੁੰਚਾਉਂਦਾ ਹੈ। ਇਸ ਨੂੰ ਯੋਗ ਦੀ ਸਭ ਤੋਂ ਵੱਡੀ ਸਿੱਧੀ ਕਿਹਾ ਜਾਂਦਾ ਹੈ:

ਅਤ ਊਰਧ ਕਹੀਐ ਦਸਵਾਂ ਦੁਆਰਾ। ਸੁਖਮਨ ਮਧਯ ਕਰਿ ਮਾਰਗ ਬੀਚਾਰਾ॥
ਤਿਸ ਮਾਰਗ ਹੋਇ ਦਸਵੇਂ ਚੜ੍ਹੈ। ਤਬ ਜਾਇ ਬਡੇ ਪੁਰਖ ਕੀ ਸ਼ਰਨੀ ਪੜੈ॥[4]

ਬਡੇ ਪੁਰਖ ਤੋਂ ਤਾਤਪਰਜ ਹੈ ਪਾਰਬ੍ਰਹਮ।

<u>ਗਗਨ:</u> ਦਸਮ ਦੁਆਰ ਨੂੰ ਸਭ ਤੋਂ ਉੱਚਾ ਹੋਣ ਕਰਕੇ 'ਗਗਨ' (ਆਕਾਸ਼) ਆਦਿ ਸ਼ਬਦਾਂ ਨਾਲ ਵੀ ਪ੍ਰਗਟਾਇਆ ਗਿਆ ਹੈ।

ਪ੍ਰਾਣ-ਸੰਗਲੀ ਵਿਚ ਗੰਭੀਰ ਗਗਨ ਦਾ ਰੂਪਕ ਇਸੇ ਦਸਮ ਦੁਆਰ ਨੂੰ ਦਿੱਤਾ ਗਿਆ ਹੈ:

ਗਗਨ ਗੰਭੀਰ ਨਗਰ ਦ੍ਰਿਸ਼ਟਾਯਾ। ਨਾਨਕ ਪਰਮ ਤੱਤ ਤਬ ਪਾਯਾ॥[5]

ਇਸ ਗਗਨ ਦਾ ਤਾਲਾ ਤੋੜਨ ਦਾ ਉਲੇਖ ਇੰਜ ਕੀਤਾ ਗਿਆ ਹੈ:

ਗਗਨ ਤਾਲਾ ਗੁਰ ਕ੍ਰਿਪਾ ਤੇ ਤੋੜੈ। ਨਿਰਭਰ ਭਰੇ ਅਜੋੜ ਕਉ ਜੋੜੈ॥[6]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 51.
2. ਉਹੀ, ਪੰਨਾ 51.
3. ਉਹੀ, ਪੰਨਾ 614.
4. ਉਹੀ, ਪੰਨਾ 617.
5. ਉਹੀ, ਪੰਨਾ 12.
6. ਉਹੀ, ਪੰਨਾ 12.

ਇਸ ਗਗਨ ਵਿਚ ਪੂਜਣਾ ਹਰਿ ਭਗਤੀ ਦਾ ਸਭ ਤੋਂ ਉੱਚਾ ਰੂਪ ਹੈ:

ਪਹੁੰਚ ਗਗਨ ਹਰ ਸਿਉ ਲਿਵ ਲਾਈ।[1]

ਇਸ ਗਗਨ ਵਿਚ ਸਾਧਕ ਲਈ ਇਤਨੇ ਅਸਚਰਜਕਾਰੀ ਤੱਤ ਹੁੰਦੇ ਹਨ:

ਏਹੀ ਨਗਰ ਮਹਾ ਅਸਥਾਨਾ। ਤਹ ਹੀ ਕੇਵਲ ਬ੍ਰਹਮ ਸਮਾਨਾ॥
ਤਹੀ ਹੀ ਸਤਿਗੁਰ ਅੰਮ੍ਰਿਤ ਭਰਪੂਰਾ। ਤਹੀ ਹੀ ਵਾਜਹਿ ਅਨਹਦ ਧੁਨਿ ਤੂਰਾ।
ਤਹੀ ਹੀ ਜੋਗ ਜੁਗਤਿ ਕੀ ਗਰਮਾ। ਨਾਨਕ ਮੋਖ ਮੁਕਤਿ ਤਹੁ ਧਰਮਾ॥[2]

ਗਗਨ ਦੀ ਉਚਾਈ ਨੂੰ ਦੱਸਣ ਲਈ ਦਸਮ ਦੁਆਰ ਨੂੰ ਸੁਮੇਰ (ਪਰਬਤ) ਦੀ ਸੰਗਿਆ ਵੀ ਦਿੱਤੀ ਗਈ ਹੈ ਕਿਉਂਕਿ ਸੁਮੇਰ ਪਰਬਤ ਪੌਰਾਣਿਕ ਵਿਸ਼ਵਾਸਾਂ ਅਨੁਸਾਰ ਪ੍ਰਿਥਵੀ ਦਾ ਸਭ ਤੋਂ ਉੱਚਾ ਪਰਬਤ ਹੈ:

ਜਬ ਤਤਹੂੰ ਤੱਤ ਮਿਲਾਈਏ ਘਟ ਮੀਹ ਪਵਨ ਸਮਾਏ।
ਤਬ ਨਾਨਕ ਚੜ੍ਹੈ ਸੁਮੇਰ ਪਰ ਆਵਾਗਵਨੁ ਮਿਟਾਏ॥[3]

<u>ਸੁੰਨ ਮਹਿਲ:</u>[4] ਦਸਮ ਦੁਆਰ ਨੂੰ ਸੁੰਨ ਮੰਡਲ, ਸੁੰਨ ਮਹਿਲ, ਸਹਜ ਮਹਲ ਜਾਂ ਅਨੰਤ ਮਹਲ ਵੀ ਪ੍ਰਾਣ-ਸੰਗਲੀ ਵਿਚ ਕਿਹਾ ਗਿਆ ਹੈ:

ਅਹਿਨਿਸ਼ੀ ਰੀਤਿ ਜੋ ਜੋਗ ਕਮਾਵੈ। ਨਾਨਕ ਸੁੰਨ ਮਹਿਲ ਕੋ ਸੰਗ ਲਗਾਵੈ॥
ਸੁੰਨ ਮਹਿਲ ਮਹਿ ਜਾਇ ਸਮਾਵੈ। ਰਤਨ ਅਮੋਲਕੁ ਤਹਿ ਹੀ ਪਾਵੈ॥
ਜਹੀ ਕੇਵਲ ਨਿਰਬਾਨੁ ਬਸੇਰਾ। ਜੋਗ ਰੀਤਿ ਜਨੁ ਪਹੁੰਚੈ ਤੇਰਾ॥[5]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.
2. ਉਹੀ, ਪੰਨਾ 239.
3. ਉਹੀ, ਪੰਨਾ 415.
4. ੳ) (ਸੁੰਨ੍ਯ [illegible] (ਸੰਸਕ੍ਰਿਤ) ਤੇ ਬਣਿਆ ਸੁੰਨ ਸ਼ਬਦ ਕਈ ਅਰਥਾਂ ਵਿਚ ਆਉਂਦਾ ਹੈ। ਦਰਸ਼ਨ ਅਤੇ ਅਧਿਆਤਮ ਚਰਚਾ ਵਿਚ ਇਸਦਾ ਅਰਥ 'ਦਸਮ ਦੁਆਰ' ਕਈ ਵਾਰੀ ਹੋਇਆ ਹੈ। ਮੂਲ ਸ਼ਬਦ 'ਸੁੰਨ੍ਯ' ਦਰਸ਼ਨ ਸ਼ਾਸਤ੍ਰ ਵਿਚ ਸਭ ਤੋਂ ਪਹਿਲਾਂ ਮਹਾਤਮਾ ਬੁੱਧ ਦੇ ਦਰਸ਼ਨ ਸ਼ਾਸਤ੍ਰੀਆਂ ਨੇ ਵਰਤਿ[illegible] ਸੀ। ਬੁੱਧ ਨੇ ਸਾਰੇ ਸੰਸਾਰ ਨੂੰ 'ਸੁੰਨ੍ਯ' ਦੱਸਿਆ ਸੀ। ਇਸ ਸੁੰਨ੍ਯ ਦੀ ਵਿਆਖਿਆ ਬਹੁਤ ਵਿਸਥਾਰ ਨਾਲ ਬੋਧ ਗ੍ਰੰਥਾਂ ਵਿਚ ਮਿਲਦੀ ਹੈ। ਇਸ ਲਈ ਕਈ ਵਾਰੀ ਬੋਧੀ ਸਿੱਧਾਂਤਾਂ ਨੂੰ ਸੁੰਨ੍ਯਵਾਦੀ ਵੀ ਕਿਹਾ ਜਾਂਦਾ ਹੈ। ਬੋਧੀਆਂ ਨੇ ਸੁੰਨ ਦੇ 21 ਭੇਦ ਦੱਸੇ ਹਨ।) ਦੇਖੋ: 'ਪ੍ਰਾਣ-ਸੰਗਲੀ, (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 5 (ਫੁਟ ਨੋਟ ਨੰ. 1).

   ਅ) (ਸੰਤ ਮਤ ਦੀਆਂ ਕਈ ਸੰਪ੍ਰਦਾਵਾਂ ਵਿਚ ਸੁੰਨ ਮਹਿਲ, ਸੁੰਨ ਸ਼ਹਿਰ, ਗਗਨ ਗੁਫਾ, ਗਗਨ ਮੰਡਲ, ਗਗਨ ਅਟਾਰੀ, ਸੁੰਨ ਸਿਖਰ, ਗਗਨ ਮਹਿਲ ਅਤੇ ਧ੍ਰੁਵ ਮੰਦਰ ਆਦਿ ਸ਼ਬਦਾਂ ਦੀ ਵਰਤੋਂ ਦਸਮਦੁਆਰ ਲਈ ਆਮ ਤੌਰ ਤੇ ਕੀਤੀ ਗਈ ਹੈ।) ਵਿਸਥਾਰ ਲਈ ਦੇਖੋ: ਡਾ. ਧਰਮੇਂਦਰ ਬ੍ਰਹਮਚਾਰੀ ਸ਼ਾਸਤ੍ਰੀ, 'ਸੰਤ ਮਤ ਕਾ ਸਰਭੰਗ ਸੰਪਰਦਾਯ', ਪੰਨਾ 74.

5. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 8.

'ਸੁੰਨ ਮਹਿਲ' ਵਿਚ ਅਨਹਦ ਨਾਦ ਦੀ ਗੁੰਜਾਰ ਸੁਣੀ ਜਾਂਦੀ ਹੈ:

ਸੁੰਨ ਮਹਲੁ ਮਹਿ ਛਾਵਣ ਛਾਈ। ਨਾਨਕ ਹੋਈ ਬਿਦੇਹ ਅਨਹਦੁ ਲਿਵ ਲਾਈ॥
ਅਨਹਦਿ ਰਾਤਾ ਗੁਰ ਕੀ ਪ੍ਰੀਤਿ। ਸਤਿਗੁਰ ਬਚਨ ਬਸਾਏ ਚੀਤਿ॥[1]

ਇਸੇ ਤਰ੍ਹਾਂ 'ਗੁਹਜ ਮਹਿਲ' ਵੀ ਦਸਮ ਦੁਆਰ ਨੂੰ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਪ੍ਰਾਣ ਨੂੰ ਜਾ ਕੇ ਗੁਹਜ ਤੱਤ ਦੀ ਪ੍ਰਾਪਤੀ ਹੁੰਦੀ ਹੈ। ਪ੍ਰਾਣ-ਸੰਗਲੀ ਵਿਚ ਲਿਖਿਆ ਹੈ:

ਗੁਹਜ ਮਹਲਿ ਮਹਿ ਮਨੁ ਮਗਨਾਨਾ, ਤਬ ਉਲਟਿ ਕਵਲੁ ਬਿਗਸਾਵੈ॥[2]

ਇੰਜ ਹੀ 'ਅਨੰਤ ਮਹਿਲ' ਵੀ ਦਸਮ ਦੁਆਰ ਨੂੰ ਕਿਹਾ ਗਿਆ ਹੈ:

ਖਾਣ ਪੀਣ ਤੇ ਰਹੈ ਨਿਰਾਰਾ। ਅਨੰਤ ਮਹਲ ਮੀਹ ਕੀਆ ਪਸਾਰਾ॥
ਅਨੰਤ ਮਹਿਲ ਮਹਿ ਹੋਆ ਠਹਿਰਾਨਾ। ਨਾਨਕ ਬਿਰਲੈ ਕਿਨੈ ਪਛਾਨਾ॥[3]

'ਦਸਮ ਦੁਆਰ' ਨੂੰ ਸੁੰਨ ਮੰਡਲ ਵੀ ਕਿਹਾ ਗਿਆ ਹੈ। 'ਮੰਡਲ' ਸ਼ਬਦ ਦਾ ਅਰਥ ਹੈ 'ਗੋਲਦਾਇਰਾ'। ਇਸੇ ਦਾਇਰੇ ਵਿਚ ਰਾਜ ਜੋਗ ਦੀ ਅਤੇ ਹਠ ਜੋਗ ਦੀ ਸਾਰੀ ਸਿੱਧੀ ਵਿਦਮਾਨ ਹੈ। ਪ੍ਰਾਣ-ਸੰਗਲੀ ਵਿਚ ਗੋਰਖ ਨਾਥ ਦੇ ਮੂੰਹੋਂ ਸੁੰਨ ਮੰਡਲ ਦਾ ਇਹ ਵੇਰਵਾ ਦਿੱਤਾ ਗਿਆ ਹੈ:

ਉੱਤਮ ਹੋਵੈ ਸੰਜਮ ਮਹਿ ਰਹੈ। ਹਰਿ ਕਾ ਸਿਮਰਨ ਹਿਰਦੈ ਗਹੈ॥
ਸੁੰਨ ਮੰਡਲ ਮਹਿ ਧਰੈ ਪਿਆਰ। ਭੀਤਰਿ ਬਾਹਰਿ ਅਪਰ ਅਪਾਰਿ॥
.... ... ... ...
ਅਨਾਹਦ ਨਾਦਿ ਕਰੈ ਭਰਪੂਰਿ। ਈਹਾਂ ਊਹਾਂ ਹਰਿ ਸੰਗਿ ਹਜੂਰਿ॥[4]

ਗੁਰਬਾਣੀ ਵਿਚ ਸੁੰਨ ਅਤੇ ਸੁੰਨ ਮੰਡਲ ਦਾ ਉਲੇਖ ਇਸ ਪ੍ਰਕਾਰ ਮਿਲਦਾ ਹੈ:

ਸੁੰਨਹੁ ਧਰਤਿ ਅਕਾਸੁ ਉਪਾਏ॥[5] (ਮਾਰੂ ਸੋਲਹੇ ਮਹਲਾ ੧)

---

ਸੁੰਨ ਮੰਡਲ ਇਕੁ ਜੋਗੀ ਬੈਸੇ॥[6] (ਧਨਾਸਰੀ ਅਸਟਪਦੀ ਮਹਲਾ ੧)

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 628.
2. ਉਹੀ, ਪੰਨਾ 9.
3. ਉਹੀ, ਪੰਨਾ 28.
4. ਉਹੀ, ਪੰਨਾ 643.
5. 'ਆਦਿ ਗ੍ਰੰਥ', ਪੰਨਾ 1037.
6. ਉਹੀ, ਪੰਨਾ 685.

'ਦਸਮ ਦੁਆਰ' ਨੂੰ ਕਈ ਥਾਂਈ ਭੰਵਰ ਗੁਫਾ ਵੀ ਕਿਹਾ ਗਿਆ ਹੈ:

ਭਵਰ ਗੁਫਾ ਮਹਿ ਵਾਹਣ ਵਹੈ। ਨਾਨਕ ਇਤ ਉਤ ਘਰ ਕੋ ਲਹੈ॥[1]

ਗੁਰਬਾਣੀ ਵਿਚ 'ਗਗਨ' ਸ਼ਬਦ ਦੀ ਵਰਤੋਂ ਅਧਿਆਤਮਕ ਸੰਦਰਭ ਵਿਚ ਕਈ ਥਾਂਈ ਹੋਈ ਹੈ। ਦਸਮ ਦੁਆਰ ਦੇ ਅਰਥ ਵਿਚ ਆਸਾ ਮਹਲਾ ੧ ਵਿਚ ਇਕ ਤੁਕ ਆਉਂਦੀ ਹੈ:

ਗਗਨਿ ਨਿਵਾਸਿ ਸਮਾਧਿ ਲਗਾਵੈ॥[2]

ਇਸੇ ਤਰ੍ਹਾਂ ਦਖਣੀ ਓਅੰਕਾਰ ਵਿਚ ਵੀ ਗਗਨ ਸ਼ਬਦ ਇਕ ਅਧਿਆਤਮਕ ਸਥਿਤੀ ਦੀ ਸੂਚਨਾ ਦਿੰਦਾ ਹੈ:

ਗਗਨ ਗੰਭੀਰੁ ਗਗਨੰਤਰਿ ਵਾਸੁ॥[3]

ਆਦਿ ਗ੍ਰੰਥ ਵਿਚ ਗਗਨ ਨਗਰਿ, ਗਗਨਿਪੁਰ ਅਤੇ ਗਗਨ ਮੰਡਲ ਆਦਿ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ:

<u>ਗਗਨ ਨਗਰਿ</u> – ਗਗਨ ਨਗਰਿ ਇਕ ਬੂੰਦ ਨਾ ਬਰਖੈ ਨਾਦ ਕਹਾ ਜੁ ਸਮਾਨਾ॥[4]

<u>ਗਗਨਪੁਰਿ</u> – ਰਹੈ ਗਗਨਪੁਰਿ ਦ੍ਰਿਸ਼ਟਿ ਸਮਸਰਿ ਅਨਹਤ ਸ਼ਬਦਿ ਰੰਗੀਣਾ॥[5]

<u>ਗਗਨ ਮੰਡਲ</u> – ਗਗਨ ਮੰਡਲ ਮਹਿ ਰੋਪੈ ਥੰਮੁ॥[6]

7) <u>ਸੁੰਨ ਸਮਾਧਿ</u>

<u>ਸੁੰਨ:</u> ਸੁੰਨ ਦੇ ਸਿੱਧਾਂਤ ਦਾ ਸਭ ਤੋਂ ਪਹਿਲਾ ਵਿਵੇਚਨ ਤੇ ਵਿਸ਼ਲੇਸ਼ਣ ਮਹਾਤਮਾ ਬੁੱਧ ਦੇ ਸ਼ਿਸ਼ਾਂ ਅਤੇ ਉਹਨਾਂ ਦੇ ਵਚਨਾਂ ਦੇ ਵਿਆਖਿਆਕਾਰਾਂ ਨੇ ਕੀਤਾ। ਇਸੇ ਲਈ ਬੋਧੀਆਂ ਦੀ ਇਕ ਸ਼ਾਖਾ 'ਸੁੰਨਵਾਦੀ' ਕਹੀ ਜਾਂਦੀ ਹੈ। ਇਹਨਾਂ ਵਿਦਵਾਨਾਂ ਦੀ ਧਾਰਨਾ ਸੀ ਕਿ ਇਹ ਦ੍ਰਿਸ਼ਟਮਾਨ ਜਗਤ ਨਾਸ਼ਵਾਨ ਹੈ ਅਤੇ ਇਸ ਲਈ 'ਸ਼ੂਨਯ' ਸ਼ਬਦ ਰਾਹੀਂ ਇਸ ਸੰਸਾਰ ਦੀ ਵਿਆਖਿਆ ਕੀਤੀ ਜਾ ਸਕਦੀ ਹੈ।[7]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 634.
2. 'ਆਦਿ ਗ੍ਰੰਥ', ਪੰਨਾ 411.
3. ਉਹੀ, ਪੰਨਾ 932.
4. ਉਹੀ, ਪੰਨਾ 480.
5. ਉਹੀ, ਪੰਨਾ 289.
6. ਉਹੀ, ਪੰਨਾ 953.
7. ਦੇਖੋ: ਡਾ. ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ', ਪੰਨੇ 315-318.

ਬੁੱਧ ਨੇ ਸੰਸਾਰ ਲਈ ਦੋ ਸ਼ਬਦ ਵਰਤੇ ਸਨ – 'ਸੂਨਯ' ਅਤੇ 'ਛਿਨ ਭੰਗੁ'। ਇਹਨਾਂ ਦੋਹਾਂ ਸ਼ਬਦਾਂ ਦੇ ਆਲ-ਦੁਆਲੇ ਬੋਧੀਆਂ ਦਾ ਸੁੰਨਵਾਦੀ ਦਰਸ਼ਨ ਵਿਕਸਤ ਹੋਇਆ ਅਤੇ ਅੰਤ ਵਿਚ ਅਦ੍ਵੈਤਵਾਦੀ ਸ਼ੰਕਰਾਚਾਰਯ ਨੇ ਵੀ ਮਾਯਾਵਾਦ ਦੇ ਰੂਪ ਵਿਚ ਇਸੇ ਸੁੰਨਵਾਦ ਨੂੰ ਹੀ ਸਵੀਕਾਰ ਕੀਤਾ ਹੈ। ਇਸ ਲਈ ਕਈ ਵਾਰੀ ਸ਼ੰਕਰਾਚਾਰਯ ਨੂੰ ਗੁਪਤ ਤੌਰ ਤੇ ਬੋਧੀ ਦਰਸ਼ਨ ਅਤੇ ਧਰਮ ਦਾ ਪ੍ਰਚਾਰਕ ਵੀ ਕਿਹਾ ਗਿਆ ਹੈ। ਸੰਖੇਪ ਵਿਚ 'ਸੁੰਨ' ਨੂੰ ਦਰਸ਼ਨ ਅਤੇ ਵਿਸ਼ਵਾਸਾਂ ਦੀ ਪੱਧਰ ਉੱਤੇ ਸਭ ਤੋਂ ਪਹਿਲਾਂ ਬੁੱਧ ਅਤੇ ਉਸਦੇ ਵਿਦਵਾਨ ਸ਼ਿਸ਼ਾਂ ਨੇ ਸਥਾਪਿਤ ਕੀਤਾ।[1]

<u>ਸੁੰਨ ਦਾ ਦਾਰਸ਼ਨਿਕ ਪੱਖ:</u> ਭਾਰਤ ਦੇ ਦਰਸ਼ਨ ਸ਼ਾਸਤ੍ਰ ਵਿਚ ਮਹਾਤਮਾ ਬੁੱਧ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਆਪਣਾ ਦਰਸ਼ਨ ਸੰਸਾਰ ਦੀ 'ਛਿਨ ਭੰਗੁਤਾ' ਨੂੰ ਮੁੱਖ ਰਖਦੇ ਹੋਏ ਪ੍ਰਸਤੁਤ ਕੀਤਾ। ਉਹਨਾਂ ਤੋਂ ਪਹਿਲਾਂ ਵੈਦਿਕ ਯੁਗ ਦੇ ਰਿਸ਼ੀ ਇਸ ਸੰਸਾਰ ਵਿਚ ਧਨ, ਸੰਪਤੀ, ਇਸਤ੍ਰੀ, ਪੁੱਤਰ ਅਤੇ ਹੋਰ ਆਰਥਿਕ ਪਦਾਰਥਾਂ ਦੀ ਪ੍ਰਾਪਤੀ ਲਈ ਯਗ ਆਦਿ ਕਰਦੇ ਸਨ। ਈਸ਼੍ਵਰ ਦੇ ਸਾਹਮਣੇ ਉਹਨਾਂ ਦੀਆਂ ਪ੍ਰਾਰਥਨਾਵਾਂ ਇਹਨਾਂ ਪਦਾਰਥਾਂ ਦੀ ਪ੍ਰਾਪਤੀ ਲਈ ਹੀ ਹੁੰਦੀਆਂ ਸਨ। ਮਰਨ ਤੋਂ ਬਾਅਦ ਵੀ ਵਿਅਕਤੀ ਲਈ ਸਵਰਗਾਂ ਦੇ ਐਸ਼ ਅਰਾਮ ਉਹ ਪ੍ਰਭੂ ਕੋਲੋਂ ਮੰਗਦੇ ਸਨ।

ਬੁੱਧ ਨੇ ਯਗ ਅਤੇ ਸਵਰਗਾਂ ਦੀ ਕਲਪਨਾ ਦਾ ਖੰਡਨ ਕੀਤਾ। ਆਤਮਾ ਅਤੇ ਪਰਮਾਤਮਾ ਦੀ ਹੋਂਦ ਉੱਤੇ ਵੀ ਮਹਾਤਮਾ ਬੁੱਧ ਨੇ ਪ੍ਰਸ਼ਨ ਚਿੰਨ੍ਹ ਲਗਾਇਆ। ਇਸ ਤਰ੍ਹਾਂ ਬੁੱਧ ਨੇ ਜ਼ਿੰਦਗੀ ਦੀ ਠੋਸ ਧਰਤੀ ਉੱਤੇ ਤਰਕ ਅਤੇ ਪ੍ਰਮਾਣ ਰਾਹੀਂ ਮਨੁੱਖ ਨੂੰ ਸਾਰਿਆਂ ਦੀ ਭਲਾਈ ਲਈ ਜਾਗ੍ਰਿਤ ਦਾ ਸੰਦੇਸ਼ ਦਿੱਤਾ।[2]

<u>ਵੇਦ ਵਿਰੋਧ:</u> ਬੁੱਧ ਦਾ ਇਹ ਯਥਾਰਥਵਾਦੀ ਦਰਸ਼ਨ 'ਵੇਦ ਵਿਰੋਧੀ' ਕਿਹਾ ਗਿਆ ਪਰ ਇਸ ਦਰਸ਼ਨ ਵਿਚ ਮਨੁੱਖ ਨੂੰ ਇਕ ਉੱਚੀ ਥਾਂ ਦਿੱਤੀ ਗਈ ਅਤੇ ਕਿਸੇ ਦੇਵੀ ਦੇਵਤੇ ਜਾਂ ਈਸ਼ਵਰ ਨੂੰ ਉਸ ਤੋਂ ਵੱਡਾ ਨਹੀਂ ਮੰਨਿਆ ਗਿਆ। ਉਰਦੂ ਦੇ ਅਜ਼ੀਮ ਸ਼ਾਇਰ ਫੈਜ਼ ਅਹਿਮਦ ਫੈਜ਼ ਨੇ ਇਕ ਥਾਂ ਤੇ ਲਿਖਿਆ ਹੈ:

ਜਿਨ ਕੋ ਹੋ ਸ਼ੁਕ, ਵੋਹ ਕਰੇਂ ਔਰ ਖ਼ੁਦਾਓਂ ਕੀ ਤਲਾਸ਼,
ਮੈਂ ਤੋ ਇਨਸਾਨ ਕੋ ਇਸ ਦੁਨੀਆਂ ਕਾ ਖ਼ੁਦਾ ਕਹਿਤਾ ਹੂੰ।

ਇਸ ਸ਼ਿਅਰ ਦੀ ਭਾਵਨਾ ਮਹਾਤਮਾ ਬੁੱਧ ਦੇ ਵਿਚਾਰਾਂ ਦੇ ਬਹੁਤ ਨੇੜੇ ਹੈ।

<u>ਮਾਯਾਵਾਦ:</u> ਬੁੱਧ ਦੇ ਇਸ ਸੁੰਨਵਾਦੀ ਦਰਸ਼ਨ ਤੋਂ ਪ੍ਰੇਰਨਾ ਲੈ ਕੇ ਸ਼ੰਕਰਾਚਾਰਯ ਨੇ ਆਪਣੇ ਮਾਯਾਵਾਦੀ ਦਰਸ਼ਨ ਨੂੰ ਪ੍ਰਸਤੁਤ ਕੀਤਾ। ਸ਼ੰਕਰਾਚਾਰਯ ਅਨੁਸਾਰ ਇਹ ਸੰਸਾਰ ਮਿਥਿਆ ਹੈ ਅਤੇ ਇਸਦਾ 'ਨਾਮ' ਅਤੇ 'ਰੂਪ' ਦੋਵੇਂ

1. ਦੇਖੋ: 'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ), ਪੰਨੇ 42-45.
2. ਦੇਖੋ: ਡਾ. ਧਰਮੇਂਦਰ ਬ੍ਰਹਮਚਾਰੀ, 'ਸੰਤ ਮਤ ਕਾ ਸਰਭੰਗ ਸੰਪ੍ਰਦਾਯ', ਪੰਨੇ 30-31.

ਹੀ ਮਿਥਿਆ ਹਨ। ਵਾਸਤਵ ਵਿਚ ਬੁੱਧ ਦੀ ਸੁੰਨਵਾਦੀ ਦ੍ਰਿਸ਼ਟੀ ਨੂੰ ਹੀ ਇਕ ਨਵਾਂ ਵਿਸਥਾਰ ਸ਼ੰਕਰਾਚਾਰਯ ਨੇ ਦਿੱਤਾ।

ਸ਼ੰਕਰਾਚਾਰਯ ਨੇ ਕੁਝ ਉਦਾਹਰਣ ਦੇ ਕੇ ਇਸ ਸੰਸਾਰ ਦੇ ਦ੍ਰਿਸ਼ਵਾਨ ਰੂਪ ਨੂੰ ਮਿਥਿਆ ਸਿੱਧ ਕੀਤਾ ਹੈ। ਉਹ ਕਹਿੰਦੇ ਹਨ ਕਿ ਜਿਵੇਂ ਕਈ ਵਾਰੀ ਹਨੇਰੇ ਵਿਚ ਪਈ ਰੱਸੀ ਕਰਕੇ ਸੱਪ ਦਾ ਭੁਲੇਖਾ ਪੈਂਦਾ ਹੈ ਜਾਂ ਸੁਪਨੇ ਵਿਚ ਵਿਅਕਤੀ ਅਨੇਕਾਂ ਮਿਥਿਆ ਚੀਜ਼ਾਂ ਅਤੇ ਦ੍ਰਿਸ਼ਾਂ ਨੂੰ ਦੇਖਦਾ ਹੈ ਅਤੇ ਉਸ ਭੁਲੇਖੇ ਵੇਲੇ ਉਹਨਾਂ ਚੀਜ਼ਾਂ ਅਤੇ ਦ੍ਰਿਸ਼ਾਂ ਨੂੰ ਸੱਚ ਸਮਝਦਾ ਹੈ, ਉਸੇ ਤਰ੍ਹਾਂ ਇਹ ਜਗਤ ਅਤੇ ਇਸਦਾ ਸਾਰਾ ਕਾਰ-ਵਿਹਾਰ ਇਕ ਭੁਲੇਖਾ ਮਾਤਰ ਹੈ ਅਤੇ ਵਾਸਤਵ ਵਿਚ ਇਸਦੀ ਕੋਈ ਹੋਂਦ ਨਹੀਂ ਹੈ।[1]

ਇਹਨਾਂ ਦੋਹਾਂ ਵਿਦਵਾਨਾਂ ਦੇ ਦ੍ਰਿਸ਼ਟੀਕੋਣ ਸੁੰਨ ਬਾਰੇ ਲਗਭਗ ਸਮਾਨ ਹਨ। ਬੁੱਧ ਆਤਮਾ ਅਤੇ ਈਸ਼ਵਰ ਤੋਂ ਮੁਨਕਰ ਹੈ ਪਰ ਸ਼ੰਕਰਾਚਾਰਯ ਨੇ ਆਤਮਾ ਅਤੇ ਬ੍ਰਹਮ ਨੂੰ ਸਵੀਕਾਰ ਕੀਤਾ ਹੈ। ਇਸ ਤਰ੍ਹਾਂ ਭਾਰਤ ਵਿਚ ਸੁੰਨਵਾਦੀ ਦਰਸ਼ਨ ਬੁੱਧ ਅਤੇ ਉਸ ਤੋਂ ਬਾਅਦ ਸ਼ੰਕਰਾਚਾਰਯ ਦੀਆਂ ਸੰਪਰਦਾਵਾਂ ਵਿਚ ਪ੍ਰਚਲਿਤ ਰਿਹਾ ਹੈ।

ਉਂਜ ਤਾਂ ਸ਼ੂਨਯ ਬੋਧੀ ਧਰਮ ਅਤੇ ਦਰਸ਼ਨ ਦਾ ਹੀ ਮੁੱਖ ਵਿਸ਼ਾ ਰਿਹਾ ਹੈ ਪਰ ਬੁੱਧ ਤੋਂ ਬਾਅਦ ਅਨੇਕ ਵਿਚਾਰਕਾਂ ਅਤੇ ਸਾਧਨਾਂ ਨੇ ਸੁੰਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਹੈ। ਖ਼ਾਸ ਤੌਰ ਤੇ ਹਠ ਯੋਗ ਅਤੇ ਤੰਤ੍ਰ ਯੋਗ ਦੇ ਸਾਧਕਾਂ ਨੇ 'ਸ਼ੂਨਯ' ਨੂੰ ਇਕ ਆਤਮਿਕ ਅਵਸਥਾ ਦੇ ਰੂਪ ਵਿਚ ਪ੍ਰਵਾਨਿਆ ਹੈ।

ਤੰਤ੍ਰ ਯੋਗ ਅਤੇ ਸ਼ੂਨਯ : ਤੰਤ੍ਰ ਯੋਗ ਦਾ ਮੁੱਖ ਉਦੇਸ਼ ਆਤਮਾ ਨੂੰ ਸੁੱਖ ਦੁੱਖ ਆਦਿ ਬੰਧਨਾਂ ਤੋਂ ਮੁਕਤ ਕਰਨਾ ਹੈ। ਇਸ ਮੁਕਤੀ ਦੀ ਅੰਤਿਮ ਅਵਸਥਾ 'ਸ਼ੂਨਯ' ਭਾਵ ਦੀ ਪ੍ਰਾਪਤੀ ਹੈ। ਇਸ ਭਾਵ ਦੀ ਪ੍ਰਾਪਤੀ ਸਾਧਕ ਨੂੰ ਅਨੇਕਾਂ ਤਾਂਤ੍ਰਿਕ ਸਾਧਨਾਵਾਂ ਤੋਂ ਪ੍ਰਾਪਤ ਹੁੰਦੀ ਹੈ।

ਤੰਤ੍ਰ ਯੋਗ ਅਨੁਸਾਰ ਮਨ ਵਿਚੋਂ ਸਾਰੇ ਸੰਕਲਪਾਂ/ਵਿਕਲਪਾਂ ਅਤੇ ਸਾਰੀਆਂ ਕਾਮਨਾਵਾਂ ਨੂੰ ਰੋਕਣਾ ਇਕ ਪਰਮ ਉਦੇਸ਼ ਹੈ। ਇਹ ਮਨ ਦੀ ਸ਼ੂਨਯ ਸਥਿਤੀ ਕਹੀ ਜਾਂਦੀ ਹੈ। ਇਸ ਵਿਚ ਮਨ ਸੰਸਾਰ ਅਤੇ ਉਸਦੇ ਸਾਰੇ ਮੋਹ ਜਾਲ ਤੋਂ ਪਰੇ ਹੋ ਕੇ ਇਕ ਗਿਆਨ ਦੇ ਕੇਂਦਰ ਉਤੇ ਆਪਣੇ ਆਪ ਨੂੰ ਕੇਂਦ੍ਰਿਤ ਕਰਦਾ ਹੈ। ਇਸੇ ਲਈ ਤੰਤ੍ਰ ਸ਼ਾਸਤ੍ਰ ਵਿਚ ਮਨ ਦੀ ਇਸ ਅਵਸਥਾ ਵਾਸਤੇ 'ਸ਼ੂਨਯ' ਸ਼ਬਦ ਵਰਤਿਆ ਗਿਆ ਹੈ।[2]

ਹਠ ਯੋਗ ਅਤੇ ਸ਼ੂਨਯ: ਸੁੰਨ ਦੀ ਮੁੱਢਲੀ ਦ੍ਰਿਸ਼ਟੀ ਹਠ ਯੋਗੀਆਂ ਨੇ ਵੀ ਅਪਣਾਈ। ਹਠ ਯੋਗ ਵਿਚ ਯੋਗ ਸਾਧਨਾ ਕ ਮਨ ਨੂੰ ਵਿਸ਼ੈ ਵਿਕਾਰਾਂ ਅਤੇ ਮਾਇਕ ਪਦਾਰਥਾਂ ਤੋਂ ਹਟਾਉਣਾ ਸੀ। ਵਿਸ਼ੈ ਵਿਕਾਰਾਂ ਦੇ ਹਟਣ ਤੋਂ ਨ ਦੀ ਸੁੰਨ ਅਵਸਥਾ ਹਠ ਯੋਗ ਵਿਚ ਯੋਗ ਸਾਧਨਾ ਲਈ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ।

1. ਦੇਖੋ: 'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ), ਪੰਨੇ 49-53.
2. ਦੇਖੋ: ਭਾਸਕਰ ਸ਼ਾਸਤ੍ਰੀ, ਸ਼ਕਤਿਯੋਗ, 'ਪਰਮਾਰਥ ਪਥ', ਪੰਨੇ 390-391.

ਹਠ ਯੋਗੀਆਂ ਨੇ ਸਹੰਸ੍ਰਦਲ ਕਮਲ ਵਿਚ ਪੁਜੇ ਪ੍ਰਾਣਾਂ ਨੂੰ 'ਸੂਨਯ' ਸਮਾਧੀ ਦਾ ਨਾਂ ਦਿੱਤਾ ਹੈ। ਮਨ ਦੀ ਇਹ 'ਸੁੰਨ ਅਵਸਥਾ' ਹਠ ਯੋਗ ਦੀ ਸਾਧਨਾ ਦੇ ਪਰਮ ਉਦੇਸ਼ ਅਰਥਾਤ ਜੀਵ ਬ੍ਰਹਮ ਦੀ ਏਕਤਾ ਨੂੰ ਸਥਾਪਿਤ ਕਰਨ ਲਈ ਆਵੱਸ਼ਕ ਦੱਸੀ ਗਈ ਹੈ।[1]

<u>ਪ੍ਰਾਣ-ਸੰਗਲੀ ਵਿਚ ਸੁੰਨ ਦਾ ਸੰਕਲਪ</u>

ਪ੍ਰਾਣ-ਸੰਗਲੀ ਵਿਚ ਸੁੰਨ ਦਾ ਉਲੇਖ ਬਹੁਤ ਥਾਵਾਂ ਤੇ ਹੋਇਆ ਹੈ। ਕਈ ਵਾਰੀ ਇਸ ਨੂੰ 'ਸੁੰਨ ਸਮਾਧੀ', ਕਈ ਵਾਰੀ 'ਸੁੰਨ ਮੰਡਲ', ਕਈ ਵਾਰੀ 'ਸੁੰਨ ਸਰੋਵਰ' ਅਤੇ ਕਈ ਵਾਰੀ 'ਸੁੰਨ ਮਹਿਲ' ਕਿਹਾ ਗਿਆ ਹੈ।

ਸੁੰਨ ਦਾ ਦਾਰਸ਼ਨਿਕ ਰੂਪ ਤਾਂ ਪ੍ਰਾਣ-ਸੰਗਲੀ ਵਿਚ ਬਹੁਤਾ ਨਹੀਂ ਉਘੜਦਾ ਪਰ ਪਰੰਪਰਾ ਤੋਂ ਪ੍ਰਾਪਤ ਸੁੰਨ ਦਾ ਸੰਕਲਪ ਪ੍ਰਾਣ-ਸੰਗਲੀ ਦੇ ਕਈ ਪ੍ਰਸੰਗਾਂ ਵਿਚ ਆਇਆ ਹੈ। ਪ੍ਰਾਣ-ਸੰਗਲੀ ਅਨੁਸਾਰ ਸੁੰਨ ਆਤਮਾ ਦੀ ਅਵਸਥਾ ਹੈ ਅਤੇ ਪਾਪ ਪੁੰਨ ਤੋਂ, ਹਰਖ਼ ਸੋਗ ਤੋਂ ਮੁਕਤ ਹੋਣਾ ਸੁੰਨ ਕਿਹਾ ਜਾਂਦਾ ਹੈ:

> ਸੋ ਪੁਰਖ ਪਾਪ ਪੁੰਨ ਤੇ ਮੁਕਤਾ ਹੋਈ। ਨਾਨਕ ਸੁੰਨ ਪਛਾਨੈ ਸੋਈ॥
> ਸੁੰਨ ਕਉ ਭੀ ਜਾਨ ਆਤਮਾ ਕਹਾਈ। ਹਰਖ਼ ਸੋਗ ਤੇ ਰਹਤ ਹੋਈ ਜਾਈ॥[2]

ਸੁੰਨ ਦੇ ਇਸ ਸੰਕਲਪ ਨੂੰ ਆਤਮਾ, ਮਨ ਅਤੇ ਸੰਸਾਰ ਨਾਲ ਜੋੜਕੇ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਦ੍ਰਿਸ਼ਟੀਕੋਣ ਨੂੰ ਇਂਜ ਪ੍ਰਗਟਾਇਆ ਹੈ:

> ਆਪਨ ਸੁੰਨ ਸੁੰ ਨ ਸ਼ਿਵ ਜੋੜੀ। ਅਵਰ ਮਨੁ ਜਾਤੇ ਕਉ ਰਾਖੇ ਹੋੜੀ॥
> ਜਬ ਹੀ ਸੁੰਨ ਸਾਥ ਹੈ ਜੁੜਿਆ। ਨਾਨਕ ਸਰਪਰ ਜਾਇ ਮਿਲੈ ਕਿਨੈ ਨਾ ਹੋੜਿਆ॥[3]

ਭਾਵ ਇਹ ਹੈ ਕਿ ਸੁੰਨ ਆਤਮ ਤੱਤ ਸ਼ਿਵ ਤੱਤ ਦੇ ਨਾਲ ਜੁੜਕੇ ਸਾਧਕ ਨੂੰ ਸੁੰਨ ਅਵਸਥਾ ਤਕ ਪਹੁੰਚਾਉਂਦਾ ਹੈ। ਸੁੰਨ ਦੇ ਨਾਲ ਸ਼ਿਵ ਅਤੇ ਮਨ ਨੂੰ ਜੋੜਨ ਦੀ ਇਹ ਪ੍ਰਕ੍ਰਿਆ ਹਠ ਯੋਗ ਦੇ ਗ੍ਰੰਥਾਂ ਵਿਚ ਪਾਈ ਜਾਂਦੀ ਹੈ।

<u>ਸੁੰਨ ਦੇ ਭੇਦ:</u> ਪ੍ਰਾਣ-ਸੰਗਲੀ ਵਿਚ ਸੁੰਨ ਦੇ ਤਿੰਨ ਭੇਦ ਦੱਸੇ ਗਏ ਹਨ:

ੳ) ਆਦਿ ਸੁੰਨ,
ਅ) ਮੱਧ ਸੁੰਨ,
ੲ) ਅੰਤ ਸੁੰਨ।[4]

ਇਹਨਾਂ ਦੀ ਸੰਖਿਪਤ ਜਿਹੀ ਚਰਚਾ ਇਸ ਪ੍ਰਕਾਰ ਪ੍ਰਸਤੁਤ ਕੀਤੀ ਜਾ ਸਕਦੀ ਹੈ:

---

1. ਦੇਖੋ: ਡਾ. ਗੋਪੀ ਨਾਥ ਕਵਿਰਾਜ, 'ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ', ਪੰਨੇ 79-80.
2 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 618
3. ਉਹੀ, ਪੰਨਾ 618;
4. ਉਹੀ, ਪੰਨਾ [illegible].

ੳ) ਆਦਿ ਸੁੰਨ: 'ਆਦਿ ਸੁੰਨ' ਦੀ ਸਥਿਤੀ ਨਾਭਿ ਕਮਲ ਵਿਚ ਮੰਨੀ ਗਈ ਹੈ ਅਤੇ ਇਸ ਨੂੰ ਪੋਲਾ ਦਸਿਆ ਗਿਆ ਹੈ:

ਆਦਿ ਸੁੰਨ ਨਾਭ ਕਮਲ ਮਹਿ ਪੋਲਾ॥[1]

ਇੰਜ ਜਾਪਦਾ ਹੈ ਕਿ ਨਾਭਿ ਕਮਲ ਅਤੇ ਸੁੰਨ ਨੂੰ ਇਕ ਰੂਪ ਦੇਣ ਲਈ ਪ੍ਰਾਣ ਸੰਗਲੀ ਦੇ ਲੇਖਕ ਨੇ ਇਹ ਮਨ ਇਛਿਤ ਕਲਪਨਾ ਕੀਤੀ ਹੈ ਕਿਉਂਕਿ ਨਾਭਿ ਕਮਲ ਵਿਚ 'ਸੁੰਨ' ਦੀ ਕੋਈ ਸਥਿਤੀ ਸੰਭਵ ਨਹੀਂ ਹੈ। ਨਾ ਤਾਂ ਮਨ ਉਸ ਵੇਲੇ ਸੰਸਾਰ ਦੇ ਮੋਹ ਜਾਲ ਤੋਂ ਇਤਨਾ ਮੁਕਤ ਹੁੰਦਾ ਹੈ ਕਿ ਉਸ ਨੂੰ ਸੁੰਨ ਕਿਹਾ ਜਾ ਸਕੇ ਅਤੇ ਨਾ ਹੀ ਕਿਸੇ ਹੋਰ ਵਿਚਾਰਕ ਨੇ ਨਾਭਿ ਕਮਲ ਨੂੰ ਸੁੰਨ ਦਾ ਨਾਂ ਦਿੱਤਾ ਹੈ।

ਅ) ਮੱਧ ਸੁੰਨ: ਪ੍ਰਾਣ-ਸੰਗਲੀ ਵਿਚ 'ਮੱਧ ਸੁੰਨ' ਦੀ ਸਥਿਤੀ ਹਿਰਦੇ ਵਿਖੇ ਮੰਨੀ ਗਈ ਹੈ:

ਮਧਮ ਸੁੰਨ ਰਿਦੇ ਵਿਖੇ ਅਕਾਸੁ ਕਉ ਟੋਲਾ॥[2]

ਭਾਵ ਇਹ ਹੈ ਕਿ ਮੱਧ ਸੁੰਨ ਦੀ ਸਥਿਤੀ ਹਿਰਦੇ ਵਿਚ ਹੈ ਅਤੇ ਇਸ ਦਾ ਉਦੇਸ਼ ਆਕਾਸ਼ ਅਰਥਾਤ ਦਸਮਦੁਆਰ ਵੱਲ ਜਾਣਾ ਹੈ।

ਮੱਧ ਸੁੰਨ ਦਾ ਇਹ ਸੰਕਲਪ ਵੀ ਪ੍ਰਮਾਣਿਕ ਨਹੀਂ ਜਾਪਦਾ।

ੲ) ਅੰਤ ਸੁੰਨ: ਪ੍ਰਾਣ-ਸੰਗਲੀ ਦੇ ਅਨੁਸਾਰ ਸੁੰਨ ਦਾ ਤੀਜਾ ਭੇਦ 'ਅੰਤ ਸੁੰਨ' ਹੈ। ਇਸੇ ਨੂੰ ਦਸ਼ਮਦੁਆਰ ਵੀ ਕਿਹਾ ਗਿਆ ਹੈ:

ਅੰਤ ਸੁੰਨ ਹੈ ਦਸਵਾਂ ਦੁਆਰ। ਤਿਸ ਕਉ ਰਾਖਹੁ ਹਿਰਦੇ ਧਾਰ॥[3]

'ਅੰਤ ਸੁੰਨ' ਦਾ ਦਸਮੇਂ ਦੁਆਰ ਨਾਲ ਇਹ ਸਮੀਕਰਣ ਪ੍ਰਮਾਣਿਕ ਨਹੀਂ ਹੈ। ਸੁੰਨ ਨੂੰ ਹਿਰਦੇ ਵਿਚ ਧਾਰਨ ਕਰਨਾ ਵੀ ਮਨ ਇਛਿਤ ਗੱਲ ਜਾਪਦੀ ਹੈ।

ਪ੍ਰਾਣ-ਸੰਗਲੀ ਵਿਚ ਸੁੰਨ ਦੇ ਕਈ ਰੂਪ ਜਾਂ ਪ੍ਰਕਾਰ ਮਿਲਦੇ ਹਨ। ਅਧਿਆਤਮਕ ਸੰਦਰਭਾਂ ਵਿਚ ਇਹਨਾਂ ਰੂਪਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:

1) ਸੁੰਨ ਮੰਡਲ — ਪ੍ਰਾਣ-ਸੰਗਲੀ ਵਿਚ 'ਦਸਮ ਦੁਆਰ' ਜਾਂ 'ਬ੍ਰਹਮ ਰੰਧ੍ਰ' (ਸੁਖਮਨਾ ਨਾੜੀ ਦਾ ਉਪਰਲਾ ਸਿਰਾ ਜਿਹੜਾ ਆਗਿਆ ਚਕ੍ਰ ਵਿਚ ਖੁਲ੍ਹਦਾ ਹੈ) ਨੂੰ ਸੁੰਨ ਮੰਡਲ ਵੀ ਕਿਹਾ ਗਿਆ ਹੈ। 'ਸੁੰਨ-ਮੰਡਲ' ਇਹ ਨਾਂ ਸ਼ਾਇਦ ਇਸ ਲਈ ਦਿੱਤਾ ਗਿਆ ਹੈ ਕਿ ਦਸਮ ਦੁਆਰ ਜਾਂ ਗਗਨ ਮੰਡਲ ਵਿਚ ਕਿਸੇ ਵੀ ਸੰਸਾਰਿਕ ਪਦਾਰਥ ਦੀ ਹੋਂਦ ਨਹੀਂ ਹੁੰਦੀ। ਵਾਤਾਵਰਣ ਸੂਨ੍ਯ ਹੋਣ ਕਰਕੇ ਇਸ ਨੂੰ ਸੁੰਨ ਮੰਡਲ ਕਿਹਾ ਗਿਆ ਹੋਵੇਗਾ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 618.
2. ਉਹੀ, ਪੰਨਾ 618.
3. ਉਹੀ, ਪੰਨਾ 618.

ਪ੍ਰਾਣ-ਸੰਗਲੀ ਵਿਚ ਸੁੰਨ ਮੰਡਲ ਦੀ ਚਰਚਾ ਇਸ ਤਰ੍ਹਾਂ ਹੋਈ ਹੈ:

ਸੁੰਨ ਮੰਡਲ ਮਹਿ ਡੇਰੀ ਧਰੈ। ਗੁਰ ਪ੍ਰਸਾਦੀ ਕਦੇ ਨਾ ਮਰੈ।।[1]

ਪ੍ਰਾਣ-ਸੰਗਲੀ ਦੀ ਇਸ ਬਾਣੀ ਦਾ ਸਿਰਲੇਖ ਹੈ – 'ਸੁਸਿੱਧ ਰਤਨਮਾਲਾ ਛੋਟੀ' — ਇਸ ਵਿਚ ਸੱਚੇ ਜੋਗੀ, ਉਦਾਸੀ, ਵੈਰਾਗੀ ਅਤੇ ਅਵਧੂਤ ਕੋਟੀ ਦੇ ਸਾਧਕਾਂ ਦੀ ਰਹਿਣੀ ਬਹਿਣੀ ਦੀ ਚਰਚਾ ਕੀਤੀ ਗਈ ਹੈ। ਇਸ ਸੰਦਰਭ ਵਿਚ ਜੋਗੀ ਦੇ ਲੱਛਣ ਦੱਸਦੇ ਹੋਏ ਜੋਗੀ ਦਾ ਆਸਰਾ ਸੁੰਨ ਮੰਡਲ ਜਾਂ ਪਾਰਬ੍ਰਹਮ ਉੱਤੇ ਹੁੰਦਾ ਹੈ। ਇਸੇ ਭਾਵ ਦੀ ਪੁਸ਼ਟੀ ਉਪਰਲੀ ਤੁਕ ਵਿਚ ਕੀਤੀ ਗਈ ਹੈ।

ਪ੍ਰਾਣ-ਸੰਗਲੀ ਵਿਚ 'ਸਿਧ ਗੋਸਟਿ' ਦੇ ਸੰਦਰਭ ਵਿਚ ਸੁੰਨ ਮੰਡਲ ਦਾ ਉਲੇਖ ਇਸ ਤਰ੍ਹਾਂ ਹੋਇਆ ਹੈ:

ਐਸੀ ਹਮਰੇ ਗੁਰ ਤੇ ਹੋਈ, ਸੁੰਨ ਮੰਡਲ ਮਹਿ ਵਾਸੇ ਸਮੋਈ।।[2]

ਭਾਵ ਇਹ ਹੈ ਕਿ ਜੋਗੀ ਨੂੰ ਗੁਰੂ ਦੀ ਕ੍ਰਿਪਾ ਨਾਲ ਸੁੰਨ ਮੰਡਲ ਅਰਥਾਤ ਦਸਮ ਦੁਆਰ ਤਕ ਪ੍ਰਾਣਾਂ ਨੂੰ ਪਹੁੰਚਾਉਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ। ਜੋਗੀ ਦੀ ਸਭ ਤੋਂ ਵੱਡੀ ਸਫਲਤਾ ਅਤੇ ਸਧਰ ਇਹੋ ਹੁੰਦੀ ਹੈ ਕਿ ਉਹ ਆਪਣੇ ਪ੍ਰਾਣਾਂ ਨੂੰ 'ਦਸਮ ਦੁਆਰ' ਤਕ ਪਹੁੰਚਾ ਸਕੇ। ਇਸ ਅਵਸਥਾ ਨੂੰ ਬ੍ਰਹਮ ਲੀਨ ਹੋਣਾ ਵੀ ਕਿਹਾ ਜਾਂਦਾ ਹੈ।

ਸੁੰਨ ਮੰਡਲ ਪ੍ਰਗਾਸ ਆਸਨ ਲਾਧਾ।[3]

ਸੁੰਨ ਮੰਡਲ ਦੇ ਇਹੋ ਜਿਹੇ ਉਲੇਖ ਕਈ ਥਾਵਾਂ ਤੇ ਮਿਲ ਜਾਂਦੇ ਹਨ।[4]

ਉਂਜ ਤੇ ਸੁੰਨ ਦੇ ਮੁੱਢਲੇ ਬੋਧੀ ਸੰਕਲਪ ਵਿਚ ਦਸਮ ਦੁਆਰ 'ਬ੍ਰਹਮ ਰੰਧ੍ਰ' ਅਤੇ ਪ੍ਰਾਣਾਂ ਦੇ ਸੰਜਮ ਲਈ ਕੋਈ ਥਾਂ ਨਹੀਂ ਸੀ ਪਰ ਹਠ ਯੋਗੀਆਂ, ਤੰਤ੍ਰ ਯੋਗੀਆਂ ਅਤੇ ਨਾਥ ਯੋਗੀਆਂ ਨੇ ਬੋਧੀਆਂ ਦੇ ਸੁੰਨ ਸੰਕਲਪ ਵਿਚ ਦਸਮ ਦੁਆਰਾ ਸੰਬੰਧੀ ਅਨੇਕ ਧਾਰਨਾਵਾਂ ਨੂੰ ਵੀ ਥਾਂ ਦਿੱਤੀ।

ii) ਸੁੰਨ ਸਰੋਵਰ: ਸੁੰਨ ਦੇ ਨਾਲ ਇਕ ਸ਼ਾਂਤ ਸਰੋਵਰ ਦਾ ਰੂਪਕ ਆਮ ਤੌਰ ਤੇ ਹਠ ਯੋਗ ਦੇ ਗ੍ਰੰਥਾਂ ਵਿਚ ਮਿਲਦਾ ਹੈ। ਕਿਸੇ ਵੀ ਵਿਸ਼ਾਲ ਅਤੇ ਸ਼ਾਂਤ ਸਰੋਵਰ ਦੀ ਤੁਲਨਾ ਚਿੱਤ ਦੀ ਸੁੰਨ੍ਯ ਅਵਸਥਾ (ਬ੍ਰਹਮ ਲੀਨ ਅਵਸਥਾ) ਨਾਲ ਕੀਤੀ ਜਾ ਸਕਦੀ ਹੈ। ਇਸੇ ਤੁਲਨਾਤਮਕ ਦ੍ਰਿਸ਼ਟੀ ਤੋਂ 'ਸੁੰਨ ਸਰੋਵਰ' ਦਾ ਉਲੇਖ ਪ੍ਰਾਣ-ਸੰਗਲੀ ਵਿਚ ਮਿਲਦਾ ਹੈ:

ਸਤਿਗੁਰ ਪਰਚੈ ਪਾਵੈ ਮਾਨੁ। ਸਰਬ ਨਿਰੰਤਰਿ ਅਲਖੁ ਪਛਾਨੁ।।
ਸੁੰਨ ਸਰੋਵਰਿ ਸੋਹੈ ਸੋਈ। ਨਦਰਿ ਕਰੇ ਥਿਰੁ ਪ੍ਰਾਪਤਿ ਹੋਈ।।[5]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 325.
2. ਉਹੀ, ਪੰਨਾ 627.
3. ਉਹੀ, ਪੰਨਾ 740.
4. ਦੇਖੋ: ਉਹੀ, ਪੰਨੇ 337,639,733,750.
5. ਉਹੀ, ਪੰਨਾ 233.

ਉਦਾਸ ਕਰਮ ਜੋਗ ਸੰਬੰਧੀ ਵਿਵੇਚਨ ਵਿਚ ਇਹ ਤੁਕਾਂ ਆਈਆਂ ਹਨ। ਸਤਿਗੁਰੂ ਦਾ ਪਰਿਚਯ ਜਾਂ ਉਸਦੀ ਕ੍ਰਿਪਾ ਨਾਲ ਸਰਬ ਵਿਆਪਕ ਬ੍ਰਹਮ ਨੂੰ ਪਛਾਣਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਅਤੇ ਸੁੰਨ ਸਰੋਵਰ ਅਰਥਾਤ ਦਸਮ ਦੁਆਰ ਵਿਚ ਪ੍ਰਾਣਾਂ ਦਾ ਲਯ ਹੁੰਦਾ ਹੈ। ਸੁੰਨ ਸਰੋਵਰ ਦੇ ਇਸ ਰੂਪਕ ਦੀ ਵਰਤੋਂ ਇਕ ਹੋਰ ਪ੍ਰਸੰਗ ਵਿਚ ਇੰਜ ਕੀਤੀ ਗਈ ਹੈ:

ਸੁੰਨ ਸਰੋਵਰ ਮਜਨੁ ਕਰੈ। ਸਹਜਿ ਰੂਪਾ ਹੈ ਘਰ ਮਹਿ ਬਰੈ॥
ਮਾਣਕ ਲਾਲੁ ਵਣਜੈ ਵਣਜਾਰਾ। ਨਾਨਕ ਪਰਖੈ ਪਰਖਣਹਾਰਾ॥[1]

ਭਾਵ ਇਹ ਹੈ ਕਿ ਸੁੰਨ ਸਰੋਵਰ ਵਿਚ ਇਸ਼ਨਾਨ ਕਰਕੇ ਅਰਥਾਤ ਚਿੱਤ ਦੀ ਸ਼ੂਨਯ ਅਵਸਥਾ ਪ੍ਰਾਪਤ ਕਰਨ ਤੋਂ ਮਗਰੋਂ ਸਾਧਕ ਸਹਿਜ ਸਮਾਧੀ ਵਿਚ ਲੀਨ ਹੁੰਦਾ ਹੈ ਅਤੇ ਗਿਆਨਰੂਪੀ ਹੀਰੇ ਮੋਤੀ ਉਸਨੂੰ ਪ੍ਰਾਪਤ ਹੁੰਦੇ ਹਨ।

111) <u>ਸੁੰਨ ਮਹਿਲ:</u> ਮਹਿਲ ਸ਼ਬਦ ਦੀ ਵਰਤੋਂ ਗੁਰੂ ਘਰ ਵਿਚ ਅਤੇ ਉਹਨਾਂ ਦੇ ਪ੍ਰਭਾਵ ਹੇਠ ਪੰਜਾਬੀ ਸਾਹਿਤ ਵਿਚ ਬਹੁਤ ਹੋਈ ਹੈ। ਇਸ ਸ਼ਬਦ ਦੇ ਅਰਥਾਂ ਬਾਰੇ ਵੀ ਕਾਫ਼ੀ ਮਤਭੇਦ ਰਿਹਾ ਹੈ। ਇਸ ਸ਼ਬਦ ਦਾ ਮੂਲ ਸੰਸਕ੍ਰਿਤ ਦਾ 'ਮਹਤ' ਸ਼ਬਦ ਜਾਪਦਾ ਹੈ ਅਤੇ ਇਸਦਾ ਅਰਥ 'ਮਹਾਨ' ਹੋ ਸਕਦਾ ਹੈ। ਸੂਫ਼ੀ ਜਾਂ ਇਸਲਾਮੀ ਪਰੰਪਰਾਵਾਂ ਵਿਚ 'ਮਹਲ' ਸ਼ਬਦ ਪਤਨੀ ਜਾਂ ਨਾਰੀ ਲਈ ਵੀ ਵਰਤਿਆ ਜਾਂਦਾ ਹੈ। ਪਰਿਵਾਰ ਲਈ ਵੀ ਇਸਦੀ ਵਰਤੋਂ ਹੁੰਦੀ ਹੈ। ਪ੍ਰਭੂ ਦੇ ਨਾਲ ਆਪਣੀ ਪਤੀ ਪਤਨੀ ਵਾਲੀ ਭਾਵਨਾ ਨੂੰ ਪ੍ਰਗਟਾਉਣ ਲਈ ਵੀ 'ਮਹਲ' ਸ਼ਬਦ ਦੀ ਵਰਤੋਂ ਹੋਈ ਹੈ। ਇੰਜ ਜਾਪਦਾ ਹੈ ਕਿ ਸੰਸਕ੍ਰਿਤ ਦੇ 'ਮਹਤ' ਸ਼ਬਦ ਦੀ ਮੂਲ ਭਾਵਨਾ ਅਤੇ ਸੂਫ਼ੀ ਪਰੰਪਰਾ ਦਾ ਪ੍ਰਭਾਵ ਇਸ 'ਮਹਲ' ਸ਼ਬਦ ਵਿਚ ਵਿਦਮਾਨ ਹੈ।

ਪ੍ਰਾਣ-ਸੰਗਲੀ ਵਿਚ ਸੁੰਨ ਮਹਲ' ਸ਼ਬਦ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਜਬ ਇਹੁ ਮਨੁ ਸਤਿਗੁਰ ਸ਼ਬਦਿ ਸਮਾਈ। ਤਬ ਹੋਵੈ ਅਸਥਿਰ ਫਿਰਿ ਕਾਲੁ ਨਾ ਖਾਈ॥
ਸੁੰਨ ਮਹਲੁ ਮਹਿ ਛਾਵਣੁ ਛਾਈ। ਨਾਨਕ ਹੋਵੈ ਬਿਦੇਹ ਅਨਹਦੁ ਲਿਵ ਲਾਈ॥[2]

ਪ੍ਰਾਣ-ਸੰਗਲੀ ਦੇ 'ਜੋਗ ਬਿਦ' ਰੂਬ ਵਿਚ ਇਹ ਤੁਕ ਆਈ ਹੈ। ਇਸ ਦਾ ਭਾਵ ਹੈ ਕਿ ਸ਼ੂਨਯ ਅਰਥਾਤ ਪ੍ਰਾਣਾਂ ਦੇ ਸਹੰਸ੍ਰਦਲ ਕਮਲ ਵਿਚ ਲਯ ਹੋਣ ਤੋਂ ਬਾਅਦ ਸਾਧਕ ਦਾ ਦੇਹ ਸੰਬੰਧੀ ਅਭਿਮਾਨ ਨਸ਼ਟ ਹੋ ਜਾਂਦਾ ਹੈ ਅਰਥਾਤ ਉਸ ਨੂੰ ਵਿਦੇਹ ਅਵਸਥਾ ਪ੍ਰਾਪਤ ਹੁੰਦੀ ਹੈ। ਕਾਲ ਦੇ ਪੰਜੇ ਤੋਂ ਬਚ ਜਾਂਦਾ ਹੈ ਅਤੇ ਸੁੰਨ ਮਹਿਲ ਵਿਚ ਉਸਦਾ ਵਾਸਾ ਹੁੰਦਾ ਹੈ।

1v) <u>ਸੁੰਨ ਗੁਫ਼ਾ:</u> ਦਸਮ ਦੁਆਰ ਨੂੰ ਕਈ ਵਾਰੀ 'ਗੁਨਿਗੁਫਾ' ਵੀ ਕਿਹਾ ਜਾਂਦਾ ਹੈ। ਗੁਫ਼ਾ ਦੀ ਡੂੰਘਿਆਈ ਅਤੇ ਉਸਦਾ ਸਾਂਤਮਈ ਵਾਤਾਵਰਣ ਮਨ ਦੀ 'ਸ਼ੂਨਯ' ਅਵਸਥਾ ਲਈ ਠੀਕ ਤਰ੍ਹਾਂ ਢੁਕ ਜਾਂਦਾ ਹੈ। ਇਸ ਲਈ ਮਨ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 335.
2. ਉਹੀ, ਪੰਨਾ 628.

ਦੀ ਇਸ ਅਵਸਥਾ ਨੂੰ ਸੁੰਨ ਗੁਫ਼ਾ ਕਹਿਣਾ ਉਚਿਤ ਜਾਪਦਾ ਹੈ।

ਪ੍ਰਾਣ-ਸੰਗਲੀ ਵਿਚ ਸੁੰਨ ਗੁਫ਼ਾ ਦਾ ਉਲੇਖ ਇਸ ਤਰ੍ਹਾਂ ਮਿਲਦਾ ਹੈ:

ਨਉ ਦਰਿ ਮੂੰਦ ਇਕਤ੍ਰ ਘਰ ਜਾਏ। ਸੁੰਨ ਗੁਫ਼ਾ ਕੀ ਸੋਝੀ ਪਾਏ॥[1]

ਪ੍ਰਾਣ-ਸੰਗਲੀ ਦੇ 'ਰਤਨ ਜੋਗ ਨਿਧਿ' ਵਿਚ ਜੋਗੀ ਅਤੇ ਵੈਰਾਗੀ ਆਦਿ ਸਾਧਕਾਂ ਦੇ ਲੱਛਣ ਇਸ ਤੁਕ ਵਿਚ ਦੱਸੇ ਗਏ ਹਨ। ਇਹਨਾਂ ਦਾ ਭਾਵ ਇਹ ਹੈ ਕਿ ਸਰੀਰ ਦੇ ਨੌਂ ਦਰਵਾਜ਼ਿਆਂ ਨੂੰ ਜੋਗ ਵਿਧੀ ਨਾਲ ਬੰਦ ਕਰਕੇ ਦਸਮ ਦੁਆਰ ਵਿਚ ਮਨ ਨੂੰ ਲੈ ਜਾ ਕੇ ਸੁੰਨ ਗੁਫ਼ਾ ਅਰਥਾਤ 'ਦਸਮ ਦੁਆਰ' ਜਾਂ ਸਹੰਸ੍ਰਦਲ ਕਮਲ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਇਸੇ ਸੁੰਨ ਗੁਫ਼ਾ ਵਿਚ ਸਮਾਧਿ (ਤਾੜੀ) ਲਾਉਣਾ ਅਤੇ ਦਸਮ ਦੁਆਰ ਵਿਚ ਅਨਹਦ ਨਾਦ ਸੁਣਨਾ ਜੋਗ ਸਾਧਕ ਦਾ ਉਦੇਸ਼ ਹੁੰਦਾ ਹੈ। ਸੁੰਨ ਗੁਫ਼ਾ ਬਾਰੇ ਪ੍ਰਾਣ-ਸੰਗਲੀ ਵਿਚ ਇਸ ਪ੍ਰਕਾਰ ਵਰਣਨ ਕੀਤਾ ਗਿਆ ਹੈ:

ਸੁੰਨ ਗੁਫ਼ਾ ਮਹਿ ਤਾੜੀ ਲਾਏ। ਦਸਵੇਂ ਦੁਆਰੇ ਨਾਦੁ ਬਜਾਏ॥[2]

ਵਾਸਤਵ ਵਿਚ ਸੁੰਨ ਨੂੰ ਗੁਫ਼ਾ, ਮਹਿਲ, ਮੰਡਲ ਆਦਿ ਕਹਿਣਾ ਸੁੰਨ ਅਵਸਥਾ ਦੀ ਮੂਰਤ ਅਤੇ ਰਹੱਸਮਈ ਅਵਸਥਾ ਦਾ ਸੂਚਕ ਹੈ।

ੲ) <u>ਸੁੰਨ ਸਮਾਧਿ:</u> ਸਮਾਧੀ ਦਾ ਸੰਕਲਪ ਰਾਜ ਜੋਗ ਦਾ ਸਭ ਤੋਂ ਵੱਡਾ ਸੰਕਲਪ ਹੈ। ਇਸਦੇ ਰਾਹੀਂ ਸਾਧਕ ਆਪਣੇ ਸਰੀਰ ਅਤੇ ਜਗਤ ਦੀਆਂ ਸਾਰੀਆਂ ਸਮਸਿਆਵਾਂ ਤੋਂ ਉੱਤੇ ਉਠ ਕੇ ਪਾਰਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਪਤੰਜਲੀ ਨੇ ਇਸ ਨੂੰ ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਉਪਲਬਧੀ ਦੱਸਿਆ ਹੈ।

ਪ੍ਰਾਣ-ਸੰਗਲੀ ਵਿਚ ਸਮਾਧੀ ਦੇ ਕਈ ਪ੍ਰਕਾਰਾਂ ਦਾ ਉਲੇਖ ਹੈ ਜਿਵੇਂ ਸਹਿਜ ਸਮਾਧੀ, ਜੋਗ ਸਮਾਧੀ ਅਤੇ ਸੁੰਨ ਸਮਾਧੀ ਆਦਿ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਸਮਾਧੀ ਸ਼ਬਦ ਦੀ ਵਰਤੋਂ ਕਿਸੇ ਵਿਸ਼ੇਸ਼ ਦਾਰਸ਼ਨਿਕ ਜਾਂ ਸਾਧਨਾਤਮਕ ਦ੍ਰਿਸ਼ਟੀਕੋਣ ਨੂੰ ਮੁੱਖ ਰਖ ਕੇ ਨਹੀਂ ਕੀਤੀ। ਉਦਾਹਰਣ ਵਜੋਂ ਜਿਹੜੇ ਵਿਚਾਰਕ ਜਾਂ ਸਾਧਕ ਸਮਾਧੀ ਵਿਚ ਵਿਸ਼ਵਾਸ਼ ਨਹੀਂ ਕਰਦੇ, ਉਹਨਾਂ ਲਈ ਵੀ ਸਮਾਧੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜਿਵੇਂ ਹਠ ਜੋਗੀ ਸਮਾਧੀ ਨੂੰ ਆਪਣਾ ਉਦੇਸ਼ ਨਹੀਂ ਮੰਨਦੇ ਪਰ ਪ੍ਰਾਣ-ਸੰਗਲੀ ਦੇ ਲੇਖਕ ਨੇ ਉਹਨਾਂ ਦੀ ਸਾਧਨਾ ਅਤੇ ਰਹਿਣੀ ਬਹਿਣੀ ਦੇ ਸੰਦਰਭ ਵਿਚ ਸਮਾਧੀ ਦੀ ਅਵਸਥਾ ਦਾ ਵਰਣਨ ਕੀਤਾ ਹੈ।

ਪ੍ਰਾਣ-ਸੰਗਲੀ ਵਿਚ ਸੁੰਨ ਸਮਾਧੀ ਦੇ ਇਹ ਉਲੇਖ ਮਹੱਤਵਪੂਰਨ ਹਨ:

ਇਹੁ ਮਨ ਸਮਝਿ ਅਪਨੈ ਘਰ ਨਿਹਿ ਪਾਵੈ। ਅਪਨੇ ਘਰ ਮਹਿ ਘਰ ਨਦਰੀ ਆਵੈ॥
ਅਕਥ ਕਥੈ ਅਵਗਤ ਗਹੁ ਪਾਵੈ। ਨਾਨਕ ਸੁੰਨ ਸਮਾਧਿ ਸਮਾਵੈ॥[3]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 328.
2. ਉਹੀ, ਪੰਨਾ 335.
3. ਉਹੀ, ਪੰਨਾ 312.

ਮਨ ਦੀ ਇਸ 'ਸੁੰਨ ਅਵਸਥਾ' ਵਿਚ ਸਾਧਕ ਬ੍ਰਹਮ ਨਾਲ ਇਕਮਿਕ ਹੋ ਜਾਂਦਾ ਹੈ ਅਤੇ ਉਸਨੂੰ ਆਪਣੇ ਅੰਦਰ ਹੀ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਅਵਸਥਾ ਵਿਚ ਬ੍ਰਹਮ ਦੀ ਰਹਸਮਈ ਸਥਿਤੀ ਉਸਦੇ ਸਾਹਮਣੇ ਸਪੱਸ਼ਟ ਹੋ ਜਾਂਦੀ ਹੈ। ਇਸੇ ਭਾਵ ਨੂੰ ਇਸ ਤੁਕ ਵਿਚ ਪ੍ਰਗਟਾਇਆ ਗਿਆ ਹੈ:

ਉਤਮ ਜਨ ਸੰਗਤਿ ਪਰਧਾਨ। ਸੁੰਨ ਸਮਾਇ ਰਹੇ ਮਨੁ ਮਾਨੁ॥[1]

ਸਤਿਗੁਰੂ ਦੀ ਕ੍ਰਿਪਾ ਨਾਲ ਮਨ ਸੂਖਮ ਅਵਸਥਾ ਵਿਚ ਪੁਜ ਕੇ ਪਾਰਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਸੁੰਨ ਸਮਾਧੀ ਦਾ ਇਹ ਵੇਰਵਾ ਵੀ ਉਲੇਖਣਯੋਗ ਹੈ:

ਦਸਵੈਂ ਦੁਆਰੇ ਲਾਵੈ ਡੋਰੀ। ਗੁਰ ਕਾ ਸ਼ਬਦ ਅਨਾਹਦ ਲੋਰੀ॥
ਪਾਰਸੁ ਪਰਸਿ ਪਰਮ ਪਦੁ ਪਾਵੈ। ਨਾਨਕ ਸੁੰਨ ਸਮਾਧਿ ਲਗਾਵੈ॥[2]

ਦਸਮ ਦੁਆਰ ਅਤੇ ਅਨਾਹਦ ਸ਼ਬਦ ਦਾ ਇਹ ਉਲੇਖ ਸੁੰਨ ਸਮਾਧਿ ਦੇ ਸੰਬੰਧ ਵਿਚ ਬਹੁਤ ਪ੍ਰਮਾਣਿਕ ਹੈ। ਪਾਰਸ ਸ਼ਬਦ ਗਿਆਨ ਦਾ ਸੂਚਕ ਹੈ ਅਤੇ ਇਸੇ ਗਿਆਨ ਰਾਹੀਂ ਪਰਮਪਦ ਅਰਥਾਤ ਮੁਕਤੀ (ਬ੍ਰਹਮਲੀਨ ਹੋਣ ਦੀ ਅਵਸਥਾ) ਦੀ ਪ੍ਰਾਪਤੀ ਹੁੰਦੀ ਹੈ; ਇਸੇ ਤਰ੍ਹਾਂ:

ਸੁੰਨ ਸਮਾਧਿ ਅਨਾਹਦੁ ਧਿਆਨੁ। ਅਕਾਲਪੁਰਖ ਪੂਰਾ ਗੁਰ ਗਿਆਨੁ॥[3]

'ਅਨਾਹਦ ਨਾਦ', 'ਧਿਆਨ', 'ਅਕਾਲਪੁਰਖ' ਅਤੇ ਪੂਰੇ ਗੁਰੂ ਤੋਂ ਗਿਆਨ ਦੀ ਪ੍ਰਾਪਤੀ ਆਦਿ ਉਲੇਖ ਇਸ ਤੁਕ ਵਿਚ ਬਹੁਤ ਪ੍ਰਮਾਣਿਕ ਹਨ।[4]

ਸਾਰਾਂਸ਼ ਵਜੋਂ ਸਮਾਧੀ ਦੀ ਅਵਸਥਾ ਸਾਧਨਾ ਦੀ ਸਭ ਤੋਂ ਵੱਡੀ ਅਵਸਥਾ ਮੰਨੀ ਜਾਂਦੀ ਹੈ। ਹਠ ਯੋਗ ਅਤੇ ਯੋਗ ਦੇ ਹੋਰ ਪ੍ਰਕਾਰਾਂ ਵਿਚ ਵੀ ਸਮਾਧੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਪਤੰਜਲੀ ਅਨੁਸਾਰ ਜੀਵ ਆਤਮਾ ਦਾ ਪਰਮਾਤਮਾ ਵਿਚ ਲਯ ਹੋਣਾ ਸਮਾਧੀ ਅਵਸਥਾ ਦਾ ਸੂਚਕ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਇਸੇ ਅਵਸਥਾ ਦਾ ਉਲੇਖ ਵੱਖਰੇ ਵੱਖਰੇ ਸੰਦਰਭਾਂ ਵਿਚ ਕੀਤਾ ਹੈ। ਉਸਦਾ ਭਾਵ ਮਨ ਦੀ ਇਕਾਗਰਤਾ ਅਤੇ ਉਸਦੀ ਸੂਖਮ ਅਵਸਥਾ ਦੀ ਸੂਚਨਾ ਦੇਣ ਮਾਤਰ ਹੈ।

### 8) ਯੋਗ ਜੁਗਤਿ

ਪ੍ਰਾਣ-ਸੰਗਲੀ ਵਿਚ ਯੋਗੀ ਦੀ ਰਹਿਣੀ ਬਹਿਣੀ ਨੂੰ ਸਪੱਸ਼ਟ ਕਰਨ ਲਈ ਯੋਗ ਜੁਗਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਅਤੇ 'ਯੋਗ ਜੁਗਤ ਦਾ ਕਥਨ' ਇਸ ਸਿਰਲੇਖ ਹੇਠ ਯੋਗੀ ਦੀ ਰਹਿਣੀ ਬਹਿਣੀ ਅਤੇ ਉਸਦੀ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 312.
2. ਉਹੀ, ਪੰਨਾ 333.
3. ਉਹੀ, ਪੰਨਾ 333.
4. ਇਸ ਸੁੰਨ ਸਮਾਧੀ ਨੂੰ ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ 'ਗਗਨਸਰ' ਜਾਂ 'ਗਗਨਾਂਤਰ' ਵੀ ਕਿਹਾ ਗਿਆ ਹੈ; ਜਿਵੇਂ: 1) ਗਗਨਸਰ ਆਸਨਿ ਕਲਪਤਿ ਵਿਖ ਖੰਡਾ। ਉਹੀ, ਪੰਨਾ 235.
   ii) ਗਗਨੰਤਰ ਲਉ ਭਉਰ ਉਡਾਰੇ। ਉਹੀ, ਪੰਨਾ 234.

ਦ੍ਰਿਸ਼ਟੀ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਗਿਆ ਹੈ:

> "ਯੋਗੀ ਲਈ ਸੁੰਨ ਸਮਾਧਿ ਦੀ ਅਵਸਥਾ, ਕੁੰਡਲਿਨੀ ਜਾਗਰਣ ਅਤੇ ਦੁਬਿਧਾ ਦੀ ਸਮਾਪਤੀ ਮੁੱਖ ਗੱਲਾਂ ਦੱਸੀਆਂ ਗਈਆਂ ਹਨ। ਇਸ ਨੂੰ ਸੱਚੀ ਯੋਗ ਜੁਗਤ ਦੱਸਿਆ ਗਿਆ ਹੈ।"[1]

ਇਸੇ ਤਰ੍ਹਾਂ ਅਨਾਹਦ ਨਾਦ ਦੀ ਪ੍ਰਾਪਤੀ, ਅਗਮ ਰੂਪ ਦਾ ਦਰਸ਼ਨ, ਯੋਗ ਦੀ ਸੱਚੀ ਜੁਗਤ ਦੱਸੀ ਗਈ ਹੈ।[2]

ਇਕ ਹੋਰ ਥਾਂ ਤੇ ਜਪ ਤਪ ਸੰਜਮ ਨੂੰ ਯੋਗ ਦੀ ਸੱਚੀ ਜੁਗਤ ਜਾਂ ਸੱਚੀ ਚਾਲ ਦੱਸਿਆ ਗਿਆ ਹੈ।[3]

ਇਸ ਵਿਵੇਚਨ ਦਾ ਭਾਵ ਇਹ ਹੈ ਕਿ ਯੋਗ ਸਾਧਨਾ ਲਈ ਇੰਦ੍ਰੀ ਸੰਜਮ ਅਤੇ ਹਠ ਯੋਗ ਦੀਆਂ ਕ੍ਰਿਆਵਾਂ ਨਾਲ ਕਾਇਆ ਸੁੱਧੀ ਕਰਨਾ ਬਹੁਤ ਆਵੱਸ਼ਕ ਹੈ। ਜੇ ਇਸ ਪ੍ਰਕ੍ਰਿਆ ਨੂੰ ਪੂਰਾ ਨਾ ਕੀਤਾ ਜਾਵੇ ਤਾਂ ਯੋਗ ਸਾਧਨਾ ਸਫਲ ਨਹੀਂ ਹੁੰਦੀ। ਪ੍ਰਾਣ-ਸੰਗਲੀ ਦੇ ਲੇਖਕ ਨੇ ਵਿਸ਼ੇਸ਼ ਵਸਤ੍ਰ ਧਾਰਨ ਕਰਨ ਨਾਲ, ਘਰ ਬਾਰ ਛੋੜਣ ਨਾਲ, ਕੰਨ ਪੜਵਾਉਣ ਨਾਲ ਯੋਗ ਸਿੱਧੀ ਨਹੀਂ ਹੁੰਦੀ, ਇਹ ਗੱਲ ਵਾਰ ਵਾਰ ਕਹੀ ਹੈ:

> ਮੂੰਡ ਮੁੰਡਾਏ ਜੋਗੁ ਨਾ ਹੋਈ। ਘਰਿ ਘਰਿ ਮਾਂਗਤੁ ਜਨਮੁ ਗਵੋਈ॥
> ਜੋਗ ਨਾ ਪਾਯਾ ਜੁਗਤਿ ਗਵਾਈ। ਕਿਤੁ ਕਾਰਣਿ ਸਿਰਿ ਛਾਈ ਪਾਈ॥[4]

<u>ਨਿਸ਼ਕਰਸ਼:</u> ਭਾਰਤੀ ਸੰਸਕ੍ਰਿਤੀ ਵਿਚ ਮਨੁੱਖੀ ਜੀਵਨ ਨੂੰ ਕੇਵਲ ਭੌਤਿਕ ਪੱਧਰ ਉੱਤੇ ਹੀ ਸਥਾਪਿਤ ਨਹੀਂ ਕੀਤਾ ਗਿਆ ਸਗੋਂ ਮਨੁੱਖ ਦੀਆਂ ਮਾਨਸਿਕ ਅਤੇ ਅਧਿਆਤਮਕ ਆਵੱਸ਼ਕਤਾਵਾਂ ਨੂੰ ਵੀ ਵਧੇਰੇ ਮਹੱਤਵਪੂਰਣ ਮੰਨਿਆ ਗਿਆ। ਕਹਿਣ ਦਾ ਭਾਵ ਇਹ ਹੈ ਕਿ ਮਨੁੱਖੀ ਜੀਵਨ ਦਾ ਉਦੇਸ਼ ਕੇਵਲ ਰੋਟੀ, ਕਪੜਾ ਅਤੇ ਮਕਾਨ ਹੀ ਮੰਨਿਆ ਗਿਆ ਸਗੋਂ ਇਸ ਤੋਂ ਉਚੇ ਉਠ ਕੇ ਮਨੁੱਖ ਨੂੰ ਅਧਿਆਤਮਕ ਪੱਧਰ ਉੱਤੇ ਇਕ ਪੂਰਨ ਮਨੁੱਖ ਦੇ ਰੂਪ ਵਿਚ ਸਥਾਪਿਤ ਕਰਨ ਦਾ ਯਤਨ ਵੀ ਕੀਤਾ ਗਿਆ। ਇਸ ਯਤਨ ਦੇ ਸਦਕੇ ਭਾਰਤੀ ਸੰਸਕ੍ਰਿਤੀ ਅਤੇ ਭਾਰਤੀ ਸਾਹਿੱਤ ਵਿਚ ਮਨੁੱਖ ਦੀ ਅਧਿਆਤਮਕ ਉੱਨਤੀ ਲਈ ਬਹੁਤ ਸਾਰੇ ਸਾਧਨਾਂ ਦਾ ਵਿਧਾਨ ਕੀਤਾ ਗਿਆ। ਸੰਖੇਪ ਵਿਚ ਵੈਦਿਕ ਯੁਗ ਤੋਂ ਲੈ ਕੇ ਈਸਾ ਦੇ ਪਹਿਲੇ ਕਈ ਸਦੀਆਂ ਤਕ ਭਾਰਤੀ ਅਚਾਰਯਾਂ ਨੇ ਮਨੁੱਖੀ ਜੀਵਨ ਨੂੰ ਭੌਤਿਕ ਆਵੱਸ਼ਕਤਾਵਾਂ ਦੇ ਨਾਲ ਨਾਲ ਇਕ ਉਚੇਰੀ ਅਧਿਆਤਮਕ ਜੀਵਨ ਪੱਧਤੀ ਵੱਲ ਪ੍ਰੇਰਿਤ ਕੀਤਾ। ਇਸ ਪ੍ਰੇਰਨਾ ਦੇ ਮੂਲ ਸੋਮੇ ਹਨ 'ਉਪਨਿਸ਼ਦ' ਅਤੇ ਧਰਮ ਸ਼ਾਸਤ੍ਰ ਦੀਆਂ 'ਮਨੂਸਿਮ੍ਰਤੀ' ਆਦਿਕ ਪੁਸਤਕਾਂ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 332.
2. ਉਹੀ, ਪੰਨਾ 333.
3. ਉਹੀ, ਪੰਨਾ 336.
4. ਉਹੀ, ਪੰਨਾ 336.

ਉਪਨਿਸ਼ਦਾਂ ਦੇ ਗਿਆਨ ਕਾਂਡ ਨਾਲ ਮਨੁੱਖ ਨੇ ਅਧਿਆਤਮਕ ਉੱਨਤੀ ਦਾ ਇਕ ਅਣਛੋਹਿਆ ਸਿਖਰ ਛੋਹਿਆ। ਇਸ ਤੋਂ ਪਹਿਲਾਂ ਵੈਦਿਕ ਯੁਗ ਦਾ ਮਨੁੱਖ ਆਪਣੀਆਂ ਭੌਤਿਕ ਇੱਛਾਵਾਂ ਦੀ ਪੂਰਤੀ ਲਈ ਹੀ ਪ੍ਰਾਰਥਨਾਵਾਂ ਯੱਗ ਆਦਿ ਵਗੈਰੇ ਕਰਦਾ ਸੀ। ਉਪਨਿਸ਼ਦਾਂ ਤੋਂ ਬਾਅਦ ਆਤਮਾ ਅਤੇ ਬ੍ਰਹਮ ਨੂੰ ਸਾਧਨਾ ਅਤੇ ਚਿੰਤਨ ਦੇ ਖੇਤਰ ਵਿਚ ਮੁੱਖ ਸਥਾਨ ਦਿੱਤਾ ਗਿਆ।

ਇਸ ਅਧਿਆਤਮਕ ਸਾਧਨਾ ਦੇ ਦੋ ਰੂਪ ਉਭਰ ਕੇ ਸਾਹਮਣੇ ਆਉਂਦੇ ਹਨ – ਇਕ ਹੈ ਗਿਆਨ ਮੂਲਕ ਅਧਿਆਤਮਕ ਸਾਧਨਾ ਦਾ ਅਤੇ ਦੂਜਾ ਹੈ ਕਠੋਰ ਤਪਸਿਆ ਮੂਲਕ ਸਾਧਨਾ ਦਾ। ਇਹਨਾਂ ਦੋਹਾਂ ਸਾਧਨਾ ਪੱਧਤੀਆਂ ਦਾ ਅੰਤਿਮ ਵਿਕਾਸ ਰਾਜ ਯੋਗ, ਵੇਦਾਂਤ ਅਤੇ ਹਠ ਯੋਗ ਦੀਆਂ ਵੱਖਰੀਆਂ ਵੱਖਰੀਆਂ ਸਾਧਨਾ ਪੱਧਤੀਆਂ ਦੇ ਰੂਪ ਵਿਚ ਹੋਇਆ।

ਰਾਜ ਯੋਗ ਅਤੇ ਹਠ ਯੋਗ ਦੇ ਵਿਚਕਾਰ ਭਗਤੀ ਦੀ ਇਕ ਕੋਮਲ ਭਾਵਨਾ ਦਾ ਵੀ ਸਾਧਨਾਤਮਕ ਵਿਕਾਸ ਹੌਲੀ ਹੌਲੀ ਹੁੰਦਾ ਗਿਆ। ਇਸ ਤਰ੍ਹਾਂ ਸਮੁੱਚੀ ਭਾਰਤੀ ਅਧਿਆਤਮਕ ਸਾਧਨਾ ਦੇ ਤਿੰਨ ਰੂਪ ਮੁੱਖ ਤੌਰ ਤੇ ਸਾਹਮਣੇ ਆਉਂਦੇ ਹਨ:

i) ਗਿਆਨ ਮੂਲਕ ਅਧਿਆਤਮਕ ਸਾਧਨਾ,
ii) ਕਠੋਰ ਤਪਸਿਆ ਮੂਲਕ ਅਧਿਆਤਮਕ ਸਾਧਨਾ, ਅਤੇ
iii) ਭਗਤੀ ਮੂਲਕ ਅਧਿਆਤਮਕ ਸਾਧਨਾ।

ਭਾਰਤੀ ਅਧਿਆਤਮਕ ਸਾਧਨਾ ਦੇ ਇਹਨਾਂ ਤਿੰਨਾਂ ਰੂਪਾਂ ਨੇ ਭਾਰਤ ਦੇ ਸਮੁੱਚੇ ਸਾਹਿੱਤ ਨੂੰ ਬੜੀ ਗੰਭੀਰਤਾ ਅਤੇ ਵਿਆਪਕਤਾ ਨਾਲ ਪ੍ਰਭਾਵਿਤ ਕੀਤਾ ਹੈ। ਭਾਰਤ ਦਾ ਕਥਾ ਸਾਹਿੱਤ , ਭਾਰਤੀ ਨਾਟਕ, ਭਾਰਤੀ ਕਵਿਤਾ ਅਤੇ ਭਾਰਤੀ ਆਲੋਚਨਾ ਪੱਧਤੀ ਕਿਸੇ ਨਾ ਕਿਸੇ ਅਧਿਆਤਮਕ ਸਾਧਨਾ ਪੱਧਤੀ ਨਾਲ ਜੁੜੀ ਰਹੀ ਹੈ। ਭਾਰਤ ਦੇ ਕਿਸੇ ਵੀ ਮਹਾਨ ਲੇਖਕ ਜਾਂ ਉਸ ਦੀ ਕਿਸੇ ਮਹਾਨ ਕ੍ਰਿਤੀ ਨੂੰ ਅਧਿਆਤਮਕ ਸਾਧਨਾ ਦੇ ਘੇਰੇ ਤੋਂ ਬਾਹਰ ਨਹੀਂ ਰਖਿਆ ਜਾ ਸਕਦਾ।

ਪੰਜਾਬੀ ਸਾਹਿੱਤ ਵੀ ਇਸ ਅਧਿਆਤਮਕ ਸਾਧਨਾ ਪੱਧਤੀ ਦੇ ਪ੍ਰਭਾਵ ਤੋਂ ਕੋਰਾ ਨਹੀਂ ਰਹਿ ਸਕਿਆ। ਸ਼ੇਖ ਫਰੀਦ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਤਕ ਕਾਵਿ ਦੀ ਮੂਲ ਪ੍ਰੇਰਨਾ ਅਧਿਆਤਮਕ ਸਾਧਨਾ ਹੀ ਰਹੀ ਹੈ। ਇਸ ਅਧਿਆਤਮਕ ਵਿਰਸੇ ਨੂੰ ਉੱਤਰਵਰਤੀ ਕਵੀਆਂ ਅਤੇ ਲੇਖਕਾਂ ਨੇ ਪੂਰੀ ਸ਼ਰਧਾ ਅਤੇ ਅਟੁੱਟ ਵਿਸ਼ਵਾਸ ਨਾਲ ਸਵੀਕਾਰ ਕੀਤਾ। ਇਹੋ ਕਾਰਨ ਹੈ ਕਿ ਪੰਜਾਬੀ ਸਾਹਿੱਤ ਉੱਤੇ ਅਧਿਆਤਮਕਤਾ ਦਾ ਪ੍ਰਭਾਵ ਬਹੁਤ ਡੂੰਘਾ ਅਤੇ ਵਿਆਪਕ ਹੈ।

ਪ੍ਰਾਣ-ਸੰਗਲੀ ਦਾ ਕੋਈ ਵੀ ਅਧਿਐਨ ਉਦੋਂ ਤਕ ਮੁਕੰਮਲ ਨਹੀਂ ਹੋ ਸਕਦਾ ਜਦੋਂ ਤਕ ਪੰਜਾਬੀ ਦੇ ਅਧਿਆਤਮਕ ਸਾਹਿਤ ਦਾ ਸੰਦਰਭ ਇਸ ਨੂੰ ਨਾ ਦਿੱਤਾ ਜਾਵੇ। ਪ੍ਰਾਣ-ਸੰਗਲੀ ਦੀ ਕੇਂਦਰੀ ਦ੍ਰਿਸ਼ਟੀ ਨੂੰ ਸਮਝਣ ਲਈ ਕਬੀਰ ਜੀ ਦੀ ਇਹ ਤੁਕ ਬਹੁਤ ਢੁਕਵੀਂ ਹੈ:

ਤੁਮ ਜਨਿ ਜਾਨੋ ਕੀਤ ਹੈ,
ਸਾਮੇ ਬ੍ਰਹਮ ਵਿਚਾਰ।

ਪ੍ਰਾਣ-ਸੰਗਲੀ ਕੋਈ ਕੋਰੀ ਤੁਕ ਬੰਦੀ ਨਹੀਂ ਹੈ। ਨਾ ਹੀ ਇਸ ਨੂੰ ਇਸ ਦੇ ਲੇਖਕ ਨੇ ਸਮਾਨਯ ਕਾਵਿ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸਦਾ ਮੂਲ ਉਦੇਸ਼ ਅਧਿਆਤਮਕ ਹੈ। ਇਸ ਵਿਚ ਮੁੱਖ ਤੌਰ ਤੇ ਹਠ ਯੋਗ ਅਤੇ ਭਗਤੀ ਭਾਵ ਦਾ ਚੋਖਾ ਵੇਰਵਾ ਮਿਲਦਾ ਹੈ। ਇਸ ਵਿਚ ਦਾਂ ਥਾਂ ਤੇ ਰਾਜ ਯੋਗ ਵੇਦਾਂਤ ਆਦਿ ਗਿਆਨ ਪ੍ਰਧਾਨ ਅਧਿਆਤਮਕ ਸਾਧਨਾ ਦਾ ਵੀ ਵਰਣਨ ਕੀਤਾ ਗਿਆ ਹੈ। ਪਰ ਸਮੁੱਚੀ ਪ੍ਰਾਣ-ਸੰਗਲੀ ਨੂੰ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਇਸ ਦੇ ਲੇਖਕ ਨੇ ਗੁਰੂ ਨਾਨਕ ਦੇਵ ਜੀ ਨੂੰ ਕੇਂਦਰ ਵਿਚ ਰਖ ਕੇ ਹਠ ਯੋਗ ਅਤੇ ਭਗਤੀ ਦੀ ਸਾਧਨਾ ਪੱਧਤੀ ਦਾ ਇਕ ਉੱਚ ਪੱਧਰੀ ਵਿਵੇਚਨ ਪ੍ਰਸਤੁਤ ਕੀਤਾ ਹੈ।

ਪ੍ਰਾਣ-ਸੰਗਲੀ ਪੰਜਾਬੀ ਦੀ ਇਕੋ ਇਕ ਇਹੋ ਜਿਹੀ ਪ੍ਰਾਚੀਨ ਰਚਨਾ ਹੈ ਜਿਸ ਵਿਚ ਅਧਿਆਤਮਕ ਸਾਧਨਾ ਦੇ ਲਗਭਗ ਸਾਰੇ ਪੱਖਾਂ ਦਾ ਵਿਸਥਾਰ ਨਾਲ ਵਿਵੇਚਨ ਹੋਇਆ ਹੈ। ਉਂਜ ਤਾਂ ਪੰਜਾਬੀ ਦੇ ਸਾਰੇ ਕਿੱਸੇ, ਪੰਜਾਬੀ ਦਾ ਸਮੁੱਚਾ ਕਾਵਿ ਅਤੇ ਪੰਜਾਬ ਦੀਆਂ ਉੱਚੀਆਂ ਸਾਹਿਤਕ ਰਚਨਾਵਾਂ ਆਪਣੀ ਆਪਣੀ ਅੰਤਰੀਵੀ ਬਣਤਰ ਰਾਹੀਂ ਅਧਿਆਤਮਕ ਸਾਧਨਾ ਨਾਲ ਜੁੜੀਆਂ ਹੋਈਆਂ ਹਨ ਪਰ ਪ੍ਰਾਣ-ਸੰਗਲੀ ਆਪਣੀ ਦ੍ਰਿਸ਼ਟੀ, ਆਪਣੀ ਸੰਰਚਨਾ ਅਤੇ ਆਪਣੀ ਕਥਾ ਯੋਜਨਾ (ਪ੍ਰਸਤਾਵਨਾ ਆਦਿ) ਰਾਹੀਂ ਅਧਿਆਤਮਕ ਸਾਧਨਾ ਨਾਲ ਸਿੱਧੇ ਤੌਰ ਤੇ ਜੁੜੀ ਹੋਈ ਹੈ। ਭਾਵ ਇਹ ਹੈ ਕਿ ਪੰਜਾਬੀ ਦੇ ਉੱਘੇ ਸਾਹਿਤਕਾਰ ਜਿਵੇਂ ਪੰਡਿਤ ਤਾਰਾ ਸਿੰਘ ਨਰੋਤਮ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਵਿਦਵਾਨ ਗੁਰਬਾਣੀ ਵਿਆਖਿਆ, ਗੁਰਬਾਣੀ ਕੋਸ਼ ਅਤੇ ਗੁਰੂ ਘਰ ਦੀ ਰਹਿਤ ਮਰਯਾਦਾ ਰਾਹੀਂ ਅਧਿਆਤਮਕ ਸਾਧਨਾ ਨਾਲ ਜੁੜੇ ਹੋਏ ਹਨ ਪਰ ਪ੍ਰਾਣ-ਸੰਗਲੀ ਆਮ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਅਤੇ ਉਹਨਾਂ ਦੀ ਅਧਿਆਤਮਕ ਸਾਧਨਾ ਨਾਲ ਸੰਬੰਧਤ ਹੈ। ਇਹ ਮਾਣ ਪ੍ਰਾਣ-ਸੰਗਲੀ ਨੂੰ ਹੀ ਪ੍ਰਾਪਤ ਹੈ। ਇਸ ਤੋਂ ਇਲਾਵਾ ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਪੰਜਾਬੀ ਸਾਹਿਤ ਵਿਚ ਇਕ ਆਪਣੀ ਤਰ੍ਹਾਂ ਦਾ ਅਨੂਠਾ ਰੂਪ ਪੇਸ਼ ਕਰਦੀ ਹੈ। ਪੰਜਾਬ ਦੀ ਕਿਸੇ ਹੋਰ ਪ੍ਰਾਚੀਨ ਅਤੇ ਪ੍ਰਮਾਣਿਕ ਪੁਸਤਕ ਵਿਚ ਅਧਿਆਤਮਕ ਸਾਧਨਾ ਸੰਬੰਧੀ ਸਾਮਗ੍ਰੀ, ਖ਼ਾਸ ਤੌਰ ਤੇ ਹਠ ਯੋਗ ਸੰਬੰਧੀ ਸਾਧਨਾ ਦਾ ਪ੍ਰਾਣ-ਸੰਗਲੀ ਜਿੰਨਾ ਵਿਸਤ੍ਰਿਤ ਵੇਰਵਾ ਨਹੀਂ ਮਿਲਦਾ।

ਇਸ ਸੰਦਰਭ ਵਿਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪ੍ਰਾਣ-ਸੰਗਲੀ ਤੋਂ ਪਹਿਲਾਂ ਅਧਿਆਤਮਕ ਸਾਧਨਾ ਸੰਬੰਧੀ ਕੋਈ ਪ੍ਰਮਾਣਿਕ ਅਤੇ ਵਿਸਤ੍ਰਿਤ ਵੇਰਵਾ ਪੰਜਾਬੀ ਦੀ ਕਿਸੇ ਵੀ ਪੁਸਤਕ ਵਿਚ ਉਪਲਬਧ ਨਹੀਂ ਸੀ। ਇਸ ਤਰ੍ਹਾਂ ਪ੍ਰਾਣ-ਸੰਗਲੀ ਆਪਣੇ ਖੇਤਰ ਵਿਚ ਇਕ ਨਵੀਂ ਦ੍ਰਿਸ਼ਟੀ ਅਤੇ ਇਕ ਨਵੀਂ ਸਾਮਗ੍ਰੀ ਨਾਲ ਭਰਪੂਰ ਰਚਨਾ ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ।

ਆਪਣੇਖੇਤਰ ਦੀ ਸਭ ਤੋਂ ਪਹਿਲੀ ਰਚਨਾ ਹੋਣ ਕਾਰਨ ਪ੍ਰਾਣ-ਸੰਗਲੀ ਦੇ ਅਧਿਆਤਮਕ ਸਾਧਨਾ ਸੰਬੰਧੀ ਵਿਵੇਚਨ ਵਿਚ ਕੁਝ ਊਣਤਾਈਆਂ ਮੌਜੂਦ ਹਨ ਪਰ ਇਹਨਾਂ ਊਣਤਾਈਆਂ ਦੇ ਬਾਵਜੂਦ ਪ੍ਰਾਣ-ਸੰਗਲੀ ਦੀ

ਵਿਸ਼ੈ-ਵਸਤੂ, ਉਸਦੇ ਵਿਵੇਚਨ ਅਤੇ ਉਸਦੀ ਦ੍ਰਿਸ਼ਟੀ ਦਾ ਇਕ ਇਤਿਹਾਸਕ ਮੁੱਲਹੈ। ਪ੍ਰਾਣ-ਸੰਗਲੀ ਦੀ ਪੰਜਾਬੀ ਸਾਹਿੱਤ ਨੂੰ ਇਹ ਇਕ ਵਡਮੁੱਲੀ ਦੇਣ ਹੈ।

ਇਸ ਸਾਹਿੱਤਿਕ ਅਤੇ ਅਧਿਆਤਮਕ ਦੇਣ ਦਾ ਵੇਰਵਾ ਇਸ ਸ਼ੋਧ-ਪ੍ਰਬੰਧ ਵਿਚ ਵਿਸਥਾਰ ਨਾਲ ਦਿੱਤਾ ਗਿਆ ਹੈ।

# ਅਧਿਆਇ ਚੌਥਾ

## ਪ੍ਰਾਣ-ਸੰਗਲੀ ਦੇ ਕਾਵਿ-ਰੂਪ

ਅਧਿਆਇ 4

## ਪ੍ਰਾਣ-ਸੰਗਲੀ ਦੇ ਕਾਵਿ-ਰੂਪ

ਪ੍ਰਾਣ-ਸੰਗਲੀ ਦਾ ਮੁੱਖ ਅੰਸ਼ ਕਵਿਤਾ ਵਿਚ ਹੈ ਅਤੇ ਥੋੜੀ ਬਹੁਤੀ ਰਚਨਾ ਵਾਰਤਕ ਵਿਚ ਵੀ ਮਿਲਦੀ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਜਗਜੀਤ ਸਿੰਘ ਅਨੁਸਾਰ – 'ਇਸ ਰਚਨਾ ਦਾ ਅਧਿਕਤਰ ਕਵਿਤਾ ਭਾਗ ਹੈ। ਲਗਭਗ 4400 ਛੰਦ ਹਨ। ਵਾਰਤਕ ਭਾਗ ਕਾਫ਼ੀ ਥੋੜਾ ਹੈ। ਪ੍ਰਕਾਸ਼ਿਤ 853 ਪੰਨਿਆਂ ਵਿਚੋਂ ਕੇਵਲ 105 ਦੇ ਲਗਭਗ ਪੰਨੇ ਵਾਰਤਕ ਦੇ ਹਨ।'[1]

ਉਂਜ ਤਾਂ ਕਵਿਤਾ ਦਾ ਲੱਛਣ ਕਰਦੇ ਹੋਏ ਆਚਾਰੀਆਂ ਨੇ ਭਾਵਨਾ ਨੂੰ ਕਵਿਤਾ ਦਾ ਮੂਲ ਮੰਨਿਆ ਹੈ। ਇਹੋ ਭਾਵਨਾਤਮਕਤਾ ਅਤੇ ਉਸਦੀ ਸੰਵੇਦਨਸ਼ੀਲਤਾ ਕਥਨ ਨੂੰ ਕਵਿਤਾ ਦਾ ਸਤਰ ਪ੍ਰਦਾਨ ਕਰਦੀ ਹੈ। ਇਸ ਸੰਵੇਦਨਸ਼ੀਲਤਾ ਅਤੇ ਭਾਵਨਾਤਮਕਤਾ ਨੂੰ ਭਾਰਤੀ ਕਾਵਿ-ਸ਼ਾਸਤ੍ਰੀਆਂ ਨੇ ਰਸ ਦਾ ਨਾਂ ਦਿੱਤਾ ਹੈ। ਰਸ ਦਾ ਅਭਿਵਿਅਕਤੀ ਪੱਖ 'ਧੁਨੀ' ਦੇ ਸਿੱਧਾਂਤ ਰਾਹੀਂ ਪ੍ਰਗਟਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਸਿੱਧ ਹੋ ਜਾਂਦਾ ਹੈ ਕਿ ਕਵਿਤਾ ਲਈ ਛੰਦ ਜਾਂ ਤੁਕ ਜਾਂ ਲੈਅ ਦਾ ਕੋਈ ਬੰਧਨ ਨਹੀਂ ਹੈ। ਕਵਿਤਾ ਦਾ ਇਕੋ ਇਕ ਲੱਛਣ ਉਸਦੀ ਭਾਵਨਾਤਮਕਤਾ ਜਾਂ ਉਸਦੀ ਸੰਵੇਦਨਸ਼ੀਲਤਾ ਹੈ।[2]

ਸੰਸਕ੍ਰਿਤ ਵਿਚ ਹਜ਼ਾਰਾਂ ਇਹੋ ਜਿਹੇ ਗ੍ਰੰਥ ਉਪਲਬਧ ਹਨ ਜਿਹੜੇ ਛੰਦ, ਤੁਕ ਜਾਂ ਲੈਅ ਦੀ ਦ੍ਰਿਸ਼ਟੀ ਤੋਂ ਬਹੁਤ ਸ਼ੁੱਧ ਹਨ ਪਰ ਵਿਸ਼ੈ-ਵਸਤੂ ਦੀ ਦ੍ਰਿਸ਼ਟੀ ਤੋਂ ਇਹ ਗ੍ਰੰਥ ਭਾਵਨਾ ਜਾਂ ਸੰਵੇਦਨਸ਼ੀਲਤਾ ਤੋਂ ਪਰੇਰੇ ਹਨ। ਇਸ ਤਰ੍ਹਾਂ ਦੇ ਗ੍ਰੰਥਾਂ ਨੂੰ ਕਵਿਤਾ ਨਹੀਂ ਪਰ 'ਪਦ੍ਯ' ਕਿਹਾ ਗਿਆ।[3] ਅੰਤਰ ਇਹ ਰੱਖਿਆ ਗਿਆ ਹੈ ਕਿ 'ਪਦ੍ਯ' ਵਿਚ ਛੰਦ, ਤੁਕ ਆਦਿ ਦੀ ਵਿਵਸਥਾ ਤਾਂ ਹੁੰਦੀ ਹੈ ਪਰ ਉਸਦਾ ਸੰਬੰਧ ਮਨ ਦੀਆਂ ਭਾਵਨਾਵਾਂ ਨਾਲ ਨਹੀਂ ਹੁੰਦਾ। ਇਹ ਗ੍ਰੰਥ ਆਮ ਤੌਰ ਤੇ ਕੋਸ਼, ਵਿਆਕਰਣ, ਦਰਸ਼ਨ, ਜੋਤਿਸ਼ ਜਾਂ ਵੈਦਿਕ ਦੇ ਨਾਲ ਸੰਬੰਧਿਤ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗਿਆਨ ਪ੍ਰਧਾਨ ਸਾਹਿੱਤ ਨੂੰ ਭਾਵੇਂ ਛੰਦਾਂ ਤੁਕਾਂ ਵਿਚ ਪ੍ਰਸਤੁਤ ਕੀਤਾ ਜਾ ਸਕਦਾ ਹੈ ਪਰ ਉਹਨਾਂ ਨੂੰ ਕਵਿਤਾ ਜਾਂ ਕਾਵਿ ਨਹੀਂ ਕਿਹਾ ਜਾ ਸਕਦਾ। ਇਸ ਦ੍ਰਿਸ਼ਟੀ ਤੋਂ

---

1. 'ਜਨਮਸਾਖੀ ਭਾਈ ਬਾਲਾ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਜਗਜੀਤ ਸਿੰਘ), ਪੰਨਾ 11 (ਭੂਮਿਕਾ).
2. ਦੇਖੋ: ੳ) ਵਿਸ਼ਵਨਾਥ, 'ਸਾਹਿਤ੍ਯ ਦਰਪਣ', ਅਧਿਆਇ 3, ਸਲੋਕ 5-7.
   ਅ) ਵਿਸ਼ਵੇਸ਼ਵਰ, 'ਹਿੰਦੀ ਅਭਿਨਵ ਭਾਰਤੀ', ਪੰਨੇ 6,10,11.
   ੲ) ਗੁਲਾਬ ਰਾਏ, 'ਕਾਵਿਯ ਕੇ ਰੂਪ', ਪੰਨੇ 9,10,11.
3. ਦੇਖੋ: ੳ) ਜੈ ਸ਼ੰਕਰ ਪ੍ਰਸਾਦਿ, 'ਕਾਵਿਯ ਕਲਾ ਤਥਾ ਅਨਯ ਨਿਬੰਧ', ਪੰਨੇ 5,7,8.
   ਅ) ਰਾਮ ਦਹਿਨ ਮਿਸ਼ਰ 'ਕਾਵਿਯ ਦਰਪਣ', ਪੰਨਾ 10.
   ੲ) ਭੋਜ 'ਸਰਸਵਤੀ ਕੰਠਾਭਰਣ', ਪੰਨਾ 9.

ਪ੍ਰਾਣ-ਸੰਗਲੀ ਨੂੰ ਵਿਸ਼ੁੱਧ-ਕਾਵਿ ਕਹਿਣਾ ਸੰਭਵ ਨਹੀਂ ਹੈ ਕਿਉਂਕਿ ਗਿਆਨ ਪ੍ਰਧਾਨ ਹੋਣ ਕਰਕੇ ਅਤੇ ਹਠ ਯੋਗ ਆਦਿ ਸ਼ਾਸਤ੍ਰੀ ਚਰਚਾ ਬਹੁਤੀ ਹੋਣ ਕਰਕੇ ਪ੍ਰਾਣ-ਸੰਗਲੀ ਨੂੰ ਗਿਆਨ ਪ੍ਰਧਾਨ ਸਾਹਿਤ ਦਾ ਹੀ ਅੰਗ ਮੰਨਿਆ ਜਾ ਸਕਦਾ ਹੈ। ਗਿਆਨ ਪ੍ਰਧਾਨ ਹੋਣ ਕਰਕੇ ਪ੍ਰਾਣ-ਸੰਗਲੀ ਛੰਦਾਂ ਵਿਚ ਲਿਖੀ ਗਈ ਇਕ ਸ਼ਾਸਤ੍ਰੀ ਪੁਸਤਕ ਹੈ। ਮੈਥਿਊ ਆਰਨਾਲਡ ਨੇ ਇਹੋ ਜਿਹੀਆਂ ਰਚਨਾਵਾਂ ਲਈ 'ਕਾਵਿਬਧ ਗਿਆਨ' (versified knowledge)[1] ਸ਼ਬਦ ਵਰਤਿਆ ਹੈ।

ਪ੍ਰਾਣ-ਸੰਗਲੀ ਦੇ ਅਧਿਆਵਾਂ ਦੇ ਸਿਰਲੇਖਾਂ, ਉਹਨਾਂ ਦੀਆਂ ਪੁਸ਼ਪਿਕਾਵਾਂ ਅਤੇ ਅਧਿਆਵਾਂ ਵਿਚ ਉਪਲਬਧ ਚਰਚਾ ਅਨੁਸਾਰ ਪ੍ਰਾਣ-ਸੰਗਲੀ ਵਿਚ ਇਹਨਾਂ ਕਾਵਿ-ਰੂਪਾਂ ਦੀ ਵਰਤੋਂ ਮਿਲਦੀ ਹੈ:

ਗੋਸ਼ਟੀ, ਵਾਰ, ਬਾਵਨ ਅੱਖਰੀ, ਦਖਣੀ ਓਅੰਕਾਰ, ਬਾਰਾਂ ਮਾਹਾ, ਸਹੰਸਰਨਾਮਾ, ਆਰਤੀ, ਮਾਲਾ, ਸਾਖੀ, ਸੁਹਿਲੜੀ, ਮਾਤਰਾ ਅਤੇ ਰੱਖਿਆ।

ਇਹਨਾਂ ਸਾਰੇ ਕਾਵਿ-ਰੂਪਾਂ ਦੇ ਪਿੱਛੇ ਗੁਰਬਾਣੀ ਦੀ ਪ੍ਰੇਰਨਾ ਵਿਦਮਾਨ ਹੈ ਅਤੇ ਆਮ ਤੌਰ ਤੇ ਇਹਨਾਂ ਦਾ ਮੁੱਢਲਾ ਸੋਮਾ 'ਆਦਿ ਗ੍ਰੰਥ' ਹੀ ਹੈ। ਨਿਰਗੁਣਵਾਦੀ ਕਾਵਿ-ਧਾਰਾ ਵਿਚ ਪ੍ਰਬੰਧ-ਕਾਵਿ (ਮਹਾਂ-ਕਾਵਿ) ਨਹੀਂ ਲਿਖੇ ਗਏ। ਇਹਨਾਂ ਦੀ ਥਾਂ ਕਾਵਿ ਦੇ ਮੁਕਤਕ ਰੂਪ ਨੂੰ ਹੀ ਵਧੇਰੇ ਅਪਣਾਇਆ ਗਿਆ। ਆਮ ਤੌਰ ਤੇ ਦੋਹਾ ਜਾਂ ਦੋਹਿਰਾ (ਸਾਖੀ) ਦੀ ਵਰਤੋਂ ਨਿਰਗੁਣ ਕਾਵਿ ਵਿਚ ਬਹੁਤ ਹੋਈ ਹੈ। ਮੁਕਤਕ ਦੀ ਨੀਰਸਤਾ (monotony) ਨੂੰ ਤੋੜਨ ਲਈ ਇਕ ਨਵਾਂ ਕਾਵਿ-ਰੂਪ ਪੇਸ਼ ਕਰਨ ਲਈ ਅਤੇ ਰੋਚਕਤਾ ਬਣਾਈ ਰਖਣ ਲਈ ਨਿਰਗੁਣਵਾਦੀ ਕਵੀਆਂ ਨੇ ਮੁਕਤਕ-ਕਾਵਿ ਵਿਚ ਕਈ ਪ੍ਰਯੋਗ ਕੀਤੇ। ਇਹਨਾਂ ਪ੍ਰਯੋਗਾਂ ਵਿਚ ਸਭ ਤੋਂ ਪੁਰਾਣਾ ਪ੍ਰਯੋਗ ਗੋਸ਼ਟਿ ਦਾ ਹੈ।

## 1) ਗੋਸ਼ਟਿ

'ਗੋਸ਼ਟ' ਸ਼ਬਦ ਸੰਸਕ੍ਰਿਤ ਦਾ ਹੈ ਅਤੇ ਇਸ ਦਾ ਅਰਥ ਹੈ ਗਾਵਾਂ ਦੇ ਬੈਠਣ ਦੀ ਥਾਂ।[2] ਇਸ ਮੂਲ ਅਰਥ ਦਾ ਵਿਕਾਸ ਨਿਰਗੁਣਵਾਦੀ ਸੰਤਾਂ ਦੇ ਕਾਵਿ ਵਿਚ ਸਮਾਗਮ ਅਤੇ ਮੇਲ ਜੋਲ ਆਦਿ ਅਨੇਕ ਅਰਥਾਂ ਵਿਚ ਹੋਇਆ ਹੈ। ਇਹਨਾਂ ਸੰਤਾਂ ਦੀਆਂ ਰਚਨਾਵਾਂ ਵਿਚ ਦੋ ਮਹਾਂਪੁਰਖਾਂ ਦੇ ਪਰਸਪਰ ਵਾਰਤਾਲਾਪ ਨੂੰ ਅਤੇ ਉਹਨਾਂ ਵਿਚ ਹੋਈ ਗਿਆਨ ਚਰਚਾ ਨੂੰ ਗੋਸ਼ਟਿ ਦਾ ਨਾਂ ਦਿੱਤਾ ਗਿਆ।

ਸ਼ਾਇਦ ਗੋਰਖ ਪੰਥੀਆਂ ਨੇ ਗੋਸ਼ਟੀ ਕਾਵਿ-ਰੂਪ ਦੀ ਵਰਤੋਂ ਸਭ ਤੋਂ ਪਹਿਲਾਂ ਕੀਤੀ। 'ਗੋਰਖ ਗਣੇਸ਼ ਗੁਸ਼ਟੀ'[3] ਅਤੇ 'ਦੱਤ ਗੋਰਖ ਗੁਸ਼ਟੀ'[4] ਨਾਂ ਹੇਠ ਦੋ ਗੋਸ਼ਟੀਆਂ ਗੋਰਖਬਾਣੀ ਵਿਚ ਸੰਕਲਿਤ ਹਨ। ਅਤੇ ਚਲਕੇ

---

1. ਉਧਰਿਤ: ਡਾ. ਨਗੇਂਦ੍ਰ 'ਅਰਸਤੂ ਕਾ ਕਾਵਿਯ ਸ਼ਾਸਤ੍ਰ', ਪੰਨੇ 11,12.
   ਹੋਰ ਵੇਰਵੇ ਲਈ ਵੇਖੋ: ੳ) ਜਯ ਸ਼ੰਕਰ ਪ੍ਰਸਾਦ 'ਕਾਵਿਯ ਕਲਾ', ਪੰਨੇ 7,8.
   ਅ) ਡਾ. ਆਨੰਦ ਪ੍ਰਕਾਸ਼ ਦੀਕਸ਼ਿਤ 'ਰਸ ਸਿਧਾਂਤ: ਸਰੂਪ ਵਿਸ਼ਲੇਸ਼ਣ', ਪੰਨੇ 21,22.
2. ਦੇਖੋ: ਮੋਨੀਅਰ ਵਿਲੀਅਮਜ਼ 'ਸੰਸਕ੍ਰਿਤ ਡਿਕਸ਼ਨਰੀ'।
3. 'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨਾ 222.
4. ਉਹੀ, ਪੰਨਾ 227.

ਕਬੀਰ ਦੇ ਸਾਹਿੱਤ ਵਿਚ ਵੀ ਕਈ ਗੋਸ਼ਟੀਆਂ ਮਿਲਦੀਆਂ ਹਨ।[1]

ਪੰਜਾਬ ਦੇ ਸਾਹਿੱਤ ਵਿਚ ਗੋਸ਼ਟੀ ਨੂੰ ਇਕ ਨਵਾਂ ਰੂਪ ਮਿਲਿਆ। ਗਿਆਨ ਭਰਪੂਰ, ਸੰਵਾਦ ਰੀਆਂ ਉੱਚੀਆਂ ਵਿਸ਼ੇਸ਼ਤਾਵਾਂ ਨਾਲ ਸੰਪੰਨ ਉੱਚ ਕੋਟੀ ਦੇ ਕਾਵਿ ਦੀ ਸਮੂਹ ਸੁੰਦਰਤਾ ਨਾਲ ਰਚਿਤ 'ਸਿਧ ਗੋਸਟਿ' ਆਦਿ ਰਚਨਾਵਾਂ ਆਦਿ ਗ੍ਰੰਥ ਵਿਚ ਸੰਕਲਿਤ ਹਨ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੀਆਂ ਬਹੁਤ ਉਚੀਆਂ ਗੋਸ਼ਟੀਆਂ ਲਿਖੀਆਂ। ਇਹਨਾਂ ਗੋਸ਼ਟੀਆਂ ਰਾਹੀਂ ਇਹਨਾਂ ਮਹਾਂਪੁਰਖਾਂ ਨੇ ਅਗਿਆਨ ਦਾ ਨਾਸ਼ ਕੀਤਾ, ਪਾਖੰਡਾਂ ਦਾ ਭਾਂਡਾ ਭੰਨਿਆ ਅਤੇ ਆਪਣੇ ਯੁਗ ਦੇ ਲੋਕਾਂ ਨੂੰ ਸਹੀ ਸੇਧ ਦਿੱਤੀ।

'ਆਦਿ ਗ੍ਰੰਥ' ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਬਹੁਤ ਸਾਰੇ ਲੇਖਕਾਂ ਨੇ ਇਸ ਕਾਵਿ-ਰੂਪ ਨੂੰ ਇਕ ਨਵਾਂ ਭਾਵਨਾਤਮਕ ਵਿਸਥਾਰ ਦਿੱਤਾ। ਹੁਣ ਗੋਸ਼ਟਿ ਦੇ ਨਾਲ ਇਹ ਤੱਤ ਹੋਰ ਜੁੜ ਗਏ ਹਨ:

i) ਕਥਾ ਦਾ ਸੰਦਰਭ
ii) ਬਾਣੀ ਵਿਆਖਿਆ
iii) ਅਧਿਆਤਮਿਕ ਚਰਚਾ

ਇਤਨਾ ਵਿਸਥਾਰ ਕਵਿਤਾ ਵਿਚ ਹੋਣਾ ਸੰਭਵ ਨਹੀਂ ਸੀ। ਇਸ ਲਈ ਗੋਸ਼ਟਿ ਨੇ ਗੱਦ ਦਾ ਰੂਪ ਧਾਰਨ ਕੀਤਾ ਅਤੇ ਜਨਮਸਾਖੀ ਦੇ ਰੂਪ ਵਿਚ ਫਲੀ ਤੇ ਫੁੱਲੀ।[2]

ਪ੍ਰਾਣ-ਸੰਗਲੀ ਵਿਚ ਪੰਦਮਈ ਇਹ ਗੋਸ਼ਟੀਆਂ ਮਿਲਦੀਆਂ ਹਨ:

ੳ) ਗੋਸ਼ਟਿ ਸਿੱਧਾਂ ਨਾਲ (ਅਧਿਆਇ 7,45),
ਅ) ਗੋਸ਼ਟਿ ਸ੍ਰੀ ਰਾਮਾਨੰਦ ਜੀ (ਅਧਿਆਇ 13),
ੲ) ਨਿਰਬਾਣ ਬੋਧ ਗੋਸ਼ਟਿ (ਅਧਿਆਇ 49),
ਸ) ਬ੍ਰਹਮ ਬੋਧ ਗੋਸ਼ਟਿ (ਅਧਿਆਇ 56),
ਹ) ਆਤਮਾ ਪ੍ਰਮਾਤਮਾ ਕੀ ਗੋਸ਼ਟਿ (ਅਧਿਆਇ 70)।

ਗੋਸ਼ਟਿ ਦਾ ਮੂਲ ਅਰਥ ਸੰਵਾਦ ਜਾਂ ਵਾਰਤਾਲਾਪ ਹੈ। ਨਾਟਕੀ ਦ੍ਰਿਸ਼ਟੀ ਤੋਂ ਇਹਨਾਂ ਸੰਵਾਦਾਂ ਰਾਹੀਂ ਬੋਲਣ ਵਾਲੇ ਦੇ ਵਿਅਕਤਿਤਵ ਦਾ ਪਰਿਚਯ ਮਿਲਦਾ ਹੈ ਅਤੇ ਮਨੋਵਿਗਿਆਨਿਕ ਢੰਗ ਨਾਲ ਪ੍ਰਸਤੁਤ ਕੀਤੇ ਗਏ ਸੰਵਾਦ ਬਹੁਤ ਮਾਰਮਿਕ ਹੁੰਦੇ ਹਨ।

ਪ੍ਰਾਣ-ਸੰਗਲੀ ਦਾ ਪ੍ਰਾਰੰਭ ਇਕ ਗੋਸ਼ਟਿ 'ਰਾਜੇ ਸ਼ਿਵਨਾਭ ਦੀ ਕਥਾ' ਨਾਲ ਹੁੰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਗੋਸ਼ਟਿ ਅਤੇ ਇਸ ਵਿਚ ਆਏ ਸੰਵਾਦਾਂ ਦੇ ਮਹੱਤਵ ਤੋਂ ਚੰਗੀ ਤਰ੍ਹਾਂ

---

1. 'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ), ਪੰਨਾ 196.
2. ਜਨਮਸਾਖੀ ਸਾਹਿੱਤ ਵਿਚ ਇਹ ਤਿੰਨੇ ਤੱਤ ਵਿਦਮਾਨ ਹਨ। ਇਸ ਸਾਹਿੱਤ ਦਾ ਮੁੱਖ ਉਦੇਸ਼ ਧਰਮ ਪ੍ਰਚਾਰ, ਅਧਿਆਤਮਿਕ ਚਰਚਾ ਅਤੇ ਲੋਕਾਂ ਨੂੰ ਸਦਾਚਾਰ ਵੱਲ ਪ੍ਰੇਰਿਤ ਕਰਨਾ ਰਿਹਾ ਹੈ।

ਪਰਿਚਿਤ ਸੀ। ਇਹੋ ਕਾਰਨ ਹੈ ਕਿ ਆਪਣੇ ਸਮੁੱਚੇ ਦ੍ਰਿਸ਼ਟੀਕੋਣ ਨੂੰ, ਆਪਣੀ ਸਾਧਨਾ ਨੂੰ ਅਤੇ ਪਾਖੰਡ ਖੰਡਨੀ ਆਪਣੀ ਦ੍ਰਿਸ਼ਟੀ ਨੂੰ ਪ੍ਰਗਟਾਉਣ ਲਈ ਉਸਨੇ ਸੰਵਾਦਾਂ ਜਾਂ ਗੋਸ਼ਟੀਆਂ ਦਾ ਸਹਾਰਾ ਲਿਆ ਹੈ।

ਇਹਨਾਂ ਗੋਸ਼ਟੀਆਂ ਦਾ ਇਹ ਸੰਖੇਪ ਅਧਿਐਨ ਪੰਜਾਬ ਦੇ ਗੋਸ਼ਟਿ ਸਾਹਿੱਤ ਤੇ ਇਕ ਪੰਛੀ ਝਾਤ ਪਵਾਉਂਦਾ ਹੈ।

ੳ) ਗੋਸ਼ਟਿ ਸਿੱਧਾਂ ਨਾਲ: ਗੁਰਬਾਣੀ ਦਾ ਗਹੁ ਨਾਲ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇ ਨਿਰਗੁਣਵਾਦੀ ਦ੍ਰਿਸ਼ਟੀਕੋਣ ਦਾ ਸਭ ਤੋਂ ਪ੍ਰਬਲ ਵਿਰੋਧ ਸਿੱਧਾਂ ਅਤੇ ਨਾਥਾਂ ਨੇ ਕੀਤਾ। ਇੰਜ ਜਾਪਦਾ ਹੈ ਕਿ ਸਿੱਧਾਂ ਅਤੇ ਨਾਥਾਂ ਦੀ ਸ਼ਕਤੀ ਨੂੰ ਅਤੇ ਜਨਤਾ ਉੱਤੇ ਉਹਨਾਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਚੁਣੌਤੀ ਦਿੱਤੀ। ਉਸ ਸਮੇਂ ਸਿੱਧਾਂ ਅਤੇ ਨਾਥਾਂ ਦੀ ਰਹਿਣੀ ਬਹਿਣੀ ਸਦਾਚਾਰ ਤੋਂ ਪਤਿਤ ਹੋ ਚੁੱਕੀ ਸੀ ਅਤੇ ਇਹ ਲੋਕ ਆਪਣੇ ਜੀਵਨ ਨਿਰਬਾਹ ਲਈ ਆਮ ਲੋਕਾਂ ਨੂੰ ਤੰਤ੍ਰਾਂ, ਮੰਤ੍ਰਾਂ ਅਤੇ ਸਿੱਧੀਆਂ ਦੇ ਜਾਲ ਵਿਚ ਫਸਾਈ ਰਖਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਜਾਲ ਨੂੰ ਤੋੜਨ ਲਈ ਇਕ ਯੁਗ ਪੁਰਸ਼ ਦੀ ਭੂਮਿਕਾ ਨਿਭਾਈ। ਇਹੋ ਕਾਰਨ ਹੈ ਕਿ ਗੁਰਬਾਣੀ ਵਿਚ ਜ਼ਿਆਦਾ ਤਰ ਸਿੱਧਾਂ ਅਤੇ ਨਾਥਾਂ ਨੂੰ ਵਿਰੋਧੀਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। 'ਜਪੁਜੀ' ਅਤੇ 'ਦਖਣੀ ਓਅੰਕਾਰ' ਆਦਿ ਮੁੱਖ ਬਾਣੀਆਂ ਵਿਚ ਇਹਨਾਂ ਸਿੱਧਾਂ ਨਾਥਾਂ ਨੂੰ ਹੀ ਵੰਗਾਰਿਆ ਗਿਆ ਹੈ।

ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਪ੍ਰਾਣ-ਸੰਗਲੀ ਦੇ ਲੇਖਕ ਨੇ ਸਿੱਧ ਗੋਸ਼ਟਿ ਵਿਚ ਯੋਗੀਆਂ ਦੇ ਪਾਖੰਡ ਅਤੇ ਆਡੰਬਰ ਦਾ, ਉਹਨਾਂ ਦੀ ਰਹਿਣੀ ਬਹਿਣੀ ਦਾ, ਉਹਨਾਂ ਦੀ ਖਟਚਕ੍ਰ ਸਾਧਨਾ — ਇੜਾ, ਪਿੰਗਲਾ, ਸੁਖਮਨਾ ਅਤੇ ਕੁੰਡਲਿਨੀ ਸੰਬੰਧੀ ਵਿਚਾਰਾਂ ਦਾ ਜ਼ਬਰਦਸਤ ਖੰਡਨ ਕੀਤਾ ਹੈ। ਇਸ ਪੂਰੀ ਗੋਸ਼ਟਿ ਵਿਚ ਸਿੱਧਾਂ ਨਾਥਾਂ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਅਤੇ ਪੂਰੇ ਵਾਤਾਵਰਣ ਉੱਤੇ ਗੁਰੂ ਨਾਨਕ ਦੀ ਦ੍ਰਿਸ਼ਟੀ ਦੀ ਵਿਜੈ ਦਿਖਾਈ ਗਈ ਹੈ। ਉਦਾਹਰਣ ਵਜੋਂ:

ਨਾਮ ਸਿਮਰਹਿ ਸੋਈ ਜੋਗੀ ਪਰਮ ਸੁੰਨ ਮਹਿ ਬਾਸਿ।
ਕਹੈ ਨਾਨਕ ਇਸ ਸ਼ਬਦ ਕਉ ਜਾਨੈ ਤਾਂ ਘਰਿ ਹੀ ਮਾਂਹਿ ਉਦਾਸਿ॥[1]

ਇਸ ਤੁਕ ਵਿਚ ਯੋਗੀਆਂ ਦੀ ਸੁੰਨ ਸਮਾਧੀ ਅਤੇ ਘਰ ਬਾਰ ਛੱਡਣ ਦੀ ਪ੍ਰਵਿਰਤੀ ਦੀ ਨਿਖੇਧੀ ਕੀਤੀ ਗਈ ਹੈ ਅਤੇ ਨਾਮ ਸਿਮਰਨ ਦੇ ਨਾਲ ਨਾਲ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਸਹਿਜ ਸਾਧਨਾ ਦਾ ਮਾਰਗ ਦੱਸਿਆ ਗਿਆ ਹੈ। ਇਸ ਤਰ੍ਹਾਂ ਇਹ ਗੋਸ਼ਟਿ ਜਿੱਥੇ ਸੰਵਾਦਾਂ ਰਾਹੀਂ ਗੋਸ਼ਟੀ-ਸਾਹਿੱਤ ਦੀ ਇਕ ਉੱਚੀ ਰਚਨਾ ਬਣ ਜਾਂਦੀ ਹੈ, ਉੱਥੇ ਕਾਵਿ-ਰੂਪ ਦੀ ਦ੍ਰਿਸ਼ਟੀ ਤੋਂ ਅਤੇ ਵਾਤਾਵਰਣ ਦੀ ਸਿਰਜਣਾ ਦੇ ਪੱਖ ਤੋਂ ਵੀ ਇਸ ਰਚਨਾ ਦਾ ਮੁੱਲ ਅਤੇ ਮਹੱਤਵ ਵਧੇਰੇ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 642.

ਸਿੱਧ ਗੋਸਟਿ : ਪ੍ਰਾਣ-ਸੰਗਲੀ ਵਿਚ ਸਿੱਧਾਂ ਦੀ ਗੋਸ਼ਟਿ ਗੁਰੂ ਨਾਨਕ ਦੇਵ ਜੀ ਨਾਲ ਇਕ ਹੋਰ ਥਾਂ ਤੇ ਵੀ ਕਰਵਾਈ ਗਈ ਹੈ। ਜੋਗ ਸਾਧਨਾ ਦੀ ਸਥੂਲਤਾ ਦਾ ਖੰਡਨ ਕਰਨ ਵਾਲੀ ਇਹ ਇਕ ਮਹੱਤਵਪੂਰਨ ਰਚਨਾ ਹੈ। ਮਛਿੰਦਰ ਤੇ ਗੋਰਖ ਇਸ ਗੋਸ਼ਟਿ ਵਿਚ ਪ੍ਰਸ਼ਨ ਕਰਦੇ ਵਿਖਾਏ ਗਏ ਹਨ ਅਤੇ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੀ ਦ੍ਰਿਸ਼ਟੀ ਦਾ ਖੰਡਨ ਕਰਦੇ ਹੋਏ ਸਹਿਜ ਸਾਧਨਾ ਵੱਲ ਉਹਨਾਂ ਨੂੰ ਇਸ ਤਰ੍ਹਾਂ ਪ੍ਰੇਰਨਾ ਦਿੱਤੀ ਹੈ:

ਨਾਮ ਰਤੇ ਗੁਣ ਗਿਆਨ ਵੀਚਾਰੁ।
ਨਾਮ ਰਤੇ ਸੇ ਉਤਰੇ ਪਾਰਿ।
ਨਾਨਕ ਨਾਮ ਰਤੇ ਪਾਵਹਿ ਮੋਖ ਦੁਆਰੁ।[1]

ਇਹਨਾਂ ਦੋਵਾਂ ਗੋਸ਼ਟੀਆਂ ਰਾਹੀਂ ਪ੍ਰਾਣ-ਸੰਗਲੀ ਦੇ ਲੇਖਕ ਨੇ ਗੁਰੂ ਨਾਨਕ ਦੀ ਕੇਂਦਰੀ ਦ੍ਰਿਸ਼ਟੀ ਨੂੰ ਸਮਝਾਉਣ ਦਾ ਯਤਨ ਕੀਤਾ ਹੈ।

ਅ) ਗੋਸ਼ਟਿ ਸ੍ਰੀ ਰਾਮਾਨੰਦ ਜੀ: ਰਾਮਾਨੰਦ ਕਬੀਰ ਦੇ ਗੁਰੂ ਸਨ ਅਤੇ ਮੋਟੇ ਤੌਰ ਤੇ ਗੁਰੂ ਨਾਨਕ ਦੇਵ ਜੀ ਤੋਂ ਘਟੋ ਘਟ 250 ਸਾਲ ਪਹਿਲਾਂ ਹੋ ਚੁੱਕੇ ਸਨ। ਇਸ ਲਈ ਗੁਰੂ ਨਾਨਕ ਅਤੇ ਰਾਮਾਨੰਦ ਦੀ ਗੋਸਟਿ ਇਤਿਹਾਸਕ ਦ੍ਰਿਸ਼ਟੀ ਤੋਂ ਇਕ ਨਿਰਮੂਲ ਕਲਪਨਾ ਮਾਤਰ ਹੈ। ਪਰ ਇਸ ਗੋਸ਼ਟਿ ਰਾਹੀਂ ਪ੍ਰਾਣ-ਸੰਗਲੀ ਦੇ ਲੇਖਕ ਨੇ ਰਾਮਾਨੰਦ ਦੀ ਅਵਤਾਰਵਾਦੀ ਸਗੁਣ ਦ੍ਰਿਸ਼ਟੀ ਦਾ ਖੰਡਨ ਕੀਤਾ ਹੈ ਅਤੇ ਗੁਰੂ ਨਾਨਕ ਦੇ ਮੂੰਹੋਂ ਰਾਮਾਨੰਦ ਨੂੰ ਨਿਰਗੁਣਵਾਦ ਦੀ ਦੀਖਿਆ ਦਿਵਾਈ ਹੈ:

ਕਿਰਪਾ ਕਰਿ ਗੁਰ ਨਾਨਕ ਰਾਮਾਨੰਦ ਸ਼ਿਸ਼ ਕੀਆ।[2]

ਸੰਵਾਦ ਅਤੇ ਕਾਵਿ-ਰੂਪ ਦੀ ਦ੍ਰਿਸ਼ਟੀ ਤੋਂ ਇਹ ਗੋਸਟਿ ਵਿਚਾਰਨ ਯੋਗ ਹੈ।

ੲ) ਨਿਰਬਾਣ ਯੋਗ ਗੋਸ਼ਟਿ: ਨਿਰਬਾਣ ਸ਼ਬਦ ਬੋਧੀਆਂ ਦਾ ਹੈ ਪਰ ਪੰਜਾਬ ਵਿਚ ਉਦਾਸੀ ਮਤ ਲਈ ਇਸ ਸ਼ਬਦ ਦੀ ਵਰਤੋਂ ਹੋਈ ਹੈ। ਸ੍ਰੀ ਚੰਦ ਜੀ ਦੇ ਅਨੁਆਈਆਂ ਨੂੰ ਉਦਾਸੀ ਜਾਂ ਨਿਰਬਾਣ ਵੀ ਕਿਹਾ ਜਾਂਦਾ ਹੈ।

ਇਸ ਗੋਸ਼ਟਿ ਵਿਚ ਗੋਰਖਨਾਥ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਵਾਦ ਪਾਇਆ ਜਾਂਦਾ ਹੈ। ਅੰਤ ਵਿਚ ਗੁਰੂ ਗੋਰਖਨਾਥ ਨੂੰ ਯੋਗ ਮਾਰਗ ਦੀਆਂ ਤਰੁਟੀਆਂ ਦੱਸ ਕੇ ਸਹਿਜ ਸਾਧਨਾ ਵਲ ਪ੍ਰੇਰਿਆ ਗਿਆ ਹੈ ਅਤੇ ਗੁਰੂ ਗੋਰਖਨਾਥ ਦੇ ਮੂੰਹੋਂ ਇਹ ਤੁਕ ਅਖਵਾਈ ਗਈ ਹੈ:

ਕਲਿ ਮਹਿ ਆਯਾ ਮੇਰਾ ਪੂਤਾ।
ਨਾਨਕ ਏ ਸੁਆਮੀ ਅਕਾਰ ਹੈ ਜਿਸਕਾ॥[3]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 628.
2. ਉਹੀ, ਪੰਨਾ 249.
3. ਉਹੀ, ਪੰਨਾ 643.

ਕਾਵਿ-ਰੂਪ ਦੀ ਦ੍ਰਿਸ਼ਟੀ ਤੋਂ ਅਤੇ ਗੋਸ਼ਟਿ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਵਾਰਣਯੋਗ ਹੈ।

ਸ) <u>ਬ੍ਰਹਮ ਯੋਗ ਗੋਸ਼ਟਿ:</u> ਇਸ ਗੋਸ਼ਟਿ ਵਿਚ ਵੇਦਾਂਤੀਆਂ ਦੇ ਗਿਆਨ ਮਾਰਗ ਦਾ ਅਤੇ ਯੋਗੀਆਂ ਦੇ ਯੋਗ ਮਾਰਗ ਦਾ ਖੰਡਨ ਕੀਤਾ ਗਿਆ ਹੈ ਅਤੇ ਇਹਨਾਂ ਦੋਹਾਂ ਨੂੰ ਸਾਧਨਾ ਦੇ ਸਥੂਲ ਪੱਧਰ ਤੋਂ ਉਠਾ ਕੇ ਵਾਸਤਵਿਕ ਸਹਿਜ ਸਾਧਨਾ ਦਾ ਮਾਰਗ ਦੱਸਿਆ ਗਿਆ ਹੈ। ਇਸ ਗੋਸ਼ਟਿ ਵਿਚ ਗਿਆਨ ਜਾਂ ਯੋਗ ਦੀ ਪ੍ਰਮਾਣਿਕ ਚਰਚਾ ਨਹੀਂ ਹੈ ਪਰ ਗੁਰੂ ਨਾਨਕ ਦੀ ਨਿਰਗੁਣਵਾਦੀ ਦ੍ਰਿਸ਼ਟੀ ਦਾ ਵਿਸਥਾਰ ਇਸ ਗੋਸ਼ਟਿ ਨੂੰ ਮਹੱਤਵਪੂਰਨ ਬਣਾਉਂਦਾ ਹੈ।

ਪ੍ਰਣਵਤ ਨਾਨਕ ਸੁਨਹੁ ਜਨ ਗਿਆਨੀ।
ਐਸੀ ਜੁਗਤਿ ਮਨੁ ਨਿਰਮਲ ਜਾਨੀ॥[1]

ਇਸ ਤੁਕ ਨਾਲ ਮਨ ਨੂੰ ਨਿਰਮਲ ਕਰਨ ਦਾ ਸੰਦੇਸ਼ ਗੁਰੂ ਨਾਨਕ ਦੇ ਮੂੰਹੋਂ ਦਿਵਾਇਆ ਗਿਆ ਹੈ। ਗੋਸ਼ਟਿ ਦੇ ਸਾਰੇ ਮੌਲਿਕ ਤੱਤ ਇਸ ਵਿਚ ਵਿਦਮਾਨ ਹਨ। ਮਨੋਵਿਗਿਆਨਿਕ ਸੰਵਾਦ, ਰੋਚਕ ਕਾਵਿ ਅਤੇ ਨਿਰਗੁਣਵਾਦੀ ਵਾਤਾਵਰਨ ਨਾਲ ਇਸ ਗੋਸ਼ਟਿ ਦੀ ਸਿਰਜਣਾ ਕੀਤੀ ਗਈ ਹੈ।

ਹ) <u>ਆਤਮਾ ਪਰਮਾਤਮਾ ਕੀ ਗੋਸ਼ਟਿ:</u> ਇਸ ਗੋਸ਼ਟਿ ਵਿਚ ਆਤਮਾ ਅਤੇ ਪਰਮਾਤਮਾ ਦਾ ਵਾਰਤਾਲਾਪ ਹੋਇਆ ਹੈ। ਇਸ ਗੋਸ਼ਟਿ ਦਾ ਬਹੁਤ ਸਾਰਾ ਅੰਸ਼ ਵਾਰਤਕ ਵਿਚ ਹੈ। ਇਸ ਗੋਸ਼ਟਿ ਦੇ ਅੰਤ ਵਿਚ ਆਤਮਾ ਗੁਰੂ ਨਾਨਕ ਦੇ ਰੂਪ ਵਿਚ ਇਸ ਧਰਤੀ ਉੱਤੇ ਆਉਂਦੀ ਹੈ ਅਤੇ ਸਾਰੀ ਧਰਤੀ ਗੁਰੂ ਨਾਨਕ ਦੀ ਪੂਜਾ ਕਰਨ ਲਗਦੀ ਹੈ:

'ਪ੍ਰਿਥਵੀ ਸਗਲੀ ਲਗੀ ਮੰਨਣੇ ਪੂਜਾ ਕਰਣੇ। ਨਾਨਕ ਜੀ ਕੇ ਚਰਨਿ ਪਾਏ ਅਮਰ ਹੋਏ।'[2]

ਇਸ ਗੋਸ਼ਟਿ ਵਿਚ ਗੋਸ਼ਟਿ-ਕਾਵਿ ਦੇ ਸਾਰੇ ਤੱਤ ਸੰਖੇਪ ਵਿਚ ਪਾਏ ਜਾਂਦੇ ਹਨ।

ਗੋਸ਼ਟੀਆਂ ਦੇ ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਵਿਚ ਇਹਨਾਂ ਗੋਸ਼ਟੀਆਂ ਦੇ ਰਾਹੀਂ—

i) ਸੰਵਾਦਾਂ ਦੀ ਸਹਾਇਤਾ ਨਾਲ ਨਿਰਗੁਣਵਾਦੀ ਦ੍ਰਿਸ਼ਟੀ ਨੂੰ ਸਥਾਪਿਤ ਕੀਤਾ ਗਿਆ ਹੈ।
ii) ਗੁਰੂ ਨਾਨਕ ਦੇਵ ਜੀ ਦੇ ਵਿਰੋਧੀਆਂ ਦਾ ਖੰਡਨ ਕੀਤਾ ਗਿਆ ਹੈ।
iii) ਕਾਵਿ ਦੀਆਂ ਸੀਮਾਵਾਂ ਵਿਚ ਗਿਆਨ ਚਰਚਾ ਕੀਤੀ ਗਈ ਹੈ।

ਸਪੱਸ਼ਟ ਹੈ ਕਿ ਪ੍ਰਾਣ-ਸੰਗਲੀ ਦੀਆਂ ਇਹ ਗੋਸ਼ਟੀਆਂ 'ਆਦਿ ਗ੍ਰੰਥ' ਦੀ ਪ੍ਰੇਰਨਾ ਤੋਂ ਲਿਖੀਆਂ ਗਈਆਂ ਹਨ।

2) <u>ਵਾਰ:</u> ਵਾਰ ਪੰਜਾਬ ਦਾ ਪ੍ਰਸਿੱਧ ਕਾਵਿ-ਰੂਪ ਹੈ। ਵੀਰ ਰਸ ਇਸਦਾ ਮੁੱਖ ਰਸ ਹੈ। ਮੂਲ ਰੂਪ ਵਿਚ ਇਹ ਕਾਵਿ ਲੋਕ-ਕਾਵਿ ਸੀ ਅਤੇ ਗੁਰੂ ਘਰ ਵਿਚ ਇਸਦੀ ਵਰਤੋਂ ਹੋਣ ਤੋਂ ਪਿੱਛੋਂ ਇਹ ਸਾਹਿਤਿਕ ਪੱਧਰ ਦਾ ਕਾਵਿ ਮੰਨਿਆ ਜਾਣ ਲੱਗਿਆ। 'ਵਾਰ' ਬਾਰੇ 'ਮਹਾਨ ਕੋਸ਼' ਵਿਚ ਲਿਖਿਆ ਹੈ — 'ਇਹ ਯੁੱਧ ਸੰਬੰਧੀ ਕਾਵਿ ਹੈ। ਵਾਰ ਸ਼ਬਦ ਦਾ ਅਰਥ ਪਉੜੀ ਛੰਦ ਵੀ ਹੋ ਗਿਆ ਹੈ।'

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 673.
2. ਉਹੀ, ਪੰਨਾ 765.

ਪ੍ਰਾਣ-ਸੰਗਲੀ ਵਿਚ ਇਹ ਵਾਰਾਂ ਆਈਆਂ ਹਨ:

ੳ) ਤਿਲੰਗ ਕੀ ਵਾਰ ਮਹਲਾ ੧

ਅ) ਵਾਰ ਮਾਲ ਕੌਸ ਮਹਲਾ ੧

ੳ) <u>ਤਿਲੰਗ ਕੀ ਵਾਰ ਮਹਲਾ ੧:</u> ਇਸ ਸਿਰਲੇਖ ਅਧੀਨ ਇਕ ਵਾਰ ਦਿੱਤੀ ਗਈ ਹੈ ਪਰ ਇਸਦੀ ਪੁਸ਼ਪਿਕਾ ਵਿਚ ਵਾਰ ਸ਼ਬਦ ਦਾ ਉਲੇਖ ਨਹੀਂ ਹੈ:

ਇਤਿ ਸ੍ਰੀ ਪਰਮ ਪੁਰਖ ਧਯਾਨ ਵਰਨਨੰ ਨਾਮ
ਪ੍ਰਥਮੋ ਬੀਜ ਅਨਤਰਮੋਂ ਧਯਾਉ ਸੰਪੂਰਣ॥78॥1॥ [1]

ਇਸਦੀ ਰਚਨਾ-ਪਉੜੀ ਛੰਦ ਵਿਚ ਹੋਈ ਹੈ। ਇਹ ਛੰਦ ਵਾਰ ਦੀ ਮੁੱਢਲੀ ਸੂਰਤ ਹੈ। ਹਰ ਪਉੜੀ ਤੋਂ ਪਹਿਲਾਂ ਇਕ ਸ਼ਲੋਕ ਇਸ ਵਿਚ ਮਿਲਦਾ ਹੈ। ਇਹ ਰਚਨਾ ਸ਼ੈਲੀ 'ਆਦਿ ਗ੍ਰੰਥ' ਦੇ ਅਨੁਸਾਰ ਹੈ। ਇਸਦੇ ਆਰੰਭ ਵਿਚ ਇਹ ਸ਼ਲੋਕ ਆਉਂਦਾ ਹੈ:

ਅਗਮ ਅਗੋਚਰ ਅਲਖੁ ਹੈ ਰੂਪ ਨਾ ਲਖਿਆ ਜਾਈ।
ਜੋਤਿ ਲੇਹੀ ਦੀਦਾਰ ਕੀ ਆਖੈ ਕੋਈ ਅਲਾਈ॥ [2]

ਪਉੜੀ ਦੀ ਚਾਲ ਇਸ ਤਰ੍ਹਾਂ ਹੈ:

ਪਹਿਲੇ ਮੁਜਰੇ ਗਾਂਵਦਾ ਭੈਰਉ ਸੰਗਿ ਪਰੀਆ।
ਅਤਿਭੁਜ ਧਾਰੀ ਤਿਲੰਗ ਟੋਡੀ ਜੈਤ ਸਰੀਆ।
ਮਾਲ ਕੌਸ ਕੀ ਰਾਗਨੀ ਆਸਾ ਗੁਜਰੀਆ।
ਦੇਵ ਗੰਧਾਰੀ ਆਸਾਵਰੀ ਮਾਲਸ਼ੀ ਰਾਮਕਲੀਆ। [3]

ਭੈਰਉ ਆਦਿ ਰਾਗਾਂ ਦੀ ਇਹ ਸੂਚੀ ਇਸ ਪਉੜੀ ਵਿਚ ਦਿੱਤੀ ਗਈ ਹੈ। ਪ੍ਰਾਣ-ਸੰਗਲੀ ਦੀ ਇਹ ਵਾਰ ਇਕੋ ਇਕ ਸ਼ੁੱਧ ਵਾਰ ਜਾਪਦੀ ਹੈ।

ਅ) <u>ਵਾਰ ਮਾਲਕੌਸ:</u> ਇਸ ਸਿਰਲੇਖ ਹੇਠ ਵੀ ਇਕ ਵਾਰ ਦਿੱਤੀ ਗਈ ਹੈ। ਇਸ ਦੇ ਮੁੱਢ ਵਿਚ ਪਉੜੀ ਦਾ ਸਿਰਲੇਖ ਦਿੱਤਾ ਗਿਆ ਹੈ। ਇਸ ਤੋਂ ਬਾਅਦ ਪਉੜੀ ਦਾ ਉਲੇਖ ਕਿਤੇ ਵੀ ਨਹੀਂ ਹੋਇਆ। ਇਸ ਲਈ ਬਣਤਰ ਅਤੇ ਛੰਦ ਦੇ ਪੱਖੋਂ ਇਸ ਨੂੰ 'ਵਾਰ' ਕਹਿਣਾ ਸੰਭਵ ਨਹੀਂ ਹੈ। ਇਸ ਵਾਰ ਦੀ 'ਪੁਸ਼ਪਿਕਾ' ਵੀ ਇਸ ਦੇ ਵਾਰ ਹੋਣ ਦੀ ਗਵਾਹੀ ਨਹੀਂ ਦਿੰਦੀ:

ਇਤਿ ਸ੍ਰੀ ਪ੍ਰਾਣ-ਸੰਗਲੀ ਸ੍ਰੀ ਗੁਰੂ ਗ੍ਰੰਥੇ
ਪਰਮ ਬ੍ਰਹਮ ਉਸਤਤਿ ਵਰਨਨੰ ਨਾਮ ਧਿਧਾਉ। [4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 819.
2. ਉਹੀ, ਪੰਨਾ 813.
3. ਉਹੀ, ਪੰਨਾ 814.
4. ਉਹੀ, ਪੰਨਾ 781.

## 3) ਬਾਵਨ ਅੱਖਰੀ

ਭਾਰਤੀ ਵਰਣਮਾਲਾ ਦਾ ਇਤਿਹਾਸ ਬਾਵਨ (52) ਅੱਖਰਾਂ ਦੀ ਵਿਉਂਤ ਨਾਲ ਹੁੰਦਾ ਹੈ। ਵੈਦਿਕ ਯੁਗ ਤੋਂ ਬਾਅਦ ਵਰਣਮਾਲਾ ਦੇ ਕਈ ਰੂਪਾਂ ਦੇ ਉੱਤੇ ਵਿਚਾਰ ਕੀਤੀ ਗਈ। 'ਬ੍ਰਾਹਮਣ ਗ੍ਰੰਥਾਂ' ਵਿਚ ਆਕੇ ਉਹ ਵਰਣ ਕ੍ਰਮ ਸਵੀਕ੍ਰਿਤ ਕੀਤਾ ਗਿਆ ਜਿਸ ਵਿਚ 52 ਧੁਨੀਆਂ (ਵਰਣ ਜਾਂ ਅੱਖਰ) ਸਨ। ਇਹ 52 ਧੁਨੀਆਂ ਸੰਸਕ੍ਰਿਤ ਦੀਆਂ ਮੌਲਿਕ ਧੁਨੀਆਂ ਸਨ। ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਬ੍ਰਾਹਮੀ ਵਿਚ ਇਹ 52 ਧੁਨੀਆਂ ਮਿਲਦੀਆਂ ਹਨ।

ਇਹਨਾਂ 52 ਧੁਨੀਆਂ ਨੂੰ ਇਕ ਵਿਸ਼ੇਸ਼ ਕ੍ਰਮ ਵਿਚ ਰਖਿਆ ਗਿਆ। ਇਸ ਕ੍ਰਮ ਦੇ ਅਨੁਸਾਰ ਪਹਿਲਾਂ 16 ਸ੍ਵਰ ਧੁਨੀਆਂ, ਇਸ ਤੋਂ ਬਾਅਦ 25 ਸਪਰਸ਼ ਵਿਅੰਜਨਾਂ ਨੂੰ ਪੰਜ ਪੰਜ ਧੁਨੀਆਂ ਦੇ ਵਖਰੇ ਵਖਰੇ ਵਰਗਾਂ ਵਿਚ ਰਖਿਆ ਗਿਆ। ਸੰਖੇਪ ਵਿਚ ਇਹਨਾਂ ਵਰਗਾਂ ਨੂੰ ਵਿਅੰਜਨ ਵਰਗ ਕਿਹਾ ਗਿਆ। ਸਪਰਸ਼ ਧੁਨੀਆਂ ਤੋਂ ਬਾਅਦ ਚਾਰ ਅੰਤਸਥ ਧੁਨੀਆਂ (ਯ,ਰ,ਲ,ਵ) ਰਖੀਆਂ ਗਈਆਂ। ਇਨ੍ਹਾਂ ਤੋਂ ਪਿਛੋਂ ਤਿੰਨ ਊਸ਼ਮ ਧੁਨੀਆਂ (ਸ਼,ਖ,ਸ) ਰਖੀਆਂ ਗਈਆਂ। ਊਸ਼ਮ ਧੁਨੀਆਂ ਤੋਂ ਬਾਅਦ ਇਕ ਮਹਾਂਪ੍ਰਾਣ ਧੁਨੀ (ਹ) ਰਖੀ ਗਈ।

ਇਹਨਾਂ ਮੌਲਿਕ ਧੁਨੀਆਂ ਤੋਂ ਪਿਛੋਂ ਤਿੰਨ ਸੰਯੁਕਤ ਧੁਨੀਆਂ क्ष, त्र, ज्ञ — ਰਖੀਆਂ ਗਈਆਂ। ਇਸ ਤਰ੍ਹਾਂ 52 ਧੁਨੀਆਂ ਦੀ ਵਿਵਸਥਾ ਭਾਰਤੀ ਭਾਸ਼ਾਵਾਂ ਅਤੇ ਲਿਪੀਆਂ ਵਿਚ ਮਿਲਦੀ ਹੈ। ਬ੍ਰਾਹਮੀ, ਖਰੋਸ਼ਠੀ ਅਤੇ ਸ਼ਾਰਦਾ ਆਦਿ ਪ੍ਰਾਚੀਨ ਲਿਪੀਆਂ ਵਿਚ ਇਹ 52 ਧੁਨੀਆਂ ਮਿਲਦੀਆਂ ਹਨ। ਪਰੰਤੂ ਉੱਤਰਵਰਤੀ ਭਾਸ਼ਾਵਾਂ ਅਤੇ ਲਿਪੀਆਂ ਚ ਇਹ 52 ਧੁਨੀਆਂ ਘਟਦੀਆਂ ਗਈਆਂ ਪਰ ਨਾਉਂ ਇਹਨਾਂ ਲਈ 52 ਅੱਖਰੀ ਹੀ ਚਲਦਾ ਰਿਹਾ। ਗੁਰਮੁਖੀ ਅਤੇ ਹੋਰ ਨਵੀਆਂ ਲਿਪੀਆਂ ਨੇ ਆਪਣੀ ਆਪਣੀ ਲੋੜ ਅਨੁਸਾਰ ਬਹੁਤ ਸਾਰੀਆਂ ਪੁਰਾਣੀਆਂ ਧੁਨੀਆਂ ਛੱਡ ਦਿੱਤੀਆਂ ਅਤੇ ਕਿਤੇ ਕਿਤੇ ਲੋੜੀਂਦੀਆਂ ਨਵੀਆਂ ਧੁਨੀਆਂ ਨੂੰ ਸਵੀਕਾਰ ਕੀਤਾ।

ਇਹਨਾਂ 52 ਧੁਨੀਆਂ ਦੇ ਆਧਾਰ ਤੇ ਇਕ ਕਾਵਿ ਲਿਖਣ ਦੀ ਪਰੰਪਰਾ ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਮਿਲਦੀ ਹੈ।

'ਆਦਿ ਗ੍ਰੰਥ' ਵਿਚ ਚਾਰ ਥਾਂਵਾਂ ਤੇ ਇਹ ਕਾਵਿ-ਰੂਪ ਮਿਲਦਾ ਹੈ। ਗੁਰੂ ਨਾਨਕ ਦੀ ਪਟੀ, ਦਖਣੀ ਓਅੰਕਾਰ ਗੁਰੂ ਅਮਰਦਾਸ ਦੀ ਪਟੀ ਅਤੇ ਗੁਰੂ ਅਰਜਨ ਦੇਵ ਅਤੇ ਕਬੀਰ ਦੀਆਂ ਬਾਵਨ ਅੱਖਰੀਆਂ 'ਆਦਿ ਗ੍ਰੰਥ' ਵਿਚ ਸੰਕਲਿਤ ਹਨ।[1]

ਪ੍ਰਾਣ-ਸੰਗਲੀ ਦੇ 36ਵੇਂ ਅਧਿਆਇ ਵਿਚ "ਰਾਗ ਗਉੜੀ ਪੂਰਬੀ ਬਾਵਨ ਅੱਖਰੀ ਮਹਲਾ ੧" ਸਿਰਲੇਖ ਹੇਠ ਬਾਵਨ ਅੱਖਰੀ ਕਾਵਿ-ਰੂਪ ਦੀ ਰਚਨਾ ਮਿਲਦੀ ਹੈ। ਇਸ ਵਿਚ 51 ਪਉੜੀਆਂ ਹਨ ਅਤੇ ਹਰ ਪਉੜੀ ਦੇ ਨਾਲ ਇਕ ਇਕ ਸਲੋਕ ਹੈ।

---

1. ਵਿਸਥਾਰ ਲਈ ਦੇਖੋ: 'ਗੋਸ਼ਟਿ ਗੁਰੂ ਮਿਹਰਵਾਨਿ' (ਸੰਪਾ. ਡਾ. ਰਾਜਗੁਰੂ) (ਪਰਿਸ਼ਿਸ਼ਟ) ਸਰਾਵ ਆਦਿ ਵਰਣ-ਕ੍ਰਮ।

ਇਸ ਬਾਵਨ ਅੱਖਰੀ ਦਾ ਪ੍ਰਾਰੰਭ 'ਓਅੰ' ਦੇ ਨਾਲ ਹੋਇਆ ਹੈ। ਇਸ ਤੋਂ ਬਾਅਦ 'ਸ,ਧ,ਙ' – ਇਹਨਾਂ ਧੁਨੀਆਂ ਨਾਲ ਬਣੇ ਸ਼ਬਦਾਂ ਰਾਹੀਂ ਗਿਆਨ ਚਰਚਾ ਕੀਤੀ ਗਈ ਹੈ। ਉਦਾਹਰਣ ਵਜੋਂ:

ਸਸੈ ਸੱਚੁ ਪੁਰਖ ਆਰਾਧੇ। ਸੱਚ ਪੁਰਖ ਕਾ ਗਾਵਣ ਸਾਧੇ॥[1]

ਇਸ ਸ਼ੈਲੀ ਵਿਚ 'ਦ' ਅੱਖਰ ਨਾਲ 'ਜੀਵਣਾ' ਸ਼ਬਦ ਬਣਾਇਆ ਗਿਆ ਹੈ:

ਦਦੈ ਜੀਵਣ ਮਰਣਾ ਕਾਯਾ।
ਆਬ ਨਾ ਆਈ ਬਿਖੜੀ ਮਾਯਾ॥[2]

'ਦ' ਨਾਲ 'ਜੀਵਣ' ਸ਼ਬਦ ਬਣਾਉਣਾ ਭਾਸ਼ਾ ਅਤੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਗਲਤ ਹੈ।

ਇਸੇ ਤਰ੍ਹਾਂ 'ਙ' ਨਾਲ 'ਙਧਾਨ' ਸ਼ਬਦ ਬਣਾਇਆ ਗਿਆ ਹੈ। ਇਹ ਵੀ ਉਚਿਤ ਨਹੀਂ ਹੈ। 'ਣ' ਨਾਲ ਕੋਈ ਸ਼ਬਦ ਨਹੀਂ ਬਣਾਇਆ ਗਿਆ।

ਸਾਰਾਂਸ਼ ਇਹ ਹੈ ਕਿ ਬਾਵਨ ਅੱਖਰੀ ਸ਼ੈਲੀ ਵਿਚ ਪ੍ਰਾਣ-ਸੰਗਲੀ ਦੇ ਲੇਖਕ ਨੇ ਇਕ ਰਚਨਾ ਪੇਸ਼ ਕੀਤੀ ਹੈ। 'ਆਦਿ ਗ੍ਰੰਥ' ਦੀ ਬਾਵਨ ਅੱਖਰੀ ਤੋਂ ਪ੍ਰੇਰਨਾ ਹਾਸਲ ਕਰਕੇ ਲਿਖੀ ਗਈ ਇਹ ਰਚਨਾ ਆਪਣੀਆਂ ਊਣਤਾਈਆਂ ਦੇ ਬਾਵਜੂਦ ਵੀ ਇਤਿਹਾਸਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ।

## 4) ਦਖਣੀ ਓਅੰਕਾਰ

ਜਨਮਸਾਖੀਆਂ ਦੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਵਿਚ ਰਾਜਾ ਸ਼ਿਵਨਾਭ ਦੇ ਬੱਚਿਆਂ ਨੂੰ ਸੱਚੀ ਵਿਦਿਆ ਦੇਣ ਲਈ ਦਖਣੀ ਓਅੰਕਾਰ ਦਾ ਉਚਾਰਣ ਕੀਤਾ। 'ਆਦਿ-ਗ੍ਰੰਥ' ਵਿਚ ਦਖਣੀ ਓਅੰਕਾਰ ਇਕ ਵੱਡਮੁੱਲੀ ਰਚਨਾ ਹੈ। ਇਸ ਰਚਨਾ ਵਿਚ ਉਸ ਸਮੇਂ ਦੀ ਵਰਣਮਾਲਾ ਦਾ ਉਦਾਹਰਣ ਸਹਿਤ ਵਰਣਨ ਕੀਤਾ ਗਿਆ ਹੈ। ਇਹ ਵਰਣਮਾਲਾ ਪੱਟੀ ਦੇ ਪੈਂਤੀ ਅੱਖਰਾਂ ਤੋਂ ਭਿੰਨ 52 ਅੱਖਰਾਂ ਵਾਲੀ ਵਰਣਮਾਲਾ ਹੈ।

ਪ੍ਰਾਣ-ਸੰਗਲੀ ਵਿਚ ਦਖਣੀ ਓਅੰਕਾਰ ਦੀ 'ਆਦਿ ਗ੍ਰੰਥ' ਵਾਲੀ ਅੱਖਰੀ ਸ਼ੈਲੀ ਵਿਚ ਲਿਖੀ ਗਈ ਇਕ ਬਾਣੀ ਮਿਲਦੀ ਹੈ:

"ਦੱਖਣੀ ਓਅੰਕਾਰ ਰਾਗੁ ਰਾਮਕਲੀ ਮਹਲਾ ੧"[3]

ਪ੍ਰਾਣ-ਸੰਗਲੀ ਦੇ ਦਖਣੀ ਓਅੰਕਾਰ ਦਾ ਪ੍ਰਾਰੰਭ 'ਓਅੰ' ਨਾਲ ਹੋਇਆ ਹੈ। ਇਸਤੋਂ ਬਾਅਦ 'ਸ,ਧ,ਙ' ਆਦਿ ਵਰਣਾਂ ਨਾਲ ਬਣੇ ਹੋਏ ਸ਼ਬਦ ਦਿੱਤੇ ਗਏ ਹਨ। ਉਦਾਹਰਣ ਲਈ 'ਸ' ਨਾਲ:

ਸਸੈ ਸਭ ਜਗ ਸਹਜ ਉਪਾਯਾ...।[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 449.
2. ਉਹੀ, ਪੰਨਾ 455.
3. ਉਹੀ, ਪੰਨਾ 439.
4. ਉਹੀ, ਪੰਨਾ 439.

'ਣ' ਦੇ ਨਾਲ:

ਣਾ ਕੋ ਮੇਰਾ ਕਿਸ ਗਹੀ ਣਾ ਕੋ ਹੋਆ ਨਾ ਹੋਗੁ।[1]

ਬਣੀ ਹੋਈ ਇਹ ਤੁਕ ਉਲੇਖਣਯੋਗ ਹੈ।

ਸਪੱਸ਼ਟ ਹੈ ਕਿ ਇਹ ਬਾਣੀ 'ਆਦਿ ਗ੍ਰੰਥ' ਦੀ ਸ਼ੈਲੀ ਵਿਚ ਹੈ ਅਤੇ ਇਸ ਵਿਚ 'ਆਦਿ ਗ੍ਰੰਥ' ਵਾਲੀ ਗਿਆਨ ਚਰਚਾ ਵਿਦਮਾਨ ਹੈ।

5) <u>ਬਾਰਾਮਾਹਾ</u>

ਭਾਰਤੀ ਕਾਵਿ ਪਰੰਪਰਾ ਵਿਚ ਰਿਤੂ ਵਰਣਨ ਬਹੁਤ ਪ੍ਰਾਚੀਨ ਪਰੰਪਰਾ ਹੈ। ਕਾਲੀਦਾਸ ਨੇ ਸੰਸਕ੍ਰਿਤ ਵਿਚ 'ਰਿਤੂ ਸੰਹਾਰ' ਨਾਮਕ ਬਹੁਤ ਸੁੰਦਰ ਪੁਸਤਕ ਲਿਖੀ ਹੈ। ਇਸ ਵਿਚ ਛੇਆਂ ਰੁੱਤਾਂ (ਬਸੰਤ, ਗ੍ਰੀਸ਼ਮ, ਵਰਸ਼ਾ, ਸ਼ਰਦ, ਹੇਮੰਤ, ਸ਼ਿਸ਼ਰ) ਦਾ ਬੜਾ ਕਾਵਿਮਈ ਵਰਣਨ ਦਿੱਤਾ ਗਿਆ ਹੈ।

ਕਾਲੀਦਾਸ ਤੋਂ ਮਗਰੋਂ ਸੰਸਕ੍ਰਿਤ ਕਾਵਿ ਵਿਚ ਰਿਤੂ ਵਰਣਨ ਦੀ ਇਕ ਲੰਮੀ ਪਰੰਪਰਾ ਮਿਲਦੀ ਹੈ। ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਵਿਚ ਵੀ ਰਿਤੂ ਵਰਣਨ ਕਾਵਿ ਦਾ ਇਕ ਮੁੱਖ ਰੂਪ ਸੀ। ਅਪਭ੍ਰੰਸ਼ ਦੇ ਪ੍ਰਸਿੱਧ ਕਵੀ ਅਬਦੁਰ ਰਹਿਮਾਨ (ਮੁਲਤਾਨ ਨਿਵਾਸੀ) ਨੇ ਦਸਵੀਂ ਸਦੀ ਦੇ ਅੰਤ ਵਿਚ 'ਸਨੇਹ ਰਾਸਕ' ਨਾਮਕ ਅਪਭ੍ਰੰਸ਼ ਕਾਵਿ ਵਿਚ ਬਿਰਹਣ ਦੀ ਬਿਰਹੋਂ ਪੀੜ ਨੂੰ ਸਾਲ ਦੇ ਬਾਰ੍ਹਾਂ ਮਹੀਨਿਆਂ ਅਨੁਸਾਰ ਵਰਣਨ ਕੀਤਾ ਹੈ। ਇਸ ਤੋਂ ਬਾਅਦ ਸਾਡੀਆਂ ਸਾਰੀਆਂ ਭਾਸ਼ਾਵਾਂ ਵਿਚ ਮੱਧ ਯੁਗ ਦੇ ਕਵੀਆਂ ਨੇ ਇਸੇ ਸ਼ੈਲੀ ਵਿਚ ਬਾਰਾਮਾਹਾ ਜਾਂ ਰਿਤੂ ਵਰਣਨ ਕੀਤਾ ਹੈ।

ਪ੍ਰਾਣ-ਸੰਗਲੀ ਵਿਚ 'ਰਾਗ ਮਾਝ ਮਹਲਾ ੧' — ਇਸ ਸਿਰਲੇਖ ਹੇਠ 'ਬਾਰਾਮਾਹਾ' ਕਾਵਿ ਰੂਪ ਮਿਲਦਾ ਹੈ।[2] ਇਸ ਵਿਚ ਚੇਤਰ ਤੋਂ ਮਹੀਨਿਆਂ ਦੀ ਗਿਣਤੀ ਸ਼ੁਰੂ ਕਰਕੇ ਫਲਗੁਣ (ਫੱਗਣ) ਤਾਈਂ ਬਾਰਾਮਾਹ ਪੂਰੇ ਕੀਤੇ ਗਏ ਹਨ। ਇਸ ਵਿਚ ਭਿੰਨ ਭਿੰਨ ਰੁੱਤਾਂ ਵਿਚ ਯੋਗੀ ਜਾਂ ਸਾਧਕ ਦੀ ਰਹਿਣੀ ਬਹਿਣੀ ਅਤੇ ਸਾਧਨਾ ਦਾ ਵੇਰਵਾ ਦਿੱਤਾ ਗਿਆ ਹੈ, ਜਿਵੇਂ:

ਚੇਤਰ ਨਾ ਚਿੱਤੋਂ ਵੀਸਰੇ ਸ਼ਬਦ ਸੁਰਤਿ ਗੁਰ ਗਿਆਨ।[3]

ਇਸ ਤੁਕ ਵਿਚ ਚੇਤਰ ਮਹੀਨੇ ਦੀ ਸਾਧਕ ਦੀ ਰਹਿਣੀ ਬਹਿਣੀ ਦਾ ਉਲੇਖ ਕੀਤਾ ਗਿਆ ਹੈ। ਇਸੇ ਤਰ੍ਹਾਂ

ਫਲਗੁਣ ਫੇਰਾ ਨਿਤ ਕਰਹੁ ਕਾਯਾ ਖੇਤ ਮੰਝਾਰੁ।[4]

ਇਥੇ ਕਾਇਆ ਨੂੰ ਖੇਤ ਦਾ ਰੂਪਕ ਦਿੱਤਾ ਗਿਆ ਹੈ ਅਤੇ ਫਲਗੁਣ ਫੇਰਾਂ ਬਹੁਤ ਵਧੀਆ ਅਨੁਪ੍ਰਾਸ ਮਿਲਦਾ ਹੈ। ਇਸ ਤਰ੍ਹਾਂ ਚੇਤਰ ਆਦਿ ਹੋਰ ਮਹੀਨਿਆਂ ਦੇ ਨਾਲ ਅਨੁਪ੍ਰਾਸਮਈ ਸ਼ਬਦਾਵਲੀ ਵਰਤੀ ਗਈ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 443.
2. ਉਹੀ, ਪੰਨਾ 397.
3. ਉਹੀ, ਪੰਨਾ 397.
4. ਉਹੀ, ਪੰਨਾ 402.

### 6) ਸਹੰਸਰਨਾਮ

ਪ੍ਰਭੂ ਦੇ ਅਨੇਕਾਂ ਨਾਵਾਂ ਦੀ ਗਿਣਤੀ ਭਗਤੀ ਨੂੰ ਦਰਸਾਉਣ ਲਈ ਹਰ ਇਕ ਧਰਮ ਵਿਚ ਕੀਤੀ ਜਾਂਦੀ ਹੈ। ਸੰਸਕ੍ਰਿਤ ਵਿਚ ਇਸ ਤਰ੍ਹਾਂ ਦੀ ਸਭ ਤੋਂ ਪੁਰਾਣੀ ਪੁਸਤਕ 'ਵਿਸ਼ਨੂੰ ਸਹਸ੍ਰਨਾਮ' ਹੈ। ਇਸ ਦੀ ਰਚਨਾ ਈਸਾ ਦੀ ਪੰਜਵੀਂ ਜਾਂ ਛੇਵੀਂ ਸਦੀ ਵਿਚ ਹੋਈ ਦੱਸੀ ਜਾਂਦੀ ਹੈ। ਇਸ ਤੋਂ ਬਾਅਦ ਇਹ ਪਰੰਪਰਾ ਅਨੇਕ ਪੁਸਤਕਾਂ ਵਿਚ ਮਿਲਦੀ ਹੈ।

ਇਸਲਾਮੀ ਪਰੰਪਰਾਵਾਂ ਵਿਚ ਵੀ 'ਅੱਲਾਹ' ਦੇ 100 ਨਾਉਂ ਦੱਸੇ ਜਾਂਦੇ ਹਨ। ਇਹਨਾਂ ਵਿਚੋਂ 99 ਨਾਉਂ ਤਾਂ ਪ੍ਰਗਟ ਹਨ ਪਰ ਇਕ ਨਾਉਂ ਗੁਪਤ ਹੈ। ਇਹ ਨਾਉਂ ਕੇਵਲ ਪੈਗੰਬਰਾਂ ਨੂੰ ਹੀ ਹਾਸਿਲ ਹੁੰਦਾ ਹੈ।[1]

ਪ੍ਰਭੂ ਦੇ ਵੱਧ ਤੋਂ ਵੱਧ ਨਾਉਂ ਗਿਣਾਉਣ ਦੀ ਇਹ ਪਰੰਪਰਾ ਸਾਡੀਆਂ ਮੱਧਕਾਲੀਨ ਧਰਮ ਪੁਸਤਕਾਂ ਵਿਚ ਵੀ ਮਿਲਦੀ ਹੈ। 'ਆਦਿ ਗ੍ਰੰਥ' ਵਿਚ ਈਸ਼ਵਰ ਦੇ ਅਨੇਕ ਨਾਉਂ ਗਿਣਾਏ ਗਏ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ਈਸ਼ਵਰ ਲਈ 'ਅਕਾਲਪੁਰਖ' — ਇਸ ਨਵੇਂ ਨਾਂ ਦੀ ਵਰਤੋਂ ਕੀਤੀ ਹੈ। ਇਸ 'ਅਕਾਲਪੁਰਖ' ਦੇ ਕਿੰਨੇ ਹੀ ਨਾਉਂ ਦਸਮ ਗ੍ਰੰਥ ਦੀ 'ਅਕਾਲ ਉਸਤਤਿ' ਵਿਚ ਮਿਲਦੇ ਹਨ।

ਪ੍ਰਾਣ-ਸੰਗਲੀ ਵਿਚ ਸਹੰਸਰਨਾਮ ਗਿਣਾਉਣ ਦੀ ਇਸ ਪਰੰਪਰਾ ਦਾ ਪਾਲਣ ਕੀਤਾ ਗਿਆ ਹੈ।

"॥ ਸਹਸ੍ਰਨਾਮ॥ ਰਾਗ ਮਾਰੂ ਮਹਲਾ ੧"[2]

ਇਸ ਸਿਰਲੇਖ ਹੇਠ ਪ੍ਰਭੂ ਦੇ ਅਨੇਕ ਨਾਵਾਂ ਦਾ ਉਲੇਖ ਮਿਲਦਾ ਹੈ। ਇਹਨਾਂ ਨਾਵਾਂ ਵਿਚ:

ਅਕਾਲ ਮੂਰਤਿ ਅਜੋਨੀ ਸੰਭੂ...।[3]

ਇਸ ਤਰ੍ਹਾਂ ਦੇ ਨਿਰਗੁਣਵਾਦੀ ਨਾਵਾਂ ਦੇ ਨਾਲ ਨਾਲ:

ਮੋਹਨਿ ਸੁੰਦਰ ਕ੍ਰਿਸ਼ਨ ਮੁਰਾਰੀ।
ਗੋਪੀਪਤਿ ਰਾਜਾ ਬਨਵਾਰੀ॥[4]

ਇਤਿਆਦਿ ਪੌਰਾਣਿਕ ਨਾਵਾਂ ਦਾ ਵੀ ਉਲੇਖ ਕੀਤਾ ਗਿਆ ਹੈ। ਇਸ ਬਾਣੀ ਦੇ ਅੰਤ ਵਿਚ ਪੌਰਾਣਿਕ ਸ਼ੈਲੀ ਦੀਆਂ ਇਹ ਤੁਕਾਂ ਆਉਂਦੀਆਂ ਹਨ:

ਸਹਸ੍ਰਨਾਮ ਪੜ੍ਹ ਪੂਰੀ ਆਸਾ।
ਮਸਤਕ ਲੇਖ ਲਿਖਿਆ ਧੁਰ ਸਾਚਾ॥[5]

ਸਪੱਸ਼ਟ ਹੈ ਕਿ ਨਿਰਗੁਣਵਾਦੀ ਅਤੇ ਹੋਰ ਪੌਰਾਣਿਕ ਦ੍ਰਿਸ਼ਟੀ ਨਾਲ ਲਿਖੀ ਗਈ ਇਹ ਰਚਨਾ ਪੰਜਾਬ ਦੇ ਸਹੰਸਰਨਾਮ ਕਾਵਿ-ਰੂਪ ਵਿਚ ਇਕ ਮਹੱਤਵਪੂਰਨ ਰਚਨਾ ਹੈ।[6]

---

1. ਵਿਸਥਾਰ ਲਈ ਦੇਖੋ: Encyclopaedia of Islam (ਅੱਲਾ)।
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 361.
3. ਉਹੀ, ਪੰਨਾ 361.
4. ਉਹੀ, ਪੰਨਾ 362.
5. ਉਹੀ, ਪੰਨਾ 367.
6. "ਸਹੰਸਰਨਾਮ ਸਿਰਲੇਖ ਹੇਠ ਮਿਹਰਬਾਨੀਆਂ ਦੀ ਇਕ ਰਚਨਾ 'ਸੁਖਮਨਾ ਸਹੰਸਰਨਾਮ' ਵੀ ਮਿਲਦੀ ਹੈ। ਇਸ ਹੱਥ-ਲਿਖਤ ਦਾ ਵੇਰਵਾ ਸ਼ਮਸ਼ੇਰ ਸਿੰਘ ਅਸ਼ੋਕ ਨੇ ਹੱਥ-ਲਿਖਤਾਂ ਦੀ ਸੂਚੀ ਵਿਚ ਦਿੱਤਾ ਹੈ।"

7 ਆਰਤੀ

ਆਰਤੀ ਸ਼ਬਦ ਸੰਸਕ੍ਰਿਤ ਤੋਂ ਆਇਆ ਹੈ। ਇਸਦੀ ਵਿਉਤਪੱਤੀ ਅਸਪੱਸ਼ਟ ਹੈ। ਇੰਜ ਜਾਪਦਾ ਹੈ ਕਿ ਈਸ਼ਵਰ ਜਾਂ ਕਿਸੇ ਹੋਰ ਦੇਵਤੇ ਦੀ ਪੂਜਾ ਲਈ ਇਸਦਾ ਵਿਧਾਨ ਕੀਤਾ ਜਾਂਦਾ ਰਿਹਾ ਹੈ। ਦੀਪਕ, ਫੁੱਲ, ਫਲ, ਧੂਪ ਅਤੇ ਦੱਛਣਾ ਆਦਿ ਨਾਲ ਇਸਦਾ ਰੂਪ ਪੂਰਾ ਹੁੰਦਾ ਹੈ।

ਪ੍ਰਾਣ-ਸੰਗਲੀ ਵਿਚ 'ਰਾਗ ਗਉੜੀ ਦੀਪਕੀ ਪਰਾਤ ਆਰਤੀ ਮਹਲਾ ੧' — ਸਿਰਲੇਖ ਹੇਠ 'ਆਰਤੀ' ਦਿੱਤੀ ਗਈ ਹੈ।[1] ਇਸਦੇ ਪੰਜ ਬੰਦ ਦੱਸੇ ਗਏ ਹਨ। ਇਸ ਪੂਰੀ ਆਰਤੀ ਵਿਚ ਪਾਖੰਡ ਖੰਡਨ ਅਤੇ ਨਿਰਗੁਣਵਾਦੀ ਦ੍ਰਿਸ਼ਟੀ ਦਾ ਉੱਘਾ ਰੂਪ ਮਿਲਦਾ ਹੈ:

i) ਪਹਿਲੀ ਆਰਤੀ ਹਰਿ ਦਰਬਾਰੇ।
ਤਹੀ ਅਨਹਦ ਬਾਜੇ ਰੁਣਝੁਣਕਾਰੇ॥[2]

ii) ਲਖ ਸੂਰਜ ਲਖ ਚੰਦ੍ਰਮਾ ਤਹੀ ਬਨੇ ਚਰਾਗ।
ਝਲਮਲਾਟ ਕਰਿ ਨੂਰ ਕਾ ਹਰਿ ਸੇਵਾ ਲਾਗ॥[3]

ਇਸ ਤੁਕ ਵਿਚ 'ਆਦਿ ਗ੍ਰੰਥ' ਦੀ ਪ੍ਰਸਿੱਧ ਆਰਤੀ ਦਾ ਝਲਕਾਰਾ ਪੈਂਦਾ ਹੈ।

ਸਾਰਾਂਸ਼ ਇਹ ਹੈ ਕਿ ਆਰਤੀ ਕਾਵਿ-ਰੂਪ ਭਗਤੀ ਭਾਵਨਾ ਦਾ ਕਾਵਿ ਹੈ ਅਤੇ ਇਸ ਵਿਚ ਨਿਰਗੁਣ ਭਗਤੀ, ਪ੍ਰਭੂ ਦੀ ਸਰਬ ਵਿਆਪਕਤਾ ਅਤੇ ਪ੍ਰਕ੍ਰਿਤੀ ਦਾ ਬਹੁਤ ਸੁਹਣਾ ਰੂਪ ਮਿਲਦਾ ਹੈ।

8) ਮਾਤ੍ਰਾ

ਕਾਵਿ-ਰੂਪ ਦੇ ਸੰਦਰਭ ਵਿਚ ਮਾਤ੍ਰਾ ਦਾ ਅਰਥ ਹੈ ਸਾਧਕਾਂ ਦੇ ਨਿਯਮ ਪ੍ਰਗਟ ਕਰਨ ਵਾਲੀ ਰਚਨਾ। 'ਮਹਾਨਕੋਸ਼' ਵਿਚ ਉਦਾਸੀਨ ਸਾਧੂਆਂ ਦੀ ਰਹਿਣੀ ਬਹਿਣੀ ਨੂੰ ਪ੍ਰਗਟ ਕਰਨ ਵਾਲੇ ਮਾਤ੍ਰਾ ਗ੍ਰੰਥਾਂ ਦਾ ਉਲੇਖ ਕੀਤਾ ਗਿਆ ਹੈ। ਪ੍ਰਾਣ-ਸੰਗਲੀ ਵਿਚ ਇਹ ਪੰਜ ਰਚਨਾਵਾਂ ਮਾਤ੍ਰਾ ਦੇ ਰੂਪ ਵਿਚ ਲਿਖੀਆਂ ਗਈਆਂ ਹਨ:

ੳ) ਮਾਤ੍ਰਾ ਭੇਖ ਕੀ ਮਹਲਾ ੧ (ਅਧਿਆਇ 63)
ਅ) ਪ੍ਰਾਣ ਮਾਤ੍ਰਾ ਮਹਲਾ ੧ (ਅਧਿਆਇ 64)
ੲ) ਰਹਿਤ ਮਾਤ੍ਰਾ ਮਹਲਾ ੧ (ਅਧਿਆਇ 65)
ਸ) ਪੋਤਮਣੀ ਮਾਤ੍ਰਾ ਮਹਲਾ ੧ (ਅਧਿਆਇ 66)
ਹ) ਦੁਆਦਸ ਮਾਤ੍ਰਾ — ਰਾਗ ਰਾਮਕਲੀ ਮਹਲਾ ੧ (ਅਧਿਆਇ 67)

ਵਿਸ਼ੈ-ਵਸਤੂ ਦੀ ਦ੍ਰਿਸ਼ਟੀ ਤੋਂ ਇਹਨਾਂ ਮਾਤ੍ਰਾਵਾਂ ਵਿਚ ਸਾਧਕਾਂ ਲਈ ਰਹਿਣੀ ਬਹਿਣੀ ਦਾ ਵਿਧਾਨ ਕੀਤਾ ਗਿਆ ਹੈ। 'ਮਾਤ੍ਰਾ ਭੇਖ ਕੀ' ਦਾ ਉਦਾਹਰਣ ਇਸ ਤਰ੍ਹਾਂ ਹੈ:

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 765.
2. ਉਹੀ, ਪੰਨਾ 765.
3. ਉਹੀ, ਪੰਨਾ 767.

ਹੋਇ ਅਵਧੂਤ ਮਸਾਣਿ ਜਗਾਵੈ।
ਕਾਯਾ ਮਾਰੈ ਮਨ ਨਾ ਡੁਲਾਵੈ॥[1]

ਇਸੇ ਤਰ੍ਹਾਂ 'ਪ੍ਰਾਣ ਮਾਤ੍ਰਾ' ਵਿਚ:

ਮੈਂ ਤੇ ਮਨ ਸੋਧ ਵਿਨ ਜੀਤਿਆ ਜੋਗੀ।
ਜਰਾ ਮਰਨ ਮੇਟਿਆ ਪੌਨ ਰਸ ਭੋਗੀ॥[2]

ਸਾਧਕ ਨੂੰ ਮਨ ਜਿੱਤਣ ਲਈ ਜਰਾ (ਬੁਢਾਪਾ) ਅਤੇ ਮਰਨ ਨੂੰ ਮੇਟਣ ਲਈ ਪ੍ਰਾਣਾਯਾਮ ਦਾ ਅਭਿਆਸ ਕਰਨਾ ਚਾਹੀਦਾ ਹੈ। ਹਠ ਯੋਗ ਦੀ ਇਸ ਦ੍ਰਿਸ਼ਟੀ ਦਾ ਵਿਸਥਾਰ ਉਪਰੋਕਤ ਤੁਕ ਵਿਚ ਪਾਇਆ ਜਾਂਦਾ ਹੈ।

ਇਸੇ ਤਰ੍ਹਾਂ ਰਹਿਤ ਮਾਤ੍ਰਾ ਵਿਚ ਸਥੂਲ ਭੇਖ ਤੋਂ ਉਪਰ ਉੱਠਕੇ ਯੋਗੀ ਲਈ ਰਹਿਤ ਦਾ ਵਿਧਾਨ ਇਸ ਤਰ੍ਹਾਂ ਕੀਤਾ ਗਿਆ ਹੈ:

ਸਚੁ ਵਿਭੂਤ ਲੈ ਅੰਗ ਚੜ੍ਹਾਈ। ਭਲਾ ਬੁਰਾ ਦੂਈ ਧੂਣੀ ਜਲਾਈ॥
ਚੇਤੰਨ ਤਿਲਕਾ ਅਚਰਜ ਛਾਪਾ। ਗੁਰ ਸ਼ਬਦੀ ਸਭ ਮੇਟੇ ਆਪਾ॥[3]

ਰਹਿਤ ਮਾਤ੍ਰਾ ਦੀਆਂ ਇਹਨਾਂ ਤੁਕਾਂ ਵਿਚ ਸੱਚੀ ਬਿਭੂਤ, ਸੱਚੀ ਧੂਣੀ ਅਤੇ ਸੂਖਮ ਤਿਲਕ ਛਾਪੇ ਦਾ ਸਾਧਕ ਲਈ ਵਿਧਾਨ ਕੀਤਾ ਗਿਆ ਹੈ।

ਪ੍ਰਾਣ-ਸੰਗਲੀ ਵਿਚ ਯੋਗ ਦੀਆਂ ਅਵਸਥਾਵਾਂ ਨੂੰ ਪ੍ਰਸ਼ਨ-ਉੱਤਰ ਸ਼ੈਲੀ ਵਿਚ ਪ੍ਰਗਟਾਇਆ ਗਿਆ ਹੈ। ਗੋਰਖਨਾਥ ਦੇ ਇਸ ਪ੍ਰਸ਼ਨ ਕਿ 'ਸਿੱਧ ਪੁਰਖ ਕਿਸ ਉੱਤੇ ਬਹਿੰਦਾ ਹੈ? ਕਿਸ ਦੇ ਉੱਤੇ ਸੌਂਦਾ ਹੈ?' ਦਾ ਉੱਤਰ ਗੁਰੂ ਨਾਨਕ ਦੇ ਮੂੰਹੋਂ ਇੰਜ ਦਿਵਾਇਆ ਗਿਆ ਹੈ:

ਹੱਕ ਉਪਰਿ ਪੈਰ ਹਮਾਰੇ ਪੁਰਖਾ ਰਾਹੁ ਉਪਰਿ ਖੜੋਏ।
ਧੀਰਜ ਉਪਰਿ ਬੈਠੇ ਸਿੱਧਾ, ਏਕ ਟੇਕ ਲੈ ਸੋਏ॥[4]

ਜੋਗਮਣੀ ਮਾਤ੍ਰਾ ਦੀਆਂ ਇਹਨਾਂ ਤੁਕਾਂ ਵਿਚ ਇਹ ਭਾਵ ਪ੍ਰਗਟਾਇਆ ਗਿਆ ਹੈ ਕਿ ਹੱਕ (ਸੱਚ), ਧੀਰਜ ਅਤੇ ਇਕ ਪ੍ਰਭੂ ਦੀ ਟੇਕ ਦਾ ਸਹਾਰਾ ਸਾਧਕ ਨੂੰ ਹੁੰਦਾ ਹੈ।

'ਦ੍ਵਾਦਸ' ਦਾ ਅਰਥ ਹੈ ਬਾਰਾਂ। ਪ੍ਰਾਣ-ਸੰਗਲੀ ਵਿਚ 12 ਪਉੜੀਆਂ ਰਾਹੀਂ ਯੋਗ ਸਾਧਨਾ ਦੀਆਂ ਸਥੂਲ ਵਸਤਾਂ ਦੀ ਨਿਖੇਧੀ ਕੀਤੀ ਗਈ ਹੈ:

ਜਤ ਦੀ ਧੋਤੀ ਸਤ ਕੀ ਕਊਪੀਨ।
ਅਕਲ ਕਾ ਅੰਗਛਾ ਜ਼ੁਬਾਨ ਪੋਥੀ॥[5]

ਦ੍ਵਾਦਸ ਮਾਤ੍ਰਾ ਦੀ ਇਸ ਤੁਕ ਵਿਚ ਜਤ ਦੀ ਸੱਚੀ ਧੋਤੀ, ਸਤ ਦੀ ਕਊਪੀਨ (ਲੰਗੋਟੀ), ਅਕਲ ਦਾ ਅੰਗਛਾ (ਪਰਨਾ) ਅਤੇ ਪੋਥੀ (ਗੁਰਬਾਣੀ) ਦਾ ਕੰਠਾਗਰ ਹੋਣਾ ਯੋਗੀ ਦੀ ਸੱਚੀ ਸਾਧਨਾ ਦੱਸੀ ਗਈ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 705.
2. ਉਹੀ, ਪੰਨਾ 706. 3. ਉਹੀ, ਪੰਨਾ 708. 4. ਉਹੀ, ਪੰਨਾ 709. 5. ਉਹੀ, ਪੰਨਾ 710.

ਕਾਵਿ ਦੀ ਦ੍ਰਿਸ਼ਟੀ ਤੋਂ ਸੁਚੱਜੇ ਰੂਪਕ ਅਲੰਕਾਰ ਦੀ ਵਰਤੋਂ ਇਹਨਾਂ ਮਾਤ੍ਰਾਵਾਂ ਵਿਚ ਹੋਈ ਹੈ; ਜਿਵੇਂ:

ਦੂਖ ਭੂਖ ਕੀ ਕਫ਼ਨੀ ਪਾਈ।[1]
ਸਹਿਜ ਟੋਪੀ ਸੱਚੁ ਗੁਰ ਗਿਆਨ।[2]

ਸਾਰਾਂਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਮਾਤ੍ਰਾ ਦੇ ਇਸ ਕਾਵਿ ਰੂਪ ਦੇ ਰਾਹੀਂ ਪ੍ਰਾਣ-ਸੰਗਲੀ ਦੇ ਲੇਖਕ ਨੇ ਭੇਖ, ਅਡੰਬਰ ਅਤੇ ਪਾਖੰਡ ਦਾ ਖੰਡਨ ਕਰਦੇ ਹੋਏ ਸੱਚੀ ਸਹਿਜ ਸਾਧਨਾ ਦਾ ਵਿਧਾਨ ਕੀਤਾ ਹੈ।

9) <u>ਰੱਛਿਆ</u>

ਪ੍ਰਭੂ ਤੋਂ ਆਪਣੇ ਲਈ ਜਾਂ ਆਪਣੇ ਪਰਿਵਾਰ ਜਾਂ ਆਪਣੇ ਮਿੱਤਰ ਪਿਆਰਿਆਂ ਲਈ ਰੱਛਿਆ ਦੀ ਮੰਗ ਭਗਤ ਪਿਆਰੇ ਕਰਦੇ ਆਏ ਹਨ। ਭਗਤਾਂ ਦੀ ਇਸੇ ਭਾਵਨਾ ਨੂੰ ਰੱਛਿਆ ਕਾਵਿ-ਰੂਪ ਦਾ ਨਾਂ ਦਿੱਤਾ ਗਿਆ ਹੈ।

ਗੋਰਖਬਾਣੀ ਵਿਚ 'ਰਾਮ ਰੱਛਿਆ' ਅਤੇ ਕਬੀਰ ਦੇ 'ਬੀਜਕ' ਵਿਚ ਇਸ ਤਰ੍ਹਾਂ ਦੀਆਂ 'ਰੱਛਿਆਵਾਂ' ਦੀ ਵਰਤੋਂ ਹੋਈ ਹੈ।

ਪ੍ਰਾਣ-ਸੰਗਲੀ ਵਿਚ ਰੱਛਿਆ ਕਾਵਿ-ਰੂਪ ਨੂੰ ਵੀ ਅਪਣਾਇਆ ਗਿਆ ਹੈ। ਇਸ ਵਿਚ 'ਬਣੀ ਰਛਿਆ' ਸਿਰਲੇਖ ਹੇਠ ਇਕੋ ਅਧਿਆਇ ਵਿਚ 'ਰੱਛਿਆ ਬਾਬੇ ਨਾਨਕ ਜੀ ਕੀ', 'ਰੱਖਿਆ ਗੁਰ ਬਾਬੇ ਨਾਨਕ ਜੀ ਕੀ' ਅਤੇ 'ਰੱਛਿਆ ਬਾਬੇ ਨਾਨਕ ਜੀ ਕੀ ਸ਼ਤਰੂ ਦਮਨ' — ਇਹ ਰੱਛਿਆ ਰਚਨਾਵਾਂ ਮਿਲਦੀਆਂ ਹਨ।

ਪ੍ਰਾਣ-ਸੰਗਲੀ ਦੀਆਂ ਇਹਨਾਂ ਰੱਛਿਆ ਰਚਨਾਵਾਂ ਵਿਚ ਤੰਤ੍ਰ ਮੰਤ੍ਰ ਦਾ ਡੂੰਘਾ ਪ੍ਰਭਾਵ ਦਿਸਦਾ ਹੈ। ਇਹਨਾਂ ਦੀ ਰਚਨਾ ਆਮ ਤੌਰ ਤੇ ਵਾਰਤਕ ਵਿਚ ਹੋਈ ਹੈ ਪਰ ਕਵਿਤਾ ਦਾ ਵੀ ਅੰਸ਼ ਕਾਫ਼ੀ ਹੈ। ਉਦਾਹਰਣ ਵਜੋਂ:

ਪੜ੍ਹਿਆ ਨਾਮ ਨਿਰਬਾਣ। ਨਾਨਕ ਬਾਧੇ ਦੇਵ ਮਸਾਣ॥[3]

ਮਸਾਣ ਬੰਨ੍ਹਣਾ, ਮੰਤ੍ਰ ਸ਼ਾਸਤ੍ਰ ਵਿਚ ਇਕ ਪ੍ਰਸਿੱਧ ਸਾਧਨਾ ਹੈ। ਪਰ ਗੁਰੂ ਨਾਨਕ ਦੇਵ ਜੀ ਨਾਲ ਇਸਨੂੰ ਜੋੜਨਾ ਉਚਿੱਤ ਨਹੀਂ ਜਾਪਦਾ।

ਤੰਤ੍ਰ ਸ਼ਾਸਤ੍ਰ ਦੇ ਡਾਕਣੀ, ਸ਼ਾਕਣੀ, ਭੈਰਓ, ਭੂਤ, ਪ੍ਰੇਤ ਪਿਸ਼ਾਚ ਅਤੇ ਅਲੀ ਬੀਰ ਆਦਿ ਮਿਥਿਹਾਸਿਕ ਵਿਅਕਤੀਆਂ ਦਾ ਉਲੇਖ ਇਹਨਾਂ ਰੱਛਿਆਵਾਂ ਵਿਚ ਮਿਲਦਾ ਹੈ। ਇਹਨਾਂ ਤੋਂ ਬਚਣ ਲਈ ਰੱਛਿਆ ਦੀ ਸਿਰਜਣਾ ਕੀਤੀ ਗਈ। ਇਹਨਾਂ ਰੱਛਿਆਵਾਂ ਦੇ ਅੰਤ ਵਿਚ ਇਹ ਫਲ ਦੱਸਿਆ ਗਿਆ ਹੈ:

ਆਰਬਲ ਤੁਮਰੀ ਬਡੀ ਹੋਇ ਸ਼ਤ੍ਰੁ ਰਹੈ ਨਾ ਕੋਇ।
ਆਤਮਪਦ ਕੋ ਪਾਇ ਕੈ ਸਦਾ ਅਨੰਦੀ ਹੋਇ॥[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 70[illegible].
2. ਉਹੀ, ਪੰਨਾ 708.
3. ਉਹੀ, ਪੰਨਾ 622.
4. ਉਹੀ, ਪੰਨਾ 625.

ਭਾਵ ਇਹ ਕਿ ਗੋਸ਼ਟਾਂ ਦੇ ਤੰਤ੍ਰਾਂ ਮੰਤ੍ਰਾਂ ਨਾਲ ਵੀ ਆਤਮਪਦ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਅਧਿਆਤਮਿਕ ਸਾਧਨਾਂ ਦੀ ਦ੍ਰਿਸ਼ਟੀ ਤੋਂ ਇਹ ਇਕ ਮਹੱਤਵਪੂਰਨ ਉਪਲਬਧੀ ਹੈ।

ਸਾਰਾਂਸ਼ ਇਹ ਹੈ ਕਿ ਗੋਸ਼ਟਾਂ ਦੀ ਰਚਨਾ ਘੋਰ ਤਾਂਤ੍ਰਿਕ ਦ੍ਰਿਸ਼ਟੀ ਨਾਲ ਕੀਤੀ ਗਈ ਹੈ। ਤਾਂਤ੍ਰਿਕ ਪਰੰਪਰਾਵਾਂ ਦੇ 84 ਸਿੱਧ, 64 ਜੋਗਣੀਆਂ, 52 ਬੀਰ, ਅਸ਼ਟ ਕੁਲੀ ਨਾਗ, ਇਕ ਲੱਖ ਅੱਸੀ ਹਜ਼ਾਰ ਪੈਗੰਬਰ, ਦੇਵ ਦਾਨੋ ਆਦਿ ਭਿਆਨਕ ਵਿਅਕਤੀਆਂ ਤੋਂ ਬਚਣ ਲਈ ਅਤੇ ਇਹਨਾਂ ਨੂੰ ਆਪਣੇ ਸ਼ਤ੍ਰੂਆਂ ਦੇ ਉਤੇ ਵਾਰ ਕਰਨ ਲਈ ਪ੍ਰੇਰਿਆ ਗਿਆ ਹੈ। ਅੰਤ ਵਿਚ ਇਸ ਪੂਰੇ ਤਾਂਤ੍ਰਿਕ ਵਾਤਾਵਰਣ ਨੂੰ ਅਧਿਆਤਮਿਕ ਰੰਗ ਦਿੱਤਾ ਗਿਆ ਹੈ।

<u>ਨਿਸ਼ਕਰਸ਼:</u> ਕਾਵਿ ਨੂੰ ਪ੍ਰਾਚੀਨ ਆਚਾਰੀਆਂ ਅਤੇ ਆਧੁਨਿਕ ਵਿਦਵਾਨਾਂ ਨੇ ਅਨੇਕ ਦ੍ਰਿਸ਼ਟੀਆਂ ਤੋਂ ਪਰਿਭਾਸ਼ਿਤ ਕੀਤਾ ਹੈ। ਰਸ, ਧੁਨੀ, ਅਲੰਕਾਰ ਆਦਿ ਕਸੌਟੀਆਂ ਉੱਤੇ ਕਾਵਿ ਨੂੰ ਪਰਖਿਆ ਜਾਂਦਾ ਰਿਹਾ ਹੈ। ਪੱਛਮ ਵਿਚ ਵੀ ਕਾਵਿ ਦੀਆਂ ਅਨੇਕ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ ਪਰ ਆਪਣੇ ਅੰਤਿਮ ਵਿਸ਼ਲੇਸ਼ਣ ਵਿਚ ਕਾਵਿ ਮਨੁੱਖੀ ਮਨ ਉੱਤੇ ਮਾਰਮਿਕ ਪ੍ਰਭਾਵ ਛੱਡਣ ਵਾਲੀ ਰਚਨਾ ਸਿੱਧ ਹੁੰਦੀ ਹੈ। ਭਾਵ ਇਹ ਕਿ ਇਨਸਾਨ ਨੂੰ ਬਿਹਤਰ ਇਨਸਾਨ ਬਣਾਉਣ ਵਾਲੀ ਰਚਨਾ ਨੂੰ ਕਾਵਿ ਕਿਹਾ ਜਾ ਸਕਦਾ ਹੈ।

ਇਸ ਵਿਵੇਚਨ ਨੂੰ ਮੁੱਖ ਰੱਖਕੇ ਪ੍ਰਾਣ-ਸੰਗਲੀ ਦੇ ਉਪਰੋਕਤ ਕਾਵਿ-ਰੂਪ ਬਹੁਤ ਪ੍ਰਭਾਵਸ਼ਾਲੀ ਅਤੇ ਮਾਰਮਿਕ ਕਾਵਿ-ਰੂਪ ਕਹੇ ਜਾ ਸਕਦੇ ਹਨ। ਇਹ ਸੱਚ ਹੈ ਕਿ ਇਹਨਾਂ ਵਿਚ ਬਹੁਤ ਸਾਰੇ ਅੰਸ਼ ਉੱਚ ਕੋਟੀ ਦੇ ਨਹੀਂ ਹਨ ਪਰ ਪਾਖੰਡ ਖੰਡਨ, ਮਿਥਿਆ ਵਿਸ਼ਵਾਸਾਂ ਦਾ ਵਿਰੋਧ ਅਤੇ ਸਦਾਚਾਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਭਾਵਨਾਵਾਂ ਦੇ ਕਾਰਨ ਪ੍ਰਾਣ-ਸੰਗਲੀ ਦੇ ਇਹ ਕਾਵਿ-ਰੂਪ ਇਕ ਉੱਚ ਪੱਧਰੀ ਕਾਵਿ ਦਾ ਉੱਚਾ ਤੇ ਸੁੱਚਾ ਉਦਾਹਰਣ ਪ੍ਰਸਤੁਤ ਕਰਦੇ ਹਨ।

ਇਹਨਾਂ ਕਾਵਿ-ਰੂਪਾਂ ਦਾ ਵਿਰਸਾ ਸਾਹਿੱਤ, ਸਮਾਜ ਤੇ ਇਤਿਹਾਸ ਦੀ ਦ੍ਰਿਸ਼ਟੀ ਤੋਂ ਬਹੁਤ ਅਮੀਰ ਹੈ। ਇਹਨਾਂ ਕਾਵਿ-ਰੂਪਾਂ ਦੀ ਵੱਖਰੀ ਵਖਰੀ ਬਣਤਰ ਨਾਲ ਪ੍ਰਾਣ-ਸੰਗਲੀ ਦੇ ਲੇਖਕ ਨੇ ਨੀਰਸਤਾ (monotony) ਨੂੰ ਤੋੜਨ ਦਾ ਵੀ ਯਤਨ ਕੀਤਾ ਹੈ। ਇਸ ਤਰ੍ਹਾਂ ਪ੍ਰਾਣ-ਸੰਗਲੀ ਦੇ ਇਹ ਭਿੰਨ ਭਿੰਨ ਕਾਵਿ-ਰੂਪ ਪਾਠਕ ਲਈ ਨਵੀਨਤਾ ਅਤੇ ਰੋਚਕਤਾ ਦੇ ਨਾਲ ਨਾਲ ਅਧਿਆਤਮਿਕ ਸਾਧਨਾ ਦਾ ਵੀ ਮਾਰਗ ਦਰਸਾਉਂਦੇ ਹਨ।

# ਅਧਿਆਇ ਪੰਜਵਾਂ

## ਪ੍ਰਾਣ-ਸੰਗਲੀ ਦੀ ਕਾਵਿ-ਕਲਾ

## ਅਧਿਆਇ 5

# ਪ੍ਰਾਣ-ਸੰਗਲੀ ਦੀ ਕਾਵਿ-ਕਲਾ

ਭਾਰਤ ਦੇ ਰਿਸ਼ੀਆਂ ਨੇ ਕਵੀ ਅਤੇ ਕਾਵਿ ਦਾ ਸੰਬੰਧ ਸਿੱਧੇ ਤੌਰ ਤੇ ਈਸ਼ਵਰ ਦੇ ਨਾਲ ਜੋੜਿਆ ਹੈ। ਰਿਗ ਵੇਦ ਦਾ ਰਿਸ਼ੀ ਇਸ ਸੰਸਾਰ ਨੂੰ ਇਕ ਕਾਵਿ ਦੇ ਰੂਪ ਵਿਚ ਦੇਖਦਾ ਹੈ[1] ਅਤੇ ਇਸ ਦੇ ਰਚੇਤਾ ਨੂੰ ਕਵੀ ਨਾਂ ਦੇ ਨਾਲ ਯਾਦ ਕਰਦਾ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਪਰੰਪਰਾਵਾਂ ਵਿਚ ਕਾਵਿ ਅਤੇ ਕਵੀ ਨੂੰ ਚਿੰਤਨ ਅਤੇ ਸਿਰਜਣਾ ਦੇ ਖੇਤਰ ਵਿਚ ਸਭ ਤੋਂ ਉੱਚੀ ਥਾਂ ਦਿੱਤੀ ਗਈ ਹੈ।

ਕਵੀ ਅਤੇ ਕਾਵਿ ਦੀ ਇਸ ਮਹਿਮਾ ਦਾ ਕਾਰਨ ਇਹ ਹੈ ਕਿ ਕਾਵਿ ਮਨੁੱਖੀ ਸੋਚ ਅਤੇ ਕਲਪਨਾ ਸ਼ਕਤੀ ਦਾ ਸਭ ਤੋਂ ਵਧੀਆ ਕਰਿਸ਼ਮਾ ਹੈ। ਸੋਚ ਦੇ ਪੱਧਰ ਉਤੇ ਮਨੁੱਖੀ ਜੀਵਨ ਦੀਆਂ ਊਣਤਾਈਆਂ, ਸਮਾਜਿਕ ਅਤੇ ਆਰਥਿਕ ਵਿਸ਼ਮਤਾਵਾਂ ਨੂੰ ਦੂਰ ਕਰਨਾ ਅਤੇ ਮਨੁੱਖੀ ਜੀਵਨ ਨੂੰ ਹੋਰ ਚੰਗੇਰਾ ਬਣਾਉਣਾ ਕਾਵਿ ਦਾ ਮੂਲ ਮੰਤਵ ਹੈ। ਇਸੇ ਤਰ੍ਹਾਂ ਕਲਪਨਾ ਸ਼ਕਤੀ ਦਾ ਸਹਾਰਾ ਲੈ ਕੇ ਕਵੀ ਜੀਵਨ ਅਤੇ ਜਗਤ ਦੀਆਂ ਅਨੇਕ ਮਾਨਤਾਵਾਂ ਨੂੰ ਦੂਰ ਕਰਨ ਦਾ ਵੀ ਇਕ ਪ੍ਰਭਾਵਸ਼ਾਲੀ ਯਤਨ ਕਰਦਾ ਹੈ। ਸੰਸਕ੍ਰਿਤ ਦੇ ਇਕ ਕਵੀ ਨੇ ਕਿਹਾ ਹੈ ਕਿ 'ਵਿਧਾਤਾ ਦੀ ਸ੍ਰਿਸ਼ਟੀ ਤਾਂ ਦੋਸ਼ਪੂਰਣ ਹੋ ਸਕਦੀ ਹੈ ਪਰ ਮਹਾਨ ਕਵੀ ਦਾ ਰਚਨਾ-ਸੰਸਾਰ ਕਿਸੇ ਵੀ ਦੋਸ਼ ਜਾਂ ਊਣਤਾਈ ਤੋਂ ਬਿਲਕੁਲ ਰਹਿਤ ਹੁੰਦਾ ਹੈ।[2]

ਦਸਵੀਂ ਸਦੀ ਤਕ ਪਹੁੰਚ ਕੇ ਕਾਵਿ ਸੰਬੰਧੀ ਭਾਰਤੀ ਧਾਰਨਾ ਮਨੁੱਖੀ ਜੀਵਨ ਦੇ ਇਤਨੇ ਨੇੜੇ ਪੁਜ ਚੁਕੀ ਸੀ ਕਿ ਕਵਿਤਾ ਅਤੇ ਜੀਵਨ ਇਕੋ ਹੀ ਵਸਤੂ ਦੇ ਦੋ ਨਾਂ ਪ੍ਰਤੀਤ ਹੋਣ ਲੱਗੇ। ਆਚਾਰਯ 'ਮੰਮਟ'[3] ਨੇ ਲਿਖਿਆ ਹੈ ਕਿ ਕਵੀ ਦਾ ਉਦੇਸ਼ ਕਲਪਨਾ ਰਾਹੀਂ ਪਾਠਕ ਦਾ ਕੇਵਲ ਮਨੋਰੰਜਨ ਕਰਨਾ ਨਹੀਂ ਹੈ ਸਗੋਂ ਉਸਦਾ ਉਦੇਸ਼ ਦਿਲ ਅਤੇ ਦਿਮਾਗ਼ ਦੇ ਵਿਕਾਰਾਂ ਨੂੰ ਦੂਰ ਕਰਨਾ ਅਤੇ ਮਨੁੱਖ ਨੂੰ ਦੇਵਤਾ ਦੀ ਪਦਵੀ ਉਤੇ ਸਥਾਪਿਤ ਕਰਨਾ ਹੈ। ਇਸ ਤਰ੍ਹਾਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਪਰੰਪਰਾਵਾਂ ਦੇ ਅਨੁਸਾਰ ਸਾਹਿੱਤ ਜਾਂ ਕਾਵਿ ਕੇਵਲ ਮਨ ਪਰਚਾਵੇ ਦੀ ਵਸਤੂ ਨਹੀਂ ਹੈ ਸਗੋਂ ਇਸ ਦਾ ਸੰਬੰਧ ਮਨੁੱਖੀ ਜੀਵਨ ਦੀਆਂ ਗੰਭੀਰ ਸਮਸਿਆਵਾਂ ਨਾਲ ਵਧੇਰੇ ਹੈ। ਕਾਲੀਦਾਸ[4] ਨੇ ਲਿਖਿਆ ਹੈ ਕਿ ਮਹਾਨ ਕਵਿਤਾ ਮਨੁੱਖ ਨੂੰ ਸੋਚ ਦੇ ਸਾਧਾਰਣ ਪੱਧਰ ਤੋਂ ਉਪਰ ਚੁਕ ਕੇ

---

1. 'ਰਿਗਵੇਦ', 6/44,46.
2. ਰਾਜ ਸ਼ੇਖਰ, 'ਸ਼ਿੰਗਾਰ ਮੰਜਰੀ', ਪੰਨਾ 312.
3. ਮੰਮਟ, 'ਕਾਵਯ ਪ੍ਰਕਾਸ਼' ਅਧਿਆਇ ਪਹਿਲਾ, ਸ਼ਲੋਕ ੧.
4. ਕਾਲੀਦਾਸ, 'ਰਘੂਵੰਸ਼', ਸਰਗ ਪਹਿਲਾ, ਸ਼ਲੋਕ 17.

ਕਿਸੇ ਮਹਾਨ ਉਦੇਸ਼ ਵੱਲ ਪ੍ਰੇਰਿਤ ਕਰਦੀ ਹੈ। ਸੰਸਾਰ ਦੇ ਕਿਸੇ ਵੀ ਮਹਾਂਪੁਰਖ ਦੀ ਕਵਿਤਾ ਨੂੰ ਕਾਲੀਦਾਸ ਦੀ ਕਾਵਿ ਸੰਬੰਧੀ ਇਸ ਕਸਵੱਟੀ ਉੱਤੇ ਪੂਰਾ ਉਤਰਨਾ ਪੈਂਦਾ ਹੈ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਨਾ ਤਾਂ ਕਿਸੇ ਕਵਿਤਾ ਦਾ ਵਣਜ ਕਰਨ ਵਾਲੇ ਦੀ ਹੀ ਕਵਿਤਾ ਹੈ ਅਤੇ ਨਾ ਹੀ ਕਿਸੇ ਅਲੰਕਾਰ ਸ਼ਾਸਤ੍ਰੀ ਦੀ ਚਮਤਕਾਰਪੂਰਣ ਕਵਿਤਾ। ਉਹਨਾਂ ਦੀ ਕਵਿਤਾ ਦੀ ਮਹਿਮਾ ਇਸੇ ਤੱਥ ਵਿਚ ਹੈ ਕਿ ਉਹਨਾਂ ਨੇ ਆਪਣੀ ਕਵਿਤਾ ਰਾਹੀਂ ਇਨਸਾਨ ਨੂੰ ਬਿਹਤਰ ਇਨਸਾਨ ਬਣਾਉਣ ਦਾ ਮਹਾਨ ਸੰਦੇਸ਼ ਦਿੱਤਾ ਹੈ।

ਭਾਰਤੀ ਭਾਸ਼ਾਵਾਂ ਦੇ ਕਾਵਿ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਾਡੇ ਆਲੋਚਕਾਂ ਨੇ ਕੇਵਲ ਉਸੇ ਕਾਵਿ ਨੂੰ ਉੱਤਮ ਕਾਵਿ ਮੰਨਿਆ ਹੈ ਜਿਸ ਕਾਵਿ ਰਾਹੀਂ ਮਨੁੱਖ ਪਸ਼ੂ ਦੇ ਪੱਧਰ ਤੋਂ ਉਪਰ ਉਠ ਕੇ ਦੇਵਤਾ ਦੇ ਆਸਣ ਉੱਤੇ ਬਿਰਾਜਮਾਨ ਹੁੰਦਾ ਹੈ।

ਪਰੰਤੂ ਇਸ ਕਥਨ ਦਾ ਇਹ ਭਾਵ ਬਿਲਕੁਲ ਨਹੀਂ ਹੈ ਕਿ ਕਵਿਤਾ ਦੇ ਅਭਿਵਿਅਕਤੀ ਪੱਖ ਦੀ ਅਵਹੇਲਨਾ ਕੀਤੀ ਜਾਵੇ। ਇਹੋ ਕਾਰਨ ਹੈ ਕਿ ਭਾਰਤੀ ਆਚਾਰਯਾਂ ਨੇ ਜਿੱਥੇ ਉੱਤਮ ਭਾਵਾਂ ਨੂੰ ਏਨਾ ਮਹੱਤਵ ਦਿੱਤਾ ਹੈ, ਉੱਥੇ ਉਹਨਾਂ ਨੇ ਕਵਿਤਾ ਦੇ ਅਭਿਵਿਅਕਤੀ ਪੱਖ (ਅਲੰਕਰਣ ਪੱਖ) ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਆਚਾਰਯ ਮੰਮਟ[1] ਜਿਹੇ ਰਸਵਾਦੀ (ਧੁਨੀਵਾਦੀ) ਆਚਾਰਯਾਂ ਨੇ ਵੀ ਅਲੰਕਾਰ, ਰੀਤੀ, ਵਕ੍ਰੋਕਤੀ ਆਦਿ ਅਭਿਵਿਅਕਤੀ ਦੇ ਸਾਧਨਾਂ ਨੂੰ ਕਵਿਤਾ ਲਈ ਆਵੱਸ਼ਕ ਤਾਂ ਮੰਨਿਆ, ਭਾਵੇਂ ਇਹਨਾਂ ਸਭਨਾਂ ਤੱਤਾਂ ਨੂੰ ਕਵਿਤਾ ਲਈ ਅਨਿਵਾਰੀ ਤਤ ਦੇ ਰੂਪ ਵਿਚ ਅਸਵੀਕਾਰ ਕੀਤਾ।

ਕਹਿਣ ਦਾ ਭਾਵ ਇਹ ਹੈ ਕਿ ਭਾਰਤ ਦੇ ਆਚਾਰਯਾਂ ਨੇ ਕਵਿਤਾ ਦੇ ਦੋਹਾਂ ਪੱਖਾਂ — ਭਾਵ ਅਤੇ ਅਭਿਵਿਅਕਤੀ — ਵਿਚ ਇਕ ਕਲਾਤਮਕ ਸੰਤੁਲਨ ਕਾਇਮ ਰੱਖਣ ਦਾ ਵਿਧਾਨ ਕੀਤਾ ਹੈ। ਜਿੱਥੇ ਕਿਤੇ ਕਵਿਤਾ ਵਿਚ ਕੇਵਲ ਅਲੰਕਰਣ ਭਾਵ ਪੱਖ ਉੱਤੇ ਹਾਵੀ ਹੋਇਆ ਹੈ, ਉੱਥੇ ਭਾਰਤੀ ਆਚਾਰਯਾਂ ਨੇ ਅਲੰਕਰਣ ਦੀ ਨਿਖੇਧੀ ਕੀਤੀ ਹੈ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਕਵਿਤਾ ਦਾ ਮੂਲ ਉਦੇਸ਼ ਸ਼ੁੱਧ ਭਾਵਨਾਵਾਂ ਦਾ ਪ੍ਰਗਟਾਵਾ ਹੀ ਹੈ। ਇਹੋ ਕਾਰਨ ਹੈ ਕਿ ਕਾਲੀਦਾਸ ਵਰਗੇ ਮਹਾਨ ਕਵੀਆਂ ਦੀ ਨਿਰੋਲ ਸ਼ਿੰਗਾਰੀ ਕਵਿਤਾ ਨੂੰ ਮੰਮਟ ਜਿਹੇ ਆਚਾਰਯਾਂ ਨੇ ਕਦੇ ਵੀ ਉੱਤਮ ਕਾਵਿ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ[2] ਸਗੋਂ ਕਠੋਰ ਸ਼ਬਦਾਂ ਵਿਚ ਅਜਿਹੇ ਕਾਵਿ ਦੀ ਨਿੰਦਾ ਕੀਤੀ।

ਭਾਰਤੀ ਕਾਵਿ-ਕਲਾ ਦੇ ਇਹਨਾਂ ਮੂਲ ਮਾਪਦੰਡਾਂ ਨੂੰ ਮੁੱਖ ਰਖ ਕੇ ਜੇ ਪ੍ਰਾਣ-ਸੰਗਲੀ ਦੇ ਕਾਵਿ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪ੍ਰਾਣ-ਸੰਗਲੀ ਭਾਵਾਂ ਦੇ ਖੇਤਰ ਵਿਚ ਇਕ ਵਡਮੁੱਲੀ ਰਚਨਾ ਹੈ। ਕਿਸੇ ਵੀ ਸੁਆਰਥ, ਰਾਗ ਦ੍ਵੈਸ਼ ਜਾਂ ਕਿਸੇ ਹੋਰ ਅਜੇਹੀ ਪ੍ਰਵਿਰਤੀ ਅਧੀਨ ਇਸ ਦੀ ਰਚਨਾ ਨਹੀਂ ਹੋਈ। ਸਗੋਂ ਰਾਗ ਦ੍ਵੈਸ਼, ਈਰਖਾ ਅਤੇ ਸੁਆਰਥ ਆਦਿ ਤੁਛ ਭਾਵਨਾਵਾਂ ਨੂੰ ਮਨੁੱਖ ਦੇ ਮਨ ਵਿਚੋਂ ਕੱਢਣ

---

1. ਮੰਮਟ, 'ਕਾਵਯ ਪ੍ਰਕਾਸ਼', ਪੰਨਾ 124.
2. ਉਹੀ, ਪੰਨਾ 190.

ਲਈ ਪ੍ਰਾਣ-ਸੰਗਲੀ ਦੀ ਰਚਨਾ ਹੋਈ ਜਾਪਦੀ ਹੈ। ਇਸ ਤੋਂ ਇਲਾਵਾ ਸੰਸਾਰ ਦੇ ਝਮੇਲਿਆਂ ਵਿਚ ਰਹਿੰਦੇ ਹੋਏ ਵਿਅਕਤੀ ਨੂੰ ਪਰਮਾਰਥ ਵੱਲ ਲੈ ਜਾਣ ਦਾ ਇਕ ਸੁਲਾਘਾਯੋਗ ਯਤਨ ਪ੍ਰਾਣ-ਸੰਗਲੀ ਦੇ ਲੇਖਕ ਨੇ ਕੀਤਾ ਹੈ। ਪ੍ਰਾਣ-ਸੰਗਲੀ ਦਾ ਇਹ ਭਾਵ ਜਗਤ ਉਸਦੀ ਸਭ ਤੋਂ ਵੱਡੀ ਉਪਲਬਧੀ ਕਹੀ ਜਾ ਸਕਦੀ ਹੈ।

ਜਿੱਥੋਂ ਤਕ ਕਵਿਤਾ ਦੇ ਅਲੰਕਰਣ ਪੱਖ ਦਾ ਸੰਬੰਧ ਹੈ, ਇਹ ਮੰਨਣਾ ਪਵੇਗਾ ਕਿ ਪ੍ਰਾਣ-ਸੰਗਲੀ ਦਾ ਲੇਖਕ ਇਸ ਬਾਰੇ ਲਗਭਗ ਉਦਾਸੀਨ ਹੈ ਕਿਉਂਕਿ ਉਸਦੀ ਦ੍ਰਿਸ਼ਟੀ ਵਿਚ ਭਾਵ ਪੱਖ ਅਲੰਕਰਣ ਪੱਖ ਤੋਂ ਕਿਤੇ ਵਧੇਰੇ ਮਹੱਤਵਪੂਰਣ ਹੈ।

ਪ੍ਰਾਣ-ਸੰਗਲੀ ਦੀ ਕਾਵਿ-ਕਲਾ ਦਾ ਅਧਿਐਨ ਇਹਨਾਂ ਤੱਤਾਂ ਰਾਹੀਂ ਕੀਤਾ ਜਾ ਸਕਦਾ ਹੈ:

1) ਛੰਦ-ਪ੍ਰਬੰਧ
2) ਸੰਗੀਤਾਤਮਕਤਾ
3) ਬਿੰਬ-ਵਿਧਾਨ
4) ਪ੍ਰਤੀਕ
5) ਅਲੰਕਾਰ ਯੋਜਨਾ
6) ਰਸ

ਇਥੇ ਇਹ ਸਪੱਸ਼ਟ ਕਰ ਦੇਣਾ ਆਵੱਸ਼ਕ ਹੈ ਕਿ ਛੰਦ ਕਵਿਤਾ ਦਾ ਸਥੂਲ ਤੱਤ ਹੈ। ਸੰਗੀਤ, ਬਿੰਬ, ਪ੍ਰਤੀਕ ਅਤੇ ਅਲੰਕਾਰ ਛੰਦ ਦੀ ਅਪੇਖਿਆ ਕਾਵਿ ਦੇ ਸੂਖਮ ਤੱਤ ਹਨ। ਰਸ ਇਹਨਾਂ ਸੂਖਮ ਤੱਤਾਂ ਵਿਚੋਂ ਸਭ ਤੋਂ ਸੂਖਮ ਅਤੇ ਸਭ ਤੋਂ ਮਹੱਤਵਪੂਰਣ ਤੱਤ ਹੈ। ਇਸ ਲਈ ਪ੍ਰਸਤੁਤ ਅਧਿਐਨ ਵਿਚ ਛੰਦ ਤੋਂ ਲੈ ਕੇ ਰਸ ਤਕ ਦੀ ਯਾਤਰਾ ਸਥੂਲ ਤੋਂ ਸੂਖਮ ਵੱਲ ਜਾਣ ਦਾ ਯਤਨ ਹੈ।

## ਛੰਦ-ਪ੍ਰਬੰਧ

### ਛੰਦ ਦਾ ਸਰੂਪ

ਕਵਿਤਾ ਲਈ ਛੰਦ ਇਕ ਆਵੱਸ਼ਕ ਸ਼ਰਤ ਮੰਨੀ ਗਈ ਹੈ। ਭਾਰਤ ਦੇ ਰਿਸ਼ੀਆਂ ਨੇ ਛੰਦ ਨੂੰ 'ਵੇਦ ਪੁਰਸ਼' ਦਾ ਚਰਨ[1] ਦੱਸਿਆ ਹੈ। ਉਹਨਾਂ ਦਾ ਭਾਵ ਇਹ ਹੈ ਕਿ ਵੇਦਾਂ ਦੀ ਰਚਨਾ ਛੰਦਾਂ ਵਿਚ ਹੋਈ ਹੈ ਅਤੇ ਇਹਨਾਂ ਛੰਦਾਂ ਦਾ ਪੂਰਾ ਗਿਆਨ ਨਾ ਹੋਣ ਦੀ ਅਵਸਥਾ ਵਿਚ ਮਨੁੱਖ ਦਾ ਵੇਦ ਸੰਬੰਧੀ ਗਿਆਨ ਲੰਗੜਾ ਹੁੰਦਾ ਹੈ। ਇਸ ਸੰਕਲਪ ਰਾਹੀਂ ਇਕ ਪਾਸੇ ਤਾਂ ਛੰਦਾਂ ਦੀ ਮਹਿਮਾ ਉਜਾਗਰ ਕੀਤੀ ਗਈ ਹੈ ਅਤੇ ਦੂਜੇ ਪਾਸੇ ਵੇਦ ਨੂੰ ਪੁਰਸ਼ ਜਾਂ ਵਿਅਕਤੀ ਦਾ ਰੂਪਕ ਵੀ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਸੰਸਾਰ ਦੀਆਂ ਅਕਸਰ ਸਭ ਤੋਂ ਪ੍ਰਾਚੀਨ ਪੁਸਤਕਾਂ ਛੰਦਾਂ ਵਿਚ ਹੀ ਲਿਖੀਆਂ ਗਈਆਂ ਹਨ। ਗ੍ਰੀਕ ਭਾਸ਼ਾ ਦੇ ਪ੍ਰਾਚੀਨ ਆਖਾਣ 'ਓਡੇਸੀ'[2] ਆਦਿ ਦੀ ਰਚਨਾ ਛੰਦਾਂ ਵਿਚ ਹੋਈ ਹੈ। 'ਸ਼ਾਹਨਾਮਾ' ਆਦਿ ਫ਼ਾਰਸੀ ਦੀਆਂ ਪ੍ਰਾਚੀਨ ਰਚਨਾਵਾਂ ਵੀ ਛੰਦਾਂ ਵਿਚ ਹੀ ਲਿਖੀਆਂ ਗਈਆਂ ਹਨ। ਇਸ ਤਰ੍ਹਾਂ ਇਹ ਸਿੱਧ ਹੋ ਜਾਂਦਾ ਹੈ ਕਿ ਮਨੁੱਖ ਨੇ ਆਪਣੀ ਵਿਕਾਸ ਯਾਤਰਾ ਵਿਚ ਛੰਦ ਦੀ ਸਹਾਇਤਾ ਨਾਲ ਆਪਣੀਆਂ ਕੋਮਲ ਬਿਰਤੀਆਂ ਅਤੇ ਭਾਵਨਾਵਾਂ ਨੂੰ ਛੰਦਾਂ ਰਾਹੀਂ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਇਹੀ ਕਾਰਨ ਹੈ ਕਿ ਅੱਜ ਤੋਂ 25,30 ਵਰ੍ਹੇ ਪਹਿਲਾਂ ਤੱਕ ਛੰਦ ਨੂੰ ਹੀ ਕਵਿਤਾ ਦੀ ਇਕੋ ਇਕ ਪਛਾਣ ਜਾਂ ਕਸਵੱਟੀ ਮੰਨਿਆ ਜਾਂਦਾ ਸੀ। ਆਧੁਨਿਕ ਯੁਗ ਦੇ ਕਵੀਆਂ ਨੇ ਛੰਦ ਦੀ ਸੀਮਾ ਨੂੰ ਤੋੜਨ ਦਾ ਯਤਨ ਕੀਤਾ ਪਰ ਅੱਜ ਵੀ ਕਵਿਤਾ ਦਾ ਚੋਖਾ ਹਿੱਸਾ ਛੰਦਾਂ ਰਾਹੀਂ ਹੀ ਲਿਖਿਆ ਜਾਂਦਾ ਹੈ।

ਭਾਰਤ ਵਿਚ ਛੰਦ-ਸ਼ਾਸਤ੍ਰ ਦੀ ਪਰੰਪਰਾ ਬਹੁਤ ਪੁਰਾਣੀ ਹੈ। 'ਡਾ. ਕੀਥ',[3] 'ਮੈਕ ਡੋਨਲਡ'[4] ਅਤੇ 'ਵਿੰਟਰਨਿਤਸ'[5] ਆਦਿ ਪੱਛਮੀ ਵਿਦਵਾਨਾਂ ਨੇ ਅਤੇ 'ਡਾ. ਵੇਲੰਕਰ',[6] 'ਮੁਨੀ ਜਿਨ ਵਿਜੈ'[7] ਆਦਿ ਭਾਰਤੀ ਵਿਦਵਾਨਾਂ ਨੇ ਭਾਰਤ ਦੇ ਛੰਦ ਸ਼ਾਸਤ੍ਰ ਦਾ ਇਤਿਹਾਸ ਲਿਖਣ ਦਾ ਯਤਨ ਕੀਤਾ ਹੈ। ਇਸ ਯਤਨ ਦੇ ਸਿੱਟੇ ਵਜੋਂ ਇਹ ਤੱਥ ਸਾਹਮਣੇ ਆਏ ਹਨ:

6) 'ਛੰਦ' ਸ਼ਬਦ ਸੰਸਕ੍ਰਿਤ 'ਛੰਦ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਢਕ ਲੈਣਾ। ਇਸ ਅਰਥ ਦਾ ਵਿਸਥਾਰ ਇਸ ਤਰ੍ਹਾਂ ਦਿੱਤਾ ਜਾਂਦਾ ਹੈ ਕਿ ਛੰਦ ਸਾਰੇ ਕਾਵਿ ਨੂੰ ਆਪਣੇ ਨੇਮਾਂ ਵਿਚ ਢਕ (ਜਕੜ) ਲੈਂਦਾ ਹੈ।

---

1. 'ਪਾਣਿਨੀ ਸਿਖਸ਼ਾ', ਅਧਿਆਇ 1.
2. Encyclopaedia of Literature, (Poetry and Poetics).
3. A.B. Keith, History of Sanskrit Literature, p. 246.
4. D.B. McDonald, Indian Literature, p. 351.
5. Winter Nitz, Ancient Indian History of Sanskrit Literature, p. 7.
6. ਡਾ. ਵੇਲੰਕਰ, 'ਪ੍ਰਾਕ੍ਰਿਤ ਛੰਦ ਅਨੁਸ਼ਾਸ਼ਨ', ਪੰਨਾ 13.
7. ਮੁਨੀ ਜਿਨ ਵਿਜੈ, 'ਪਿੰਗਲਮ', ਪੰਨਾ 18.

ਇਸ ਤਰ੍ਹਾਂ ਛੰਦ ਦੀ ਵਿਆਪਕਤਾ ਅਤੇ ਉਸਦੀ ਮਹਿਮਾ ਪ੍ਰਗਟ ਹੁੰਦੀ ਹੈ।

ਅ) ਛੰਦ ਸ਼ਾਸਤ੍ਰ ਦਾ ਮੁਢਲਾ ਢਾਂਚਾ ਵੈਦਿਕ ਯੁਗ ਵਿਚ ਅਰਥਾਤ ਈਸਾ ਤੋਂ ਲਗਭਗ ਇਕ ਹਜ਼ਾਰ ਸਾਲ ਪਹਿਲਾਂ ਤਿਆਰ ਹੋ ਚੁੱਕਿਆ ਸੀ। ਵੇਦਾਂ ਦੀ ਰਚਨਾ 'ਗਾਇਤ੍ਰੀ' ਆਦਿ ਅਨੇਕ ਛੰਦਾਂ ਵਿਚ ਹੋਈ ਹੈ ਅਤੇ ਇਹਨਾਂ ਦੇ ਲੱਛਣ ਉਦਾਹਰਣ ਅਤੇ ਹੋਰ ਪਰਿਭਾਸ਼ਿਕ ਵੇਰਵਾ ਬ੍ਰਾਹਮਣ ਗ੍ਰੰਥਾਂ ਵਿਚ ਮਿਲਦਾ ਹੈ। ਇਸ ਨੂੰ ਛੰਦ ਸ਼ਾਸਤ੍ਰ ਦੀ ਮੁੱਢਲੀ ਸਾਮਗ੍ਰੀ ਕਿਹਾ ਜਾਂਦਾ ਹੈ।

ੲ) ਛੰਦ ਸ਼ਾਸਤ੍ਰ ਦਾ ਸ਼ਾਸਤ੍ਰੀ ਵਿਵੇਚਨ ਅਤੇ ਵਿਗਿਆਨਿਕ ਵਿਸ਼ਲੇਸ਼ਣ ਸਭ ਤੋਂ ਪਹਿਲਾਂ 'ਪਿੰਗਲ ਮੁਨੀ' ਨੇ ਕੀਤਾ। ਉਹਨਾਂ ਦਾ ਸਮਾਂ ਈਸਾ ਤੋਂ ਪੰਜ ਛੇ ਸੋ ਸਾਲ ਪਹਿਲਾਂ ਮੰਨਿਆ ਜਾਂਦਾ ਹੈ। ਉਹਨਾਂ ਦੇ ਛੰਦ-ਸ਼ਾਸਤ੍ਰ ਨੂੰ ਪਿੰਗਲ ਸੂਤਰ ਕਿਹਾ ਜਾਂਦਾ ਹੈ।

ਸ) ਪਿੰਗਲ ਮੁਨੀ ਤੋਂ ਪਿੱਛੋਂ ਈਸਾ ਦੀ ਪਹਿਲੀ ਸਦੀ ਤਕ ਵੈਦਿਕ ਅਤੇ ਸੰਸਕ੍ਰਿਤ ਦੇ ਛੰਦਾਂ ਦਾ ਉੱਚ ਪੱਧਰੀ ਵਿਵੇਚਨ ਹੋ ਚੁਕਿਆ ਸੀ। ਕਾਲੀਦਾਸ[1] ਜਿਹੇ ਅਨੇਕ ਲੇਖਕਾਂ ਨੇ ਛੰਦ-ਸ਼ਾਸਤ੍ਰ ਦੀਆਂ ਸਮਸਿਆਵਾਂ ਉਤੇ ਗੰਭੀਰਤਾ ਨਾਲ ਵਿਚਾਰ ਕੀਤਾ। ਇਸ ਤਰ੍ਹਾਂ ਭਾਰਤੀ ਛੰਦ-ਸ਼ਾਸਤ੍ਰ ਦਾ ਇਕ ਵਿਵਹਾਰਿਕ ਪੱਖ ਸਾਹਮਣੇ ਆਇਆ।

ਹ) ਛੰਦ-ਸ਼ਾਸਤ੍ਰ ਦੇ ਵਿਵਹਾਰਿਕ ਪੱਖ ਨੂੰ ਮੁੱਖ ਰਖਦੇਹੋਏ ਛੰਦਾਂ ਦੇ ਦੋ ਮੁੱਖ ਭੇਦ ਮੰਨੇ ਗਏ:

i) ਵਰਣਿਕ ਛੰਦ,

ii) ਮਾਤ੍ਰਿਕ ਛੰਦ।

ਜਿਵੇਂ ਜਿਵੇਂ ਛੰਦ ਸੰਬੰਧੀ ਅਧਿਐਨ ਅੱਗੇ ਵਧਦਾ ਗਿਆ ਤਿਵੇਂ ਤਿਵੇਂ ਛੰਦਾਂ ਦੇ ਅਨੇਕ ਰੂਪ ਅਤੇ ਪ੍ਰਕਾਰ ਸਾਹਮਣੇ ਆਏ। ਹੁਣ ਸਥਿਤੀ ਇਹ ਹੈ ਕਿ ਭਾਰਤੀ ਛੰਦਾਂ ਦੀ ਕੁਲ ਗਿਣਤੀ ਦਸ ਲੱਖ ਤੋਂ ਉੱਤੇ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਵਾਰਤਕ ਦੀ ਹਰ ਇਕ ਪੰਕਤੀ ਨੂੰ ਕਿਸੇ ਨਾ ਕਿਸੇ ਛੰਦ ਦਾ ਉਦਾਹਰਣ ਦੱਸਿਆ ਜਾ ਸਕਦਾ ਹੈ। ਇਸ ਤਰ੍ਹਾਂ ਛੰਦ ਆਪਣੇ ਮੂਲ ਅਰਥ ਅਨੁਸਾਰ ਸੰਪੂਰਨ ਕਾਵਿ-ਜਗਤ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ।

ਕ) ਹੌਲੀ ਹੌਲੀ ਇਹ ਵਿਚਾਰ ਪੁਸ਼ਟ ਹੁੰਦਾ ਗਿਆ ਕਿ ਹਰ ਇਕ ਭਾਸ਼ਾ ਦਾ ਆਪਣਾ ਇਕ ਪ੍ਰਤੀਨਿਧ ਛੰਦ ਹੁੰਦਾ ਹੈ ਅਤੇ ਇਸੇ ਖ਼ਾਸ ਛੰਦ ਵਿਚ ਉਸ ਭਾਸ਼ਾ ਦੀ ਪ੍ਰਕ੍ਰਿਤੀ ਅਤੇ ਉਸ ਦੀਆਂ ਰੁਚੀਆਂ ਨੂੰ ਪ੍ਰਗਟਾਇਆ ਜਾ ਹੈ। ਉਦਾਹਰਣ ਵਜੋਂ ਸੰਸਕ੍ਰਿਤ ਦੇ ਛੰਦ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਸਵੀਕਾਰ ਨਹੀਂ ਕੀਤੇ ਗਏ। ਉਸੇ ਤਰ੍ਹਾਂ ਜਿਵੇਂ ਕਿ ਵੈਦਿਕ ਛੰਦਾਂ ਨੂੰ ਸੰਸਕ੍ਰਿਤ ਨੇ ਸਵੀਕਾਰ ਨਹੀਂ ਕੀਤਾ ਸੀ। ਸੰਖੇਪ ਵਿਚ ਪ੍ਰਾਕ੍ਰਿਤਾਂ ਦਾ ਪ੍ਰਤੀਨਿਧ ਛੰਦ 'ਗਾਥਾ' (ਗਾਹਾ) ਹੈ ਅਤੇ ਅਪਭ੍ਰੰਸ਼ਾਂ ਦਾ ਮੁੱਖ ਛੰਦ ਦੋਹਾ (ਦੂਹਾ) ਹੈ। ਇਸ ਦੋਹੇ ਨੂੰ ਹਰਮਨਪਿਆਰਾ ਹੋਣ ਦਾ ਅਵਸਰ ਮਿਲਿਆ। ਬੰਗਾਲ, ਆਸਾਮ, ਬਿਹਾਰ ਅਤੇ ਉਤਰ-ਪ੍ਰਦੇਸ ਦੀਆਂ ਅਨੇਕ ਬੋਲੀਆਂ, ਉਪ-ਬੋਲੀਆਂ ਵਿਚ

---

1. ਕਾਲੀਦਾਸ ਸੰਸਕ੍ਰਿਤ ਦੇ ਮਹਾਨ ਨਾਟਕਕਾਰ ਅਤੇ ਮਹਾਕਵੀ ਮੰਨੇ ਜਾਂਦੇ ਹਨ। ਉਹਨਾਂ ਨੇ 'ਸ਼ਰੁਤ ਬੋਧ' ਨਾਮਿਕ ਛੰਦ ਸੰਬੰਧੀ ਪੁਸਤਕ ਲਿਖੀ। ਕਾਲੀਦਾਸ ਦਾ ਸਮਾਂ ਬਹੁਤ ਨਿਸਚਿਤ ਨਹੀਂ ਹੈ। ਆਮ ਤੌਰ ਤੇ ਈਸਾ ਤੋਂ ਤਿੰਨ ਸੌ ਸਾਲ ਪਹਿਲਾਂ ਤੋਂ ਲੈ ਕੇ ਈਸਾ ਦੇ 300 ਸਾਲ ਬਾਅਦ ਤੱਕ ਦਾ 600 ਸਾਲ ਦਾ ਦਾ ਸਮਾਂ ਮਿਥਿਆ ਜਾਂਦਾ ਹੈ।

ਵਿਚ ਗੁਜਰਾਤ, ਮਹਾਰਾਸ਼ਟਰ ਅਤੇ ਰਾਜਸਥਾਨ ਦੀਆਂ ਮੱਧਕਾਲੀਨ ਰਚਨਾਵਾਂ ਵਿਚ ਦੋਹੇ ਨੂੰ ਪ੍ਰਸਿੱਧ ਛੰਦ ਦੇ ਰੂਪ ਵਿਚ ਵਰਤਿਆ ਗਿਆ।[1]

ਛੰਦ ਸ਼ਾਸਤ੍ਰ ਦੇ ਇਸ ਇਤਿਹਾਸਿਕ ਪੱਖ ਨੂੰ ਅਤੇ ਇਸ ਦੀ ਅੰਤਰੀਵੀ ਵਿਵਸਥਾ ਨੂੰ ਮੁੱਖ ਰਖਦੇ ਹੋਏ ਪੰਜਾਬ ਦੇ ਲੇਖਕਾਂ ਨੇ ਪੰਜਾਬੀ ਦੀ ਪ੍ਰਕ੍ਰਿਤੀ ਦੇ ਅਨੁਕੂਲ ਕੁਝ ਖ਼ਾਸ ਛੰਦਾਂ ਦੀ ਵਰਤੋਂ ਕੀਤੀ ਹੈ।[2] ਉਦਾਹਰਣ ਵਜੋਂ ਪੰਜਾਬ ਦੇ ਸਭ ਤੋਂ ਪ੍ਰਾਚੀਨ ਕਵੀ ਸ਼ੇਖ ਫਰੀਦ ਨੇ ਸ਼ਲੋਕ ਛੰਦ ਵਰਤਿਆ ਹੈ। ਉਹਨਾਂ ਦੇ ਇਹ ਸ਼ਲੋਕ 'ਆਦਿ ਗ੍ਰੰਥ' ਵਿਚ ਦਰਜ ਹਨ। ਇਹਨਾਂ ਸ਼ਲੋਕਾਂ ਨੂੰ ਦੋਹੇ ਦਾ ਹੀ ਸੁਧਰਿਆ ਹੋਇਆ ਰੂਪ ਕਿਹਾ ਜਾ ਸਕਦਾ ਹੈ।[3] ਸ਼ੇਖ ਫਰੀਦ ਦਾ ਨਿਮਨਲਿਖਿਤ ਸ਼ਲੋਕ ਦੋਹਾ ਛੰਦ ਦਾ ਪੰਜਾਬੀ ਸੰਸਕਰਣ ਕਿਹਾ ਜਾ ਸਕਦਾ ਹੈ:

ਫਰੀਦਾ ਗਲੀਏ ਚਿਕੜੁ ਦੂਰਿ ਘਰੁ, ਨਾਲਿ ਪਿਆਰੇ ਨੇਹੁ।
ਚਲਾ ਤ ਭਿਜੈ ਕੰਬਲੀ, ਰਹਾਂ ਤ ਤੁਟੈ ਨੇਹੁ॥

ਇਹ ਸ਼ਲੋਕ ਛੰਦ ਸ਼ੇਖ ਫਰੀਦ ਤੋਂ ਲੈ ਕੇ ਗੁਰੂ-ਕਾਵਿ ਵਿਚ ਲਗਾਤਾਰ ਵਰਤਿਆ ਗਿਆ ਹੈ।

ਕਿਉਂਕਿ ਪ੍ਰਾਣ-ਸੰਗਲੀ ਦੀ ਰਚਨਾ ਮੁੱਖ ਤੌਰ ਤੇ ਕਵਿਤਾ ਵਿਚ ਹੋਈ ਹੈ, ਇਸ ਲਈ ਪ੍ਰਾਣ-ਸੰਗਲੀ ਦੇ ਛੰਦ-ਵਿਧਾਨ ਦਾ ਆਲੋਚਨਾਤਮਿਕ ਅਧਿਐਨ ਕਰਨਾ ਆਵੱਸ਼ਕ ਜਾਪਦਾ ਹੈ। ਇਸ ਅਧਿਐਨ ਲਈ ਪ੍ਰਾਣ-ਸੰਗਲੀ ਦੇ ਵੱਖਰੇ ਵੱਖਰੇ ਅਧਿਆਵਾਂ ਵਿਚੋਂ ਉਦਾਹਰਣ ਪ੍ਰਸਤੁਤ ਕੀਤੇ ਗਏ ਹਨ ਅਤੇ ਇਹਨਾਂ ਦਾ ਛੰਦ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਆਲੋਚਨਾਤਮਕ ਵਿਵੇਚਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

---

1. "ਅਪਭ੍ਰੰਸ਼ ਦੀਆਂ ਸਾਰੀਆਂ ਪ੍ਰਾਚੀਨ ਰਚਨਾਵਾਂ ਵਿਚ 'ਦੋਹਾ' ਛੰਦ ਵਰਤਿਆ ਗਿਆ ਹੈ।"
ਸੁਯੰਭੂ, 'ਪਉਮ ਚਰਿਉ' (ਸੰਪਾ. ਡਾ. ਵੈਦ), ਪੰਨਾ 21 (ਭੂਮਿਕਾ).

2. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ – "ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿਚ 40 ਤੋਂ ਉਪਰ ਵੱਖ ਵੱਖ ਕਿਸਮ ਦੇ ਮਾਤ੍ਰਿਕ ਛੰਦ ਵਰਤੇ ਹੋਏ ਮਿਲਦੇ ਹਨ।" ਸ਼ਮਸ਼ੇਰ ਸਿੰਘ ਅਸ਼ੋਕ, 'ਗੁਰੂ ਨਾਨਕ ਬਾਣੀ ਤੇ ਸ੍ਰੀ ਆਦਿ ਗ੍ਰੰਥ ਦੀ ਛੰਦ-ਵਿਵਸਥਾ, 'ਪੰਚਵਟੀ ਸੰਦੇਸ਼', ਅਪ੍ਰੈਲ, 1983, ਪੰਨਾ 24.

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਨਾਨਕ ਸ਼ਾਇਰ ਕਿਹਾ ਹੈ। ਇਸ ਲਈ ਸ਼ਾਇਰੀ ਦੇ ਖ਼ਾਸ ਤੌਰ ਤੇ ਛੰਦ ਵਿਵਸਥਾ ਬਾਰੇ ਉਹਨਾਂ ਦੀ ਦ੍ਰਿਸ਼ਟੀ ਵਧੇਰੇ ਸ਼ੁਧ ਅਤੇ ਸ਼ਲਾਘਾਯੋਗ ਹੈ:

1) ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ।
'ਆਦਿ ਗ੍ਰੰਥ' ਪੰਨਾ 434.

11) ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ।
'ਆਦਿ ਗ੍ਰੰਥ, ਪੰਨਾ 660.

3. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ:
"ਪੰਜਾਬੀ ਬੋਲੀ ਦਾ ਸਾਰੇ ਦਾ ਸਾਰਾ ਛੰਦ ਪ੍ਰਬੰਧ ਹਿੰਦੀ ਵਾਂਗ ਸਿੱਧਾ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਭਾਸ਼ਾ ਦੀ ਦੇਣ ਹੈ। ਹੇਮਚੰਦਰ ਦੇ ਪ੍ਰਾਕ੍ਰਿਤ ਵਿਆਕਰਣ ਦੇ ਅਨੁਸਾਰ ਪੰਜਾਬੀ ਦੇ ਪ੍ਰਸਿੱਧ ਕਵੀ ਸਾਈਂ ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸ਼ਲੋਕਾਂ ਨਾਲ ਕਈ ਥਾਵੇਂ ਚੋਖਾ ਖਾਸਾ ਮੇਲ ਖਾਂਦੇ ਹਨ।
ਸ਼ਮਸ਼ੇਰ ਸਿੰਘ ਅਸ਼ੋਕ, ਗੁਰੂ ਨਾਨਕ ਬਾਣੀ ਤੇ ਸ੍ਰੀ ਆਦਿ ਗ੍ਰੰਥ ਦੀ ਛੰਦ-ਵਿਵਸਥਾ, 'ਪੰਚਵਟੀ ਸੰਦੇਸ਼', ਅਪ੍ਰੈਲ, 1983, ਪੰਨਾ 22.

1) <u>ਸ਼ਲੋਕ</u>

'ਸ਼ਲੋਕ' (ਸ਼੍ਲੋਕ) ਸ਼ਬਦ ਸੰਸਕ੍ਰਿਤ ਦਾ ਹੈ। ਇਸ ਦਾ ਮੂਲ ਅਰਥ ਹੈ ਉਸਤਤ ਗਾਇਣ।[1] ਸੰਸਕ੍ਰਿਤ ਤੋਂ ਬਾਅਦ ਲੋਕ-ਭਾਸ਼ਾਵਾਂ ਵਿਚ ਵੀ ਸ਼ਲੋਕ, ਸਲੋਕ ਅਤੇ ਸਲੋਕੋ ਆਦਿ ਸ਼ਬਦ ਪੁਰਾਣੇ ਅਰਥਾਂ ਵਿਚ ਹੀ ਵਰਤੇ ਗਏ ਹਨ।[2]

ਲੋਕ-ਭਾਸ਼ਾਵਾਂ ਵਿਚ ਪ੍ਰਾਚੀਨ ਸ਼ਲੋਕ ਨੂੰ 'ਦੋਹੇ'[3] ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ। ਗੁਰਬਾਣੀ ਵਿਚ ਇਸ ਦੋਹੇ ਨੂੰ 'ਸ਼ਲੋਕ' ਨਾਂ ਦਿੱਤਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਆਦਿ ਗੁਰੂ ਨਾਨਕ ਦੇਵ ਜੀ ਨੇ ਆਮ ਤੌਰ ਤੇ ਪ੍ਰਚਲਿਤ ਦੋਹੇ ਨੂੰ ਮਾਇਕ ਅਤੇ ਸੰਸਾਰਿਕ ਪੱਧਰ ਤੋਂ ਚੁਕ ਕੇ ਅਧਿਆਤਮਿਕ ਪੱਧਰ ਤੇ ਸਥਾਪਿਤ ਕੀਤਾ। ਦੂਜੇ ਸ਼ਬਦਾਂ ਵਿਚ ਉਸਤਤ ਗਾਇਣ ਦੀ ਮੂਲ ਭਾਵਨਾ ਨੂੰ ਸ਼ਲੋਕ ਵਿਚ ਮੁੜ ਸਥਾਪਿਤ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਸਾਧਨਾ ਅਤੇ ਆਪਣੀ ਕਾਵਿ-ਸਿਰਜਣਾ ਨੂੰ ਕਈ ਨਵੇਕਲੇ ਨਾਂ ਦਿੱਤੇ ਹਨ। ਉਦਾਹਰਣ ਵਜੋਂ ੧ਓ ਦਾ ਸੰਕਲਪ ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਇਕ ਮੌਲਿਕ ਚਿੰਤਨਧਾਰਾ ਦਾ ਸੂਚਕ ਹੈ। ਇਸੇ ਤਰ੍ਹਾਂ ਪੁਰਾਣੇ ਦੋਹ ਦੀ ਥਾਂ ਸ਼ਲੋਕ ਸ਼ਬਦ ਦੀ ਵਰਤੋਂ ਕਰਕੇ ਗੁਰੂ ਜੀ ਨੇ ਨਾ ਕੇਵਲ ਦੋਹੇ ਦਾ ਕਾਇਆ ਕਲਪ ਹੀ ਕੀਤਾ ਹੈ, ਸਗੋਂ ਉਸ ਵਿਚ ਇਕ ਨਵੀਂ ਰੂਹ ਵੀ ਭਰ ਦਿੱਤੀ ਹੈ। ਇਹ ਸਾਰੀ ਪ੍ਰਕ੍ਰਿਆ ਗੁਰੂ ਜੀ ਦੀ ਮੌਲਿਕ ਸੋਚ ਅਤੇ ਉੱਚੀ ਕਾਵਿ-ਪ੍ਰਤਿਭਾ ਦੀ ਸੂਚਨਾ ਦਿੰਦੀ ਹੈ।

ਛੰਦ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਸ਼ਲੋਕ 'ਦੋਹੇ' ਦੀ ਬਣਤਰ ਬਹੁਤ ਸਰਲ ਹੁੰਦੀ ਹੈ। ਇਸ ਵਿਚ ਚਾਰ ਚਰਨ ਹੁੰਦੇ ਹਨ। ਪਹਿਲੇ ਤੀਜੇ ਚਰਣ ਵਿਚ 13,13 ਮਾਤ੍ਰਾਵਾਂ ਹੁੰਦੀਆਂ ਹਨ ਜਦੋਂ ਕਿ ਦੂਜੇ ਚੌਥੇ ਚਰਣਾਂ ਵਿਚ 11,11 ਮਾਤ੍ਰਾਵਾਂ ਹੁੰਦੀਆਂ ਹਨ। ਇਸ ਤਰ੍ਹਾਂ 13+11=24, 13+11=24 ਮਾਤ੍ਰਾਵਾਂ ਦੋਵਾਂ ਤੁਕਾਂ ਵਿਚ ਹੁੰਦੀਆਂ ਹਨ। ਆਮ ਤੌਰ ਤੇ ਅੰਤ ਵਿਚ ਲਘੂ ਹੁੰਦਾ ਹੈ। ਛੰਦ ਸ਼ਾਸਤ੍ਰੀਆਂ ਨੇ ਦੋਹੇ ਦਾ ਲੱਛਣ ਇਸ ਤਰ੍ਹਾਂ ਦਿੱਤਾ ਹੈ:

ਆਦਿ ਚਰਨ ਤੇਰਾਂ ਕਲਾ, ਅੰਤ ਏਕਾਦਸ ਲਾਇ।
ਕਵਿ ਜਨ ਸਭ ਮਿਲ ਕਹਿਤ ਹੈ, ਦੋਹਾ ਵਹੁ ਕਹਿਲਾਇ॥[4]

ਭਾਈ ਕਾਨ੍ਹ ਸਿੰਘ ਨੇ ਦੋਹੇ ਦੇ ਅਠਾਰ੍ਹਾਂ ਭੇਦ ਦੱਸੇ ਹਨ। ਉਹਨਾਂ ਨੇ ਥੋੜੇ ਜਿਹੇ ਫ਼ਰਕ ਨਾਲ ਇਹਨਾਂ ਭੇਦਾਂ ਦਾ ਵੇਰਵਾ ਦਿੱਤਾ ਹੈ। ਫ਼ਰਕ ਦੱਸਦੇ ਹੋਏ ਇਹਨਾਂ ਦੋਹਿਆਂ ਵਿਚ ਬਿਸ਼੍ਰਾਮ (ਜਤੀ) ਦੇ ਵੱਖਰੇ ਵੱਖਰੇ

---

1. ਦੇਖੋ: ਡਾ. ਸੁਰਿੰਦਰ ਸਿੰਘ ਕੋਹਲੀ ਨੇ 'ਆਦਿ ਗ੍ਰੰਥ' ਵਿਚ ਵਰਤੇ ਗਏ ਸ਼ਲੋਕਾਂ ਨੂੰ ਇਕ ਕਾਵਿ-ਰੂਪ ਵੀ ਦੱਸਿਆ ਹੈ ਅਤੇ ਇਸਦੇ ਭਾਵ ਪੱਖ ਨੂੰ ਦਾਰਸ਼ਨਿਕ ਅਤੇ ਸਮਕਾਲੀ ਹਾਲਾਤ ਦਾ ਚਿਤਰ ਵੀ ਕਿਹਾ ਹੈ। ਉਹਨਾਂ ਦੇ ਅਨੁਸਾਰ ਇਹ ਸ਼ਲੋਕ ਛੰਦ ਸ਼ਾਸਤ੍ਰ ਦੇ ਪ੍ਰਸਿੱਧ ਨਿਯਮਾਂ ਤੋਂ ਬਹੁਤ ਭਿੰਨ ਹਨ ਅਤੇ ਇਹਨਾਂ ਵਿਚ ਦੋ ਪਾਲੀ ਤੋਂ ਲੈ ਕੇ 26 ਪਾਲੀਆਂ ਤੱਕ ਦੇ ਸ਼ਲੋਕ ਮਿਲਦੇ ਹਨ।
   ਦੇਖੋ: 'ਪੰਜਾਬੀ ਸਾਹਿਤ ਕੋਸ਼' (ਭਾਗ ਪਹਿਲਾ), (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ),
2. ਦੇਖੋ: ਡਾ. ਰਾਜਗੁਰੂ 'ਪ੍ਰਾਚੀਨ ਛੰਦ', ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ ਪਤ੍ਰਿਕਾ, ਜੂਨ, 1970.
3. 'ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬੀ ਸਾਹਿਤ ਕੋਸ਼', ਭਾਗ ਪਹਿਲਾ, ਪੰਨਾ: 308
4. ਜਗਨਨਾਥ ਪ੍ਰਸਾਦ (ਭਾਨੂ ਕਵਿ), 'ਛੰਦ ਪ੍ਰਭਾਕਰ', ਪੰਨਾ 82.

ਨਿਯਮ ਦਰਸਾਏ ਹਨ।[1]

ਪ੍ਰਾਣ-ਸੰਗਲੀ ਵਿਚ ਆਦਿ ਗ੍ਰੰਥ ਦੇ ਅਨੁਸਾਰ ਸ਼ਲੋਕਾਂ ਦੀ ਵਰਤੋਂ ਬਹੁਤ ਵਿਸਥਾਰ ਨਾਲ ਹੋਈ ਹੈ। ਆਮ ਤੌਰ ਤੇ ਹਰ ਇਕ ਅਧਿਆਇ ਦਾ ਆਰੰਭ ਸ਼ਲੋਕ ਨਾਲ ਹੋਇਆ ਹੈ ਅਤੇ ਅਧਿਆਇ ਦੇ ਅੰਤ ਵਿਚ ਵੀ ਇਕ ਸ਼ਲੋਕ ਰਖਿਆ ਗਿਆ ਹੈ। ਪ੍ਰਾਣ-ਸੰਗਲੀ ਦੇ ਇਹ ਸ਼ਲੋਕ ਵਰਣਨਯੋਗ ਹਨ:

i) "ਅਗਮ ਨਿਗਮ ਕੀ ਕਥਾ ਕੋ (13 ਮਾਤ੍ਰਾਂ)
ਮੋਹਿ ਸੁਨਾਵੈ ਆਪ। (11 ਮਾਤ੍ਰਾਂ)
ਜਪੋਂ ਕੀਆ ਪ੍ਰਕਾਸ਼ ਸੁਨਿ, (13 ਮਾਤ੍ਰਾਂ)
ਨਾਨਾ ਰੰਗ ਬਨਾਯ।"[2] (11 ਮਾਤ੍ਰਾਂ)

ii) "ਅਕਲ ਨਿਰੰਜਨ ਕਲਾ ਕਰਿ, (13 ਮਾਤ੍ਰਾਂ)
ਕੀਨਾ ਧਰਨਿ ਗਗਨ। (11 ਮਾਤ੍ਰਾਂ)
ਨਾਨਕ ਰੰਗ ਬਨਾਇ ਕੈ, (13 ਮਾਤ੍ਰਾਂ)
ਰਹਿਯਾ ਹੋਇ ਮਗੰਨ।"[3] (11 ਮਾਤ੍ਰਾਂ)

'ਰਾਗ ਆਸਾ ਮਹਲਾ ੧' ਇਸ ਸਿਰਲੇਖ ਹੇਠ ਇਹ ਸ਼ਲੋਕ ਪ੍ਰਾਣ-ਸੰਗਲੀ ਦੇ ਪ੍ਰਾਰੰਭ ਵਿਚ ਰੱਖੇ ਗਏ ਹਨ। ਛੰਦ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਸ਼ਲੋਕ ਸ਼ੁਧ ਹਨ; ਕਿਉਂਕਿ ਇਹਨਾਂ ਵਿਚ ਮਾਤ੍ਰਾਵਾਂ ਦੀ ਸੰਖਿਆ 13+11, 13+11 ਮਿਲਦੀ ਹੈ ਅਤੇ ਅੰਤ ਵਿਚ ਲਘੂ ਵੀ ਆਇਆ ਹੈ।

ਪ੍ਰਾਣ-ਸੰਗਲੀ ਦੇ ਸ਼ਲੋਕਾਂ ਵਿਚ ਛੰਦ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਇਹੋ ਜਿਹੇ ਸ਼ੁਧ ਸ਼ਲੋਕ ਅਕਸਰ ਨਹੀਂ ਮਿਲਦੇ। ਆਮ ਤੌਰ ਤੇ ਮਾਤ੍ਰਾਵਾਂ ਦੀ ਸੰਖਿਆ ਪ੍ਰਾਣ-ਸੰਗਲੀ ਦੇ ਸ਼ਲੋਕਾਂ ਵਿਚ ਵਧ ਘਟ ਪਾਈ ਜਾਂਦੀ ਹੈ; ਜਿਵੇਂ ਪ੍ਰਾਣ-ਸੰਗਲੀ ਦੇ ਦੂਜੇ ਅਧਿਆਇ ਦਾ ਪਹਿਲਾ ਸ਼ਲੋਕ ਇਸ ਤਰ੍ਹਾਂ ਮਿਲਦਾ ਹੈ:

"ਜਬ ਮਨ ਤਨ ਪ੍ਰਾਨ ਨ ਕਛੂ, (12 ਮਾਤ੍ਰਾਂ)
ਕੋਇ ਕੀਨਾ ਨਾਂਹਿ ਅਕਾਰੁ। (16 ਮਾਤ੍ਰਾਂ)
ਨਾਨਕ ਉਨਮਨਿ ਰਵਿ ਰਹਿਆ, (14 ਮਾਤ੍ਰਾਂ)
ਸੁਖ ਸਾਗਰ ਨਿਰੰਕਾਰ।"[4] (12 ਮਾਤ੍ਰਾਂ)

---

1. ਦੇਖੋ: ੳ) ਕਾਨ੍ਹ ਸਿੰਘ ਨਾਭਾ, 'ਮਹਾਨਕੋਸ਼'
ਅ) ਰਘੁਨੰਦਨ ਸ਼ਾਸਤ੍ਰੀ, 'ਅਲੰਕਾਰ ਪ੍ਰਦੀਪਿਕਾ', ਪੰਨਾ 243.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 1.
3. ਉਹੀ, ਪੰਨਾ 1.
4. ਉਹੀ, ਪੰਨਾ 7.

ਇਸ ਸ਼ਲੋਕ ਵਿਚ ਛੰਦ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਮਾਤ੍ਰਾਵਾਂ ਦੀ ਸੰਖਿਆ ਬਿਲਕੁਲ ਭਿੰਨ ਹੈ।

ਪ੍ਰਾਣ-ਸੰਗਲੀ ਦੇ ਬਹੁਤੇ ਸ਼ਲੋਕਾਂ ਵਿਚ ਮਾਤ੍ਰਾਵਾਂ ਦੀ ਇਸ ਤਰ੍ਹਾਂ ਦੀ ਵਾਧ ਘਾਟ ਆਮ ਮਿਲਦੀ ਹੈ; ਜਿਵੇਂ:

"ਅਗਮ ਅਗੋਚਰ ਅਲਖ ਗੁਰ, (13 ਮਾਤ੍ਰਾਂ)
ਸਦਾ ਰਹੈ ਨਿਤ ਸੰਗਿ। (11 ਮਾਤ੍ਰਾਂ)
ਵਡਭਾਗੀ ਜਿਨਿ ਪਾਯਾ, (12 ਮਾਤ੍ਰਾਂ)
ਨਾਨਕ ਹਰਿ ਕੈ ਰੰਗਿ।"[1] (11 ਮਾਤ੍ਰਾਂ)

2) ਚੌਪਾਈ

ਪ੍ਰਾਣ-ਸੰਗਲੀ ਦੇ ਹਰ ਅਧਿਆਇ ਵਿਚ ਚੌਪਾਈ ਛੰਦ ਦੀ ਵਰਤੋਂ ਬਹੁਤ ਹੋਈ ਹੈ। ਛੰਦ ਸ਼ਾਸਤ੍ਰੀਆਂ ਨੇ 'ਚੌਪਾਈ' ਛੰਦ ਦਾ ਲੱਛਣ ਇਸ ਤਰ੍ਹਾਂ ਕੀਤਾ ਹੈ:

ਸੋਰਹ ਕ੍ਰਮਨ ਜਤਨ ਚੌਪਾਈ। ਸੁਨਹੁ ਤਾਸੁ ਗਹਿ ਅਬ ਮਨ ਲਾਈ॥[2]

ਅਰਥਾਤ 'ਚੌਪਾਈ' ਵਿਚ 16 ਮਾਤ੍ਰਾਵਾਂ ਹੁੰਦੀਆਂ ਹਨ। ਇਕ ਹੋਰ ਵਿਦਵਾਨ ਨੇ 'ਚੌਪਾਈ' ਦਾ ਲੱਛਣ ਇਸ ਤਰ੍ਹਾਂ ਕੀਤਾ:

ਸੋਲਹ ਕਲ ਜਤ ਅੰਤ ਨ ਭਾਈ।
ਸਮ ਸਮ, ਵਿਖਮ ਵਿਖਮ ਚੌਪਾਈ॥[3]

ਇਸ ਲੱਛਣ ਦੇ ਆਧਾਰ ਤੇ ਪ੍ਰਾਣ-ਸੰਗਲੀ ਦੀਆਂ ਚੌਪਾਈਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਚੌਪਾਈ ਛੰਦ ਦੇ ਪੂਰੇ ਵਿਧੀ ਨੂੰ ਬਹੁਤ ਘੱਟ ਚੌਪਾਈਆਂ ਵਿਚ ਹੀ ਸ਼ੁੱਧ ਰੂਪ ਨਾਲ ਨਿਭਾਇਆ ਹੈ। ਉਦਾਹਰਣ ਵਜੋਂ:

ਕਰਤਿ ਨ ਆਵੈ ਭਰਮ ਕਹੁ ਖਾਵੈ। ਚੀਟੀ ਹੋਯ ਕੇ ਸਾਕਰ ਸੁਖਾਵੈ॥
ਅਗਾਨ ਹੋਯ ਤੱਤ ਮਾਹਿ ਬੁਝਾਵੈ। ਨਵ ਖੰਡ ਜੀਤਿ ਪਤਿਸ਼ਾਹੁ ਕਹਾਵੈ॥
ਉਨਮੁਨਿ ਧਯਾਨ ਅਗਨ ਕਹੁ ਦਹੈ। ਨਾਨਕ ਪਰਮ ਤੱਤ ਤਬ ਰਹੈ॥[4]

ਚੌਪਾਈ ਛੰਦ ਦਾ ਹਰ ਚਰਣ 16 ਮਾਤ੍ਰਾਂ ਦਾ ਹੋਣਾ ਚਾਹੀਦਾ ਹੈ ਪਰ ਏਥੇ ਪਹਿਲੀ ਤੁਕ ਦੇ ਪਹਿਲੇ ਚਰਣ ਵਿਚ 17 ਮਾਤ੍ਰਾਵਾਂ ਹਨ ਅਤੇ ਪਿਛਲੇ ਚਰਣ ਵਿਚ 19 ਮਾਤ੍ਰਾਵਾਂ। ਇਸੇ ਤਰ੍ਹਾਂ ਦੂਸਰੀ ਤੁਕ ਦੇ ਪਹਿਲੇ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 417.
2. ਜਗਨਨਾਥ ਪ੍ਰਸਾਦ (ਭਾਨੁ ਕਵਿ), 'ਛੰਦ ਪ੍ਰਭਾਕਰ', ਪੰਨਾ 49.
3. ਪ੍ਰੋ. ਪਰਮਾਨੰਦ ਸ਼ਾਸਤ੍ਰੀ, 'ਸ੍ਰੀ ਪਿੰਗਲ – ਪੀਯੂਸ਼', ਪੰਨਾ 148.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 20.

ਚਰਣ ਵਿਚ 19 ਮਾਤ੍ਰਾਵਾਂ ਹਨ ਅਤੇ ਪਿਛਲੇ ਚਰਣ ਵਿਚ 18 ਮਾਤ੍ਰਾਵਾਂ। ਹੈਰਾਨੀ ਦੀ ਗੱਲ ਹੈ ਕਿ ਇਸ 20ਵੇਂ ਪਦੇ ਦੀ ਤੀਸਰੀ ਤੁਕ 'ਚੌਬੋਲਾ' ਛੰਦ ਵਿਚ ਹੈ। ਛੰਦਾਂ ਦਾ ਇਹ ਘਾਲਾਮਾਲਾ ਲੇਖਕ ਦੀ ਛੰਦ ਸੰਬੰਧੀ ਅਗਿਆਨਤਾ ਦਾ ਸੂਚਕ ਹੈ ਅਤੇ ਇਸ ਅਗਿਆਨਤਾ ਦੇ ਕਾਰਨ ਪ੍ਰਾਣ-ਸੰਗਲੀ ਦੀਆਂ ਤੁਕਾਂ ਵਿਚ ਲੈਅ[1] ਅਤੇ ਸੰਗੀਤਾਤਮਕਤਾ ਦਾ ਅਭਾਵ ਪਾਇਆ ਜਾਂਦਾ ਹੈ।

3) ਚੌਪਈ

ਚੌਪਈ ਛੰਦ ਨੂੰ 'ਜਯਕਰੀ' ਛੰਦ ਵੀ ਕਿਹਾ ਜਾਂਦਾ ਹੈ। ਇਸ ਵਿਚ 15 ਮਾਤ੍ਰਾਵਾਂ ਹੁੰਦੀਆਂ ਹਨ:

ਤਿਥਿ ਕਲ ਪੰਚ ਚੌਪਈ ਮਾਂਹਿ, ਅੰਤ ਗੁਰੂ ਲਘੁ ਜਹਾਂ ਸੁਹਾਂਹਿ।
ਧਰੈ ਕਹਤ ਸਬ ਵੇਦ ਪੁਰਾਨ, ਸਰਣਾਗਤ ਵਤਸਲ ਭਗਵਾਨ।[2]

ਇਕ ਹੋਰ ਵਿਦਵਾਨ ਨੇ ਚੌਪਈ ਦਾ ਲੱਛਣ ਇਸ ਤਰ੍ਹਾਂ ਕੀਤਾ ਹੈ:

ਗੁਰੂ ਲਘੂ ਅੰਤ ਪੰਚ ਦਸ ਮਤ।
ਚੌਪਈ ਨਾਮ ਜਯਕਰੀ ਸਤ॥[3]

ਅਰਥਾਤ ਚੌਪਈ ਵਿਚ 15 ਮਾਤ੍ਰਾਵਾਂ ਹੁੰਦੀਆਂ ਹਨ ਅਤੇ ਅੰਤ ਵਿਚ ਗੁਰੂ ਲਘੂ (ऽ। ) ਆਉਂਦੇ ਹਨ।

ਪ੍ਰਾਣ-ਸੰਗਲੀ ਵਿਚ ਚੌਪਈ ਛੰਦ ਦੀ ਵਰਤੋਂ ਬਹੁਤ ਥਾਵਾਂ ਤੇ ਹੋਈ ਹੈ। ਚੌਪਈ ਛੰਦ ਦੇ ਕੁਝ ਸ਼ੁੱਧ ਉਦਾਹਰਣ ਇਹ ਹਨ:

ਸੁੰਨਾ ਸੁੰਨ ਕਹੈ ਸਭ ਕੋਇ।
ਸੁੰਨਿ ਧਯਾਨ ਬੈਠਾ ਪ੍ਰਭ ਸੋਇ॥[4]

---

1. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ —
"ਕਵਿਤਾ ਲਈ ਛੰਦ ਪ੍ਰਬੰਧ ਭਾਰਤੀ ਵਿਚਾਰਧਾਰਾ ਦੇ ਅਨੁਸਾਰ ਇਕ ਪ੍ਰਕਾਰ ਦੀ ਧਰਮ ਤੁਲਾ ਹੈ। ਜਿਸ ਕਵਿਤਾ ਵਿਚ ਛੰਦ ਭੰਗ, ਸ਼ਬਦ ਭੰਗ, ਅਰਥ ਭੰਗ, ਵਾਕ ਭੰਗ, ਲਯ ਭੰਗ, ਰਸ ਭੰਗ ਜਾਂ ਸਪਸ਼ਟ ਚਿਤ੍ਰਨ ਦਾ ਨੁਕਸ ਹੋਵੇ, ਉਹ ਕਵਿਤਾ, ਕਵਿਤਾ ਨਹੀਂ ਅਖਵਾ ਸਕਦੀ। ਸਾਡੇ ਕਾਵਿ ਸ਼ਾਸਤਰ ਦੀ ਇਹੋ ਸਭ ਤੋਂ ਵੱਡੀ ਪਰਖ ਹੈ।" ਸ਼ਮਸ਼ੇਰ ਸਿੰਘ ਅਸ਼ੋਕ, ਗੁਰੂ ਨਾਨਕ ਬਾਣੀ ਤੇ ਸ੍ਰੀ ਆਦਿ ਗ੍ਰੰਥ ਦੀ ਛੰਦ ਵਿਵਸਥਾ, 'ਪੰਜਾਬੀ ਸੰਦੇਸ਼', ਅਪ੍ਰੈਲ, 1983, ਪੰਨਾ 22.
2. ਜਗਨਨਾਥ ਪ੍ਰਸਾਦ (ਭਾਨੂੰ ਕਵਿ), 'ਛੰਦ ਪ੍ਰਭਾਕਰ', ਪੰਨਾ 46.
3. ਪ੍ਰੋ. ਪਰਮਾਨੰਦ ਸ਼ਾਸਤ੍ਰੀ, 'ਸ੍ਰੀ ਪਿੰਗਲ – ਪੀਯੂਸ਼', ਪੰਨਾ 144.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 16.

ਇਸ ਤੁਕ ਦੇ ਦੋਹਾਂ ਚਰਣਾਂ ਵਿਚ 15,15 ਮਾਤ੍ਰਾਵਾਂ ਹਨ ਅਤੇ ਅੰਤ ਵਿਚ ਗੁਰੂ ਅਤੇ ਲਘੂ ਦੀ ਵਿਵਸਥਾ ਕੀਤੀ ਗਈ ਹੈ। ਇਸੇ ਪ੍ਰਕਾਰ :

ਨਾ ਤਦਿ ਧਰਤੀ ਨਾ ਆਕਾਸੁ। ਨਾ ਤਦਿ ਚੰਦ ਸੂਰ ਪਰਗਾਸ॥
ਨਾ ਤਦਿ ਦਿਵਸੁ ਨ ਕੀਨੀ ਰਾਤਿ। ਨਾ ਤਦਿ ਬ੍ਰਹਮ ਨ ਕੀਨੀ ਕ੍ਰਾਂਤਿ॥[1]

ਇਹਨਾਂ ਦੋਹਾਂ ਤੁਕਾਂ ਦੇ ਚਾਰੇ ਚਰਣਾਂ ਵਿਚ 15,15 ਮਾਤ੍ਰਾਵਾਂ ਹਨ। ਅੰਤ ਵਿਚ ਗੁਰੂ ਅਤੇ ਲਘੂ ਦਾ ਵਿਧਾਨ ਵੀ ਹੈ। ਇਸ ਤਰ੍ਹਾਂ ਇਹ ਤੁਕਾਂ ਚੌਪਈ ਛੰਦ ਦਾ ਸ਼ੁਧ ਉਦਾਹਰਣ ਪ੍ਰਸਤੁਤ ਕਰਦੀਆਂ ਹਨ।

ਕੁਝ ਥਾਵਾਂ ਤੇ ਚੌਪਈ ਛੰਦ ਦੀ ਬਣਤਰ ਸ਼ੁੱਧ ਨਹੀਂ ਹੈ। ਖ਼ਾਸ ਤੌਰ ਤੇ ਕਈ ਤੁਕਾਂ ਵਿਚ 'ਨਾਨਕ' ਸ਼ਬਦ ਵਾਧੂ ਜਾਪਦਾ ਹੈ, ਜਿਵੇਂ

ਏਕੰਕਾਰੁ ਏਕੁ ਨਿਰਬਾਣ। ਦੇਖਿ ਕੁਦਰਤਿ ਨਾਨਕ ਰਹਿਆ ਹੈਰਾਣ॥[2]

ਇਸ ਤੁਕ ਦੇ ਪਹਿਲੇ ਚਰਣ ਵਿਚ 15 ਮਾਤ੍ਰਾਵਾਂ ਅਤੇ ਦੂਜੇ ਚਰਣ ਵਿਚ 19 ਮਾਤ੍ਰਾਵਾਂ ਹਨ। ਜੇਕਰ 'ਨਾਨਕ' ਸ਼ਬਦ ਦੀਆਂ 4 ਮਾਤ੍ਰਾਵਾਂ ਕੱਢ ਦਿੱਤੀਆਂ ਜਾਣ (19-4=15) ਤਾਂ ਇਹ ਸ਼ੁੱਧ ਚੌਪਈ ਛੰਦ ਬਣ ਜਾਂਦਾ ਹੈ।

ਚੌਪਈ ਜਿਹੇ ਸੌਖੇ ਛੰਦ ਦਾ ਵੀ ਪੂਰਾ ਨਿਭਾਅ ਨਾ ਹੋਣ ਕਰਕੇ ਪ੍ਰਾਣ-ਸੰਗਲੀ ਦੇ ਲੇਖਕ ਦਾ ਛੰਦ-ਸ਼ਾਸਤ੍ਰ ਸੰਬੰਧੀ ਅਭਿਆਸ ਘਟ ਹੀ ਜਾਪਦਾ ਹੈ। ਇਸ ਅਭਿਆਸ ਦੀ ਘਾਟ ਕਾਰਨ ਹੀ ਉਸਨੇ ਚੌਪਈ, ਚੌਪਾਈ ਦੇ ਨਾਲ ਨਾਲ ਇਹੋ ਜਿਹੀਆਂ ਤੁਕਾਂ ਵੀ ਲਿਖੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਛੰਦ ਦਾ ਉਦਾਹਰਣ ਨਹੀਂ ਦੱਸਿਆ ਜਾ ਸਕਦਾ; ਜਿਵੇਂ:

'ਨਾ ਤਦਿ ਧਰਤੀ ਨਾ ਆਕਾਸੁ। ਨਾ ਤਦਿ ਚੰਦ ਸੂਰ ਪਰਗਾਸ।'

ਆਦਿ ਉਪਰੋਕਤ ਚੌਪਈ ਦੀਆਂ ਦੋ ਤੁਕਾਂ ਦੇ ਨਾਲ ਤੀਸਰੀ ਤੁਕ ਚੌਪਾਈ ਛੰਦ ਵਿਚ ਇਸ ਤਰ੍ਹਾਂ ਰੱਖੀ ਗਈ ਹੈ:

ਨਾ ਤਦਿ ਸਿਵ ਸ਼ਕਤੀ ਕਛੁ ਦੂਜਾ। ਨਾ ਤਦਿ ਪਾਪ ਪੁੰਨ ਨਹਿ ਪੂਜਾ।[3]

ਇਸ ਤੋਂ ਅੱਗੇ ਇਸੇ ਪਦੇ ਵਿਚ ਚੌਥੀ ਤੁਕ ਕਿਸੇ ਵੀ ਛੰਦ ਦੇ ਅਨੁਸਾਰ ਨਹੀਂ ਹੈ।

ਤੂੰ ਏਕੰਕਾਰ ਅਕੇਲਾ ਰਹਤਾ। ਨਾਨਕ ਤਦਹੂੰ ਨ ਕੋਈ ਸੁਨਤਾ ਨ ਕੋਈ ਕਹਿਤਾ॥[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 17.
2. ਉਹੀ, ਪੰਨਾ 17.
3. ਉਹੀ, ਪੰਨਾ 17.
4. ਉਹੀ, ਪੰਨਾ 17.

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ ਰਚਤਾ, ਸੁਣਤਾ, ਕਹਤਾ ਇਹਨਾਂ ਨਵੇਂ ਸ਼ਬਦ ਰੂਪਾਂ ਦੇ ਨਾਲ ਨਾਲ 'ਤਰਹੁੰ' ਜਿਹੇ ਪੁਰਾਣੇ ਸ਼ਬਦ ਦੀ ਵਰਤੋਂ ਬਿਨਾਂ ਕਿਸੀ ਭਾਸ਼ਾਈ ਵਿਵੇਕ ਤੋਂ ਕੀਤੀ ਗਈ ਹੈ। ਇਹ ਸਾਰਾ ਕੁਝ ਕਿਸੇ ਸੁਜਾਨ ਛੰਦ ਦੇ ਵਿਦਵਾਨ ਦੀ ਕਲਮ ਦਾ ਸੂਚਕ ਨਹੀਂ ਹੈ।

4) <u>ਸਾਰ</u>

ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਸਾਰ ਛੰਦ ਵਰਤਿਆ ਗਿਆ ਹੈ। ਸਾਰ ਛੰਦ ਦਾ ਲੱਛਣ ਇਸ ਤਰ੍ਹਾਂ ਕੀਤਾ ਗਿਆ ਹੈ:

ਸੋਰਹ ਰਵਿਕਲ ਅੰਤੇ ਕਰਣਾ, ਸਾਰ ਛੰਦ ਅਤਿ ਨੀਕਿ।
ਚਰਿਤ ਕਹਿਯ ਕਛੁ ਬਾਲ ਕ੍ਰਿਸ਼ਣ ਅਰੁ, ਸੁਘਰ ਰਾਧਿਕਾ ਜੀ ਕੇ॥[1]

ਜਾਂ

ਸੋਰਹ ਬਾਰਹ ਕਲ ਯਤਿ ਦੇ ਕਰ 'ਸਾਰ' ਲਲਿਤ ਸਮ ਅੰਤੇ।[2]

ਅਰਥਾਤ ਸਾਰ ਛੰਦ ਵਿਚ 28 ਮਾਤ੍ਰਾਵਾਂ – 16+12 ਉਤੇ ਯਤਿ ਅਤੇ ਅੰਤ ਵਿਚ ਦੋ ਗੁਰੂ ਹੁੰਦੇ ਹਨ।

ਪ੍ਰਾਣ-ਸੰਗਲੀ ਦੇ ਇਕ ਸਾਰ ਛੰਦ ਦਾ ਉਦਾਹਰਣ ਇਹ ਹੈ:

ਉਲਟੇ ਕਮਲ ਬਿਚ੍ਹ ਤਨ ਧਾਰੈ, ਨਿਹਸ਼ਬਦ ਹੋਯ ਗਲਤਾਨਾ।
ਮਨੁ ਪਵਨੈ ਧਾਵਤ ਹੀ ਜੀਤੈ, ਤਉ ਮਨੁ ਮਨਹਿ ਸਮਾਨਾ।
ਅੰਤਰਿ ਗਹੈ ਸੁਰਤਿ ਮੁਕਤਾਵਲ, ਚਿਤੁ ਕਰਿ ਮਿਲੈ ਗੁਸਾਈਂ।
ਤ੍ਰਿਕੁਟੀ ਸੰਧਿ ਨਾਸਿਕਾ ਤਾਲਕ, ਸੁਖਮਨ ਜਾਯ ਸਮਾਈ।
ਇੰਗੁਲ ਪਿੰਗੁਲ ਪਸ਼ਚਿਮ ਧਾਈ, ਰਵਿ ਸ਼ਸ਼ਿ ਅਮ੍ਰਤੁ ਬਿਹਾਣਾ।
ਨਾਨਕ ਗੁਰ ਕਿਰਪਾ ਤੇ ਜਾਨਯਾ, ਇਹ ਮਨੁ ਸਚਿ ਸਮਾਨਾ।[3]

ਪਹਿਲੀ ਤੁਕ ਵਿਚ 16+14=30 ਮਾਤ੍ਰਾਵਾਂ ਸਾਰ ਛੰਦ ਦੇ ਅਨੁਸਾਰ ਹਨ ਪਰ ਦੂਜੀ ਤੁਕ ਵਿਚ 16+13=29 ਮਾਤ੍ਰਾਵਾਂ ਹਨ। ਇਥੇ ਇਕ ਮਾਤ੍ਰਾ ਦਾ ਘੱਟ ਹੋਣਾ ਛੰਦ ਸ਼ਾਸਤ੍ਰ ਦੇ ਨਿਯਮ ਦੀ ਉਲੰਘਣਾ ਹੈ। ਤੀਜੀ ਤੁਕ ਵਿਚ ਫਿਰ 16+13=29 ਮਾਤ੍ਰਾਵਾਂ ਹਨ ਜਦੋਂ ਕਿ ਚੌਥੀ ਤੁਕ ਵਿਚ 16+12=28 ਮਾਤ੍ਰਾਵਾਂ ਹਨ। ਇਥੇ ਦੋ ਮਾਤ੍ਰਾਵਾਂ ਘੱਟ ਹਨ। ਇਸ ਪ੍ਰਕਾਰ ਹੀ ਪੰਜਵੀਂ ਤੁਕ ਵਿਚ ਫਿਰ 16+12=28 ਅਤੇ ਅੰਤਲੀ ਤੁਕ ਵਿਚ 16+11=27 ਮਾਤ੍ਰਾਵਾਂ ਹਨ। ਇਹ ਸਾਰ ਛੰਦ ਦੇ ਨਿਯਮ ਦੀ ਸਪੱਸ਼ਟ ਉਲੰਘਣਾ ਹੈ।

ਸਾਖ ਛੰਦ ਲਈ ਛੇ ਪਦੇ ਰਖਣ ਦਾ ਵੀ ਕੋਈ ਵਿਧਾਨ ਛੰਦ ਸ਼ਾਸਤ੍ਰ ਵਿਚ ਨਹੀਂ ਹੈ ਪਰੰਤੂ ਸਾਰ ਛੰਦ ਅਨੁਸਾਰ ਇਸ ਪਦੇ ਵਿਚ ਸਾਰੀਆਂ ਤੁਕਾਂ ਦੇ ਪਹਿਲੇ ਚਰਣਾਂ ਵਿਚ 16,16 ਮਾਤ੍ਰਾਂ ਬਿਲਕੁਲ ਸ਼ੁੱਧ ਹਨ ਅਤੇ

---

1. ਜਗਨ ਨਾਥ ਪ੍ਰਸ਼ਾਦ (ਭਾਨੂੰ ਕਵਿ), 'ਛੰਦ ਪ੍ਰਭਾਕਰ', ਪੰਨਾ 67.
2. ਪ੍ਰੋ. ਪਰਮਾਨੰਦ ਸ਼ਾਸਤ੍ਰੀ, 'ਸ੍ਰੀ ਪਿੰਗਲ-ਪੀਯੂਸ਼' ਪੰਨਾ 170.
3. 'ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 21.

ਅੰਤ ਵਿਚ ਦੋ ਗੁਰੂ ਵੀ ਸ਼ੁੱਧ ਰੂਪ ਵਿਚ ਰੱਖੇ ਗਏ ਹਨ।

ਇਸੇ ਤਰ੍ਹਾਂ 'ਸਾਰ' ਛੰਦ ਦਾ ਇਕ ਹੋਰ ਉਦਾਹਰਣ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਮਿਲਦਾ ਹੈ:

ਸਰਵਰ ਸੁੰਨ ਬਨੇ ਸਰੋਸਰਨ, ਅਰਗਜਾ ਮਹਕਾਨੇ।
ਅਤਿ ਬਿਗਸਾਨ ਬਨੀ ਨਿਜ ਮਹਲੀ, ਹਰਿ ਜਨ ਤਹੰ ਉਰਝਾਨੇ।
ਲਿਸਮਿਸ ਦਾਮਿਨੀ ਰਿਮਝਿਮ ਬਰਖੈ, ਹਸਿ ਪ੍ਰਭੁ ਮਿਲੈ ਨਿਰਾਰਾ।
ਕਹੁ ਨਾਨਕ ਜਬ ਤੱਤ ਬੀਚਾਰਿਆ, ਤਬ ਪ੍ਰਗਟਿਆ ਭਾਨੁ ਉਜਾਰਾ।[1]

ਪਹਿਲੀ ਤੁਕ ਵਿਚ 16+12, ਦੂਸਰੀ ਵਿਚ 17+12, ਤੀਸਰੀ ਵਿਚ 17+12 ਅਤੇ ਚੌਥੀ ਵਿਚ 18+15 ਮਾਤ੍ਰਾਵਾਂ ਹਨ। ਇਹ ਵੀ ਸਾਰ ਛੰਦ ਦਾ ਵਿਕ੍ਰਿਤ ਰੂਪ ਹੀ ਹੈ।

ਇਕ ਥਾਂ ਸਾਰ ਛੰਦ ਦੀਆਂ ਤਿੰਨ ਤੁਕਾਂ ਮਿਲਦੀਆਂ ਹਨ:

ਜਾਂ ਕੀ ਚੇਰੀ ਮੁਕਤਿ ਸੁਰਗ ਅਪਵਾਨੀ, ਐਸਾ ਜਾਪੁ ਜਪੀਜੈ।
ਜਾਂ ਕੀ ਮਾਯਾ ਦਾਸੀ ਨਵਨਿਧਿ ਸਿਕਾਰਾਰੀ, ਰਿਧਿ ਸਿਧਿ ਚਰਨ ਲਗੀਜੈ।
ਕਹੁ ਨਾਨਕ ਅਮਰਾ ਪਦ ਰਾਤੇ, ਚਉਥੇ ਪਦਹਿ ਪਤੀਜੈ।[2]

ਇਸ ਵਿਚ ਚਾਰ ਦੀ ਥਾਂ ਤਿੰਨ ਤੁਕਾਂ ਹਨ ਅਤੇ ਪਹਿਲੀ ਤੁਕ ਵਿਚ 20+12, ਦੂਜੀ ਵਿਚ 24+12 ਅਤੇ ਤੀਜੀ ਵਿਚ 16+12 ਮਾਤ੍ਰਾਵਾਂ ਹਨ। ਇਹ ਛੰਦ ਸ਼ਾਸਤ੍ਰ ਦੇ ਨੇਮਾਂ ਦੀ ਸਪੱਸ਼ਟ ਉਲੰਘਣਾ ਹੈ।

5) <u>ਚੌਬੋਲਾ</u>

ਚੌਬੋਲੇ ਵਿਚ 15 ਮਾਤ੍ਰਾਵਾਂ ਹੁੰਦੀਆਂ ਹਨ ਅਤੇ 8,7 ਤੇ ਯਤਿ ਹੁੰਦੀ ਹੈ। ਅੰਤ ਵਿਚ ਲਘੂ ਅਤੇ ਗੁਰੂ ਦੀ ਯੋਜਨਾ ਹੁੰਦੀ ਹੈ। ਕੁਝ ਵਿਦਵਾਨ ਇਸ ਨੂੰ 'ਹੰਸੀ' ਛੰਦ ਵੀ ਕਹਿੰਦੇ ਹਨ।

ਸ੍ਰੀ ਜਗਨ ਨਾਥ ਪ੍ਰਸਾਦ (ਭਾਨੁ ਕਵਿ) ਨੇ ਚੌਬੋਲਾ ਦਾ ਲੱਛਣ ਇਸ ਤਰ੍ਹਾਂ ਕੀਤਾ ਹੈ:

ਵਸੁ (8), ਮੁਨਿ (7) ਲਗ ਚੌਬੋਲਾ ਰਚੋ, ਗਾਵੈ ਤਪਿ ਤਪਿ ਦੇਖੀ ਤਚੋ।
ਸੰਤ ਸਮਾਗਮ ਸੰਤਤ ਸਜੋ, ਸੁਰਣਾਮਤ ਹ੍ਵੈ, ਪ੍ਰਭੁ ਕੋ ਭਜੋ॥[3]

ਪ੍ਰਾਣ-ਸੰਗਲੀ ਵਿਚ ਸ਼ੁੱਧ ਚੌਬੋਲਾ ਛੰਦ ਦੀ ਵਰਤੋਂ ਘੱਟ ਹੀ ਹੋਈ ਹੈ। ਇਕ ਸ਼ੁੱਧ ਉਦਾਹਰਣ ਇਹ ਹੈ:

ਦਯਾ ਹਾਟ ਜਬ ਇਹੁ ਮਨੁ ਬਸੈ। ਜੀਅ ਦਯਾ ਸਭ ਹੀ ਮਹਿ ਰਸੈ॥
ਦਾਮੋਦਰੁ ਜਾਂ ਕੇ ਮਨਿ ਬਸੈ। ਦੁੰਦਰ ਬਾਧਿ ਸੰਦਰੁ ਲਸੈ॥[4]

---

1. 'ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 13.
2. ਉਹੀ, ਪੰਨਾ 14.
3. ਜਗਨ ਨਾਥ ਪ੍ਰਸਾਦ (ਭਾਨੁ ਕਵਿ), 'ਛੰਦ ਪ੍ਰਭਾਕਰ', ਪੰਨਾ 461.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 37.

ਇਹਨਾਂ ਤੁਕਾਂ ਦੇ ਚਾਰੇ ਚਰਣਾਂ ਵਿਚ 8,7 ਅਨੁਸਾਰ ਮਾਤ੍ਰਾਵਾਂ ਰਖੀਆਂ ਗਈਆਂ ਹਨ। ਇਸ ਲਈ ਇਹਨਾਂ ਤੁਕਾਂ ਵਿਚ ਸ਼ੁੱਧ ਚੌਬੋਲਾ ਛੰਦ ਵਰਤਿਆ ਗਿਆ ਹੈ।

ਉਂਜ ਪ੍ਰਾਣ-ਸੰਗਲੀ ਵਿਚ ਚੌਬੋਲੇ ਦੇ ਇਕੋ ਹੀ ਪਦੇ ਵਿਚ ਹੋਰ ਵੱਖਰੇ ਵੱਖਰੇ ਛੰਦਾਂ ਦੀਆਂ ਤੁਕਾਂ ਵੀ ਮਿਲਦੀਆਂ ਹਨ। ਚੌਪਈ, ਚੌਪਾਈ ਅਤੇ ਸਾਰ ਆਦਿ ਕਈ ਛੰਦਾਂ ਨੂੰ ਇਕੋ ਹੀ ਪਦੇ ਵਿਚ ਵਰਤਣ ਦੇ ਕਾਰਨ, ਪ੍ਰਾਣ-ਸੰਗਲੀ ਦਾ ਛੰਦ-ਵਿਧਾਨ ਛੰਦ ਸ਼ਾਸਤ੍ਰ ਦੇ ਵਿਰੁੱਧ ਹੈ।

ਚੌਬੋਲੇ ਦੇ ਨਾਲ ਹੋਰ ਛੰਦਾਂ ਦਾ ਰਲਗਡ ਰੂਪ ਇਸ ਪਦੇ ਵਿਚ ਦੇਖਿਆ ਜਾ ਸਕਦਾ ਹੈ:

ਸੁਸਤ ਹਾਟ ਜਬ ਇਹੁ ਮਨੁ ਬਸੈ। ਆਲਸ ਸੁਸਤੀ ਅੰਤਰਿ ਬਸੈ॥ (15,15)
ਹੋਯ ਉਦਾਸੀ ਅਰੁ ਹਤਭਾਗੀ। ਸੁਸਤ ਹਾਟ ਮਹਿ ਮਾਰੀ ਤਾਰੀ॥ (16,16)
ਹਾਡ ਮਾਸ ਤਨ ਸੁਸਤੀ ਹੋਯ। ਸੁਸਤ ਹਾਟ ਮਨੁ ਰਹਿਯਾ ਸੋਯ॥ (15,15)
ਅਠਸਠ ਹਾਟ ਬਹਤਰਿ ਨਾੜੀ। ਨੌ ਦਰਵਾਜੇ ਚਾਰੇ ਬਾਰੀ॥ (15,16)
ਹੋਵਹਿ ਸੁਸਤ ਸਭੈ ਹੀ ਬੰਦਾ। ਕੋਈ ਨੂੰ ਹਾਟ ਕੀ ਦੇਹੀ ਨਿਬੰਦਾ॥ (17,20)
ਨਾਨਕ ਕਹੈ ਸੁਨਹੁ ਰੇ ਭਾਈ। ਹਾਟ ਹਾਟ ਕੀ ਸਾਖ ਸੁਨਾਈ॥[1] (16,16)

ਇਸ ਪਦੇ ਦੀ ਪਹਿਲੀ ਤੁਕ 'ਚੌਬੋਲੇ' ਛੰਦ ਵਿਚ ਹੈ, ਦੂਜੀ ਤੁਕ 'ਚੌਪਾਈ' ਹੈ, ਤੀਜੀ ਤੁਕ 'ਚੌਪਈ' ਹੈ ਅਤੇ ਚੌਥੀ ਤੋਂ ਛੇਵੀਂ ਤੁਕ ਤੱਕ ਫਿਰ ਚੌਪਾਈ ਛੰਦ ਆਇਆ ਹੈ।

ਚੌਥੀ ਤੁਕ ਦੀ ਅੰਤਿਮ ਅਰਧਾਲੀ ਵਿਚ 16 ਦੀ ਥਾਂ 15 ਮਾਤ੍ਰਾਵਾਂ ਹਨ। ਇਸੇ ਤਰ੍ਹਾਂ ਪੰਜਵੀਂ ਤੁਕ ਵਿਚ 17,20 ਮਾਤ੍ਰਾਵਾਂ ਰੱਖੀਆਂ ਗਈਆਂ ਹਨ। ਸਪੱਸ਼ਟ ਹੈ ਛੰਦਾਂ ਦੀ ਵਿਸ਼ੇਸ਼ ਕਰਕੇ ਮਾਤ੍ਰਾਵਾਂ ਦੀ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦਾ ਛੰਦ-ਵਿਧਾਨ ਅਵਿਗਿਆਨਿਕ ਹੈ।

## 6) ਕੁਕੁਭ

ਛੰਦ-ਸ਼ਾਸਤ੍ਰ ਦੇ ਅਨੁਸਾਰ 'ਕੁਕੁਭ' ਵਿਚ 16+14=30 ਮਾਤ੍ਰਾਵਾਂ ਪ੍ਰਤੀ ਚਰਣ ਹੁੰਦੀਆਂ ਹਨ ਅਤੇ ਅੰਤ ਵਿਚ ਦੋ ਗੁਰੂ ਆਉਂਦੇ ਹਨ। ਭਾਨੁ ਜੀ ਲਿਖਦੇ ਹਨ:

ਸੋਰਹ ਰਤਨ ਕਲਾ ਪ੍ਰਤਿਪਾਦੇ, ਕੁਕੁਭਾ ਅੰਤੇ ਦੇ ਕਰਣਾ।[2]

ਪ੍ਰਾਣ-ਸੰਗਲੀ ਵਿਚ ਕੁਕੁਭ ਛੰਦ ਦੀ ਵਰਤੋਂ ਸ਼ੁੱਧ ਰੂਪ ਵਿਚ ਕਿਤੇ ਕਿਤੇ ਪਾਈ ਜਾਂਦੀ ਹੈ, ਜਿਵੇਂ:

ਉਲਟੇ ਕਮਲ ਭਿਦ੍ਰ ਤਨ ਧਾਰੇ, ਨਿਹਸ਼ਬਦ ਹੋਯ ਗਲਤਾਨਾ।[3]

ਇਸ ਤੁਕ ਵਿਚ 16+14 ਮਾਤ੍ਰਾਵਾਂ ਦੀ ਯੋਜਨਾ ਮਿਲਦੀ ਹੈ ਅਤੇ ਅੰਤ ਵਿਚ ਦੋ ਗੁਰੂ ਵੀ ਹਨ। ਇਸ ਤਰ੍ਹਾਂ ਇਹ ਸ਼ੁੱਧ 'ਕੁਕੁਭ' ਦੀ ਉਦਾਹਰਣ ਬਣ ਜਾਂਦੀ ਹੈ। ਪਰ ਇਸ ਪਦੇ ਦੀਆਂ ਅਗਲੀਆਂ ਪੰਜ ਤੁਕਾਂ ਵਿਚ

ਦੇਖ:
1./'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 36,37.
2. ਜਗਨ ਨਾਥ ਪ੍ਰਸਾਦ (ਭਾਨੁ ਕਵਿ), 'ਛੰਦ ਪ੍ਰਭਾਕਰ', ਪੰਨਾ 71.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 13.

16+11 ਜਾਂ 16+12 ਮਾਤ੍ਰਾਵਾਂ ਰੱਖੀਆਂ ਗਈਆਂ ਹਨ। ਇਸ ਕਰਕੇ ਇਸ ਪੂਰੇ ਪਦੇ ਵਿਚ ਇਕੋ ਹੀ ਤੁਕ 'ਕੁਕੁਭ' ਛੰਦ ਵਿਚ ਹੈ।

ਇਸੇ ਤਰ੍ਹਾਂ ਇਕ ਹੋਰ ਥਾਂ ਤੇ ਵੀ ਕੁਕੁਭ ਛੰਦ ਮਿਲਦਾ ਹੈ:

ਦੇਖਿ ਤੁਮਾਰੀ ਸੁਰਤਿ ਅਛੀ, ਬਿਨ ਬੋਲੇ ਸਮਝ ਨ ਕਾਈ।[1]

ਇਸ ਤੁਕ ਵਿਚ 16+14=30 ਮਾਤ੍ਰਾਵਾਂ ਦੇ ਨਾਲ ਅੰਤ ਵਿਚ ਦੋ ਗੁਰੂਆਂ ਦੀ ਯੋਜਨਾ ਕਰਕੇ ਸ਼ੁੱਧ ਕੁਕੁਭ ਬਣਾਇਆ ਗਿਆ ਹੈ ਪਰ ਇਸ ਪਦੇ ਦੀਆਂ ਹੋਰ ਤਿੰਨ ਤੁਕਾਂ ਵਿਚ 'ਕੁਕੁਭ' ਛੰਦ ਨਹੀਂ ਹੈ।

ਛੰਦ ਸ਼ਾਸਤ੍ਰੀਆਂ ਨੇ ਛੰਦ ਨੂੰ ਨਾ ਕੇਵਲ ਕਵਿਤਾ ਦੇ ਸਥੂਲ ਆਕਾਰ ਨਾਲ ਹੀ ਜੋੜਿਆ ਹੈ ਸਗੋਂ ਛੰਦ ਦਾ ਸੰਕਲਪ ਭਾਵਾਂ ਅਤੇ ਰਸਾਂ ਨੂੰ ਮੁੱਖ ਰਖ ਕੇ ਕੀਤਾ ਹੈ।[2] ਛੰਦਾਂ ਦੇ ਬਾਰੇ ਉਹਨਾਂ ਦਾ ਇਹ ਅਟਲ ਸਿੱਧਾਂਤ ਸੀ ਕਿ ਕਵਿਤਾ ਲਈ ਵਿਸ਼ੇਸ਼ ਰੂਪ ਵਿਚ ਕਵਿਤਾ ਦੀ ਅੰਤਰੀਵੀ ਲੈਅ ਅਤੇ ਉਸਦੇ ਸੰਗੀਤ ਦੀ ਸਿਰਜਣਾ ਕੇਵਲ ਕਲਾਤਮਕ ਛੰਦ-ਵਿਧਾਨ ਉੱਤੇ ਹੀ ਨਿਰਭਰ ਹੈ।[3] ਇਸ ਲਈ ਉਹਨਾਂ ਨੇ ਕਿਹਾ ਸੀ ਕਿ ਭਾਵੇਂ 'ਮਾਸ਼' (ਮਾਂਹ) ਦੀ ਥਾਂ 'ਮਸ਼' ਸ਼ਬਦ ਲਿਖ ਲਉ ਪਰ ਛੰਦ ਭੰਗ ਨਹੀਂ ਹੋਣਾ ਚਾਹੀਦਾ।[4]

ਸੰਸਕ੍ਰਿਤ ਵਿਚ ਛੰਦਾਂ ਦੀ ਯੋਜਨਾ ਬਹੁਤ ਸੁਚੱਜੇ ਢੰਗ ਨਾਲ ਹੁੰਦੀ ਸੀ ਅਤੇ ਛੰਦ ਸੰਬੰਧੀ ਕਿਸੇ ਕਿਸਮ ਦੀ ਕੋਈ ਖੁਲ੍ਹ ਕਵੀ ਨੂੰ ਨਹੀਂ ਸੀ ਹੁੰਦੀ। ਇਹੋ ਕਾਰਨ ਹੈ ਕਿ ਸੰਸਕ੍ਰਿਤ ਦਾ ਕੋਈ ਵੀ ਪ੍ਰਸਿੱਧ ਜਾਂ ਅਪ੍ਰਸਿੱਧ ਕਵੀ ਛੰਦਾਂ ਦੇ ਨਿਯਮਾਂ ਦੀ ਉਲੰਘਣਾ ਕਰਨ ਦਾ ਸਾਹਸ ਨਹੀਂ ਸੀ ਕਰਦਾ। ਪਰ ਸੰਸਕ੍ਰਿਤ ਤੋਂ ਬਾਅਦ ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਮਾਤ੍ਰਿਕ ਛੰਦਾਂ ਦੀ ਗਿਣਤੀ ਵਧੀ ਅਤੇ ਮਾਤ੍ਰਿਕ ਛੰਦਾਂ ਵਿਚ ਕਵੀਆਂ ਨੂੰ ਵਧੇਰੇ ਖੁਲ੍ਹ ਮਿਲੀ। ਇਸ ਖੁਲ੍ਹ ਦੇ ਦੋ ਮੁੱਖ ਰੂਪ ਹਨ:

1. ਸ਼ਬਦਾਂ ਦਾ ਅੰਗ ਭੰਗ ਕਰਨ ਦੀ ਖੁਲ੍ਹ।
2. ਦੀਰਘ ਮਾਤ੍ਰਾਵਾਂ ਨੂੰ ਲਘੂ ਅਤੇ ਲਘੂ ਮਾਤ੍ਰਾਵਾਂ ਨੂੰ ਦੀਰਘ ਰੂਪ ਵਿਚ ਲਿਖਣ ਦੀ ਖੁਲ੍ਹ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 159.
2. ਦੇਖੋ: ੳ) ਪਿੰਗਲ ਮੁਨੀ, 'ਛੰਦ ਸੂਤਰ', ਅਧਿਆਇ 6, ਸੂਤਰ 2.
   ਅ) ਕੇਦਾਰ ਭੱਟ, 'ਵ੍ਰਿੱਤ ਰਤਨਾਕਰ', ਅਧਿਆਇ 3, ਸ਼ਲੋਕ 21.
3. ਦੇਖੋ: ੳ) ਦਾਮੋਦਰ ਮਿਸ਼ਰ, 'ਬਾਣੀ ਭੂਸ਼ਣ', ਅਧਿਆਇ 3, ਸ਼ਲੋਕ 21.
   ਅ) 'ਪ੍ਰਾਕ੍ਰਿਤ ਪੈਂਗਲਮ' (ਸੰਪਾ. ਡਾ. ਘੋਸ਼), ਕਲਕੱਤਾ, 1909, ਪੰਨਾ 6.
4. ਦੇਖੋ: ੳ) ਪਿੰਗਲ ਮੁਨੀ, 'ਛੰਦ ਸੂਤਰ', ਅਧਿਆਇ 1, ਸੂਤਰ 17,18.
   ਅ) ਭਰਤ ਮੁਨੀ, 'ਨਾਟਯ ਸ਼ਾਸਤ੍ਰ' ਅਧਿਆਇ 15, ਸ਼ਲੋਕ 227.

ਇਸ ਖੁਲ੍ਹ ਕਾਰਨ ਭਾਸ਼ਾ ਦਾ ਰੂਪ ਕਵਿਤਾ ਵਿਚ ਬਹੁਤ ਵਿਗੜਿਆ ਅਤੇ ਇਕ ਹੀ ਸ਼ਬਦ ਨੂੰ ਕਦੇ ਗੁਰੂ ਦੀ ਮਾਤ੍ਰਾ ਕਦੇ ਲਘੂ ਦੀ ਮਾਤ੍ਰਾ ਨਾਲ ਲਿਖਿਆ ਜਾਣ ਲੱਗਿਆ।[1]

ਇਸ ਤੋਂ ਇਲਾਵਾ ਕਈ ਛੰਦਾਂ ਨੂੰ ਮਿਲਾਕੇ ਇਕ ਨਵਾਂ ਛੰਦ ਬਣਾਉਣ ਦੀ ਖੁਲ੍ਹ ਵੀ ਕਵੀਆਂ ਨੂੰ ਮਿਲੀ ਹੋਈ ਸੀ। ਇਸ ਦਾ ਪਰਿਣਾਮ ਇਹ ਹੋਇਆ ਕਿ ਛੰਦ-ਯੋਜਨਾ ਬਾਰੇ ਕਵੀਆਂ ਨੇ ਆਮ ਤੌਰ ਤੇ ਕਿਸੇ ਵਿਗਿਆਨਿਕ ਦ੍ਰਿਸ਼ਟੀ ਦਾ ਪਰਿਚਯ ਨਹੀਂ ਦਿੱਤਾ। ਇਸ ਸਾਰੀ ਸਥਿਤੀ ਵਿਚ ਅਰਾਜਕਤਾ ਦਾ ਹੀ ਬੋਲਬਾਲਾ ਹੁੰਦਾ ਰਿਹਾ।[2]

ਪ੍ਰਾਣ-ਸੰਗਲੀ ਦੇ ਲੇਖਕ ਨੇ ਛੰਦਾਂ ਬਾਰੇ ਵੱਧ ਤੋਂ ਵੱਧ ਸੁਤੰਤਰਤਾ ਤੋਂ ਕੰਮ ਲਿਆ ਹੈ। ਇਸ ਸੁਤੰਤਰਤਾ ਦਾ ਕਾਰਨ ਕੋਈ ਵਿਗਿਆਨਿਕ ਜਾਂ ਕੋਈ ਕਲਾਤਮਿਕ ਦ੍ਰਿਸ਼ਟੀ ਨਹੀਂ ਹੈ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਛੰਦ-ਸ਼ਾਸਤ੍ਰ ਦੇ ਨਿਯਮਾਂ ਤੋਂ ਪੂਰੀ ਤਰ੍ਹਾਂ ਪਰਿਚਿਤ ਨਹੀਂ ਸੀ। ਇਹੀ ਕਾਰਨ ਹੈ ਕਿ ਪ੍ਰਾਣ-ਸੰਗਲੀ ਵਿਚ ਕਿਸੇ ਵੀ ਛੰਦ ਦਾ ਸ਼ੁੱਧ ਉਦਾਹਰਣ ਮਿਲਣਾ ਬਹੁਤ ਹੀ ਔਖਾ ਹੈ। 'ਦੋਹੇ' ਜਿਹੇ ਸਰਲ ਛੰਦ ਨੂੰ ਵੀ ਪ੍ਰਾਣ-ਸੰਗਲੀ ਦਾ ਲੇਖਕ ਪੂਰੀ ਤਰ੍ਹਾਂ ਨਿਭਾ ਨਹੀਂ ਸਕਿਆ। ਚੌਪਈ ਅਤੇ ਚੌਪਾਈ ਦੇ ਅੰਤਰ ਨੂੰ ਸਮਝਣਾ ਵੀ ਉਸਦੇ ਲਈ ਸੌਖਾ ਨਹੀਂ ਸੀ। ਇਸੇ ਤਰ੍ਹਾਂ ਕਿਸੇ ਵੀ ਛੰਦ ਦੇ ਮਾਤ੍ਰਾ ਸੰਬੰਧੀ ਨਿਯਮਾਂ ਨੂੰ ਉਸਨੇ ਠੀਕ ਤਰ੍ਹਾਂ ਨਹੀਂ ਨਿਭਾਇਆ।

ਕਈ ਥਾਵਾਂ ਤੇ ਇਕੋ ਹੀ ਪਦੇ ਵਿਚ ਕੋਈ ਤੁਕ ਚੌਬੋਲੇ ਛੰਦ ਵਿਚ, ਕੋਈ ਤੁਕ ਚੌਪਾਈ ਵਿਚ ਅਤੇ ਕੋਈ ਤੁਕ ਸਾਰ ਛੰਦ ਵਿਚ ਮਿਲਦੀ ਹੈ। ਛੰਦਾਂ ਦੇ ਇਸ ਰਲਗੱਡ ਨਾਲ ਪ੍ਰਾਣ-ਸੰਗਲੀ ਦੀ ਕਲਾਤਮਕਤਾ ਖੇਰੂੰ ਖੇਰੂੰ ਹੁੰਦੀ ਹੈ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਛੰਦਾਂ ਬਾਰੇ ਨਾ ਤੇ ਸਾਵਧਾਨ ਰਿਹਾ ਹੈ ਅਤੇ ਨਾ ਹੀ ਉਸਨੇ ਛੰਦਾਂ ਬਾਰੇ ਕੋਈ ਵਿਸ਼ੇਸ਼ ਦ੍ਰਿਸ਼ਟੀ ਹੀ ਅਪਣਾਈ ਹੈ।

ਕਈ ਥਾਵਾਂ ਤੇ 'ਨਾਨਕ' ਸ਼ਬਦ ਦੀਆਂ ਚਾਰ ਮਾਤ੍ਰਾਵਾਂ ਵਾਧੂ ਜਾਪਦੀਆਂ ਹਨ। ਜੇਕਰ ਇਹ 'ਨਾਨਕ' ਛਾਪ ਹਟਾ ਦੇਈਏ ਤਾਂ ਛੰਦ ਦਾ ਸ਼ੁੱਧ ਰੂਪ ਉਘੜ ਆਉਂਦਾ ਹੈ। ਇਸ ਤੋਂ ਇਹ ਅਨੁਮਾਨ ਵੀ ਲਾਇਆ, ਜਾ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਰਚਨਾ ਨੂੰ ਗੁਰੂ ਨਾਨਕ ਦੇ ਨਾਉਂ ਨਾਲ ਜੋੜਨ ਦਾ ਅਨੇਕ ਯਤਨ ਕੀਤਾ ਹੈ।

ਸਾਰਾਂਸ਼ ਇਹ ਹੈ ਕਿ ਪ੍ਰਾਣ-ਸੰਗਲੀ ਦੀ ਛੰਦ ਯੋਜਨਾ ਕਿਸੇ ਵੀ ਸ਼ਾਸਤ੍ਰੀ ਨਿਯਮ ਦਾ ਪਾਲਣ ਨਹੀਂ ਕਰਦੀ ਅਤੇ ਪ੍ਰਾਣ-ਸੰਗਲੀ ਵਿਚ ਛੰਦਾਂ ਦੀ ਵਰਤੋਂ ਕਿਸੇ ਕਲਾਤਮਕ ਜਾਂ ਭਾਵਨਾਤਮਕ ਦ੍ਰਿਸ਼ਟੀ ਤੋਂ ਨਹੀਂ ਕੀਤੀ ਗਈ।

---

1. ਦੇਖੋ: ਵਿਰਹਾਂਕ, 'ਵ੍ਰਿਤ ਜਾਤੀ ਸਮੁੱਚਯ' (ਸੰਪਾ. ਡਾ. ਵੇਲੰਕਰ), 1952, ਪੰਨੇ 7,8 (ਭੂਮਿਕਾ).
2. ਦੇਖੋ: ਸੁਰੇਂਦਰ ਨਾਥ ਦੀਕਸ਼ਿਤ, 'ਭਰਤਯ ਭਾਰਤੀਯ ਨਾਟਯ ਕਲਾ', ਪੰਨੇ 266,267,288,517.

## ਸੰਗੀਤਾਤਮਕਤਾ

ਕਵਿਤਾ ਅਤੇ ਸੰਗੀਤ ਇਕ ਦੂਜੇ ਦੇ ਪੂਰਕ ਹਨ।[1] ਬਿਨਾ ਕਵਿਤਾ ਤੋਂ ਸੰਗੀਤ ਅਤੇ ਸੰਗੀਤ ਤੋਂ ਬਿਨਾ ਕਵਿਤਾ ਸੰਭਵ ਨਹੀਂ ਹੈ।[2] ਇਹੋ ਕਾਰਨ ਹੈ ਕਿ ਆਪਣੀ ਉੱਤਮ ਸਥਿਤੀ ਵਿਚ ਕਵਿਤਾ ਸੰਗੀਤ ਬਣ ਜਾਂਦੀ ਹੈ ਅਤੇ ਉੱਤਮ ਸੰਗੀਤ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ।[3]

ਸੰਗੀਤ ਅਤੇ ਕਵਿਤਾ ਦੇ ਇਸ ਅਟੁੱਟ ਸੰਬੰਧ ਨੂੰ ਮੁੱਖ ਰਖਦੇ ਹੋਏ ਭਾਰਤ ਦੇ ਅਨੇਕ ਸੰਤਾਂ, ਫਕੀਰਾਂ, ਦਰਵੇਸ਼ਾਂ ਨੇ ਆਪਣੀ ਕਵਿਤਾ ਨੂੰ ਸੰਗੀਤ ਦੇ ਸੁਰਾਂ ਵਿਚ ਢਾਲਿਆ ਹੈ। ਉਦਾਹਰਣ ਵਜੋਂ ਆਦਿ ਗ੍ਰੰਥ ਦੀ ਪੂਰੀ ਬਣਤਰ ਸੰਗੀਤਮਈ ਹੈ। ਖ਼ਾਸ ਤੌਰ ਤੇ ਇਕੱਤੀ ਰਾਗ ਵਿਚ ਆਈਆਂ ਬਾਣੀਆਂ ਨੂੰ ਸੰਗੀਤ ਦਾ ਸ਼ਾਹਕਾਰ ਮੰਨਿਆ ਗਿਆ ਹੈ। ਇਸੇ ਤਰ੍ਹਾਂ ਕਬੀਰ ਨੇ ਵੀ ਆਪਣੇ ਕਾਵਿ-ਮਈ ਭਾਵਾਂ ਨੂੰ ਸੰਗੀਤ ਦੇ ਸੁਰਾਂ ਵਿਚ ਉਤਾਰਿਆ ਹੈ। ਮਾਇਆ ਨੂੰ ਠਗਣੀ ਦਾ ਬਿੰਬ ਪ੍ਰਦਾਨ ਕਰਦੇ ਹੋਏ ਕਬੀਰ ਨੇ ਇਕ ਸੰਗੀਤਾਤਮਕ ਕਾਵਿ-ਪੰਕਤੀ ਦੀ ਰਚਨਾ ਇਸ ਤਰ੍ਹਾਂ ਕੀਤੀ ਹੈ।

ਠਗਣੀ ਕਿਆ ਨੈਣਾ ਝਮਕਾਵੈ।
ਕਬੀਰਾ ਹਾਥ ਤੇਰੇ ਨਹੀ ਆਵੈ॥[4]

ਕਬੀਰ ਤੋਂ ਪਹਿਲਾਂ ਗੋਰਖ ਨਾਥ ਆਦਿ ਨਾਥਾਂ ਸਿੱਧਾਂ ਨੇ ਵੀ ਇਸੇ ਸੰਗੀਤ ਨੂੰ ਮੁੱਖ ਰਖ ਕੇ ਆਪਣੀ ਮਧੁਰਤਮ ਕਵਿਤਾ ਪ੍ਰਸਤੁਤ ਕੀਤੀ ਹੈ।

ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ ਕੁਝ ਭਾਵਾਂ ਤੇ ਕਵਿਤਾ ਦੇ ਸੁਰਾਂ ਨੂੰ ਸੰਗੀਤ ਵਿਚ ਢਾਲਣ ਦਾ ਯਤਨ ਕੀਤਾ ਹੈ ਪਰ ਉਸਦੇ ਕੋਲ ਕਲਪਨਾ ਸ਼ਕਤੀ ਦਾ ਉਹ ਭੰਡਾਰ ਨਹੀਂ ਹੈ ਜਿਸ ਦੇ ਨਾਲ ਕਵਿਤਾ ਵਿਚ ਸੰਗੀਤ ਦੇ ਸੁਰ ਲਿਆਂਦੇ ਜਾ ਸਕਣ। ਇਸੇ ਤਰ੍ਹਾਂ ਉਸ ਪਾਸ ਕਵਿਤਾ ਦੀ ਉਹ ਸੂਖਮ ਕਲਾ ਵੀ ਨਹੀਂ ਹੈ ਜਿਸਦੇ ਨਾਲ ਕਵਿਤਾ ਨੂੰ ਸੰਗੀਤ ਦਾ ਜਾਮਾ ਪਹਿਨਾਇਆ ਜਾ ਸਕੇ।

ਪ੍ਰਾਣ-ਸੰਗਲੀ ਦੇ ਕੁਝ ਸੰਗੀਤਾਤਮਕ ਉਦਾਹਰਣ ਇਉਂ ਦਿੱਤੇ ਜਾ ਸਕਦੇ ਹਨ:

ਧੁੰਧੂਕਾਰਿ ਮਹਾ ਅੰਧਿਆਰੁ। ਧੁੰਧੂਕਾਰਿ ਨਾ ਕੀਆ ਪਸਾਰੁ॥
ਧੁੰਧੂਕਾਰਿ ਨਾ ਪਾਣੀ ਪਉਣੁ। ਧੁੰਧੂਕਾਰਿ ਨਾ ਸਿਆਣਪ ਸਉਣੁ॥
ਧੁੰਧੂਕਾਰਿ ਨਾ ਬੇਦ ਪੁਰਾਣਾ। ਨਹਿ ਕੋ ਮੂਰਖ ਨਾ ਕੋ ਸਿਆਣਾ॥
ਧੁੰਧੂਕਾਰਿ ਕਤੇਬ ਨਾ ਸੇਦ। ਧੁੰਧੂਕਾਰਿ ਬ੍ਰਹਮ ਨਹਿ ਭੇਦ॥[5]

---

1. ਦੇਖੋ: ਅਹੋਬਲ ਪੰਡਿਤ, 'ਸੰਗੀਤ ਪਾਰਿਜਾਤ, ਪੰਨੇ 7,9,12.
2. ਦੇਖੋ: ਨਾਰਦ, 'ਸੰਗੀਤ ਮਕਰੰਦ', ਪੰਨੇ 1,5,10.
3. ਦੇਖੋ: ਸਾਰੰਗ ਦੇਵ, 'ਸੰਗੀਤ ਰਤਨਾਕਰ', ਪੰਨੇ 21-35.
4. 'ਕਬੀਰ ਗ੍ਰੰਥਾਵਲੀ'.
5. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 209.

ਧੁੰਧ ਦੀ ਆਵ੍ਰਿਤੀ ਨਾਲ ਇਹਨਾਂ ਤੁਕਾਂ ਵਿਚ ਸੰਗੀਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਰਾਗ ਰਾਮਕਲੀ ਸਿਰਲੇਖ ਹੇਠ ਇਹ ਤੁਕਾਂ ਮਿਲਦੀਆਂ ਹਨ:

ਕਤਕ ਕਰੇ ਨਾ ਬਿਸਰੈ ਸਚਾ ਜਿਸਦਾ ਨਾਉ।
ਨਾਈ ਵਿਸਾਰਿਐ ਨਾ ਮਿਲੈ ਸਚੀ ਦਰਗਹਿ ਥਾਉ॥
ਜਿਨੀ ਨਾਮੁ ਧਿਆਇਆ ਤਿਨਾ ਤਉ ਬਲਿ ਜਾਉਂ।
ਲਾਲੁ ਨਵੀ ਮਨੁ ਰੰਗਿਆ ਰੱਤੇ ਸਹਜ ਸੁਭਾਉ॥[1]

ਰਾਗ ਮਾਝ ਦੀਆਂ ਇਹਨਾਂ ਤੁਕਾਂ ਵਿਚ ਸੰਗੀਤਾਤਮਕਤਾ ਦਾ ਆਭਾਸ ਮਿਲਦਾ ਹੈ।

ਉਨਮੁਨਿ ਸੁੰਨ ਸੁੰਨ ਸਭ ਕਹੀਐ।
ਉਨਮੁਨਿ ਹਰਖ ਸੋਗ ਨਹਿ ਰਹੀਐ॥[2]

ਰਾਗ ਆਸਾ ਦੀ ਇਸ ਤੁੱਕ ਵਿਚ 'ਨ' ਦੀ ਆਵ੍ਰਿਤੀ ਨਾਲ ਸੰਗੀਤਾਤਮਕਤਾ ਲਿਆਉਣ ਦਾ ਯਤਨ ਕੀਤਾ ਗਿਆ ਹੈ।

ਵਾਸਤਵ ਵਿਚ ਪ੍ਰਾਣ-ਸੰਗਲੀ ਦਾ ਲੇਖਕ ਕਵਿਤਾ ਦੇ ਸੰਗੀਤਾਤਮਕ ਪੱਖ ਤੋਂ ਅਨਜਾਣ ਜਾਪਦਾ ਹੈ। ਇਸ ਤੋਂ ਛੁੱਟ ਉਸਦੀ ਵਿਸ਼ਿਆਵਸਤੂ ਵੀ ਸੰਗੀਤ ਅਤੇ ਕਵਿਤਾ ਦੇ ਨਾਲ ਮੇਲ ਨਹੀਂ ਖਾਂਦੀ। ਇਸ ਲਈ ਪ੍ਰਾਣ-ਸੰਗਲੀ ਵਿਚ ਇਹੋ ਜਿਹੀਆਂ ਪੰਕਤੀਆਂ ਬਹੁਤ ਹੀ ਥੋੜੀਆਂ ਹਨ ਜਿਨ੍ਹਾਂ ਨੂੰ ਵਿਸ਼ੁੱਧ ਕਵਿਤਾ ਜਾਂ ਸੰਗੀਤ ਦੀ ਸ਼੍ਰੇਣੀ ਵਿਚ ਰਖਿਆ ਜਾ ਸਕੇ। ਆਮ ਤੌਰ ਤੇ ਆਪਣੇ ਹਠ ਯੋਗ ਸੰਬੰਧੀ ਵਿਚਾਰਾਂ ਨੂੰ ਪਦ ਦਾ ਰੂਪ ਦੇਣ ਦੀ ਕੋਸ਼ਿਸ਼ ਪ੍ਰਾਣ-ਸੰਗਲੀ ਦੇ ਲੇਖਕ ਨੇ ਕੀਤੀ ਹੈ ਪਰ ਛੰਦ, ਰਾਗ ਅਤੇ ਸੰਗੀਤ ਦੀ ਜਾਣਕਾਰੀ ਉਸਨੂੰ ਬਹੁਤੀ ਨਾ ਹੋਣ ਕਰਕੇ ਪ੍ਰਾਣ-ਸੰਗਲੀ ਵਿਚ ਨਾ ਹੀ ਕੋਈ ਉੱਚ ਪੱਧਰੀ ਕਵਿਤਾ ਮਿਲਦੀ ਹੈ, ਅਤੇ ਨਾ ਹੀ ਕੋਈ ਉੱਚ ਪੱਧਰੀ ਸੰਗੀਤਾਤਮਕਤਾ।

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 400.

2. ਉਹੀ, ਪੰਨਾ 1.

## ਬਿੰਬ- ਵਿਧਾਨ

### ਬਿੰਬ ਦਾ ਸਰੂਪ

ਸੰਸਕ੍ਰਿਤ ਦੇ ਪ੍ਰਸਿੱਧ ਆਚਾਰਯ ਮੰਮਟ ਨੇ ਕਵਿਤਾ ਦੀ ਪਰਿਭਾਸ਼ਾ ਦਿੰਦੇ ਹੋਏ ਕਵਿਤਾ ਦੀ ਚਿਤਰਾਤਮਕਤਾ ਉੱਤੇ ਬਹੁਤ ਜ਼ੋਰ ਦਿੱਤਾ ਹੈ।[1] ਉਹਨਾਂ ਦਾ ਤਾਤਪਰਜ ਇਹ ਹੈ ਕਿ ਕਵਿਤਾ ਦੇ ਪੜ੍ਹਨ ਜਾਂ ਸੁਣਨ ਤੋਂ ਬਾਅਦ ਪਾਠਕ ਜਾਂ ਸ੍ਰੋਤੇ ਦੇ ਮਨ ਵਿਚ ਉਹ ਚਿਤਰ ਉਘੜਨਾ ਚਾਹੀਦਾ ਹੈ ਜਿਸਦਾ ਕਿ ਕਵੀ ਵਰਣਨ ਕਰ ਰਿਹਾ ਹੈ। ਵਰਣਨ ਵਿਚ ਇਤਨੀ ਚਿਤਰਾਤਮਕਤਾ ਬਿੰਬਾਂ ਦੀ ਸਫਲ ਯੋਜਨਾ ਰਾਹੀਂ ਹੀ ਆ ਸਕਦੀ ਹੈ।

ਭਾਰਤ ਵਿਚ ਕਾਵਿ-ਸ਼ਾਸਤ੍ਰੀਆਂ ਨੇ ਬਿੰਬ ਸ਼ਬਦ ਦੀ ਵਰਤੋਂ ਅਪ੍ਰਸਤੁਤ ਵਿਧਾਨ ਦੇ ਅਰਥ ਵਿਚ ਕੀਤੀ ਹੈ। ਦੂਜੇ ਸ਼ਬਦਾਂ ਵਿਚ ਬਿੰਬ ਨੂੰ ਉਪਮੇਯ (ਜਿਸ ਨਾਲ ਕਿਸੇ ਚੀਜ਼ ਦੀ ਤੁਲਨਾ ਕੀਤੀ ਜਾਵੇ) ਕਿਹਾ ਗਿਆ ਹੈ। ਇਸ ਤਰ੍ਹਾਂ ਬਿੰਬ ਸ਼ਬਦ ਦਾ ਪ੍ਰਯੋਗ ਕਾਵਿ ਦੇ ਸੰਦਰਭ ਵਿਚ ਭਾਰਤ ਦੇ ਕਾਵਿ-ਸ਼ਾਸਤ੍ਰੀ ਕਰਦੇ ਆਏ ਹਨ।[2]

ਪੱਛਮੀ ਵਿਦਵਾਨਾਂ ਨੇ ਬਿੰਬ ਦੇ ਬਾਰੇ ਹੋਰ ਵਧੇਰੇ ਵਿਚਾਰ ਕੀਤਾ ਹੈ। ਉਹਨਾਂ ਨੇ ਬਿੰਬ ਨੂੰ ਕਾਵਿ ਲਈ ਇਕ ਆਵੱਸ਼ਕ ਤੱਤ ਦੇ ਰੂਪ ਵਿਚ ਪ੍ਰਵਾਨ ਕੀਤਾ। ਵਿਲੀਅਮ ਬਲੇਕ ਨੇ ਕਿਹਾ ਹੈ 'ਹਰ ਇਕ ਵਸਤੂ ਨੂੰ ਵਿਸ਼ਵਾਸਯੋਗ ਬਣਾਉਣ ਲਈ ਸੰਬੰਧਤ ਵਸਤੂ ਵਿਚ ਸੱਚ ਦਾ ਬਿੰਬ ਹੋਣਾ ਚਾਹੀਦਾ ਹੈ।'[3] ਭਾਵ ਇਹ ਹੈ ਕਿ ਬਿੰਬ ਦੀ ਸਚਾਈ ਵਸਤੂ (ਭਾਵ) ਨੂੰ ਰੂਪਮਾਨ ਕਰਨ ਲਈ ਵਧੇਰੇ ਸਹਾਇਕ ਹੁੰਦੀ ਹੈ।

ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ 'ਕਿਸੇ ਵੀ ਜੀਵਤ ਜਾਂ ਨਿਰਜੀਵ ਪਦਾਰਥ ਦੀ ਸਮਾਨਤਾ ਜਾਂ ਉਸਦਾ ਨਿਕਟਵਰਤੀ ਰੂਪ ਬਿੰਬਾਂ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ।'[4]

ਅੰਗ੍ਰੇਜ਼ੀ ਦੇ ਪ੍ਰਸਿੱਧ ਕਵੀ ਵਰਡਜ਼ਵਰਥ ਨੇ ਲਿਖਿਆ ਹੈ ਕਿ 'ਕਵਿਤਾ ਮਨੁੱਖ ਅਤੇ ਪ੍ਰਕ੍ਰਿਤੀ ਦਾ ਬਿੰਬਾਤਮਿਕ ਵਿਧਾਨ ਹੈ।'[5] ਇਹਨਾਂ ਪੱਛਮੀ ਵਿਦਵਾਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਪੱਛਮੀ ਆਲੋਚਕਾਂ ਨੇ

---

1. ਦੇਖੋ: ਆਚਾਰਯ ਮੰਮਟ, 'ਕਾਵ੍ਯ ਪ੍ਰਕਾਸ਼', ਅੱਧਿਆਇ ਪਹਿਲਾ, ਸ਼ਲੋਕ 1.
   'ਕਾਵ੍ਯ ਪ੍ਰਕਾਸ਼' ਦੇ ਵਿਆਖਿਆਕਾਰਾਂ ਨੇ ਮੰਮਟ ਦੇ ਇਸ ਦ੍ਰਿਸ਼ਟੀਕੋਣ ਨੂੰ ਬਹੁਤ ਵਿਸਥਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।
   ਦੇਖੋ, ਡਾ. ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤ੍ਯ ਸ਼ਾਸਤ੍ਰ', ਭਾਗ ਪਹਿਲਾ, ਅੱਧਿਆਇ ਪਹਿਲਾ (ਕਵਿਤਾ ਦਾ ਲੱਛਣ)।
   ਵੇਰਵੇ ਲਈ ਹੋਰ ਦੇਖੋ: a) Dr S.K. De, History of Sanskrit Poetics, Vol.I, pp. 126-127.
2. ਦੇਖੋ: ਰਾਮ ਦਹਿਨ ਮਿਸ਼ਰ, 'ਕਾਵ੍ਯ ਦਰਪਣ', ਪੰਨੇ 80-82.
3. W. Blake, quoted by Lewis, Poetic Image, p. 27.
4. Encyclopaedia Britannica, Vol. XXIV.
5. Wordsworth, English Critical Essays: Nineteenth Century, p. 14.

ਕਵਿਤਾ ਲਈ ਬਿੰਬ ਵਿਧਾਨ ਦੀ ਆਵਸ਼ਕਤਾ ਉਤੇ ਬਲ ਦਿੱਤਾ ਹੈ।[1] ਇਹਨਾਂ ਵਿਦਵਾਨਾਂ ਨੇ ਬਿੰਬ ਦੇ ਅਨੇਕ ਵਰਗ ਵੀ ਬਣਾਏ ਹਨ। ਇਸ ਤਰ੍ਹਾਂ ਬਿੰਬ ਸੰਬੰਧੀ ਵਿਚਾਰਧਾਰਾ ਨੂੰ ਪੱਛਮ ਦੇ ਵਿਦਵਾਨਾਂ ਨੇ ਇਕ ਨਵਾਂ ਮੋੜ ਦਿੱਤਾ ਹੈ ਅਤੇ ਇਸ ਨਾਲ ਕਾਵਿ ਨੂੰ ਪਰਖਣ ਲਈ ਇਕ ਨਵੀਂ ਕਸਵੱਟੀ ਵੀ ਪ੍ਰਸਤੁਤ ਕੀਤੀ ਹੈ।

ਬਿੰਬ ਦੇ ਬਾਰੇ ਕਾਵਿ ਸ਼ਾਸਤ੍ਰੀਆਂ ਤੋਂ ਬਿਨਾ 'ਸੌਂਦਰਯ ਸ਼ਾਸਤ੍ਰ' (Aesthetics) ਦੇ ਵਿਦਵਾਨਾਂ ਨੇ ਵੀ ਬਹੁਤ ਵਿਚਾਰ ਕੀਤੀ ਹੈ।[2] ਇਸ ਤਰ੍ਹਾਂ ਬਿੰਬ ਕਾਵਿ ਸ਼ਾਸਤ੍ਰ, ਸੌਂਦਰਯ ਸ਼ਾਸਤ੍ਰ ਅਤੇ ਆਲੋਚਨਾ ਸ਼ਾਸਤ੍ਰ ਵਿਚ ਇਕ ਮਹੱਤਵਪੂਰਣ ਤੱਤ ਦੇ ਰੂਪ ਵਿਚ ਉਭਰਦਾ ਹੈ।

ਕਾਵਿ ਸ਼ਾਸਤ੍ਰੀਆਂ ਅਤੇ ਸੌਂਦਰਯ ਸ਼ਾਸਤ੍ਰੀਆਂ ਨੇ ਬਿੰਬ ਅਤੇ ਪ੍ਰਤੀਕ ਦੇ ਸਰੂਪ ਨੂੰ ਇਸ ਤਰ੍ਹਾਂ ਨਿਖੇੜਿਆ ਹੈ:

ੳ) ਪ੍ਰਤੀਕ ਆਮ ਤੌਰ ਤੇ ਪਰੰਪਰਾ ਤੋਂ ਲਏ ਜਾਂਦੇ ਹਨ ਜਿਵੇਂ ਰਾਵਣ ਬੁਰਾਈ ਦਾ ਪ੍ਰਤੀਕ ਹੈ ਅਤੇ ਰਾਮ ਸਚਾਈ ਦਾ। ਇਸ ਦੇ ਵਿਪਰੀਤ ਬਿੰਬ ਪੁਰਾਣੇ ਵੀ ਹੋ ਸਕਦੇ ਹਨ ਅਤੇ ਹਰ ਕਵੀ ਨੂੰ ਨਵੇਂ ਬਿੰਬਾਂ ਦੀ ਖੋਜ ਅਤੇ ਉਹਨਾਂ ਦੀ ਵਰਤੋਂ ਕਰਨ ਦੀ ਖੁਸ਼ੀ ਹੁੰਦੀ ਹੈ। ਉਦਾਹਰਣ ਲਈ ਆਧੁਨਿਕ ਕਵਿਤਾ ਵਿਚ ਅਨੇਕ ਬਿੰਬ ਜੰਗ ਦੇ ਤਕਨੀਕੀ ਅਤੇ ਵਿਗਿਆਨਿਕ ਖੇਤਰ ਵਿਚੋਂ ਲਏ ਗਏ ਹਨ। ਇਸ ਦੇ ਨਾਲ ਹੀ ਪੁਰਾਣੇ ਬਿੰਬਾਂ ਦੀ ਵਰਤੋਂ ਵੀ ਹੋ ਰਹੀ ਹੈ। ਸ਼ਿਵ ਕੁਮਾਰ ਬਟਾਲਵੀ ਦਾ 'ਕੰਡਿਆਲੀ ਥੋਹਰ' ਬਿੰਬ ਇਕ ਨਵੇਕਲਾ ਅਤੇ ਬਹੁਤ ਢੁਕਵਾਂ ਬਿੰਬ ਹੈ।

ਅ) ਆਮ ਤੌਰ ਤੇ ਪ੍ਰਤੀਕ ਭਾਵਾਂ ਅਤੇ ਰਸਾਂ ਨਾਲ ਹੀ ਸੰਬੰਧਿਤ ਹਨ ਜਿਵੇਂ '੧ਓ' ਦਾ ਸੰਕਲਪ ਆਦਿ ਗੁਰੂ ਨਾਨਕ ਦੇਵ ਜੀ ਦੇ ਮਨ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਦਿੰਦਾ ਹੈ ਪਰ ਕਿਸੇ ਅਲੰਕਾਰ ਜਾਂ ਸ਼ਬਦ ਸ਼ਕਤੀ ਜਾਂ ਇੰਦ੍ਰੀਆਵੀ ਸੰਵੇਦਨਾ ਨਾਲ ਇਸਦਾ ਕੋਈ ਸਿੱਧਾ ਸੰਬੰਧ ਨਹੀਂ ਜਾਪਦਾ। ਇਸ ਤੋਂ ਵਿਪਰੀਤ ਬਿੰਬ ਭਾਵਾਂ ਦੇ ਨਾਲ ਨਾਲ ਅਲੰਕਾਰਾਂ, ਸ਼ਬਦ ਸ਼ਕਤੀਆਂ ਅਤੇ ਇੰਦ੍ਰੀਆਵੀ ਸੰਵੇਦਨਾਵਾਂ ਨੂੰ ਵੀ ਪ੍ਰਗਟ ਕਰਦਾ ਹੈ। ਇਸ ਤਰ੍ਹਾਂ

---

1. ਦੇਖੋ: a) Images in verse are not mere decoration but the very essence of an intutive language.
T.E. Hulme, Speculation, pp. 634-635.

b) An image may be, for example, a visual image, a copy of sensation or it may be an idea, any event in mind, which represents something, or it may be a figure of speech, a double unit involving comparison.

Coleridge, quoted by Dr Sudha Saxena, Jayasi ki Bimb Yojna, p. 37.

2. ਦੇਖੋ: ੳ) ਡਾ. ਕੁਮਾਰ ਵਿਮਲ, 'ਸੌਂਦਰਯ ਸ਼ਾਸਤ੍ਰ', ਪੰਨਾ 220.

ਅ) ਡਾ. ਰਮੇਸ਼ ਕੁੰਤਲ ਮੇਘ, 'ਅਥਾਤੋ ਸੌਂਦਰਯ ਜਿਗਿਆਸਾ', ਪੰਨੇ 25,27.

ਬਿੰਬ ਦਾ ਖੇਤਰ ਪ੍ਰਤੀਕ ਨਾਲੋਂ ਵਧੇਰੇ ਵਿਆਪਕ ਅਤੇ ਗੰਭੀਰ ਹੈ। ਉਦਾਹਰਣ ਵਜੋਂ 'ਕਮਲ ਨਿਰਾਲਮ' ਅਤੇ ਭਾਈ ਗੁਰਦਾਸ ਦਾ 'ਧੁੰਦ', 'ਚਾਨਣ' ਆਦਿ ਬਿੰਬ ਜਿੱਥੇ ਭਾਵਾਂ ਨੂੰ ਵਧੇਰੇ ਮਾਰਮਿਕ ਬਣਾਉਂਦੇ ਹਨ , ਉੱਥੇ ਇੰਦ੍ਰੀਆਵੀ ਸੰਵੇਦਨਾਵਾਂ ਅਤੇ ਅਲੰਕਾਰਾਂ ਨਾਲ ਵੀ ਸੰਬੰਧਿਤ ਹਨ।

## ਪ੍ਰਾਣ-ਸੰਗਲੀ ਵਿਚ ਬਿੰਬ ਵਿਧਾਨ

ਪ੍ਰਾਣ-ਸੰਗਲੀ ਦੇ ਬਿੰਬਾਂ ਦਾ ਇਕ ਵਰਗੀਕਰਣ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

1) ਰਸ ਬਿੰਬ,
2) ਅਲੰਕਾਰ ਬਿੰਬ,
3) ਵਿਵਹਾਰਿਕ ਬਿੰਬ,
4) ਬਨਸਪਤੀ ਬਿੰਬ,
5) ਜਲ ਬਿੰਬ,
6) ਗੰਧ ਬਿੰਬ,
7) ਸਪਰਸ਼ ਬਿੰਬ,
8) ਅਕਾਸ਼ ਬਿੰਬ,
9) ਵਿਰੋਧਮੂਲਕ ਬਿੰਬ,
10) ਪੌਰਾਣਿਕ ਬਿੰਬ,
11) ਖੇਲ ਬਿੰਬ।

1) <u>ਰਸ ਬਿੰਬ:</u>

ਪ੍ਰਾਣ-ਸੰਗਲੀ ਵਿਚ ਰਸ ਸੰਬੰਧੀ ਅਨੇਕ ਬਿੰਬ ਮਿਲਦੇ ਹਨ ਪਰ ਮੁੱਖ ਤੌਰ ਤੇ ਸ਼ਾਂਤ ਰਸ ਦੇ ਬਿੰਬ ਵਧੇਰੇ ਉਲੇਖਣੀਯ ਹਨ। ਕਿਉਂਕਿ ਸ਼ਾਂਤ ਰਸ ਅਤੇ ਉਸਦੇ ਬਿੰਬ ਹੀ ਪ੍ਰਾਣ-ਸੰਗਲੀ ਦੇ ਕੇਂਦਰੀ ਭਾਵ ਨਾਲ ਮੇਲ ਖਾਂਦੇ ਹਨ। ਇਸ ਤਰ੍ਹਾਂ ਦੇ ਕੁਝ ਬਿੰਬ ਇਹ ਹਨ:

ੳ) ਸੱਚ (ਆਤਮਾ)<br>
ਕੂੜ (ਮਾਇਆ) : ਆਲਮ ਸਚੁ ਕੂੜ ਸਮਝਾਵਹੁ....।[1]

ਇਥੇ ਸ਼ਾਂਤ ਰਸ ਦੇ ਅਨੁਕੂਲ, ਜਗਤ ਨੂੰ ਝੂਠ ਅਤੇ ਆਤਮਾ ਨੂੰ ਸੱਚ ਦੱਸਣ ਲਈ, ਸੱਚ ਅਤੇ ਕੂੜ ਨੂੰ ਰਸ ਬਿੰਬ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 601.

ਅ) <u>ਮਸ਼ਾਲ</u> (ਗਿਆਨ): ਜਬ ਮਸਾਲ ਜੋਤਿ ਹੈ ਜਾਗੀ...।[1]

ਜੋਤੀ ਅਤੇ ਮਸ਼ਾਲ ਦੋਵੇਂ ਹੀ ਗਿਆਨ ਦੇ ਸੂਚਕ ਹਨ ਅਤੇ ਇਹਨਾਂ ਦੋਵਾਂ ਰਸ ਬਿੰਬਾਂ ਰਾਹੀਂ ਸ਼ਾਂਤ ਰਸ ਦੀ ਪ੍ਰੋੜ੍ਹਤਾ ਕੀਤੀ ਗਈ ਹੈ।

ੲ) <u>ਸੁਪਨਾ</u> (ਮਿਥਿਆ): ਇਹ ਸੁਪਨਾ ਹੈ ਜਗੁ ਸੰਸਾਰਾ...।[2]

ਸੰਸਾਰ ਨੂੰ ਸੁਪਨਾ ਕਹਿ ਕੇ ਸਾਂਤ ਰਸ ਦੀ ਬਿੰਬਾਤਮਕ ਯੋਜਨਾ ਇਸ ਤੁਕ ਵਿਚ ਕੀਤੀ ਗਈ ਹੈ।

ਸ) <u>ਹਸਤੀ</u> (ਵਡਾ) / <u>ਕ੍ਰਿਮ</u> (ਛੋਟਾ): ਹਸਤੀ ਕ੍ਰਿਮ ਬਰਾਬਰੇ, ਸਭ ਹੈ ਏਕ ਸਮਾਨਾ।[3]

ਜੀਵ ਮਾਤ੍ਰ ਦੀ ਸਮਾਨਤਾ ਸ਼ਾਂਤ ਰਸ ਮੂਲਕ ਅਦਵੈਤ ਭਾਵ ਦੀ ਪੁਸ਼ਟੀ ਕਰਦੀ ਹੈ ਅਤੇ 'ਹਸਤੀ', 'ਕ੍ਰਿਮ' ਇਹਨਾਂ ਦੋਹਾਂ ਰਸ ਬਿੰਬਾਂ ਰਾਹੀਂ ਸ਼ਾਂਤ ਰਸ ਦੇ ਮੂਲ ਭਾਵ ਵੈਰਾਗ ਅਤੇ ਅਦਵੈਤ ਨੂੰ ਇਸ ਤੁਕ ਵਿਚ ਪ੍ਰਗਟਾਇਆ ਗਿਆ ਹੈ।

ਹ) <u>ਅੰਧੁਲਾ</u> (ਅਗਿਆਨੀ): ... ਅੰਧੁਲੇ ਸੂਝ ਨਾ ਹੋਈ।[4]

ਗਿਆਨ ਦੀਆਂ ਅੱਖਾਂ ਦੀ ਪ੍ਰਾਪਤੀ ਸ਼ਾਂਤ ਰਸ ਦਾ ਮੁੱਖ ਉਦੇਸ਼ ਹੈ। ਅਗਿਆਨੀ ਇਹਨਾਂ ਗਿਆਨ ਅੱਖਾਂ ਤੋਂ ਵਾਂਝਾ ਹੈ ਅਤੇ 'ਅੰਧੁਲਾ' ਇਸ ਰਸ ਬਿੰਬ ਰਾਹੀਂ ਇਸ ਤੁਕ ਵਿਚ ਸ਼ਾਂਤ ਰਸ ਨੂੰ ਅਭਿਵਿਅਕਤੀ ਦਿੱਤੀ ਗਈ ਹੈ।

ਕ) <u>ਬਾਲੂ ਕਾ ਘਰ</u> (ਨਾਸ਼ਵਾਨ ਸੰਸਾਰ): ਬਾਲੂ ਕੇ ਘਰਿ ਰੈਨ ਕਰੰਤਾ...।[5]

ਸੰਸਾਰ ਨਾਸ਼ਵਾਨ ਅਤੇ ਮਿਥਿਆ ਹੈ। ਇਸ ਕੇਂਦਰੀ ਭਾਵ ਨੂੰ ਮੁੱਖ ਰਖਦੇ ਹੋਏ ਪ੍ਰਾਣ-ਸੰਗਲੀ ਦੇ ਲੇਖਕ ਨੇ ਬਾਲੂ ਕਾ ਘਰ ਇਸ ਰਸ ਬਿੰਬ ਨੂੰ ਸੰਸਾਰ ਲਈ ਵਰਤਿਆ ਹੈ।

ਖ) <u>ਸ਼ਾਂਤ ਸਰੋਵਰ</u> (ਪਰਮਪਦ ਦੀ ਪ੍ਰਾਪਤੀ): ਗ੍ਰਿਹ ਸਾਂਤਿ ਸਰੋਵਰਿ ਸੰਤ ਸਮਾਨੇ।[6]

ਸਰੋਵਰ ਖ਼ਾਸ ਤੌਰ ਤੇ ਸ਼ਾਂਤ ਸਰੋਵਰ ਗਿਆਨ ਦੀ ਪਰਮ ਅਵਸਥਾ ਦਾ ਸੂਚਕ ਰਸ ਬਿੰਬ ਹੈ। ਇਸਦੇ ਰਾਹੀਂ ਪ੍ਰਾਣ-ਸੰਗਲੀ ਦੇ ਲੇਖਕ ਨੇ ਸਾਧਕ ਦੀ ਸਭ ਤੋਂ ਉੱਚੀ ਸਥਿਤੀ ਨੂੰ ਪ੍ਰਗਟਾਇਆ ਹੈ।

ਇਹੋ ਜਿਹੇ ਬਿੰਬਾਂ ਰਾਹੀਂ ਪ੍ਰਾਣ-ਸੰਗਲੀ ਵਿਚ ਸ਼ਾਂਤ ਰਸ ਨੂੰ ਪੁਸ਼ਟ ਅਤੇ ਵੈਰਾਗ ਭਾਵ, ਯੋਗ ਸਾਧਨਾ ਨੂੰ ਰੇਖਾਂਕਿਤ ਕੀਤਾ ਗਿਆ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 604.
2. ਉਹੀ, ਪੰਨਾ 606.
3. ਉਹੀ, ਪੰਨਾ 607.
4. ਉਹੀ, ਪੰਨਾ 629.
5. ਉਹੀ, ਪੰਨਾ 636.
6. ਉਹੀ, ਪੰਨਾ 14.

## 2 ਅਲੰਕਾਰ ਬਿੰਬ

ਅਲੰਕਾਰ ਮੁੱਢਲੇ ਤੌਰ ਤੇ ਬਿੰਬ ਪ੍ਰਧਾਨ ਹੁੰਦੇ ਹਨ ਕਿਉਂਕਿ ਅਲੰਕਾਰਾਂ ਦਾ ਰੂਪ ਵੱਖਰੇ ਵੱਖਰੇ ਬਿੰਬਾਂ ਦੀ ਵਰਤੋਂ ਨਾਲ ਹੀ ਬਣਦਾ ਹੈ।

ਪ੍ਰਾਣ-ਸੰਗਲੀ ਦੇ ਕੁਝ ਅਲੰਕਾਰ ਬਿੰਬ ਇਸ ਪ੍ਰਕਾਰ ਹਨ:

ੳ) ਉਪਮਾ ਬਿੰਬ: ਜਯੋਂ ਜਲਾਜੁ ਜਲ ਮਾਂਹਿ ਸਮਾਯ।[1]

ਇਥੇ ਉਪਮਾ ਅਲੰਕਾਰ ਨੂੰ ਜਲਾਜੁ ਦੇ ਜਲ ਵਿਚ ਸਮਾ ਜਾਣ ਦੇ ਬਿੰਬ ਨਾਲ ਪ੍ਰੋੜ੍ਹ ਰੂਪ ਪ੍ਰਦਾਨ ਕੀਤਾ ਗਿਆ ਹੈ।

ਜਿਉ ਸਾਥ ਹੀ ਚਲਤ ਵਣਜਾਰਾ।[2]

ਇਥੇ ਉਪਮਾ ਅਲੰਕਾਰ ਨੂੰ ਵਣਜਾਰੇ ਦੇ ਬਿੰਬ ਰਾਹੀਂ ਪ੍ਰਗਟ ਕੀਤਾ ਗਿਆ ਹੈ।

ਅ) ਰੂਪਕ ਬਿੰਬ: ਜਗ ਫਾਸੀ ਹੈ ਰੰਗ ਅਨੂਪ।[3]

ਇਥੇ ਸੰਸਾਰ ਉਤੇ ਰੰਗੀਨ ਫਾਸੀ ਦਾ ਆਰੋਪ ਕੀਤਾ ਗਿਆ ਹੈ। ਇਸ ਰੂਪਕ ਬਿੰਬ ਨਾਲ ਭਾਵ ਨੂੰ ਵਧੇਰੇ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

ਮਨੂਆ ਸਿੰਘ ਸਰੂਪ ਜਬ ਹੋਈ।
ਬਨ ਭੀਤਰਿ ਮਿਰਗ ਨਾ ਰਹਤਾ ਕੋਈ॥[4]

ਇਥੇ ਮਨ ਨੂੰ ਸਿੰਘ ਦਾ ਰੂਪਕ ਦਿੱਤਾ ਗਿਆ ਹੈ। ਮ੍ਰਿਗ ਦੇ ਬਿੰਬ ਨਾਲ ਅਗਿਆਨ ਨੂੰ ਪ੍ਰਗਟਾਇਆ ਗਿਆ ਹੈ।

## 3) ਵਿਵਹਾਰਿਕ ਬਿੰਬ

ਆਮ ਵਿਵਹਾਰ ਵਿਚ ਆਉਣ ਵਾਲੇ ਬਿੰਬਾਂ ਨੂੰ ਵਿਵਹਾਰਿਕ ਬਿੰਬ ਕਿਹਾ ਜਾਂਦਾ ਹੈ। ਇਹਨਾਂ ਵਿਚ ਸਾਧਾਰਨ ਜੀਵਨ ਤੋਂ ਲਏ ਗਏ ਬਿੰਬ ਆਉਂਦੇ ਹਨ; ਜਿਵੇਂ:

ੳ) ਜਹਾਜ਼: ਬਿਨੁ ਜਹਾਜ਼ ਕੈਸੇ ਮਾਰਗੁ ਲਹੈ।[5]

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 602.
2. ਉਹੀ, ਪੰਨਾ 602.
3. ਉਹੀ, ਪੰਨਾ 606.
4. ਉਹੀ, ਪੰਨਾ 608.
5. ਉਹੀ, ਪੰਨਾ 605.

ਜਹਾਜ਼ ਵਿਵਹਾਰਿਕ ਯਾਤਰਾ ਦਾ ਮੁੱਖ ਸਾਧਨ ਹੈ ਅਤੇ ਇਸਦੀ ਬਿੰਬ ਦੇ ਰੂਪ ਵਿੱਚ ਵਰਤੋਂ ਕਰਕੇ ਪ੍ਰਾਣ-ਸੰਗਲੀ ਦੇ ਲੇਖਕ ਨੇ ਗਿਆਨ ਮਾਰਗ ਦੀ ਔਖਿਆਈ ਨੂੰ ਸੌਖਾ ਬਣਾਉਣ ਦਾ ਉਪਰਾਲਾ ਕੀਤਾ ਹੈ।

ਅ) <u>ਤਿਲ ਅਤੇ ਦੁੱਧ</u>: ਜੈਸੇ ਤਿਲ ਮਹਿ ਤੇਲੁ ਕਢਿ ਲੀਜੈ।
ਜੈਸੇ ਦੂਧ ਮਹਿ ਘ੍ਰਿਤ ਮਥਿ ਲੀਜੈ॥
... .... ....
ਤੈਸੇ ਇਹੁ ਮਨੁ ਮਥੀਐ ਭਾਈ।[1]

ਤਿਲਾਂ ਵਿਚੋਂ ਤੇਲ ਅਤੇ ਦੁੱਧ 'ਚੋਂ ਘਿਉ ਕੱਢਣਾ ਵਿਵਹਾਰਿਕ ਬਿੰਬ ਹਨ। ਇਹਨਾਂ ਵਿਵਹਾਰਕ ਬਿੰਬਾਂ ਦੇ ਰਾਹੀਂ ਮਨ ਨੂੰ ਮਥਣ (ਰਿੜਕਣ) ਅਰਥਾਤ ਸਾਧਨਾ ਦਾ ਸੰਕੇਤ ਦਿੱਤਾ ਗਿਆ ਹੈ।

ੲ) <u>ਨਮਕ, ਆਟਾ</u>: ਨਾਨਕ ਹਰਿਜਨੁ ਹਰਿ ਮਿਲਿ ਏਕੋ, ਜਿਉ ਨਿਮਕ ਮਿਲੈ ਵਿਚ ਆਟਾ।[2]

ਆਟੇ ਅਤੇ ਨਮਕ ਦਾ ਇਹ ਵਿਵਹਾਰਿਕ ਬਿੰਬ ਆਤਮਾ ਪਰਮਾਤਮਾ ਦੀ ਅਭਿੰਨਤਾ ਦਾ ਲਖਾਇਕ ਹੈ।

ਸ) <u>ਕਾਸਠ</u> (ਕਾਠ): ਜਿਉ ਕਾਸਠ ਹੈ ਚੰਦਨ ਸੰਗ ਉਧਰੈ।[3]

ਕਾਠ ਅਤੇ ਚੰਦਨ ਦਾ ਇਹ ਵਿਵਹਾਰਿਕ ਬਿੰਬ ਸਤਿਸੰਗ ਦੀ ਮਹਿਮਾ ਪ੍ਰਗਟ ਕਰਦਾ ਹੈ।

ਹ) <u>ਭੁਇਅੰਗ</u> (ਸੱਪ): ਮਾਰੇ ਕਾਲ ਜੈਸੇ ਭੁਇਅੰਗਾ।[4]

ਵਿਵਹਾਰਿਕ ਜਗਤ ਵਿਚ ਸੱਪ ਬਹੁਤ ਭਿਅੰਕਰ ਜੀਵ ਮੰਨਿਆ ਗਿਆ ਹੈ। ਇਸ ਵਿਵਹਾਰਿਕ ਬਿੰਬ ਰਾਹੀਂ ਕਾਲ ਅਥਵਾ ਮੌਤ ਦੇ ਭਿਅੰਕਰ ਰੂਪ ਨੂੰ ਪ੍ਰਗਟਾਇਆ ਗਿਆ ਹੈ।

4) <u>ਬਨਸਪਤੀ ਬਿੰਬ</u>

ਬਨਸਪਤੀ ਕਾਵਿ ਦੀ ਪਿੱਠ-ਭੂਮੀ ਮੰਨੀ ਜਾਂਦੀ ਹੈ। ਕਾਵਿ ਦੇ ਵਾਤਾਵਰਣ ਨੂੰ ਸੱਚ ਦਾ ਨਿੱਗਰ ਰੂਪ ਦੇਣ ਲਈ ਬਨਸਪਤੀ ਬਿੰਬਾਂ ਦੀ ਵਰਤੋਂ ਕੀਤੀ ਜਾਂਦੀ ਹੈ; ਜਿਵੇਂ:

ਤਰਿ (ਬ੍ਰਿਛ): ਨਾਨਕ ਜਯੋਂ ਤਰਿ ਪੱਤਰਿ ਝਰਿ ਪਰਹਿ ਬਹੁਰਿ ਨਾ ਲਾਗਹਿ ਡਾਰ।[5]

ਪੱਤਿਆਂ ਅਤੇ ਬ੍ਰਿਛ ਦਾ ਇਹ ਬਨਸਪਤੀ ਬਿੰਬ ਆਤਮਾ ਦੇ ਸਰੀਰ ਤੋਂ ਅਲਗ ਹੋਣ ਦਾ ਭਾਵ ਮ੍ਰਿਤੂ ਦਾ ਬੋਧਕ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 672-673.
2. ਉਹੀ, ਪੰਨਾ 11.
3. ਉਹੀ, ਪੰਨਾ 634.
4. ਉਹੀ, ਪੰਨਾ 635.
5. ਉਹੀ, ਪੰਨਾ 634.

5) <u>ਜਲ ਬਿੰਬ</u>

ਜਲ ਪ੍ਰਕ੍ਰਿਤੀ ਦਾ ਅੰਮ੍ਰਿਤ ਦੱਸਿਆ ਜਾਂਦਾ ਹੈ। ਇਸੇ ਲਈ ਸੰਸਕ੍ਰਿਤ ਵਿਚ ਇਸਨੂੰ 'ਜੀਵਨ' ਵੀ ਕਿਹਾ ਗਿਆ ਹੈ। ਜਲ ਦੇ ਸਥਿਰ ਅਤੇ ਗਤੀਸ਼ੀਲ ਦੋਹਾਂ ਰੂਪਾਂ ਦਾ ਵਰਣਨ ਬਿੰਬ ਰਾਹੀਂ ਕਵੀ ਕਰਦੇ ਹਨ; ਜਿਵੇਂ:

ੳ) <u>ਪਾਣੀ</u>: ਜਯੋਂ ਪਾਣੀ ਕਛੂ ਮੈਲੁ ਨਾ ਹੋਈ।[1]

ਆਤਮਾ ਦੀ ਨਿਰਮਲਤਾ ਨੂੰ ਇਸ ਜਲ ਬਿੰਬ ਰਾਹੀਂ ਪ੍ਰਗਟਾਇਆ ਗਿਆ ਹੈ।

ਅ) ਜੈਸੇ ਜਲ ਮਹਿ ਕਮਲ ਨਿਹਰਾਂਗ।[2]

ਜਲ ਅਤੇ ਕੰਵਲ ਦਾ ਬਿੰਬ ਆਤਮਾ ਦੀ ਨਿਰਲੇਪਤਾ ਦਾ ਸੂਚਕ ਹੈ।

ੲ) <u>ਸਰੋਵਰ</u>: ਆਪੇ ਸਰਵਰ ਆਪੇ ਮਾਛੀ।[3]

ਸਰੋਵਰ ਅਤੇ ਮਾਛੀ ਦੀ ਇਕਰੂਪਤਾ ਇਸ ਬਿੰਬ ਰਾਹੀਂ ਪ੍ਰਗਟਾਈ ਗਈ ਹੈ। ਆਤਮਾ ਪਰਮਾਤਮਾ ਦੀ ਅਦ੍ਵੈਤ ਸਥਿਤੀ ਨੂੰ ਸੂਚਿਤ ਕੀਤਾ ਗਿਆ ਹੈ।

ਸ) <u>ਸੁਖ ਸਾਗਰ</u>: ਸੁਖ ਸਾਗਰ ਅੰਮ੍ਰਿਤ ਸਿਉ ਭਰਿਆ।
ਨਾਨਕ ਤਾ ਕਾ ਅੰਤੁ ਨਾ ਪਾਰਾਵਰਿਆ ॥[4]

ਸੁਖ ਸਾਗਰ ਪਰਮਾਤਮਾ ਨੂੰ ਸੂਚਿਤ ਕਰਨ ਵਾਲਾ ਬਿੰਬ ਹੈ ਅਤੇ ਅੰਮ੍ਰਿਤ (ਜਲ) ਨਾਲ ਭਰਿਆ ਹੋਣ ਕਰਕੇ ਇਸਦੀ ਗਹਿਰਾਈ ਨੂੰ ਵੀ ਪ੍ਰਗਟਾਇਆ ਗਿਆ ਹੈ।

6) <u>ਗੰਧ ਬਿੰਬ</u>

ਗੰਧ ਖ਼ਾਸ ਤੌਰ ਤੇ ਸੁਗੰਧ ਸੌਂਦਰਯ ਸ਼ਾਸਤ੍ਰ ਅਤੇ ਕਾਵਿ ਦੀ ਸੰਵੇਦਨਾ ਲਈ ਇਕ ਪ੍ਰਮੁਖ ਤੱਤ ਹੈ। 'ਧੂਪ ਮਲਆਨਲੋ' ਜਿਹੇ ਗੰਧ ਬਿੰਬ ਪ੍ਰਕ੍ਰਿਤੀ ਦੇ ਲੋਸ ਖੇਤਰ ਵਿਚੋਂ ਲਏ ਗਏ ਬਿੰਬ ਹਨ। ਪ੍ਰਾਣ-ਸੰਗਲੀ ਦੇ ਕੁਝ ਗੰਧ ਬਿੰਬ ਇਸ ਪ੍ਰਕਾਰ ਹਨ:

ਜਿਉ ਪੁਹਪੁ ਮੈ ਸੁਗੰਧ ਰਹੈ ਸੈ।[5]

ਇਥੇ ਫੁੱਲ ਤੇ ਸੁਗੰਧ ਦੇ ਬਿੰਬਾਂ ਰਾਹੀਂ ਆਤਮਾ ਪਰਮਾਤਮਾ ਦੀ ਏਕਤਾ ਦਾ ਸਪੱਸ਼ਟੀਕਰਣ ਦਿੱਤਾ ਗਿਆ ਹੈ।

ਜੈਸੇ ਪੁਹਪ ਮਧਯ ਬਸਤੀ ਹੈ ਬਾਸ।[6]

ਜਿਯੋਂ ਪੁਹਪ ਬਾਸ ਸਿਉ ਜੁਦਾ ਨਾ ਹੋਈ।[7]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 605.
2. ਉਹੀ, ਪੰਨਾ 631. 3. ਉਹੀ, ਪੰਨਾ 633. 4. ਉਹੀ, ਪੰਨਾ 665.
5. ਉਹੀ, ਪੰਨਾ 602. 6. ਉਹੀ, ਪੰਨਾ 631. 7. ਉਹੀ, ਪੰਨਾ 602.

ਫੁੱਲ ਅਤੇ ਉਸਦੀ ਬਾਸ ਦੋਵੇਂ ਅਭਿੰਨ ਹਨ। ਆਤਮਾ ਪਰਮਾਤਮਾ ਦੀ ਅਭਿੰਨਤਾ ਨੂੰ ਇਸ ਗੰਧ ਬਿੰਬ ਰਾਹੀਂ ਪ੍ਰਗਟਾਇਆ ਗਿਆ ਹੈ।

ਖੁਸ਼ ਖੁਸ਼ਬੋਈ ਸੌਂਘਿ ਕੈ, ਸੁਮਿਰਤ ਸਿਰਜਨਹਾਰ।[1]

ਇਥੇ ਖੁਸ਼ਬੂ ਦੇ ਬਿੰਬ ਰਾਹੀਂ ਸਿਰਜਨਹਾਰ ਦੀ ਮਹਿਮਾ ਨੂੰ ਸਵੀਕਾਰ ਕੀਤਾ ਗਿਆ ਹੈ।

7) ਸਪਰਸ਼ ਬਿੰਬ

ਸਪਰਸ਼ ਭੌਤਿਕ ਅਤੇ ਅਧਿਆਤਮਿਕ ਦੋਹਾਂ ਸਥਿਤੀਆਂ ਲਈ ਵਰਤਿਆ ਜਾਂਦਾ ਹੈ। ਭੌਤਿਕ ਜਗਤ ਵਿਚ ਵਿਅਕਤੀ ਦੇ ਸਪਰਸ਼ ਰਾਹੀਂ ਭਾਵਨਾਵਾਂ ਦੇ ਅਨੇਕ ਰੂਪਾਂ ਨੂੰ ਪ੍ਰਗਟਾਇਆ ਜਾਂਦਾ ਹੈ। ਵਾਯੂ ਨੂੰ ਸਪਰਸ਼ ਦਾ ਮੁੱਖ ਕਾਰਨਦੱਸਿਆ ਗਿਆ ਹੈ। ਵਾਯੂ ਦੇ ਬਿੰਬ ਰਾਹੀਂ ਖ਼ਾਸ ਤੌਰ ਤੇ ਉਸਦੀ ਰਵਾਨੀ ਨੂੰ ਮੁੱਖ ਰਖਦੇ ਹੋਏ ਵਿਅਕਤੀ ਦੇ ਸੁਭਾਵਾਂ ਦੀ ਅਨੇਕਰੂਪਤਾ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਜੈਸੇ ਬਾਉ ਚਲੈ ਬਹੁ ਭਾਤੀ।
ਤਿਸ ਸਿਉ ਆਤਮ ਸੁਭਾਉ ਉਪਜੇ ਕਈ ਜਾਤੀ॥[2]

8) ਅਕਾਸ਼ ਬਿੰਬ

ਅਕਾਸ਼ ਦੀ ਉਚਾਈ, ਉਸਦੀ ਵਿਆਪਕਤਾ ਅਤੇ ਉਸਦਾ ਨੀਲਾ ਰੰਗ ਕਾਵਿ ਦੇ ਖੇਤਰ ਵਿਚ ਅਨੇਕ ਬਿੰਬਾਂ ਦੀ ਸ੍ਰਿਸ਼ਟੀ ਕਰਦਾ ਹੈ। ਦਰਸ਼ਨ ਦੇ ਖੇਤਰ ਵਿਚ ਅਕਾਸ਼ ਅਧਿਆਤਮਿਕ ਉੱਚਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪ੍ਰਾਣ-ਸੰਗਲੀ ਵਿਚ ਅਕਾਸ ਦੀ ਉਚਾਈ ਰਾਹੀਂ ਪ੍ਰਭੂ ਦੇ ਉੱਚੇ ਤੇ ਸੁੱਚੇ ਰੂਪ ਨੂੰ ਇੰਜ ਪ੍ਰਗਟਾਇਆ ਗਿਆ ਹੈ:

ਜਸੈ ਅਕਾਸ਼ ਹੈ ਉਚ ਕਹਾਵੈ।
ਜੋ ਦੇਖੈ ਤਿਸੁ ਦ੍ਰਿਸ਼ਟੀ ਆਵੈ॥[3]

9) ਵਿਰੋਧਮੂਲਕ ਬਿੰਬ

ਕਵੀ ਆਪਣੀਆਂ ਭਾਵਨਾਵਾਂ ਨੂੰ ਕਈ ਵਾਰੀ ਉਪਮਾ ਦੇ ਰਾਹੀਂ ਅਤੇ ਕਈ ਵਾਰੀ ਵਿਰੋਧੀ ਪਦਾਰਥਾਂ ਰਾਹੀਂ ਪ੍ਰਗਟਾਉਂਦਾ ਹੈ। ਇਸਨੂੰ ਵਿਰੋਧਮੂਲਕ ਬਿੰਬ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਕੁਝ ਵਿਰੋਧਮੂਲਕ ਬਿੰਬ ਇਹ ਹਨ:

ਬਿਨਾ ਸਿੰਙੀ ਨਾਦ ਵਾਜੈ।
ਬਿਨਾ ਬਾਦਰ ਗਗਨ ਗਾਜੈ॥[4]

ਇਥੇ ਸਿੰਙੀ ਤੋਂ ਬਿਨਾ ਹੀ ਨਾਦ ਦੇ ਵੱਜਣ ਦਾ ਉਲੇਖ ਹੈ। ਕਵੀ ਦਾ ਭਾਵ ਅਨਹਦ ਨਾਦ ਤੋਂ ਹੈ। ਇਸੇ ਤਰ੍ਹਾਂ ਗਗਨ (ਦਸਮਦੁਆਰ) ਉੱਤੇ ਬਿਨਾ ਬਦਲਾਂ ਤੋਂ ਗਰਜਣਾ ਗਿਆਨ ਦੇ ਉਦੇ ਦਾ ਵਿਰੋਧਮੂਲਕ ਬਿੰਬ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 49.
2. ਉਹੀ, ਪੰਨਾ 602.
3. ਉਹੀ, ਪੰਨਾ 605.
4. ਉਹੀ, ਪੰਨਾ 638.

ਜੈਸੇ ਬਿਨੁ ਪਗ ਪੰਖ ਚਲੈ ਉੜਿ ਕੀੜਾ।
ਇਹ ਬਿਧਿ ਇਹੁ ਮਨ ਚਲੈ ਬ੍ਰਹਿਮੰਡਾ॥[1]

ਪੈਰਾਂ ਅਤੇ ਖੰਭਾਂ ਤੋਂ ਬਿਨਾਂ ਚਲਣ ਜਾਂ ਉਡਣ ਦੇ ਵਿਰੋਧਮੂਲਕ ਬਿੰਬ ਰਾਹੀਂ ਪ੍ਰਭੂ ਦੇ ਸਰਬਸ਼ਕਤੀਮਾਨ ਰੂਪ ਨੂੰ ਪ੍ਰਗਟਾਇਆ ਗਿਆ ਹੈ।

ਦੀਪਕੁ ਜਾਗਿ ਧਰੈ ਬਿਨੁ ਤੇਲੈ, ਭੌਰ ਦੇਖਿ ਲਪਟਾਨੇ।[2]

ਇਥੇ ਤੇਲ ਬਿਨਾ ਬਲਦੇ ਦੀਪਕ ਦੇ ਵਿਰੋਧਮੂਲਕ ਬਿੰਬ ਰਾਹੀਂ ਪ੍ਰਭੂ ਦੀ ਸਰਬ ਸ਼ਕਤੀਮਾਨਤਾ ਨੂੰ ਦਰਸਾਇਆ ਗਿਆ ਹੈ।

## 10 ਪੌਰਾਣਿਕ ਬਿੰਬ

ਹਰ ਇਕ ਦੇਸ਼ ਦਾ ਜਿੱਥੇ ਇਕ ਇਤਿਹਾਸ ਹੁੰਦਾ ਹੈ, ਉਸਦੇ ਨਾਲ ਨਾਲ ਉਸ ਦੇਸ਼ ਦਾ ਇਕ ਮਿਥਿਹਾਸ ਵੀ ਹੁੰਦਾ ਹੈ। ਇਸ ਮਿਥਿਹਾਸ ਵਿਚ ਉਸ ਦੇਸ਼ ਦੀਆਂ ਸਮੁੱਚੀਆਂ ਭਾਵਨਾਵਾਂ, ਇੱਛਾਵਾਂ ਅਤੇ ਦੁਖ ਦਰਦ ਦੀਆਂ ਕਹਾਣੀਆਂ ਵੱਖਰੇ ਵੱਖਰੇ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਪ੍ਰਗਟਾਈਆਂ ਜਾਂਦੀਆਂ ਹਨ। ਇਸ ਨੂੰ ਪੌਰਾਣਿਕ ਬਿੰਬਾਂ ਦਾ ਵਿਰਸਾ ਕਿਹਾ ਜਾਂਦਾ ਹੈ। ਇਸ ਵਿਰਸੇ ਵਿਚ ਪੁਰਾਣੇ ਰਿਸ਼ੀਆਂ ਮੁਨੀਆਂ, ਰਾਜਿਆਂ ਮਹਾਰਾਜਿਆਂ ਅਤੇ ਪਰੀਆਂ ਅਪਛਰਾਵਾਂ ਦੀਆਂ ਜੀਵਨ ਗਾਥਾਵਾਂ ਵਿਚੋਂ ਲਏ ਗਏ ਕੁਝ ਭਾਵਮੂਲਕ ਜਾਂ ਘਟਨਾ ਮੂਲਕ ਬਿੰਬ ਕਾਵਿ ਵਿਚ ਵਰਤੇ ਜਾਂਦੇ ਹਨ।

ਪ੍ਰਾਣ-ਸੰਗਲੀ ਵਿਚ ਪੌਰਾਣਿਕ ਘਟਨਾਵਾਂ ਅਤੇ ਵਿਅਕਤੀਆਂ ਦੇ ਉਲੇਖ ਥਾਂ ਥਾਂ ਤੇ ਪਾਏ ਜਾਂਦੇ ਹਨ।[3] ਇਸ ਲਈ ਇਸ ਵਿਚ ਪੌਰਾਣਿਕ ਬਿੰਬਾਂ ਦੀ ਭਰਮਾਰ ਹੈ। ਕੁਝ ਉਦਾਹਰਣ ਇਸ ਤਰ੍ਹਾਂ ਹਨ:

ਸ੍ਰੀ ਭਗਵਾਨ ਜੀ ਕਾ ਦਰਸ਼ਨ ਦੇਖਾਈ।
... ... ....
ਏਕੁ ਭੁਜਾ ਮਾਂਹਿ ਸੰਖ ਹੈ ਧਰਿਆ।
ਦੂਜਾ ਭੁਜਾ ਮਹਿ ਚਕ੍ਰ ਹੈ ਕਰਿਆ।
... ... ...
ਇਸ ਆਠ ਭੁਜਾ ਕਾ ਕੀਆ ਵਰਤਾਰਾ।[4]

ਭਗਵਾਨ ਦੀਆਂ ਅੱਠ ਭੁਜਾਵਾਂ ਦਾ ਇਹ ਪੌਰਾਣਿਕ ਬਿੰਬ ਭਗਵਾਨ ਦੇ ਅਨੰਤਬਲ ਦਾ ਸੂਚਕ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 7.
2. ਉਹੀ, ਪੰਨਾ 14.
3. ਦੇਖੋ: 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ) – ਬਿਸ਼ਨ (ਪੰਨਾ 670), ਬ੍ਰਹਮਾ (ਪੰਨਾ 654), ਸ਼ਿਵ (ਪੰਨਾ 654), ਧਰਮਰਾਯ (ਪੰਨਾ 654), ਇੰਦਰ (ਪੰਨਾ 654), ਹਰਨਾਖਸ਼ (ਪੰਨਾ 701), ਪਰਸਰਾਮ (ਪੰਨਾ 701), ਨਰਸਿੰਘ (ਪੰਨਾ 700), ਕੰਸ (ਪੰਨਾ 701), ਕਾਮਧੇਨ (ਪੰਨਾ 701) ਆਦਿ ਪੌਰਾਣਿਕ ਬਿੰਬ ਪ੍ਰਾਣ-ਸੰਗਲੀ ਵਿਚ ਪਾਏ ਜਾਂਦੇ ਹਨ।
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 619.

ਸ੍ਰੀ ਗੋਪਾਲ ਮਨ ਮਹਿ ਜਬ ਜਾਨਾ।
ਤਬ ਮਨੁ ਸ੍ਰੀ ਹਰਿ ਮਾਂਹਿ ਸਮਾਨਾ॥[1]

ਗੁਪਾਲ ਸ਼ਬਦ ਦਾ ਅਰਥ ਹੈ ਇੰਦ੍ਰੀਆਂ ਜਾਂ ਸ਼ਰੀਰ ਦੀ ਰੱਖਿਆ ਕਰਨ ਵਾਲਾ। ਇਸ ਪੌਰਾਣਿਕ ਬਿੰਬ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਕਈ ਥਾਵਾਂ ਤੇ ਵਰਤਿਆ ਹੈ:

ਬਲਿ ਰਾਜਾ ਪਈਆਲ ਕੋ ਧਸਾਈਆ।
ਜਿਨਿ ਮਾਇਆ ਕਾ ਗਰਬ ਰਖਾਈਆ॥[2]

'ਰਾਜਾ ਬਲੀ' ਦਾ ਇਹ ਪੌਰਾਣਿਕ ਬਿੰਬ ਮਨੁੱਖੀ ਹੰਕਾਰ ਦੇ ਖੇਰੂੰ ਖੇਰੂੰ ਹੋਣ ਦਾ ਸੂਚਕ ਹੈ।

11) <u>ਯੋਗ ਬਿੰਬ</u>

ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਯੋਗ ਅਤੇ ਉਸਦੀ ਸਾਧਨਾ ਹੈ। ਇਸ ਲਈ ਯੋਗ ਅਤੇ ਵਿਸ਼ੇਸ਼ ਤੌਰ ਤੇ ਹਠ ਯੋਗ ਤੋਂ ਲਏ ਗਏ ਅਨੇਕ ਬਿੰਬ, ਪ੍ਰਾਣ-ਸੰਗਲੀ ਵਿਚ ਵਰਤੇ ਗਏ ਹਨ। ਹਠ ਯੋਗ ਦੇ ਅਨੁਸਾਰ ਮਨੁੱਖੀ ਸ਼ਰੀਰ ਵਿਚ ਕਈ ਕਮਲਾਂ ਦੀ ਸਥਿਤੀ ਮੰਨੀ ਗਈ ਹੈ। ਇਹਨਾਂ ਵਿਚੋਂ ਇਹ ਕਮਲ ਮੁੱਖ ਹਨ — ਹਿਰਦੇ ਕਮਲ ਅਤੇ ਉਲਟ ਕਮਲ (ਦਸ਼ਮ ਦੁਆਰ)।

ੳ) <u>ਹਿਰਦੇ ਕਮਲ:</u> ਹਿਰਦੇ ਕਮਲ ਦੇ ਬਿੰਬ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਹਿਰਦੈ ਭੀਤਰਿ ਕਹੀਐ ਕਵਲ।
ਦੀਪਕ ਕਿਰਣ ਜੋਤਿ ਹੈ ਨਿਰਮਲ॥[3]

ਮਨੁੱਖੀ ਗਿਆਨ ਅਤੇ ਭਾਵਨਾਵਾਂ ਦਾ ਕੇਂਦਰ ਹੈ ਮਨੁੱਖ ਦਾ ਹਿਰਦਾ। ਇਸ ਨੂੰ ਕਮਲ ਦੇ ਬਿੰਬ ਰਾਹੀਂ ਪ੍ਰਕਾਸ਼ਮਾਨ ਅਤੇ ਨਿਰਮਲ ਜੋਤੀ ਸਰੂਪ ਦੱਸਿਆ ਗਿਆ ਹੈ।

ਅ) <u>ਅਧੋਮੁਖੀ ਕਮਲ:</u> ਹਠ ਯੋਗੀਆਂ ਦੇ ਅਨੁਸਾਰ ਮਨੁੱਖ ਦੇ ਸਿਰ ਅੰਦਰ ਇਕ ਹਜ਼ਾਰ ਪੱਤੀਆਂ ਵਾਲਾ ਕਮਲ ਹੈ ਅਤੇ ਇਸਦਾ ਮੂੰਹ ਹੇਠਾਂ ਵੱਲ ਹੈ — ਇਸ ਲਈ ਇਸਨੂੰ ਉਲਟਾ ਕਮਲ ਕਿਹਾ ਜਾਂਦਾ ਹੈ। ਇਸਦੀ ਬਿੰਬ ਰੂਪ ਵਿਚ ਵਰਤੋਂ ਇਸ ਤਰ੍ਹਾਂ ਹੋਈ ਹੈ:

ਗੁਹਜ ਮਗਨਿ ਮਹਿ ਮਨੁ ਮਗਨਾਨਾ, ਤਬ ਉਲਟਿ ਕਵਲੁ ਬਿਗਸਾਵੈ।[4]

ਕਮਲ ਦਾ ਉਲਟਾ ਹੋਣਾ ਸਾਧਕ ਦੀ ਉਲਟੀ ਬਿਰਤੀ ਦਾ ਸੂਚਕ ਹੈ। ਉਲਟ ਕਮਲ ਦੇ ਇਸ ਬਿੰਬ ਰਾਹੀਂ ਸਾਧਕ ਦੀ ਸੰਸਾਰ ਤੋਂ ਵੈਰਾਗ ਭਾਵਨਾ ਨੂੰ ਅਭਿਵਿਅਕਤ ਕੀਤਾ ਗਿਆ ਹੈ।

ੲ <u>ਸੁੰਨ ਮੂਲਕ ਬਿੰਬ:</u> ਯੋਗ ਸਾਧਨਾ ਵਿਚ ਸੁੰਨ ਦਾ ਸੰਕਲਪ ਬਹੁਤ ਮਹੱਤਵਪੂਰਨ ਹੈ। ਆਤਮਾ ਜਾਂ ਮਨ ਨੂੰ ਵਿਸ਼ੇ ਵਾਸ਼ਨਾਵਾਂ ਤੋਂ ਰਹਿਤ ਕਰਨਾ ਇਸ ਸੁੰਨ ਦਾ ਉਦੇਸ਼ ਹੈ। ਪ੍ਰਾਣ-ਸੰਗਲੀ ਵਿਚ ਇਸ ਸੁੰਨ ਅਵਸਥਾ ਦੇ ਬਿੰਬ ਰਾਹੀਂ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 90.
2. ਉਹੀ, ਪੰਨਾ 661.
3. ਉਹੀ, ਪੰਨਾ 621.
4. ਉਹੀ, ਪੰਨਾ 9.

ਸਰਲ ਅਧਿਆਤਮਿਕ ਸਾਧਨਾ ਵੱਲ ਸੰਕੇਤ ਕੀਤਾ ਗਿਆ ਹੈ।

ਸੁਨ ਦੇ ਨਾਲ ਬਣੇ ਸੁਨ ਮਹਿਲ, ਸੁਨ ਸਰੋਵਰ, ਸੁਨ ਭੀਤਰ ਆਦਿ ਬਿੰਬ ਪ੍ਰਾਣ-ਸੰਗਲੀ ਵਿਚ ਵਰਤੇ ਗਏ ਹਨ; ਜਿਵੇਂ:

ਸੁਨ ਸਰਵਰਿ ਅਪਰੰਪਰ ਪੂਰਾ। ਤਾ ਮਹਿ ਕਮਲ ਬਹੁਤ ਬਿਸਥੀਰਾ।[1]

ਸੁਨ ਸਰੋਵਰ ਦੇ ਇਸ ਬਿੰਬ ਰਾਹੀਂ ਸਾਧਕ ਦੇ ਸ਼ਾਂਤ ਮਨ ਦੀ ਸੂਚਨਾ ਦਿੱਤੀ ਗਈ ਹੈ।

ਸੁਨ ਭੀਤਰਿ ਮਸਤਕਿ ਘਰ ਚੰਦਾ।[2]

ਇਥੇ ਮਸਤਕ ਵਿਚ ਚੰਦ੍ਰਮਾ ਅਥਵਾ ਸੁਖਮਨਾ ਦਾ ਸੰਕੇਤ ਹੈ। ਸੁਨ ਦੇ ਬਿੰਬ ਰਾਹੀਂ ਸਾਧਕ ਦਾ ਦਸ਼ਮ ਦੁਆਰ ਤਕ ਅਪੜਨਾ ਅਤੇ ਸੁਖਮਣਾ ਨਾੜੀ ਵਿਚੋਂ ਚੋਂਦੇ ਹੋਏ ਅੰਮ੍ਰਿਤ ਰਸ ਦਾ ਪਾਨ ਕਰਨਾ ਆਦਿ ਯੋਗ ਦੀਆਂ ਸਿੱਧੀਆਂ ਦਾ ਉਲੇਖ ਇਸ ਤੁਕ ਵਿਚ ਮਿਲਦਾ ਹੈ।

ਯੋਗ ਦੇ ਇਹਨਾਂ ਪ੍ਰਮੁਖ ਬਿੰਬਾਂ ਤੋਂ ਇਲਾਵਾ ਅੰਬਰ ਕੂਆ (ਪੰਨਾ 634), ਹਾਟ (ਪੰਨਾ 639, 640), ਦੁਆਰ (ਪੰਨਾ 621), ਚੰਦ ਸੂਰਜ (ਪੰਨਾ 8), ਕੁਹਜ ਮਹਲ (ਪੰਨਾ 9), ਗਗਨ (ਪੰਨਾ 12) ਅਤੇ ਬੰਕਨਾਲ (ਕੁੰਡਲਿਨੀ) ਪੰਨਾ 12) ਆਦਿ ਅਨੇਕ ਪ੍ਰਾਣ-ਸੰਗਲੀ ਵਿਚ ਵਰਤੇ ਗਏ ਹਨ।

ਨਿਸ਼ਕਰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਾਣ-ਸੰਗਲੀ ਦੇ ਕਵੀ ਦਾ ਅਨੁਭਵ ਖੇਤਰ ਬੜਾ ਵਿਸ਼ਾਲ ਹੈ ਕਿਉਂਕਿ ਉਸ ਦੀ ਕਵਿਤਾ ਵਿਚ ਬੜੀ ਅਮੀਰ ਬਿੰਬਾਵਲੀ ਦੀ ਵਰਤੋਂ ਹੋਈ ਹੈ। ਉਸ ਦੇ ਬਿੰਬ ਰਸਾਂ, ਅਲੰਕਾਰਾਂ ਦੇ ਖੇਤਰਾਂ ਤਕ ਹੀ ਸੀਮਿਤ ਨਹੀਂ, ਸਗੋਂ ਹਰ ਪ੍ਰਕਾਰ ਦੇ ਇੰਦ੍ਰੀਆਵੀ ਬਿੰਬ ਵੀ ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਪ੍ਰਧਾਨਤਾ ਦ੍ਰਿਸ਼ ਬਿੰਬਾਂ ਦੀ ਹੈ, ਪਰ ਕਿਤੇ ਕਿਤੇ ਗੰਧ ਅਤੇ ਸਪਰਸ਼ ਬਿੰਬ ਵੀ ਮਿਲ ਜਾਂਦੇ ਹਨ। ਪ੍ਰਕਿਰਤੀ ਨਾਲ ਸੰਬੰਧਿਤ ਵਸਤੂਆਂ ਦੀ ਵੀ ਬਿੰਬਾਤਮਕ ਚਿਤ੍ਰਾਵਲੀ ਉਪਲਬਧ ਹੈ। ਪੌਰਾਣਿਕ ਬਿੰਬਾਂ ਰਾਹੀਂ ਭਾਰਤੀ ਮਿਥਿਹਾਸ ਦਾ ਪਰਿਚਯ ਕਰਾਇਆ ਗਿਆ ਹੈ। ਉਸਦੇ ਬਿੰਬ ਵਿਧਾਨ ਰਾਹੀਂ ਪ੍ਰਾਣ-ਸੰਗਲੀ ਦੀ ਕਵਿਤਾ ਅਧਿਕ ਸੰਵੇਦਨਸ਼ੀਲ ਹੋਈ ਹੈ ਅਤੇ ਇਸ ਨਾਲ ਪਾਠਕ ਦੀ ਜਾਣਕਾਰੀ ਵਿਚ ਵੀ ਵਿਸਤਾਰ ਹੁੰਦਾ ਹੈ। ਇਸ ਬਿੰਬਾਵਲੀ ਨੇ ਪ੍ਰਾਣ-ਸੰਗਲੀ ਦੇ ਕਵਿਤ੍ਵ ਨੂੰ ਵਧਾਇਆ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 642.
2. ਉਹੀ, ਪੰਨਾ 671.

## ਪ੍ਰਤੀਕ

ਪ੍ਰਤੀਕ ਦਾ ਅਰਥ ਹੈ ਨਿਸ਼ਾਨ ਜਾਂ ਚਿੰਨ੍ਹ। ਅੰਗ੍ਰੇਜ਼ੀ ਵਿਚ ਪ੍ਰਤੀਕ ਲਈ symbol ਸ਼ਬਦ ਦੀ ਵਰਤੋਂ ਹੁੰਦੀ ਹੈ। ਭਾਰਤੀ ਕਾਵਿ ਸ਼ਾਸਤ੍ਰ ਵਿਚ ਇਸ ਨੂੰ 'ਆਰੋਪ' ਨਾਂ ਦਿੱਤਾ ਗਿਆ ਹੈ।

ਪ੍ਰਤੀਕ ਤੋਂ ਭਾਵ ਹੈ ਉਹ ਪ੍ਰਕ੍ਰਿਆ ਜਿਸ ਰਾਹੀਂ ਕੋਈ ਪਰੋਖੀ ਵਸਤ ਜਾਂ ਵਿਅਕਤੀ ਨੂੰ ਸਾਹਮਣੇ ਲਿਆ ਕੇ ਵਿਚਾਰ ਅਧੀਨ ਗੱਲ ਜਾਂ ਤੱਥ ਨੂੰ ਸਪੱਸ਼ਟ ਕੀਤਾ ਜਾਵੇ। ਕਾਵਿ ਦੇ ਸੰਦਰਭ ਵਿਚ ਪ੍ਰਤੀਕ ਨੂੰ ਕਵੀ ਆਪਣੇ ਅਨੁਭਵ ਜਗਤ ਤੋਂ ਲੈਂਦਾ ਹੈ ਅਤੇ ਉਸਨੂੰ ਆਪਣੀ ਕਲਪਨਾ ਦਾ ਵਿਸਥਾਰ ਦੇ ਕੇ ਬਹੁਤ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ।[1]

ਕਾਵਿ-ਸ਼ਾਸਤ੍ਰੀਆਂ ਨੇ ਪ੍ਰਤੀਕ ਯੋਜਨਾ ਨੂੰ ਕਾਵਿ ਦੀ ਜਿੰਦ ਜਾਨ ਦੱਸਿਆ ਹੈ ਕਿਉਂਕਿ ਉੱਤਮ ਕਾਵਿ ਲਈ ਉੱਚ ਕੋਟੀ ਦੇ ਪ੍ਰਤੀਕ ਅਤੇ ਉੱਚੀ ਕਲਪਣਾ ਉਭਾਰਨੀ ਦਾ ਹੋਣਾ ਜ਼ਰੂਰੀ ਹੁੰਦਾ ਹੈ। ਆਮ ਕਰਕੇ ਸਾਰੇ ਮਹਾਂਕਵੀਆਂ ਨੇ ਆਮ ਜੀਵਨ ਅਤੇ ਪ੍ਰਕ੍ਰਿਤੀ ਵਿਚੋਂ ਅਨੇਕ ਪ੍ਰਤੀਕ ਲੈ ਕੇ ਆਪਣੀ ਕਵਿਤਾ ਦਾ ਸ਼ਿੰਗਾਰ ਕੀਤਾ ਹੈ।

ਉਦਾਹਰਣ ਲਈ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਜਾਂ ਪ੍ਰਭੂ ਜਾਂ ਈਸ਼ਵਰ ਆਦਿ ਅਦਿਖ ਆਤਮਿਕ ਸੱਤਾ ਨੂੰ ੴ ਜਾਂ ਅਕਾਲਪੁਰਖ ਦੇ ਪ੍ਰਤੀਕ ਰਾਹੀਂ ਸਪੱਸ਼ਟ ਕੀਤਾ ਹੈ। ਇਸ ਪ੍ਰਤੀਕ ਦੀ ਯੋਜਨਾ ਨਾਲ ਗੁਰੂ ਨਾਨਕ ਦੇਵ ਜੀ ਦੀ ਨਿਰਗੁਣਵਾਦੀ ਦ੍ਰਿਸ਼ਟੀ ਅਤੇ ਉਹਨਾਂ ਦੀ ਕ੍ਰਾਂਤੀਕਾਰੀ ਸੋਚ ਦਾ ਇਕ ਚਿਤਰ ਪਾਠਕ ਦੀਆਂ ਅੱਖਾਂ ਅੱਗੇ ਉਘੜਦਾ ਹੈ।

ਉਂਜ ਤਾਂ ਈਸ਼ਵਰ, ਪ੍ਰਭੂ ਆਦਿ ਸ਼ਬਦ ਵੀ ਆਪਣੇ ਮੁਢਲੇ ਅਰਥਾਂ ਵਿਚ ਪ੍ਰਤੀਕ ਹੀ ਸਨ ਕਿਉਂਕਿ ਇਹਨਾਂ ਰਾਹੀਂ ਇਕ ਅਦ੍ਰਿੱਖ ਅਤੇ ਸਰਵਸ਼ਕਤੀਮਾਨ ਆਤਮਿਕ ਸੱਤਾ ਦਾ ਬੋਧ ਹੁੰਦਾ ਰਿਹਾ ਪਰ ਹੌਲੀ ਹੌਲੀ ਇਹ ਪ੍ਰਤੀਕ, ਪ੍ਰਤੀਕ ਨਾ ਰਹੇ ਅਤੇ ਇਹਨਾਂ ਦੀ ਵਰਤੋਂ ਸਾਮਾਨਯ ਅਰਥਾਂ ਵਿਚ ਹੋਣ ਲੱਗੀ।[2] ਇਸ ਤਰ੍ਹਾਂ ਪ੍ਰਤੀਕ ਆਪਣੀ ਪ੍ਰਤੀਕਾਤਮਕਤਾ ਨੂੰ ਗੁਆ ਕੇ ਆਮ ਵਰਤੋਂ ਦੇ ਸ਼ਬਦ ਬਣ ਜਾਂਦੇ ਹਨ। ਇਸੇ ਪ੍ਰਕ੍ਰਿਆ ਰਾਹੀਂ ਆਮ ਤੌਰ ਤੇ ਵਰਤੋਂ ਵਾਲੇ ਸ਼ਬਦ ਕਿਸੇ ਪ੍ਰਤਿਭਾਸ਼ਾਲੀ ਕਵੀ ਦੇ ਹੱਥ ਵਿਚ ਆ ਕੇ ਇਕ ਪ੍ਰਤੀਕ ਦਾ ਰੂਪ ਧਾਰਨ ਕਰ ਲੈਂਦੇ ਹਨ।[3]

---

1. ਦੇਖੋ a) A.H. Fyer, Aristotle's Art of Poetry, pp. 15,21,27.
   b) Lamborn, Elements of Literary Criticism, pp. 18,19.
   c) Herbert Reid, Meaning of Art, pp. 62, 71.
   d) A Sankaran, Theories of Rasa and Dhwani, pp. 31,36.

2. ਦੇਖੋ: a) Cassel's Encyclopaedia of Literature, (ed. S.H. Steinberg), [illegible], 1953.
   b) Dr K.C. Pandeyay, Comparative Aesthetics, pp. 2,5,8.
   c) Lamborn, Elements of Literary Criticism, pp. IV, V (Introduction).

3. ਦੇਖੋ: S. Freud, Outline of Psycho-analysis, London, pp. 21,32.

ਉਦਾਹਰਣ ਵਜੋਂ ਦਸਮ ਗੁਰੂ ਨੇ ਚੰਡੀ, ਭਗਉਤੀ ਆਦਿ ਪੌਰਾਣਿਕ ਨਾਵਾਂ ਨੂੰ ਸ਼ਕਤੀ ਦੇ ਪ੍ਰਤੀਕ ਰੂਪ ਵਿਚ ਪ੍ਰਸਤੁਤ ਕੀਤਾ। 'ਬਚਿਤ੍ਰ-ਨਾਟਕ' ਵਿਚ ਉਹਨਾਂ ਨੇ ਆਪਣੀ ਪੂਰੀ ਜੀਵਨ ਕਥਾ ਨੂੰ ਅਨੇਕ ਪ੍ਰਤੀਕਾਂ ਰਾਹੀਂ ਉਲੀਕਿਆ ਹੈ।

ਪ੍ਰਾਣ-ਸੰਗਲੀ ਵਿਚ ਪ੍ਰਤੀਕਾਂ ਦੀ ਵਰਤੋਂ

ਪ੍ਰਾਣ-ਸੰਗਲੀ ਵਿਚ ਪ੍ਰਤੀਕਾਂ ਦੀ ਵਰਤੋਂ ਬੜੇ ਵਿਸਥਾਰ ਨਾਲ ਹੋਈ ਹੈ ਅਤੇ ਇਹਨਾਂ ਪ੍ਰਤੀਕਾਂ ਦਾ ਖੇਤਰ ਵੀ ਬਹੁਤ ਵਿਆਪਕ ਹੈ। ਪ੍ਰਾਣ-ਸੰਗਲੀ ਵਿਚ ਵਰਤੇ ਗਏ ਪ੍ਰਤੀਕਾਂ ਦਾ ਵਰਗੀਕਰਣ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

1. ਪਰਿਭਾਸ਼ਿਕ ਪ੍ਰਤੀਕ,
2. ਪਰਿਵਾਰਿਕ ਪ੍ਰਤੀਕ (ਦੰਪਤੀ ਮੂਲਕ ਅਤੇ ਵਾਤਸਲਯ ਮੂਲਕ),
3. ਪੌਰਾਣਿਕ ਪ੍ਰਤੀਕ,
4. ਸਿੱਖਿਆ ਮੂਲਕ ਪ੍ਰਤੀਕ,
5. ਸਾਮਾਨਯ ਪ੍ਰਤੀਕ।

1) ਪਰਿਭਾਸ਼ਿਕ ਪ੍ਰਤੀਕ

ਪ੍ਰਾਣ-ਸੰਗਲੀ ਦਾ ਮੁੱਖ ਵਿਸ਼ਾ ਹਠ ਯੋਗ ਅਤੇ ਵੇਦਾਂਤ ਦਾ ਅਦ੍ਵੈਤਵਾਦ ਹੈ। ਇਸ ਲਈ ਇਹਨਾਂ ਦੋਹਾਂ ਵਿਚਾਰਧਾਰਾਵਾਂ ਤੋਂ ਲਏ ਗਏ ਅਨੇਕ ਪ੍ਰਤੀਕ ਪ੍ਰਾਣ-ਸੰਗਲੀ ਵਿਚ ਮਿਲਦੇ ਹਨ। ਉਦਾਹਰਣ ਲਈ ਹਠ ਯੋਗ ਤੋਂ ਲਏ ਗਏ ਇਹ ਪ੍ਰਤੀਕ ਉਲੇਖਣੀ ਯੋਗ ਹਨ:

ੳ) ਸ਼ਸ਼ੀਅਰ: ਸ਼ਸ਼ੀਅਰ ਦਾ ਅਰਥ ਹੈ, ਚੰਦ੍ਰਮਾ। ਹਠ ਯੋਗ ਵਿਚ ਸੁਖਮਨਾ ਨਾੜੀ ਨੂੰ ਚੰਦ੍ਰ ਨਾੜੀ ਦੱਸਿਆ ਗਿਆ ਹੈ। ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਚੰਦ, ਸੂਰਜ ਸ਼ਬਦਾਂ ਰਾਹੀਂ ਇੜਾ, ਪਿੰਗਲਾ, ਸੁਖਮਨਾ ਦਾ ਬੋਧ ਕਰਾਇਆ ਗਿਆ ਹੈ , ਜਿਵੇਂ:

ਕਨੂਆ ਕਾਟੇ ਸਸੀਅਰ ਨਹੀ ਛੂਟਾ।[1]

ਸਗੁਨ ਯੋਗ ਸਾਧਨਾ ਦਾ ਖੰਡਨ ਕਰਦੇ ਹੋਏ ਕਿਹਾ ਗਿਆ ਹੈ ਕਿ ਕੰਨ ਪੜਵਾ ਕੇ ਵੀ ਸੁਖਮਨਾ ਨਾੜੀ ਤੋਂ ਚੋਣ ਵਾਲੇ ਅੰਮ੍ਰਿਤ ਦੀ ਪ੍ਰਾਪਤੀ ਨਹੀ ਹੋਈ ਤਾਂ ਕੰਨ ਪੜਵਾਉਣਾ ਬੇਅਰਥ ਹੈ।

ਅ) ਚੰਦ੍ਰ ਸੂਰਜ: ਹਠ ਯੋਗ ਅਨੁਸਾਰ ਸੁਖਮਨਾ ਚੰਦ੍ਰ ਨਾੜੀ ਹੈ ਅਤੇ ਇੜਾ ਸੂਰਜ ਨਾੜੀ। ਚੰਦ ਸੂਰਜ ਦੇ ਪ੍ਰਤੀਕਾਂ ਰਾਹੀਂ ਇੜਾ, ਪਿੰਗਲਾ ਦਾ ਬੋਧ ਇੰਜ ਕਰਵਾਇਆ ਗਿਆ ਹੈ:

ਚੰਦ੍ਰ ਸੂਰਜ ਇਕਤਰ ਕਰੇ ਨਿਵਾਸੁ।[2]

ਚੰਦ ਸੂਰਜ ਦਾ ਇਕ ਸਾਥ ਰਹਿਣਾ ਇਕ ਅਸੰਭਵ ਜਿਹੀ ਗੱਲ ਹੈ ਪਰ ਇਸ ਪਿੰਡ ਦੇ ਬ੍ਰਹਿਮੰਡ ਵਿਚ ਇੜਾ, ਪਿੰਗਲਾ ਦੇ ਰੂਪ ਵਿਚ ਚੰਦ ਸੂਰਜ ਇਕੱਠੇ ਦਿਸਦੇ ਹਨ।

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 336.
2. ਉਹੀ, ਪੰਨਾ 395.

ੲ) <u>ਨੌਕਾ ਰਛ:</u> ਦਸਮ ਦੁਆਰ ਦਾ ਬੋਧ ਨੌਕਾ ਰਛ ਦੇ ਪ੍ਰਤੀਕ ਰਾਹੀਂ ਕਰਵਾਇਆ ਗਿਆ ਹੈ। ਦਸਮ ਦੁਆਰ ਦੀ ਕਠਿਨ ਸਾਧਨਾ ਨੂੰ ਇਸ ਪ੍ਰਤੀਕ ਰਾਹੀਂ ਪ੍ਰਗਟਾਇਆ ਗਿਆ ਹੈ; ਜਿਵੇਂ:

ਸਤਪੁਰਖ ਜਬ ਆਗਿਆ ਕੀਨੀ।
ਨੌਕਾ ਰਛੁ ਕੀ ਸਭ ਮਿਤ ਲੀਨੀ॥[1]

ਸਤਿਗੁਰੂ ਦੀ ਕ੍ਰਿਪਾ ਨਾਲ ਦਸਮ ਦੁਆਰ ਤਾਈਂ ਪ੍ਰਾਣਾਂ ਨੂੰ ਪਹੁੰਚਾਇਆ ਜਾਂਦਾ ਹੈ। ਇਸ ਕਠਨ ਸਾਧਨਾ ਨੂੰ 'ਨੌਕਾ ਰਛੁ' ਦੇ ਪ੍ਰਤੀਕ ਰਾਹੀਂ ਸਪੱਸ਼ਟ ਕੀਤਾ ਗਿਆ ਹੈ।[2]

ਇਹਨਾਂ ਤੋਂ ਇਲਾਵਾ ਹਠ ਯੋਗ ਦੇ ਇਹੋ ਜਿਹੇ ਪ੍ਰਤੀਕ ਵੀ ਪ੍ਰਾਣ-ਸੰਗਲੀ ਵਿਚ ਥਾਂ ਥਾਂ ਤੇ ਮਿਲਦੇ ਹਨ:

<u>ਸ਼ਬਦ</u>: ਸ਼ਬਦ ਦਾ ਅਰਥ ਹੈ ਆਵਾਜ਼। ਵਿਆਕਰਣ ਅਤੇ ਭਾਸ਼ਾ ਸ਼ਾਸਤ੍ਰ ਵਿਚ ਭਾਸ਼ਾ ਦੇ ਪੱਖੋਂ ਸ਼ਬਦ ਉੱਤੇ ਵਿਚਾਰ ਕੀਤੀ ਗਈ ਹੈ। ਅਧਿਆਤਮਿਕ ਸਾਧਨਾ ਵਿਚ ਸ਼ਬਦ ਦਾ ਅਰਥ ਹੈ ਗਿਆਨ। ਕਿਉਂਕਿ ਗਿਆਨ ਦੀ ਪ੍ਰਾਪਤੀ ਸ਼ਿਸ਼ ਨੂੰ ਗੁਰੂ ਦੇ ਸ਼ਬਦਾਂ ਰਾਹੀਂ ਹੁੰਦੀ ਹੈ ਅਤੇ ਗੁਰੂ ਵੀ ਸ਼ਬਦਾਂ ਰਾਹੀਂ ਆਪਣੇ ਗਿਆਨ ਨੂੰ ਪ੍ਰਗਟਾਉਂਦਾ ਹੈ। ਨਿਰਗੁਣ ਵਾਦੀ ਪਰੰਪਰਾ ਵਿਚ ਕਬੀਰ ਆਦਿ ਸੰਤਾਂ ਨੇ ਅਤੇ ਗੁਰੂ ਘਰ ਵਿਚ ਗੁਰੂ ਕਵੀਆਂ ਨੇ ਵੀ ਸ਼ਬਦ ਦੀ ਵਰਤੋਂ ਗਿਆਨ ਦੇ ਪ੍ਰਤੀਕ ਰੂਪ ਵਿਚ ਕੀਤੀ ਹੈ।[3]

ਪ੍ਰਾਣ-ਸੰਗਲੀ ਵਿਚ ਸ਼ਬਦ ਦੇ ਪ੍ਰਤੀਕ ਨੂੰ ਇਸ ਤਰ੍ਹਾਂ ਵਰਤਿਆ ਗਿਆ ਹੈ:

ਬਿਨੁ ਸ਼ਬਦੈ ਭਰਮਾਏ.....।[4]

<u>ਭੀਤ:</u> 'ਭੀਤ' ਦਾ ਅਰਥ ਹੈ ਕੰਧ। ਨਿਰਗੁਣਵਾਦੀ ਸੰਤਾਂ ਨੇ 'ਭੀਤ' ਸ਼ਬਦ ਨੂੰ ਭ੍ਰਮ ਜਾਂ ਸੰਸੇ ਦੇ ਪ੍ਰਤੀਕ ਰੂਪ ਵਿਚ ਵਰਤਿਆ ਹੈ, ਜਿਵੇਂ:

ਭੀਤਿ ਢਾਹਿ ਸਭ ਕਿਯਾ ਮੈਦਾਨਾ.....।[5]

ਭਾਵ ਇਹ ਹੈ ਕਿ ਯੋਗ ਸਾਧਨਾ ਰਾਹੀਂ ਭ੍ਰਮ ਜਾਂ ਸੰਸੇ ਦੀ ਕੰਧ ਨੂੰ ਤੋੜਕੇ ਸਾਧਕ ਆਪਣੇ ਮਨ ਨੂੰ ਸ਼ੁੱਧ ਬਣਾ ਲੈਂਦਾ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 395.
2. ਤੁਲਨਾ ਲਈ ਦੇਖੋ: 'ਗੋਰਖਬਾਣੀ' (ਸੰਪਾ. ਡਾ. ਪੀਤਾਂਬਰ ਦੱਤ ਬੜਥਵਾਲ), ਪੰਨੇ 80,82.
3. ਦੇਖੋ: ੳ) ਪਰਸ਼ੂ ਰਾਮ ਚਤੁਰਵੇਦੀ, 'ਉੱਤਰੀ ਭਾਰਤ ਕੀ ਸੰਤ ਪਰੰਪਰਾ', ਪੰਨੇ 75,78,79.
   ਅ) 'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ), ਪੰਨਾ 10[illegible].
   ੲ) ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ, 'ਕਬੀਰ', ਪੰਨਾ 75.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 181.
5. ਉਹੀ, ਪੰਨਾ 70.

## 2) ਪਰਿਵਾਰਿਕ ਪ੍ਰਤੀਕ

ਆਪਣੇ ਪ੍ਰਭੂ ਦੇ ਨਾਲ ਵਿਅਕਤੀਗਤ ਸੰਬੰਧ ਸਥਾਪਿਤ ਕਰਨ ਦੀ ਇਕ ਲੰਮੀ ਪਰੰਪਰਾ ਭਗਤੀ ਸਾਹਿਤ ਵਿਚ ਮਿਲਦੀ ਹੈ। ਭਗਤੀ ਦੇ ਸ਼ਾਸਤ੍ਰੀ ਗ੍ਰੰਥਾਂ ਵਿਚ ਲਿਖਿਆ ਹੈ ਕਿ ਆਪਣੇ ਪ੍ਰਭੂ ਦੇ ਨਾਲ ਭਗਤ ਭਾਵੇਂ ਕੋਈ ਵੀ ਸੰਬੰਧ ਸਥਾਪਿਤ ਕਰ ਲਏ, ਉਸ ਸੰਬੰਧ ਨਾਲ ਹੀ ਉਸਦਾ ਕਲਿਆਣ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਭਗਤਾਂ ਨੇ ਪ੍ਰਭੂ ਦੇ ਨਾਲ ਮਾਤਾ-ਪਿਤਾ, ਦੰਪਤੀ ਭਾਵ, ਵਤਸਲ ਭਾਵ, ਮਿੱਤਰ ਭਾਵ, ਦਾਸ ਭਾਵ ਅਤੇ ਕਿਤੇ ਕਿਤੇ ਸ਼ਤਰੂ ਭਾਵ ਵੀ ਗ੍ਰਹਿਣ ਕੀਤਾ ਹੈ।[1] ਤੁਲਸੀ ਦਾਸ ਨੇ ਭਗਤਾਂ ਦੇ ਇਸ ਮਨੋਵਿਗਿਆਨ ਨੂੰ ਇਸ ਦੋਹੇ ਵਿਚ ਪ੍ਰਗਟਾਇਆ ਹੈ:

ਤੁਲਸੀ ਆਪਣੇ ਰਾਮ ਕਉ ਰੀਝ ਭਜੇ ਰਾਰੇ ਖੀਜ।
ਉਲਟੇ ਸੀਧਿ ਜਾਮਿ ਹੈ ਪਰੋ ਖੇਤ ਮੈਂ ਬੀਜ॥

(ਦੋਹਾਵਲੀ)

ਨਿਰਗੁਣਵਾਦੀ ਸੰਤਾਂ ਨੇ ਆਪਣੇ ਨਿਰਾਕਾਰ ਪ੍ਰਭੂ ਦੇ ਨਾਲ ਇਸ ਤਰ੍ਹਾਂ ਦੇ ਕਈ ਸੰਬੰਧ ਸਥਾਪਿਤ ਕੀਤੇ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਅਕਾਲਪੁਰਖ ਨਾਲ ਮਾਤਾ, ਪਿਤਾ ਅਤੇ ਪਤੀ ਦੇ ਸੰਬੰਧ ਦਾ ਪ੍ਰਗਟਾਵਾ ਕੀਤਾ ਹੈ; ਜਿਵੇਂ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।[2]

ਇਸ ਪ੍ਰਸਿੱਧ ਤੁਕ ਵਿਚ ਗੁਰੂ ਜੀ ਨੇ ਅਕਾਲਪੁਰਖ ਨੂੰ ਆਪਣਾ ਪਤੀ ਦੱਸਿਆ ਹੈ। ਇਹ ਦੰਪਤੀ ਭਾਵ ਦਾ ਸੂਚਕ ਪ੍ਰਤੀਕ ਹੈ।

ਪ੍ਰਾਣ-ਸੰਗਲੀ ਵਿਚ ਪਰਿਵਾਰਿਕ ਪ੍ਰਤੀਕਾਂ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਪ੍ਰਭੂ ਦੇ ਨਾਲ ਪ੍ਰੀਤਮ ਜਾਂ ਪਤੀ ਦਾ ਸੰਬੰਧ ਸਥਾਪਿਤ ਕਰਨ ਦੀ ਇਕ ਲੰਮੀ ਪਰੰਪਰਾ ਮਿਲਦੀ ਹੈ। ਗੁਰਬਾਣੀ ਵਿਚ ਪਿਰ ਅਤੇ ਰਿਸਾਲੂ ਸ਼ਬਦਾਂ ਦੀ ਵਰਤੋਂ ਪਾਈ ਜਾਂਦੀ ਹੈ। ਪ੍ਰਾਣ-ਸੰਗਲੀ ਵਿਚ ਇਹ ਪ੍ਰਤੀਕ ਇਸ ਤਰ੍ਹਾਂ ਵਰਤਿਆ ਗਿਆ ਹੈ:

ਪਿਰ ਰੀਸਾਲੂ ਤਿਆਗ ਕੈ ਰਾਤੀ ਦੂਜੇ ਭਾਇ।
ਮਹਲੁ ਨਾ ਪਾਵੈ ਬਲਿਮਈ ਦੂਜੇ ਭਾਇ ਖੁਆਇ॥[3]

ਇਸ ਤੁਕ ਵਿਚ 'ਪਿਰ ਰਿਸਾਲੂ' (ਪ੍ਰਭੂ) ਦੇ ਨਾਲ ਨਾਲ 'ਰਾਤੀ ਦੂਜੇ ਭਾਇ' ਅਤੇ 'ਮਹਲੁ' ਸ਼ਬਦ ਸ਼ਿੰਗਾਰ ਦੇ ਖੇਤਰ ਵਿਚੋਂ ਲਏ ਗਏ ਹਨ ਅਤੇ ਇਹਨਾਂ ਦੀ ਵਰਤੋਂ ਇਕ ਪ੍ਰਤੀਕ ਰੂਪ ਵਿਚ ਹੋਈ ਹੈ। ਭਾਵ ਇਹ ਹੈ ਕਿ ਪ੍ਰਭੂ ਤੋਂ ਬੇਮੁਖ ਜੀਵਾਤਮਾ ਨੂੰ ਸੁਖ ਨਹੀਂ ਮਿਲਦਾ।

---

1. ਭਗਤ ਦੇ ਇਹਨਾਂ ਸੰਬੰਧਾਂ ਦਾ ਵੇਰਵਾ ਭਗਤੀ ਦੇ ਬਹੁਤ ਸਾਰੇ ਗ੍ਰੰਥਾਂ ਵਿਚ ਮਿਲਦਾ ਹੈ ਜਿਵੇਂ:
   ੳ) ਨਾਰਦ ਭਗਤਿ ਸੂਤਰ ਅਤੇ ਉਸਦਾ ਭਾਸ਼੍ਯ
   ਅ) ਸ਼ਾਂਡਿਲਯ, 'ਭਗਤਿ ਸੂਤਰ'
2. 'ਆਦਿ ਗ੍ਰੰਥ', ਪੰਨਾ 722.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 358.

ਸ਼ਿੰਗਾਰ ਦੇ ਕੁਛ ਹੋਰ ਸ਼ਬਦ ਪਰਿਵਾਰਿਕ ਪ੍ਰਤੀਕਾਂ ਦੇ ਰੂਪ ਵਿਚ ਇਸ ਤਰ੍ਹਾਂ ਪ੍ਰਯੁਕਤ ਹੋਏ ਹਨ:

ਪ੍ਰੇਮ ਪਟੋਲਾ ਪ੍ਰੇਮ ਕਾ, ਹਰਿਗੁਣ ਪਹਿਰੇ ਹਾਰ।
ਕਾਮਣਿ ਹਰਿ ਵਰੁ ਪਾਯਾ, ਗੁਣਾ ਗੁਣੀ ਅਪਾਰ॥[1]

ਪ੍ਰੇਮ ਦਾ ਰੰਗੀਲਾ ਕਪੜਾ, ਹਰੀ ਦੇ ਗੁਣਾਂ ਦਾ ਹਾਰ, ਕਾਮਣ (ਜੀਵਾਤਮਾ) ਹਰ ਵਰ (ਪ੍ਰਭੂ) ਜਿਹਨਾਂ ਪ੍ਰਤੀਕਾਂ ਰਾਹੀਂ ਪ੍ਰੇਮਾ-ਭਗਤੀ ਦਾ ਰੂਪ ਪ੍ਰਗਟਾਇਆ ਗਿਆ ਹੈ।

ਇਸੇ ਭਾਵ ਨੂੰ ਇਸ ਤਰ੍ਹਾਂ ਵੀ ਸਪੱਸ਼ਟ ਕੀਤਾ ਗਿਆ ਹੈ:

ਸੋਭਾਵੰਤੀ ਸੋਹਾਗਣੀ ਸ਼ਬਦਿ ਸੀਗਾਰੀ ਲਾਲ।
ਮਹਲੋ ਮਹਲ ਬੁਲਾਈਐ ਨੈਣ ਰਵੈ ਰੀਸਾਲ॥[2]

ਸੋਭਾਵੰਤੀ, ਸੁਹਾਗਣੀ ਸ਼ਬਦ (ਗਿਆਨ) ਦੇ ਨਾਲ ਰੰਗ ਧਾਰਨ ਕਰਦੀ ਹੋਈ ਜੀਵਾਤਮਾ ਦਾ ਇਹ ਪ੍ਰਤੀਕ ਚਿਤਰ ਬਹੁਤ ਮਾਰਮਿਕ ਹੈ।

'ਬਾਰਾਮਾਹੇ' ਵਿਚ ਵੱਖਰੇ ਵੱਖਰੇ ਮਹੀਨਿਆਂ ਦੇ ਵਿਚਕਾਰ ਵੀ ਜੀਵਾਤਮਾ ਦੀ ਪ੍ਰੇਮ ਭਾਵਨਾ ਨੂੰ ਉਜਾਗਰ ਕੀਤਾ ਗਿਆ ਹੈ, ਜਿਵੇਂ:

ਸਾਵਣ ਤਿਨ੍ਹਾਂ ਸੁਹਾਗਣੀ ਪਿਰ ਅੰਦਰਿ ਬਾਹਰਿ ਪੱਟ।[3]

ਸੁਹਾਗਣੀ (ਜੀਵਾਤਮਾ) ਦਾ ਪ੍ਰੀਤਮ (ਪ੍ਰਭੂ) ਨਾਲ ਪ੍ਰੇਮ ਮਨ ਦੇ ਅੰਦਰ ਹੁੰਦਾ ਹੈ ਅਤੇ ਬਾਹਰੀ ਦੁਨੀਆਂ ਲਈ ਉਸਦੇ ਦਰਵਾਜ਼ੇ ਬੰਦ ਹੁੰਦੇ ਹਨ।

ਕਹਿਣ ਦਾ ਭਾਵ ਇਹ ਹੈ ਕਿ ਪ੍ਰਾਣ-ਸੰਗਲੀ ਵਿਚ ਬਾਰਾਮਾਹੇ ਦੀਆਂ ਅਨੇਕ ਤੁਕਾਂ[4] ਵਿਚ ਦੰਪਤੀ ਭਾਵ ਦਾ ਵਰਣਨ ਮਿਲਦਾ ਹੈ ਅਤੇ ਇਹ ਵਰਣਨ ਬਹੁਤ ਰੋਚਕ ਅਤੇ ਸੁਖਾਵਾਂ ਹੈ।

ਪਰਿਵਾਰਿਕ ਪ੍ਰਤੀਕਾਂ ਵਿਚ ਵਤਸਲ੍ਹ ਮੂਲਕ ਪ੍ਰਤੀਕ ਦੀ ਵਰਤੋਂ ਵੀ ਇਸ ਤਰ੍ਹਾਂ ਹੋਈ ਹੈ, ਜਿਵੇਂ:

ਏਕੋ ਬਾਪ ਏਕ ਹੈ ਮਾਈ। ਨਾਨਕ ਸਭ ਮੈਂ ਏਕ ਸਮਾਈ॥[5]

3) ਪੌਰਾਣਿਕ ਪ੍ਰਤੀਕ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ) ਪੰਨਾ 358.
2. ਉਹੀ, ਪੰਨਾ 358.
3. ਉਹੀ, ਪੰਨਾ 399.
4. ਦੇਖੋ: 'ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ) ੳ) ਚੇਤ ਸੁਹਾਵਾ ਤਿਨ ਕਉ ਜਿਨ ਮਿਲਿਆ ਪੁਰਖ ਸੁਜਾਨ, ਪੰਨਾ 397. ਅ) ਜੇਠ ਸੁਹਾਵਾ ਤਿਨਾਂ ਕਉ ਜਿਨ੍ਹਾਂ ਖਸਮੈ ਨਾਲਿ ਨਾ ਭੇਉ। ਪੰਨਾ 398.
   ੲ) 'ਅੱਸੂ' ਦੇ ਮਹੀਨੇ ਵਿਚ ਜੀਵਾਤਮਾ ਦੀ ਪ੍ਰੇਮ ਭਾਵਨਾ ਇੰਜ ਪ੍ਰਗਟਾਈ ਗਈ ਹੈ:
   ਨਾਰੀ ਤੇ ਵਡਭਾਗਣੀ ਸੋਹਣੁ ਸਸਮਹਿ ਪਾਸ। ਪੰਨਾ 400.
5. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 633.

'ਪੁਰਾਣ' ਭਾਰਤ ਦੇ ਚਿੰਤਨ ਅਤੇ ਮਨਨ ਦਾ ਉੱਚਾ ਰੂਪ ਪੇਸ਼ ਕਰਦੇ ਹਨ। ਇਸ ਲਈ ਪੁਰਾਣਾਂ ਤੋਂ ਲਏ ਗਏ ਅਨੇਕ ਸ਼ਬਦ ਪ੍ਰਤੀਕ ਦੇ ਰੂਪ ਵਿਚ ਨਿਰਗੁਣਵਾਦੀ ਕਵੀਆਂ ਨੇ ਵਰਤੇ ਹਨ। ਇਹਨਾਂ ਨੂੰ ਪੌਰਾਣਿਕ ਪ੍ਰਤੀਕ ਕਿਹਾ ਜਾ ਸਕਦਾ ਹੈ।

ਪੁਰਾਣਾਂ ਵਿਚ ਅਨੇਕ ਵਿਅਕਤੀਆਂ ਦੇ ਨਾਂ ਆਉਂਦੇ ਹਨ ਅਤੇ ਹੌਲੀ ਹੌਲੀ ਇਹ ਨਾਂ ਪ੍ਰਤੀਕ ਬਣ ਗਏ ਹਨ ਜਿਵੇਂ ਰਾਵਣ ਸ਼ਬਦ ਅਜ ਕਿਸੇ ਵਿਅਕਤੀ ਦਾ ਬੋਧਿਕ ਨਾਂ ਹੋ ਕੇ ਇਕ ਦੁਸ਼ਟਤਾ ਦਾ ਬੋਧ ਕਰਵਾਉਂਦਾ ਹੈ। ਇਸ ਤਰ੍ਹਾਂ ਦੇ ਅਨੇਕ ਪ੍ਰਤੀਕ ਨਿਰਗੁਣਵਾਦੀ ਕਾਵਿ ਵਿਚ ਮਿਲਦੇ ਹਨ।

ਪ੍ਰਾਣ-ਸੰਗਲੀ ਵਿਚ ਪੌਰਾਣਿਕ ਪਾਤਰਾਂ ਨੂੰ ਪ੍ਰਤੀਕ ਦੇ ਰੂਪ ਵਿਚ ਇਸ ਤਰ੍ਹਾਂ ਚਿਤ੍ਰਿਤ ਕੀਤਾ ਗਿਆ ਹੈ:

ਜਨਕ: ਪੁਰਾਣਾਂ ਦੇ ਅਨੁਸਾਰ ਜਨਕ ਮਿਥਲਾ ਦੇ ਰਾਜਾ ਸਨ, ਸੀਤਾ ਇਹਨਾਂ ਦੀ ਪੁੱਤਰੀ ਸੀ ਅਤੇ ਇਕ ਗਿਆਨਵਾਨ ਵਿਅਕਤੀ ਦੇ ਰੂਪ ਵਿਚ 'ਜਨਕ' ਬਹੁਤ ਪ੍ਰਸਿੱਧ ਹਨ।

ਜਨਮਸਾਖੀਆਂ ਅਨੁਸਾਰ ਰਾਜਾ ਜਨਕ ਨੇ ਗੁਰੂ ਨਾਨਕ ਦੇ ਰੂਪ ਵਿਚ ਅਵਤਾਰ ਲਿਆ ਸੀ। ਇਸ ਤੋਂ ਇਹ ਪਤਾ ਚਲਦਾ ਹੈ ਕਿ ਜਨਮਸਾਖੀਆਂ ਦੇ ਸ਼ਰਧਾਲੂ ਲੇਖਕਾਂ ਨੇ ਜਨਕ ਦੇ ਗਿਆਨਵਾਨ ਰੂਪ ਨੂੰ ਇਕ ਪ੍ਰਤੀਕ ਦੇ ਰੂਪ ਵਿਚ ਸਵੀਕਾਰ ਕੀਤਾ ਸੀ।

ਪ੍ਰਾਣ-ਸੰਗਲੀ ਵਿਚ ਰਾਜਾ ਜਨਕ ਦਾ ਇਹ ਪ੍ਰਤੀਕਾਤਮਿਕ ਉਲੇਖ ਮਿਲਦਾ ਹੈ:

ਜਬ ਹਮ ਭਗਤ ਭਏ ਸੁਖ ਦੇਵਾ। ਤਬ ਜਨਕ ਬਿਦੇਹ ਕੀਆ ਗੁਰਦੇਵਾ॥[1]

ਭਾਵ ਇਹ ਹੈ ਕਿ 'ਸੁਕਦੇਵ' (ਸੁਖਦੇਵ) ਰਿਸ਼ੀ ਨੇ ਗਿਆਨ ਦੀ ਖੋਜ ਵਿਚ ਰਾਜਾ ਜਨਕ ਨੂੰ ਆਪਣਾ ਗੁਰੂ ਬਣਾਇਆ ਸੀ। ਉਂਜ ਤਾਂ ਜਨਕ ਤੇ ਸੁਕਦੇਵ ਵਿਅਕਤੀ ਸਨ ਪਰ ਆਪਣੇ ਗਿਆਨ ਅਤੇ ਆਪਣੀ ਸਾਧਨਾ ਕਰਕੇ ਇਹ ਦੋਵੇਂ ਵਿਅਕਤੀ ਆਪਣੇ ਖੇਤਰ ਵਿਚ ਪ੍ਰਤੀਕ ਬਣ ਗਏ ਹਨ।

ਇਸੇ ਤਰ੍ਹਾਂ 'ਭੇਰਉ' ਅਤੇ 'ਗਰੁੜ' ਨੂੰ ਜਤ ਦਾ ਹਨੂਵੰਤ (ਹਨੂਮਾਨ) ਨੂੰ ਬਲ ਦਾ ਅਤੇ ਗੋਰਖ ਨਾਥ ਨੂੰ ਸਿੱਧੀਆਂ ਦਾ ਪ੍ਰਤੀਕ ਮੰਨਿਆ ਗਿਆ ਹੈ।[2]

4) ਸੰਖਿਆ ਵਾਚੀ ਪ੍ਰਤੀਕ

ਭਾਰਤੀ ਦਰਸ਼ਨ ਸ਼ਾਸਤ੍ਰ ਵਿਚ ਕੁਝ ਦਾਰਸ਼ਨਿਕ ਵਿਚਾਰਧਾਰਾਵਾਂ ਦੇ ਅਨੁਸਾਰ ਇਸ ਦ੍ਰਿਸ਼ਮਾਨ ਜਗਤ ਦੀਆਂ ਸਮਸਿਆਵਾਂ ਨੂੰ ਸੁਲਝਾਉਣ ਲਈ ਸੰਖਿਆਵਾਚੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਸਾਂਖ ਦਰਸ਼ਨ ਵਿਚ ਤਿੰਨ ਗੁਣ (ਸਤ, ਰਜ, ਤਮ) ਪੰਚ ਮਹਾਭੂਤ (ਪ੍ਰਿਥਵੀ, ਜਲ ਅਗਨੀ, ਵਾਯੂ, ਆਕਾਸ਼) ਦਸ ਇੰਦ੍ਰੀਆਂ (ਪੰਜ ਕਰਮ ਇੰਦ੍ਰੀਆਂ ਅਤੇ ਪੰਜ ਗਿਆਨ ਇੰਦ੍ਰੀਆਂ) 25 ਤੱਤ (ਪੰਜ ਮਹਾਭੂਤ, ਦਸ ਇੰਦ੍ਰੀਆਂ, ਪੰਜ ਤਨ ਮਾਤ੍ਰਾਵਾਂ ਅਤੇ

---

1. 'ਪ੍ਰਾਣਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 252.
2. ਦੇਖੋ: ਉਹੀ, ਪੰਨੇ 415,416.

ਮਨ, ਬੁੱਧੀ, ਚਿਤ, ਹੰਕਾਰ ਅਤੇ ਆਤਮਾ) ਆਦਿ ਸੰਖਿਆਵਾਚੀ ਸ਼ਬਦਾਂ ਦੀ ਵਰਤੋਂ ਹੋਈ ਹੈ। ਇਹਨਾਂ ਸੰਖਿਆ-ਵਾਚੀ ਸ਼ਬਦਾਂ ਦੇ ਕਾਰਨ ਹੀ ਇਸ ਦਰਸ਼ਨ ਨੂੰ ਸਾਂਖ ਦਰਸ਼ਨ ਕਿਹਾ ਗਿਆ ਹੈ।

ਪ੍ਰਾਣ-ਸੰਗਲੀ ਵਿਚ ਸੰਖਿਆ ਵਾਚੀ ਪ੍ਰਤੀਕਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ:

ੳ) <u>ੴ</u>: ਗੁਰੂ ਨਾਨਕ ਦੇਵ ਜੀ ਦੀ ਕੇਂਦਰੀ ਦ੍ਰਿਸ਼ਟੀ (ਅਦਵੈਤ) ਨੂੰ ਪ੍ਰਗਟਾਉਣ ਲਈ 'ੴ' ਦਾ ਪ੍ਰਤੀਕ ਵਰਤਿਆ ਗਿਆ ਹੈ; ਜਿਵੇਂ:

ੴਕਾਰ ਗੁਰ ਹਰਧੈ, ਦੂਸਰ ਨਾ ਧਰਵੈ।[1]

ਇਸਦੇ ਨਾਲ ਨਾਲ ਹਰ ਅਧਿਆਇ ਦਾ ਪ੍ਰਾਰੰਭ 'ੴ' ਨਾਲ ਹੋਇਆ ਹੈ। ਇੰਜ ਜਾਪਦਾ ਹੈ ਕਿ 'ੴ' ਦੇ ਅਧਿਆਤਮਿਕ ਅਰਥ ਨੂੰ ਮੰਗਲਾਚਰਣ ਦੇ ਪ੍ਰਤੀਕ ਵਿਚ ਪ੍ਰਗਟ ਕੀਤਾ ਗਿਆ ਹੈ।

ਅ) ਤਿੰਨ ਗੁਣਾਂ ਦਾ ਸੰਕਲਪ ਸਾਂਖ ਦਰਸ਼ਨ ਦੀ ਬਹੁਤ ਵੱਡੀ ਦੇਣ ਹੈ। ਆਮ ਤੌਰ ਤੇ ਹਰ ਇਕ ਸ਼ਾਸਤ੍ਰ ਵਿਚ ਇਹਨਾਂ ਤਿੰਨਾਂ ਗੁਣਾਂ ਦੀ ਚਰਚਾ ਮਿਲਦੀ ਹੈ। ਅੱਗੇ ਚੱਲ ਕੇ ਤਿੰਨ ਸ਼ਬਦ ਗੁਣਾਂ ਲਈ ਰੂੜ੍ਹ ਹੋ ਗਿਆ ਅਤੇ ਇਸਦੀ ਵਰਤੋਂ ਪ੍ਰਤੀਕ ਰੂਪ ਵਿਚ ਹੋਣ ਲੱਗੀ। ਪ੍ਰਾਣ-ਸੰਗਲੀ ਵਿਚ ਤਿੰਨ ਸ਼ਬਦ ਇਸੇ ਪ੍ਰਤੀਕ ਦਾ ਬੋਧ ਕਰਾਉਣ ਲਈ ਪ੍ਰਯੁਕਤ ਹੋਇਆ ਹੈ:

ਪੰਚ ਤੀਨਿ ਨਉ ਚਾਰ ਸਮਾਵੈ।[2]

ਇੱਥੇ 'ਪੰਚ' ਸ਼ਬਦ ਪੰਜਾਂ ਮਹਾਂਭੂਤਾਂ ਲਈ, 'ਤਿੰਨ' ਸ਼ਬਦ ਤਿੰਨ ਗੁਣਾਂ ਲਈ,' ਨਉ' ਸ਼ਬਦ ਨੌਂ ਦਵਾਰਾਂ ਲਈ ਅਤੇ 'ਚਾਰ ਸ਼ਬਦ ਮਨ, ਬੁੱਧੀ, ਚਿਤ, ਹੰਕਾਰ ਲਈ ਪ੍ਰਤੀਕ ਰੂਪ ਵਿਚ ਵਰਤਿਆ ਗਿਆ ਹੈ।

ੲ) <u>ਪੰਚ</u>: (ਪੰਜ ਮਹਾਂਭੂਤ) ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਅਕਾਸ਼ ਤੋਂ ਛੁੱਟ ਪੰਜ ਇੰਦ੍ਰੀਆਂ ਲਈ ਵੀ ਇਹ ਸੰਖਿਆ ਵਾਚੀ ਪ੍ਰਤੀਕ ਵਰਤਿਆ ਜਾਂਦਾ ਹੈ। ਪ੍ਰਾਣ-ਸੰਗਲੀ ਵਿਚ ਇਸ ਪ੍ਰਤੀਕ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਪੰਚੇ ਸਾਧਿ ਜਨਾ ਗੁਰ ਭਾਈ। ਪੰਚੇ ਜੀਤੇ ਅਰਿ ਨਵਨਿਧਿ ਪਾਈ॥[3]

ਪੰਚ ਚੋਰ[4] ਤਿਸੁ ਅਗੁ ਮੁਸਹਿ...।[5]

ਪੰਚ ਚੋਰ = ਪੰਜ ਇੰਦ੍ਰੀਆਂ

---

1. 'ਪ੍ਰਾਣਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 157.
2. ਉਹੀ, ਪੰਨਾ 137.
3. ਉਹੀ, ਪੰਨਾ 148.
4. ਕਬੀਰ ਨੇ ਵੀ ਪੰਜ ਇੰਦ੍ਰੀਆਂ ਨੂੰ 'ਚੋਰ' ਦਾ ਪ੍ਰਤੀਕ ਦਿੱਤਾ ਹੈ; ਜਿਵੇਂ:
   ਕਬੀਰ ਪਟਿਨ ਕਾਰਿਵ', ਪੰਚ ਚੋਰ ਦਸ ਦੁਆਰ। ਦੇਖੋ: 'ਕਬੀਰ ਗ੍ਰੰਥਾਵਲੀ' 21/6.
5. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 340.

ਸ) <u>ਬਹੱਤਰ:</u> ਪ੍ਰਾਣ-ਸੰਗਲੀ ਵਿਚ 72 ਕ੍ਰੋੜ ਨਾੜੀਆਂ ਦਾ ਉਲੇਖ ਮਿਲਦਾ ਹੈ। ਇਹਨਾਂ ਨੂੰ ਬਹੱਤਰ ਦੇ ਪ੍ਰਤੀਕ[1] ਰਾਹੀਂ ਪ੍ਰਗਟਾਇਆ ਗਿਆ ਹੈ; ਜਿਵੇਂ:

ਬਹਤਰਿ ਘਰ ਮਹਿ ਏਕੈ ਬੰਧਾ।[2]

ਸੰਤ ਸੰਪੂਰਣ ਸਿੰਘ ਅਨੁਸਾਰ 72 ਨਾੜੀਆਂ ਪ੍ਰਧਾਨ ਹਨ। ਉਹਨਾਂ ਦਾ ਉਲੇਖ ਇਸ ਤੁਕ ਵਿਚ ਹੋਇਆ ਹੈ।

ਹ) <u>ਲੱਖ ਚੌਰਾਸੀ:</u> 84 ਲੱਖ ਜੂਨੀਆਂ ਨੂੰ 'ਲੱਖ ਚੌਰਾਸੀ'[3] ਜਾਂ 'ਚੁਰਾਸੀ' ਦੇ ਪ੍ਰਤੀਕ ਰਾਹੀਂ ਇੰਜ ਪ੍ਰਗਟਾਇਆ ਗਿਆ ਹੈ:

ਲੱਖ ਚੌਰਾਸੀ ਗਰਭਿ ਨਾ ਲੇਟੇ।[4]

ਇਸੇ ਤਰ੍ਹਾਂ ਪ੍ਰਾਣ-ਸੰਗਲੀ ਵਿਚ ਹੋਰ ਕਈ ਸੰਖਿਆਵਾਚੀ ਪ੍ਰਤੀਕਾਂ ਦੀ ਵਰਤੋਂ ਵੀ ਹੋਈ ਹੈ।

5) <u>ਸਾਮਾਨ੍ਯ ਪ੍ਰਤੀਕ</u>

ਪ੍ਰਾਣ-ਸੰਗਲੀ ਵਿਚ ਸਾਮਾਨ੍ਯ ਜੀਵਨ ਤੋਂ ਲਏ ਗਏ ਇਹਨਾਂ ਪ੍ਰਤੀਕਾਂ ਦੀ ਯੋਜਨਾ ਰਾਹੀਂ ਕਵਿਤਾ ਨੂੰ ਵਧੇਰੇ ਮਹੱਤਵਪੂਰਨ ਅਤੇ ਬਿੰਬਾਤਮਕ ਬਣਾਇਆ ਹੈ।

6) <u>ਭੰਵਰ:</u> ਭੰਵਰ ਦਾ ਅਰਥ ਹੈ ਭੌਰਾ। ਭੌਰੇ ਦੇ ਪ੍ਰਤੀਕ ਨੂੰ ਦੋ ਅਰਥਾਂ ਵਿਚ ਪ੍ਰਯੁਕਤ ਕੀਤਾ ਗਿਆ ਹੈ। ਇਕ ਅਰਥ ਹੈ ਸੁਆਰਥੀ ਪ੍ਰੇਮੀ ਅਤੇ ਦੂਜਾ ਹੈ ਫੁੱਲਾਂ ਨਾਲ ਜਾਂ ਫੁੱਲਾਂ ਵਾਂਗ ਖਿੜੇ ਜਗਤ ਨੂੰ ਪਿਆਰ ਕਰਨ ਵਾਲਾ ਵਿਅਕਤੀ।

ਪ੍ਰਾਣ-ਸੰਗਲੀ ਵਿਚ ਭੰਵਰ ਦਾ ਪ੍ਰਤੀਕ ਇਸ ਤਰ੍ਹਾਂ ਵਰਤਿਆ ਗਿਆ ਹੈ:

ਬਿਨੁ ਸੂਝਦੇ ਭਰਮਾਏ, ਭੰਵਰ ਨਿਰਾਸਾ ਜਾਇ।[5]

---

1. ਕਬੀਰ ਨੇ ਵੀ ਬਹੱਤਰ ਦੇ ਇਸ ਪ੍ਰਤੀਕ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ:

   "ਨਉ ਬਹਿਧਾ ਦਸ ਕੋਨ ਆਹਿ।
   ਕਸ ਨਿ ਬਹਤਰਿ ਲਾਗਿ ਤਾਹਿ॥" ਦੇਖੋ: 'ਕਬੀਰ ਗ੍ਰੰਥਾਵਲੀ', 26/4.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 347.
3. ਕਬੀਰ ਨੇ ਵੀ ਇਸ ਪ੍ਰਤੀਕ ਦੀ ਵਰਤੋਂ ਕੀਤੀ ਹੈ:

   "ਤੇਤੀਸ ਕਰੋੜੀ ਹੈ ਖੇਲ ਖਾਨਾ। ਚੌਰਾਸੀ ਲੱਖ ਫਿਰੈ ਦਿਵਾਨਾ॥" 'ਕਬੀਰ ਗ੍ਰੰਥਾਵਲੀ', 42/5.
4. 'ਪ੍ਰਾਣ-ਸੰਗਲੀ(ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 148.
5. ਉਹੀ, ਪੰਨਾ 141.

ਇਸ ਤੁਕ ਦਾ ਭਾਵ ਇਹ ਹੈ ਕਿ ਅਗਿਆਨੀ ਜੀਵ ਗਿਆਨ ਨਾ ਹੋਣ ਕਰਕੇ ਦੁਨੀਆਂ ਦੀਆਂ ਭੁੱਲ ਭੁਲੱਈਆਂ ਵਿਚ ਭਟਕਦਾ ਰਹਿੰਦਾ ਹੈ ਅਤੇ ਇਸ ਦੁਨੀਆ ਵਿਚੋਂ ਖ਼ਾਲੀ ਹੱਥ ਹੀ ਚਲਾ ਜਾਂਦਾ ਹੈ। ਇਥੇ 'ਭੌਰ' ਸ਼ਬਦ ਅਗਿਆਨੀ ਜੀਵ ਦਾ ਪ੍ਰਤੀਕ ਹੈ। ਇਸ ਦੀ ਅਗਿਆਨਤਾ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ:

ਭੌਰ ਭਵੰਤਾ ਜਾਣੀਐ, ਭਰਮਿ ਭੁਲਾ ਉਦਿਆਨ।
ਬਿਖ ਰਸ ਚਾਖੀ ਭਵਰੜੇ, ਮਨ ਮੁਖਿ ਬੰਧ ਅਗਿਆਨ॥[1]

ਅ) <u>ਹੰਸ:</u> ਹੰਸ ਗਿਆਨੀ ਅਤੇ ਸੱਚੇ ਸਾਧਕ ਦਾ ਪ੍ਰਤੀਕ ਹੈ। ਇਸੇ ਲਈ ਆਤਮਾ ਦੀ ਉੱਚ ਅਵਸਥਾ ਨੂੰ 'ਹੰਸ' ਜਾਂ 'ਪਰਮ ਹੰਸ' ਇਹਨਾਂ ਦੋਹਾਂ ਨਾਵਾਂ ਨਾਲ ਪਛਾਣਿਆ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ ਆਦਿ ਗ੍ਰੰਥ ਅਤੇ ਹੋਰ ਪੁਰਾਣੀਆਂ ਪਰੰਪਰਾਵਾਂ ਦੇ ਅਨੁਸਾਰ ਹੰਸ ਦੇ ਪ੍ਰਤੀਕ ਨੂੰ ਇਸ ਪ੍ਰਕਾਰ ਵਰਤਿਆ ਗਿਆ ਹੈ:

ਧਰ ਹਰਿਬਸੀ ਸਰੁ ਭਰੇ, ਹੰਸ ਨਿਰਾਲਮੁ ਲਾਲ।
ਮਾਣਕ ਮੋਤੀ ਵਿਕਟੇ, ਗੁਰਮੁਖਿ ਖੋਜਿ ਨਿਹਾਲ॥[2]

ਇਸ ਤੁਕ ਵਿਚ ਪੂਰਾ ਰੂਪਕ ਇਸ ਤਰ੍ਹਾਂ ਬੰਨ੍ਹਿਆ ਗਿਆ ਹੈ – 'ਧਰ ਹਰਿ' (ਮੇਘ, ਬਦੱਲ) ਗਿਆਨ ਦਾ ਜਲ ਵਰਸਾ ਰਹੇ ਹਨ। 'ਸਰੋਵਰ' (ਸਾਧਕ ਦਾ ਮਨ) ਗਿਆਨ ਰੂਪੀ ਜਲ ਨਾਲ ਭਰ ਗਿਆ ਹੈ, ਹੰਸ ਇਸ ਸਰੋਵਰ ਵਿਚ ਬਿਨਾ ਕਿਸੇ ਦੀ ਸਹਾਇਤਾ ਤੈਰ ਰਿਹਾ ਹੈ। ਲਾਲ, ਮਾਣਿਕ ਅਤੇ ਮੋਤੀਆਂ ਦੀ ਖੋਜ ਗੁਰਮੁਖ (ਸੱਚਾ ਸਾਧਕ) ਕਰ ਰਿਹਾ ਹੈ। ਇਸ ਤੁਕ ਵਿਚ ਮੇਘ, ਹੰਸ, ਮਾਣਕ, ਮੋਤੀ ਅਤੇ ਗੁਰਮੁਖ ਸ਼ਬਦ ਪ੍ਰਤੀਕਾਂ ਦੇ ਰੂਪ ਵਿਚ ਵਰਤੇ ਗਏ ਹਨ। ਇਸ ਤਰ੍ਹਾਂ ਹੰਸ ਅਤੇ ਉਸਦੀ ਗਿਆਨ ਸ਼ਕਤੀ ਨੂੰ ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਪ੍ਰਤੀਕ ਰੂਪ ਵਿਚ ਵਰਤਿਆ ਗਿਆ ਹੈ।

ੲ) <u>ਕਾਗ:</u> ਅਗਿਆਨੀ ਅਤੇ ਵਿਸ਼ਈ ਵਿਅਕਤੀ ਨੂੰ ਕਾਂ ਦੇ ਪ੍ਰਤੀਕ ਰਾਹੀਂ ਪ੍ਰਗਟਾਇਆ ਗਿਆ ਹੈ, ਜਿਵੇਂ:

ਸੰਗਤਿ ਕਾਗ ਕੁ ਪੰਖਿ ਕੀ, ਕਿਉ ਛੂਟੇ ਤਿਨ ਪਾਸ।[3]

ਇਸ ਤੁਕ ਵਿਚ 'ਕਾਂ' ਨੂੰ ਕੁਪੰਖੀ ਅਰਥਾਤ ਅਪਵਿਤਰ ਪੰਛੀ ਕਿਹਾ ਗਿਆ ਹੈ ਅਤੇ ਇਸਦੀ ਸੰਗਤੀ ਨੂੰ 'ਪਾਸ' ਅਰਥਾਤ 'ਜਾਲ' ਦੱਸਿਆ ਗਿਆ ਹੈ। ਹੰਸ ਅਤੇ ਕਾਂ ਦੇ ਇਹ ਪ੍ਰਤੀਕ ਸਾਧਨਾ ਮਾਰਗ ਵਿਚ ਅਕਸਰ ਵਰਤੇ ਜਾਂਦੇ ਹਨ।

ਸ) <u>ਬਿਖ ਕੀ ਬਾੜੀ:</u> ਸਾਧਨਾ ਦੇ ਮਾਰਗ ਵਿਚ ਸੰਸਾਰ ਨੂੰ ਜ਼ਹਿਰ ਦਾ ਬਗ਼ੀਚਾ ਦੱਸਿਆ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਸੰਸਾਰ ਰੂਪੀ ਵਿਸ਼ ਨੂੰ ਖਾ ਕੇ ਜਾਂ ਛੂਹ ਕੇ ਵੀ ਵਿਅਕਤੀ ਦੁਖੀ ਅਤੇ ਅਸ਼ਾਂਤ ਰਹਿੰਦਾ ਹੈ।

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 141.
2. ਉਹੀ, ਪੰਨਾ 141.
3. ਉਹੀ, ਪੰਨਾ 141.

ਆਤਮਿਕ ਤੌਰ ਤੇ ਇਹ ਉਸਦੀ ਮਿਤ੍ਰ ਹੁੰਦੀ ਹੈ।

ਪ੍ਰਾਣ-ਸੰਗਲੀ ਵਿਚ ਸੰਸਾਰ ਦੇ ਇਸ ਭਿਆਨਕ ਰੂਪ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਬਿਖ ਕੀ ਬਾੜੀ ਬੇਧਿਆ, ਜਮਪੁਰਿ ਚੋਟਾਂ ਖਾਇ।[1]

ਬਿਖ ਕੀ ਵਾੜੀ ਸੰਸਾਰ ਦਾ ਪ੍ਰਤੀਕ ਹੈ ਅਤੇ ਚੋਟਾਂ ਖਾਣ ਤੋਂ ਭਾਵ ਹੈ ਪ੍ਰਲੋਕ ਵਿਚ ਅਨੇਕ ਪ੍ਰਕਾਰ ਦੇ ਦੁੱਖ ਸਹਿਣ ਕਰਨਾ।

ਹ) <u>ਕਉਲ:</u> ਸੰਸਕ੍ਰਿਤ ਸ਼ਬਦ 'ਕਮਲ' ਤੋਂ ਬਣਿਆ 'ਕਉਲ' ਸ਼ਬਦ ਨਿਰਗੁਣਵਾਦੀ ਕਾਵਿ ਵਿਚ ਅਟਿਕ ਰਹਿਣ ਵਾਲੀ ਆਤਮਾ ਲਈ ਵਰਤਿਆ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ 'ਕਉਲ' ਨੂੰ ਪ੍ਰਤੀਕ ਰੂਪ ਵਿਚ ਇਸ ਪ੍ਰਕਾਰ ਵਰਤਿਆ ਗਿਆ ਹੈ:

ਧਰ ਹਰਿ ਬਸੇ ਸਰ ਭਰੇ, ਸਹਜਿ ਨਿਪਜੇ ਕਉਲ।
ਉਨਮਨਿ ਕੀ ਬਰਖਾ ਕਰੇ, ਸਹਜਿ ਮਨਾਏ ਸਉਣ॥[2]

ਇਸ ਤੁਕ ਦਾ ਭਾਵ ਇਹ ਹੈ ਕਿ ਉਨਮਨਿ ਅਵਸਥਾ ਦੀ ਗਿਆਨ ਰੂਪੀ ਵਰਖਾ ਹੋ ਰਹੀ ਹੈ ਅਤੇ ਇਸ ਝੜੀ ਵਿਚ ਵੀ ਸਰੋਵਰ ਦਾ ਕਮਲ (ਕਉਲ) ਪਾਣੀ ਦੇ ਉਤੇ ਹੀ ਰਹਿੰਦਾ ਹੈ। ਪ੍ਰਯੋਜਨ ਇਹ ਹੈ ਕਿ ਗਿਆਨੀ ਪੁਰਖ (ਕਉਲ) ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਦੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ।[3]

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਰਚੇਤਾ ਨੇ ਪ੍ਰਤੀਕ ਵਿਧਾਨ ਰਾਹੀਂ ਜਿੱਥੇ ਯੋਗ ਮਤ ਅਤੇ ਹੋਰ ਧਰਮਾਂ ਨਾਲ ਸੰਬੰਧਿਤ ਪਰਿਭਾਸ਼ਿਕ ਪ੍ਰਤੀਕ ਵਰਤ ਕੇ ਪੁਰਾਤਨ ਧਰਮ-ਪਰੰਪਰਾਵਾਂ ਦੀ ਸਾਨੂੰ ਜਾਣਕਾਰੀ ਦਿੱਤੀ ਹੈ, ਉਥੇ ਪੌਰਾਣਿਕ ਪ੍ਰਤੀਕ ਰਾਹੀਂ ਭਾਰਤੀ ਮਿਥਿਹਾਸ ਦਾ ਪਰਿਚਯ ਕਰਾਇਆ ਹੈ। ਪਰਿਵਾਰਿਕ ਅਤੇ ਸਾਮਾਜਿਕ ਪ੍ਰਤੀਕਾਂ ਰਾਹੀਂ ਕਵੀ ਨੇ ਆਪਣੇ ਵਿਸ਼ਾਲ ਅਨੁਭਵ ਦਾ ਪਰਿਚਯ ਦਿੰਦੇ ਹੋਇਆਂ, ਆਪਣੀ ਕਵਿਤਾ ਨੂੰ ਅਧਿਕ ਤੋਂ ਅਧਿਕ ਬਿੰਬ ਯੁਕਤ ਬਣਾਉਣ ਦਾ ਸੁੰਦਰ ਪ੍ਰਯਾਸ ਕੀਤਾ ਹੈ। ਸਪੱਸ਼ਟ ਹੈ ਕਿ ਕਵੀ ਕਾਵਿ ਪਰੰਪਰਾਵਾਂ ਅਤੇ ਤਕਨੀਕੀ ਬਾਰੀਕੀਆਂ ਦਾ ਸਮਰਥ ਵਿਦਵਾਨ ਸੀ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 141.

2. ਉਹੀ, ਪੰਨਾ 141.

3. ਕਬੀਰ ਨੇ ਵੀ ਕਉਲ ਦੇ ਪ੍ਰਤੀਕ ਦੀ ਕਈ ਥਾਵਾਂ ਤੇ ਵਰਤੋਂ ਕੀਤੀ ਹੈ। ਇਕ ਥਾਂ ਤੇ ਆਤਮਾ ਨੂੰ ਕਮਲਨੀ ਦਾ ਰੂਪ ਵੀ ਦਿੱਤਾ ਹੈ।
'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ), ਪੰਨਾ 156.

# ਅਲੰਕਾਰ-ਯੋਜਨਾ

## ਅਲੰਕਾਰ ਦਾ ਸਰੂਪ

ਅਲੰਕਾਰ ਸ਼ਬਦ ਦਾ ਅਰਥ ਹੈ 'ਭੂਸ਼ਨ' ਜਾਂ 'ਗਹਿਣਾ', ਪਰੰਤੂ ਕਾਵਿ-ਸ਼ਾਸਤ੍ਰ ਵਿਚ ਇਸ ਸ਼ਬਦ ਦੀ ਵਰਤੋਂ ਇਕ ਵਿਸ਼ੇਸ਼ ਦ੍ਰਿਸ਼ਟੀ ਨਾਲ, ਇਕ ਵਿਸ਼ੇਸ਼ ਸੰਦਰਭ ਵਿਚ ਕੀਤੀ ਜਾਂਦੀ ਹੈ। 'ਭਾਰਤੀਯ ਕਾਵਿ ਸ਼ਾਸਤ੍ਰ' ਦੇ ਅਨੁਸਾਰ ਅਲੰਕਾਰ ਕਾਵਿ ਦੀ ਸ਼ੋਭਾ ਨੂੰ ਵਧਾਉਣ ਵਾਲੇ ਤੱਤ ਹਨ।[1] ਈਸਾ ਦੀ ਪਹਿਲੀ ਸਦੀ ਤੋਂ ਲੈਕੇ ਪੰਜਵੀਂ ਸਦੀ ਤਕ ਭਾਰਤੀ ਕਾਵਿ ਸ਼ਾਸਤ੍ਰੀ ਇਹ ਮੰਨਦੇ ਹਨ ਕਿ ਅਲੰਕਾਰਾਂ ਨਾਲ ਕਾਵਿ ਦੀ ਸ਼ੋਭਾ ਦੂੱਗਣੀ ਹੋ ਜਾਂਦੀ ਹੈ, ਪਰੰਤੂ ਇਸ ਤੋਂ ਪਿੱਛੋਂ ਇਸ ਧਾਰਨਾ ਦਾ ਖੰਡਨ ਹੁੰਦਾ ਗਿਆ।[2] ਦਸਵੀਂ ਸਦੀ ਤਕ ਪੁੱਜ ਕੇ ਮੰਮਟ ਵਰਗੇ ਆਚਾਰਯਾਂ ਨੇ ਅਲੰਕਾਰਾਂ ਨੂੰ ਕਾਵਿ ਦੇ ਸ਼ਰੀਰ ਦਾ ਸਥੂਲ ਤੱਤ ਹੀ ਸਵੀਕਾਰ ਕੀਤਾ।

ਅਲੰਕਾਰਾਂ ਨੂੰ ਤਿੰਨ ਮੁੱਖ ਵਰਗਾਂ ਵਿਚ ਵੰਡਿਆ ਜਾਂਦਾ ਹੈ:[3]

I ਸ਼ਬਦ ਅਲੰਕਾਰ,
II ਅਰਥ ਅਲੰਕਾਰ,
III ਸ਼ਬਦਾਰਥ ਅਲੰਕਾਰ।

## I ਸ਼ਬਦ ਅਲੰਕਾਰ

ਸ਼ਬਦ ਅਲੰਕਾਰਾਂ ਵਿਚ ਵਿਸ਼ੇਸ਼ ਸ਼ਬਦ ਜਾਂ ਕਿਸੇ ਇਕ ਵਿਸ਼ੇਸ਼ ਅੱਖਰ ਦੀ ਵਰਤੋਂ ਨਾਲ ਕਾਵਿ ਵਿਚ ਚਮਤਕਾਰ ਪੈਦਾ ਕੀਤਾ ਜਾਂਦਾ ਹੈ। ਸ਼ਬਦ ਅਲੰਕਾਰਾਂ ਦੇ ਕਈ ਭੇਦ ਹਨ, ਉਹਨਾਂ ਵਿਚੋਂ ਮੁੱਖ ਹੈ ਅਨੁਪ੍ਰਾਸ ਅਲੰਕਾਰ।

---

1. ਦੇਖੋ: ੳ) ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ' ਭਾਗ ਪਹਿਲਾ, ਪੰਨੇ 21-26.
   ਅ) S.K. De, <u>History of Sanskrit Poetics</u>, Vol. I, pp. 5-7.
2. ਦੇਖੋ: ੳ) ਮੰਮਟ, 'ਕਾਵਿਯ ਪ੍ਰਕਾਸ਼', ਪੰਨੇ 125,131.
   ਅ) ਵਿਸ਼ਵਨਾਥ, 'ਸਾਹਿਤ ਦਰਪਣ' (ਟੀਕਾਕਾਰ: ਸਾਲਗਰਾਮ ਸ਼ਾਸਤ੍ਰੀ) ਪੰਨੇ 7-8.
   ੲ) ਜਗਨ ਨਾਥ, 'ਰਸ ਗੰਗਾਧਰ', ਪੰਨੇ 25,31.
3. ਦੇਖੋ: ੳ) ਭੋਜ, 'ਸ਼ਿੰਗਾਰ ਪ੍ਰਕਾਸ਼', ਪੰਨੇ 6,9.
   ਅ) S.K. De, <u>History of Sanskrit Poetics</u>, pp. 11,16.
   ੲ) ਡਾ. ਨਗੇਂਦ੍ਰ, 'ਰੀਤੀ ਕਾਵਿਯ ਕੀ ਭੂਮਿਕਾ', ਪੰਨੇ 7,15.

**ਅਨੁਪ੍ਰਾਸ ਅਲੰਕਾਰ**

ਅਨੁਪ੍ਰਾਸ ਅਲੰਕਾਰ ਦੇ ਨਾਲ ਕਾਵਿ ਦਾ ਸ੍ਰੁਤੀ ਪੱਖ ਬਹੁਤ ਮਹੱਤਵਪੂਰਨ ਬਣ ਜਾਂਦਾ ਹੈ।[1] ਇਸੇ ਲਈ ਸੰਸਾਰ ਦੀ ਹਰ ਇਕ ਭਾਸ਼ਾ ਵਿਚ ਅਨੁਪ੍ਰਾਸ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਭਾਰਤ ਦੇ ਕਾਵਿ-ਸ਼ਾਸਤ੍ਰੀਆਂ ਨੇ ਅਨੁਪ੍ਰਾਸ ਨੂੰ ਰਸ ਅਥਵਾ ਭਾਵਾਂ ਨਾਲ ਜੋੜਕੇ ਇਹ ਸਿੱਧਾਂਤ ਪ੍ਰਸਤੁਤ ਕੀਤਾ ਹੈ ਕਿ ਅਨੁਪ੍ਰਾਸ ਦੀ ਯੋਜਨਾ ਰਸ ਅਤੇ ਭਾਵ ਦੀ ਦ੍ਰਿਸ਼ਟੀ ਤੋਂ ਹੋਣੀ ਚਾਹੀਦੀ ਹੈ।[2] ਫਲਸਰੂਪ ਸ਼ਿੰਗਾਰ ਰਸ ਲਈ ਕੋਮਲ ਅੱਖਰ ਅਤੇ ਬੀਰ ਰਸ ਲਈ ਖਰਵੇ ਅੱਖਰਾਂ ਦੀ ਵਰਤੋਂ ਨੂੰ ਸਵੀਕਾਰ ਕੀਤਾ ਗਿਆ ਹੈ।[3]

ਪ੍ਰਾਣ-ਸੰਗਲੀ ਵਿਚ ਆਮ ਤੌਰ ਤੇ ਸ਼ਾਂਤ ਅਤੇ ਕਰੁਣ ਰਸ ਦੀ ਪ੍ਰਧਾਨਤਾ ਹੈ। ਇਸ ਲਈ ਇਹਨਾਂ ਦੋਹਾਂ ਰਸਾਂ ਦੇ ਅਨੁਕੂਲ ਕੋਮਲ ਸ਼ਬਦਾਵਲੀ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਮਿਲਦੀ ਹੈ। ਅਲੰਕਾਰ ਸ਼ਾਸਤ੍ਰ ਅਨੁਸਾਰ ਇਸਨੂੰ ਵ੍ਰਿਤੀ ਅਨੁਪ੍ਰਾਸ ਕਿਹਾ ਜਾਂਦਾ ਹੈ। ਸ਼ਾਂਤ ਰਸ ਦੇ ਅਨੁਕੂਲ ਕੁਝ ਅਨੁਪ੍ਰਾਸ ਇਸ ਤਰ੍ਹਾਂ ਪਾਏ ਜਾਂਦੇ ਹਨ:

ੳ) ਤਬ ਅਗਮ ਪੰਥ ਕੀ ਬੂਝੈ ਵਾਟ। ਤਬ ਪ੍ਰਗਟ ਹੋਵੈ ਅਉਘਟ ਘਾਟ॥[4]

ਇਸ ਤੁਕ ਵਿਚ 'ਟ' ਦੀ ਵਰਤੋਂ ਅਨੁਪ੍ਰਾਸ ਅਲੰਕਾਰ ਦੇ ਅਨੁਸਾਰ ਹੈ। ਆਮ ਤੌਰ ਤੇ 'ਟ' ਦੀ ਵਰਤੋਂ ਕੋਮਲ ਰਸਾਂ ਲਈ ਨਹੀਂ ਹੁੰਦੀ ਪਰ ਸ਼ਾਂਤ ਰਸ ਦੇ ਸੰਦਰਭ ਵਿਚ ਸੰਸਾਰ ਦੀ ਨਾਸ਼ਮਾਨਤਾ ਅਤੇ ਜਗਤ ਦੇ ਜੰਜਾਲਾਂ ਨੂੰ ਪ੍ਰਗਟਾਉਣ ਲਈ ਕਦੇ ਕਦੇ ਖਰਵੇਂ 'ਟ' ਆਦਿ ਦੀ ਵਰਤੋਂ ਵੀ ਖੁੱਲ੍ਹ ਦਿੱਤੀ ਗਈ ਹੈ।

ਅ) ਅਚਰਜੁ ਕਹੀਐ ਆਤਮਾ, ਅਚਰਜ ਤਾਂ ਕੇ ਭੇਸ।
ਅਚਰਜੁ ਮਿਲਿਆ ਅਚਰਜੁ ਭਯਾ ਅਚਰਜਤਾ ਕੋ ਦੇਖ॥[5]

ਇਸ ਸਲੋਕ ਵਿਚ ਪੰਜ ਵਾਰ 'ਅ' ਨੂੰ ਦੁਹਰਾਇਆ ਗਿਆ ਹੈ। ਦੋ ਵਾਰ 'ਆ' ਆਇਆ ਹੈ ਅਤੇ 'ਚਰਜ' ਦੀ ਵਰਤੋਂ ਪੰਜ ਵਾਰ ਹੋਈ ਹੈ। ਇਹਨਾਂ ਕੋਮਲ ਅੱਖਰਾਂ ਦੀ ਵਰਤੋਂ ਨਾਲ ਸ਼ਾਂਤ ਰਸ ਪ੍ਰਸਤੁਤ ਕੀਤਾ ਗਿਆ ਹੈ। 'ਚਰਜ' ਸ਼ਬਦ ਦੀ ਆਵਿਰਤੀ ਨਾਲ ਯਮਕ ਅਲੰਕਾਰ ਦੀ ਵੀ ਯੋਜਨਾ ਏਥੇ ਪਾਈ ਜਾਂਦੀ ਹੈ।[6]

---

1. ਦੇਖੋ: ੳ) ਵਿਸ਼ਵ ਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗਰਾਮ ਸ਼ਾਸਤ੍ਰੀ) ਪੰਨੇ 105,110.
   ਅ) ਰਾਮ ਦਹਿਨ ਮਿਸ਼ਰ, 'ਕਾਵਿਯ ਦਰਪਣ', ਪੰਨੇ 151,177.
   ੲ) ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ' ਭਾਗ ਦੂਜਾ, ਪੰਨੇ 75,82.
2. ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗਰਾਮ ਸ਼ਾਸਤ੍ਰੀ), ਪੰਨਾ 108.
3. ਦੇਖੋ: ਡਾ. ਸਤਦੇਵ ਚੌਧਰੀ, 'ਅਲੰਕਾਰ ਸੰਪਰਦਾਇ', ਪੰਨੇ 7,9.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 419.
5. ਉਹੀ, ਪੰਨਾ 436.
6. ਸਾਹਿਤਯ ਸ਼ਾਸਤ੍ਰ ਦੇ ਅਨੁਸਾਰ ਇਕ ਸ਼ਬਦ ਦੀ ਆਵਿਰਤੀ ਨੂੰ ਯਮਕ ਕਿਹਾ ਜਾਂਦਾ ਹੈ। ਕਈ ਵਾਰ ਇਸਨੂੰ ਸ਼ਬਦ ਅਲੰਕਾਰ ਅਤੇ ਨਾਲ ਹੀ ਅਰਥ ਅਲੰਕਾਰ ਵੀ ਮੰਨਿਆ ਜਾਂਦਾ ਹੈ।

ੲ) ਖਰਾ ਖਰਾ ਆਖੈ ਸਭ ਕੋਇ। ਖਰਾ ਰਤਨ ਜੁਗ ਚਾਰੇ ਹੋਇ॥[1]

ਇਸ ਤੁਕ ਵਿਚ 'ਖ' ਦੀ ਵਰਤੋਂ ਚਾਰ ਵਾਰ ਹੋਈ ਹੈ। ਇਸੇ ਤਰ੍ਹਾਂ 'ਰ' ਦੀ ਵਰਤੋਂ ਪੰਜ ਵਾਰ ਕੀਤੀ ਗਈ ਹੈ। ਇਸ ਨਾਲ ਸ਼ਾਂਤ ਰਸ ਦੇ ਅਨੁਕੂਲ ਵਰਣ ਯੋਜਨਾ ਇਥੇ ਮਿਲਦੀ ਹੈ।

ਸ) ਬਾਨ ਬਨੰਤਰ ਰਵਿ ਰਹਿਆ, ਗੁਰ ਸਬਦੀ ਵੀਚਾਰੁ।[2]

ਇਸ ਤੁਕ ਵਿਚ 'ਰ' ਪੰਜ ਵਾਰੀ ਅਤੇ 'ਬ' ਦੋ ਵਾਰੀ ਆਇਆ ਹੈ।

ਹ) ਦਾਰਦੁ ਭੰਜਨ ਦੁੱਖ ਦਲਨ ਗੁਰਮੁਖ ਗਿਆਨ ਧਿਆਨ।[3]

ਇਸ ਤੁਕ ਵਿਚ 'ਦ' ਚਾਰ ਵਾਰੀ, 'ਨ' ਦੋ ਵਾਰੀ ਅਤੇ 'ਨ' ਚਾਰ ਵਾਰੀ ਆਇਆ ਹੈ। ਭੰਜਨ ਦੀ ਟਿੱਪੀ ਅਨੁਪ੍ਰਾਸ ਦੀ ਸਭ ਤੋਂ ਵੱਡੀ ਉਪਲਬਧੀ ਹੈ। ਕਿਉਂਕਿ ਇਸਦੇ ਨਾਲ ਸੰਗੀਤ ਦੇ ਵਾਤਾਵਰਣ ਦੀ ਸਿਰਜਣਾ ਹੁੰਦੀ ਹੈ।

ਕ) ਭੰਨਿ ਭੰਨਿ ਘੜੀਐ ਘੜਿ ਘੜਿ ਭੱਜੈ ਢਾਹਿ ਉਸਾਰੇ ਉਸਰੇ ਢਾਹੈ।[4]

ਇਸ ਤੁਕ ਵਿਚ 'ਭ' ਦੋ ਵਾਰ, 'ਘ' ਤਿੰਨ ਵਾਰ ਅਤੇ 'ਢ' ਦੋ ਵਾਰੀ ਆਇਆ ਹੈ। ਹਾਲਾਂਕਿ 'ਭ' ਅਤੇ 'ਢ' ਖਰਵੇ ਅੱਖਰ ਹਨ ਪਰ ਅਦਭੁਤ ਰਸ ਦੀ ਸਿਰਜਣਾ ਲਈ ਇਥੇ ਇਹਨਾਂ ਦੀ ਵਰਤੋਂ ਕੀਤੀ ਗਈ ਹੈ।

ਖ) ਹਰਜ ਗਰਜ ਬਰਖਤ ਸਰ ਭਰਨਾ।[5]

ਇਸ ਤੁਕ ਵਿਚ 'ਰ' ਪੰਜ ਵਾਰ 'ਗ' ਦੋ ਵਾਰ ਆਇਆ ਹੈ। ਇਹਨਾਂ ਅੱਖਰਾਂ ਦੇ ਦੁਹਰਾ ਨਾਲ ਵਰਖਾ ਦਾ ਵਾਤਾਵਰਣ ਤਿਆਰ ਕੀਤਾ ਗਿਆ ਹੈ।

ਖ਼ <u>ਅਰਥ ਅਲੰਕਾਰ</u>

ਕਾਵਿ ਸ਼ਾਸਤ੍ਰੀਆਂ ਦੇ ਅਨੁਸਾਰ ਅਰਥ ਅਲੰਕਾਰ ਅਰਥ ਦੇ ਉਤੇ ਨਿਰਭਰ ਰਹਿੰਦੇ ਹਨ ਅਰਥਾਤ ਸ਼ਬਦ ਨੂੰ ਹਟਾ ਦੇਣ ਤੋਂ ਵੀ ਅਲੰਕਾਰ ਨਸ਼ਟ ਨਹੀਂ ਹੁੰਦਾ; ਜਿਵੇਂ 'ਉਹ ਸ਼ੇਰ ਹੈ' ਵਿਚ ਸ਼ੇਰ ਦੀ ਥਾਂ ਕੋਈ ਹੋਰ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 443.
2. ਉਹੀ, ਪੰਨਾ 444.
3. ਉਹੀ, ਪੰਨਾ 444.
4. ਉਹੀ, ਪੰਨਾ 445.
5. ਉਹੀ, ਪੰਨਾ 473.

ਸ਼ਬਦ ਜਿਵੇਂ 'ਸਿੰਘ' ਜਾਂ 'ਕੇਹਰੀ' ਰਖਣ ਤੋਂ ਪਿੱਛੋਂ ਵੀ ਇਥੇ ਰੂਪਕ ਅਲੰਕਾਰ ਹੀ ਰਹਿੰਦਾ ਹੈ। ਪਰੰਤੂ ਸ਼ਬਦ ਅਲੰਕਾਰਾਂ ਵਿਚ ਇਸ ਤੋਂ ਉਲਟ ਸਥਿਤੀ ਹੁੰਦੀ ਹੈ। ਉੱਥੇ ਸ਼ਬਦ ਬਦਲਣ ਨਾਲ ਅਲੰਕਾਰ ਨਸ਼ਟ ਹੋ ਜਾਂਦਾ ਹੈ।[1]

ਅਰਥ ਅਲੰਕਾਰਾਂ ਦੇ ਕਈ ਵਰਗ ਬਣਾਏ ਜਾਂਦੇ ਹਨ। ਇਹਨਾਂ ਵਿਚੋਂ ਮੁੱਖ ਵਰਗ[2] ਦੋ ਹਨ:

1) ਸਮਾਨਤਾ ਮੂਲਕ ਅਲੰਕਾਰ,
2) ਅਸਮਾਨਤਾ ਮੂਲਕ ਅਲੰਕਾਰ।

ਸਮਾਨਤਾ ਮੂਲਕ ਅਲੰਕਾਰਾਂ ਵਿਚ ਦੋ ਚੀਜ਼ਾਂ ਜਾਂ ਗੁਣਾਂ ਦੀ ਸਮਾਨਤਾ ਦੱਸੀ ਜਾਂਦੀ ਹੈ; ਜਿਵੇਂ 'ਚੰਨ ਵਰਗਾ ਮੂੰਹ'। ਇਸ ਤੋਂ ਉਲਟ ਅਸਮਾਨਤਾ ਮੂਲਕ ਅਲੰਕਾਰਾਂ ਵਿਚ ਦੋ ਚੀਜ਼ਾਂ ਦੀ ਅਸਮਾਨਤਾ ਦਰਸਾਈ ਜਾਂਦੀ ਹੈ।

### 1) ਉਪਮਾ ਅਲੰਕਾਰ

ਸਮਾਨਤਾ ਮੂਲਕ ਅਲੰਕਾਰਾਂ ਵਿਚ ਸਭ ਤੋਂ ਮੁੱਖ ਹੈ ਉਪਮਾ ਅਲੰਕਾਰ। ਉਪਮਾ ਦੇ ਚਾਰ ਅੰਗ ਹਨ ਅਤੇ ਉਪਮਾ ਦੇ ਕਈ ਭੇਦ ਮੰਨੇ ਜਾਂਦੇ ਹਨ।[3] ਆਮ ਤੌਰ ਤੇ ਸੰਤਾਂ ਅਤੇ ਗੁਰੂਆਂ ਨੇ ਇਸੇ ਅਲੰਕਾਰ ਦੀ ਵਰਤੋਂ ਵਧੇਰੇ ਕੀਤੀ ਹੈ ਕਿਉਂਕਿ ਇਹ ਅਲੰਕਾਰ ਸਹਿਜੇ ਅਤੇ ਸੁਭਾਵਿਕ ਹੀ ਕਵਿਤਾ ਵਿਚ ਆ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ ਉਪਮਾ ਅਲੰਕਾਰ ਦੀ ਵਰਤੋਂ ਦੇ ਕੁਝ ਉਦਾਹਰਣ ਇਸ ਪ੍ਰਕਾਰ ਹਨ:

ਜਿਉ ਜਲ ਉਪਰਿ ਬਿੰਬ ਕਹਾਈ। ਤੈਸੇ ਆਤਮ ਮਹਿ ਬਿਖਯਾਈ॥
ਜੈਸੇ ਕਾਸੀ ਮਹਿ ਨਾਦੁ ਪ੍ਰਕਾਸੀ। ਉਲਟਿ ਨਾਦੁ ਕਾਸੀ ਰਲਿ ਜਾਸੀ॥
ਜੈਸੇ ਬਰਖਿ ਮੇਘ ਕੀ ਧਾਰਾ। ਤਿਸ ਸੌ ਚਲੈ ਹੋਯ ਅਗਮ ਅਪਾਰਾ॥[4]

ਇਹਨਾਂ ਤੁਕਾਂ ਵਿਚ ਜਿਉ, ਜੈਸੇ, ਤੈਸੇ ਆਦਿ ਉਪਮਾ ਵਾਚਕ ਸ਼ਬਦਾਂ ਰਾਹੀਂ ਦੋ ਚੀਜ਼ਾਂ ਦੀ ਅਧਿਆਤਮਿਕ ਸਮਾਨਤਾ ਦੱਸੀ ਗਈ ਹੈ। ਇਸ ਲਈ ਇਥੇ ਪੂਰਨ ਉਪਮਾ ਅਲੰਕਾਰ ਹੈ।

ਜਯੋਂ ਮਹਿ ਸਿਉ ਬਾਸਨੁ ਰਚੈ ਕੰਚਨ ਭੂਸ਼ਣਹਾਰ।
ਨਾਨਕ ਐਸੇ ਆਤਮਾ ਤਯੋਂ ਹੀ ਜਗ ਬਿਉਹਾਰ॥[5]

---

1. ਦੇਖੋ: ੳ) ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ', ਭਾਗ ਪਹਿਲਾ, ਪੰਨੇ 7,11.
   ਅ) ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗ ਰਾਮ ਸ਼ਾਸਤ੍ਰੀ), ਪੰਨੇ 70,75.
2. ਦੇਖੋ: a) P.B. Kane, History of Sanskrit Poetics, pp. 105,111.
   b) ਵਿਸ਼ਵੇਸ਼ਵਰ, 'ਹਿੰਦੀ ਅਭਿਨਵ ਭਾਰਤੀ', ਪੰਨੇ 20-37.
3. ਦੇਖੋ: ੳ) ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗ ਰਾਮ ਸ਼ਾਸਤ੍ਰੀ) ਪੰਨੇ 210-215.
   ਅ) ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ ਕਾ ਇਤਿਹਾਸ', ਭਾਗ ਦੂਜਾ, ਪੰਨੇ 125, 127.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 413.
5. ਉਹੀ, ਪੰਨਾ 414.

ਇਸ ਸ੍ਲੋਕ ਵਿਚ ਮਿੱਟੀ ਤੇ ਸੋਨੇ ਦੀ ਉਪਮਾਵਾਚੀ ਸ਼ਬਦਾਂ ਰਾਹੀਂ ਸਮਾਨਤਾ ਪ੍ਰਗਟ ਕੀਤੀ ਗਈ ਹੈ, ਇਸ ਲਈ ਇਥੇ ਉਪਮਾ ਅਲੰਕਾਰ ਹੈ।

ਇਸ ਮਾਯਾ ਜਗ ਸਗਲਾ ਖਾਯਾ।
ਅਮਰਵੇਲ ਜਿਉ ਬਿਰਛ ਸੁਖਾਯਾ॥[1]

ਇਸ ਤੁਕ ਵਿਚ 'ਮਾਯਾ' ਅਤੇ 'ਅਮਰਵੇਲ', 'ਜੱਗ' ਅਤੇ 'ਬਿਰਛ' ਦੀ ਸਮਾਨਤਾ ਪ੍ਰਗਟ ਕੀਤੀ ਗਈ ਹੈ। ਪ੍ਰਕ੍ਰਿਤੀ ਦੇ ਖੇਤਰ ਵਿਚੋਂ ਲਈ ਗਈ ਇਹ ਉਪਮਾ ਬਹੁਤ ਕਲਾਤਮਕ ਹੈ।

ਜੋਗ ਜੁਗਤਿ ਤੇਰੇ ਮਨ ਮਾਹੀ ਜਯੋਂ ਚੰਦ ਚਾਂਦਨੀ ਰਾਤਿ।[2]

ਜੋਗ ਜੁਗਤਿ ਅਤੇ ਚਾਂਦਨੀ ਰਾਤ ਦੀ ਤੁਲਨਾ ਕੀਤੀ ਗਈ ਹੈ ਅਤੇ ਇਹ ਦੋਵੇਂ ਬਿੰਬ ਕਾਵਿ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਹਨ।

ਜਯੋਂ ਸਿਆਹੀ ਪਰ ਰੰਗੁ ਨ ਹੋਈ।
ਬਿਖਯਾ ਤਯਾਗਿ ਮਨੁ ਲਗੈ ਨਾ ਕੋਈ॥[3]

ਸਿਆਹੀ ਅਤੇ ਬਿਖਯਾ ਦੀ ਸਮਾਨਤਾ ਇਸ ਤੁਕ ਵਿਚ ਪ੍ਰਗਟਾਈ ਗਈ ਹੈ ਅਤੇ ਉਪਮਾ ਅਲੰਕਾਰ ਦਾ ਇਹ ਸੁੰਦਰ ਉਦਾਹਰਣ ਕਿਹਾ ਜਾ ਸਕਦਾ ਹੈ।

ਇਹਨਾਂ ਉਦਾਹਰਣਾਂ ਤੋਂ ਛੁਟ ਉਪਮਾ ਅਲੰਕਾਰ ਦੇ ਇਹ ਰੂਪ ਵੀ ਬਹੁਤ ਸੁਹਣੇ ਹਨ; ਜਿਵੇਂ ਭ੍ਰਿੰਗੀ (ਭਰੋਟ) ਦੇ ਉਦਾਹਰਣ ਤੋਂ ਅਧਿਆਤਮਕ ਅਤੇ ਮਾਨਸਿਕ ਪਰਿਵਰਤਨ ਦਾ ਸੰਕੇਤ ਦਿੱਤਾ ਗਿਆ ਹੈ।[4] ਇਸੇ ਤਰ੍ਹਾਂ ਜਲ ਤੇ ਕੁੰਭ ਦਾ ਪ੍ਰਸਿੱਧ ਵੇਦਾਂਤੀ ਉਪਮਾ ਦਾ ਉਦਾਹਰਣ ਵੀ ਪ੍ਰਾਣ-ਸੰਗਲੀ ਵਿਚ ਮਿਲਦਾ ਹੈ। ਇਸ ਤੋਂ ਇਹ ਸਿੱਧ ਕੀਤਾ ਜਾਂਦਾ ਹੈ ਕਿ ਜਲ ਘੜੇ ਵਿਚ ਪਿਆ ਸੀਮਿਤ ਹੁੰਦਾ ਹੈ। ਘੜੇ ਦੇ ਟੁਟਣ ਮਗਰੋਂ ਇਹ ਪਾਣੀ ਆਪਣੀਆਂ ਸੀਮਾਵਾਂ ਤੋੜਕੇ ਅਸੀਮ ਹੋ ਜਾਂਦਾ ਹੈ।[5]

ਇਕ ਥਾਂ ਤੇ ਤੋਤੇ ਅਤੇ ਸਿੰਬਲ ਦੇ ਲਾਲ ਫੁੱਲ ਦੀ ਉਪਮਾ ਦਿੱਤੀ ਗਈ ਹੈ ਅਤੇ ਇਹ ਸਿੱਧ ਕੀਤਾ ਗਿਆ ਹੈ ਕਿ ਸੰਸਾਰ ਦੀ ਰੰਗ ਬਰੰਗੀ ਮਾਇਆ ਦੇ ਨਾਲ ਟੱਕਰ ਮਾਰਨ ਤੋਂ ਕੁਝ ਹਾਸਲ ਨਹੀਂ ਹੁੰਦਾ ਹੈ।[6]

ਅੰਤ ਵਿਚ ਉਪਮਾ ਅਲੰਕਾਰ ਦੀ ਵਰਤੋਂ ਬਾਰੇ ਇਹ ਕਹਿਣਾ ਜ਼ਰੂਰੀ ਹੈ ਕਿ ਇਸ ਅਲੰਕਾਰ ਦੀ ਵਰਤੋਂ ਨਾਲ ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀ ਅਧਿਆਤਮਕ ਦ੍ਰਿਸ਼ਟੀ ਨੂੰ ਪ੍ਰਗਟਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 485.
2. ਉਹੀ, ਪੰਨਾ 487.
3. ਉਹੀ, ਪੰਨਾ 490.
4. ਉਹੀ, ਪੰਨਾ 481.
5. ਉਹੀ, ਪੰਨਾ 486.
6. ਉਹੀ, ਪੰਨਾ 490.

ਕੇਵਲ ਅਲੰਕਾਰ ਦੇ ਪ੍ਰਦਰਸ਼ਨ ਲਈ ਉਸਨੇ ਇਸ ਅਲੰਕਾਰ ਦੀ ਵਰਤੋਂ ਨਹੀਂ ਕੀਤੀ।

2) ਰੂਪਕ

ਸਮਾਨਤਾ ਮੂਲਕ ਅਲੰਕਾਰਾਂ ਵਿਚ ਰੂਪਕ ਅਲੰਕਾਰ ਵੀ ਬਹੁਤ ਮਹੱਤਵਪੂਰਨ ਹੈ। ਇਸ ਦੀ ਰਚਨਾ ਉਪਮਾਨ ਅਤੇ ਉਪਮੇਯ ਦੀ ਏਕਤਾ ਨਾਲ ਕੀਤੀ ਜਾਂਦੀ ਹੈ; ਜਿਵੇਂ 'ਮੁੱਖ ਚੰਦ੍ਰਮਾ ਦੇ ਸਮਾਨ ਸੁੰਦਰ ਹੈ'। ਇਹ ਉਪਮਾ ਅਲੰਕਾਰ ਦਾ ਉਦਾਹਰਣ ਹੈ। 'ਸਮਾਨ' ਅਤੇ 'ਸੁੰਦਰ' ਇਹਨਾਂ ਦੋਹਾਂ ਸ਼ਬਦਾਂ ਨੂੰ ਕੱਢ ਕੇ 'ਮੁੱਖ ਚੰਦ੍ਰਮਾ ਹੈ' — ਇਹ ਰੂਪਕ ਦਾ ਉਦਾਹਰਣ ਬਣ ਜਾਂਦਾ ਹੈ। ਸ਼ਾਸਤ੍ਰੀ ਦ੍ਰਿਸ਼ਟੀ ਤੋਂ ਉਪਮਾਨ ਅਤੇ ਉਪਮੇਯ ਦਾ ਆਰੋਪ ਰੂਪਕ ਅਲੰਕਾਰ ਦਾ ਲੱਛਣ ਮੰਨਿਆ ਜਾਂਦਾ ਹੈ।[1]

ਰੂਪਕ ਅਲੰਕਾਰ ਆਮ ਵਰਤੋਂ ਵਿਚ ਆਉਂਦਾ ਹੈ ਕਿਉਂਕਿ ਇਸ ਦੇ ਰਾਹੀਂ ਕਵੀ ਆਪਣੇ ਭਾਵਾਂ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਂਦਾ ਹੈ। ਮੁੱਖ ਨੂੰ ਚੰਦ੍ਰਮਾ ਦੇ ਸਮਾਨ ਕਹਿਣ ਨਾਲ ਮੁੱਖ ਦੀ ਸ਼ੋਭਾ ਤਾਂ ਪ੍ਰਗਟ ਹੁੰਦੀ ਹੈ ਪਰ ਮੁਖ ਨੂੰ ਹੀ ਚੰਦ੍ਰਮਾ ਕਹਿਣ ਨਾਲ ਕਥਨ ਵਿਚ ਵਧੇਰੇ ਚਮਤਕਾਰ ਆ ਜਾਂਦਾ ਹੈ। ਇਸ ਮੁਢਲੀ ਦ੍ਰਿਸ਼ਟੀ ਨਾਲ ਰੂਪਕ ਅਲੰਕਾਰ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਾਣ-ਸੰਗਲੀ ਦੇ ਲੇਖਕ ਨੇ ਵੀ ਥਾਂ ਥਾਂ ਤੇ ਰੂਪਕ ਅਲੰਕਾਰ ਦੀ ਵਰਤੋਂ ਕੀਤੀ ਹੈ। ਉਸਦਾ ਦ੍ਰਿਸ਼ਟੀਕੋਣ ਕਾਵਿ ਸ਼ਾਸਤ੍ਰ ਦਾ ਵਿਵੇਚਨ ਕਰਨਾ ਤੇ ਨਹੀਂ ਹੈ ਪਰ ਆਪਣੇ ਮੰਤਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨਾ ਅਤੇ ਅਧਿਆਤਮਕ ਵਾਤਾਵਰਣ ਦੀ ਸਿਰਜਣਾ ਕਰਨਾ ਉਸਦਾ ਉਦੇਸ਼ ਹੈ। ਇਸ ਉਦੇਸ਼ ਦੀ ਪੂਰਤੀ ਲਈ ਲੇਖਕ ਨੇ ਸ਼ਾਂਤ ਰਸ ਨੂੰ ਪ੍ਰਗਟਾਉਣ ਲਈ ਅਧਿਆਤਮਕ ਵਾਤਾਵਰਣ ਦੀ ਸਿਰਜਣਾ ਲਈ ਅਤੇ ਆਪਣੇ ਕਥਨ ਨੂੰ ਮਾਰਮਿਕਤਾ ਪ੍ਰਦਾਨ ਕਰਨ ਲਈ ਰੂਪਕ ਅਲੰਕਾਰ ਦੀ ਸੁਚੱਜੀ ਵਰਤੋਂ ਕੀਤੀ ਹੈ।

ਪ੍ਰਾਣ-ਸੰਗਲੀ ਵਿਚੋਂ ਰੂਪਕ ਦੇ ਇਹ ਉਦਾਹਰਣ ਦੇਖਣ ਯੋਗ ਹਨ:

ਕਨਕਗੜ੍ਹ: ਮਨੁੱਖੀ ਸਰੀਰ ਨੂੰ ਇਕ ਗੜ੍ਹ ਜਾਂ ਕਿਲੇ ਦਾ ਰੂਪ ਦੇਣਾ ਪੁਰਾਣੀ ਪਰੰਪਰਾ ਹੈ। ਕਾਇਆ ਦੇ ਉੱਤੇ ਗੜ੍ਹ ਦਾ ਆਰੋਪ ਸੂਫ਼ੀਆਂ, ਸੰਤਾਂ ਅਤੇ ਯੋਗੀਆਂ ਨੇ ਕਈ ਥਾਵਾਂ ਤੇ ਕੀਤਾ ਹੈ। ਗੋਰਖ ਨਾਥ ਨੇ ਕਾਇਆ ਨੂੰ 'ਕੰਚਨ ਗੜ੍ਹ' ਵੀ ਕਿਹਾ ਹੈ।[2]

ਪ੍ਰਾਣ-ਸੰਗਲੀ ਵਿਚ ਰੌਦ੍ਰ ਰਸ ਦੇ ਅਧਿਆਤਮਕ ਸੰਕੇਤ ਨੂੰ ਕਾਯਾ ਗੜ੍ਹ ਦੇ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

> ਕਨਕ ਏਕ ਗੜ੍ਹ ਕੀਆ ਬਨਾਈ।
> ਤਿਸੁ ਗੜ੍ਹ ਮਹਿ ਮਨੁ ਵਸਿਆ ਆਈ॥[3]

---

1. ਦੇਖੋ: ਵਿਸ਼ਵਨਾਥ, 'ਸਾਹਿਤ ਦਰਪਣ' (ਟੀਕਾਕਾਰ: ਸਾਲਗ ਰਾਮ ਸ਼ਾਸਤ੍ਰੀ), ਪੰਨੇ218,221.
2. 'ਗੋਰਖਬਾਣੀ' (ਸੰਪਾ. ਪੀਤਾਂਬਰ ਦੱਤ ਬੜਥਵਾਲ), ਪੰਨਾ 116.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 770.

ਗੜ੍ਹ ਦੇ ਇਸ ਰੂਪਕ ਨੂੰ ਇਸੇ ਪਉੜੀ ਵਿਚ ਇਸ ਤਰ੍ਹਾਂ ਹੋਰ ਵਿਸਥਾਰ ਵੀ ਦਿੱਤਾ ਗਿਆ ਹੈ ਕਿ 'ਰਾਮ ਨਾਮ' ਇਸ ਗੜ੍ਹ ਦਾ ਹਥਿਆਰ ਹੈ। ਸ਼ਬਦ ਇਸ ਗੜ੍ਹ ਦਾ ਖੜਗ ਹੈ, ਗਿਆਨ ਦਾ ਘੋੜਾ ਹੈ, ਜਤ ਸਤ ਦੀ ਜੀਨ ਹੈ, ਧੀਰਜ ਦੀ ਢਾਲ ਹੈ, ਪ੍ਰੇਮ ਦਾ ਧਨੁਸ਼ ਹੈ – ਇਹ ਸਾਰੀ ਵੀਰ ਰਸ ਦੀ ਸਾਮਗ੍ਰੀ ਇਸ ਪਉੜੀ ਵਿਚ ਬੜੇ ਕਲਾਤਮਕ ਢੰਗ ਨਾਲ ਪ੍ਰਸਤੁਤ ਕੀਤੀ ਗਈ ਹੈ।[1]

ਇਸੇ ਸੰਦਰਭ ਵਿਚ ਸੁਰਤੀ ਨੂੰ ਸੁਰੰਗ ਦੱਸਿਆ ਗਿਆ ਹੈ ਅਤੇ ਇਸ ਸੁਰੰਗ ਦੇ ਰਾਹੀਂ ਮਨ (ਸਾਧਕ) ਇਸ ਗੜ੍ਹ ਵਿਚ ਪ੍ਰਵੇਸ਼ ਕਰਦਾ ਹੈ।[2]

ਪਰੰਪਰਿਤ ਰੂਪਕ: ਗੜ੍ਹ ਨੂੰ ਕਾਯਾ ਦਾ ਰੂਪਕ ਦੇਣਾ ਅਤੇ ਗੜ੍ਹ ਦੀ ਪੂਰੀ ਵਿਵਸਥਾ ਨੂੰ ਅਧਿਆਤਮਕ ਸੰਦਰਭ ਵਿਚ ਪ੍ਰਸਤੁਤ ਕਰਨ ਦਾ ਇਹ ਬਹੁਤ ਉੱਚਾ ਤੇ ਸੁੱਚਾ ਯਤਨ ਹੈ। ਇਸ ਤੋਂ ਛੁਟ ਇਸ ਰੂਪਕ ਨੂੰ ਪਰਿਭਾਸ਼ਿਕ ਸ਼ਬਦਾਵਲੀ ਵਿਚ ਪਰੰਪਰਿਤ ਰੂਪਕ ਕਿਹਾ ਜਾਂਦਾ ਹੈ।

ਗਿਆਨ ਖੜਗ ਅਤੇ ਗਿਆਨ ਰਤਨ: ਗਿਆਨ ਨੂੰ ਖੜਗ ਦਾ ਰੂਪਕ ਦੇਣ ਦੀ ਪ੍ਰਵਿਰਤੀ ਸੰਤ ਸਾਹਿਤ੍ਯ ਵਿਚ ਆਮ ਤੌਰ ਤੇ ਪਾਈ ਜਾਂਦੀ ਹੈ। ਕਬੀਰ ਨੇ ਗਿਆਨ ਦਾ ਖੰਡਾ ਅਤੇ ਗਿਆਨ ਦੀ ਹਨੇਰੀ ਦਾ ਉਲੇਖ ਕਈ ਥਾਵਾਂ ਤੇ ਕੀਤਾ ਹੈ।

ਪ੍ਰਾਣ-ਸੰਗਲੀ ਵਿਚ ਇਸ ਰੂਪਕ ਦੀ ਵਰਤੋਂ ਕਈ ਥਾਵਾਂ ਤੇ ਇਸ ਤਰ੍ਹਾਂ ਕੀਤੀ ਗਈ ਹੈ:

ਗਿਆਨ ਖੜਗ ਲੈ ਤਿਨ ਕਉ ਮਾਰੈ।[3]

ਇਥੇ 'ਤਿਨ ਕਉ' ਦਾ ਸੰਕੇਤ ਪੰਜ ਇੰਦ੍ਰੀਆਂ ਨਾਲ ਹੈ। ਇਸੇ ਤਰ੍ਹਾਂ ਇਕ ਹੋਰ ਥਾਂ ਤੇ:

ਗਿਆਨ ਖੜਗੁ ਲਹੀ ਫੋੜੀਐ, ਦੇਖੈ ਜੋਖ ਮੈ ਲਾਈ।
ਸਹਜੇ ਦੂਸਰ ਜਾਯਗੋ, ਜਬ ਏਕੈ ਠਹਿਰਾਈ॥[4]

ਭਾਵ ਇਹ ਹੈ ਕਿ ਗਿਆਨ ਦੇ ਖੜਗ ਨਾਲ ਦ੍ਵੈਤ ਭਾਵ ਨੂੰ ਕੱਟਿਆ ਜਾਂਦਾ ਹੈ ਅਤੇ ਉਸ ਤੋਂ ਪਿੱਛੋਂ ਸਾਧਕ ਨੂੰ ਅਦ੍ਵੈਤ ਭਾਵ ਦੀ ਪ੍ਰਾਪਤੀ ਹੁੰਦੀ ਹੈ। ਇਸੇ ਭਾਵ ਨੂੰ ਇਸ ਤਰ੍ਹਾਂ ਵੀ ਪ੍ਰਗਟਾਇਆ ਗਿਆ ਹੈ:

ਗਿਆਨ ਖੜਗ ਲੈ ਇਹੁ ਮਨ ਪਕੜੈ।

ਤ੍ਰਿਆ ਬਾਘਨੀ, ਤ੍ਰਿਆ ਨਾਗਨੀ: ਨਿਰਗੁਣ ਵਿਚਾਰਧਾਰਾ ਦੇ ਲੋਕਾਂ ਨੇ ਇਸਤ੍ਰੀ ਨੂੰ ਸਾਧਨਾ ਮਾਰਗ ਵਿਚ ਇਕ ਬਹੁਤ ਵੱਡਾ ਵਿਘਨ ਮੰਨਿਆ ਹੈ। ਸਿੱਧਾਂ, ਨਾਥਾਂ ਅਤੇ ਬਹੁਤ ਸਾਰੇ ਸੰਤਾਂ ਨੇ ਇਸ ਪਰੰਪਰਾ ਦਾ ਸਮਰਥਨ ਕੀਤਾ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 770.
2. ਉਹੀ, ਪੰਨਾ 770.
3. ਉਹੀ, ਪੰਨਾ 427.
4. ਉਹੀ, ਪੰਨਾ 484.

ਹੈ। ਪ੍ਰਾਣ-ਸੰਗਲੀ ਵਿਚ ਨਾਰੀ ਦੇ ਬਾਰੇ ਇਸ ਤਰ੍ਹਾਂ ਦੇ ਰੂਪਕਾਂ ਦੀ ਵਰਤੋਂ ਥਾਂ ਥਾਂ ਤੇ ਹੋਈ ਹੈ:

> ਕਹਿ ਨਾਨਕ ਤਿਰਿਆ ਬਾਘਨੀ, ਗ੍ਰਸਿ ਹੈ ਪਿੰਡ ਪ੍ਰਾਨੁ।[1]

ਤ੍ਰਿਆ ਨੂੰ 'ਬਾਘਨ' ਦਾ ਇਹ ਰੂਪਕ ਦੇਣਾ ਜਿੱਥੇ ਪ੍ਰਕ੍ਰਿਤੀ ਦੇ ਖੇਤਰ ਵਿਚੋਂ ਲਏ ਗਏ ਇਕ ਬਿੰਬ ਦੀ ਬਹੁਤ ਸੁਚੱਜੀ ਵਰਤੋਂ ਹੈ, ਉੱਥੇ ਬਾਘਨ ਦੇ ਭਿਆਨਕ ਰੂਪ ਅਤੇ ਉਸਦੀ ਕਰੂਪਤਾ ਦਾ ਵੀ ਇਕ ਸਫਲ ਚਿਤਰ ਉਲੀਕਿਆ ਗਿਆ ਹੈ।

ਇਸੇ ਤਰ੍ਹਾਂ ਕੁਝ ਥਾਵਾਂ ਤੇ ਇਸਤ੍ਰੀ ਨੂੰ ਨਾਗਨ ਦਾ ਰੂਪਕ ਦਿੱਤਾ ਗਿਆ ਹੈ:

> ਇਹ ਤ੍ਰਿਯਾ ਹੈ ਨਾਗਨੀ ਸਗਲ ਜਗਤ ਕਉ ਖਾਇ।
> ਤਾ ਕੇ ਡਸੇ ਨਾ ਉਬਰੇ, ਦੇਖੇ ਚਿਤੁ ਕਉ ਲਾਇ॥[2]

ਸਾਧਨਾ ਵਿਚ ਨਾਰੀ ਨੂੰ ਵਿਘਨ ਦੇ ਰੂਪਕ ਰਾਹੀਂ ਪ੍ਰਗਟਾਇਆ ਗਿਆ ਹੈ।[3]

ਪ੍ਰਾਣ-ਸੰਗਲੀ ਵਿਚ ਇਕ ਥਾਂ ਤੇ ਨਾਰੀ ਨੂੰ ਦੀਪਕ ਦਾ ਰੂਪਕ ਵੀ ਦਿੱਤਾ ਗਿਆ ਹੈ। ਫ਼ਾਰਸੀ ਪ੍ਰਭਾਵ ਅਧੀਨ 'ਸ਼ਮਾ' ਅਤੇ 'ਪਰਵਾਨੇ' ਦੀ ਇਹ ਵਿਧਿਆ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਪ੍ਰਗਟ ਹੋਈ ਹੈ:

> ਦੀਪਕ ਨਾਰਿ ਪੁਰਖ ਪਤੰਗ।
> ਜੋ ਉਤਪਰੇ ਭਸਮ ਹੋਇ ਅੰਗੁ॥[4]

<u>ਪੰਚ ਚੰਡਾਲ</u> : ਚੰਡਾਲ ਸ਼ਬਦ ਬਹੁਤ ਨੀਚ ਅਤੇ ਨਿਖਿਧ ਕਰਮ ਕਰਨ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਪੰਜ ਇੰਦ੍ਰੀਆਂ ਨੂੰ ਪੰਜ ਚੰਡਾਲ ਦਾ ਰੂਪਕ ਦਿੱਤਾ ਹੈ ਅਤੇ ਸਰੀਰ ਵਿਚ ਉਹਨਾਂ ਦੀ ਹੋਂਦ ਨੂੰ ਸੀਮਿਤ ਕਰਨ ਲਈ ਸਾਧਕ ਨੂੰ ਕਿਹਾ ਹੈ:

> ਪੰਚ ਚੰਡਾਲ ਹਿਰੇ ਇਸ ਗੜ੍ਹ ਤੇ, ਸਭ ਮਹਿ ਰਵਿਆ ਸੋਈ।[5]

ਇਸ ਤੁਕ ਵਿਚ ਗੜ੍ਹ ਦਾ ਰੂਪਕ ਸਰੀਰ ਨੂੰ ਦਿੱਤਾ ਗਿਆ ਹੈ ਅਤੇ ਇਸ ਗੜ੍ਹ ਦੇ ਪੰਜ ਰਾਖੇ ਅਰਥਾਤ ਪੰਜ ਇੰਦ੍ਰੀਆਂ ਨੂੰ ਚੰਡਾਲ ਕਹਿਕੇ ਉਹਨਾਂ ਉਤੇ ਪੂਰਾ ਨਿਯੰਤ੍ਰਣ ਰਖਣ ਦੀ ਪ੍ਰੇਰਨਾ ਦਿੱਤੀ ਗਈ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.
2. ਦੇਖੋ: ਉਹੀ, ਪੰਨੇ 490-491.
3. ਗੁਰੂ ਨਾਨਕ ਦੇਵ ਜੀ ਨੇ ਨਾਰੀ ਨੂੰ ਨਿੰਦਣ ਵਾਲਿਆਂ ਦੀ ਨਿਖੇਧੀ ਕੀਤੀ ਹੈ ਪਰ ਸੰਤ ਸੰਪੂਰਣ ਸਿੰਘ ਨੇ ਆਪਣੀ ਪਦ-ਟਿੱਪਣੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਇਹ ਤੁਕ ਪੇਸ਼ ਕਰਦੇ ਹੋਏ ਪ੍ਰਾਣ-ਸੰਗਲੀ ਦੀ ਇਸ ਮਾਨਤਾ ਦੀ ਪ੍ਰੋੜ੍ਹਤਾ ਕੀਤੀ ਹੈ —'ਭੂੰਡੀ ਕਾਮਣਿ ਕਾਮਣਿਆਰ'। 'ਪ੍ਰਾਣ-ਸੰਗਲੀ, (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 491.
4. 'ਪ੍ਰਾਣ-ਸੰਗਲੀ', (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ : 472
5. ਉਹੀ, ਪੰਨਾ 469.

ਕੁਦਿਆ ਕਸਾਇਣ: ਕੁਦਯਾ ਤੋਂ ਭਾਵ ਹੈ ਕਠੋਰਤਾ ਜਾਂ ਦਯਾਹੀਣਤਾ; ਜਿਵੇਂ:

ਕੁਦਯਾ ਕਸਾਇਣ ਗਲ ਹੀ ਭੀਤਰਿ।[1]

ਸਿਖ-ਪੰਥੀ ਪਰੰਪਰਾਵਾਂ ਵਿਚ ਇਕ ਤੁਕ ਮਿਲਦੀ ਹੈ — 'ਦਯਾਵੰਤ ਦਰਵੇਸ਼ ਹੈ' — ਦਯਾ ਨੂੰ ਕਮਜ਼ੋਰਾਂ ਲਈ ਵਰਤਣ ਵਾਸਤੇ ਸਾਰੇ ਧਰਮਾਂ ਵਿਚ ਆਖਿਆ ਗਿਆ ਹੈ। ਦਯਾਹੀਣਤਾ ਰਾਹੀਂ ਮਨੁੱਖ, ਮਨੁੱਖ ਉੱਤੇ ਜਿਨੇ ਜ਼ੁਲਮ ਕਰਦਾ ਹੈ, ਉਹਨਾਂ ਦੀ ਨਿਖੇਧੀ ਸਾਰੇ ਮਹਾਂ-ਪੁਰਖਾਂ ਨੇ ਕੀਤੀ ਹੈ। ਇਸ ਦਯਾਹੀਣਤਾ ਨੂੰ ਕਸਾਇਣ ਦਾ ਰੂਪਕ ਦੇ ਕੇ ਪ੍ਰਾਣ-ਸੰਗਲੀ ਵਿਚ ਇਸਦੇ ਭਿਅੰਕਰ ਅਤੇ ਅਮਾਨਵੀ ਰੂਪ ਨੂੰ ਪ੍ਰਗਟਾਇਆ ਗਿਆ ਹੈ।

ਨਿੰਦਿਆ ਚੂਹੜੀ: ਦੂਜੇ ਦੀ ਨਿੰਦਿਆ ਚੁਗਲੀ ਕਰਨੀ ਸਭ ਤੋਂ ਨਿਖਿਧ ਕਰਮ ਦੱਸਿਆ ਗਿਆ ਹੈ। ਦੂਸਰੇ ਦੀ ਨਿੰਦਾ ਚੁਗਲੀ ਕਰਨਾ, ਦੂਸਰੇ ਦੀ ਗੰਦਗੀ ਨੂੰ ਚੁੱਕਣ ਦੇ ਸਮਾਨ ਹੈ। ਇਸ ਲਈ ਅਧਿਆਤਮਕ ਸਾਧਨਾ ਵਿਚ ਪਰਨਿੰਦਾ ਦੀ ਬਜਾਏ ਆਤਮ-ਨਿੰਦਾ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਪ੍ਰਾਣ-ਸੰਗਲੀ ਵਿਚ ਪਰ-ਨਿੰਦਾ ਨੂੰ ਚੂਹੜੀ ਦਾ ਰੂਪਕ ਦਿੱਤਾ ਗਿਆ ਹੈ:

ਇਸੁ ਗੜ ਮਹਿ ਇਕ ਬਸੈ ਚੂਹੜੀ ਪਰ ਨਿੰਦਿਆ ਸਦਾ ਕਰਾਵੈ।[2]

ਉਸਤਤਿ ਕਰੈ ਨਾ ਝੂਠੀ ਚੁਗੀ, ਅਹਿਨਿਸ ਨਿੰਦਾ ਰਾਤੀ।[3]

ਦੇਹ ਦੇਹੁਰਾ: 'ਜੋ ਪਿੰਡੇ ਸੋ ਬ੍ਰਹਿਮੰਡੇ' — ਇਕ ਪ੍ਰਸਿੱਧ ਅਖਾਣ ਹੈ। ਸੰਤਾਂ ਅਤੇ ਯੋਗੀਆਂ ਨੇ ਇਸੇ ਦ੍ਰਿਸ਼ਟੀ ਤੋਂ ਦੇਹ ਨੂੰ 'ਦੇਹੁਰਾ' ਦੱਸਿਆ। ਇਸ 'ਦੇਹੁਰੇ' ਵਿਚ ਆਤਮਾ ਜਾਂ ਪਰਮਾਤਮਾ ਦਾ ਨਿਵਾਸ ਮੰਨਿਆ ਗਿਆ ਹੈ। ਇਸੇ ਪਰੰਪਰਾ ਦਾ ਪਾਲਣ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:

ਦੇਹ ਦੇਹੁਰਾ ਮੁਖ ਹੈ ਦੁਆਰਾ। ਤਹ ਹੀ ਦੀਸੈ ਸਕਲ ਪਸਾਰਾ॥
ਅਹਿਨਿਸ ਬਾਣੀ ਘੰਟ ਵਜਾਵੈ। ਨਾਨਕ ਸੋ ਗੁਸਾਈ ਹਰਿ ਮਨਿ ਭਾਵੈ॥[4]

ਗੁਰ ਜਹਾਜ਼: ਗੁਰੂ ਨੂੰ ਭਵ-ਸਾਗਰ ਤੋਂ ਪਾਰ ਕਰਨ ਲਈ ਇਕ ਜਹਾਜ਼ ਮੰਨਿਆ ਜਾਂਦਾ ਹੈ। ਸਰਗੁਣ ਭਗਤਾਂ ਨੇ ਅਤੇ ਨਿਰਗੁਣ ਸਾਧਕਾਂ ਨੇ ਇਸ ਰੂਪਕ ਦੀ ਵਰਤੋਂ ਥਾਂ ਥਾਂ ਤੇ ਕੀਤੀ ਹੈ। ਪ੍ਰਾਣ-ਸੰਗਲੀ ਵਿਚ ਇਸ ਰੂਪਕ ਨੂੰ ਇਸ ਤਰ੍ਹਾਂ ਵਰਤਿਆ ਗਿਆ ਹੈ:

ਗੁਰੂ ਜਹਾਜ਼ ਜੋ ਪਾਰਿ ਉਤਾਰੇ।

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 468.
2. ਉਹੀ, ਪੰਨਾ 468.
3. ਉਹੀ, ਪੰਨਾ 468.
4. ਉਹੀ, ਪੰਨਾ 480.

ਗੁਰੂ ਦਰਿਆ: ਗੁਰੂ ਲਈ ਦਰਿਆ ਦਾ ਰੂਪਕ ਵੀ ਕਈ ਵਾਰੀ ਵਰਤਿਆ ਗਿਆ ਹੈ। ਗੁਰੂ ਘਰ ਵਿਚ – 'ਤਿਨ੍ਹਾਂ ਦਰਿਆਵਾਂ ਸਿਉ ਦੋਸਤੀ' – ਜਿਹੀਆਂ ਭਾਵਨਾਵਾਂ ਮਿਲਦੀਆਂ ਹਨ। ਦਰਿਆ ਦੇ ਰੂਪਕ ਰਾਹੀਂ ਦਰਿਆ ਦੀ ਨਿਰਮਲਤਾ, ਪਵਿੱਤਰਤਾ ਅਤੇ ਉਸਦੀ ਰਵਾਨੀ ਦਾ ਬਿੰਬ ਖੜ੍ਹਾ ਕੀਤਾ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਲੇਖਕ ਨੇ ਇਸ ਰੂਪਕ ਦੀ ਵਰਤੋਂ ਇੰਜ ਕੀਤੀ ਹੈ:

ਅਨਹਦੁ ਦਾਤਾ ਗੁਰੁ ਦਰਿਆਉ। ਅਚਰਜ ਵਸਤੁ ਘਰਿ ਦਈ ਬਤਾਉ॥[1]

ਸੰਸਾਰ ਬ੍ਰਿਛ: ਸੰਸਾਰ ਨੂੰ ਬ੍ਰਿਛ ਦੇ ਰੂਪ ਵਿਚ ਪ੍ਰਸਤੁਤ ਕਰਨ ਦੀ ਬਹੁਤ ਪੁਰਾਣੀ ਪਰੰਪਰਾ ਹੈ। ਭਗਵਤਗੀਤਾ ਵਿਚ ਇਸ ਸੰਸਾਰ ਨੂੰ ਬੋਹੜ ਦੇ ਬ੍ਰਿਛ ਰਾਹੀਂ ਪ੍ਰਗਟਾਇਆ ਗਿਆ ਹੈ।

ਪ੍ਰਾਣ-ਸੰਗਲੀ ਵਿਚ ਸੰਸਾਰ ਨੂੰ ਬ੍ਰਿਛ ਦਾ ਰੂਪਕ ਇਕ ਥਾਂ ਤੇ ਦਿੱਤਾ ਗਿਆ ਹੈ ਅਤੇ ਇਸ ਰੂਪਕ ਨੂੰ ਅੱਗੇ ਵਧਾਉਂਦੇ ਹੋਏ ਕਰਮਾਂ ਨੂੰ ਇਸ ਬ੍ਰਿਛ ਦਾ ਬੀਜ, ਮਨ ਦੀਆਂ ਵਾਸ਼ਨਾਵਾਂ ਨੂੰ ਇਸ ਬ੍ਰਿਛ ਦੀਆਂ ਜੜ੍ਹਾਂ, ਸਤ-ਰਜ-ਤਮ ਇਹਨਾਂ ਤਿੰਨਾਂ ਗੁਣਾਂ ਨੂੰ ਸੰਸਾਰ ਬ੍ਰਿਛ ਦੀਆਂ ਟਾਹਣੀਆਂ ਅਤੇ ਦਸਾਂ ਇੰਦ੍ਰੀਆਂ ਨੂੰ ਇਸ ਦੀਆਂ ਸ਼ਾਖਾਵਾਂ, ਕਫ, ਬਾਇ ਅਤੇ ਪਿੱਤ ਨੂੰ ਇਸ ਦੇ ਪੱਤੇ, ਪਾਪ ਅਤੇ ਪੁੰਨ ਨੂੰ ਇਸਦੇ ਫਲ, ਸੁੱਖ ਦੁੱਖ ਨੂੰ ਇਸਦੇ ਦੋ ਪੰਛੀ ਦੱਸਿਆ ਗਿਆ ਹੈ। ਪਰਿਭਾਸ਼ਿਕ ਸ਼ਬਦਾਵਲੀ ਵਿਚ ਇਸ ਨੂੰ ਪਰੰਪਰਿਤ ਰੂਪਕ ਕਿਹਾ ਜਾ ਸਕਦਾ ਹੈ।

ਸੰਸਾਰ ਬ੍ਰਿਖ ਕਹੁ ਕੈਸਾ ਕਹੈ। ... ... ... ॥
.. ... .... ... ...
ਬੀਜ ਕਰਮ ਜੜ ਵਾਸ਼ਨਾ ਜਾਕੇ ਤ੍ਰੈਗੁਣ ਸੰਧ ਤਤੁ ਡਾਲੀ ਹੈ ਥਾ ਕੇ॥
ਦਸ ਇੰਦ੍ਰੀ ਸਾਖ ਇਹੁ ਭਈ। ਪੱਤਰ ਕਫ ਬਾਇ ਪਿਤ ਸਭ ਗੁਣ ਠਈ॥
... ... ... ...
ਦੋ ਪੰਛੀ ਥੇ ਸੁੱਖ ਅਰੁ ਦੁੱਖ। ਨਾਨਕ ਪ੍ਰਗਟਿਆ ਸੰਸਾਰੀ ਰੁਖ॥[2]

ਇਸ ਦੇ ਵਿਪਰੀਤ ਅਧਿਆਤਮਕ ਸਾਧਨਾ ਦੇ ਫਲਸਰੂਪ ਇਸ ਸੰਸਾਰ ਨੂੰ ਅੰਮ੍ਰਿਤ ਬ੍ਰਿਛ ਦਾ ਵੀ ਰੂਪਕ ਦਿੱਤਾ ਗਿਆ ਹੈ:

ਅੰਮ੍ਰਿਤ ਬਿਰਖ ਸੁਹਾਵਣਾ ਫਲ ਲਾਗੇ ਗਹਿਰ ਗੰਭੀਰ।[3]

ਵਿੱਦਿਆ ਕੁਠਾਰ: ਸੰਸਾਰ ਬ੍ਰਿਛ ਨੂੰ ਕਟਣ ਲਈ ਗਿਆਨ ਦੇ ਕੁਹਾੜੇ ਦੀ ਲੋੜ ਦੱਸੀ ਗਈ ਹੈ। ਪ੍ਰਾਣ-ਸੰਗਲੀ ਵਿਚ ਇਸ ਪ੍ਰਾਚੀਨ ਰੂਪਕ ਦਾ ਨਿਭਾ ਇਸ ਤਰ੍ਹਾਂ ਕੀਤਾ ਗਿਆ ਹੈ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 418.
2. ਉਹੀ, ਪੰਨਾ 463.
3. ਉਹੀ, ਪੰਨਾ 746.

ਜਉ ਲਉ ਸੰਸਾਰ ਬ੍ਰਿਛ ਕਉ ਕਾਟੇ ਨਾਹੀ।।
ਤਬ ਲਉ ਨਾਨਕ ਬਿੱਦਿਆ ਕੁਠਾਰ ਰਾਖੈ ਹਥਿ ਮਾਹੀ।।[1]

### 3) ਅਤਿਸੁਯੋਕਤਿ ਅਲੰਕਾਰ

ਜਿੱਥੇ ਉਪਮੇਯ ਉਪਮਾਨ ਨੂੰ ਨਿਗਲ ਜਾਵੇ, ਉਥੇ ਅਤਿਸਯੋਕਤਿ ਅਲੰਕਾਰ ਹੁੰਦਾ ਹੈ।[2] ਪ੍ਰਾਣ-ਸੰਗਲੀ ਵਿਚ ਇਸ ਦੀ ਵਰਤੋਂ ਇਸ ਪ੍ਰਕਾਰ ਕੀਤੀ ਗਈ ਹੈ:

ਹੰਰਨ ਮਿਰਗੈ ਮਾਰਕੈ ਤਾਂ ਸੋਵਉ ਪਉ ਪਸਾਰਿ।
ਜਬ ਲਗ ਮਿਰਗ ਨਾ ਮਾਰੀਐ, ਵੇਖੀ ਨਹਿ ਦਰਬਾਰ।।[3]

ਇਥੇ ਮਨ ਉਪਮੇਯ ਹੈ ਅਤੇ ਹੰਰਨ ਮਿਰਗ ਉਸਦਾ ਉਪਮਾਨ। ਮਨ ਦਾ ਉਲੇਖ ਨਾ ਹੋਣ ਕਰਕੇ ਉਪਮਾਨ ਦਾ ਉਪਮੇਯ ਦੁਆਰਾ ਨਿਗਲਣ ਤੋਂ ਅਤਿਸੁਯੋਕਤਿ ਅਲੰਕਾਰ ਬਣਦਾ ਹੈ।

ਅਗਮ ਨਿਗਮ ਕਾ ਖੁਲੈ ਤਾਲਾ।[4]

ਅਗਮ ਦਾ ਅਰਥ ਹੈ ਜਿੱਥੇ ਮਨ ਦੀ ਪਹੁੰਚ ਨਾ ਹੋਵੇ ਅਤੇ ਨਿਗਮ ਦਾ ਭਾਵ ਹੈ ਸ਼ਾਸਤ੍ਰ। ਇਹਨਾਂ ਦੋਹਾਂ ਨੂੰ ਤਾਲੇ ਰਾਹੀਂ ਪ੍ਰਗਟਾਇਆ ਗਿਆ ਹੈ। ਇਸ ਲਈ ਇਥੇ ਅਤਿਸੁਯੋਕਤਿ ਅਲੰਕਾਰ ਹੈ।

ਪੰਚ ਚੋਰ ਲਾਗੇ ਇਸ ਸੰਗਾ।[5]

'ਪੰਚ ਚੋਰ' ਪੰਜ ਇੰਦ੍ਰੀਆਂ ਨੂੰ ਪ੍ਰਗਟਾਉਂਦੇ ਹਨ। ਉਪਮੇਯ ਦੁਆਰਾ ਉਪਮਾਨ ਨਿਗਲਿਆ ਗਿਆ ਹੈ, ਇਸ ਲਈ ਇਥੇ ਅਤਿਸੁਯੋਕਤਿ ਅਲੰਕਾਰ ਹੈ।

ਫੁੱਲ ਫੁੱਲ ਪਰ ਬਾਸ ਨਾ ਲੇਈ। ਕਿਸੇ ਪੁਹਪ ਕਉ ਦੁਖ ਨਾ ਦੇਈ।।[6]

ਫੁੱਲ ਦਾ ਭਾਵ ਹੈ ਸੰਸਾਰੀ ਪਦਾਰਥ। ਪਦਾਰਥਾਂ ਦਾ ਉਲੇਖ ਨਾ ਹੋਣ ਕਰਕੇ ਅਤੇ ਉਪਮੇਯ ਦੁਆਰਾ ਉਪਮਾਨ ਦਾ ਨਿਗਲਿਆ ਜਾਣ ਕਰਕੇ ਇਥੇ ਵੀ ਅਤਿਸੁਯੋਕਤਿ ਅਲੰਕਾਰ ਦੀ ਸਿਰਜਣਾ ਹੋਈ ਹੈ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 464.
2. ਦੇਖੋ: ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗਰਾਮ ਸ਼ਾਸਤ੍ਰੀ), ਪੰਨੇ 240,245.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 397.
4. ਉਹੀ, ਪੰਨਾ 417.
5. ਉਹੀ, ਪੰਨਾ 427.
6. ਉਹੀ, ਪੰਨਾ 472.

4) **ਵਿਭਾਵਨਾ ਅਲੰਕਾਰ**

ਬਿਨਾ ਕਾਰਨ ਤੋਂ ਕਾਰਜ ਦੀ ਉਤਪੱਤੀ ਨੂੰ ਵਿਭਾਵਨਾ ਅਲੰਕਾਰ ਕਿਹਾ ਜਾਂਦਾ ਹੈ।[1] ਪ੍ਰਾਣ-ਸੰਗਲੀ ਵਿਚ ਇਸਦੀ ਵਰਤੋਂ ਕਈ ਥਾਵਾਂ ਤੇ ਹੋਈ ਹੈ; ਜਿਵੇਂ:

ਬਿਨੁ ਜਿਹਬਾ ਜਪਿਓ ਕਰਤਾਰਾ।[2]

ਜਾਪੁ ਦਾ ਕੰਮ ਬਿਨਾ ਜੀਭ ਤੋਂ ਨਹੀਂ ਹੋ ਸਕਦਾ। ਪਰ ਇਥੇ ਇਕ ਅਧਿਆਤਮਕ ਸੰਦਰਭ ਵਿਚ ਇਸਦੀ ਵਰਤੋਂ ਕੀਤੀ ਗਈ ਹੈ, ਇਸ ਲਈ ਇਥੇ ਵਿਭਾਵਨਾ ਅਲੰਕਾਰ ਹੈ।

ਕਾਮ ਕਰੋਧ ਲੋਭ ਮੋਹ ਮਾਇਆ। ਬਿਨੁ ਦੰਤਾਂ ਜਿਨ ਸਭੁ ਜਗੁ ਖਾਇਆ॥[3]

ਇਥੇ ਖਾਣ ਦਾ ਕੰਮ ਦੰਦਾਂ ਤੋਂ ਬਿਨਾ ਦੱਸਿਆ ਗਿਆ ਹੈ, ਇਸ ਲਈ ਇਥੇ ਵਿਭਾਵਨਾ ਅਲੰਕਾਰ ਹੈ।

ਵਾਸਤਵ ਵਿਚ ਪ੍ਰਾਣ-ਸੰਗਲੀ ਕੋਈ ਵਿਸ਼ੁੱਧ ਕਵਿਤਾ ਨਹੀਂ ਹੈ। ਇਸ ਵਿਚ ਲੇਖਕ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਹੈ। ਇਸ ਲਈ ਅਲੰਕਾਰ ਸ਼ਾਸਤ੍ਰ ਦੀਆਂ ਬਹੁਤ ਸੂਖਮ ਅਤੇ ਗੰਭੀਰ ਪ੍ਰਵਿਰਤੀਆਂ ਨੂੰ ਪ੍ਰਾਣ-ਸੰਗਲੀ ਵਿਚ ਕੋਈ ਥਾਂ ਨਹੀਂ ਮਿਲ ਸਕਦੀ ਸੀ ਪਰ ਰੂਪਕ ਦੀ ਰਚਨਾ ਪ੍ਰਾਣ-ਸੰਗਲੀ ਦੇ ਲੇਖਕ ਨੇ ਬਹੁਤ ਸੁੱਚਜੇ ਢੰਗ ਨਾਲ ਕੀਤੀ ਹੈ। ਸਾਧਾਰਨ ਰੂਪਕ ਤੋਂ ਲੈ ਕੇ ਪਰੰਪਰਿਤ ਰੂਪਕ ਦੀ ਸ਼ੈਲੀ ਵਿਚ ਆਪਣੇ ਭਾਵਾਂ ਨੂੰ ਸਫ਼ਲਤਾ ਨਾਲ ਪ੍ਰਗਟਾਇਆ ਹੈ। ਇਸੇ ਤਰ੍ਹਾਂ ਉਪਮਾ ਅਲੰਕਾਰ ਦੀ ਵੀ ਯੋਜਨਾ ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਬਹੁਤ ਰੋਚਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਈ ਹੈ।

ਰੂਪਕ ਅਤੇ ਉਪਮਾ ਆਦਿ ਅਰਥ ਅਲੰਕਾਰਾਂ ਤੋਂ ਉਪਰੰਤ ਪ੍ਰਾਣ-ਸੰਗਲੀ ਵਿਚ ਅਨੁਪ੍ਰਾਸ ਅਤੇ ਯਮਕ 'ਸ਼ਬਦ ਅਲੰਕਾਰ' ਵੀ ਵਰਤੇ ਗਏ ਹਨ। ਪਰ ਪ੍ਰਾਣ-ਸੰਗਲੀ ਦਾ ਲੇਖਕ ਅਲੰਕਾਰਾਂ ਦੀ ਯੋਜਨਾ ਕਿਸੇ ਚਮਤਕਾਰ ਵਾਦੀ ਅਤੇ ਪ੍ਰਦਰਸ਼ਨ ਪ੍ਰਧਾਨ ਦ੍ਰਿਸ਼ਟੀ ਤੋਂ ਨਹੀਂ ਕਰਦਾ। ਇਸ ਲਈ ਪ੍ਰਾਣ-ਸੰਗਲੀ ਦੀ ਅਲੰਕਾਰ ਯੋਜਨਾ ਨੂੰ ਸ਼ਾਸਤ੍ਰੀ ਪੱਧਰ ਦੀ ਅਲੰਕਾਰ ਯੋਜਨਾ ਨਾ ਕਹਿ ਕੇ ਇਸ ਨੂੰ ਲੇਖਕ ਦੀ ਸਹਿਜ ਅਤੇ ਸੁਭਾਵਿਕ ਪ੍ਰਵਿਰਤੀ ਦਾ ਪਰਿਣਾਮ ਹੀ ਮੰਨਣਾ ਪਵੇਗਾ।

1. ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ: ਸਾਲਗਰਾਮ ਸ਼ਾਸਤ੍ਰੀ), ਪੰਨੇ 261,262.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 415.
3. ਉਹੀ, ਪੰਨਾ 427.

## ਰਸ

ਰਸ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ ਕਿਉਂਕਿ ਰਸ ਦਾ ਸੰਬੰਧ ਭਾਵਾਂ ਨਾਲ ਹੈ ਅਤੇ ਭਾਵਾਂ ਦਾ ਠੀਕ ਤਰ੍ਹਾਂ ਮਨੋਵਿਗਿਆਨਿਕ ਵਿਸ਼ਲੇਸ਼ਣ ਰਸ ਸਿੱਧਾਂਤ ਰਾਹੀਂ ਭਾਰਤ ਵਿਚ ਹੁੰਦਾ ਆਇਆ ਹੈ। ਇਸ ਲਈ ਰਸ ਸਿੱਧਾਂਤ ਕਾਵਿ ਦੇ ਭਾਵ ਪੱਖ ਨੂੰ ਰੇਖਾਂਕਿਤ ਕਰਨ ਵਿਚ ਬਹੁਤ ਸਹਾਇਕ ਸਿੱਧ ਹੋਇਆ ਹੈ।[1]

### ਰਸ ਸਿੱਧਾਂਤ ਦੀ ਮਨੋਵਿਗਿਆਨਿਕ ਪ੍ਰਕ੍ਰਿਆ

ਸੰਸਾਰ ਦੇ ਆਲੋਚਕਾਂ ਨੇ ਡੂੰਘੀ ਪੜਚੋਲ ਮਗਰੋਂ ਇਹ ਤੱਤ ਕੱਢਿਆ ਹੈ ਕਿ ਸਾਹਿੱਤ ਅਤੇ ਮੁੱਖ ਰੂਪ ਵਿਚ ਕਾਵਿ ਦਾ ਸੰਬੰਧ ਮਨੁੱਖੀ ਮਨੋਭਾਵਾਂ ਨਾਲ ਹੈ। ਇਹ ਹਰ ਇਕ ਪਾਠਕ ਦਾ ਆਪਣਾ ਅਨੁਭਵ ਹੈ ਕਿ ਜਿਹੜੀ ਕਵਿਤਾ ਮਨ ਦੀਆਂ ਭਾਵਨਾਵਾਂ ਨੂੰ ਛੇੜ ਲੈਂਦੀ ਹੈ, ਉਹੀ ਉੱਤਮ ਕਵਿਤਾ ਕਹੀ ਜਾ ਸਕਦੀ ਹੈ। ਇਸੇ ਤਰ੍ਹਾਂ ਮਨ ਦੀਆਂ ਭਾਵਨਾਵਾਂ ਨੂੰ ਕੇਂਦਰ ਵਿਚ ਰਖ ਕੇ ਜਿਹੜਾ ਕਾਵਿ-ਸਿੱਧਾਂਤ ਕਾਵਿ ਨੂੰ ਪਰਖਣ ਲਈ ਵਰਤਿਆ ਜਾਂਦਾ ਹੈ, ਉਹੀ ਕਾਵਿ-ਸਿੱਧਾਂਤ ਕਾਵਿ ਦੇ ਸੰਦਰਭ ਵਿਚ ਵਧੇਰੇ ਸਫਲ ਸਿੱਧਾਂਤ ਕਿਹਾ ਜਾ ਸਕਦਾ ਹੈ।[2]

ਭਾਰਤ ਦੇ ਆਚਾਰਯਾਂ ਨੇ ਰਸ ਸਿੱਧਾਂਤ ਦੇ ਰੂਪ ਵਿਚ ਇਹੋ ਜਿਹਾ ਮਨੋਵਿਗਿਆਨਿਕ ਸਿੱਧਾਂਤ ਪ੍ਰਸਤੁਤ ਕੀਤਾ ਹੈ ਜਿਸ ਵਿਚ ਮਨੁੱਖੀ ਮਨੋਵਿਗਿਆਨ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਸਮੇਟ ਲਿਆ ਗਿਆ ਹੈ। ਭਰਤ ਮੁਨੀ ਤੋਂ ਲੈ ਕੇ ਸੋਲ੍ਹਵੀਂ ਸਦੀ ਦੇ ਪੰਡਿਤ ਰਾਜ ਜਗਨ ਨਾਥ ਤਕ ਰਸ ਸਿੱਧਾਂਤ ਦੇ ਸਾਰੇ ਪੱਖ ਉਜਾਗਰ ਹੋ ਚੁੱਕੇ ਸਨ ਅਤੇ ਵਿਦਵਾਨਾਂ ਨੇ ਰਸ ਸਿੱਧਾਂਤ ਦੀ ਵਿਆਪਕਤਾ, ਮਨੋਵਿਗਿਆਨਿਕਤਾ ਅਤੇ ਕਾਵਿ ਨੂੰ ਸਮਝਣ ਸਮਝਾਉਣ ਵਿਚ ਇਸ ਸਿੱਧਾਂਤ ਦੀ ਅਦੁਤੀ ਸ਼ਕਤੀ ਨੂੰ ਪ੍ਰਵਾਨ ਕਰ ਲਿਆ ਸੀ।[3]

---

1. ਦੇਖੋ: ੳ) ਵਿਸ਼ਵਨਾਥ, 'ਸਾਹਿਤਯ ਦਰਪਣ' (ਟੀਕਾਕਾਰ ਸਾਲਗਰਾਮ ਸ਼ਾਸਤ੍ਰੀ), ਅਧਿਆਇ 1, ਸ਼ਲੋਕ 6-8.
   ਅ) ਮੰਮਟ, 'ਕਾਵਿਯ ਪ੍ਰਕਾਸ਼' ਅਧਿਆਇ 3, ਸ਼ਲੋਕ 7-10.
   ੲ) ਜਗਨ ਨਾਥ, 'ਰਸ ਗੰਗਾਧਰ', ਅਧਿਆਇ 1, ਸ਼ਲੋਕ 5-8.
2. ਦੇਖੋ: ੳ) ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ', ਭਾਗ ਪਹਿਲਾ, ਪੰਨੇ 11-21.
   ਅ) Dr P.B. Kane, History of Sanskrit Poetics, p. 46.
   ੲ) S.K. De, Sanskrit Poetics, p. 31.
3. ਦੇਖੋ: ੳ) ਭਰਤ ਮੁਨੀ, 'ਨਾਟਯ ਸ਼ਾਸਤ੍ਰ' (ਅਭਿਨਵ ਭਾਰਤੀ), ਪੰਨਾ 339.
   ਅ) Dr P.B. Kane, History of Indian Poetics, p. 27.
   ੲ) 'ਅਗਨੀ ਪੁਰਾਣ' ਪੰਨੇ 235-237.

ਇਸ ਸਿੱਧਾਂਤ ਦੇ ਚਾਰ ਮੁੱਖ ਪੱਖ ਹਨ:

ੳ) ਸਥਾਈ ਭਾਵ: ਰਸ ਸਿੱਧਾਂਤ ਦੇ ਆਚਾਰਯਾਂ ਨੇ ਮਨੁੱਖੀ ਭਾਵਨਾਵਾਂ ਨੂੰ ਕੁਝ ਵਰਗਾਂ ਵਿਚ ਵੰਡਿਆ ਹੈ। ਉਹਨਾਂ ਦਾ ਭਾਵ ਇਹ ਹੈ ਕਿ ਮਨੁੱਖ ਦਾ ਸਾਰਾ ਮਾਨਸਿਕ ਅਸਤਿਤਵ ਇਹਨਾਂ ਭਾਵਨਾਵਾਂ ਨਾਲ ਹੀ ਸੰਚਾਲਿਤ ਹੁੰਦਾ ਹੈ। ਇਹਨਾਂ ਭਾਵਨਾਵਾਂ ਨੂੰ ਮੁੱਖ ਰੂਪ ਵਿਚ 9 ਜਾਂ 10 ਵਰਗਾਂ ਵਿਚ ਵੰਡਿਆ ਗਿਆ ਹੈ; ਜਿਵੇਂ 'ਰਤੀ' ਸ਼੍ਰਿੰਗਾਰ ਰਸ ਦਾ ਸਥਾਈ ਭਾਵ ਹੈ। ਇਸੇ ਤਰ੍ਹਾਂ 'ਉਤਸਾਹ' ਵੀਰ ਰਸ ਦਾ ਸਥਾਈ ਭਾਵ ਹੈ ਅਤੇ ਸ਼ਾਂਤ ਰਸ ਦਾ ਸਥਾਈ ਭਾਵ 'ਨਿਰਵੇਦ' (ਵੈਰਾਗ) ਮੰਨਿਆ ਗਿਆ ਹੈ।[1]

ਇਹਨਾਂ ਸਥਾਈ ਭਾਵਾਂ ਦੀ ਸੰਖਿਆ ਨਿਸਚਿਤ ਨਹੀਂ ਹੈ। 8 ਤੋਂ ਲੈ ਕੇ 12 ਤੱਕ ਸਥਾਈ ਭਾਵ ਮੰਨੇ ਜਾਂਦੇ ਹਨ। ਮਨੁੱਖ ਦੇ ਮਨ ਵਿਚ ਇਹ ਭਾਵ ਹਮੇਸ਼ਾ ਰਹਿੰਦੇ ਹਨ, ਇਸ ਲਈ ਇਹਨਾਂ ਨੂੰ ਸਥਾਈ ਭਾਵ ਕਿਹਾ ਜਾਂਦਾ ਹੈ।[2]

ਅ) ਵਿਭਾਵ: ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਵਾਲੇ ਤੱਤਾਂ ਨੂੰ ਵਿਭਾਵ ਕਿਹਾ ਜਾਂਦਾ ਹੈ। ਮੁੱਖ ਰੂਪ ਵਿਚ ਇਸਦੇ ਦੋ ਭੇਦ ਹਨ – ਆਲੰਬਨ ਅਤੇ ਉਦੀਪਨ।[3]

ੲ) ਅਨੁਭਾਵ: ਮਨ ਦੀਆਂ ਭਾਵਨਾਵਾਂ ਦੇ ਜਾਗ ਪੈਣ ਤੋਂ ਉਪਰੰਤ ਜਿਹੜੀ ਪ੍ਰਤੀਕ੍ਰਿਆ ਸਰੀਰ ਉੱਤੇ ਹੁੰਦੀ ਹੈ, ਉਸਨੂੰ ਅਨੁਭਾਵ ਕਿਹਾ ਜਾਂਦਾ ਹੈ; ਜਿਵੇਂ ਸ਼ਾਂਤ ਰਸ ਵਿਚ ਸਾਧਕ ਦਾ ਸ਼ਾਂਤ ਚਿੱਤ ਹੋਣਾ, ਵੈਰਾਗਵਾਨ ਹੋਣਾ ਅਤੇ ਕ੍ਰੋਧ ਆਦਿ ਤੋਂ ਰਹਿਤ ਹੋਣਾ ਸ਼ਾਂਤ ਰਸ ਦੇ ਅਨੁਭਾਵ ਹਨ।[4]

---

1. ਦੇਖੋ: ੳ) ਭਰਤ ਮੁਨੀ, 'ਨਾਟਯ ਸ਼ਾਸਤ੍ਰ' (ਅਭਿਨਵ ਭਾਰਤੀ), ਪੰਨੇ 650-651.
   ਅ) ਰਾਜ ਸ਼ੇਖਰ, 'ਕਾਵਿਯ ਮੀਮਾਂਸਾ' ਪੰਨੇ 7-10.
   ੲ) ਰਾਮ ਚੰਦ੍ਰ ਸ਼ੁਕਲ, 'ਰਸ ਮੀਮਾਂਸਾ' ਪੰਨੇ 9-12.
2. ਦੇਖੋ: ੳ) ਰਾਮ ਅਵਧ ਦ੍ਵਿਵੇਦੀ, 'ਸਾਹਿਤਯ ਸਿੱਧਾਂਤ', ਪੰਨੇ 21,25,30.
   ਅ) ਭੋਜ, 'ਸ਼੍ਰਿੰਗਾਰ ਪ੍ਰਕਾਸ਼', ਪੰਨੇ 18,25.
   ੲ) Dr S.K. De, History of Indian Poetics, pp. 7,9.
   ਸ) Dr V. Raghvan, Number of Rasas, pp. 21,32.
   ਹ) Dr A. Sankaran, Theories of Rasa, p. 61.
3. ਦੇਖੋ: ੳ) ਭੋਜ, 'ਸਰਸਵਤੀ ਕੰਠਾਭਰਣ', ਪੰਨਾ 9.
   ਅ) ਜਗਨ ਨਾਥ, 'ਰਸ ਗੰਗਾਧਰ', ਪੰਨਾ 21.
   ੲ) ਮੰਮਟ, 'ਕਾਵਿਯ ਪ੍ਰਕਾਸ਼', ਅਧਿਆਇ 2, ਸ਼ਲੋਕ 18.
   ਸ) ਹੇਮ ਚੰਦ੍ਰ, 'ਕਾਵਯ ਅਨੁਸ਼ਾਸਨ' ਪੰਨੇ 21,25.
4. ਦੇਖੋ: ੳ) ਰਾਜ ਸ਼ੇਖਰ, 'ਕਾਵਿਯ ਮੀਮਾਂਸਾ', ਪੰਨੇ 15,21,25.
   ਅ) ਧਨੰਜਯ, 'ਦਸ ਰੂਪਕ', ਪੰਨੇ 26,29.
   ੲ) ਜਗਨਨਾਥ, 'ਰਸ ਗੰਗਾਧਰ, ਪੰਨੇ 31,35.

ਸ) ਰੀ · ਭਾਵਨਾਵਾਂ ਦੇ ਕਈ ਰੂਪ ਹੁੰਦੇ ਹਨ। ਇਕ ਭਾਵਨਾ ਦੇ ਨਾਲ ਦੂਜੀ ਭਾਵਨਾ ਜੁੜੀ ਰਹਿੰਦੀ ਹੈ; ਜਿਵੇਂ ਕ੍ਰੋਧ ਦੇ ਨਾਲ ਈਰਖਾ ਅਤੇ ਦ੍ਵੈਸ਼ ਆਦਿ ਭਾਵਨਾਵਾਂ ਅਕਸਰ ਮਿਲਦੀਆਂ ਹਨ। ਕਿਉਂਕਿ ਇਹ ਭਾਵਨਾਵਾਂ ਹੋਰ ਰਸਾਂ ਵਿਚ ਵੀ ਮਿਲਦੀਆਂ ਹਨ, ਇਸ ਲਈ ਇਹਨਾਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ।[1]

## ਪ੍ਰਾਣ-ਸੰਗਲੀ ਵਿਚ ਰਸ ਯੋਜਨਾ

ਕਿਉਂਕਿ ਪ੍ਰਾਣ-ਸੰਗਲੀ ਇਕ ਕਾਵਿਮਈ ਰਚਨਾ ਹੈ। ਇਸ ਲਈ ਪ੍ਰਾਣ-ਸੰਗਲੀ ਵਿਚ ਕਈ ਰਸਾਂ ਦੀ ਯੋਜਨਾ ਉਚਿਤ ਪ੍ਰਸੰਗਾਂ ਦੇ ਅਨੁਸਾਰ ਮੁਖ ਰੂਪ ਵਿਚ ਸ਼ਾਂਤ, ਵੀਰ, ਸ਼ਿੰਗਾਰ ਅਤੇ ਅਦਭੁਤ ਰਸਾਂ ਨੂੰ ਪ੍ਰਾਣ-ਸੰਗਲੀ ਦੇ ਲੇਖਕ ਨੇ ਵਰਤਿਆ ਹੈ।

### 1) ਸ਼ਾਂਤ ਰਸ

ਪ੍ਰਾਣ-ਸੰਗਲੀ ਇੱਕ ਅਧਿਆਤਮਕ ਰਚਨਾ ਹੈ। ਸ਼ਾਂਤ ਰਸ ਤੋਂ ਇਲਾਵਾ ਵੀਰ, ਹਾਸ ਅਤੇ ਸ਼ਿੰਗਾਰ ਆਦਿ ਰਸਾਂ ਨੂੰ ਵੀ ਅਧਿਆਤਮਕ ਸੰਦਰਭ ਵਿਚ ਪ੍ਰਾਣ-ਸੰਗਲੀ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਸ਼ਾਂਤ ਰਸ[2] ਅਤੇ ਸ਼ਾਂਤ ਰਸ ਨੂੰ ਪ੍ਰਗਟ ਕਰਨ ਵਾਲੇ ਵੈਰਾਗ ਭਾਵ ਨੂੰ ਵਧੇਰੇ ਉਭਾਰਿਆ ਗਿਆ ਹੈ। ਉਦਾਹਰਣ ਵਜੋਂ:

> ਭ੍ਰਮ ਭੇਦ ਬਿਨਾਸਾ ਛੂਟ ਹੈ ਦੋਏ ਅਬਦਾ ਚਾਰ।
> ਨਾਨਕ ਛਿਨ ਭੰਗੁਰ ਘਟ ਦੇਹੁਰਾ ਅੰਤ ਛਾਰ ਕੀ ਛਾਰ॥[3]

ਸੰਸਾਰ ਦੀ ਨਾਸ਼ਮਾਨਤਾ ਅਤੇ ਸਰੀਰ ਦੀ ਛਿਨ-ਭੰਗਰਤਾ ਨੂੰ ਮੁਖ ਰਖਦੇ ਹੋਏ ਵੈਰਾਗ ਰਾਹੀਂ ਸ਼ਾਂਤ ਰਸ ਦਾ ਵਿਅੰਜਨਾ ਇਥੇ ਹੋਈ ਹੈ। ਸ਼ਬਦ 'ਛਾਰ ਕੀ ਛਾਰ' ਅਤੇ ਵਿਸ਼ੇਸ਼-ਵਿਧਾਨ 'ਘਟ ਦੇਹੁਰਾ' ਦੀ ਦ੍ਰਿਸ਼ਟੀ ਤੋਂ ਵੀ ਇਹ ਸ਼ਲੋਕ ਸ਼ਾਂਤ ਰਸ ਦੀ ਅਨੁਭੂਤੀ ਕਰਾਉਂਦਾ ਹੈ।

---

1. ਦੇਖੋ: ੳ) ਡਾ. ਬਲਦੇਵ ਉਪਾਧਿਆਇ, 'ਭਾਰਤੀਯ ਸਾਹਿਤਯ ਸ਼ਾਸਤ੍ਰ' (ਰਸ ਵਿਵੇਚਨ), ਪੰਨੇ 125, 151.
   ਅ) ਪੰਡਿਤ ਰਾਮ ਦਹਿਨ ਮਿਸ਼ਰ, 'ਕਾਵਿਯ ਦਰਪਣ' (ਰਸ ਪ੍ਰਕਰਣ), ਪੰਨੇ 75-80.
   ੲ) Dr S.K. De, History of Indian Poetics, pp. 21-25.
2. ਸ਼ਾਂਤ ਰਸ, ਰਸ ਹੈ ਜਾਂ ਨਹੀਂ — ਇਸ ਪ੍ਰਸ਼ਨ ਉੱਤੇ ਬਹੁਤ ਮੱਤਭੇਦ ਰਿਹਾ ਹੈ। ਭਰਤ ਮੁਨੀ ਨੇ ਆਪਣੇ 'ਨਾਟਯ ਸ਼ਾਸਤ੍ਰ' ਵਿਚ ਸ਼ਾਂਤ ਰਸ ਨੂੰ ਰਸਾਂ ਵਿਚ ਥਾਂ ਨਹੀਂ ਦਿੱਤੀ ਪਰ 'ਨਾਟਯ ਸ਼ਾਸਤ੍ਰ' ਦੇ ਵਿਆਖਿਆਕਾਰ ਆਚਾਰਯ ਅਭਿਨਵ ਗੁਪਤ ਨੇ ਸ਼ਾਂਤ ਨੂੰ ਰਸਾਂ ਵਿਚ ਸਥਾਪਿਤ ਕੀਤਾ ਅਤੇ 'ਨਿਰਵੇਦ' (ਵੈਰਾਗ ਭਾਵ) ਨੂੰ ਇਸ ਦਾ ਸਥਾਈ ਭਾਵ ਦੱਸਿਆ ਹੈ।
   ਦੇਖੋ: 'ਨਾਟਯ ਸ਼ਾਸਤ੍ਰ ਦਾ ਪੰਜਾਬੀ ਅਨੁਵਾਦ' (ਅਨੁਵਾਦਕ: ਡਾ. ਰਾਜਗੁਰੂ), ਰਸ ਪ੍ਰਕਰਣ.
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਨ ਸਿੰਘ), ਪੰਨਾ 414.

ਇਸ ਸ਼ਲੋਕ ਵਿਚ ਸੰਸਾਰ ਦੀ ਛਿਨ-ਭੰਗਰਤਾ ਆਲੰਬਨ ਅਤੇ ਸਾਧਕ ਇਸ ਭਾਵਨਾ ਦਾ ਆਸ਼੍ਰਯ ਹੈ। ਸਾਧਕ ਦੇ ਮਨ ਵਿਚ ਭੋਗ ਵਿਲਾਸਾਂ ਪ੍ਰਤੀ ਸਾਧਕ ਦਾ ਉਪੇਖਿਆ ਭਾਵ ਇਸ ਸ਼ਲੋਕ ਦੀ ਮੂਲ ਸ਼ਾਂਤ ਭਾਵਨਾ ਨੂੰ ਪੁਸ਼ਟ ਕਰਦਾ ਹੈ। 'ਛਿਨ-ਭੰਗਰਤਾ' ਇਸ ਸ਼ਲੋਕ ਵਿਚ ਵੈਰਾਗ ਭਾਵ ਨੂੰ ਉੱਦੀਪਤ ਕਰਦੀ ਹੈ, ਅਰਥਾਤ ਭੜਕਾਉਂਦੀ ਹੈ। ਰਸ ਸਿੱਧਾਂਤ ਦੀ ਪ੍ਰਕ੍ਰਿਆ, ਇਸ ਵਿਚ ਪੂਰੀ ਤਰ੍ਹਾਂ ਕੰਮ ਕਰਦੀ ਹੈ।

ਸੰਸਾਰ ਦੀ ਇਸ ਛਿਨ-ਭੰਗਰਤਾ ਨੂੰ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਖਪ ਜਾਇਗੀ ਖਲਕਤ ਸਾਰੀ। ਮਾਤ ਪਿਤਾ ਸੁਤ ਬੰਧਪ ਨਾਰੀ॥
ਖਪ ਜਾਇਗੇ ਮਹਰੇ ਰਾਜੇ। ਖਪ ਜਾਇਗੇ ਮੰਦਰ ਛਾਜੇ॥
ਖਪ ਜਾਇਗੀ ਦੇਹ ਤੁਮਾਰੀ। ਨਾਨਕ ਕਹੈ ਲੇਹੁ ਜੋਗ ਬਿਚਾਰੀ॥[1]

ਇਹਨਾਂ ਤੁਕਾਂ ਵਿਚ ਦ੍ਰਿਸ਼ਮਾਨ ਜਗਤ ਦੀ ਨਾਸ਼ਮਾਨਤਾ ਉੱਦੀਪਨ ਵਿਭਾਵ ਹੈ। ਸਾਧਕ ਆਸ਼੍ਰਯ ਹੈ ਅਤੇ ਜੋਗ ਵਿਚਾਰ (ਯੋਗ ਸਾਧਨਾ) ਰਾਹੀਂ ਇਸ ਨਾਸ਼ਵਾਨ ਜਗਤ ਤੋਂ ਛੁਟਕਾਰਾ ਪਾਉਣ ਦਾ ਉਪਾਅ ਸ਼ਾਂਤ ਰਸ ਰਾਹੀਂ ਦੱਸਿਆ ਗਿਆ ਹੈ।

ਮਨੁੱਖ ਦੇ ਸਾਕ-ਸੰਬੰਧਾਂ ਨੂੰ ਛਿਨ-ਭੰਗਰ ਦਸਦੇ ਹੋਏ ਸ਼ਾਂਤ ਰਸ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਨਾਹੀ ਕੋ ਤੇਰਾ ਨਾ ਤੂ ਕਿਸ ਹੀ ਕਾ। ਬਿਨ ਮਹਿਮਾ ਸੁਖ ਨਾਹੀ ਜੀ ਕਾ॥
ਨਾਂਗਾ ਆਧਾ ਨਾਂਗਾ ਜਾਈ। ਬਿਚਾਰ ਦੇਖਿ ਕਿਛੁ ਸੰਗ ਨਾ ਧਾਈ॥
ਅਵਸਰ ਵੈਲੇ ਜਾਂ ਜਮ ਘੇਰੇ। ਨਾਨਕ ਕਹੈ ਮਨ ਚੇਤ ਸਵੇਰੇ॥[2]

ਸਾਕ-ਸੰਬੰਧਾਂ ਦਾ ਮਿਥਿਆ ਰੂਪ ਅਤੇ ਸੰਸਾਰ ਦੇ ਮਾਇਕ ਪਦਾਰਥਾਂ ਦਾ ਮਰਨ ਉਪਰੰਤ ਨਾਲ ਨਾ ਜਾਣਾ ਆਦਿ ਉੱਦੀਪਨ ਵਿਭਾਵ ਹਨ ਅਤੇ ਸਾਧਕ ਦੀ ਅਧਿਆਤਮ ਵੱਲ ਪ੍ਰਵਿਰਤੀ ਸ਼ਾਂਤ ਰਸ ਨੂੰ ਪ੍ਰਗਟਾਉਂਦੀ ਹੈ।

## 2) ਵੀਰ ਰਸ

ਅਧਿਆਤਮਕ ਸਾਧਨਾ ਦੇ ਮਾਰਗ ਵਿਚ ਸਾਧਕ ਨੂੰ ਕਈ ਵਾਰੀ ਸੂਰਵੀਰ, ਯੋਧਾ ਅਤੇ ਬਲਕਾਰੀ ਵਿਅਕਤੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਕਿਉਂਕਿ ਸੰਸਾਰ ਦੇ ਮੋਹ ਨੂੰ ਛੱਡ ਕੇ ਗਿਆਨ ਦੇ ਮਾਰਗ ਵੱਲ ਆਉਣਾ ਕਿਸੇ ਸੂਰਵੀਰ ਦਾ ਹੀ ਕੰਮ ਹੈ। ਇਸੇ ਤਰ੍ਹਾਂ ਆਪਣੇ ਅੰਦਰੂਨੀ ਵੈਰੀਆਂ ਜਿਵੇਂ ਕਾਮ, ਕ੍ਰੋਧ ਆਦਿ ਨੂੰ ਆਪਣੇ ਵਸ ਵਿਚ ਰੱਖ ਕੇ ਪਰਮਾਤਮਾ ਦੀ ਭਗਤੀ ਕਰਨਾ ਵੀ ਯੋਧਿਆਂ ਵਾਲਾ ਕੰਮ ਹੈ। ਪ੍ਰਾਣ-ਸੰਗਲੀ ਵਿਚ ਇਸ ਅਧਿਆਤਮਕ ਯੋਧੇ ਦਾ ਰੂਪ ਇੰਜ ਪ੍ਰਗਟਾਇਆ ਗਿਆ ਹੈ:

ਪੰਚਾ ਕਾ ਦਲੁ ਸਬਲੁ ਹੈ ਅਬਰਬਣੁ ਭਾਰੀ।
ਤਿਨਾਂ ਅਗੇ ਦ੍ਰਿੜ ਰਹੈ ਸੋ ਸੰਤ ਹਮਾਰਾ॥[3]

---

1. 'ਪ੍ਰਾਣ-ਸੰਗਲੀ (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 634.
2. ਉਹੀ, ਪੰਨਾ 635.
3. ਉਹੀ, ਪੰਨਾ 770.

'ਪੰਚ' ਤੋਂ ਤਾਤਪਰਜ ਪੰਜ ਇੰਦ੍ਰੀਆਂ ਤੋਂ ਹੈ। 'ਅਥਰਬਣ' ਸ਼ਬਦ ਜਾਦੂ-ਟੂਣੇ ਲਈ ਵਰਤਿਆ ਗਿਆ ਹੈ। ਵਿਕਾਰਾਂ ਦੀ ਇਸ ਫੌਜ ਦੇ ਨਾਲ ਜੂਝਣ ਵਾਲੇ ਨੂੰ ਅਧਿਆਤਮਕ ਯੋਧਾ ਕਿਹਾ ਜਾ ਸਕਦਾ ਹੈ। ਪ੍ਰਾਣ-ਸੰਗਲੀ ਵਿਚ ਲਿਖਿਆ ਹੈ:

ਸੋਈ ਸੂਰਾ ਸੋ ਪੁਰਖ ਜੋ ਪੰਚਾਂ ਮਾਰੇ।
ਕਾਮ ਕ੍ਰੋਧ ਲੋਭ ਮੋਹ ਸਣਿ ਅਹੰਕਾਰ ਨਿਵਾਰੇ।
ਸਾਧੇ ਗੋਈ ਇਕੁ ਥੇ ਕੁਧੇ ਮਾਰਹਿ ਚਾਰੇ।[1]

ਅਜਿਹੀਆਂ ਅਨੇਕ ਪੰਕਤੀਆਂ ਵਿਚ ਸਾਧਕ ਯੋਧੇ ਦਾ ਚਿਤਰ ਪ੍ਰਸਤੁਤ ਕੀਤਾ ਗਿਆ ਹੈ।

ਇਸ ਯੋਧੇ ਦੇ ਸ਼ਸਤ੍ਰ ਅਸਤ੍ਰ ਇਸ ਤਰ੍ਹਾਂ ਦਰਸਾਏ ਗਏ ਹਨ, ਜਿਵੇਂ – ਉਸਦੇ ਨੇਤ੍ਰ ਬਾਣ, ਉਸਦੇ ਭਰਵੱਟੇ ਕਮਾਨ, ਸਤੋ ਗੁਣਾਂ ਦੀ ਸੈਨਾ ਲਸ਼ਕਰ ਦੇ ਰੂਪ ਵਿਚ ਚੜ੍ਹੀ ਹੈ। ਤਮੋ ਗੁਣ ਦੀ ਸੈਨਾ ਨਾਲ ਉਹਨਾਂ ਦੇ ਯੁੱਧ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

ਦੁਹਾਂ ਦਲਾਂ ਮੁਕਾਬਲਾ ਮਨ ਉੱਤੇ ਭਾਈ।
ਭਾਰੇ ਕਾਮ ਜਤੁ ਦੁਈ ਪਹਿਲੀ ਲੜਾਈ॥[2]

ਕਾਮ ਭਾਵਨਾ ਅਤੇ ਜਤ ਦੀ ਇਸ ਲੜਾਈ ਵਿਚ ਜਤ ਦੀ ਜਿੱਤ ਹੁੰਦੀ ਹੈ:

ਮਾਰਿ ਲਿਆ ਜਤ, ਕਾਮ ਦੈਂਤੁ ਬੜਾ ਵੈਰਾਈ।[3]

ਕਾਮ ਤੋਂ ਪਿੱਛੋਂ ਕ੍ਰੋਧ ਅਤੇ ਖਿਮਾਂ ਦੀ ਲੜਾਈ ਦਾ ਵਰਣਨ ਹੈ। ਇਸਦਾ ਅੰਤ ਕ੍ਰੋਧ ਦੀ ਧੌਣ ਭੰਨਣ ਨਾਲ ਹੁੰਦਾ ਹੈ:

ਧਉਨ ਭੰਨੀ ਹੈ ਕ੍ਰੋਧ ਦੀ, ਕੋ ਕਿਸੇ ਨਾ ਲਾਏ।[4]

ਕ੍ਰੋਧ ਤੋਂ ਪਿੱਛੋਂ ਲੋਭ ਆਦਿ ਵਿਕਾਰਾਂ ਦੀ ਹਾਰ ਦਾ ਵਰਣਨ ਕੀਤਾ ਗਿਆ ਹੈ। ਇਸ ਪ੍ਰਸੰਗ ਦਾ ਅੰਤਿਮ ਦ੍ਰਿਸ਼ ਇਸ ਤਰ੍ਹਾਂ ਚਿਤ੍ਰਿਤ ਕੀਤਾ ਗਿਆ ਹੈ:

ਭੰਨਿਓਸੁ ਸਿਰ ਅਹੰਕਾਰ ਦਾ, ਦਿੱਤੋਸੁ ਲੁੜ੍ਹਾਏ।
ਜਿਵ ਅਹੰਕਾਰ ਨਿਵਾਰਿਆ ਸੁਖ ਦੇਸ ਬਸਾਏ॥
ਨੇਜੇ ਢਾਠੇ ਗਰਬ ਦੇ, ਚਲੇ ਹਾਰਏ।
ਭਗਤਾਂ ਲੀਆ ਜਿਤ ਗੜ ਹਰਿ ਮੰਗਲ ਗਾਏ॥[5]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 771.
2. ਉਹੀ, ਪੰਨਾ 774.
3. ਉਹੀ, ਪੰਨਾ 774.
4. ਉਹੀ, ਪੰਨਾ 775.
5. ਉਹੀ, ਪੰਨਾ 775.

ਪ੍ਰਾਣ-ਸੰਗਲੀ ਦੇ ਇਸ ਵੀਰ ਰਸ ਵਰਣਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸਦੇ ਲੇਖਕ ਨੂੰ ਰਸ ਸਿਧਾਂਤ ਦੀ ਪ੍ਰਕ੍ਰਿਆ ਦੀ ਸੋਝੀ ਸੀ ਅਤੇ ਉਸਨੇ ਬੜੇ ਸੁਚੱਜੇ ਢੰਗ ਨਾਲ ਵੀਰ ਰਸ ਦੀ ਪੂਰੀ ਸਾਮਗ੍ਰੀ ਨੂੰ ਅਧਿਆਤਮਕ ਸਾਧਨਾ ਦੇ ਸੰਦਰਭ ਵਿਚ ਪ੍ਰਯੁਕਤ ਕੀਤਾ ਹੈ। ਸ਼ਾਂਤ ਅਤੇ ਵੀਰ ਆਪਸ ਵਿਚ ਵਿਰੋਧੀ ਰਸ ਮੰਨੇ ਗਏ ਹਨ ਪਰ ਇਕ ਸਮਰਥ ਕਵੀ ਦੀ ਪ੍ਰਤਿਭਾ ਨੇ ਇਹਨਾਂ ਦੋਹਾਂ ਰਸਾਂ ਨੂੰ ਇਕ ਸੰਦਰਭ ਵਿਚ ਵਰਤ ਕੇ ਅਨੋਖਾ ਪ੍ਰਭਾਵ ਉਤਪੰਨ ਕੀਤਾ ਹੈ।

3) <u>ਸ਼ਿੰਗਾਰ ਰਸ</u>

ਸ਼ਿੰਗਾਰ ਰਸ ਨੂੰ ਰਸਾਂ ਦਾ ਰਾਜਾ (ਰਸ-ਰਾਜ) ਕਿਹਾ ਗਿਆ ਹੈ। ਇਸ ਦਾ ਸਥਾਈ ਭਾਵ ਰਤੀ (ਪਤੀ ਪਤਨੀ ਦਾ ਪ੍ਰੇਮ) ਮੰਨਿਆ ਗਿਆ ਹੈ। ਇਸ ਦੀ ਆਲੰਬਨ ਨਾਇਕਾ (ਪਤਨੀ) ਹੁੰਦੀ ਹੈ ਅਤੇ ਨਾਇਕ (ਪਤੀ) ਇਸ ਦਾ ਆਸ਼੍ਰਯ ਹੁੰਦਾ ਹੈ। ਨਾਇਕਾ ਦੀਆਂ ਚੇਸ਼ਟਾਵਾਂ, ਉਸਦੀ ਸੁੰਦਰਤਾ ਆਦਿ ਨੂੰ ਉੱਦੀਪਨ ਵਿਭਾਵ ਕਿਹਾ ਜਾਂਦਾ ਹੈ। ਲੱਜਾ, ਹਾਸ ਅਤੇ ਕਈ ਵਾਰੀ ਕ੍ਰੋਧ ਆਦਿ ਵੀ ਇਸਦੇ ਸੰਚਾਰੀ ਭਾਵ ਹੁੰਦੇ ਹਨ।

ਪ੍ਰਾਣ-ਸੰਗਲੀ ਵਿਚ ਅਧਿਆਤਮਕ ਸੰਦਰਭਾਂ ਨੂੰ ਕਈ ਥਾਵਾਂ ਤੇ ਸ਼ਿੰਗਾਰ ਰਾਹੀਂ ਪ੍ਰਗਟਾਇਆ ਗਿਆ ਹੈ। ਉਦਾਹਰਣ ਵਜੋਂ:

ਜਿਸੁ ਤਿਰੀਆ ਤੇ ਸਭੁ ਜਗੁ ਉਪਜੈ ਸੋ ਤਿਰੀਆ ਜਗੁ ਮਾਨੀ।
ਸੋ ਤਿਰੀਆ ਅਪਨੈ ਮਦ ਮਾਤੀ ਤਿਰੀਆ ਹੈ ਪਰਵਾਨੀ॥
ਮਦ ਕੀ ਮਾਤੀ ਕਾਯਾ ਕਾਚੀ ਰੂਪਿ ਬਨੀ ਅਪਾਰੇ।
ਤਿਰੀਆ ਕਾ ਗੁਰੁ ਭਰਤਾ ਕਹੀਐ, ਸੁਨ ਗੋਰਖ ਬੀਚਾਰੇ॥[1]

ਇਸ ਤੁਕ ਵਿਚ 'ਤਿਰਿਆ' ਮਾਇਆ ਲਈ ਵਰਤਿਆ ਗਿਆ ਹੈ। ਉਸਦਾ ਮਦਮਸਤ ਰੂਪ, ਉਸਦੀ ਕੱਚੀ ਕਾਇਆ ਸ਼ਿੰਗਾਰ ਰਸ ਦੇ ਉੱਦੀਪਨ ਵਿਭਾਵ ਹਨ। ਗੁਰੂ ਨੂੰ ਭਰਤਾ ਦੱਸ ਕੇ ਸ਼ਿੰਗਾਰੀ ਪ੍ਰਕਿਰਿਆ ਨੂੰ ਪੂਰਾ ਕੀਤਾ ਗਿਆ ਹੈ। ਇਸ ਤੁਕ ਨੂੰ ਪੂਰੀ ਤਰ੍ਹਾਂ ਸ਼ਿੰਗਾਰੀ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਦਾ ਮੁੱਖ ਤਾਤਪਰਜ ਅਧਿਆਤਮਕ ਭਾਵਨਾ ਨੂੰ ਦ੍ਰਿੜ੍ਹਾਉਣਾ ਹੈ। ਸ਼ਾਸਤ੍ਰੀ ਦ੍ਰਿਸ਼ਟੀ ਤੋਂ ਸ਼ਿੰਗਾਰ ਦਾ ਅਧਿਆਤਮਕ ਭਾਵਨਾ ਨਾਲ ਮੇਲ ਨਹੀਂ ਸਗੋਂ ਵਿਰੋਧ ਹੈ। ਇਸੇ ਤਰ੍ਹਾਂ ਮਾਇਆ ਨੂੰ ਸ਼ਿੰਗਾਰੀ ਸੰਦਰਭ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

ਇਸੁ ਮਨ ਮਹਿ ਇਹੁ ਮੋਹਨੀ ਕੀਨੀ ਹਰਿ ਪ੍ਰਭ ਜਪਨੁ ਨਾ ਦੇਈ।
ਜਿਨਿ ਇਹ ਮੋਹਨੀ ਮਾਰਿ ਬਿਡਾਰੀ ਪੂਰਣ ਕਲਿ ਮਹਿ ਸੋਈ॥[2]

ਇਸ ਤੁਕ ਵਿਚ ਮਾਇਆ ਨੂੰ ਮੋਹਿਨੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਅਤੇ ਉਸਦਾ ਮੋਹਕ ਰੂਪ ਉੱਦੀਪਨ ਵਿਭਾਵ ਹੈ। ਸਾਧਕ ਨੂੰ ਅਧਿਆਤਮਕ ਸਾਧਨਾ ਦੇ ਖੇਤਰ ਵਿਚ ਇਸ ਮਾਇਆ ਦਾ ਤਿਆਗ ਕਰਨਾ

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨੇ 627-628.
2. ਉਹੀ, ਪੰਨਾ 629.

ਚਾਹੀਦਾ ਹੈ। ਇਸ ਉਪਦੇਸ਼ ਇਸ ਤੁਕ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ ਸ਼ਿੰਗਾਰ ਰਸ ਦਾ ਹਲਕਾ ਜਿਹਾ ਸਪਰਸ਼ ਇਸ ਤੁਕ ਵਿਚ ਮਿਲਦਾ ਹੈ।

ਇਸ ਸਚ ਹੈ ਕਿ ਪ੍ਰਾਣ-ਸੰਗਲੀ ਦੀ ਕੇਂਦਰੀ ਦ੍ਰਿਸ਼ਟੀ ਅਧਿਆਤਮਕ ਸਾਧਨਾ ਹੈ ਪਰ ਭਾਰਤ ਵਿਚ ਅਧਿਆਤਮਕ ਸਾਧਨਾ ਲਈ ਵੀ ਸ਼ਿੰਗਾਰੀ ਵਾਤਾਵਰਣ ਦੀ ਸਿਰਜਨਾ ਕੀਤੀ ਗਈ ਹੈ। ਸੂਫ਼ੀਆਂ ਅਤੇ ਕਬੀਰ ਆਦਿ ਨਿਰਗੁਣਵਾਦੀ ਸੰਤਾਂ ਨੇ 'ਦੰਪਤਿ' (ਮਾਧੁਰੀਯ) ਭਾਵ ਨੂੰ ਥਾਂ ਥਾਂ ਤੇ ਅਧਿਆਤਮਕ ਸੰਦਰਭ ਦਿੱਤੇ ਹਨ। ਇਸੇ ਤਰ੍ਹਾਂ ਗੁਰੂ ਘਰ ਵਿਚ ਵੀ ਆਤਮਾ ਨੂੰ ਪਤਨੀ ਅਤੇ ਅਕਾਲਪੁਰਖ ਨੂੰ ਪਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸੇ ਸੰਦਰਭ ਵਿਚ ਆਤਮਾ ਨੂੰ ਬ੍ਰਿਹਣ ਦਾ ਰੂਪ ਵੀ ਦਿੱਤਾ ਗਿਆ ਹੈ। ਪ੍ਰਾਣ-ਸੰਗਲੀ ਦਾ ਸ਼ਿੰਗਾਰ ਵਰਣਨ ਇਸੇ ਪਰੰਪਰਾ ਵਿਚ ਆਉਂਦਾ ਹੈ।

## 4) ਅਦਭੁਤ ਰਸ

ਅਦਭੁਤ ਰਸ ਲਈ ਵਿਚਿਤ੍ਰ ਵਸਤੂ ਜਾਂ ਵਿਚਿਤ੍ਰ ਵਾਤਾਵਰਣ ਦਾ ਵਿਧਾਨ ਰਸ ਸ਼ਾਸਤ੍ਰੀਆਂ ਨੇ ਕੀਤਾ ਹੈ। 'ਵਿਸਮਯ', 'ਵਿਸ਼ਮਾਦ' ਜਾਂ 'ਅਸਚਰਜ' ਨੂੰ ਅਦਭੁਤ ਰਸ ਦਾ ਸਥਾਈ ਭਾਵ ਮੰਨਿਆ ਗਿਆ ਹੈ। ਪ੍ਰਕ੍ਰਿਤੀ ਦੀ ਸੁੰਦਰਤਾ ਇਸ ਰਸ ਦਾ ਉੱਦੀਪਨ ਵਿਭਾਵ ਹੈ। ਸਾਧਕ ਆਸ਼੍ਰਯ ਹੁੰਦਾ ਹੈ ਅਤੇ ਪ੍ਰਭੂ ਇਸਦਾ ਆਲੰਬਨ। ਗੁਰੂ ਨਾਨਕ ਦੇਵ ਦੀ ਆਰਤੀ ਅਦਭੁਤ ਰਸ ਦਾ ਬਹੁਤ ਉੱਚਾ ਤੇ ਸੁੱਚਾ ਉਦਾਹਰਣ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥[1]

ਇਹਨਾਂ ਤੁਕਾਂ ਵਿਚ ਪ੍ਰਕ੍ਰਿਤੀ ਦੀ ਸੁੰਦਰਤਾ ਅਦਭੁਤ ਰਸ ਲਈ ਉੱਦੀਪਨ ਦਾ ਕੰਮ ਕਰ ਰਹੀ ਹੈ ਅਤੇ ਸਾਧਕ ਦੇ ਮਨ ਵਿਚ ਵਿਸ਼ਮਾਦ ਜਾਂ ਵਿਸਮੇ ਨੂੰ ਪ੍ਰਗਟਾਉਂਦੀ ਹੈ।

ਪ੍ਰਾਣ-ਸੰਗਲੀ ਵਿਚ ਅਦਭੁਤ ਰਸ ਦੀ ਯੋਜਨਾ ਕਈ ਥਾਵਾਂ ਤੇ ਹੋਈ ਹੈ; ਜਿਵੇਂ:

ਹਾਡ ਮਾਸ ਨਾੜੀ ਕਾ ਪਿੰਜਰ ਐਸੀ ਬਨਤ ਬਨਾਈ।
ਅੱਖੀ ਦੇਖਣੁ ਕਉ ਪ੍ਰਭ ਦੀਨੀ ਜਿਹਬਾ ਰਸਕਿ ਗੁਨ ਗਾਈ॥
... .... .... ।
ਇਹ ਰਚਨੁ ਰਚਾਈਆ ਪ੍ਰਭੂ ਅਬਿਨਾਸ਼ੀ ਅਧੁਨੇ ਸੂਝ ਨਾ ਹੋਈ॥[2]

ਪ੍ਰਭੂ ਦੀ ਅਦਭੁਤੀ ਸ੍ਰਿਸ਼ਟੀ ਦੀ ਅਸਚਰਜ ਕਾਰੀਗਰੀ ਇਹਨਾਂ ਤੁਕਾਂ ਵਿਚ ਉਦੀਪਨ ਵਿਭਾਵ ਹੈ ਅਤੇ ਅਬਿਨਾਸ਼ੀ ਪ੍ਰਭੂ ਇਸ ਦਾ ਆਲੰਬਨ ਅਤੇ ਸਾਧਕ ਇਸ ਵਿਸਮੇ ਭਾਵ ਦਾ ਆਸ਼੍ਰਯ ਹੈ। ਇਸ ਤਰ੍ਹਾਂ ਅਦਭੁਤ ਰਸ ਦੀ ਪ੍ਰਕ੍ਰਿਆ ਇਹਨਾਂ ਤੁਕਾਂ ਵਿਚ ਉਪਲਬਧ ਹੁੰਦੀ ਹੈ।

---

1. 'ਆਦਿ ਗ੍ਰੰਥ', ਪੰਨਾ 13.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 629.

ਇਸੇ ਤਰ੍ਹਾਂ ਮਨ ਦੀ ਅਪਾਰ ਸ਼ਕਤੀ ਨੂੰ ਵਿਸਮੇ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਮਨ ਹੀ ਆਦਿ ਅੰਤ ਹੈ ਪੂਰਣ। ਮਨ ਹੀ ਸਮਝ ਮਾਂਹਿ ਸੰਪੂਰਣ॥
ਮਨ ਹੀ ਕਾਨ੍ਹ ਮਨ ਹੀ ਜੋਗੁ। ਨਾਨਕ ਮਨ ਹੀ ਧੂਪ ਛਾਉਂ ਅਰੁ ਸੋਗੁ॥[1]

ਮਨ ਦੀ ਅਦੁੱਤੀ ਸ਼ਕਤੀ ਇਸ ਵਿਚ ਉੱਦੀਪਨ ਭਾਵ ਹੈ। ਸਾਧਕ ਆਸ਼੍ਰ ਹੈ ਅਤੇ ਆਲੰਬਨ ਅਕਾਲਪੁਰਖ। ਇਸ ਤਰ੍ਹਾਂ ਅਦਭੁਤ ਰਸ ਨੂੰ ਪ੍ਰਗਟਾਇਆ ਗਿਆ ਹੈ।

ਆਮ ਤੌਰ ਤੇ ਅਦਭੁਤ ਰਸ ਲਈ ਅਧਿਆਤਮਕ ਸੰਦਰਭ ਵਿਚ ਪ੍ਰਭੂ ਦੀ ਵਿਸ਼ਾਲਤਾ ਅਤੇ ਉਸਦੀ ਰਚੀ ਸ੍ਰਿਸ਼ਟੀ ਦੀ ਸੁੰਦਰਤਾ, ਉਸਦੀ ਅਸਚਰਜ ਕਾਰੀਗਰੀ ਆਦਿ ਨੂੰ ਉੱਦੀਪਨ ਵਿਭਾਵ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਉੱਦੀਪਨ ਭਾਵ ਤੋਂ ਸਥਾਈ ਭਾਵ ਵਿਸਮੇ (ਵਿਸਮਾਦ) ਦੀ ਪੁਸ਼ਟੀ ਹੁੰਦੀ ਹੈ।

ਵਾਸਤਵ ਵਿਚ ਪ੍ਰਾਣ-ਸੰਗਲੀ ਨੂੰ ਗਹੁ ਨਾਲ ਵਾਚਣ ਤੋਂ ਪਤਾ ਚਲਦਾ ਹੈ ਕਿ ਇਸ ਦਾ ਲੇਖਕ ਅਧਿਆਤਮਕ ਅਤੇ ਯੋਗ ਸਾਧਨਾ ਸੰਬੰਧੀ ਇਕ ਪੋਥੀ ਤਿਆਰ ਕਰਨਾ ਚਾਹੁੰਦਾ ਸੀ। ਇਸ ਲਈ ਇਸ ਪੋਥੀ ਵਿਚ ਕਾਵਿ-ਸ਼ਾਸਤ੍ਰ ਦੇ ਅਲੰਕਾਰ ਅਤੇ ਰਸ ਆਦਿ ਤੱਤਾਂ ਲਈ ਕੋਈ ਉਚੇਰੀ ਥਾਂ ਨਹੀਂ ਹੈ। ਪਰ ਕਵਿਤਾ ਦਾ ਮੁਢਲਾ ਢਾਂਚਾ ਕਿਤੇ ਨਾ ਕਿਤੇ ਕਾਵਿ-ਸ਼ਾਸਤ੍ਰ ਦੇ ਸਿੱਧਾਂਤਾਂ ਤੋਂ ਥੋੜ੍ਹਾ ਬਹੁਤ ਪ੍ਰਭਾਵ ਗ੍ਰਹਿਣ ਜ਼ਰੂਰ ਕਰ ਲੈਂਦਾ ਹੈ। ਇਹੋ ਕਾਰਨ ਹੈ ਕਿ ਲੋਕ-ਕਾਵਿ ਦਾ ਵੀ ਬਹੁਤ ਵੱਡਾ ਹਿੱਸਾ ਅਲੰਕਾਰਾਂ ਅਤੇ ਅਨੇਕ ਰਸਾਂ ਦੇ ਪ੍ਰਭਾਵ ਹੇਠ ਸਹਿਜੇ ਹੀ ਸਿਰਜਿਆ ਜਾਂਦਾ ਹੈ।

ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੇ ਸੀਮਿਤ ਜਿਹੇ ਖੇਤਰ ਵਿਚ ਕਈ ਥਾਵਾਂ ਤੇ ਰਸ-ਯੋਜਨਾ ਦਾ ਚੰਗਾ ਚਮਤਕਾਰ ਪੇਸ਼ ਕੀਤਾ ਹੈ। ਵਾਸਤਵ ਵਿਚ ਜਿੱਥੇ ਕਿਤੇ ਪ੍ਰਾਣ-ਸੰਗਲੀ ਦੇ ਲੇਖਕ ਦਾ ਮਨ ਦ੍ਰਵਿਤ ਹੋਇਆ ਹੈ, ਉਥੇ ਉਸਨੇ ਕਿਸੇ ਨਾ ਕਿਸੇ ਰਸ ਦੀ ਚੰਗੀ ਯੋਜਨਾ ਕੀਤੀ ਹੈ। ਇਹੋ ਕਾਰਨ ਹੈ ਕਿ ਸ਼ਾਂਤ ਰਸ ਦੇ ਪ੍ਰਸੰਗਾਂ ਵਿਚ ਉਸਨੇ ਨਿਰਵੇਦ ਅਤੇ ਵੈਰਾਗ ਦੀ ਸਹਾਇਤਾ ਨਾਲ ਇਕ ਅਧਿਆਤਮਕ ਵਾਤਾਵਰਣ ਨੂੰ ਸਿਰਜਿਆ ਹੈ।

ਇਹ ਸੱਚ ਹੈ ਕਿ ਪ੍ਰਾਣ-ਸੰਗਲੀ ਦੀ ਕਵਿਤਾ ਅਲੰਕਾਰ ਜਾਂ ਰਸ ਦੀ ਕਸਵੱਟੀ ਉੱਤੇ ਪੂਰੀ ਨਹੀਂ ਉਤਰਦੀ। ਕਿਉਂਕਿ ਇਸਦਾ ਦ੍ਰਿਸ਼ਟੀਕੋਣ ਵਿਸ਼ੁੱਧ ਕਾਵਿ ਪ੍ਰਸਤੁਤ ਕਰਨਾ ਨਹੀਂ ਸੀ ਪਰ ਇਹ ਰਸ ਸਿੱਧਾਂਤ ਦੀ ਸ਼ਕਤੀ ਅਤੇ ਸਰਬ-ਵਿਆਪਕਤਾ ਦਾ ਹੀ ਸਬੂਤ ਹੈ ਕਿ ਪ੍ਰਾਣ-ਸੰਗਲੀ ਦੇ ਕੁਝ ਅੰਸ਼ ਰਸ ਦੀ ਕਸਵੱਟੀ ਉੱਤੇ ਪੂਰੇ ਉਤਰਦੇ ਹਨ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 632.

# ਅਧਿਆਇ ਛੇਵਾਂ

# ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਸਰੂਪ

ਅਧਿਆਇ 6

## ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਸਰੂਪ

ਕਿਸੇ ਵੀ ਰਚਨਾ ਦਾ ਗੰਭੀਰ ਅਧਿਐਨ ਕਰਦੇ ਹੋਏ ਸੰਬੰਧਿਤ ਰਚਨਾ ਦੀ ਭਾਸ਼ਾ ਉਤੇ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਭਾਸ਼ਾ ਕਿਸੇ ਵੀ ਰਚਨਾ ਦਾ ਸਥੂਲ ਆਕਾਰ ਹੁੰਦੀ ਹੈ। ਭਾਸ਼ਾ ਤੋਂ ਬਿਨਾ ਕਿਸੇ ਵੀ ਰਚਨਾ ਦੀ ਹੋਂਦ ਸੰਭਵ ਨਹੀਂ ਹੈ। ਇਸ ਤਰ੍ਹਾਂ ਭਾਸ਼ਾ ਹਰ ਇਕ ਰਚਨਾ ਲਈ ਲੋੜੀਂਦੀ ਆਧਾਰ-ਭੂਮੀ ਪ੍ਰਸਤੁਤ ਕਰਦੀ ਹੈ।

ਭਾਸ਼ਾ ਕਿਸੇ ਵੀ ਰਚਨਾ ਦੀ ਸਥੂਲ ਆਧਾਰ-ਭੂਮੀ ਹੀ ਨਹੀਂ ਸਗੋਂ ਰਚਨਾ ਦੀ ਅੰਤਰੀਵੀ ਬਣਤਰ ਨਾਲ ਵੀ ਡੂੰਘੀ ਤਰ੍ਹਾਂ ਜੁੜੀ ਹੋਈ ਹੁੰਦੀ ਹੈ। ਇਸ ਮਨੋਵਿਗਿਆਨਿਕ ਤੱਥ ਦੀ ਪੁਸ਼ਟੀ ਕਿਸੇ ਵੀ ਰਚੇਤਾ ਦੀ ਮਨੋਸਥਿਤੀ ਅਤੇ ਉਸਦੇ ਆਪਣੇ ਮਾਨਸਿਕ ਅਨੁਭਵਾਂ ਰਾਹੀਂ ਹੁੰਦੀ ਹੈ। ਹਰ ਇਕ ਸੂਝਵਾਨ ਪਾਠਕ ਦਾ ਇਹ ਅਨੁਭਵ ਹੁੰਦਾ ਹੈ ਕਿ ਲੇਖਕ ਦਾ ਮਾਨਸਿਕ ਜਗਤ ਅਤੇ ਉਸ ਦੀ ਸੋਚ ਦਾ ਧੱਧਰ ਇਕ ਵਿਸ਼ੇਸ਼ ਭਾਸ਼ਾਈ ਵਾਤਾਵਰਣ ਦਾ ਨਿਰਮਾਣ ਕਰਦਾ ਹੈ।[1] ਕਿਉਂਕਿ ਰਚਨਾ ਸਦਾ ਰਚੇਤਾ ਦੀ ਮਾਨਸਿਕ ਸਥਿਤੀ ਨੂੰ ਰੂਪਮਾਨ ਕਰਦੀ ਹੈ। ਇਸ ਲਈ ਰਚੇਤਾ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਹੀ ਇਕੋ ਇਕ ਮਾਧਿਅਮ ਹੈ।

ਮਨੋਵਿਗਿਆਨ ਅਨੁਸਾਰ ਭਾਸ਼ਾ ਅਤੇ ਸ਼ਬਦ ਪ੍ਰਯੋਗ ਰਚੇਤਾ ਦੇ ਵਿਅਕਤਿਤਵ ਦਾ ਸੱਚਾ ਚਿਤਰ ਪੇਸ਼ ਕਰਦੇ ਹਨ। ਇਸੇ ਲਈ ਸਾਹਿਤਕ ਆਲੋਚਨਾ ਦੇ ਖੇਤਰ ਵਿਚ ਭਾਸ਼ਾ ਦਾ ਵਿਵੇਚਨ ਵਿਸ਼ਲੇਸ਼ਣ ਇਕ ਅਨਿਵਾਰੀ ਤੱਤ ਮੰਨਿਆ ਜਾਂਦਾ ਹੈ।

ਪ੍ਰਾਣ-ਸੰਗਲੀ ਦੇ ਕਾਵਿ ਅਤੇ ਉਸਦੀ ਵਿਚਾਰਧਾਰਾ ਦਾ ਵਿਵੇਚਨ ਕਰਨ ਉਪਰੰਤ ਇਸ ਅਧਿਆਇ ਵਿਚ ਪ੍ਰਾਣ-ਸੰਗਲੀ ਦੀ ਭਾਸ਼ਾ ਅਤੇ ਉਸਦੇ ਵਿਸ਼ਿਸ਼ਟ ਸ਼ਬਦ ਪ੍ਰਯੋਗ ਬਾਰੇ ਇਕ ਸੰਖਿਪਤ ਚਰਚਾ ਪ੍ਰਸਤੁਤ ਕੀਤੀ ਜਾ ਰਹੀ ਹੈ।

ਪ੍ਰਾਣ-ਸੰਗਲੀ ਭਾਸ਼ਾ ਪੱਖ ਤੋਂ ਇਕ ਅਜਿਹੀ ਰਚਨਾ ਹੈ ਜਿਸ ਵਿਚ ਭਾਸ਼ਾ ਦੇ ਅਨੇਕ ਰੂਪ ਮਿਲਦੇ ਹਨ। ਇਹਨਾਂ ਰੂਪਾਂ ਵਿਚ ਮੁਖ ਰੂਪ ਇਹ ਹਨ:

---

1. ਧਾਰਵੀਂ ਸਦੀ ਦੇ ਪ੍ਰਸਿੱਧ ਭਾਰਤੀ ਕਾਵਿ-ਸ਼ਾਸਤ੍ਰੀ ਰਾਜ ਸ਼ੇਖਰ ਨੇ ਆਪਣੀ ਪੁਸਤਕ 'ਕਾਵਿ-ਮੀਮਾਂਸਾ' ਵਿਚ ਲਿਖਿਆ ਹੈ ਕਿ 'ਜਿਨ੍ਹਾਂ ਸ਼ਬਦਾਂ ਨੂੰ ਆਮ ਲੋਕ ਵਰਤੋਂ ਵਿਚ ਲਿਆਉਂਦੇ ਹਨ, ਉਹਨਾਂ ਸ਼ਬਦਾਂ ਨੂੰ ਹੀ ਮਹਾਂਕਵੀ ਵੀ ਵਰਤਦੇ ਹਨ। ਪਰ ਆਪਣੇ ਅਨੁਭਵ ਅਤੇ ਆਪਣੇ ਮਾਨਸਿਕ ਸੰਸਾਰ ਦੀ ਭਿੰਨਤਾ ਦੇ ਕਾਰਨ ਇਕੋ ਹੀ ਸ਼ਬਦ ਵਖਰੇ ਵਖਰੇ ਅਰਥਾਂ ਦੀ ਪ੍ਰਤੀਤੀ ਕਰਵਾਉਂਦਾ ਹੈ।'
ਦੇਖੋ: ਰਾਜ ਸ਼ੇਖਰ, 'ਕਾਵਯ ਮੀਮਾਂਸਾ', ਅਧਿਆਇ ਪਹਿਲਾ, ਸ਼ਲੋਕ 47.

1) ਪੰਜਾਬੀ ਅਤੇ ਉਸ ਦੀਆਂ ਉਪ-ਭਾਸ਼ਾਵਾਂ ਜਿਵੇਂ ਮਾਝੀ, ਮਲਵਈ, ਪੋਠੋਹਾਰੀ ਅਤੇ ਲਹਿੰਦੀ ਆਦਿ
2) ਬ੍ਰਜ ਭਾਸ਼ਾ
3) ਖੜੀ ਬੋਲੀ (ਪੰਜਾਬੀ ਵਿਚ ਖੜੀ ਬੋਲੀ ਦਾ ਮਿਸ਼ਰਤ ਰੂਪ)
4) ਫ਼ਾਰਸੀ ਅਤੇ ਉਸ ਦੀ ਤਦਭਵ ਸ਼ਬਦਾਵਲੀ
5) ਸੰਸਕ੍ਰਿਤ (ਪਾਲੀ-ਪ੍ਰਾਕ੍ਰਿਤ-ਅਪਭ੍ਰੰਸ਼ ਦੀ ਪਰੰਪਰਾ)

ਇਹਨਾਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਤੋਂ ਇਲਾਵਾ ਸੰਸਕ੍ਰਿਤ ਅਤੇ ਫ਼ਾਰਸੀ ਦੇ ਅਨੇਕ ਤਤਸਮ ਸ਼ਬਦ ਵੀ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਥਾਂ ਥਾਂ ਤੇ ਪ੍ਰਯੁਕਤ ਹੋਏ ਹਨ। ਇਸੇ ਤਰ੍ਹਾਂ ਇਹਨਾਂ ਭਾਸ਼ਾਵਾਂ ਦੇ ਤਦਭਵ ਰੂਪ ਵੀ ਪ੍ਰਾਣ-ਸੰਗਲੀ ਵਿਚ ਮਿਲਦੇ ਹਨ। ਇੰਜ ਜਾਪਦਾ ਹੈ ਕਿ ਪ੍ਰਾਣ-ਸੰਗਲੀ ਦਾ ਰਚੇਤਾ ਭਾਸ਼ਾ ਦੀ ਦ੍ਰਿਸ਼ਟੀ ਤੋਂ ਇਕ ਅਜਿਹੀ ਭਾਸ਼ਾ ਦਾ ਪ੍ਰਯੋਗ ਕਰ ਰਿਹਾ ਸੀ ਜਿਹੜੀ ਭਾਸ਼ਾ ਉੱਤਰੀ ਭਾਰਤ ਵਿਚ ਸਭ ਤੋਂ ਵੱਧ ਸਮਝੀ ਜਾਂਦੀ ਸੀ ਅਤੇ ਸਾਹਿਤਿਕ ਪੱਧਰ ਉਤੇ ਪ੍ਰਯੋਗ ਵਿਚ ਵੀ ਆਉਂਦੀ ਸੀ। ਇਸ ਭਾਸ਼ਾ ਨੂੰ ਸਾਧ ਭਾਸ਼ਾ ਜਾਂ ਅਨੇਕ ਭਾਸ਼ਾਵਾਂ, ਬੋਲੀਆਂ ਦਾ ਰਲਗਡ ਵੀ ਕਿਹਾ ਜਾਂਦਾ ਹੈ।[1]

ਵਾਸਤਵ ਵਿਚ ਭਾਸ਼ਾ ਦਾ ਮੁੱਖ ਉਦੇਸ਼ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਪਾਠਕਾਂ ਤਕ ਪਹੁੰਚਾਉਣਾ ਹੁੰਦਾ ਹੈ, ਸ਼ਾਸਤ੍ਰੀ ਸ਼ਬਦਾਵਲੀ ਵਿਚ ਇਸ ਨੂੰ ਭਾਸ਼ਾ ਦੀ 'ਸੰਪ੍ਰੇਸ਼ਣੀਅਤਾ' ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਆਮ ਤੌਰ ਤੇ ਇਹੋ ਜਿਹੀ ਭਾਸ਼ਾ ਅਪਣਾਉਂਦੀ ਹੈ ਜਿਹੜੀ ਭਾਸ਼ਾ ਆਮ ਲੋਕਾਂ ਲਈ ਸੌਖੀ ਅਤੇ ਇਸੇ ਰੂਪ ਵਿਚ ਪਰੰਪਰਾ ਤੋਂ ਪ੍ਰਾਪਤ ਹੋਈ ਹੈ।

ਕਬੀਰ ਤੋਂ ਲੈ ਕੇ ਗੁਰੂ ਨਾਨਕ ਦੇਵ ਤਕ ਭਾਸ਼ਾ ਦਾ ਇਹੋ ਸੌਖਾ ਰੂਪ ਪ੍ਰਚਲਿਤ ਰਿਹਾ ਹੈ। ਪੰਜਾਬ ਤੋਂ ਲੈ ਕੇ ਬਨਾਰਸ ਅਤੇ ਉਸ ਤੋਂ ਵੀ ਅੱਗੇ ਬੰਗਾਲ ਤਕ ਇਸੇ ਭਾਸ਼ਾ ਦਾ ਬੋਲਬਾਲਾ ਸੀ ਕਿਉਂਕਿ ਇਸ ਭਾਸ਼ਾ ਵਿਚ ਲਿਖਣ ਵਾਲੇ ਵਿਅਕਤੀ ਆਪਣੇ ਵਿਚਾਰਾਂ ਅਤੇ ਆਪਣੀ ਸਾਧਨਾ ਪੱਧਤੀ ਨੂੰ ਆਮ ਲੋਕਾਂ ਤਕ ਪਹੁੰਚਾਉਣਾ ਚਾਹੁੰਦੇ ਸਨ, ਇਸ ਲਈ ਇਸ ਤਰ੍ਹਾਂ ਦੀ ਸਰਬ-ਸਾਂਝੀ ਭਾਸ਼ਾ ਦਾ ਪ੍ਰਯੋਗ ਕਰਦੇ ਸਨ।[2]

---

1. ਦੇਖੋ: a) F. Edgerton, Buddhist Hybrid Sanskrit Grammar, pp. 5-8 (Introduction).
   b) J. Beams, Comparative Grammar of the Modern Aryan Languages in India, pp. 2,5.
   c) N.B. Divatia, Gujrati Language and Literature, pp. 7-15.
   d) Grierson, Linguistic Survey of India, Vol. I, pp. 10-21.
2. ਦੇਖੋ: ੳ) ਰਾਹੁਲ, 'ਦੱਖਣੀ ਹਿੰਦੀ ਕਾਵਿ ਧਾਰਾ', ਪੰਨੇ 1-9.
   ਅ) ਮੁਨੀ ਜਿਨ ਵਿਜਯ, 'ਪ੍ਰਾਚੀਨ ਗੁਜਰਾਤੀ', ਪੰਨੇ 1-10.
   ੲ) ਚੰਦ੍ਰਧਰ ਸ਼ਰਮਾ ਗੁਲੇਰੀ, 'ਪੁਰਾਣੀ ਹਿੰਦੀ', ਪੰਨੇ 7-9.
   ਸ) ਲਕਸ਼ਮੀਧਰ, 'ਬ੍ਰਜ ਭਾਸ਼ਾ ਚੰਦ੍ਰਿਕਾ', ਪੰਨੇ 5-11.
   ਹ) ਤਾਸੀ, 'ਹਿੰਦੂਈ ਸਾਹਿਤਯ ਕਾ ਇਤਿਹਾਸ' (ਅਨੁ: ਲਕਸ਼ਮੀ ਸਾਗਰ ਵਾਰਸ਼ਣੇ), ਪੰਨੇ 3-7.

ਭਾਰਤੀ ਇਤਿਹਾਸ ਵਿਚ ਇਸ ਤਰ੍ਹਾਂ ਦੀ ਸਰਬ-ਸਾਂਝੀ ਅਤੇ ਸੌਖੀ ਭਾਸ਼ਾ ਦਾ ਪ੍ਰਯੋਗ ਕਰਨ ਵਾਲੇ ਸਭ ਤੋਂ ਪਹਿਲੇ ਵਿਅਕਤੀ ਸਨ – ਮਹਾਤਮਾ ਬੁੱਧ। ਉਹਨਾਂ ਨੇ 'ਬਹੁਜਨ ਸੁਖਾਯ' ਅਤੇ 'ਬਹੁਜਨ ਹਿਤਾਯ' ਦਾ ਮੰਤਵ ਮੁੱਖ ਰਖਦੇ ਹੋਏ ਸੰਸਕ੍ਰਿਤ ਦੀ ਥਾਂ ਉਸ ਵੇਲੇ ਦੀ ਲੋਕ-ਭਾਸ਼ਾ ਪਾਲੀ ਦਾ ਪ੍ਰਯੋਗ ਕੀਤਾ ਅਤੇ ਆਪਣੇ ਅਨੁਯਾਈਆਂ ਨੂੰ ਵੀ ਇਸੇ ਭਾਸ਼ਾ ਦਾ ਪ੍ਰਯੋਗ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਤਰ੍ਹਾਂ ਜੈਨ ਅਤੇ ਸਿੱਧਾਂ ਨਾਥਾਂ ਅਤੇ ਹੋਰ ਸਾਧਕਾਂ ਨੇ ਲੋਕ-ਭਾਸ਼ਾ ਦਾ ਸੌਖਾ ਰੂਪ ਹੀ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਪਣਾਇਆ।

ਉਂਜ ਤਾਂ ਸੰਤਾਂ ਅਤੇ ਫ਼ਕੀਰਾਂ ਲਈ ਸ਼ੁੱਧ ਭਾਸ਼ਾ ਦੀ ਕੋਈ ਸ਼ਰਤ ਨਹੀਂ ਲਾਈ ਜਾ ਸਕਦੀ। ਗੋਰਖ ਨਾਥ ਤੋਂ ਲੈ ਕੇ ਕਬੀਰ ਤਕ ਅਤੇ ਕਬੀਰ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਰਾਧਾ ਸੁਆਮੀ ਸੰਤ ਬਾਬਾ ਸਾਵਣ ਸਿੰਘ ਤਕ ਭਾਸ਼ਾ ਦਾ ਰੂਪ ਇਹੋ ਜਿਹਾ ਰਿਹਾ ਹੈ ਜਿਸ ਨੂੰ ਕਦੇ ਸਾਧਭਾਸ਼ਾ ਅਤੇ ਕਦੇ ਸਧੁੱਕੜੀ ਭਾਸ਼ਾ ਦਾ ਨਾਉਂ ਦਿੱਤਾ ਜਾਂਦਾ ਰਿਹਾ। ਇਸ ਨਾਂ ਦੇ ਪ੍ਰਚਲਿਤ ਹੋਣ ਦਾ ਕਾਰਨ ਇਹ ਸੀ ਕਿ ਸੰਤਾਂ ਦੀ ਭਾਸ਼ਾ ਲਈ ਕਾਵਿ-ਸ਼ਾਸਤ੍ਰ ਦੀ ਭਾਸ਼ਾ ਦਾ ਮਾਪਦੰਡ ਨਹੀਂ ਵਰਤਿਆ ਜਾ ਸਕਦਾ। ਆਚਾਰਯ ਹਜ਼ਾਰੀ ਪ੍ਰਸਾਦ ਦਿਵੇਦੀ ਨੇ ਕਬੀਰ ਬਾਰੇ ਕਿਹਾ ਸੀ ਕਿ 'ਉਹ ਬਾਣੀ (ਭਾਸ਼ਾ) ਦੇ ਡਿਕਟੇਟਰ ਸਨ।'[1]

ਭਾਸ਼ਾ ਬਾਰੇ ਸੰਤਾਂ ਲਈ ਇਤਨੀ ਖੁਲ੍ਹ ਹੋਣ ਦੇ ਬਾਵਜੂਦ ਸੰਤਾਂ ਨੇ ਆਮ ਤੌਰ ਤੇ ਜਿਸ ਭਾਸ਼ਾ ਦੀ ਵਰਤੋਂ ਕੀਤੀ ਹੈ, ਉਸ ਵਿਚ ਭਾਸ਼ਾਈ ਰੂਪਾਂ ਲਈ ਕਾਫ਼ੀ ਖੁਲ੍ਹ ਹੈ ਪਰ ਉਸ ਨੂੰ ਭਾਸ਼ਾਈ ਅਰਾਜਕਤਾ ਨਹੀਂ ਕਿਹਾ ਜਾ ਸਕਦਾ। ਪ੍ਰਾਣ-ਸੰਗਲੀ ਦੀ ਭਾਸ਼ਾ ਆਮ ਤੌਰ ਤੇ ਉਸੇ ਭਾਸ਼ਾਈ ਪਰੰਪਰਾ ਦਾ ਪਾਲਣ ਕਰਦੀ ਹੈ, ਜਿਹੜੀ ਪਰੰਪਰਾ ਸਾਰੇ ਉੱਤਰੀ ਭਾਰਤ ਵਿਚ ਸੰਤਾਂ, ਫ਼ਕੀਰਾਂ ਅਤੇ ਹੋਰ ਸਾਧਕਾਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਲਈ ਵਰਤੀ ਸੀ।

ਇਹ ਸੱਚ ਹੈ ਕਿ ਇਸ ਸਾਧ ਭਾਸ਼ਾ ਵਿਚ ਸਾਹਿਤਿਕ ਭਾਸ਼ਾ ਦੇ ਗੁਣ ਨਹੀਂ ਹਨ ਅਤੇ ਨਾ ਹੀ ਕਿਸੇ ਪ੍ਰਾਚੀਨ ਸਾਹਿਤਿਕ ਆਦਰਸ਼ ਨੂੰ ਮੁਖ ਰਖ ਕੇ ਇਹ ਭਾਸ਼ਾ ਲਿਖੀ ਗਈ ਹੈ। ਇਹ ਭਾਸ਼ਾ ਸੰਤਾਂ ਦੇ ਆਪਣੇ ਵਿਚਾਰਾਂ ਅਤੇ ਅਨੁਭਵਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਹੈ ਅਤੇ ਇਸ ਭਾਸ਼ਾ ਨੂੰ ਪਰਖਣ ਲਈ ਕਿਸੇ ਵੀ ਬਾਹਰਲੀ ਸਾਮਗ੍ਰੀ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ। ਇਸ ਭਾਸ਼ਾ ਦੀ ਪ੍ਰਕ੍ਰਿਤੀ ਅਤੇ ਇਸਦਾ ਸਰੂਪ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਸਪੱਸ਼ਟ ਕੀਤਾ ਜਾ ਸਕਦਾ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।[2]

ਭਾਵ ਇਹ ਹੈ ਕਿ ਇਹਨਾਂ ਸੰਤ ਲੇਖਕਾਂ ਨੇ ਨਾ ਤਾਂ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਕਾਵਿ-ਸ਼ਾਸਤ੍ਰੀ ਸੰਚੇ ਵਿਚ ਢਾਲ ਕੇ ਪ੍ਰਸਤੁਤ ਕੀਤਾ ਹੈ ਅਤੇ ਨਾ ਹੀ ਕਿਸੇ ਆਲੋਚਕ ਦੀ ਆਲੋਚਨਾ ਦ੍ਰਿਸ਼ਟੀ ਦਾ ਸਮਰਥਨ ਪ੍ਰਾਪਤ ਕਰਨ ਲਈ ਇਸ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਭਾਸ਼ਾ ਨੂੰ ਇਹਨਾਂ ਸੰਤ ਲੇਖਕਾਂ ਨੇ ਕੇਵਲ

1. ਹਜ਼ਾਰੀ ਪ੍ਰਸਾਦ ਦਿਵੇਦੀ, 'ਕਬੀਰ', ਪੰਨਾ 138.
2. 'ਆਦਿ ਗ੍ਰੰਥ', ਪੰਨਾ 772.

ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਰਤਿਆ ਹੈ ਅਤੇ ਆਪਣੇ ਅਨੁਭਵ ਨੂੰ ਹੀ ਇਸ ਭਾਸ਼ਾ ਲਈ ਇਕੋ ਇਕ ਕਸੌਟੀ ਮੰਨਿਆ ਹੈ।

ਪ੍ਰਾਣ-ਸੰਗਲੀ ਦੀ ਭਾਸ਼ਾ ਜਿੱਥੇ ਪ੍ਰਾਚੀਨ ਸੰਤ ਪਰੰਪਰਾਵਾਂ ਦਾ ਪਾਲਣ ਕਰਦੀ ਹੈ, ਉੱਥੇ ਆਪਣੇ ਮੂਲ ਆਧਾਰ ਅਰਥਾਤ 'ਆਦਿ ਗ੍ਰੰਥ' ਦੀ ਭਾਸ਼ਾ ਤੋਂ ਵੀ ਦੂਰ ਨਹੀਂ ਹੁੰਦੀ। ਪ੍ਰਾਣ-ਸੰਗਲੀ ਦੀ ਭਾਸ਼ਾਈ ਬਣਤਰ ਪੰਜਾਬ ਦੇ ਸਾਹਿਤਿਕ ਵਿਰਸੇ ਦੇ ਸੰਦਰਭ ਵਿਚ ਪੇਸ਼ ਕਰਨਾ ਆਵੱਸ਼ਕ ਜਾਪਦਾ ਹੈ।

## I ਪੰਜਾਬੀ

ਪੰਜਾਬ ਦਾ ਸਾਹਿਤਿਕ ਇਤਿਹਾਸ ਭਾਰਤ ਦੀ ਕਿਸੇ ਵੀ ਭਾਸ਼ਾ ਦੇ ਇਤਿਹਾਸ ਤੋਂ ਪ੍ਰਾਚੀਨਤਮ ਹੈ। ਪੰਜਾਬ ਹੀ ਇਕੋ ਇਕ ਇਸ ਤਰ੍ਹਾਂ ਦਾ ਪ੍ਰਾਂਤ ਹੈ ਜਿੱਥੇ ਵਖਰੇ ਵਖਰੇ ਸਮਿਆਂ ਵਿਚ ਵਖਰੀਆਂ ਵਖਰੀਆਂ ਭਾਸ਼ਾਵਾਂ ਦਾ ਸਾਹਿੱਤ ਲਿਖਿਆ ਗਿਆ। ਮੁੱਖ ਰੂਪ ਵਿਚ ਪੰਜਾਬ ਦੀਆਂ ਪ੍ਰਾਚੀਨਤਮ ਰਚਨਾਵਾਂ ਇਹਨਾਂ ਭਾਸ਼ਾਵਾਂ ਵਿਚ ਮਿਲਦੀਆਂ ਹਨ:

i) ਵੈਦਿਕ ਸੰਸਕ੍ਰਿਤ
ii) ਸੰਸਕ੍ਰਿਤ
iii) ਪ੍ਰਾਕ੍ਰਿਤ
iv) ਅਪਭ੍ਰੰਸ਼
v) ਖੜੀ ਬੋਲੀ
vi) ਫ਼ਾਰਸੀ
vii) ਉਰਦੂ
viii) ਅੰਗ੍ਰੇਜ਼ੀ

ਇਹਨਾਂ ਭਾਸ਼ਾਵਾਂ ਵਿਚ ਉਪਲਬਧ ਪੰਜਾਬ ਦੀਆਂ ਰਚਨਾਵਾਂ ਬਾਰੇ ਵਿਸਥਾਰ ਨਾਲ ਚਰਚਾ ਕਰਨ ਦਾ ਅਵਸਰ ਇਥੇ ਨਹੀਂ ਹੈ ਪਰ ਇਹ ਸੰਕੇਤ ਦੇਣਾ ਜ਼ਰੂਰੀ ਹੈ ਕਿ ਪੰਜਾਬ ਨੇ ਪਿਛਲੇ ਲਗਭਗ ਦੋ ਹਜ਼ਾਰ ਸਾਲਾਂ ਵਿਚ ਇਕ ਅਦੁਤੀ ਸਾਹਿੱਤ ਦੀ ਸਿਰਜਣਾ ਕੀਤੀ ਹੈ। ਦੁੱਖ ਦੀ ਗੱਲ ਇਹ ਹੈ ਕਿ ਹੁਣ ਤਕ ਪੰਜਾਬ ਦੇ ਪੂਰੇ ਸਾਹਿਤਿਕ ਵਿਰਸੇ ਦਾ ਇਤਿਹਾਸ ਲਿਖਿਆ ਨਹੀਂ ਜਾ ਸਕਿਆ। ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਇਤਿਹਾਸਕਾਰ ਆਮ ਤੌਰ ਤੇ ਪੰਜਾਬੀ ਨੂੰ ਵਧ ਤੋਂ ਵਧ ਅੱਠ ਸੌ ਸਾਲ ਪੁਰਾਣੀ ਮੰਨਦੇ ਹਨ ਪਰ ਇਤਿਹਾਸ ਗਵਾਹ ਹੈ ਕਿ 'ਪਾਣਿਨੀ' ਵਰਗੇ ਮਹਾਨ ਵਿਦਵਾਨਾਂ, ਸਿਕੰਦਰ ਮਹਾਨ ਜਿਹੇ ਜੋਧਿਆਂ ਅਤੇ ਸਮਰਾਟ ਅਸ਼ੋਕ ਜਿਹੇ ਮਹਾਰਾਜਿਆਂ ਦੇ ਸਮਿਆਂ ਦੀ ਲਿਖਤੀ ਸਾਮਗ੍ਰੀ ਵਿਚ ਪੰਜਾਬੀ ਦਾ ਮੁੱਢਲਾ ਰੂਪ ਦਿਸਦਾ ਹੈ।[1]

ਮੱਧਕਾਲ ਦੀ ਪੰਜਾਬੀ ਨੂੰ ਸਭ ਤੋਂ ਵਧ ਗੁਰੂ ਨਾਨਕ ਦੇਵ ਜੀ ਨੇ ਪ੍ਰਭਾਵਿਤ ਕੀਤਾ। "ਪੰਜਾਬ ਦੇ ਲੋਕਾਂ ਦਾ ਉਧਾਰ ਕਰਨ ਲਈ ਉਹਨਾਂ ਨੇ ਆਮ ਲੋਕਾਂ ਦੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਸਤੁਤ ਕੀਤੇ। ਪੰਜਾਬੀ ਦੀ ਸਭ

---

1 ਦੇਖੋ ੳ) ਗੌਰੀ ਸ਼ੰਕਰ ਹੀਰਾ ਚੰਦ ਓਝਾ, 'ਪ੍ਰਾਚੀਨ ਲਿਪੀ ਮਾਲਾ', ਪੰਨਾ 31.
ਅ) General Cunningham, Inscriptions of Ashoka, p. 17.
ੲ) Dr K.P. Jayaswal, Hindu Politz, p. 28.
ਸ) Dr Gune, An Introduction to Comparative Philology, p. 71.

ਤੋਂ ਵੱਡੀ ਸੁਕਤੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਉਹਨਾਂ ਤੋਂ ਪਿੱਛੋਂ ਪਿਛਲੀਆਂ ਸਾਢੇ ਪੰਜ ਕੁ ਸਦੀਆਂ ਤੋਂ ਪੰਜਾਬੀ ਲਗਾਤਾਰ ਸਾਹਿਤਿਕ ਖੇਤਰ ਵਿਚ ਨਵੇਂ ਤੋਂ ਨਵੇਂ ਸਿਖਰ ਛੋਹ ਰਹੀ ਹੈ।

ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਮੁੱਢਲਾ ਢਾਂਚਾ ਪੰਜਾਬੀ ਦਾ ਹੈ। ਪੰਜਾਬੀ ਭਾਸ਼ਾ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪੰਜਾਬੀ ਭਾਸ਼ਾ ਨੇ ਆਪਣੇ ਸ਼ਬਦ-ਕੋਸ਼ ਲਈ ਅਨੇਕਾਂ ਭਾਸ਼ਾਵਾਂ ਤੋਂ ਸ਼ਬਦ ਗ੍ਰਹਿਣ ਕੀਤੇ ਹਨ ਅਤੇ ਇਸ ਮਸਲੇ ਉੱਤੇ ਬੜੀ ਦੂਰ ਦ੍ਰਿਸ਼ਟੀ ਨਾਲ ਕੰਮ ਲਿਆ। ਜਿੱਥੇ ਲੋੜ ਪਈ ਉੱਥੇ ਸੰਸਕ੍ਰਿਤ ਤੇ ਜਾਂ ਫ਼ਾਰਸੀ ਤੋਂ ਅਤੇ ਜਾਂ ਫਿਰ ਹੋਰ ਬੋਲੀਆਂ ਤੋਂ ਵੀ ਅਨੇਕ ਸ਼ਬਦ ਪੰਜਾਬੀ ਨੇ ਗ੍ਰਹਿਣ ਕੀਤੇ। ਇੰਜ ਪੰਜਾਬੀ ਲਈ ਕੋਈ ਵੀ ਸ਼ਬਦ ਜਾਂ ਭਾਸ਼ਾ ਅਛੂਤ ਨਹੀਂ ਸੀ। ਜਿੱਥੋਂ ਵੀ ਉਚਿਤ ਅਤੇ ਢੁੱਕਵਾਂ ਸ਼ਬਦ ਮਿਲਿਆ, ਪੰਜਾਬੀ ਨੇ ਉਸ ਨੂੰ ਸਵੀਕਾਰ ਕੀਤਾ। ਇਸ ਉਦਾਰ ਭਾਸ਼ਾਈ ਦ੍ਰਿਸ਼ਟੀ ਨਾਲ ਪੰਜਾਬੀ ਭਾਸ਼ਾ ਨੂੰ ਸ਼ਬਦਾਂ ਦਾ ਇਕ ਅਮੀਰ ਵਿਰਸਾ ਪ੍ਰਾਪਤ ਹੋਇਆ।

ਪ੍ਰਾਣ-ਸੰਗਲੀ ਵਿਚ ਉਪਲਬਧ ਪੰਜਾਬੀ ਦਾ ਮੁੱਢਲਾ ਕੇਂਦਰ ਪੰਜਾਬੀ ਦਾ ਹੈ। ਕਿਤੇ ਕਿਤੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਜਿਵੇਂ ' ਪੋਠੋਹਾਰੀ, ਲਹਿੰਦੀ, ਮਲਵਈ, ਦੁਆਬੀ ਆਦਿ ਦੀ ਵੀ ਵਰਤੋਂ ਪ੍ਰਾਣ-ਸੰਗਲੀ ਵਿਚ ਮਿਲਦੀ ਹੈ। ਪਰ ਪ੍ਰਾਣ-ਸੰਗਲੀ ਮੁੱਖ ਰੂਪ ਵਿਚ ਆਪਣੇ ਆਦਰਸ਼ ਗ੍ਰੰਥ (ਆਦਿ ਗ੍ਰੰਥ) ਦੀ ਭਾਸ਼ਾ ਸ਼ੈਲੀ ਦਾ ਹੀ ਅਨੁਕਰਣ ਕਰਦੀ ਹੈ।

ਇਸ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਵਿਚ ਪ੍ਰਯੁਕਤ ਪੰਜਾਬੀ ਦਾ ਰੂਪ ਇਸ ਤਰ੍ਹਾਂ ਸਪੱਸ਼ਟ ਕੀਤਾ ਜਾ ਸਕਦਾ ਹੈ:

1) <u>ਧੁਨੀ ਰੂਪ</u>

ਕਿਸੇ ਵੀ ਲਿਖਤੀ ਰਚਨਾ ਲਈ ਉਸ ਦੇ ਧੁਨੀ ਰੂਪਾਂ ਦਾ ਅਧਿਐਨ ਕਰਨਾ ਭਾਸ਼ਾ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਸਭ ਤੋਂ ਮਹੱਤਵਪੂਰਣ ਹੁੰਦਾ ਹੈ।[1] ਇਸ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦੇ ਅਧਿਐਨ ਵਿਚ ਧੁਨੀ ਰੂਪਾਂ ਦਾ ਵਿਵੇਚਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

ੳ <u>ਸਰਲੀਕਰਣ</u>: ਸੰਸਕ੍ਰਿਤ ਦੇ ਅਨੇਕ ਸ਼ਬਦ ਉੱਤਰਵਾਦੀ ਭਾਸ਼ਾਵਾਂ ਵਿਚ ਸਰਲ ਬਣਾ ਕੇ ਲਿਖੇ ਅਤੇ ਬੋਲੇ ਜਾਂਦੇ ਹਨ। ਇਸ ਨੂੰ ਸਰਲੀਕਰਣ ਦੀ ਪ੍ਰਵਿਰਤੀ ਕਿਹਾ ਜਾਂਦਾ ਹੈ।

ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਸਰਲੀਕਰਣ ਦੀ ਇਹ ਪ੍ਰਵਿਰਤੀ ਧੁਨੀ ਰੂਪਾਂ ਵਿਚ ਬਹੁਤ ਵਿਆਪਕ ਹੈ। ਉਦਾਹਰਣ ਵਜੋਂ ਇਹ ਸਰਲੀਕ੍ਰਿਤ ਧੁਨੀ ਰੂਪ ਵੇਖੇ ਜਾ ਸਕਦੇ ਹਨ:

<u>ਜੋਤੀ</u>[2]– ਸੰਸਕ੍ਰਿਤ ਦੇ 'ਜਯੋਤੀ' ਸ਼ਬਦ ਦਾ ਸਰਲੀਕ੍ਰਿਤ ਰੂਪ ਹੈ 'ਜੋਤੀ'। ਆਮ ਬੋਲ-ਚਾਲ ਦੀ ਭਾਸ਼ਾ ਵਿਚ ਇਸ ਨੂੰ 'ਜੋਤ' ਲਿਖਿਆ ਅਤੇ ਬੋਲਿਆ ਜਾਂਦਾ ਹੈ।

---

1. ਵੇਖੋ: ੳ) ਲਲਿਤ ਕਿਸ਼ੋਰ ਸਿੰਘ, 'ਧੁਨੀ ਔਰ ਸੰਗੀਤ, ਪੰਨਾ 104.
   ਅ) 'ਭਾਰਤੀ ਆਰਯ ਭਾਸ਼ਾ ਔਰ ਹਿੰਦੀ' (ਹਿੰਦੀ ਅਨੁ: ਸੁਨੀਤੀ ਕੁਮਾਰ ਚੇਟਰਜੀ), ਪੰਨਾ 114.
   ੲ) W.S. Allen, <u>Phonetics in Ancient India</u>, p. 52.
   ਸ) K.L. Pike, <u>Phonetics</u>, p. 8.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 25.

ਸੁਆਮੀ[1]— ਸੰਸਕ੍ਰਿਤ ਦੇ 'ਸਵਾਮੀ' ਸ਼ਬਦ ਦਾ ਇਹ ਸਰਲੀਕ੍ਰਿਤ ਰੂਪ ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਮਿਲਦਾ ਹੈ।

ਗੋਸ਼ਟ[2]— ਸੰਸਕ੍ਰਿਤ ਦੇ 'ਗੋਸ਼ਠੀ' ਸ਼ਬਦ ਦਾ ਇਹ ਸਰਲ ਰੂਪ ਨਾ ਕੇਵਲ ਪ੍ਰਾਣ-ਸੰਗਲੀ ਸਗੋਂ ਪੰਜਾਬ ਦੇ ਸਾਹਿੱਤ ਵਿਚ ਆਮ ਤੌਰ ਤੇ ਮਿਲਦਾ ਹੈ।

ਵਾਧ[3]— ਸੰਸਕ੍ਰਿਤ ਦੇ 'ਵਾਧੁ' ਸ਼ਬਦ ਦਾ ਇਹ ਸਰਲ ਰੂਪ ਪ੍ਰਾਣ-ਸੰਗਲੀ ਤੋਂ ਇਲਾਵਾ ਆਮ ਪੰਜਾਬੀ ਵਿਚ 'ਵਾ'' ਦੇ ਰੂਪ ਵਿਚ ਪ੍ਰਚਲਿਤ ਹੈ।

ਸਰਲੀਕਰਣ ਦੀ ਇਹ ਪ੍ਰਵਿਰਤੀ ਨਾ ਕੇਵਲ ਪ੍ਰਾਣ-ਸੰਗਲੀ ਸਗੋਂ ਸਾਰੀਆਂ ਉੱਤਰ ਭਾਰਤੀ ਭਾਸ਼ਾਵਾਂ ਦੀ ਇਕ ਉੱਘੀ ਵਿਸ਼ੇਸ਼ਤਾ ਹੈ।

ਅ) ਵਿਪਰੀਤ ਧੁਨੀ: ਕਿਸੇ ਵੀ ਭਾਸ਼ਾ ਦੇ ਵਿਕਾਸ ਲਈ ਪ੍ਰਾਚੀਨ ਧੁਨੀਆਂ ਨੂੰ ਆਮ ਤੌਰ ਤੇ ਉਲਟਾਇਆ ਜਾਂਦਾ ਹੈ। ਇਸ ਪ੍ਰਵਿਰਤੀ ਨਾਲ ਭਾਸ਼ਾ ਵਿਚ ਸੌਖ ਅਤੇ ਸ਼ਬਦ ਕੋਸ਼ ਵਿਚ ਸੁਤੰਤਰ ਸ਼ਬਦਾਂ ਦਾ ਵਾਧਾ ਹੁੰਦਾ ਹੈ। ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਧੁਨੀਆਂ ਨੂੰ ਉਲਟਾਉਣ ਦੀ ਇਹ ਪ੍ਰਵਿਰਤੀ ਬਹੁਤ ਵਿਆਪਕ ਹੈ; ਜਿਵੇਂ:

ਜੋਤਕੀ[4]— ਸੰਸਕ੍ਰਿਤ ਦੇ 'ਜ੍ਯੋਤਿਸ਼ੀ' ਸ਼ਬਦ ਦੀਆਂ ਧੁਨੀਆਂ ਦਾ ਵਿਪਰੀਤੀਕਰਣ ਇਸ ਸ਼ਬਦ ਵਿਚ ਮਿਲਦਾ ਹੈ। ਸ਼ਬਦ ਨੂੰ ਸੌਖਾ ਬਣਾਉਣ ਤੋਂ ਇਲਾਵਾ ਇਕ ਨਵਾਂ ਸ਼ਬਦ ਪੰਜਾਬੀ ਦੇ ਸ਼ਬਦ ਭੰਡਾਰ ਵਿਚ ਇਸ ਨਾਲ ਜੋੜਿਆ ਗਿਆ ਹੈ। 'ਯ' ਦਾ ਲੋਪ ਅਤੇ 'ਸ਼' ਦੀ ਥਾਂ 'ਕ' ਦਾ ਆਗਮ ਵੀ ਧੁਨੀ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਣ ਹੈ।

ਪਰੰਬਰ[5] — ਅਰਬੀ ਦੇ 'ਪੈਗੰਬਰ' ਸ਼ਬਦ ਦੀਆਂ ਧੁਨੀਆਂ ਦਾ ਇਹ ਵਿਪਰੀਤੀਕਰਣ ਇਸ ਪ੍ਰਵਿਰਤੀ ਦਾ ਇਕ ਉੱਘਾ ਉਦਾਹਰਣ ਹੈ।

ਇਸੇ ਤਰ੍ਹਾਂ ਪ੍ਰਾਣ-ਸੰਗਲੀ ਦੇ 'ਅਉਧ' (ਸੰ. ਅਵਧਿ), 'ਸਹਸ' (ਸੰ. ਸਹਸ੍ਰ), 'ਮਾਨਕ' (ਅ. ਮਾਣਿਕ), 'ਸਿਕਦਾਰ' (ਫਾ. ਸਰਦਾਰ) ਆਦਿ ਅਨੇਕ ਸ਼ਬਦ ਧੁਨੀ ਦੇ ਵਿਪਰੀਤੀਕਰਣ ਦਾ ਉਦਾਹਰਣ ਹਨ।

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 8.
   ਇਸੇ 'ਸੁਆਮੀ' ਸ਼ਬਦ ਦਾ ਵਿਕਸਿਤ ਰੂਪ 'ਸਾਂਈਂ' ਵੀ ਬਹੁਤ ਸਾਰੇ ਸੰਤ ਲੇਖਕਾਂ ਨੇ ਵਰਤਿਆ ਹੈ।
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 100.
3. ਉਹੀ, ਪੰਨਾ 405.
   ਆਮ ਪੰਜਾਬੀ ਦਾ 'ਬੇਬਾਦੀ' ਸ਼ਬਦ ਵੀ 'ਵਾਧੁ' ਤੋਂ ਹੀ ਵਿਕਸਿਤ ਹੋਇਆ ਹੈ ਅਤੇ 'ਬਾਦੀ' ਸ਼ਬਦ ਵੀ ਸੰਸਕ੍ਰਿਤ ਦੇ 'ਵਾਤ' ਤੋਂ ਬਣਿਆ ਹੈ। ਧੁਨੀ ਪਰਿਵਰਤਨ ਹੁੰਦੇ ਹੋਏ ਵੀ ਪੰਜਾਬੀ ਦੇ ਇਹਨਾਂ ਸ਼ਬਦਾਂ ਵਿਚ ਅਰਥਮੂਲਕ ਸਮਾਨਤਾ ਵਿਦਮਾਨ ਹੈ।
4. 'ਪ੍ਰਾਣ-ਸੰਗਲੀ' (ਸੰਪਾ . ਸੰਤ ਸੰਪੂਰਣ ਸਿੰਘ), ਪੰਨਾ 767.
5. ਉਹੀ, ਪੰਨਾ 767.

ਭਾਵ ਇਹ ਹੈ ਕਿ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਸਰਲੀਕਰਣ ਦੀ ਇਕ ਵਿਆਪਕ ਪ੍ਰਵਿਰਤੀ ਮਿਲਦੀ ਹੈ। ਇਸ ਪ੍ਰਵਿਰਤੀ ਦੇ ਅਨੇਕ ਉਦਾਹਰਣ ਥਾਂ ਥਾਂ ਤੇ ਮਿਲਦੇ ਹਨ ਪਰ ਵਿਸਥਾਰ ਤੋਂ ਬਚਣ ਲਈ ਇਥੇ ਸੰਕੇਤ ਮਾਤ੍ਰ ਹੀ ਵਿਚਾਰ ਕੀਤਾ ਗਿਆ ਹੈ।

## 2) ਵਿਆਕਰਣਿਕ ਸੰਰਚਨਾ

ਪ੍ਰਾਚੀਨ ਭਾਸ਼ਾ ਸ਼ਾਸਤ੍ਰੀ ਵਿਆਕਰਣ ਨੂੰ ਭਾਸ਼ਾ ਦੀ ਸਭ ਤੋਂ ਪਹਿਲੀ ਆਵੱਸ਼ਕਤਾ ਸਮਝਦੇ ਸਨ। 'ਪਾਣਿਨੀ' ਨੇ ਆਪਣੀ ਪ੍ਰਸਿੱਧ ਪੁਸਤਕ 'ਸਿਖਸ਼ਾ' ਵਿਚ ਵਿਆਕਰਣ ਨੂੰ ਭਾਸ਼ਾ ਦਾ ਮੁੱਖ ਮੰਨਿਆ ਹੈ।[1] ਉਹਨਾਂ ਦਾ ਭਾਵ ਇਹ ਹੈ ਕਿ ਭਾਸ਼ਾ ਨੂੰ ਸਿਖਣ ਅਤੇ ਸਿਖਾਉਣ ਲਈ ਵਿਆਕਰਣ ਨੂੰ ਹੀ ਪਹਿਲਾਂ ਸਿਖਣਾ ਚਾਹੀਦਾ ਹੈ ਕਿਉਂਕਿ ਭਾਸ਼ਾ ਦੀ ਪੂਰੀ ਸੰਰਚਨਾ[2] ਵਿਆਕਰਣ ਦੇ ਨੇਮਾਂ ਅਨੁਸਾਰ ਹੀ ਹੁੰਦੀ ਹੈ।

ਪਰ ਜਿਉਂ ਜਿਉਂ ਭਾਸ਼ਾ ਦਾ ਸ਼ਾਸਤ੍ਰੀ ਅਤੇ ਵਿਗਿਆਨਿਕ ਅਧਿਐਨ ਹੁੰਦਾ ਗਿਆ, ਤਿਉਂ ਤਿਉਂ ਇਹ ਗੱਲ ਸਪੱਸ਼ਟ ਹੁੰਦੀ ਗਈ ਕਿ ਭਾਸ਼ਾ ਨੂੰ ਸਿਖਣ ਸਿਖਾਉਣ ਲਈ ਵਿਆਕਰਣ ਦੀ ਆਵੱਸ਼ਕਤਾ ਸਭ ਤੋਂ ਪਿੱਛੋਂ ਹੁੰਦੀ ਹੈ। ਭਾਸ਼ਾ ਦਾ ਸੰਬੰਧ ਬੋਲਣ ਨਾਲ ਅਤੇ ਬੋਲਣ ਵਾਲਿਆਂ ਨੂੰ ਸੁਣਨ ਨਾਲ ਵਧੇਰੇ ਹੈ। ਇਹੋ ਕਾਰਨ ਹੈ ਕਿ ਅੱਜ ਕਿਸੇ ਵੀ ਭਾਸ਼ਾ ਨੂੰ ਪੜ੍ਹਨ ਪੜ੍ਹਾਉਣ ਵੇਲੇ ਵਿਆਕਰਣ ਨੂੰ ਸਭ ਤੋਂ ਪਿੱਛੋਂ ਛੋਹਿਆ ਜਾਂਦਾ ਹੈ।[3] ਕਿਉਂਕਿ ਆਧੁਨਿਕ ਭਾਸ਼ਾਈ ਖੋਜ ਰਾਹੀਂ ਇਹ ਸਿੱਧ ਕੀਤਾ ਜਾ ਚੁਕਿਆ ਹੈ ਕਿ ਭਾਸ਼ਾ ਵਿਆਕਰਣ ਤੋਂ ਪਹਿਲਾਂ ਹੋਂਦ ਵਿਚ ਆਉਂਦੀ ਹੈ ਅਤੇ ਵਿਆਕਰਣਿਕ ਨਿਯਮਾਂ ਰਾਹੀਂ ਭਾਸ਼ਾ ਦਾ ਰੂਪ ਵਿਵਸਥਿਤ ਕਰਨ ਦਾ ਕੰਮ ਬਹੁਤ ਬਾਅਦ ਵਿਚ ਸ਼ੁਰੂ ਹੁੰਦਾ ਹੈ। ਇਸ ਲਈ ਆਧੁਨਿਕ ਭਾਸ਼ਾ ਸ਼ਾਸਤ੍ਰੀਆਂ ਨੇ ਪ੍ਰਾਚੀਨ ਅਤੇ ਆਧੁਨਿਕ ਭਾਸ਼ਾਵਾਂ ਦਾ ਵਿਵੇਚਨ ਵਿਸ਼ਲੇਸ਼ਣ ਕਰਦੇ ਹੋਏ ਵਿਆਕਰਣ ਨੂੰ ਦੂਜੇ ਦਰਜੇ ਦੀ ਰਵਾਂਗੀ ਦੇ ਰੂਪ ਵਿਚ ਸਵੀਕਾਰ ਕੀਤਾ ਹੈ।

ਪਰੰਤੂ ਕਿਸੇ ਵੀ ਭਾਸ਼ਾ ਦੀ [illegible] ਸੰਰਚਨਾ ਨੂੰ ਸੌਖ ਨਾਲ ਸਮਝਣ ਸਮਝਾਉਣ ਲਈ ਵਿਆਕਰਣ ਦੀ ਮੁਢਲੀ ਆਵੱਸ਼ਕਤਾ ਹਮੇਸ਼ਾ ਅਨੁਭਵ ਕੀਤੀ ਗਈ ਹੈ ਕਿਉਂਕਿ ਵਿਆਕਰਣਿਕ ਸ਼ਬਦ ਖੰਡਾਂ (ਕਾਰਜ, ਉਪਸਰਗ, ਧਾਤੂ ਅਤੇ ਕ੍ਰਿਆ ਆਦਿ) ਦਾ ਮੁੱਢਲਾ ਵਿਵੇਚਨ ਵਿਸ਼ਲੇਸ਼ਣ ਕਰਨਾ ਵਿਆਕਰਣ ਤੋਂ ਬਿਨਾ ਸੰਭਵ ਨਹੀਂ ਹੈ।

---

1. 'ਪਾਣਿਨੀ ਸਿਖਸ਼ਾ' (ਸੰਪਾ. ਡਾ. ਮਨਮੋਹਨ ਘੋਸ਼), ਪੰਨਾ 2.
2. ਵੇਖੋ: ੳ) ਡਾ. ਧੀਰੇਂਦਰ ਵਰਮਾ, 'ਹਿੰਦੀ ਭਾਸ਼ਾ ਕਾ ਇਤਿਹਾਸ', ਪੰਨਾ 7.
   ਅ) Z.S. Harris, Methods of Structural Linguistics, p. 5.
3. ਵੇਖੋ: a) W.D. Whitney, The Life and Growth of Language, p. 7.
   b) H.C. Wyld, Historical Study of the Mother Tongue, p. 6.
   c) E. Sapir, Language, p. 21.

ਵਿਆਕਰਣਿਕ ਸੰਰਚਨਾ ਵਿਚ ਹੇਠ ਲਿਖੇ ਤੱਤਾਂ ਦਾ ਮਹੱਤਵ ਵਧੇਰੇ ਹੁੰਦਾ ਹੈ:[1]

ੳ) ਕਾਰਕੀ ਸੰਰਚਨਾ,
ਅ) ਕ੍ਰਿਆ ਸੰਰਚਨਾ,
ੲ) ਹੋਰ ਫੁਟਕਲ ਵਿਆਕਰਣਿਕ ਸਾਮਗ੍ਰੀ ਆਦਿ।

ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਇਕ ਸੰਖਿਪਤ ਵਿਵੇਚਨ ਵਿਆਕਰਣਿਕ ਸੰਰਚਨਾ ਦੇ ਉਪਰੋਕਤ ਤੱਤਾਂ ਦੇ ਆਧਾਰ ਤੇ ਕੀਤਾ ਜਾ ਰਿਹਾ ਹੈ:

ੳ) <u>ਕਾਰਕੀ ਸੰਰਚਨਾ:</u> ਕਿਸੇ ਵੀ ਭਾਸ਼ਾ ਦਾ ਵਿਵੇਚਨ ਵਿਸ਼ਲੇਸ਼ਣ ਕਰਦੇ ਹੋਏ ਭਾਸ਼ਾ ਸ਼ਾਸਤ੍ਰੀ ਸੰਬੰਧਿਤ ਭਾਸ਼ਾ ਦੇ ਸ਼ਬਦ ਭੰਡਾਰ ਨੂੰ ਦੋ ਮੁੱਖ ਵਰਗਾਂ ਵਿਚ ਵੰਡ ਲੈਂਦੇ ਹਨ:

i) ਸੰਗਿਆ (ਨਾਂਵ) ਰੂਪ
ii) ਕ੍ਰਿਆ (ਧਾਤੂ) ਰੂਪ

ਕਿਸੇ ਵੀ ਭਾਸ਼ਾ ਵਿਚ ਸੰਗਿਆ ਰੂਪਾਂ ਦੀ ਵਰਤੋਂ ਧਾਤੂ ਰੂਪਾਂ ਤੋਂ ਵੱਧ ਹੁੰਦੀ ਹੈ। ਇਹ ਸੱਚ ਹੈ ਕਿ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਰੂਪਾਂ ਦਾ ਮੂਲ ਧਾਤੂਆਂ ਵਿਚ ਹੀ ਹੁੰਦਾ ਹੈ। ਪਰ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਸੰਗਿਆ ਸ਼ਬਦ ਆਪਣੀ ਸੁਤੰਤਰ ਹੋਂਦ ਦੀ ਗਵਾਹੀ ਦਿੰਦੇ ਹਨ। ਇਹੋ ਕਾਰਨ ਹੈ ਕਿ ਹਰ ਇਕ ਵਿਆਕਰਣ ਦਾ ਚੋਖਾ ਭਾਗ ਸੰਗਿਆ ਰੂਪਾਂ ਨਾਲ ਸੰਬੰਧਿਤ ਹੁੰਦਾ ਹੈ।

ਸੰਗਿਆ ਰੂਪਾਂ ਨੂੰ ਮੋਟੇ ਤੌਰ ਤੇ ਕਾਰਕਾਂ[2] ਵਿਚ ਵੰਡਿਆ ਜਾਂਦਾ ਹੈ। ਕਾਰਕਾਂ ਦੇ ਸਰੂਪ ਅਤੇ ਉਹਨਾਂ ਦੀ ਸੰਖਿਆ ਬਾਰੇ ਅਕਸਰ ਮੱਤਭੇਦ ਰਿਹਾ ਹੈ। 'ਪਾਣਿਨੀ' ਨੇ ਸੰਸਕ੍ਰਿਤ ਭਾਸ਼ਾ ਲਈ ਅੱਠ ਕਾਰਕਾਂ ਦਾ ਵਿਧਾਨ ਕੀਤਾ ਹੈ ਪਰ ਵਿਦਵਾਨਾਂ ਦਾ ਵਿਚਾਰ ਹੈ ਕਿ ਇਹਨਾਂ ਅੱਠ ਕਾਰਕਾਂ ਦਾ ਮਹੱਤਵ ਵਿਆਕਰਣ ਅਤੇ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਬਰਾਬਰ ਨਹੀਂ ਹੈ ਕਿਉਂਕਿ ਇਹਨਾਂ ਕਾਰਕ ਰੂਪਾਂ ਵਿਚ ਕਈ ਰੂਪ ਦੁਹਰਾਏ ਗਏ ਹਨ ਅਤੇ ਕਈ ਕਾਰਕ ਰੂਪਾਂ ਦੀ ਸੁਤੰਤਰ ਹੋਂਦ ਉੱਤੇ ਸ਼ੱਕ ਕੀਤਾ ਜਾਂਦਾ ਹੈ।

---

1. ਦੇਖੋ: a) H.E. Palmer, <u>The Principles of Language Study</u>, p. 21.
   b) S.K. Belvalkar, <u>An Account of the Different Existing Systems of Sanskrit Grammar</u>, p. 15.
   c) F. Boas, <u>Handbook of American Indian Languages</u>, p. 11.
2. ਦੇਖੋ: ੳ) ਡਾ. ਉਦੇ ਨਾਰਾਇਣ ਤਿਵਾਰੀ, 'ਭਾਸ਼ਾ ਸ਼ਾਸਤ੍ਰ ਦੀ ਰੂਪ-ਰੇਖਾ', ਪੰਨਾ 18.
   ਅ) ਕਾਮਤਾ ਪ੍ਰਸਾਦ ਗੁਰੂ, 'ਹਿੰਦੀ ਵਿਆਕਰਣ' ਪੰਨਾ 14.
   ੲ) L. Bloomfield, <u>Language</u>, p. 80.
   ਸ) C.F. Hockett, <u>A Course in Modern Linguistics</u>, p. 61.

ਸੰਸਕ੍ਰਿਤ ਤੋਂ ਪਿੱਛੋਂ ਪਾਲੀ ਆਦਿ ਪ੍ਰਾਚੀਨ ਲੋਕ-ਭਾਸ਼ਾਵਾਂ ਵਿਚ ਵੱਧ ਤੋਂ ਵੱਧ ਛੇ ਅਤੇ ਮੱਧਕਾਲੀਨ ਭਾਸ਼ਾਵਾਂ ਵਿਚ ਘੱਟ ਤੋਂ ਘੱਟ ਤਿੰਨ ਕਾਰਕ ਮੰਨੇ ਜਾਂਦੇ ਹਨ। ਅੱਜ ਦੇ ਬਹੁਤ ਸਾਰੇ ਭਾਸ਼ਾ ਵਿਗਿਆਨੀ ਆਧੁਨਿਕ ਆਰਯ ਭਾਸ਼ਾਵਾਂ ਵਿਚ ਕੇਵਲ ਦੋ ਹੀ ਕਾਰਕ ਮੰਨਦੇ ਹਨ।[1]

i) ਅਵਿਕਾਰੀ ਕਾਰਕ (ਜਿਵੇਂ ਮੁੰਡਾ),

ii) ਵਿਕਾਰੀ ਕਾਰਕ (ਜਿਵੇਂ ਮੁੰਡੇ, ਮੁੰਡਿਆਂ)।

ਪ੍ਰਾਣ-ਸੰਗਲੀ ਦੀ ਕਾਰਕੀ ਸੰਰਚਨਾ ਪ੍ਰਾਚੀਨ ਪਰੰਪਰਾ ਦੇ ਅਨੁਸਾਰ ਹੈ। 'ਆਦਿ ਗ੍ਰੰਥ' ਦੀ ਭਾਸ਼ਾਈ ਅਤੇ ਕਾਰਕੀ ਸੰਰਚਨਾ ਦਾ ਡੂੰਘਾ ਪ੍ਰਭਾਵ ਪ੍ਰਾਣ-ਸੰਗਲੀ ਵਿਚ ਪਾਇਆ ਜਾਂਦਾ ਹੈ। ਇਸ ਲਈ ਪ੍ਰਾਣ-ਸੰਗਲੀ ਦੇ ਸੰਗਿਆ ਸ਼ਬਦਾਂ ਦੀ ਕਾਰਕੀ ਸੰਰਚਨਾ 'ਆਦਿ ਗ੍ਰੰਥ' ਦੇ ਅਨੁਕੂਲ ਹੈ। ਕਾਰਕੀ ਸੰਰਚਨਾ ਦੀ ਇਸ ਅਨੁਕੂਲਤਾ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ:

i) ਕਰਤਾ ਕਾਰਕ (ਔਂਕੜ): ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਕਰਤਾ ਕਾਰਕ ਦੀ ਸੰਰਚਨਾ 'ਆਦਿ ਗ੍ਰੰਥ' ਵਾਂਗ ਔਂਕੜ ਲਗਾ ਕੇ ਕੀਤੀ ਗਈ ਹੈ। ਇਤਿਹਾਸਿਕ ਰੂਪ ਵਿਚ ਇਹ ਔਂਕੜ ਸੰਸਕ੍ਰਿਤ ਦੇ ਕਰਤਾ ਕਾਰਕ ਇਕ ਵਚਨ ਦਾ ਵਿਕਸਿਤ ਰੂਪ ਹੈ। ਉਦਾਹਰਣ ਵਜੋਂ ਸੰਸਕ੍ਰਿਤ ਦੇ 'ਰਾਮ' ਸ਼ਬਦ ਦਾ ਕਰਤਾ ਕਾਰਕੀ ਇਕ ਵਚਨੀ ਰੂਪ 'ਰਾਮਃ' ਸੀ, ਪ੍ਰਾਕ੍ਰਿਤਾਂ ਵਿਚ ਆ ਕੇ ਇਸ ਨੂੰ 'ਓ' ਦਾ ਰੂਪ ਮਿਲਿਆ ਜਿਵੇਂ 'ਰਾਮੋ'। ਅਪਭ੍ਰੰਸ਼ਾਂ ਵਿਚ ਇਸ 'ਓ' ਨੂੰ 'ਔਂਕੜ' ਦੀ ਆਵਾਜ਼ ਨਾਲ ਬੋਲਣ ਅਤੇ ਲਿਖਣ ਦੀ ਪਰੰਪਰਾ ਪ੍ਰਚਲਿਤ ਕੀਤੀ ਗਈ। 'ਰਾਮੋ' ਦਾ 'ਰਾਮੁ' ਰੂਪ ਅਪਭ੍ਰੰਸ਼ਾਂ ਵਿਚ ਪਾਇਆ ਜਾਂਦਾ ਹੈ।

ਅਪਭ੍ਰੰਸ਼[2] ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਆਖਰੀ 'ਔਂਕੜ' ਬੋਲਣ ਵਿਚ ਨਹੀਂ ਆਉਂਦਾ ਸੀ। ਇਹੋ ਪ੍ਰਵਿਰਤੀ 'ਆਦਿ ਗ੍ਰੰਥ' ਦੇ ਕਰਤਾ ਕਾਰਕੀ ਇਕ-ਵਚਨੀ ਰੂਪਾਂ ਵਿਚ ਪਾਈ ਜਾਂਦੀ ਹੈ ਜਿਵੇਂ ਲਿਖਣ ਵਿਚ 'ਪ੍ਰਭੁ' ਮਿਲਦਾ ਹੈ ਪਰ ਉਸ ਦਾ ਉਚਾਰਣ 'ਔਂਕੜ' ਤੋਂ ਬਿਨਾ 'ਪ੍ਰਭ' ਕੀਤਾ ਜਾਂਦਾ ਹੈ। ਇਸੇ ਤਰ੍ਹਾਂ 'ਸਾਧੁ' ਨੂੰ 'ਸਾਧ' ਬੋਲਿਆ ਜਾਂਦਾ ਹੈ।

ਪ੍ਰਾਣ-ਸੰਗਲੀ ਵਿਚ ਕਰਤਾ ਕਾਰਕ ਦੇ ਇਕ-ਵਚਨੀ ਰੂਪ 'ਔਂਕੜ' ਨਾਲ ਅਕਸਰ ਮਿਲਦੇ ਹਨ:

---

1. ਦੇਖੋ: ੳ) ਡਾ. ਭੋਲਾ ਨਾਥ ਤਿਵਾਰੀ, 'ਭਾਸ਼ਾ ਵਿਗਿਆਨ', ਪੰਨਾ 65.
   ਅ) R. Jacobson and Halle, Fundamentals of Language, p. 56.
2. ਦੇਖੋ: ੳ) ਡਾ. ਦੇਵਿੰਦਰ ਨਾਥ ਸ਼ਰਮਾ, 'ਅਪਭ੍ਰੰਸ਼ ਭਾਸ਼ਾ', ਪੰਨਾ 14.
   ਅ) Dr Tagore, Historical Grammar of Apbhransh, p. 14.

ਕਾਲੁ: ਫਿਰ ਕਾਲੁ ਨਾ ਖਾਏ (ਪ੍ਰਾ. ਸੰ. ਪੰਨਾ 218)

ਭੋਜਨੁ: ਕਹਾਂ ਭੋਜਨੁ ਖਾਏ (ਪ੍ਰਾ. ਸੰ. ਪੰਨਾ 218)

'ਮਿਹਮਾਣੁ' ਫ਼ਾਰਸੀ ਦੇ 'ਮਹਿਮਾਨ' ਸ਼ਬਦ ਨੂੰ ਪੰਜਾਬੀ ਰੂਪ ਇਸ ਤੁਕ ਵਿਚ ਦਿੱਤਾ ਗਿਆ ਹੈ:

ਸੋ ਉਦਾਸ ਜਾਏ ਮਿਹਮਾਣੁ (ਪ੍ਰਾ. ਸੰ. ਪੰਨਾ 218)

ਇਸ ਤਰ੍ਹਾਂ ਦੇ ਹੋਰ ਸ਼ਬਦ ਇਹ ਹਨ:

ਅਤੀਤੁ (ਸੰ. ਅਤੀਤ+ਉ), ਅਪੀਤ (ਸੰ. ਅ+ਪੀਤ+ਉ)
(ਪ੍ਰਾ. ਸੰ. ਪੰਨਾ 219) (ਪ੍ਰਾ. ਸੰ. ਪੰਨਾ 219)

ਸਉਣੁ (ਸੰ. ਸਉਣ+ਉ)
(ਪ੍ਰਾ. ਸੰਗ. ਪੰਨਾ 229)

ਕਰਤਾ ਕਾਰਕ ਦੇ ਇਕ-ਵਚਨੀ ਰੂਪ ਬਿਨਾ ਕਿਸੇ ਪਰਸਰਗ ('ਨੇ' ਆਦਿ) ਦੀ ਵਰਤੋਂ ਤੋਂ ਬਣਾਏ ਜਾਂਦੇ ਹਨ। ਇੱਥੋਂ ਤਕ ਕਿ ਕਰਤਾ ਕਾਰਕ ਦੇ ਬਹੁ-ਵਚਨੀ ਰੂਪਾਂ ਵਿਚ ਵੀ 'ਨੇ' ਦੀ ਵਰਤੋਂ ਨਹੀਂ ਸੀ ਹੁੰਦੀ; ਜਿਵੇਂ:

ਜਿਨ ਸਿਰਜੀ ਤਿਨ ਹੀ ਫੁਨਿ ਗੋਈ।[1]

ਇਸ ਤੁਕ ਵਿਚ 'ਜਿਨ', 'ਤਿਨ' ਦੋਵੇਂ ਸ਼ਬਦ 'ਜਿਸਨੇ' ਅਤੇ 'ਉਹਨੇ' ਦੇ ਅਰਥਾਂ ਵਿਚ ਵਰਤੇ ਗਏ ਹਨ ਅਤੇ ਇਹਨਾਂ ਦੋਵਾਂ ਵਿਚ 'ਨੇ' ਪਰਸਰਗ ਨਹੀਂ ਹੈ। ਇਸੇ ਤਰ੍ਹਾਂ:

ਇਸ ਕੀ ਗਤਿ ਮਿਤਿ ਕਿਨੀ ਨਾ ਜਾਣੀ।[2]

ਨਾਨਕ ਜਿਨਿ ਵਸਿ ਕੀਆ।[3]

ਪਰੰਤੂ ਕੁਝ ਥਾਵਾਂ ਤੇ 'ਨੇ' ਪਰਸਰਗ ਦੀ ਵਰਤੋਂ ਵੀ ਹੋਈ ਹੈ; ਜਿਵੇਂ:

ਨਾਨਕ ਬਿਰਲੈ ਕਿਨੈ ਪਛਾਣਾ।[4]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 231.
2. ਉਹੀ, ਪੰਨਾ 102.
3. ਉਹੀ, ਪੰਨਾ 30.
4. ਉਹੀ, ਪੰਨਾ 28.

ਕਰਤਾ ਕਾਰਕ ਦੇ ਬਹੁ-ਵਚਨੀ ਰੂਪ 'ਹੁ' ਨਾਲ ਵੀ ਬਣਦੇ ਹਨ; ਜਿਵੇਂ 'ਸੁਣਹੁ ਸਿਖਹੁ' (ਪ੍ਰਾ. ਸੰ. ਪੰਨਾ 127) ਵਾਸਤਵ ਵਿਚ ਅਮ+ਓ = ਹੁ ਦਾ ਵਿਕਾਸ ਕਰਤਾ ਕਾਰਕੀ ਬਹੁ-ਵਚਨੀ ਰੂਪਾਂ ਲਈ ਹੋਇਆ ਹੈ। ਕਾਰਕੀ ਰੂਪਾਂ ਤੋਂ ਇਲਾਵਾ ਕ੍ਰਿਆ ਦੇ ਬਹੁ-ਵਚਨੀ ਰੂਪਾਂ ਲਈ ਵੀ ਇਸ 'ਹੁ' ਦੀ ਵਰਤੋਂ ਬਹੁਤ ਥਾਵਾਂ ਤੇ ਹੁੰਦੀ ਹੈ।

ਆਮ ਤੌਰ ਤੇ ਪੰਜਾਬੀ ਦਾ ਮੁਹਾਵਰਾ ਇਸੇ ਭਾਸ਼ਾਈ ਪ੍ਰਵਿਰਤੀ ਦੇ ਅਨੁਰੂਪ ਹੈ; ਜਿਵੇਂ 'ਮੈਂ ਕਿਹਾ', 'ਉਸ ਕਿਹਾ', 'ਤੂੰ ਕਿਹਾ'। ਕਈ ਵਾਰੀ ਹੋਰ ਪ੍ਰਭਾਵਾਂ ਹੇਠ ਇਥੇ 'ਨੇ' ਪਰਸਰਗ ਦੀ ਵਰਤੋਂ ਵੀ ਹੁੰਦੀ ਹੈ ਪਰ ਇਹ ਪ੍ਰਾਚੀਨ ਭਾਸ਼ਾਈ ਪ੍ਰਵਿਰਤੀ ਨਹੀਂ ਹੈ।

ii) ਕਰਮ ਕਾਰਕ (ਪਰਸਰਗ: ਕਉ, ਕੋ, ਨੂੰ ਅਤੇ ਨੋ): ਪ੍ਰਾਚੀਨ ਪੰਜਾਬੀ ਵਿਚ ਕਰਮ ਕਾਰਕ ਲਈ 'ਕਉ', 'ਕੋ', 'ਨੂੰ' ਅਤੇ 'ਨੋ' ਪਰਸਰਗਾਂ ਦੀ ਵਰਤੋਂ ਹੁੰਦੀ ਸੀ। ਕਰਮਕਾਰਕੀ ਪਰਸਰਗਾਂ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਕਉ – ਜੋਗ ਜੁਗਤਿ ਕਉ ਚੀਨਤੇ (ਪ੍ਰਾ. ਸੰ. ਪੰਨਾ 100)

ਕੋ – ਅਜਰ ਜਰੇ ਅਗਹੁ ਕੋ ਗਹੇ (ਪ੍ਰਾ. ਸੰ. ਪੰਨਾ225)

ਨੂੰ – ਅਸੀਂ ਗੁਰੂ ਕਿਸ ਨੂੰ ਕਰਹਿ? (ਪ੍ਰਾ. ਸੰ. 718)

ਨੋ – ਇਕਤੁ ਮਗਨਿ ਗੁਰੂ ਬੈਠਾ ਹੈ ਉਸੀ ਨੋ ਕਰਹੁ (ਪ੍ਰਾ. ਸੰ. ਪੰਨਾ 718)

iii) ਅਪਾਦਾਨ ਕਾਰਕ (ਪਰਸਰਗ: ਸਿਉ, ਤੇ): ਸੰਸਕ੍ਰਿਤ ਵਿਆਕਰਣ ਵਿਚ ਪੰਜਵਾਂ ਕਾਰਕ 'ਅਪਾਦਾਨ' ਕਾਰਕ ਸੀ। ਕਿਸੇ ਚੀਜ਼ ਤੋਂ ਜੁਦਾਈ ਦੱਸਣ ਵਾਸਤੇ ਇਸ ਦੀ ਵਰਤੋਂ ਹੁੰਦੀ ਸੀ; ਜਿਵੇਂ 'ਦਰਖੱਤ ਤੋਂ ਪੱਤੇ ਕਿਰਦੇ ਹਨ'। ਇਸ ਵਾਕ ਵਿਚ ਦਰੱਖਤ ਤੇ ਪੱਤਿਆਂ ਦੀ ਜੁਦਾਈ ਦੱਸਣ ਲਈ ਇਥੇ ਅਪਾਦਾਨ ਕਾਰਕ ਦੀ ਵਰਤੋਂ ਕੀਤੀ ਗਈ ਹੈ। ਪਰ ਅੱਗੇ ਚਲ ਕੇ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਇਸ ਕਾਰਕ ਦੀ ਵਰਤੋਂ ਘਟਦੀ ਗਈ।

ਪ੍ਰਾਣ-ਸੰਗਲੀ ਵਿਚ ਅਪਾਦਾਨ ਕਾਰਕ ਦੇ ਕੁਝ ਉਦਾਹਰਣ ਇਸ ਤਰ੍ਹਾਂ ਮਿਲਦੇ ਹਨ:

ਸਿਉ – ਸਗਲ ਰੋਮ ਸਿਉ ਹਰਿ ਗੁਨ ਗਾਏ (ਪ੍ਰਾ. ਸੰ. ਪੰਨਾ 419)

ਤੇ – ਤੀਨਿ ਗੁਣਾ ਤੇ ਦੂਰਿ (ਪ੍ਰਾ. ਸੰ. ਪੰਨਾ 16)

iv) ਸੰਬੰਧ ਕਾਰਕ (ਪਰਸਰਗ: ਦਾ, ਦੇ, ਦੀ; ਕਾ, ਕੇ, ਕੀ; ਰਾ, ਰੇ, ਰੀ): ਸੰਸਕ੍ਰਿਤ ਵਿਆਕਰਣ ਵਿਚ ਛੇਵਾਂ ਕਾਰਕ ਸੰਬੰਧ ਕਾਰਕ ਸੀ। ਦੋ ਵਸਤੂਆਂ ਦਾ ਸੰਬੰਧ ਦੱਸਣ ਲਈ ਇਸ ਕਾਰਕ ਦੀ ਵਰਤੋਂ ਹੁੰਦੀ ਸੀ; ਜਿਵੇਂ 'ਉਸ ਦਾ ਘਰ'। ਕਾਰਕਾਂ ਵਿਚ ਸੰਬੰਧ ਕਾਰਕ ਦਾ ਸਥਾਨ ਬਹੁਤ ਮਹੱਤਵਪੂਰਣ ਮੰਨਿਆ ਗਿਆ ਹੈ

ਕਿਉਂਕਿ ਹਰ ਇਕ ਭਾਸ਼ਾ ਵਿਚ ਇਸ ਦੀ ਵਰਤੋਂ ਹੁੰਦੀ ਹੈ। ਹਾਲਾਂਕਿ ਕੁਝ ਭਾਸ਼ਾ ਵਿਗਿਆਨੀ ਸੰਬੰਧ ਕਾਰਕ, ਨੂੰ ਕਾਰਕ ਹੀ ਨਹੀਂ ਮੰਨਦੇ ਕਿਉਂਕਿ ਸੰਬੰਧ ਕਾਰਕ ਦਾ ਸੰਬੰਧ ਕ੍ਰਿਆ ਨਾਲ ਸਿੱਧੇ ਤੌਰ ਤੇ ਨਹੀਂ ਹੁੰਦਾ। ਸੰਬੰਧ ਕਾਰਕ ਲਈ ਕਈ ਤਰ੍ਹਾਂ ਦੇ ਪਰਸਰਗ ਪ੍ਰਾਚੀਨ ਪੰਜਾਬੀ ਵਿਚ ਮਿਲਦੇ ਹਨ; ਜਿਵੇਂ 'ਕਾ , ਕੇ, ਕੀ'। ਇਹ ਪਰਸਰਗ ਖੜ੍ਹੀ ਬੋਲੀ ਅਤੇ ਪ੍ਰਾਚੀਨ ਪੰਜਾਬੀ ਵਿਚ ਸਾਂਝੇ ਪਰਸਰਗ ਹਨ।

'ਗੁਰੂ ਕੀ ਕਾਂਸ਼ੀ' , 'ਗੁਰੂ ਕਾ ਲੰਗਰ' ਅਤੇ 'ਗੁਰੂ ਕਾ ਬਾਗ਼' ਜਿਹੇ ਪ੍ਰਯੋਗ ਅੱਜ ਵੀ ਪ੍ਰਾਚੀਨ ਪਰੰਪਰਾ ਦੇ ਅਨੁਸਾਰ ਚਲਦੇ ਹਨ। ਆਧੁਨਿਕ ਪੰਜਾਬੀ ਵਿਚ ਸੰਬੰਧ ਕਾਰਕ ਦੇ ਮਿਆਰੀ (standard ) ਪਰਸਰਗ 'ਦਾ, ਦੇ, ਦੀ' ਹਨ। ਇਹਨਾਂ ਦੀ ਵਰਤੋਂ ਪ੍ਰਾਚੀਨ ਅਤੇ ਆਧੁਨਿਕ ਪੰਜਾਬੀ ਵਿਚ ਮਿਲਦੀ ਹੈ। ਇਸੇ ਤਰ੍ਹਾਂ ਪੜਨਾਂਵਾਂ ਦੇ ਸੰਬੰਧ ਕਾਰਕੀ ਰੂਪ 'ਰਾ, ਰੇ,ਰੀ' ਨਾਲ ਬਣਾਏ ਜਾਂਦੇ ਹਨ; ਜਿਵੇਂ:

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।[1]

ਪ੍ਰਾਣ-ਸੰਗਲੀ ਵਿਚ ਸੰਬੰਧ ਕਾਰਕ ਦੇ ਇਹਨਾਂ ਪਰਸਰਗਾਂ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਕੀ – ਪ੍ਰਥਮੇ ਭਉਣ ਕੀ ਕਥਾ ਸੁਨੀਜੈ (ਪ੍ਰਾ. ਸੰ. ਪੰਨਾ 94)
ਵਿਸ਼ੁ ਸੰਗੇ ਵਿਸ਼ੁ ਕੀ ਸਭ ਵਾੜੀ (ਪ੍ਰਾ. ਸੰ. ਪੰਨਾ 218)

ਕੇ – ਉਆ ਕੇ ਚਰਨ ਠਾਕੁਰ ਜਨ ਸੇਵੈ (ਪ੍ਰਾ. ਸੰ. ਪੰਨਾ 20)

ਦਾ,[2] ਦੇ,ਦੀ – ਗੁਹਜੀ ਬਾਣੀ ਸ੍ਰੀ ਬਾਬੇ ਜੀ ਦੀ (ਪ੍ਰਾ.ਸੰ. ਪੰਨਾ 45)

ਰਾ (ਤੁਮਾਰਾ) – ਕਵਨ ਤੁਮਾਰਾ ਮਤਾ ਮਸੂਰਤ ਰਹੇ ਕਵਨ ਗ੍ਰਿਹ ਮਾਹੀਂ (ਪ੍ਰਾ. ਸੰ. ਪੰਨਾ 159)

ਰੇ (ਮੇਰੇ) – ਜਾਤ ਅਸੰਖ ਅੰਤ ਨਹੀ ਮੇਰੇ (ਪ੍ਰਾ. ਸੰ. ਪੰਨਾ 441)

ਰੀ (ਤੁਮਾਰੀ) – ਦੇਖੀ ਤੁਮਾਰੀ ਸੂਰਤਿ ਆਛੀ (ਪ੍ਰਾ. ਸੰ. ਪੰਨਾ 159)

V) ਅਧਿਕਰਣ ਕਾਰਕ (ਪਰਸਰਗ: ਸੰਗਿਆ+ਇ , ਸੰਗਿਆ+ਮਹਿ): ਸੰਸਕ੍ਰਿਤ ਵਿਆਕਰਣ ਦਾ ਸੱਤਵਾਂ ਕਾਰਕ ਅਧਿਕਰਣ ਕਾਰਕ ਸੀ। ਪ੍ਰਾਚੀਨ ਪੰਜਾਬੀ ਵਿਚ 'ਨਾਉਂ' ਦੇ ਨਾਲ 'ਇ' ਲਾ ਕੇ ਅਧਿਕਰਣ ਕਾਰਕ ਦੀ ਸੂਚਨਾ ਦਿੱਤੀ ਜਾਂਦੀ ਸੀ। ਪ੍ਰਾਣ-ਸੰਗਲੀ ਵਿਚ ਅਧਿਕਰਣ ਕਾਰਕ ਦੇ ਇਹ ਉਦਾਹਰਣ ਵਾਚਣਯੋਗ ਹਨ; ਜਿਵੇਂ: ਤਖਤਿ, ਹਥਿ, ਮਹਿ ਆਦਿ।

---

1. 'ਆਦਿ ਗ੍ਰੰਥ', ਪੰਨਾ 13.
2. ਪ੍ਰਾਣ-ਸੰਗਲੀ ਵਿਚ ਦਾ ਦੇ, ਦੀ ਪਰਸਰਗਾਂ ਦੀ ਵਰਤੋਂ ਨਹੀਂ ਹੋਈ। ਇੰਜ ਜਾਪਦਾ ਹੈ ਕਿ ਪ੍ਰਾਚੀਨ ਪੰਜਾਬੀ ਦੇ ਕਾ, ਕੇ, ਕੀ ਸੰਬੰਧ ਕਾਰਕੀ ਪਰਸਰਗਾਂ ਦੀ ਵਰਤੋਂ ਵਧੇਰੇ ਹੁੰਦੀ ਸੀ ਅਤੇ ਪ੍ਰਾਣ-ਸੰਗਲੀ ਦਾ ਲੇਖਕ ਵੀ ਦਾ, ਦੇ,ਦੀ ਪਰਸਰਗਾਂ ਦੀ ਥਾਂ ਕਾ, ਕੇ,ਕੀ ਪਰਸਰਗਾਂ ਦੀ ਵਰਤੋਂ ਕਰਦਾ ਹੈ।

ਰਥਿ (ਰਥ+ਇ) – ਸਭ ਰਤਨ ਰਥਿ ਰਖਿਆ। (ਪ੍ਰਾ. ਸੰ. ਪੰਨਾ 60)

ਮਹਿ (ਮਹ+ਇ) – ਪੰਚਰਥ ਲਉ ਮਹਿ ਕੀਨ। (ਪ੍ਰਾ ਸੰ. ਪੰਨਾ 99)

ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਵਿਚ ਕਾਰਕ ਰੂਪਾਂ ਦੀ ਬਣਤ ਰ ਪ੍ਰਾਚੀਨ (ਗੁਰਬਾਣੀ) ਪਰੰਪਰਾ ਦੇ ਅਨੁਸਾਰ ਹੈ। ਕਿਤੇ ਕਿਤੇ ਪ੍ਰਾਣ-ਸੰਗਲੀ ਦੇ ਲੇਖਕ ਨੇ ਨਵੇਂ ਪਰਸਰਗਾਂ ਦੀ ਵਰਤੋਂ ਵੀ ਕੀਤੀ ਹੈ ਪਰ ਆਮ ਤੌਰ ਤੇ ਉਸਦਾ ਝੁਕਾ ਗੁਰਬਾਣੀ ਦੇ ਕਾਰਕ ਰੂਪਾਂ ਅਤੇ ਪਰਸਰਗਾਂ ਵੱਲ ਵਧੇਰੇ ਰਿਹਾ ਹੈ।

ਅ) ਕ੍ਰਿਆ (ਧਾਤੂ) ਰੂਪ ਸੰਰਚਨਾ: ਕਿਸੇ ਵੀ ਭਾਸ਼ਾ ਦੀ ਸੰਰਚਨਾ ਵਿਚ ਕ੍ਰਿਆ (ਧਾਤੂ) ਰੂਪਾਂ ਦੀ ਬਣਤਰ, ਉਹਨਾਂ ਦਾ ਪ੍ਰਯੋਗ ਅਤੇ ਉਹਨਾਂ ਦੀ ਵਿਸ਼ਿਸ਼ਟ ਯੋਜਨਾ ਭਾਸ਼ਾ ਸ਼ਾਸਤ੍ਰੀਆਂ ਲਈ ਇਕ ਮਹੱਤਵਪੂਰਣ ਵਿਸ਼ਾ ਹੁੰਦੀ ਹੈ।[1] ਇਹੋ ਕਾਰਨ ਹੈ ਕਿ ਕਿਸੇ ਵੀ ਭਾਸ਼ਾਈ ਅਧਿਐਨ ਲਈ ਕ੍ਰਿਆ ਰੂਪਾਂ ਦੀ ਸੰਰਚਨਾ ਮੁੱਖ ਰੂਪ ਵਿਚ ਕੀਤੀ ਜਾਂਦੀ ਹੈ। ਇਸੇ ਲਈ ਭਾਸ਼ਾ ਦੇ ਪੂਰੇ ਸ਼ਬਦ ਭੰਡਾਰ ਨੂੰ ਦੋ ਵਰਗਾਂ 'ਸੰਗਿਆ' ਅਤੇ 'ਕ੍ਰਿਆ' ਵਿਚ ਵੰਡਿਆ ਜਾ ਸਕਦਾ ਹੈ।

ਪੰਜਾਬੀ ਦੇ ਕ੍ਰਿਆ ਰੂਪ

ਪੰਜਾਬੀ ਆਧੁਨਿਕ ਆਰਯ ਭਾਸ਼ਾਵਾਂ ਵਿਚ ਇਕ ਮਹੱਤਵਪੂਰਣ ਭਾਸ਼ਾ ਹੈ। ਇਸ ਦਾ ਸੰਬੰਧ ਅਪਭ੍ਰੰਸ਼-ਪ੍ਰਾਕ੍ਰਿਤ-ਪਾਲੀ ਰਾਹੀਂ ਸੰਸਕ੍ਰਿਤ ਨਾਲ ਜੁੜ ਜਾਂਦਾ ਹੈ। ਪੰਜਾਬੀ ਦੀ ਸ਼ਬਦਾਵਲੀ, ਖ਼ਾਸ ਤੌਰ ਤੇ ਪੰਜਾਬੀ ਦੇ ਕ੍ਰਿਆ ਰੂਪ ਹਿੰਦੀ ਆਦਿ ਹੋਰ ਭਾਸ਼ਾਵਾਂ ਨਾਲੋਂ ਅਪਭ੍ਰੰਸ਼ ਦੇ ਵਧੇਰੇ ਨੇੜੇ ਹਨ; ਜਿਵੇਂ:

ਨ੍ਰਿਤ (ਸੰ) > ਣੱਚ (ਅਪਭ੍ਰੰਸ਼) > ਨੱਚ (ਪੰਜਾਬੀ)

> ਨਾਚ(ਹਿੰਦੀ) ਆਦਿ ਵਿਚ ਪੰਜਾਬੀ ਦੇ ਕ੍ਰਿਆ ਰੂਪ ਅਪਭ੍ਰੰਸ਼ ਦੇ ਬਹੁਤ ਨੇੜੇ ਹਨ ਜਦੋਂ ਕਿ ਹਿੰਦੀ ਆਦਿ ਭਾਸ਼ਾਵਾਂ ਦੇ ਕ੍ਰਿਆ ਰੂਪ ਸੰਸਕ੍ਰਿਤ ਅਤੇ ਅਪਭ੍ਰੰਸ਼ ਤੋਂ ਬਹੁਤ ਦੂਰ ਜਾ ਪਏ ਹਨ।

ਪੰਜਾਬੀ ਦੇ ਕ੍ਰਿਆ ਰੂਪਾਂ ਜਾਂ ਮੂਲ ਧਾਤੂਆਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

i) ਸੰਸਕ੍ਰਿਤ ਦੇ ਤਤਸਮ ਧਾਤੂ ਰੂਪ ਜਿਵੇਂ √ਚੱਲ, √ਜਾਣ, √ਖਾਣ ਆਦਿ

ii) ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੀ ਪਰੰਪਰਾ ਤੋਂ ਪ੍ਰਾਪਤ ਹੋਏ ਤਦਭਵ ਧਾਤੂ ਰੂਪ ਜਿਵੇਂ ਦੇਖ, ਵੇਖ, ਹਸ, ਨੱਚ, ਸੌਂ ਆਦਿ।

iii) ਦੇਸ਼ਜ – ਜਿਹੜੇ ਧਾਤੂ ਰੂਪ ਨਾ ਸੰਸਕ੍ਰਿਤ ਤੋਂ ਆਏ ਹਨ, ਨਾ ਹੀ ਪ੍ਰਾਕ੍ਰਿਤ-ਅਪਭ੍ਰੰਸ਼ਾਂ ਤੋਂ; ਸਗੋਂ ਜਿਨ੍ਹਾਂ ਦਾ ਵਿਕਾਸ ਆਪ ਮੁਹਾਰੇ ਭਾਸ਼ਾ ਵਿਕਾਸ ਦੀ ਪਰੰਪਰਾ ਵਿਚ ਹੋਇਆ ਹੈ, ਉਹਨਾਂ ਨੂੰ ਦੇਸ਼ਜ ਧਾਤੂ ਕਹਿੰਦੇ ਹਨ; ਜਿਵੇਂ ਪਿਟ, ਘੱਟ, ਰਿੜਕ ਆਦਿ।

---

1. ਵੇਖੋ: ੳ) ਡਾ. ਸਹਾਯ, 'ਹਿੰਦੀ ਕ੍ਰਿਆ ਕੀ ਕਾਲ ਰਚਨਾ', 'ਗਵੇਸ਼ਣਾ', ਪੰਨੇ 35-38.
ਅ) H. Sweet, The History of Language, p. 30.

ਪੰਜਾਬੀ ਵਿਚ ਸੰਸਕ੍ਰਿਤ ਦੇ ਤਤਸਮ ਧਾਤੂ ਰੂਪਾਂ ਦੀ ਸੰਖਿਆ ਬਹੁਤ ਥੋੜੀ ਹੈ। ਜ਼ਿਆਦਾਤਰ ਧਾਤੂ ਪ੍ਰਾਕ੍ਰਿਤ-ਅਪਭ੍ਰੰਸ਼ਾਂ ਤੋਂ ਤਦਭਵ ਰੂਪ ਵਿਚ ਲਏ ਗਏ ਹਨ। ਦੇਸ਼ਜ ਧਾਤੂ ਭਾਸ਼ਾਈ ਵਿਕਾਸ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹਨ ਪਰ ਉਹਨਾਂ ਦੀ ਸੰਖਿਆ ਵੀ ਥੋੜੀ ਹੈ। ਮੂਲ ਧਾਤੂ ਤੋਂ ਕ੍ਰਿਆ ਰੂਪ ਬਣਾਉਣ ਲਈ ਕਈ ਤਰ੍ਹਾਂ ਦੇ ਪਿਛੇਤਰ ਲਾਏ ਜਾਂਦੇ ਹਨ ਅਤੇ ਕ੍ਰਿਆ ਰੂਪਾਂ ਦੀ ਵਿਸ਼ੇਸ਼ ਅਵਸਥਾ ( mood ) ਨੂੰ ਸੂਚਿਤ ਕਰਨ ਲਈ ਕਈ ਪਿਛੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

1) ਕਾਲ: ਸੰਸਕ੍ਰਿਤ ਵਿਆਕਰਣ ਵਿਚ ਤਿੰਨ ਕਾਲ (ਭੂਤ, ਭਵਿਖਤ, ਵਰਤਮਾਨ) ਮੰਨੇ ਜਾਂਦੇ ਹਨ ਅਤੇ ਇਹਨਾਂ ਤਿੰਨਾਂ ਕਾਲਾਂ ਵਿਚੋਂ ਵਰਤਮਾਨ ਕਾਲ ਨੂੰ ਆਗਿਆਵਾਚੀ ਨਾਂ ਦੇ ਇਕ ਹੋਰ ਵਰਗ ਵਿਚ ਵੀ ਰੱਖਿਆ ਜਾਂਦਾ ਸੀ। ਆਧੁਨਿਕ ਭਾਸ਼ਾਵਾਂ ਵਿਚ ਵਰਤਮਾਨ ਕਾਲ ਦੇ ਕਈ ਭੇਦ ਕੀਤੇ ਜਾਂਦੇ ਹਨ ਪਰ ਇਹਨਾਂ ਵਿਚੋਂ ਮੁੱਖ ਆਗਿਆਵਾਚੀ ਕ੍ਰਿਆ ਰੂਪ ਹੀ ਹਨ।

ਪ੍ਰਾਣ-ਸੰਗਲੀ ਵਿਚ ਵਰਤਮਾਨ ਕਾਲ ਦੇ ਇਹਨਾਂ ਕ੍ਰਿਆ ਰੂਪਾਂ ਦੀ ਵਰਤੋਂ ਹੋਈ ਹੈ:

ਸਾਮਾਨ੍ਯ ਵਰਤਮਾਨ ਕਾਲ: ਵਰਤਮਾਨ ਕਾਲ ਦੇ ਆਮ ਵਰਤੋਂ ਵਿਚ ਆਉਣ ਵਾਲੇ ਰੂਪ ਨੂੰ ਸਾਮਾਨ੍ਯ ਵਰਤਮਾਨ ਕਾਲ ਕਿਹਾ ਜਾਂਦਾ ਹੈ। ਪ੍ਰਾਣ-ਸੰਗਲੀ ਦੇ ਇਹਨਾਂ ਰੂਪਾਂ ਦੀ ਬਣਤਰ 'ਧਾਤੂ+ਐ' — ਇਸ ਨਿਯਮ ਨਾਲ ਹੁੰਦੀ ਹੈ; ਜਿਵੇਂ:

ਬਤਾਵੈ (ਬਤ+ਆਵ+ਐ)— ਅਗਮ ਪੰਥ ਬਤਾਵੈ ਜੋ ਕੋਈ।[1]

ਜਾਨੈ (ਜਾਨ+ਐ) — ਇਹ ਮਤੰਤ ਜਾਨੈ ਜੋ ਕੋਈ।[2]

ਰਹੈ (ਰਹ+ਐ) — ਸਰਵਨ ਧਿਆਨ ਰਹੈ ਲਿਵ ਲਾਈ।[3]

ਇਸ ਤਰ੍ਹਾਂ ਦੇ ਅਨੇਕ ਕ੍ਰਿਆ ਰੂਪ ਪ੍ਰਾਣ-ਸੰਗਲੀ ਵਿਚ ਪਾਏ ਜਾਂਦੇ ਹਨ, ਉਦਾਹਰਣ ਵਜੋਂ:

ਪਾਣੀ ਧਰਤੀ ਅੰਹਿ ਬੁਧਿ ਨਾਲ ਕੁਠੈ।
ਪਉਣ ਪਹਾੜ ਉਡਾਵੈ।
ਧਰਤੀ ਟਿਕੈ ਨਾ ਹੀ।
ਅਕਾਸ਼ ਖੜੋਵੈ ਨਾ ਹੀ।[4]

ਆਗਿਆਵਾਚੀ ਵਰਤਮਾਨ ਕਾਲ: ਵਰਤਮਾਨ ਕਾਲ ਵਿਚ ਆਗਿਆਵਾਚਕ ਕ੍ਰਿਆ ਰੂਪ ਆਮ ਤੌਰ ਤੇ ਇਸ ਤਰ੍ਹਾਂ ਬਣਾਏ ਗਏ ਹਨ:

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 715.
2. ਉਹੀ. ,ਪੰਨਾ
3. ਉਹੀ. ,
4. ਉਹੀ, ਪੰਨਾ 717.

ਮੂਲ ਧਾਤੂ+ਹੁ,ਹੇ (ਬਹੁ-ਵਚਨੀ ਰੂਪ)
ਮੂਲ ਧਾਤੂ+ਉ
ਮੂਲ ਧਾਤੂ+ਈ
ਮੂਲ ਧਾਤੂ+ਐ

<u>ਹੁ,ਹੂ:</u>

<u>ਕਰਹੁ</u> (ਕਰ+ਹੁ) – ਆਦਿ ਪੁਰਖ ਕਉ ਕਰਹੁ ਅਦੇਸੁ (ਪ੍ਰਾ. ਸੰ. ਪੰਨਾ 102)

<u>ਸੁਣਹੁ</u> (ਸੁਣ+ਹੁ)–ਸੁਣਹੁ ਸਿਧਹੁ ਸੱਚੁ ਨਾਨਕਾ (ਪ੍ਰਾ. ਸੰ. ਪੰਨਾ 127)

<u>ਸੁਣਹੋ</u> (ਸੁਣ+ਹੋ) – ਸੁਣਹੋ ਜੋਗੀ ਜੋਗ ਕੀ ਚਾਲਾ (ਪ੍ਰਾ. ਸੰ. ਪੰਨਾ 129)

<u>ਉ:</u>

<u>ਰਹਉ</u> (ਰਹ+ਉ) – ਗੁਰ ਕੀ ਆਗਿਆ ਦ੍ਰਿੜ ਗਹਿ ਰਹਉ (ਪ੍ਰਾ. ਸੰ. ਪੰਨਾ 312)

ਜਾਣੁ (ਜਾਣ+ਉ) – ਨਾਨਕ ਰਹੈ ਉਦਾਸੀ ਜਾਣੁ (ਪ੍ਰਾ. ਸੰ. ਪੰਨਾ 212)

<u>ਐ:</u>

<u>ਜਪੈ</u> (ਜਪ+ਐ) – ਅਨਦਿਨ ਜਪੈ ਸਦਾ ਪਦ ਗੁਹਜਾ (ਪ੍ਰਾ. ਸੰ. ਪੰਨਾ 8)

<u>ਪਾਈਐ</u> (ਪਾਈ+ਐ) – ਸਤਿਗੁਰ ਮਿਲੈ ਗੁਹਜ ਘਰੁ ਪਾਈਐ (ਪ੍ਰਾ. ਸੰ. ਪੰਨਾ 11)

<u>ਗਵਾਈਐ</u> (ਗਵਾਈ+ਐ) – ਰਤਨ ਜਨਮ ਬਿਰਥਾ ਨਾ ਗਵਾਈਐ (ਪ੍ਰਾ. ਸੰ. ਪੰਨਾ 11)

<u>ਸਾਮਾਨਯ ਭੂਤ ਕਾਲ (ਪ੍ਰਤਿਕ)</u>: ਮੂਲ ਧਾਤੂ ਤੋਂ ਸਾਮਾਨਯ ਭੂਤਕਾਲ ਬਣਾਉਣ ਲਈ 'ਧਾਤੂ+ਆ' – ਇਹ ਨਿਯਮ ਵਰਤੋਂ ਵਿਚ ਆਉਂਦਾ ਹੈ। ਇਹ ਰੂਪ ਪ੍ਰਤਿਕ ਵਿਚ ਵਰਤੇ ਜਾਂਦੇ ਹਨ:

<u>ਕੀਆ</u> (ਕੀ+ਆ) – ਅਪਨੇ ਰੂਪ ਤੇਰਾਕ ਕੀਆ (ਪ੍ਰਾ. ਸੰ. ਪੰਨਾ 716)

<u>ਹੂਆ</u> (ਹੂ+ਆ) – ਕਉਨ ਧਿਆਨ ਤੇ ਰਾਰ ਹੂਆ (ਪ੍ਰਾ. ਸੰ. ਪੰਨਾ 716)

<u>ਆਯਾ</u> (ਆਯ+ਆ) – ਗਗਨਪੁਰੀ ਤੇ ਗਗਾ ਆਯਾ (ਪ੍ਰਾ. ਸੰ. ਪੰਨਾ 715)

<u>ਸਿਧਾਯਾ</u> (ਸਿਧਾਯ+ਆ) – ਗਰੇ ਕਉ ਪ੍ਰਭ ਗਗਨ ਸਿਧਾਯਾ (ਪ੍ਰਾ. ਸੰ. ਪੰਨਾ 715)

ਪ੍ਰਾਣ-ਸੰਗਲੀ ਵਿਚ ਸਾਮਾਨਯ ਭੂਤਕਾਲ (ਪ੍ਰਤਿਕ) ਦੇ ਰੂਪ ਆਮ ਤੌਰ ਤੇ ਇਸੇ ਨਿਯਮ ਦੇ ਅਨੁਸਾਰ ਬਣੇ ਹਨ।

ਸਾਮਾਨਯ ਭੂਤ ਕਾਲ (ਇਸਤ੍ਰੀ ਲਿੰਗ): ਇਸਤ੍ਰੀ ਲਿੰਗੀ ਸਾਮਾਨਯ ਭੂਤਕਾਲ ਬਣਾਉਣ ਲਈ 'ਮੂਲ ਧਾਤੂ+ ਈ' - ਇਹ ਨਿਯਮ ਵਰਤੋਂ ਵਿਚ ਆਉਂਦਾ ਹੈ। ਪ੍ਰਾਣ-ਸੰਗਲੀ ਵਿਚ ਇਹੋ ਜਿਹੇ ਕ੍ਰਿਆ ਰੂਪਾਂ ਦੀ ਵਰਤੋਂ ਆਮ ਹੋਈ ਹੈ; ਜਿਵੇਂ:

ਪਾਈ (ਪਾ+ਈ) - ਨੀਚਾ ਹੀ ਤੇ ਨੀਚ ਹੋਏ ਪਾਈ ਪਦਵੀ ਨੀਚ। (ਪ੍ਰਾ. ਸੰ. ਪੰਨਾ 313)

ਭਵਿਖਤ ਕਾਲ: ਭਵਿਖਤ ਕਾਲ ਦੇ ਕ੍ਰਿਆ-ਰੂਪਾਂ ਵਿਚ ਤਿੰਨ ਤਰ੍ਹਾਂ ਦੇ ਨਿਯਮ ਕੰਮ ਕਰਦੇ ਦਿਸਦੇ ਹਨ; ਜਿਵੇਂ:

ਧਾਤੂ+ਸਿ
ਧਾਤੂ+ਗਾ, ਗੇ, ਗੀ
ਧਾਤੂ+ ਗਾ, ਉ

ਪ੍ਰਾਣ-ਸੰਗਲੀ ਵਿਚ ਭਵਿਖਤ ਕਾਲ ਦੇ ਇਹ ਕ੍ਰਿਆ ਰੂਪ ਮਿਲਦੇ ਹਨ:

ਸਿ:

ਇਤਿਹਾਸਿਕ ਦ੍ਰਿਸ਼ਟੀ ਤੋਂ 'ਸਿ' ਸੰਸਕ੍ਰਿਤ ਦੇ ਭਵਿਖ ਦਾ ਸੰਖੇਪ ਰੂਪ ਜਾਪਦਾ ਹੈ। ਗੁਰਬਾਣੀ ਵਿਚ ਕਈ ਥਾਵਾਂ ਤੇ 'ਸੀ' ਰੂਪ ਵਿਚ ਵੀ ਇਹ ਮਿਲਦਾ ਹੈ। ਸਾਮਾਨਯ ਭਵਿਖਤ ਕਾਲ ਦੀ ਸੂਚਨਾ ਇਸ ਦੇ ਰਾਹੀਂ ਦਿੱਤੀ ਜਾਂਦੀ ਹੈ:

ਆਵਸਿ (ਆਵ+ਸਿ) - ਭਰਮਤ ਸਾਂਤਿ ਨਾ ਆਵਸਿ ਮੀਤਾ। (ਪ੍ਰਾ. ਸੰ. ਪੰਨਾ 217)

ਗਾ, ਗੇ, ਗੀ:

ਵਾਸਤਵ ਵਿਚ ਇਹ ਖੜੀ ਬੋਲੀ ਦਾ ਭਵਿਖਵਾਚੀ ਪਿਛੇਤਰ ਹੈ। ਇਸ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਆਮ ਹੋਈ ਹੈ:

ਜਾਏਗੇ (ਜਾਏ+ਗੇ: ਬਹੁਵਚਨੀ ਰੂਪ) - ਖਪ ਜਾਏਗੇ ਮਹਿਤੇ ਰਾਜੇ। ਖਪ ਜਾਏਗੇ ਮੰਦਰ ਛਾਜੇ॥
ਖਪ ਜਾਏਗੇ ਬੇਦ ਪੜ੍ਹੰਤੇ। ਖਪ ਜਾਏਗੇ ਕਰਮ ਕਰੰਤੇ॥[1]

ਜਾਏਗੀ (ਜਾਏ+ਗੀ: ਇਸਤ੍ਰੀ ਲਿੰਗੀ ਰੂਪ) - ਖਪ ਜਾਏਗੀ ਦੇਹ ਤੁਮਾਰੀ।[2]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 634.
2. ਉਹੀ, ਪੰਨਾ 634.

ii) ਸੰਯੁਕਤ ਕ੍ਰਿਆ: ਸੰਸਕ੍ਰਿਤ ਤੋਂ ਪਿੱਛੋਂ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਇਕ ਤੋਂ ਵੱਧ ਧਾਤੂਆਂ ਨੂੰ ਮਿਲਾ ਕੇ ਇਕ ਕ੍ਰਿਆ ਰੂਪ ਬਣਾਉਣ ਦੀ ਪਰੰਪਰਾ ਮਿਲਦੀ ਹੈ। ਪ੍ਰਾਣ-ਸੰਗਲੀ ਵਿਚ ਇਹਨਾਂ ਧਾਤੂਆਂ 'ਰਿਹਾ', 'ਜਾਈਏ', 'ਕਰਿ', 'ਕੇ', 'ਲਾਗ', ਦੀ ਵਰਤੋਂ ਹੋਈ ਹੈ; ਜਿਵੇਂ ਦੇਖ ਰਹੇ, ਪੂਛੀ ਜਾਈਏ, ਲੈ ਕਰਿ, ਬਨਾਈ ਕੇ, ਜਗਾਯ ਕੇ, ਲਾਗਾ ਪੂਛਣ ਆਦਿ।

ਅਪੂਰਣ ਕ੍ਰਿਆ: ਕ੍ਰਿਆ ਦੀ ਅਪੂਰਣ ਅਵਸਥਾ ਨੂੰ ਪ੍ਰਾਣ-ਸੰਗਲੀ ਵਿਚ ਸੂਚਿਤ ਕਰਨ ਲਈ 'ਧਾਤੂ+ਇ' ਅਤੇ 'ਧਾਤੂ+ਕਰਿ' ਆਦਿ ਦੀ ਵਰਤੋਂ ਮਿਲਦੀ ਹੈ; ਜਿਵੇਂ:

ਖੋਜਿ (ਖੋਜ+ਇ) – ਖੋਜ ਅਧਯਾਤਮ ਆਗਮਿ ਧਾਵੈ। (ਪ੍ਰਾ. ਸੰ. ਪੰਨਾ 111)

ਧਾਰਿ (ਧਾਰ+ਇ) – ਪ੍ਰਭ ਦੋਜੀ ਕਿਰਪਾ ਧਾਰਿ। (ਪ੍ਰਾ. ਸੰ. ਪੰਨਾ 314)

ਕਰਿ (ਕਰ+ਇ) – ਕਰਿ ਕਰਿ ਵੇਖੈ ਕਰੈ ਕਰਾਵੈ। (ਪ੍ਰਾ. ਸੰ. ਪੰਨਾ 316)

## ੲ) ਹੋਰ ਫੁਟਕਲ ਵਿਆਕਰਣਿਕ ਸਾਮਗ੍ਰੀ

ਸੰਖਿਆਵਾਚੀ ਸ਼ਬਦ: ਭਾਰਤੀ ਸਾਧਨਾ ਪੱਧਤੀ ਵਿਚ ਸੰਖਿਆਵਾਚੀ ਸ਼ਬਦਾਂ ਦੀ ਵਰਤੋਂ ਦੋ ਪੱਧਰਾਂ ਤੇ ਕੀਤੀ ਜਾਂਦੀ ਹੈ। ਇਕ ਪੱਧਰ ਸੰਖਿਆਵਾਚੀ ਸ਼ਬਦਾਂ ਦੇ ਪ੍ਰਤੀਕਾਂ ਦਾ ਹੈ ਅਤੇ ਦੂਜਾ ਪੱਧਰ ਸ਼ੁੱਧ ਗਿਣਤੀ ਨਾਲ ਸੰਬੰਧਿਤ ਹੈ।

ਪ੍ਰਾਣ-ਸੰਗਲੀ ਵਿਚ ਸੰਖਿਆਵਾਚੀ ਪ੍ਰਤੀਕ ਸ਼ਬਦ ਇਹ ਹਨ:

ਇਕ: ਇਹ ਸੰਖਿਆਵਾਚੀ ਸ਼ਬਦ ਅਕਾਲਪੁਰਖ ਦੀ ਅਦ੍ਵੈਤਤਾ, ਸੰਸਾਰ ਅਤੇ ਪਾਰਬ੍ਰਹਮ ਦੀ ਏਕਤਾ ਦਾ ਪ੍ਰਤੀਕ ਹੈ। 'ੴ' ਦਾ ਸੰਕਲਪ ਇਸ ਸੰਖਿਆਵਾਚੀ ਪ੍ਰਤੀਕ ਦਾ ਮੁੱਢਲਾ ਸੋਮਾ ਹੈ। ਪ੍ਰਾਣ-ਸੰਗਲੀ ਵਿਚ 'ੴ' ਤੋਂ ਛੁੱਟ 'ਇਕ' ਦੀ ਵਰਤੋਂ ਦਾਰਸ਼ਨਿਕ ਅਤੇ ਸਾਧਨਾਤਮਿਕ ਸੰਦਰਭਾਂ ਵਿਚ ਵੀ ਕੀਤੀ ਗਈ ਹੈ; ਜਿਵੇਂ:

ਨਾਭਿ ਨਿਕਟ ਇਕ ਹਾਟ ਬਨਾਯਾ।[1]

ਇਸ ਤੁਕ ਵਿਚ ਸਰੀਰ ਦੇ ਅੰਦਰ ਵਿਦਮਾਨ 29 ਹਾਟਾਂ ਵਿਚੋਂ ਪਹਿਲੀ ਹਾਟ ਅਰਥਾਤ ਹਿਰਦੇ ਨੂੰ ਈਸ਼੍ਵਰ ਦਾ ਅਸਥਾਨ ਦੱਸਿਆ ਗਿਆ ਹੈ।

ਤ੍ਰਿਭਮੈ: ਇਸੇ ਤਰ੍ਹਾਂ 'ਤ੍ਰਿਭਮੈ' ਸ਼ਬਦ ਦੀ ਵਰਤੋਂ ਹੋਈ ਹੈ। ਉਦਾਹਰਣ ਵਜੋਂ:

ਤ੍ਰਿਭਮੈ ਜੁਗਤਿ ਮਹਾਂਨਿਰਬਾਣ।[2]

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 29.

2. ਉਹੀ, ਪੰਨਾ 51.

'ਇਕ' ਅਤੇ 'ਪ੍ਰਥਮੇ' ਦੋ ਵੱਖ ਵੱਖਰੇ ਸ਼ਬਦਾਂ ਦੀ ਵਰਤੋਂ ਨਾਲ ਪ੍ਰਾਣ-ਸੰਗਲੀ ਦਾ ਲੇਖਕ ਆਪਣੀ ਭਾਸ਼ਾ ਦੇ ਦੋ ਵੱਖਰੇ ਵੱਖਰੇ ਪੱਧਰਾਂ ਦੀ ਸੂਚਨਾ ਦਿੰਦਾ ਹੈ। 'ਪ੍ਰਥਮੇ' ਆਦਿ ਸ਼ਬਦ ਸੰਸਕ੍ਰਿਤ ਮੂਲਕ ਹਨ। ਇਸ ਤੋਂ ਵਿਪਰੀਤ 'ਇਕ ਸ਼ਬਦ ਸੰਸਕ੍ਰਿਤ 'ਏਕ' ਦਾ ਤਦਭਵ ਰੂਪ ਹੈ।

<u>ਦੁਤਿਆ</u>: ਇਹ ਸੰਸਕ੍ਰਿਤ 'ਦ੍ਵਿਤੀਯ' ਦਾ ਤਦਭਵ ਰੂਪ ਹੈ। ਇਸ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਇਸ ਪ੍ਰਕਾਰ ਹੋਈ ਹੈ:

ਦੁਤਿਯਾ ਜੁਗਤਿ ਅਭਯ ਸੰਗ ਬਨੀ।[1]

<u>ਤ੍ਰਿਤਿਯਾ</u>: ਇਹ ਸੰਸਕ੍ਰਿਤ ਦਾ ਤਤਸਮ ਸ਼ਬਦ ਹੈ। ਇਸ ਦੀ ਵਰਤੋਂ ਇਸ ਤੁਕ ਵਿਚ ਹੋਈ ਹੈ:

ਤ੍ਰਿਤਿਯਾ ਦੁਆਰਾ ਮੁਖ ਕਿਆ।[2]

ਕਈ ਵਾਰੀ 'ਤੀਜੀ' ਅਤੇ 'ਤੀਸਰੀ' ਸ਼ਬਦਾਂ ਦੀ ਵਰਤੋਂ ਵੀ ਪ੍ਰਾਣ-ਸੰਗਲੀ ਵਿਚ ਹੋਈ ਹੈ।

<u>ਅਸ਼ਟਮ</u>: ਸੰਸਕ੍ਰਿਤ ਤਦਭਵ ਦਾ ਇਹ ਰੂਪ ਪ੍ਰਾਣ-ਸੰਗਲੀ ਵਿਚ ਮਿਲਦਾ ਹੈ ਜਿਵੇਂ:

ਅਸ਼ਟਮ ਨਾਭਿ ਹੋਈ ਜਨ ਜਾਨੈ।[3]

<u>ਅਸ਼ਟਵੇਂ</u>: ਅਸ਼ਟਮ ਦੀ ਥਾਂ 'ਅਸ਼ਟਵੇਂ' ਵੀ ਮਿਲਦਾ ਹੈ:

ਅਸ਼ਟਵੇਂ ਸੁੰਨ ਸ਼ਬਦ ਕਹੁ ਰਹੇ।[4]

<u>ਨੌਂ</u>: ਇਹ ਸੰਸਕ੍ਰਿਤ ਨਵਮ ਦਾ ਤਦਭਵ ਰੂਪ ਹੈ। ਇਸ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਥਾਂ-ਥਾਂ ਤੇ ਮਿਲਦੀ ਹੈ। ਸ਼ਰੀਰ ਦੇ ਨੌਂ ਦਰਵਾਜ਼ਿਆਂ ਦਾ ਅਕਸਰ ਉਲੇਖ ਮਿਲਦਾ ਹੈ; ਜਿਵੇਂ:

ਨਾਵਾਂ ਹਾਟ ਰੱਖਿਆ ਕਰਿ ਫੁਰਨਾ।[5]
ਨਾਵੋਂ ਨਾਭਿ ਮਾਹਿ ਸਭ ਜੋਤੀ।[6]

<u>ਦਸਵਾਂ, ਦਸਵੇਂ, ਦਸਵੋਂ</u>: ਇਹ ਸੰਸਕ੍ਰਿਤ 'ਦਸ਼' ਦਾ ਤਦਭਵ ਰੂਪ ਹਨ। 'ਦਸਵਾਂ' ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

ਦਸਵਾਂ ਹਾਟ ਰਸਨਾ ਕਰਿ ਧਰਿਆ।[7]

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 51.
2. ਉਹੀ, ਪੰਨਾ 49.
3. ਉਹੀ, ਪੰਨਾ 48.
4. ਉਹੀ, ਪੰਨਾ 641.
5. ਉਹੀ, ਪੰਨਾ 30.
6. ਉਹੀ, ਪੰਨਾ 48.
7. ਉਹੀ, ਪੰਨਾ 31.

<u>ਘੱਟ ਸੂਖਮ ਵਾਲੀਆਂ ਸੰਖਿਆਵਾਂ:</u> ਪ੍ਰਾਣ-ਸੰਗਲੀ ਵਿਚ ਕਈ ਥਾਵਾਂ ਤੇ ਮਨੁੱਖੀ ਸਰੀਰ ਦੇ ਅੰਦਰਲੀਆਂ ਨਾੜੀਆਂ ਦੀ ਗਿਣਤੀ ਦੱਸੀ ਗਈ ਹੈ। ਇਹਨਾਂ ਥਾਵਾਂ ਤੇ 72 ਅਤੇ 68 ਸੰਖਿਆਵਾਂ ਵਾਲੀ ਸ਼ਬਦਾਂ ਦੀ ਵਰਤੋਂ ਮਿਲਦੀ ਹੈ:

ਬਹਤਰਿ ਕ੍ਰੋੜੀ ਪਵਣੁ ਉਪਾਯਾ।[1]

ਇਸੇ ਸੰਦਰਭ ਵਿਚ ਸਾਢੇ ਉਣਵੰਜਾ ਕ੍ਰੋੜ, ਸੋਲਾਂ ਕ੍ਰੋੜ ਅਤੇ ਨੌਂ ਕ੍ਰੋੜ ਦਾ ਉਲੇਖ ਇਸ ਪ੍ਰਕਾਰ ਮਿਲਦਾ ਹੈ:

ਸੋਲਹ ਕ੍ਰੋੜੀ ਜਲ ਬਿੰਬ ਉਠਾਯਾ।[2]

ਸਾਢੇ ਉਣਵੰਜਹ ਕ੍ਰੋੜੀ ਧਾਰ।[3]

ਨੌ ਕ੍ਰੋੜ ਆਤਸ਼ ਹੈ ਕੀਨੀ।[4]

ਵੱਡੀਆਂ ਵੱਡੀਆਂ ਸੰਖਿਆਵਾਂ ਦੀ ਵਰਤੋਂ ਪ੍ਰਾਣ-ਸੰਗਲੀ ਵਿਚ ਇਸ ਤਰ੍ਹਾਂ ਹੋਈ ਹੈ:

ਤੇਊ ਅਸੰਖ, ਅਠਤਾਲੀ ਪਦਮ, ਅਠਤਾਲੀ ਨੀਲ, ਚਉਤੀਸ ਖਰਬ, ਉਨਹਤਰਿ ਅਰਬ, ਸਤਾਨਵੇਂ ਕ੍ਰੋੜ, ਪੰਤੀਸ ਲਾਖ, ਪਚਾਨਵੇ ਸਹੰਸਰ, ਪਚਾਸ ਜੋਜਨ ਧਰਤੀ ਅਕਾਸ਼ ਕਾ ਅੰਤਰਾ ਹੈ।[5]

ਇਸ ਤਰ੍ਹਾਂ ਦੀਆਂ ਵੱਡੀਆਂ ਵੱਡੀਆਂ ਸੰਖਿਆਵਾਂ 84 ਲੱਖ ਜੂਨੀਆਂ ਦਾ ਵੇਰਵਾ ਦਿੰਦੇ ਹੋਏ ਵੀ ਲਿਖੀਆਂ ਗਈਆਂ ਹਨ; ਜਿਵੇਂ:

"ਇਕ ਕ੍ਰੋੜ, ਬਹੱਤਰ ਲਾਖ, ਅਠਾਈ ਹਜ਼ਾਰ ਸਾਲਾਂ ਨੂੰ ਆਨੰਦ ਯੁਗ ਕਿਹਾ ਗਿਆ ਹੈ। ਇਸੇ ਤਰ੍ਹਾਂ ਇਕਵੰਜਾ ਲੱਖ, ਚੁਰਾਸੀ ਹਜ਼ਾਰ ਸਾਲਾਂ ਨੂੰ ਨਿਰੰਕਾਰ ਯੁਗ ਕਿਹਾ ਗਿਆ ਹੈ। ਫਿਰ ਵਿਚ ਚਾਰਾਂ ਜੁਗਾਂ ਦੇ ਸਾਲਾਂ ਦਾ ਕੁਲ ਜੋੜ ਤ੍ਰਿਤਾਲੀਹ ਲੱਖ ਵੀਹ ਹਜ਼ਾਰ ਸਾਲ ਦੱਸਿਆ ਗਿਆ ਹੈ।[6]

ਅੱਧੀਆਂ ਸੰਖਿਆਵਾਂ ਨੂੰ ਵੀ ਕਈ ਥਾਵਾਂ ਤੇ ਵਰਤਿਆ ਗਿਆ ਹੈ; ਜਿਵੇਂ:

ਸਵਾ ਹਾਥ ਸਿਰ ਕਾ ਪਾਟ।[7]

ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਖਿਆਵਾਚੀ ਸ਼ਬਦਾਂ ਦੀ ਇਕ ਵਿਸ਼ਾਲ ਸੰਖਿਆ ਪ੍ਰਾਣ-ਸੰਗਲੀ ਵਿਚ ਮਿਲਦੀ ਹੈ। ਅਧਿਆਤਮਕ ਅਤੇ ਲੌਕਿਕ ਵਿਵਹਾਰ ਲਈ ਇਹਨਾਂ ਦੀ ਵਰਤੋਂ ਕੀਤੀ ਗਈ ਹੈ। ਕਈ ਥਾਵਾਂ

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 26.
2. ਉਹੀ, ਪੰਨਾ 26.
3. ਉਹੀ, ਪੰਨਾ 26.
4. ਉਹੀ, ਪੰਨਾ 26.
5. ਉਹੀ, ਪੰਨਾ 688.
6. ਦੇਖੋ: ਉਹੀ, ਪੰਨੇ 822-827.
7. ਉਹੀ, ਪੰਨਾ 643.

ਤੇ ਕੁਝ ਖ਼ਾਸ ਸਿੱਖਿਆਵਾਚੀ ਸ਼ਬਦ ਪਰੰਪਰਾ ਅਨੁਸਾਰ ਪ੍ਰਤੀਕ ਦੇ ਰੂਪ ਵਿਚ ਵਰਤੇ ਗਏ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਾਣ-ਸੰਗਲੀ ਦਾ ਲੇਖਕ ਸਿੱਖਿਆਵਾਚੀ ਸ਼ਬਦਾਂ ਦੀ ਵਰਤੋਂ ਵਿਵਹਾਰਿਕ ਅਤੇ ਅਧਿਆਤਮਕ ਦੋਵਾਂ ਦ੍ਰਿਸ਼ਟੀਆਂ ਤੋਂ ਕਰਦਾ ਹੈ। ਸ਼ਾਇਦ ਪ੍ਰਾਣ-ਸੰਗਲੀ ਹੀ ਇਕ ਇਹੋ ਜਿਹੀ ਪੁਰਾਤਨ ਰਚਨਾ ਹੈ ਜਿਸ ਵਿਚ ਸਿੱਖਿਆ-ਵਾਚੀ ਸ਼ਬਦਾਂ ਦੀ ਵਰਤੋਂ ਇਤਨੇ ਵਿਆਪਕ ਅਤੇ ਵਿਸ਼ਾਲ ਪੱਧਰ ਤੇ ਹੋਈ ਹੈ।

5) ਭਾਸ਼ਾ ਸੰਕਰ

ਹਰ ਇਕ ਜਿਊਂਦੀ ਜਾਗਦੀ ਭਾਸ਼ਾ ਆਪਣੇ ਲਈ ਸ਼ਬਦਾਂ ਦਾ ਭੰਡਾਰ ਬਹੁਤ ਸਾਰੇ ਸੋਮਿਆਂ ਤੋਂ ਗ੍ਰਹਿਣ ਕਰਦੀ ਹੈ।[1] ਸ਼ਾਇਦ ਹੀ ਕੋਈ ਜਿਊਂਦੀ ਜਾਗਦੀ ਅਤੇ ਵਿਕਸਿਤ ਭਾਸ਼ਾ ਇਸ ਤਰ੍ਹਾਂ ਦੀ ਹੋਵੇ ਜਿਸ ਵਿਚ ਭਾਸ਼ਾ ਦੇ ਪੱਧਰ ਉਤੇ ਅਨੇਕ ਭਾਸ਼ਾਈ ਸੋਮਿਆਂ ਤੋਂ ਸ਼ਬਦ ਨਾ ਲਏ ਗਏ ਹੋਣ। ਉਦਾਹਰਣ ਵਜੋਂ ਸੰਸਕ੍ਰਿਤ ਦੇ ਸ਼ਬਦ ਕੋਸ਼ ਵਿਚ ਗ੍ਰੀਕ, ਅਰਬੀ, ਫ਼ਾਰਸੀ ਤੋਂ ਇਲਾਵਾ ਦੱਖਣ ਦੀਆਂ ਦ੍ਰਾਵੜ ਭਾਸ਼ਾਵਾਂ ਦੇ ਅਨੇਕ ਸ਼ਬਦ ਮਿਲਦੇ ਹਨ।

ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਬੋਲੀਆਂ ਦੇ ਸ਼ਬਦਾਂ ਦਾ ਰਲਗਡ ਮਿਲਦਾ ਹੈ। ਪਰਿਭਾਸ਼ਿਕ ਸ਼ਬਦਾਂ ਵਿਚ ਇਸ ਨੂੰ 'ਭਾਸ਼ਾ ਸੰਕਰ' ਕਿਹਾ ਜਾਂਦਾ ਹੈ। ਇਸ ਭਾਸ਼ਾ ਸੰਕਰ ਦਾ ਮੁਖ ਉਦੇਸ਼ ਆਪਣੇ ਕਥਨ ਨੂੰ ਵੱਧ ਤੋਂ ਵੱਧ ਸੋਖਾ ਅਤੇ ਪ੍ਰਭਾਵਸ਼ਾਲੀ ਬਣਾਉਣਾ ਜਾਪਦਾ ਹੈ। ਪ੍ਰਾਣ-ਸੰਗਲੀ ਵਿਚ ਇਸ 'ਭਾਸ਼ਾ ਸੰਕਰ' ਦੀਆਂ ਇਹ ਸ਼ੈਲੀਆਂ ਉਪਲਬਧ ਹਨ:

i) ਸਹਸਕ੍ਰਿਤੀ ਸ਼ੈਲੀ
ii) ਪੰਜਾਬੀ-ਫ਼ਾਰਸੀ ਸ਼ੈਲੀ
iii) ਪੰਜਾਬੀ-ਖੜੀ ਬੋਲੀ ਸ਼ੈਲੀ
iv) ਪੰਜਾਬੀ – ਉਪਭਾਸ਼ਾ ਸ਼ੈਲੀ

6) ਸਹਸਕ੍ਰਿਤੀ ਸ਼ੈਲੀ: ਪੰਜਾਬੀ ਅਤੇ ਸੰਸਕ੍ਰਿਤ ਦਾ ਮਿਲਗੋਭਾ[2] ਰੂਪ 'ਸਹਸਕ੍ਰਿਤੀ' ਨਾਂ ਨਾਲ ਪ੍ਰਸਿੱਧ ਹੈ। ਇਹਨਾਂ ਤੁਕਾਂ ਵਿਚ ਸਹਸਕ੍ਰਿਤੀ ਸ਼ੈਲੀ ਰੂਪ ਨਜ਼ਰੀਂ ਪੈਂਦਾ ਹੈ:

---

1. ਦੇਖੋ: a) Dr Collin, Bibliographical Guide to Sematology, p. 14.
b) Dr O. Curme, A Grammar of the English Language, Vol. 1, p.31.

2. ਤੁਲਨਾ ਲਈ ਦੇਖੋ:
a) F. Edgerton, Buddhist Hybrid Sanskrit Grammar, pp. 3-6.
b) Dr S.K. De, Braj Buli Literature, pp. 7-15.
c) Ernest Trumpp, Adi Granth, pp. 5-9 (Introduction)

ਓੰਕਾਰ ਤੇ ਪਰੇ ਨਾ ਧਿਆਨੰ। ਓੰਕਾਰ ਤੇ ਪਰੇ ਨਾ ਗਿਆਨੰ॥
ਓੰਕਾਰ ਤੇ ਪਰੇ ਨਾ ਸੇਵਾ। ਓੰਕਾਰ ਤੇ ਪਰੇ ਨਾ ਦੇਵਾ॥
ਓੰਕਾਰ ਤੇ ਪਰੇ ਨਾ ਪੂਜਾ। ਓੰਕਾਰ ਤੇ ਪਰੇ ਨਾ ਦੂਜਾ॥
ਓੰਕਾਰ ਤੇ ਪਰੇ ਨਾ ਮੰਤ੍ਰੰ। ਓੰਕਾਰ ਤੇ ਪਰੇ ਨਾ ਤੰਤ੍ਰੰ॥[1]

ਇਸ ਤਰ੍ਹਾਂ ਸਹਸਕ੍ਰਿਤੀ ਸ਼ੈਲੀ ਵਿਚ ਲਿਖੀਆਂ ਗਈਆਂ ਪ੍ਰਾਣ-ਸੰਗਲੀ ਦੀਆਂ ਇਹ ਤੁਕਾਂ ਵਰਣਯੋਗ ਹਨ:

ਬਿਨਿਰਬਾਤਿ ਜਾਨ ਬਾਨੇ ਸਜਤੇ ਮੇਘਾ ਬਨੇ।
ਇਸਟਿ ਸੁਆਨ ਸਸੇ ਪਰ ਭਰਮ ਨੇ ਕ੍ਰੋਧ ਨਬਿਰ ਬਾਂਧਨੇ।
ਬਿਨ ਗੁਰਮੁਖੀ ਤੁੰਟਤੋ ਮੁਨੇ ਪੇਰ ਤੇ ਨਰਕੇ ਗਨੇ ਅਧੋਰ ਸਮਸੋਇ ਨਮਹ।
ਮ੍ਰਿਗੀ ਧੇਖੰਤੀ ਬਧਿਕਹ। ਪ੍ਰਹਾਰਨੇ ਲਖੁ ਆਉਧ।
ਜਿਸ ਰਖਤੇ ਰਣ ਮੁਖੀ ਦੇਵਾ, ਨਾਨਕ ਰੋਮ ਨ ਭਿਜਤਿਹ।[2]

ਇਸੇ ਸ਼ੈਲੀ ਵਿਚ 'ਨਿਹਕਾਮੰ', 'ਨਾਮੰ', 'ਨਿਧਾਨੰ' ਅਤੇ 'ਜਿਸੁਰਾਮੰ' ਸ਼ਬਦ ਵੀ ਇਸੀ ਪਰੰਪਰਾ ਦੇ ਹਨ ਜੋ ਪ੍ਰਾਣ-ਸੰਗਲੀ ਵਿਚ ਥਾਂ ਥਾਂ ਵਰਤੇ ਗਏ ਹਨ।

ਇਸੇ ਤਰ੍ਹਾਂ ਸ਼ਲੋਕ ਸਹਸਕ੍ਰਿਤੀ[3] ਸ਼ੈਲੀ ਵਿਚ ਇਹਨਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ:

1. ਕਰੰਤਾ – ਨਾਨਾ ਚਾਰ ਬਿਚਾਰ ਕਰੰਤਾ...। (ਪ੍ਰਾ. ਸੰ. ਪੰਨਾ 621)
2. ਉਚਰੰਤਾ – ਅਗਮ ਨਿਗਮ ਬਾਣੀ ਉਚਰੰਤਾ। (ਪ੍ਰਾ. ਸੰ. ਪੰਨਾ 621)
3. ਭੁਗੰਤਾ – ਇਹ ਮਨੁ ਭੋਗੀ ਭੋਗ ਭੁਗੰਤਾ...। (ਪ੍ਰਾ. ਸੰ. ਪੰਨਾ 632)
4. ਰਚੰਤਾ – ਨਾਨਕ ਕਵਨ ਜੁਗਤ ਨਿਰਾਪਰਚੰਤਾ। (ਪ੍ਰਾ. ਸੰ. ਪੰਨਾ 632)
5. ਕਰੰਤੇ – ਜੰਗ ਦਾਨ ਅਚਾਰ ਕਰੰਤੇ।(ਪ੍ਰਾ. ਸੰ. ਪੰਨਾ 665)
6. ਭੁਗੰਤੇ – ਪਰ ਨਾਰੀ ਸਿਉ ਹੇ ਭੋਗ ਭੁਗੰਤੇ। (ਪ੍ਰਾ. ਸੰ. ਪੰਨਾ 669)
7. ਪਚੰਤੇ – ਨਾਨਕ ਤੇ ਨਰ ਦੇਖਹੁ ਨਰਕ ਪਚੰਤੇ। (ਪ੍ਰਾ. ਸੰ. ਪੰਨਾ 669)
8. ਭ੍ਰਮੰਤੇ – ਨਾ ਪ੍ਰਭੁ ਰੀਝੈ ਤੀਰਥ ਭ੍ਰਮੰਤੇ...। (ਪ੍ਰਾ. ਸੰ. ਪੰਨਾ 646)

---

1. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 17
2. ਉਹੀ, ਪੰਨਾ 630.
3. ਦੇਖੋ: ੳ) 'ਕਬੀਰ ਸਾਹਿਬ'(ਸੰਪਾ. ਵਿਵੇਕ ਦਾਸ), ਪੰਨਾ 202.
   ਅ) ਰਿਚਰਡ ਪਿਸ਼ਲ, 'ਪ੍ਰਾਕ੍ਰਿਤ ਭਾਸ਼ਾਓਂ ਕਾ ਵਿਆਕਰਣ' (ਅਨੁ. ਹੇਮ ਚੰਦਰ ਜੋਸ਼ੀ), ਪੰਨੇ 6-8.
   ੲ) M.G. Pánse, Linguistic Peculiarities of Gyaneshwari, pp. 10-11.

9. ਰਹੰਤੇ – ਨਾ ਪ੍ਰਭੁ ਰੀਝੈ ਬਨਬਾਸ ਰਹੰਤੇ। (ਪ੍ਰਾ. ਸੰ. ਪੰਨਾ 646)
10. ਰਾਜੀ – ਨਾ ਪ੍ਰਭੁ ਰੀਝੈ ਕੀਏ ਰਾਜੀ। (ਪ੍ਰਾ. ਸੰ. ਪੰਨਾ646.
11. ਬਿਰਾਜੀ – ਨਾਨਕ ਤਾਂ ਰੀਝੈ ਜੋ ਭਗਤਿ ਬਿਰਾਜੀ। (ਪ੍ਰਾ. ਸੰ. ਪੰਨਾ 646)

ਵਾਸਤਵ ਵਿਚ ਸੁਨੇਹ ਸਹਸਕ੍ਰਿਤੀ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਸੰਸਕ੍ਰਿਤ ਬਾਰੇ ਪ੍ਰਚਲਿਤ ਧਾਰਨਾ ਦਾ ਖੰਡਨ ਕੀਤਾ ਸੀ। ਲੋਕ-ਭਾਸ਼ਾਵਾਂ ਦੇ ਵਿਕਾਸ ਲਈ ਗੁਰੂ ਜੀ ਨੇ ਸੰਸਕ੍ਰਿਤ ਦੀ ਇਹ ਪੈਰੋਡੀ ਲਿਖੀ ਜਾਪਦੀ ਹੈ। ਪ੍ਰਾਣ-ਸੰਗਲੀ ਦਾ ਲੇਖਕ ਸਹਸਕ੍ਰਿਤੀ ਸ਼ੈਲੀ ਨੂੰ 'ਆਦਿ ਗ੍ਰੰਥ' ਤੋਂ ਪ੍ਰੇਰਨਾ ਲੈ ਕੇ ਹੀ ਅਪਣਾਉਂਦਾ ਹੈ।

ਅ) <u>ਪੰਜਾਬੀ-ਫ਼ਾਰਸੀ ਸ਼ੈਲੀ</u>

ਪੰਜਾਬੀ ਅਤੇ ਫ਼ਾਰਸੀ ਦਾ ਮਿਸ਼ਰਣ ਇਹਨਾਂ ਤੁਕਾਂ ਵਿਚ ਦੇਖਿਆ ਜਾ ਸਕਦਾ ਹੈ:

ਹਰਿ ਨਿਰਖਤ ਬੁਧਿ ਚਿਤੁ ਮਗਨਾਨਾ, ਨਿਰਾਲੰਬ ਗਲਤਾਨਾ।[1]

ਇਸ ਤੁਕ ਵਿਚ 'ਬੁਧਿ', 'ਚਿਤੁ' ਅਤੇ 'ਨਿਰਾਲੰਬ' ਸੰਸਕ੍ਰਿਤ ਤੋਂ ਵਿਕਸਿਤ ਹੋਏ ਪੰਜਾਬੀ ਸ਼ਬਦ ਹਨ। 'ਮਗਨਾਨਾ' ਮਗਨ ਤੋਂ ਬਣਿਆ ਪੰਜਾਬੀ ਸ਼ਬਦ ਹੈ। ਇਸੇ ਤਰ੍ਹਾਂ 'ਨਿਰਖਤ' ਵੀ ਸੰਸਕ੍ਰਿਤ ਦਾ ਤਦਭਵ ਪੰਜਾਬੀ ਰੂਪ ਹੈ ਪਰੰਤੂ 'ਗਲਤਾਨਾ' ਇਹ ਸ਼ਬਦ ਫ਼ਾਰਸੀ ਦਾ 'ਗਲਤਾਨ' ਹੈ। ਤੁਕ ਦੀ ਰਖਿਆ ਕਰਨ ਲਈ ਇਸਨੂੰ ਦੀਰਘ ਰੂਪ ਦਿੱਤਾ ਗਿਆ ਹੈ। ਇਸੇ ਤਰ੍ਹਾਂ:

ਜਿਉ ਸੰਪੈ ਤਿਉ ਬਿਪਤਿ ਪਛਾਨੈ, ਬੇਗਮ ਮਹਿਲ ਨਚਾਵੈ।[2]

ਇਸ ਤੁਕ ਵਿਚ 'ਜਿਉ' 'ਤਿਉ' ਇਹ ਦੋਵੇਂ ਸ਼ਬਦ ਪੁਰਾਤਨ ਪੰਜਾਬੀ (ਖੜੀ ਬੋਲੀ) ਦੇ ਹਨ ਅਤੇ 'ਬਿਪਤਿ' ਤੋਂ/ਪੰਜਾਬੀ ਸ਼ਬਦ ਹੈ, ਪਰੰਤੂ ਬੇਗਮ ਮਹਿਲ (ਤੁਲਨਾ ਬੇਗਮਪੁਰਾ) ਸ਼ਬਦ ਫ਼ਾਰਸੀ ਤੋਂ ਲਿਆ ਗਿਆ ਹੈ।
ਵਿਕਸਿਤ

'ਨਚਾਵੈ' ਦੇਸ਼ਜ ਸ਼ਬਦ ਹੈ ਅਤੇ ਇਸਦਾ ਅਰਥ ਹੈ ਲਾਡ ਲਡਾਉਣਾ, ਆਨੰਦ ਮਾਨਣਾ।

ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਫ਼ਾਰਸੀ ਅਤੇ ਪੰਜਾਬੀ ਦੇ ਰਲਵੇਂ ਮਿਲਵੇਂ ਰੂਪ ਕਈ ਥਾਵਾਂ ਤੇ ਉਪਲਬਧ ਹੁੰਦੇ ਹਨ, ਜਿਵੇਂ:

ਤਨ ਮਹਿ ਮਨੂਆ ਜੋ ਠਹਿਰਾਵੈ।
ਜੰਮਣ ਮਰਣ ਗਿਸ਼ਤ ਅਰੁ ਦੋਜ਼ਖੁ ਤਾ ਕੇ ਨਿਕਟ ਨਾ ਆਵੈ॥[3]

1. 'ਪ੍ਰਾਣ-ਸੰਗਲੀ( ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 15.
2. ਉਹੀ, ਪੰਨਾ 15.
3. ਉਹੀ, ਪੰਨਾ 7.

ਇਸ ਟੂਕ ਵਿਚ 'ਤਨ' ਸੰਸਕ੍ਰਿਤ ਦਾ ਤਤਸਮ ਸ਼ਬਦ ਹੈ। 'ਮਨ' (ਸੰਸਕ੍ਰਿਤ) ਤੋਂ ਤਦਭਵ 'ਮਨੂਆ' ਲਿਆ ਗਿਆ ਹੈ। 'ਜੰਮਣ', 'ਮਰਣ' ਪੰਜਾਬੀ ਦੇ ਸ਼ਬਦ ਹਨ ਅਤੇ 'ਤਾਂ ਕੇ' ਖੜੀ ਬੋਲੀ ਦਾ ਸ਼ਬਦ ਹੈ। 'ਬਹਿਸ਼ਤ' (ਫ਼ਾਰਸੀ) ਦਾ ਤਦਭਵ ਸ਼ਬਦ 'ਭਿਸ਼ਤ' ਹੈ ਅਤੇ ਫ਼ਾਰਸੀ ਦਾ ਤਦਭਵ ਰੂਪ 'ਦੋਜ਼ਖ਼' ਹੈ। ਇਹਨਾਂ ਸ਼ਬਦਾਂ ਦੀ ਵਰਤੋਂ ਨਾਲ ਪ੍ਰਾਣ-ਸੰਗਲੀ ਦੀ ਭਾਸ਼ਾ ਨੂੰ ਵੰਨ-ਸੁਵੰਨਾ ਰੂਪ ਦਿੱਤਾ ਗਿਆ ਹੈ।[1]

ੲ) <u>ਪੰਜਾਬੀ-ਖੜੀ ਬੋਲੀ ਸ਼ੈਲੀ:</u> ਇਸੇ ਤਰ੍ਹਾਂ ਪੰਜਾਬੀ ਅਤੇ ਖੜੀ ਬੋਲੀ ਦਾ ਇਹ ਰਲਵਾਂ ਮਿਲਵਾਂ ਰੂਪ ਇਹਨਾਂ ਤੁਕਾਂ ਵਿਚ ਮਿਲਦਾ ਹੈ:

ਜਾਂ ਕੀ ਚੇਰੀ ਮੁਕਤਿ ਸੁਰਗੁ ਅਪਵਾਨੀ, ਐਸਾ ਜਾਪੁ ਜਪੀਜੈ।
ਜਾਂ ਕੇ ਮਾਯਾ ਦਾਸੀ ਨਵਨਿਧਿ ਸੇਵਾਕਾਰੀ, ਰਿਧਿ ਸਿਧਿ ਚਰਨ ਲਗੀਜੈ॥[2]

'ਕੀ' ਸੰਬੰਧਕਾਰਕੀ ਪਰਸਰਗ ਦੀ ਵਰਤੋਂ ਖੜੀ ਬੋਲੀ ਦੇ ਅਨੁਸਾਰ ਹੈ। ਇਸੇ ਤਰ੍ਹਾਂ 'ਐਸਾ' ਪੜਨਾਂਵ ਵੀ ਖੜੀ ਬੋਲੀ ਤੋਂ ਹੀ ਲਿਆ ਗਿਆ ਹੈ, ਪਰੰਤੂ 'ਜਪੀਜੈ', 'ਲਗੀਜੈ' – ਇਹ ਦੋਵੇਂ ਕ੍ਰਿਆਵਾਂ ਪੰਜਾਬੀ ਦੀਆਂ ਪ੍ਰਾਚੀਨ ਕ੍ਰਿਆਵਾਂ ਹਨ।[3]

ਪੰਜਾਬੀ ਅਤੇ ਖੜੀ ਬੋਲੀ ਦਾ ਰਲਵਾਂ ਮਿਲਵਾਂ ਰੂਪ ਇਸ ਤੁਕ ਵਿਚ ਵੀ ਦੇਖਿਆ ਜਾ ਸਕਦਾ ਹੈ:

ਤਹਾਂ ਪੁਰੀਆਂ ਸਤ ਊਪਰਿ ਕਉਲਾਸੁ।[4]

'ਤਹਾਂ' ਅਤੇ 'ਊਪਰਿ' ਖੜੀ ਬੋਲੀ ਦੇ ਸ਼ਬਦ ਹਨ ਜਦੋਂ ਕਿ 'ਸਤ' ਅਤੇ 'ਪੁਰੀਆਂ' ਪੰਜਾਬੀ ਦੇ ਸ਼ਬਦ ਹਨ।

ਸ) <u>ਪੰਜਾਬੀ - ਉਪਭਾਸ਼ਾ ਸ਼ੈਲੀ</u>

---

1. ਤੁਲਨਾ ਲਈ ਦੇਖੋ:
   ੳ) ਡਾ. ਬਿੰਦੂ ਮਾਧਵ ਮਿਸ਼ਰ, 'ਕਬੀਰ ਗ੍ਰੰਥਾਵਲੀ ਕੀ ਭਾਸ਼ਾ', ਪੰਨੇ 15-21.
   ਅ) ਭਗਵੰਤ ਪ੍ਰਸਾਦ ਦੂਬੇ, 'ਕਬੀਰ ਕਾਵਿਯ ਕਾ ਭਾਸ਼ਾ ਵਿਗਿਆਨਕ ਅਧਿਐਨ', ਪੰਨੇ 51-56.
   ੲ) ਡਾ. ਮਹੇਂਦਰ ਕੁਮਾਰ, 'ਕਬੀਰ ਕੀ ਭਾਸ਼ਾ' ਪੰਨੇ 7-12.
   ਸ) ਰਿਚਰਡ ਪਿਸ਼ਲ, 'ਪ੍ਰਾਕ੍ਰਿਤ ਭਾਸ਼ਾਓਂ ਕਾ ਵਿਆਕਰਣ',(ਅਨੁ: ਡਾ. ਹੇਮ ਚੰਦ ਜੋਸ਼ੀ), ਪੰਨੇ 7-12.
2. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 14.
3. ਦੇਖੋ: ੳ) 'ਪੁਰਾਤਨ ਪ੍ਰਬੰਧ ਸੰਗ੍ਰਹਿ' (ਸੰਪਾ. ਮੁਨੀ ਜਿਨ ਵਿਜਯ), ਪੰਨੇ 2-8.
   ਅ) 'ਪ੍ਰਾਕ੍ਰਿਤ ਪੈਂਗਲਮ', ਪੰਨੇ 102, 106.
   ੲ) Dr D.D. Sharma, <u>Syllabic Structure of Hindi and Punjabi</u>, pp. 7-9.
4. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 278.

ਪੰਜਾਬੀ ਅਤੇ ਉਸਦੀਆਂ ਉਪ-ਭਾਸ਼ਾਵਾਂ ਦਾ ਇਹ ਰਲਗੱਡ ਰੂਪ[1] ਜਿਵੇਂ 'ਬੋਲਿਆ', 'ਅਖਿਓਸ', 'ਲਾਗਾ ਪੁੱਛਣ' ਆਦਿ ਜਿਹੇ ਸ਼ਬਦ ਪੰਜਾਬੀ ਅਤੇ ਉਸ ਦੀਆਂ ਬੋਲੀਆਂ ਤੋਂ ਲਏ ਗਏ ਹਨ। ਲਹਿੰਦੀ ਦੇ ਕੁਝ ਉਦਾਹਰਣ ਇਹ ਹਨ:

1. ਥੀਆ – ਸਭ ਮਹਿ ਜਾਣਿਆ ਆਤਮਾ ਤਦ ਸੁਖ ਥੀਆ। (ਪ੍ਰਾ. ਸੰ. ਪੰਨਾ 601)
   – ਭਾਨੁ ਥੀਆ ਸਭ ਰੈਣ ਬਿਹਾਣੀ। (ਪ੍ਰਾ. ਸੰ. ਪੰਨਾ 635)
2. ਥੀਵਸੀ – ਨਾਨਕ ਮੁਕਤਾ ਥੀਵਸੀ...। (ਪ੍ਰਾ. ਸੰ. ਪੰਨਾ 611)
3. ਚਲਸੀ – ਅਵਰ ਨਾ ਚਲਸੀ ਕੋਈ ਉਪਾਉ...। (ਪ੍ਰਾ. ਸੰ. ਪੰਨਾ 635)

ਇਸੇ ਤਰ੍ਹਾਂ ਪੰਜਾਬੀ ਦੀਆਂ ਹੋਰ ਉਪ-ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੀ ਪ੍ਰਾਨ-ਸੰਗਲੀ ਵਿਚ ਮਿਲਦੀ ਹੈ।

## ਫ਼ਾਰਸੀ

ਪਿਛਲੇ ਸਮਿਆਂ ਵਿਚ ਰਾਜ ਭਾਸ਼ਾ ਰਹਿਣ ਕਰਕੇ ਫ਼ਾਰਸੀ ਦਾ ਡੂੰਘਾ ਪ੍ਰਭਾਵ ਸਾਡੀਆਂ ਭਾਸ਼ਾਵਾਂ ਅਤੇ ਰਚਨਾਵਾਂ ਉੱਤੇ ਪਿਆ ਹੈ।[2] ਗੁਰੂ ਨਾਨਕ ਦੇਵ ਜੀ ਨੇ ਵੀ ਅਨੇਕ ਫ਼ਾਰਸੀ ਸ਼ਬਦਾਂ ਦੀ ਵਰਤੋਂ ਥਾਂ ਥਾਂ ਤੇ ਕੀਤੀ ਹੈ ਪਰ ਉਹਨਾਂ ਨੇ ਫ਼ਾਰਸੀ ਨੂੰ 'ਮਲੇਛ ਭਾਸ਼ਾ' ਕਹਿਕੇ ਇਸ ਨੂੰ ਸਾਹਿਤਿਕ ਭਾਸ਼ਾ ਦੇ ਰੂਪ ਵਿਚ ਪ੍ਰਵਾਨਗੀ ਨਹੀਂ ਦਿੱਤੀ।

---

1. ਤੁਲਨਾ ਲਈ ਦੇਖੋ:
   ੳ) ਡਾ. ਬਿੰਦੂ ਮਾਧਵ ਮਿਸ਼ਰ, 'ਕਬੀਰ ਗ੍ਰੰਥਾਵਲੀ ਕੀ ਭਾਸ਼ਾ', ਪੰਨੇ 15-21.
   ਅ) ਭਗਵਤ ਪ੍ਰਸਾਦ ਦੁਬੇ, 'ਕਬੀਰ ਕਾਵਿਯ ਕਾ ਭਾਸ਼ਾ ਵਿਗਿਆਨਕ ਅਧਿਐਨ', ਪੰਨੇ 51-56.
   ੲ) ਡਾ. ਮਹੇਂਦਰ ਕੁਮਾਰ, 'ਕਬੀਰ ਕੀ ਭਾਸ਼ਾ', ਪੰਨੇ 7-12.
   ਸ) ਰਿਚਰਡ ਪਿਸ਼ਲ, 'ਪ੍ਰਾਕ੍ਰਿਤ ਭਾਸ਼ਾਓਂ ਕਾ ਵਿਆਕਰਣ', (ਅਨੁ. ਡਾ. ਹੇਮ ਚੰਦ੍ਰ ਜੋਸ਼ੀ), ਪੰਨੇ 7-12.
2. ਦੇਖੋ:
   a) Dr S.K. Chatterjee, <u>The Origin and Development of Bengali Language</u>, Vol. I, pp. 21-31.
   b) Dr .. Jha, <u>The Formation of Maithili Language</u>, pp. 7-10.
   c) Bailey, T.G., <u>A History of Urdu Literature</u>, pp. 8-12.

ਪ੍ਰਾਣ-ਸੰਗਲੀ ਵਿਚ ਫ਼ਾਰਸੀ ਸ਼ਬਦਾਂ ਦੀ ਵਰਤੋਂ ਬਹੁਤ ਹੋਈ ਹੈ। ਕੁਝ ਉਦਾਹਰਣ ਦਿੱਤੇ ਜਾਂਦੇ ਹਨ:

ਆਪਿ ਉਪਾਏ ਮਨਸਾ ਪੂਰ ਧਾਰੀ। ਖਿਆਲ ਖਲੂਲ ਕਰਿ ਖਲਕ ਸਵਾਰੀ॥
ਸਾੜੇ ਉਣਵੰਜਾਹ ਕੋੜੀ ਖਾਕ। ਮਨ ਮਹਿ ਸੋਧਿ ਦ੍ਰਿਸ਼ਟਿ ਕਰਿ ਪਾਕ।

—

ਨੌ ਕੋੜ ਆਤਿਸ਼ ਹੈ ਕੀਨੀ...।

—

ਆਬ ਖਾਕ ਆਤਿਸ਼ ਰੋਵਾਯਾ....।

—

ਸਿਆਹ ਸਪੇਦ ਅਬਰੂ ਸੁਰਖਾਈ। ਗਿਰਦ ਕਟੋਰੀ ਆਂਖਿ ਬਨਾਈ॥[1]

ਇਹਨਾਂ ਤੁਕਾਂ ਵਿਚ 'ਖਿਆਲ', 'ਖਲੂਲ', 'ਖਲਕ', ਆਤਿਸ਼', 'ਪਾਕ', 'ਖਾਕ', 'ਸ਼ਿਆਹ' 'ਸਪੇਦ' ਅਤੇ 'ਸੁਰਖ' ਇਹ ਫ਼ਾਰਸੀ ਸ਼ਬਦ ਤਦਭਵ ਅਤੇ ਤਤਸਮ ਰੂਪਾਂ ਵਿਚ ਵਰਤੇ ਗਏ ਹਨ।

ਇਸੇ ਤਰ੍ਹਾਂ:

ਖੁਸ਼ਬੂਈ ਰਸ ਭਾਪਨੇ, ਬੁਰਾ ਭਲਾ ਬੁਧਿ ਦੀਨ।
ਖੁਸ਼ ਖੁਸ਼ਬੋਈ ਸੂੰਘ ਕੈ, ਸੁਮਿਰਤ ਸਿਰਜਨਹਾਰ॥[2]

ਇਹਨਾਂ ਤੁਕਾਂ ਵਿਚ ਖੁਸ਼ਬੂ ਦਾ ਤਦਭਵ ਰੂਪ 'ਖੁਸ਼ਬੂਈ' ਅਤੇ 'ਖੁਸ਼ਬੋਈ' ਵਰਤੇ ਗਏ ਹਨ।

ਇਸੇ ਤਰ੍ਹਾਂ ਬੇਸ਼ੁਮਾਰ (ਪ੍ਰਾ. ਸੰ. ਪੰਨਾ 273), ਮੁਸ਼ਤਾਕ (ਪ੍ਰਾ. ਸੰ. ਪੰਨਾ 276), ਦਰਗਾਹ (ਪ੍ਰਾ. ਸੰ. ਪੰਨਾ 280) ਇਹ ਸ਼ਬਦ ਵੀ ਫ਼ਾਰਸੀ ਦੇ ਤਤਸਮ ਸ਼ਬਦ ਹਨ।

ਇਹਨਾਂ ਤੋਂ ਇਲਾਵਾ:

1. ਮਾਨਿੰਦ – ਐਸੀ ਮਾਨਿੰਦ ਮਨ ਕੀ ਜਾਨੈ (ਪ੍ਰਾ. ਸੰ. ਪੰਨਾ 604)
2. ਆਮਦ ਰਫ਼ਤ – ਆਮ ਰਫਤ ਤਾਂਤੇ ਮਿਟਿ ਜਾਹੀ। (ਪ੍ਰਾ. ਸੰ. ਪੰਨਾ 605)
3. ਤਹਕੀਕ – ਤਹਕੀਕ ਜਾਨਹੁ ਸਮਝਹੁ ਕਰਿ ਐਸੀ। (ਪ੍ਰਾ. ਸੰ. ਪੰਨਾ 610)
4. ਸ਼ਾਦੀ ਗਮੀ – ਸ਼ਾਦੀ ਗਮੀ ਕਛੁ ਮਨ ਨਹੀ ਜਾਨੈ। (ਪ੍ਰਾ. ਸੰ. ਪੰਨਾ 612)
5. ਇਲਾਜ – ਭਸਨੇ ਕਾ ਕਿਛੁ ਕਰਹੁ ਇਲਾਜ। (ਪ੍ਰਾ. ਸੰ. ਪੰਨਾ 635)
6. ਹਾਸਲ ਹੁਕਮ – ਹਾਸਲ ਹੁਕਮ ਭਯਾ ਪਰਾਯਾ। (ਪ੍ਰਾ. ਸੰ. ਪੰਨਾ 635)
7. ਤੁਰਕ – ਤੁਰਕ ਤਕਬਰ ਮਹਜ਼ ਹਰਾਮ। (ਪ੍ਰਾ. ਸੰ. ਪੰਨਾ 657)
8. ਮਿਹਰ – ਮਿਹਰ ਤਵਜਹ ਜਪਿ ਲੈ ਨਾਮ। (ਪ੍ਰਾ. ਸੰ. ਪੰਨਾ 657)

---

9. 'ਪ੍ਰਾਣ-ਸੰਗਲੀ, (ਸੰਪਾ. ਸੰਤ ਸਿੰਪੂਰਣ ਸਿੰਘ), ਪੰਨਾ 26.
2. ਉਹੀ, ਪੰਨਾ 49.

9. ਸੁਰੀਅਤ – ਸੁਰੀਅਤ ਰੋਜ਼ਾ ਨਿਮਾਜ਼ ਕਮਾਵੈ। (ਪ੍ਰਾ. ਸੰ. ਪੰਨਾ 657)
10. ਹਕੀਕਤ – ਹਕੀਕਤ ਤਰੀਕਤਿ ਮੰਝਿ ਸਮਾਵੈ। (ਪ੍ਰਾ. ਸੰ. ਪੰਨਾ 657)
11. ਮਾਰਫਤ – ਮਾਰਫਤਿ ਬੁਰਕਿਹ ਪ੍ਰੀਤਿ ਲਗਾਈ। (ਪ੍ਰਾ. ਸੰ. ਪੰਨਾ 657)
12. ਮੁਸਲਮਾਨ – ਮੁਸਲਮਾਨੁ ਮਸਲਮੁ ਹੋਏ ਬਹੈ। (ਪ੍ਰਾ. ਸੰ. ਪੰਨਾ 657)
13. ਪੀਰ – ਪੀਰਹੋਇ ਪਹਿਚਾਣੈ ਰਾਹੁ। (ਪ੍ਰਾ. ਸੰ. ਪੰਨਾ 657)
14. ਦਰਵੇਸ – ਦਰਵੇਸੁ ਸੋਈ ਜੋ ਦਰੁ ਆਲਾਏ। (ਪ੍ਰਾ. ਸੰ. 657)
15. ਫਕੀਰ – ਫਕੀਰ ਸੋਈ ਜਿਸੁ ਸਹਜਿ ਫਕੀਰੀ। (ਪ੍ਰਾ. ਸੰ. ਪੰਨਾ 658)
16. ਜ਼ੁਹਦ – ਸਿਰ ਪਰ ਜਾਰੇ ਜੁਹਦ ਜੁਹੀਰੀ। (ਪ੍ਰਾ. ਸੰ. ਪੰਨਾ 658)

ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਵਿਚ ਭਾਸ਼ਾ ਅਤੇ ਸਾਧਨਾ ਪੱਧਤੀ ਦੋਹਾਂ ਵਿਚ ਫਾਰਸੀ ਅਤੇ ਸੂਫੀ ਸ਼ਬਦਾਵਲੀ ਦੀ ਵਰਤੋਂ ਬਹੁਤ ਥਾਵਾਂ ਤੇ ਹੋਈ ਹੈ। ਖ਼ਾਸ ਤੌਰ ਤੇ ਇਸਲਾਮੀ ਸਾਧਨਾ ਪੱਧਤੀ ਅਤੇ ਇਸਲਾਮੀ ਵਿਸ਼ਵਾਸ਼ਾਂ ਦੇ ਸੰਦਰਭ ਵਿਚ ਵੀ ਫਾਰਸੀ ਅਰਬੀ ਦੇਸ਼ਬਦਾਂ ਦੀ ਵਰਤੋਂ ਵਿਆਪਕ ਰੂਪ ਵਿਚ ਮਿਲਦੀ ਹੈ। ਉਦਾਹਰਣ ਵਜੋਂ ਇਹ ਸ਼ਬਦ ਦੇਖੇ ਜਾ ਸਕਦੇ ਹਨ:

ਖਾਲਿਕ (ਪ੍ਰਾ. ਸੰ. ਪੰਨਾ 813), ਸੁਬਹਾਨੁ (ਪ੍ਰਾ.ਸੰ. ਪੰਨਾ 813), ਰਹਿਮਾਨ (ਪ੍ਰਾ. ਸੰ. ਪੰਨਾ 813), ਪਾਕ (ਪ੍ਰਾ. ਸੰ. ਪੰਨਾ 813), ਸਬਜ਼ ਕਨਾਤਾਂ (ਪ੍ਰਾ. ਸੰ. ਪੰਨਾ 814), ਸਮਘਾਨਾ (ਪ੍ਰਾ. ਸੰ. ਪੰਨਾ 814), ਅਸਮਾਨ (ਪ੍ਰਾ.ਸੰ. ਪੰਨਾ 814), ਮੁਜਰੇ (ਪ੍ਰਾ. ਸੰ. ਪੰਨਾ 814), ਪਰੀਆਂ (ਪ੍ਰਾ. ਸੰ. ਪੰਨਾ 814), ਸ਼ੇਖ (ਪ੍ਰਾ. ਸੰ. ਪੰਨਾ 815), ਮਸ਼ਾਇਕ (ਪ੍ਰਾ. ਸੰ. ਪੰਨਾ 815), ਔਲੀਏ (ਪ੍ਰਾ. ਸੰ. ਪੰਨਾ 815), ਮੁਹੰਮਦ ਮੁਸ਼ਤਫਾ (ਪ੍ਰਾ. ਸੰ. ਪੰਨਾ 817), ਫਕਰ (ਪ੍ਰਾ. ਸੰ. ਪੰਨਾ 713), ਸੁਲਤਾਨ (ਪ੍ਰਾ. ਸੰ. 713) ਆਦਿ।

ਫਾਰਸੀ ਦਾ ਪ੍ਰਭਾਵ ਰਾਜ ਭਾਸ਼ਾ ਹੋਣ ਕਰਕੇ ਸਾਰੀਆਂ ਭਾਸ਼ਾਵਾਂ ਉੱਤੇ ਬਹੁਤ ਵਿਆਪਕ ਹੈ। ਬਹੁਤ ਸਾਰੇ ਸੰਸਕ੍ਰਿਤ ਦੇ ਕਵੀਆਂ ਨੇ ਵੀ ਫਾਰਸੀ ਦੇ ਸ਼ਬਦਾਂ ਦੀ ਵੀ ਵਰਤੋਂ ਸੰਸਕ੍ਰਿਤ ਛੰਦਾਂ ਵਿਚ ਕੀਤੀ ਹੈ। ਖ਼ਾਸ ਤੌਰ ਤੇ 'ਜੋਤਿਸ਼' ਜਾਂ 'ਰਮਲ' ਦੇ ਗ੍ਰੰਥਾਂ ਵਿਚ ਫਾਰਸੀ ਅਰਬੀ ਦੇ ਪਰਿਭਾਸ਼ਿਕ ਸ਼ਬਦਾਂ ਦੀ ਵਰਤੋਂ ਮਿਲਦੀ ਹੈ। ਪ੍ਰਾਣ-ਸੰਗਲੀ ਦਾ ਲੇਖਕ ਵੀ ਫਾਰਸੀ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ ਅਤੇ ਉਸਨੇ ਆਪਣੇ ਪੂਰਬਵਰਤੀ ਸਾਹਿੱਤ ਤੋਂ ਪ੍ਰੇਰਨਾ ਲੈ ਕੇ ਅਰਬੀ ਫਾਰਸੀ ਦੀ ਸ਼ਬਦਾਵਲੀ ਦਾ ਭੁਰਵਾਂ ਪ੍ਰਯੋਗ ਕੀਤਾ ਹੈ।

## ਖੜੀ ਬੋਲੀ

ਖੜੀ ਬੋਲੀ ਦਿੱਲੀ, ਆਗਰਾ ਅਤੇ ਮੇਰਠ ਦੀ ਬੋਲੀ ਦੱਸੀ ਜਾਂਦੀ ਹੈ। ਦਿੱਲੀ ਕਿਉਂਕਿ ਪੰਜਾਬ ਅਤੇ ਪੰਜਾਬੀ ਦੋਆਂ ਸੀਮਾਵਾਂ ਦੇ ਨਾਲ ਲਗਦੀ ਹੈ ਅਤੇ ਇਸੇ ਰੂਪ ਵਿਚ ਪੰਜਾਬ ਦੇ ਅਨੇਕ ਸਾਹਿੱਤਕਾਰਾਂ ਨੇ

ਖੜੀ ਬੋਲੀ ਨੂੰ ਆਪਣੇ ਕਾਵਿ ਦੀ ਭਾਸ਼ਾ ਦੇ ਰੂਪ ਵਿਚ ਸਵੀਕਾਰ ਕੀਤਾ ਹੈ।[1] ਗੁਰੂ ਨਾਨਕ ਦੇਵ ਨੇ ਖੜੀ ਬੋਲੀ ਦੀ ਵਰਤੋਂ ਅਨੇਕ ਥਾਵਾਂ ਤੇ ਕੀਤੀ ਹੈ; ਜਿਵੇਂ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥[2]
(ਆਸਾ ਮ. ੧)

ਇਹਨਾਂ ਤੁਕਾਂ ਵਿਚ 'ਕੀਆ', 'ਡਰਾਇਆ', 'ਚੜਾਇਆ' ਇਹ ਕ੍ਰਿਆ ਰੂਪ ਖੜੀ ਬੋਲੀ ਦੇ ਹਨ। ਇਸੇ ਪਰੰਪਰਾ ਵਿਚ ਪ੍ਰਾਣ-ਸੰਗਲੀ ਦਾ ਲੇਖਕ ਵੀ ਖੜੀ ਬੋਲੀ ਦੇ ਸ਼ਬਦਾਂ ਦੀ ਵਰਤੋਂ ਖੁਲ੍ਹ ਕੇ ਕਰਦਾ ਹੈ।

ਖ਼ਾਸ ਤੌਰ ਤੇ ਪੜਨਾਂਵਾਂ ਦੀ ਵਰਤੋਂ ਖੜੀ ਬੋਲੀ ਦੇ ਪੜਨਾਂਵਾਂ ਦੇ ਅਨੁਸਾਰ ਹੈ, ਜਿਵੇਂ: 'ਤੇਰਾ' (ਪ੍ਰਾ. ਸੰ. ਪੰਨਾ 91), 'ਤੁਮ' (ਪ੍ਰਾ. ਸੰ. ਪੰਨਾ 93), 'ਹਮਾਰਾ' (ਪ੍ਰਾ. ਸੰ. ਪੰਨਾ 93), 'ਤੇਰੀ' (ਪ੍ਰਾ. ਸੰ. ਪੰਨਾ 91) ਆਦਿ।

ਇਸੇ ਤਰ੍ਹਾਂ ਖੜੀ ਬੋਲੀ ਦੇ ਸੰਬੰਧ ਕਾਰਕ ਦੇ ਕਾ, ਕੀ, ਕੇ ਵੀ ਅਨੇਕ ਥਾਵਾਂ ਤੇ ਵਰਤੇ ਗਏ ਮਿਲਦੇ ਹਨ; ਜਿਵੇਂ:

ਸਚੁ ਸ਼ਬਦੁ ਕੀ ਸਚੀ ਜਟਣ, ਨਾਨਕ ਕਹੈ ਉਦਾਸੀ ਲਛਣੁ।[3]
ਗੁਰ ਕੇ ਸ਼ਬਦਿ ਰਚੇ ਭੈ ਭਾਈ।[4]
ਤਿਨ ਕੇ ਬਜਰਕ ਜੜੇ ਕਪਾਟ।[5]

ਖੜੀ ਬੋਲੀ ਨੂੰ ਭਾਰਤ ਦੇ ਕੇਂਦਰ ਦੀ ਬੋਲੀ ਹੋਣ ਦਾ ਮਾਣ ਪ੍ਰਾਪਤ ਹੈ। ਇਸ ਲਈ ਦਿੱਲੀ ਤੋਂ ਦੂਰ ਦੁਰਾਡੇ ਰਹਿਣ ਵਾਲੇ ਲੇਖਕਾਂ ਨੇ ਵੀ ਪ੍ਰਚਾਰ ਲਈ ਖੜੀ ਬੋਲੀ ਨੂੰ ਅਪਣਾਇਆ ਹੈ। ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਅਨੇਕ ਲੇਖਕਾਂ ਨੇ ਆਪਣੀ ਮਾਤ-ਭਾਸ਼ਾ ਤੋਂ ਛੁੱਟ ਖੜੀ ਬੋਲੀ ਵਿਚ ਵੀ ਰਚਨਾਵਾਂ ਕੀਤੀਆਂ ਹਨ। ਕਬੀਰ ਅਤੇ ਗੁਰੂ ਨਾਨਕ ਦੋਵੇਂ ਹੀ ਖੜੀ ਬੋਲੀ ਦੇ ਮੁਖ ਖੇਤਰ ਤੋਂ ਦੂਰ ਰਹਿਣ ਵਾਲੇ ਵਿਅਕਤੀ ਸਨ ਪਰ ਇਹਨਾਂ ਦੋਹਾਂ ਨੇ ਖੜੀ ਬੋਲੀ ਨੂੰ ਆਪਣੇ ਕਾਵਿ ਅਤੇ ਪ੍ਰਚਾਰ ਦੀ ਭਾਸ਼ਾ ਦੇ ਰੂਪ ਵਿਚ ਸਵੀਕਾਰ ਕੀਤਾ। ਇਹੋ ਕਾਰਨ ਹੈ ਕਿ ਪੰਜਾਬ ਵਿਚ ਗੁਰੂ ਨਾਨਕ ਤੋਂ ਪ੍ਰੇਰਨਾ ਲੈ ਕੇ ਬਹੁਤ ਸਾਰੇ ਲੇਖਕਾਂ ਨੇ ਖੜੀ ਬੋਲੀ ਦਾ ਪ੍ਰਭਾਵ ਗ੍ਰਹਿਣ ਕੀਤਾ। ਉਹਨਾਂ ਦੀ ਬੋਲੀ ਨੂੰ ਸ਼ੁਧ ਖੜੀ ਬੋਲੀ ਤਾਂ ਨਹੀਂ ਕਿਹਾ ਜਾ ਸਕਦਾ। ਪਰ ਖੜੀ ਬੋਲੀ ਦਾ ਪ੍ਰਭਾਵ ਉਹਨਾਂ ਦੀਆਂ

---

1. ਦੇਖੋ: ੳ) ਸ਼੍ਰਿਤਿ ਕੰਠ ਮਿਸ਼ਰ, ਖੜੀ ਬੋਲੀ ਕਾ ਅੰਦੋਲਨ', ਪੰਨੇ 1-9.
   ਅ) R. L. Turner, Comparative Dictionary of the Indo-Aryan Languages, (Khari Boli).
2. 'ਆਦਿ ਗ੍ਰੰਥ' ਪੰਨਾ
3. 'ਪ੍ਰਾਣ-ਸੰਗਲੀ' (ਸੰਪਾ. ਸੰਤ ਸੰਪੂਰਣ ਸਿੰਘ), ਪੰਨਾ 220.
4. ਉਹੀ, ਪੰਨਾ 222.
5. ਉਹੀ, ਪੰਨਾ 224.

ਲਿਖਤਾਂ ਉੱਤੇ ਧੁਨੀ ਰੂਪਾਂ ਤੋਂ ਲੈ ਕੇ ਵਿਆਕਰਣਿਕ ਸੰਰਚਨਾ ਤਕ ਬਹੁਤ ਵਿਆਪਕ ਰੂਪ ਵਿਚ ਮਿਲਦਾ ਹੈ।

ਪ੍ਰਾਣ-ਸੰਗਲੀ ਦਾ ਲੇਖਕ ਵੀ ਭਾਸ਼ਾਈ ਪੱਧਰ ਉੱਤੇ ਖੜੀ ਬੋਲੀ ਦੇ ਅਨੇਕ ਸ਼ਬਦ-ਰੂਪਾਂ ਨੂੰ ਅਤੇ ਖੜੀ ਬੋਲੀ ਦੀਆਂ ਉੱਘੀਆਂ ਵਿਸ਼ੇਸ਼ਤਾਵਾਂ ਨੂੰ ਸਵੀਕਾਰ ਕਰਦਾ ਹੈ।

## ਬ੍ਰਜ ਭਾਸ਼ਾ

ਪੰਦਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਪਹਿਲੇ ਦਹਾਕਿਆਂ ਤੱਕ ਉੱਤਰੀ ਭਾਰਤ ਦੇ ਸੰਤ ਅਤੇ ਭਗਤੀ ਸਾਹਿਤ ਦੀ ਮੁੱਖ ਭਾਸ਼ਾ ਬ੍ਰਜ ਭਾਸ਼ਾ ਸੀ।[1] ਪੰਡਿਤ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਅਨੁਸਾਰ ਮੱਧਕਾਲੀਨ ਭਾਰਤ ਦੀ ਅਧਿਆਤਮਕ ਚੇਤਨਾ ਦਾ ਸਰੂਪ ਬ੍ਰਜ ਭਾਸ਼ਾ ਕਾਵਿ ਵਿਚ ਮਿਲਦਾ ਹੈ।[2]

ਪੰਜਾਬੀ ਵਿਚ ਗੁਰੂ ਘਰ ਦੇ ਅਨੇਕ ਕਵੀਆਂ ਨੇ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ। ਗੁਰੂ ਨਾਨਕ ਦੇਵ ਦੀਆਂ ਅਨੇਕ ਰਚਨਾਵਾਂ ਵਿਚ ਬ੍ਰਜ ਭਾਸ਼ਾ ਦੇ ਸ਼ਬਦ ਅਤੇ ਬ੍ਰਜ ਭਾਸ਼ਾ ਦੀਆਂ ਮੁਖ ਪ੍ਰਵਿਰਤੀਆਂ ਮਿਲਦੀਆਂ ਹਨ। ਜਿਵੇਂ:

> ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ।
> ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥[3]

ਉਪਰੋਕਤ ਤੁਕਾਂ ਵਿਚ 'ਸਗਲ', 'ਬਨਰਾਇ', 'ਗਗਨ ਮੈ' 'ਮਲਆਨਲੋ' ਆਦਿ ਸ਼ਬਦ ਬ੍ਰਜ ਭਾਸ਼ਾ ਦੇ ਹਨ।

ਗੁਰੂ ਅਰਜਨ ਦੇਵ ਤੋਂ ਪਿੱਛੋਂ ਬ੍ਰਜ ਭਾਸ਼ਾ ਦੀ ਵਰਤੋਂ ਵਧਦੀ ਗਈ। ਭੱਟਾਂ ਦੇ ਸਵੱਈਏ 'ਆਦਿ ਗ੍ਰੰਥ' ਵਿਚ ਪੰਜਵੇਂ ਗੁਰੂ ਨੇ ਸੰਕਲਿਤ ਕੀਤੇ ਅਤੇ ਆਪਣੀ ਬਾਣੀ ਵਿਚ ਵੀ ਬ੍ਰਜ ਭਾਸ਼ਾ ਦੇ ਅਨੇਕ ਸ਼ਬਦਾਂ ਦਾ ਪ੍ਰਯੋਗ ਕੀਤਾ। ਛੇਵੇਂ ਚੌਥ ਕੇ ਨੌਵੇਂ ਅਤੇ ਦਸਵੇਂ ਗੁਰੂਆਂ ਨੇ ਆਪਣੀ ਬਾਣੀ ਵਿਚ ਬ੍ਰਜ ਭਾਸ਼ਾ ਦੀ ਵਰਤੋਂ ਸਭ ਤੋਂ ਵੱਧ ਕੀਤੀ ਹੈ।

ਪੰਜਾਬ ਵਿਚ ਬ੍ਰਜ ਭਾਸ਼ਾ ਦਾ ਬਹੁਤ ਸਾਰਾ ਸਾਹਿਤ ਅਜੇ ਵੀ ਹੱਥ-ਲਿਖਤੀ ਰੂਪ ਵਿਚ ਮਿਲਦਾ ਹੈ। ਉਸ ਸਾਹਿਤ ਦੀ ਖੋਜ ਅਤੇ ਪੜਚੋਲ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ।

ਬ੍ਰਜ ਭਾਸ਼ਾ ਦਾ ਇਹ ਪ੍ਰਭਾਵ ਪੰਜਾਬੀ ਤੋਂ ਇਲਾਵਾ ਰਾਜਸਥਾਨੀ, ਗੁਜਰਾਤੀ ਅਤੇ ਪੂਰਬ ਵਿਚ ਬੰਗਾਲੀ ਉੱਤੇ ਵੀ ਪਿਆ। ਬੰਗਾਲੀ ਦੀ ਇਕ ਕਾਵਿ ਸ਼ੈਲੀ 'ਬ੍ਰਜਬੁਲੀ' ਨਾਂ ਨਾਲ ਯਾਦ ਕੀਤੀ ਜਾਂਦੀ ਹੈ।

---

1. ਦੇਖੋ: ੳ) ਡਾ. ਧੀਰੇਂਦਰ ਵਰਮਾ, 'ਬ੍ਰਜ ਭਾਸ਼ਾ ਸ਼ਬਦ ਕੋਸ਼' ਪੰਨੇ 7-9 (ਭੂਮਿਕਾ).
   ਅ) Grierson, Linguistic Survey of India, Vol. III (Braj Bhasha).
   ੲ) R.L. Turner, A Comparative Dictionary of Indo-Aryan Languages, (Braj).
2. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, 'ਸੂਰਦਾਸ' ਪੰਨਾ 7.
3. 'ਆਦਿ ਗ੍ਰੰਥ', ਪੰਨਾ 663.

ਇਸ ਵਿਚ ਬੰਗਲਾ ਅਤੇ ਬ੍ਰਜ ਭਾਸ਼ਾ ਦਾ ਰਲਵਾਂ ਮਿਲਵਾਂ ਰੂਪ ਮਿਲਦਾ ਹੈ।[1]

ਪ੍ਰਾਣ-ਸੰਗਲੀ ਵਿਚ ਬ੍ਰਜ ਭਾਸ਼ਾ ਅਤੇ ਉਸਦੀ ਸ਼ਬਦਾਵਲੀ ਦਾ ਡੂੰਘਾ ਪ੍ਰਭਾਵ ਮਿਲਦਾ ਹੈ; ਜਿਵੇਂ: 'ਜੈਤੇ' (ਪ੍ਰਾ. ਸੰ. ਪੰਨਾ 601), 'ਤੈਸੇ' (ਪ੍ਰਾ. ਸੰ. ਪੰਨਾ 601), 'ਤੁਝ' (ਪ੍ਰਾ. ਸੰ. ਪੰਨਾ 603)। ਇਹੋ ਜਿਹੇ ਪੜਨਾਵਾਂ ਦੀ ਵਰਤੋਂ ਥਾਂ ਥਾਂ ਤੇ ਉਪਲਬਧ ਹੁੰਦੀ ਹੈ। ਇਸੇ ਤਰ੍ਹਾਂ ਕ੍ਰਿਆ ਰੂਪਾਂ ਵਿਚ ਵੀ ਬ੍ਰਜ ਭਾਸ਼ਾ ਦੀਆਂ ਕ੍ਰਿਆਵਾਂ ਮਿਲਦੀਆਂ ਹਨ:

1. <u>ਉਰਝਾਧਾ</u> – ਜਬ ਨਹੀਂ ਜਾਨਿਆ ਤਬ ਹੀ ਉਰਝਾਧਾ। (ਪ੍ਰਾ. ਸੰ. ਪੰਨਾ 601)
2. <u>ਭਯੋ</u> – ਇਹ ਸਹਸਾ ਮਨ ਮਹਿ ਭਯੋ ਹੈ ਭਾਰੀ। (ਪ੍ਰਾ. ਸੰ. ਪੰਨਾ 601)
3. <u>ਕਰਹੁ</u> – ਦੂਰ ਕਰਹੁ ਇਸ ਤੇ ਹਿਤਕਾਰੀ। (ਪ੍ਰਾ. ਸੰ. ਪੰਨਾ 601)
4. <u>ਚੀਨੀ</u> – ਕੈਸੀ ਬਿਧਿ ਤੇ ਕਿਉ ਕਰਿ ਚੀਨੀ। (ਪ੍ਰਾ. ਸੰ. ਪੰਨਾ 603)
5. <u>ਦਉਰੈ</u> – ਬਹੁ ਰੂਪੀ ਹੋਈ ਇਹੁ ਮਨ ਦਉਰੈ। (ਪ੍ਰਾ. ਸੰ. ਪੰਨਾ 603)
6. <u>ਆਆਵੈ</u> – ਗਿਆਨ ਸਪੂਰਨ ਜੋ ਆਆਵੈ। (ਪ੍ਰਾ. ਸੰ. ਪੰਨੇ 604,611,657)

ਬ੍ਰਜ ਭਾਸ਼ਾ ਦੇ ਵਿਆਪਕ ਪ੍ਰਭਾਵ ਤੋਂ ਬਚੇ ਰਹਿਣਾ ਪ੍ਰਾਣ-ਸੰਗਲੀ ਦੇ ਲੇਖਕ ਲਈ ਸੰਭਵ ਨਹੀਂ ਸੀ ਕਿਉਂਕਿ ਪੰਜਾਬ ਦਾ ਸਾਰਾ ਸਾਹਿਤਿਕ ਵਾਤਾਵਰਣ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਸੀ। ਇਹੋ ਕਾਰਨ ਹੈ ਕਿ ਨਾ ਕੇਵਲ ਬ੍ਰਜ ਭਾਸ਼ਾ ਦੀ ਸ਼ਬਦਾਵਲੀ ਹੀ ਪ੍ਰਾਣ-ਸੰਗਲੀ ਵਿਚ ਪ੍ਰਯੁਕਤ ਹੋਈ ਹੈ ਸਗੋਂ ਬ੍ਰਜ ਭਾਸ਼ਾ ਦਾ ਵਿਆਕਰਣਿਕ ਢਾਂਚਾ ਵੀ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਕਿਤੇ ਕਿਤੇ ਦਿਸਦਾ ਹੈ।

<u>ਨਿਸ਼ਕਰਸ਼</u>

ਪ੍ਰਾਣ-ਸੰਗਲੀ ਦੀ ਭਾਸ਼ਾ ਦੇ ਇਸ ਸੰਖਿਪਤ ਵਿਵੇਚਨ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਰੂਪ ਆਪਣੇ ਯੁਗ ਦੀ ਭਾਸ਼ਾਈ ਪ੍ਰਵਿਰਤੀ ਦਾ ਇਕ ਉੱਘਾ ਉਦਾਹਰਣ ਪ੍ਰਸਤੁਤ ਕਰਦਾ ਹੈ। ਇਸ ਭਾਸ਼ਾਈ ਪ੍ਰਵਿਰਤੀ ਦਾ ਸਭ ਤੋਂ ਉਲੇਖਣੀ ਯੋਗ ਤੱਤ ਹੈ – ਉਦਾਰਤਾ। ਭਾਸ਼ਾਈ ਉਦਾਰਤਾ ਦੇ ਨਾਲ ਕਿਸੇ ਵੀ ਭਾਸ਼ਾ ਦਾ ਰੂਪ ਅਤੇ ਉਸਦਾ ਖੇਤਰ ਬਹੁਤ ਵਿਆਪਕ ਬਣਦਾ ਹੈ ਕਿਉਂਕਿ ਭਾਸ਼ਾਈ ਉਦਾਰਤਾ ਕਾਰਨ ਅਨੇਕ ਭਾਸ਼ਾਈ ਸੋਮਿਆਂ ਤੋਂ ਸ਼ਬਦ ਗ੍ਰਹਿਣ ਕਰਨ ਦੀ ਪ੍ਰਵਿਰਤੀ ਭਾਸ਼ਾ ਵਿਚ ਆਉਂਦੀ ਹੈ ਅਤੇ ਅਨੇਕ ਭਾਸ਼ਾਈ ਸੋਮਿਆਂ ਤੋਂ ਢੁਕਵੀਂ ਸ਼ਬਦਾਵਲੀ ਲੈਣ ਦੀ ਪਰੰਪਰਾ ਭਾਸ਼ਾ ਨੂੰ ਵਧੇਰੇ ਅਮੀਰ ਬਣਾਉਂਦੀ ਹੈ। ਪ੍ਰਾਣ-ਸੰਗਲੀ ਦੀ ਭਾਸ਼ਾ ਉਦਾਰਤਾ ਦੇ ਪੱਖੋਂ ਇਕ ਅਦੁੱਤੀ ਮਿਸਾਲ ਪੇਸ਼ ਕਰਦੀ ਹੈ।

---

1. ਵਿਸਥਾਰ ਲਈ ਵੇਖੋ:

Dr S. Sen, <u>Brajbuli Literature</u>.

ਭਾਸ਼ਾਈ ਉਦਾਰਤਾ ਦੇ ਨਾਲ ਨਾਲ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਪ੍ਰਾਚੀਨ ਭਾਸ਼ਾਈ ਪ੍ਰਵਿਰਤੀਆਂ ਵੀ ਵਿਦਮਾਨ ਹਨ। ਅਪਭ੍ਰੰਸ਼ ਰਾਹੀਂ ਪ੍ਰਾਪਤ ਵਿਆਪਕ ਸ਼ਬਦਾਵਲੀ ਅਤੇ ਅਪਭ੍ਰੰਸ਼ ਦੇ ਵਿਆਕਰਣਿਕ ਰੂਪਾਂ ਦੀ ਵਰਤੋਂ ਨਾਲ ਪ੍ਰਾਣ-ਸੰਗਲੀ ਦੀ ਭਾਸ਼ਾ ਜਿਥੇ ਪ੍ਰਾਚੀਨ ਭਾਸ਼ਾਈ ਪਰੰਪਰਾਵਾਂ ਨਾਲ ਜੁੜਦੀ ਹੈ, ਉਥੇ ਇਹ ਪ੍ਰਵਿਰਤੀ ਪ੍ਰਾਣ-ਸੰਗਲੀ ਨੂੰ ਪ੍ਰਾਚੀਨ ਅਤੇ ਪ੍ਰਮਾਣਿਕ ਰਚਨਾ ਹੋਣ ਦਾ ਵੀ ਆਭਾਸ ਦਿੰਦੀ ਹੈ।

ਭਾਸ਼ਾ ਦੇ ਪ੍ਰਾਚੀਨ ਵਿਆਕਰਣਿਕ ਪ੍ਰਯੋਗਾਂ ਦੇ ਨਾਲ ਪ੍ਰਾਣ-ਸੰਗਲੀ ਦੀ ਭਾਸ਼ਾ ਇਕ ਵੰਨ-ਸੁਵੰਨਾ ਰੂਪ ਧਾਰਨ ਕਰ ਲੈਂਦੀ ਹੈ। ਵਿਆਕਰਣਿਕ ਰੂਪ ਅਤੇ ਪ੍ਰਾਚੀਨ ਸ਼ਬਦਾਵਲੀ ਦੇ ਨਾਲ ਨਾਲ ਆਧੁਨਿਕ ਸ਼ਬਦਾਂ ਦੀ ਵਰਤੋਂ ਵੀ ਪ੍ਰਾਣ-ਸੰਗਲੀ ਦੀ ਭਾਸ਼ਾ ਨੂੰ ਇੰਦ੍ਰ ਧਨੁਸ਼ ਵਾਂਗ ਬਹੁ-ਰੰਗਾ ਵਾਤਾਵਰਣ ਪ੍ਰਦਾਨ ਕਰਦੀ ਹੈ। ਕਿਸੇ ਇਕ ਭਾਸ਼ਾ ਨਾਲ ਜੁੜੀ ਨਾ ਹੋਣ ਕਰਕੇ ਪ੍ਰਾਣ-ਸੰਗਲੀ ਦੀ ਭਾਸ਼ਾ ਆਪਣੇ ਆਪ ਵਿਚ ਇਕ ਭਾਸ਼ਾਈ ਚਮਤਕਾਰ ਪੇਸ਼ ਕਰਦੀ ਹੈ।

ਪ੍ਰਾਣ-ਸੰਗਲੀ ਦੀ ਇਸ ਬਹੁਰੰਗੀ ਭਾਸ਼ਾ ਵਿਚ ਵਿਆਕਰਣਿਕ ਨੇਮਾਂ ਦਾ ਪਾਲਣ ਪੂਰੀ ਤਰ੍ਹਾਂ ਨਹੀਂ ਕੀਤਾ ਜਾ ਸਕਿਆ ਕਿਉਂਕਿ ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਸਰੂਪ ਅਤੇ ਉਸਦੀ ਪ੍ਰਕ੍ਰਿਤੀ ਲੋਕ-ਭਾਸ਼ਾ ਵਾਲੀ ਹੈ। ਕਿਸੇ ਵੀ ਲੋਕ-ਭਾਸ਼ਾ ਵਿਚ ਵਿਆਕਰਣਿਕ ਨੇਮਾਂ ਦਾ ਪਾਲਣ ਪੂਰੀ ਤਰ੍ਹਾਂ ਨਹੀਂ ਹੁੰਦਾ। ਇਸ ਨੂੰ ਲੇਖਕ ਦੀ ਅਸਮਰਥਾ ਵੀ ਕਿਹਾ ਜਾ ਸਕਦਾ ਹੈ ਪਰ ਆਪਣੇ ਮੂਲ ਰੂਪ ਵਿਚ ਇਹ ਪ੍ਰਵਿਰਤੀ ਲੋਕ ਪ੍ਰਚਲਿਤ ਭਾਸ਼ਾ ਦੀ ਆਪਣੀ ਪ੍ਰਵਿਰਤੀ ਹੁੰਦੀ ਹੈ।

ਲੋਕ-ਭਾਸ਼ਾ ਦੀ ਪੂਰੀ ਬਣਤਰ ਦਾ ਉਦੇਸ਼ ਕੇਵਲ ਇਕ ਹੁੰਦਾ ਹੈ ਅਤੇ ਉਹ ਹੈ ਸਰਲਤਾ। ਪ੍ਰਾਚੀਨ ਭਾਸ਼ਾਵਾਂ ਜਿਥੇ ਅਨੇਕ ਨੇਮਾਂ ਅਤੇ ਹੋਰ ਭਾਸ਼ਾਈ ਮਰਯਾਦਾਵਾਂ ਵਿਚ ਜਕੜੀਆਂ ਹੁੰਦੀਆਂ ਹਨ ਉਥੇ ਲੋਕ-ਭਾਸ਼ਾਵਾਂ ਨੇਮਾਂ ਅਤੇ ਮਰਯਾਦਾਵਾਂ ਦੀ ਜਕੜ ਤੋਂ ਮੁਕਤ ਹੁੰਦੀਆਂ ਹਨ। ਪ੍ਰਾਣ-ਸੰਗਲੀ ਦੀ ਭਾਸ਼ਾ ਸਰਲਤਾ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਸ ਵਿਚ ਸਰਲ ਸ਼ਬਦਾਂ ਦੀ ਵਰਤੋਂ ਬਿਨਾਂ ਕਿਸੇ ਵਿਆਕਰਣਿਕ ਜਾਂ ਭਾਸ਼ਾਈ ਉਲਝਣ ਤੋਂ ਕੀਤੀ ਗਈ ਹੈ। ਇਸ ਦਾ ਉਦੇਸ਼ ਆਪਣੇ ਵਿਚਾਰਾਂ ਨੂੰ ਆਮ ਲੋਕਾਂ ਤਕ ਸਰਲਤਾ ਨਾਲ ਪਹੁੰਚਾਉਣਾ ਸੀ।

ਕਿਸੇ ਵੀ ਲੋਕ-ਪ੍ਰਿਯ ਭਾਸ਼ਾ ਲਈ ਉਸਦੀ ਸਰਲਤਾ ਅਤੇ ਭਾਸ਼ਾ ਸੰਬੰਧੀ ਉਸਦੀ ਉਦਾਰ ਨੀਤੀ ਇਕ ਲੋੜੀਂਦੀ ਸ਼ਰਤ ਹੈ। ਪ੍ਰਾਚੀਨ ਭਾਸ਼ਾਵਾਂ ਦੇ ਵਿਆਕਰਣਿਕ ਸ਼ਿਕੰਜੇ ਤੋਂ ਮੁਕਤ ਅਤੇ ਇਕ ਨਵੀਂ ਸੋਚ ਨੂੰ ਰੂਪਮਾਨ ਕਰਨ ਲਈ ਸਦਾ ਕਿਸੇ ਇਹੋ ਜਿਹੀ ਲੋਕਪ੍ਰਿਯ ਭਾਸ਼ਾ ਨੂੰ ਹੀ ਅਪਣਾਇਆ ਜਾਂਦਾ ਹੈ। ਪ੍ਰਾਣ-ਸੰਗਲੀ ਦਾ ਲੇਖਕ ਆਪਣੀ ਭਾਸ਼ਾ ਨੂੰ ਵੱਧ ਤੋਂ ਵੱਧ ਸਰਲ ਅਤੇ ਲੋਕਪ੍ਰਿਯ ਰੂਪ ਦਿੰਦਾ ਹੈ ਕਿਉਂਕਿ ਉਸ ਦਾ ਮੰਤਵ ਕੋਈ ਸ਼ਾਸਤ੍ਰੀ ਪੁਸਤਕ ਲਿਖਣਾ ਨਹੀਂ ਸੀ ਸਗੋਂ ਉਸਦਾ ਉਦੇਸ਼ ਲੋਕਾਂ ਨੂੰ ਅਧਿਆਤਮ ਵੱਲ ਲਾਉਣਾ ਸੀ।

ਜੇਕਰ ਭਾਸ਼ਾ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਜਾਂ ਸਾਹਿੱਤ ਸ਼ਾਸਤ੍ਰੀ ਦ੍ਰਿਸ਼ਟੀ ਤੋਂ ਪ੍ਰਾਣ-ਸੰਗਲੀ ਦੀ ਭਾਸ਼ਾ ਦਾ ਅਧਿਐਨ ਕੀਤਾ ਜਾਵੇ ਤਾਂ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਬਹੁਤ ਸਾਰੀਆਂ ਊਣਤਾਈਆਂ ਨਜ਼ਰੀਂ ਪੈਣਗੀਆਂ।

ਪਰ ਪ੍ਰਾਣ-ਸੰਗਲੀ ਦਾ ਉਦੇਸ਼ ਨਾ ਤੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਸ਼ੁੱਧ ਭਾਸ਼ਾ ਲਿਖਣਾ ਸੀ ਅਤੇ ਨਾ ਹੀ ਕਿਸੇ ਸਾਹਿੱਤ ਸ਼ਾਸਤ੍ਰ ਦੇ ਨਿਯਮਾਂ ਦਾ ਪਾਲਣ ਕਰਨਾ ਹੀ ਉਸਦਾ ਮੰਤਵ ਸੀ। ਉਸਦਾ ਮੂਲ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤ੍ਵ ਦੇ ਆਲੇ-ਦੁਆਲੇ ਇਕ ਨਵੀਂ ਪ੍ਰਕਾਸ਼ ਰੇਖਾ ਖਿੱਚਣਾ ਸੀ ਅਤੇ ਉਸ ਪ੍ਰਕਾਸ਼ ਰੇਖਾ ਤੋਂ ਆਪਣੇ ਪਾਠਕਾਂ ਨੂੰ ਜਾਣੂ ਕਰਾਉਣਾ ਸੀ। ਇਸ ਮਹਾਨ ਉਦੇਸ਼ ਦੀ ਪੂਰਤੀ ਲਈ ਉਸ ਨੇ ਜਿਹੜਾ ਭਾਸ਼ਾਈ ਮਾਧਿਅਮ ਅਪਣਾਇਆ ਉਸ ਦਾ ਮੁੱਲ ਸਾਹਿੱਤ ਅਤੇ ਸੰਸਕ੍ਰਿਤੀ ਦੋਹਾਂ ਦ੍ਰਿਸ਼ਟੀਆਂ ਤੋਂ ਬਹੁਤ ਅਧਿਕ ਹੈ।

## ਉਪਸੰਹਾਰ

## ਉਪਸੰਹਾਰ

ਪ੍ਰਸਤੁਤ ਸ਼ੋਧ-ਪ੍ਰਬੰਧ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਸ ਦੇ ਕੁਝ ਉਲੇਖਯੋਗ ਨਿਸ਼ਕਰਸ਼ਾਂ ਅਤੇ ਇਸ ਸ਼ੋਧ-ਪ੍ਰਬੰਧ ਦੀਆਂ ਕੁਝ ਉਪਲਬਧੀਆਂ ਨੂੰ ਉਪਸੰਹਾਰ ਦੇ ਰੂਪ ਵਿਚ ਇਸ ਤਰ੍ਹਾਂ ਪ੍ਰਸਤੁਤ ਕੀਤਾ ਜਾ ਸਕਦਾ ਹੈ:

1) 'ਪ੍ਰਾਣ-ਸੰਗਲੀ' ਇਕ ਵਿਵਾਦ-ਗ੍ਰਸਤ ਰਚਨਾ ਹੈ। ਇਸ ਬਾਰੇ ਕਿੰਨੇ ਹੀ ਵਿਵਾਦ ਵਿਦਮਾਨ ਹਨ। 'ਪ੍ਰਾਣ ਸੰਗਲੀ' ਬਾਰੇ ਬਹੁਤ ਭੁਲੇਖੇ ਵੀ ਪਏ ਹੋਏ ਹਨ। ਇਹਨਾਂ ਵਿਵਾਦਾਂ ਅਤੇ ਭੁਲੇਖਿਆਂ ਨੂੰ ਨਜਿੱਠਣ ਦੀ ਇਕ ਬਹੁਤ ਵੱਡੀ ਆਵੱਸ਼ਕਤਾ ਹੈ।

'ਪ੍ਰਾਣ-ਸੰਗਲੀ' ਬਾਰੇ ਮੁੱਖ ਵਿਵਾਦ ਇਸ ਦੇ ਰਚੇਤਾ ਅਤੇ ਉਸਦੇ ਇਤਿਹਾਸ ਦੁਆਰਾ ਪ੍ਰਬੁਟ ਜੀਵਨ-ਕਾਲ ਦੀ ਸਮਸਿਆ ਨਾਲ ਸੰਬੰਧਿਤ ਹੈ। ਇਸ ਮੁੱਖ ਵਿਵਾਦ ਤੋਂ ਇਲਾਵਾ 'ਪ੍ਰਾਣਸੰਗਲੀ' ਦਾ ਨਾਂ, ਇਸਦਾ ਰਚਨਾ-ਸਥਾਨ ਅਤੇ ਇਸ ਦੇ ਲਿਖਾਰੀਆਂ/ਉਤਾਰਾਕਾਰਾਂ (Scribe ) ਬਾਰੇ ਵੀ ਵਿਵਾਦ ਅਤੇ ਭੁਲੇਖੇ ਮੌਜੂਦ ਹਨ। ਇਹਨਾਂ ਵਿਵਾਦਾਂ ਅਤੇ ਭੁਲੇਖਿਆਂ ਦਾ ਮੁੱਖ ਕਾਰਣ ਇਹ ਹੈ ਕਿ 'ਪ੍ਰਾਣ-ਸੰਗਲੀ' ਦਾ ਕੋਈ ਸ਼ੁੱਧ ਅਤੇ ਪ੍ਰਾਚੀਨ ਹੱਥ-ਲਿਖਤ ਖਰੜਾ ਨਹੀਂ ਮਿਲਦਾ। ਇਸ ਦੇ ਅਭਾਵ ਵਿਚ ਨਾ ਤਾਂ 'ਪ੍ਰਾਣ-ਸੰਗਲੀ' ਦੇ ਪ੍ਰਮਾਣਿਕ ਪਾਠ ਦਾ ਨਿਰਣਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਦੇ ਅਧਿਆਵਾਂ ਦੀ ਪ੍ਰਮਾਣਿਕ ਗਿਣਤੀ ਤੇ ਪ੍ਰਮਾਣਿਕ ਵਿਸ਼ੇ-ਸੂਚੀ ਹੀ ਤਿਆਰ ਕੀਤੀ ਜਾ ਸਕਦੀ ਹੈ।

ਇੰਜ ਜਾਪਦਾ ਹੈ ਕਿ ਪ੍ਰਾਣ ਸੰਗਲੀ ਦੀ ਰਚਨਾ ਅਠਾਰ੍ਹਵੀਂ ਸਦੀ ਤੋਂ ਪੁਰਾਣੀ ਨਹੀਂ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਕਰਤ੍ਰਿਤ੍ਵ ਨਾਲ ਇਸ ਦਾ ਕੋਈ ਸੰਬੰਧ ਸਿੱਧ ਨਹੀਂ ਹੁੰਦਾ। ਇਸੇ ਤਰ੍ਹਾਂ ਇਸ ਦੇ ਰਚੇਤਾ ਦਾ ਪੂਰਾ ਅਤੇ ਪ੍ਰਮਾਣਿਕ ਵੇਰਵਾ ਤਾਂ ਕਿਤੇ ਨਹੀਂ ਮਿਲਦਾ, ਪਰ 'ਪ੍ਰਾਣ-ਸੰਗਲੀ' ਦੀ ਅੰਦ੍ਰਿਵੀ ਬਣਤਰ ਅਤੇ ਇਸਦੀ ਰਚਨਾ-ਸ਼ੈਲੀ ਮਿਹਰਬਾਨ ਦੀ ਸੰਪ੍ਰਦਾਇ ਦੀਆਂ ਰਚਨਾਵਾਂ ਨਾਲ ਵਧੇਰੇ ਮਿਲਦੀ ਹੈ। ਇਸ ਲਈ ਇਹ ਸੰਭਵ ਹੈ ਕਿ 'ਪ੍ਰਾਣ-ਸੰਗਲੀ' ਦਾ ਰਚੇਤਾ ਮਿਹਰਬਾਨ ਸੰਪ੍ਰਦਾਇ ਦਾ ਕੋਈ ਵਿਅਕਤੀ ਹੋਵੇ।

2) 'ਪ੍ਰਾਣ-ਸੰਗਲੀ' ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਇਕ ਬਹੁ-ਪੱਖੀ ਰਚਨਾ ਹੈ। ਆਪਣੀ ਇਸ ਰਚਨਾ ਨੂੰ 'ਪ੍ਰਾਣ-ਸੰਗਲੀ' ਦਾ ਲੇਖਕ 'ਬਾਣੀ' ਦਾ ਨਾਂ ਦਿੰਦਾ ਹੈ। ਇਸ ਬਾਣੀ ਨੂੰ ਉਸ ਨੇ ਇਹਨਾਂ ਮੁੱਖ ਵਰਗਾਂ ਵਿਚ ਵੰਡਿਆ ਹੈ:

ੳ) ਸੁਸੰਬਿਦ ਬਾਣੀ,
ਅ) ਕੁਹਜੀ ਬਾਣੀ,
ੲ) ਅਗੰਮ ਬਾਣੀ,
ਸ) ਅਚਰਜ ਬਾਣੀ।

'ਬਾਣੀ' ਸ਼ਬਦ ਦੀ ਵਰਤੋਂ 'ਪ੍ਰਾਣ-ਸੰਗਲੀ' ਵਿਚ ਅਨੇਕ ਰੂਪ ਵਿਚ ਹੋਈ ਹੈ ਕਿਉਂਕਿ ਇਸ ਦੇ ਨਾਲ ਪ੍ਰਾਣ-ਸੰਗਲੀ ਨੂੰ ਗੁਰਬਾਣੀ ਦੱਸਣ ਦਾ ਭੁਲੇਖਾ ਪੈ ਜਾਂਦਾ ਹੈ।

ਇਸ ਤੋਂ ਇਲਾਵਾ ਜੋਗਨ ਪੁਰਾਣ, ਬਿਹੰਗਮ ਬਾਣੀ, ਜੁਗਾਵਲੀ, ਗਿਆਨ ਸਰੋਦੈ ਆਦਿ ਸੁਤੰਤਰ ਰੂਪ ਵਿਚ ਉਪਲਬਧ ਰਚਨਾਵਾਂ ਵੀ ਪ੍ਰਾਣ-ਸੰਗਲੀ ਵਿਚ ਸੰਕਲਿਤ ਹਨ ਪਰ ਇਹਨਾਂ ਦਾ ਸੰਬੰਧ 'ਪ੍ਰਾਣ-ਸੰਗਲੀ' ਦੀ ਕੇਂਦਰੀ ਦ੍ਰਿਸ਼ਟੀ ਨਾਲ ਬਹੁਤਾ ਨਹੀਂ ਹੈ। 'ਪ੍ਰਾਣ-ਸੰਗਲੀ' ਵਿਚ ਕੁਝ ਹੋਰ ਰਚਨਾਵਾਂ ਵੀ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਅਤੇ ਸਿੱਖੀ ਰਹਿਤ ਮਰਯਾਦਾਵਾਂ ਦੇ ਪ੍ਰਤਿਕੂਲ ਹਨ ਜਿਵੇਂ ਤੰਤ੍ਰ-ਮੰਤ੍ਰ, ਭੂਤ-ਪ੍ਰੇਤ, ਰਸਾਇਣੀ ਤਰੀਕੇ ਅਤੇ ਆਯੁਰਵੇਦ ਦੇ ਅਨੇਕ ਨੁਸਖਿਆਂ ਸੰਬੰਧੀ ਰਚਨਾਵਾਂ। ਇਹ ਰਚਨਾਵਾਂ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਦਾ ਵਿਰੋਧ ਕਰਦੀਆਂ ਹਨ। ਇਸ ਤਰ੍ਹਾਂ ਪ੍ਰਾਣ-ਸੰਗਲੀ ਦੀ ਵਿਸ਼ੈ-ਵਸਤੂ ਦੇ ਜਿੱਥੇ ਕੁਝ ਅੰਸ਼ ਬਹੁਤ ਪ੍ਰਮਾਣਿਕ ਹਨ, ਉੱਥੇ ਇਸ ਦੇ ਕੁਝ ਅੰਸ਼ ਹਮੇਸ਼ਾ ਵਿਵਾਦ ਦਾ ਵਿਸ਼ਾ ਬਣੇ ਰਹਿਣਗੇ।

'ਪ੍ਰਾਣ-ਸੰਗਲੀ' ਭਾਰਤੀ ਅਧਿਆਤਮਕ ਦ੍ਰਿਸ਼ਟੀ ਦੀ ਕੇਵਲ ਵਿਆਖਿਆ ਹੀ ਪ੍ਰਸਤੁਤ ਨਹੀਂ ਕਰਦੀ ਸਗੋਂ ਇਸ ਵਿਚ ਅਧਿਆਤਮਕ ਦ੍ਰਿਸ਼ਟੀ ਨੂੰ ਸਾਧਨਾ ਦੇ ਵੀ ਬਹੁਤ ਸਾਰੇ ਸੰਦਰਭ ਦਿੱਤੇ ਗਏ ਹਨ। ਅਧਿਆਤਮਕ ਸਾਧਨਾ ਆਂ ਇਹਨਾਂ ਪੱਧਤੀਆਂ ਦਾ ਵਿਸਥਾਰ 'ਪ੍ਰਾਣ-ਸੰਗਲੀ' ਵਿਚ ਮਿਲਦਾ ਹੈ:

i) ਰਾਜ ਯੋਗ ਅਤੇ ਅਦ੍ਵੈਤ ਦ੍ਰਿਸ਼ਟੀ
ii) ਹਠ ਯੋਗ
iii) ਭਗਤੀ

'ਪ੍ਰਾਣ-ਸੰਗਲੀ' ਵਿਚ ਮਿਲਦੀ ਇਸ ਅਧਿਆਤਮਕ ਚਰਚਾ ਦਾ ਰੂਪ ਬਹੁਤਾ ਪ੍ਰਮਾਣਿਕ ਤਾਂ ਨਹੀਂ, ਪਰ ਇਸ ਵਿਸ਼ੇ ਉੱਤੇ ਪੰਜਾਬ ਦੀ ਸਭ ਤੋਂ ਪ੍ਰਾਚੀਨ ਅਤੇ ਇਕੋ ਇਕ ਰਚਨਾ ਹੋਣ ਦਾ ਗੌਰਵ ਪ੍ਰਾਣ-ਸੰਗਲੀ ਨੂੰ ਹੀ ਪ੍ਰਾਪਤ ਹੈ।

ਰਾਜ ਯੋਗ ਦੇ ਵੱਖ ਵੱਖ ਅੰਗਾਂ ਦਾ ਵੇਰਵਾ ਪ੍ਰਾਣ-ਸੰਗਲੀ ਵਿਚ ਮਿਲਦਾ ਹੈ। ਇਸ ਦੇ ਨਾਲ ਨਾਲ ਹਠ ਯੋਗ ਦੀ ਨਾੜੀ-ਚਕ੍ਰ-ਕਮਲ ਸਾਧਨਾ, ਆਸਣਾਂ, ਕੁੰਡਲਿਨੀ ਸ਼ਕਤੀ, ਦਸ਼ਮ ਦੁਆਰ ਅਤੇ ਸੁੰਨ ਸਮਾਧਿ ਦਾ ਵੀ ਵਿਸਥਾਰ ਨਾਲ ਵਰਣਨ ਹੋਇਆ ਹੈ। ਭਗਤੀ ਦੇ ਕਿੰਨੇ ਹੀ ਪ੍ਰਕਾਰ ਜਿਵੇਂ ਨਿਰਜੋਗ ਭਗਤੀ ਅਤੇ ਪ੍ਰੇਮਾ ਭਗਤੀ ਆਦਿ ਸਾਰੇ ਵੀ ਪ੍ਰਾਣ-ਸੰਗਲੀ ਦਾ ਲੇਖਕ ਵਿਸਤ੍ਰਿਤ ਰੂਪ ਵਿਚ ਵਿਚਾਰ ਕਰਦਾ ਹੈ। ਅਧਿਆਤਮਕ ਸਾਧਨਾ ਦਾ ਮੂਲ ਤੱਤ ਅਰਥਾਤ ਵੈਰਾਗ ਅਤੇ ਅਦ੍ਵੈਤ ਦ੍ਰਿਸ਼ਟੀ ਦਾ ਵੀ ਵਰਣਨ ਪ੍ਰਾਣ-ਸੰਗਲੀ ਵਿਚ ਹੋਇਆ ਹੈ।

4) ਪ੍ਰਾਣ-ਸੰਗਲੀ ਨੂੰ ਵਿਸ਼ੁੱਧ-ਕਾਵਿ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਸ ਵਿਚ ਸਮਕਾਲੀਨ ਪੰਜਾਬੀ ਸਾਹਿੱਤ ਦੇ ਲਗਭਗ ਸਾਰੇ ਕਾਵਿ ਰੂਪਾਂ ਦੀ ਵਰਤੋਂ ਹੋਈ ਹੈ। ਇਹਨਾਂ ਕਾਵਿ-ਰੂਪਾਂ ਵਿਚੋਂ ਮੁੱਖ ਇਹ ਹਨ:

i) ਗੋਸ਼ਟਿ,
ii) ਓਅੰਕਾਰ,
iii) ਬਾਵਨ ਅੱਖਰੀ,

iv) ਬਾਰਾਂ ਮਾਹ,

v) ਸਹੰਸਰਨਾਮਾ,

vi) ਵਾਰ,

vii) ਮਾਝਾਂ,

viii) ਰਹਿਰਾਸ ਅਤੇ

ix) ਆਰਤੀ।

ਇਹਨਾਂ ਕਾਵਿ-ਰੂਪਾਂ ਨੂੰ ਮੁੱਖ ਰਖਕੇ ਇਹ ਕਿਹਾ ਜਾ ਸਕਦਾ ਹੈ ਕਿ 'ਪ੍ਰਾਣ-ਸੰਗਲੀ' ਦੇ ਲੇਖਕ ਨੇ ਆਪਣੀ ਰਚਨਾ ਨੂੰ ਕਾਵਿ ਦੇ ਪੱਧਰ ਉਤੇ ਵੀ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ, ਪਰ ਇਹ ਯਤਨ ਬਹੁਤਾ ਸਫਲ ਨਹੀਂ ਕਿਹਾ ਜਾ ਸਕਦਾ।

5) 'ਪ੍ਰਾਣ-ਸੰਗਲੀ' ਦਾ ਸੰਬੰਧ ਮੁੱਖ ਰੂਪ ਵਿਚ ਨਾ ਤਾਂ 'ਕਾਵਿ' ਨਾਲ ਹੈ ਅਤੇ ਨਾ ਹੀ 'ਕਲਾ' ਨਾਲ। 'ਪ੍ਰਾਣ-ਸੰਗਲੀ' ਵਿਚ ਵਿਸ਼ੈ-ਵਸਤੂ ਨੂੰ ਸਰਲ ਅਤੇ ਸੁਖਾਵੀਂ ਬਣਾਉਣ ਲਈ ਕਾਵਿ-ਕਲਾ ਦੇ ਇਹਨਾਂ ਤੱਤਾਂ-ਛੰਦ, ਸੰਗੀਤ ਅਲੰਕਾਰ, ਰਸ ਆਦਿ ਦੀ ਵਰਤੋਂ ਸਹਿਜ ਸੁਭਾ ਹੋਈ ਹੈ। ਪਰ ਕਾਵਿ-ਕਲਾ ਦੇ ਇਹਨਾਂ ਮੁੱਢਲੇ ਤੱਤਾਂ ਨਾਲ 'ਪ੍ਰਾਣ-ਸੰਗਲੀ' ਦੇ ਲੇਖਕ ਦਾ ਡੂੰਘਾ ਪਰਿਚਯ ਨਹੀਂ ਜਾਪਦਾ। ਇਸ ਕਰਕੇ 'ਪ੍ਰਾਣ-ਸੰਗਲੀ' ਦੇ ਛੰਦ-ਵਿਧਾਨ ਵਿਚ ਛੰਦ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਬਹੁਤ ਤਰੁਟੀਆਂ ਵਿਦਮਾਨ ਹਨ। ਇਸੇ ਤਰ੍ਹਾਂ ਅਲੰਕਾਰ-ਯੋਜਨਾ ਵੀ ਨਾ ਤਾਂ ਬਹੁਤ ਵਿਆਪਕ ਹੈ ਅਤੇ ਨਾ ਹੀ ਬਹੁਤ ਮਾਰਮਿਕ। ਰਸ, ਬਿੰਬ, ਪ੍ਰਤੀਕ ਅਤੇ ਸੰਗੀਤ ਦੀ ਦ੍ਰਿਸ਼ਟੀ ਤੋਂ ਵੀ 'ਪ੍ਰਾਣ-ਸੰਗਲੀ' ਦੀ ਕਵਿਤਾ ਨੂੰ ਬਹੁਤ ਮਹੱਤਵਪੂਰਨ ਨਹੀਂ ਮੰਨਿਆ ਜਾ ਸਕਦਾ। ਇਸ ਦਾ ਕਾਰਨ ਇਹ ਹੈ ਕਿ 'ਪ੍ਰਾਣ-ਸੰਗਲੀ' ਨਾ ਤਾਂ ਸ਼ੁਧ-ਕਾਵਿ ਦੇ ਰੂਪ ਵਿਚ ਲਿਖੀ ਗਈ ਹੈ ਅਤੇ ਨਾ ਹੀ ਇਸ ਦਾ ਮੰਤਵ ਕਾਵਿ ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਸ਼ੁੱਧ-ਕਾਵਿ ਦੀ ਸਿਰਜਣਾ ਕਰਨਾ ਹੀ ਸੀ।

6) 'ਪ੍ਰਾਣ-ਸੰਗਲੀ' ਭਾਸ਼ਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਵਿਚ ਇਕ ਪ੍ਰਾਚੀਨ ਪਰੰਪਰਾ ਦੀ ਰਚਨਾ ਸਿੱਧ ਹੁੰਦੀ ਹੈ। ਇਸ ਵਿਚ ਵਰਤੀ ਗਈ ਭਾਸ਼ਾ ਦਾ ਮੁੱਢਲਾ ਢਾਂਚਾ ਪੁਰਾਤਨ ਪੰਜਾਬੀ ਦਾ ਹੈ। ਇਸ ਪੁਰਾਤਨ ਪੰਜਾਬੀ ਵਿਚ ਪੰਜਾਬ ਤੋਂ ਬਾਹਰਲੀਆਂ ਭਾਸ਼ਾਵਾਂ ਜਿਵੇਂ ਖੜੀ ਬੋਲੀ, ਬ੍ਰਜ ਭਾਸ਼ਾ ਅਤੇ ਮਰਾਠੀ ਆਦਿ ਨਾਲ ਨੇੜਤਾ ਵਿਖਾਈ ਦਿੰਦੀ ਹੈ। ਪੰਜਾਬ ਦੀਆਂ ਉਪ-ਭਾਸ਼ਾਵਾਂ ਦਾ ਵੀ ਡੂੰਘਾ ਪ੍ਰਭਾਵ ਪ੍ਰਾਣ-ਸੰਗਲੀ ਦੀ ਭਾਸ਼ਾ ਵਿਚ ਮਿਲਦਾ ਹੈ। ਖ਼ਾਸ ਕਰਕੇ ਲਹਿੰਦੀ ਦਾ। ਸ਼ਬਦ-ਭੰਡਾਰ ਦੀ ਦ੍ਰਿਸ਼ਟੀ ਤੋਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਦੀ ਪਰੰਪਰਾ ਤੋਂ ਪ੍ਰਾਪਤ ਬਹੁਤ ਸਾਰੇ ਸ਼ਬਦ 'ਪ੍ਰਾਣ-ਸੰਗਲੀ' ਵਿਚ ਉਪਲਬਧ ਹਨ। ਇਸੇ ਤਰ੍ਹਾਂ ਅਰਬੀ, ਫ਼ਾਰਸੀ ਦੇ ਤਤਸਮ ਅਤੇ ਤਦਭਵ ਸ਼ਬਦ ਵੀ 'ਪ੍ਰਾਣ-ਸੰਗਲੀ ਦੇ ਲੇਖਕ ਨੇ ਵਰਤੇ ਹਨ।

ਵਿਆਕਰਣ ਦੀ ਦ੍ਰਿਸ਼ਟੀ ਤੋਂ 'ਪ੍ਰਾਣ-ਸੰਗਲੀ' ਦੀ ਭਾਸ਼ਾ ਬਹੁਤੀ ਸ਼ੁੱਧ ਨਹੀਂ ਕਹੀ ਜਾ ਸਕਦੀ ਕਿਉਂਕਿ 'ਪ੍ਰਾਣ-ਸੰਗਲੀ' ਦੇ ਰਚਨਾ-ਕਾਲ ਵੇਲੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਪੂਰਨ ਸ਼ੁੱਧ ਭਾਸ਼ਾ ਦੀ ਹੋਂਦ ਹੀ ਨਹੀਂ ਸੀ।

'ਪ੍ਰਾਣ-ਸੰਗਲੀ' ਦੀ ਭਾਸ਼ਾ ਗੁਰੂ ਨਾਨਕ ਦੀ ਭਾਸ਼ਾ ਵਾਂਗ ਅਤੇ 'ਆਦਿ ਗ੍ਰੰਥ' ਦੀ ਭਾਸ਼ਾ ਸ਼ੈਲੀ ਦੇ ਅਨੁਰੂਪ ਇਕ ਇਹੋ ਜਿਹੀ ਭਾਸ਼ਾ ਹੈ ਜਿਸ ਨੂੰ ਉੱਤਰੀ ਭਾਰਤ ਵਿਚ ਪਿਛਲੀਆਂ ਚਾਰ ਪੰਜ ਸਦੀਆਂ ਤਕ ਸੰਤ ਸਾਹਿੱਤ ਦੀ ਭਾਸ਼ਾ ਹੋਣ ਦਾ ਗੌਰਵ ਪ੍ਰਾਪਤ ਹੈ। ਇਸ ਭਾਸ਼ਾ ਵਿਚ ਭਾਸ਼ਾਈ ਮੀਨਾਕਾਰੀ ਤਾਂ ਨਹੀਂ ਹੈ ਪਰ ਇਸ ਵਿਚ ਭਾਸ਼ਾ ਦਾ ਮੁੱਖ ਗੁਣ (ਅਰਥਾਤ ਵਿਚਾਰਾਂ ਨੂੰ ਹੋਰਨਾਂ ਤਕ ਪਹੁੰਚਾਣ ਦੀ ਸ਼ਕਤੀ) ਪੂਰੀ ਤਰ੍ਹਾਂ ਵਿਦਮਾਨ ਹੈ।

ਭਾਸ਼ਾ ਨੂੰ ਕਿਸੇ ਵੀ ਰਚਨਾ ਦੀ ਪਹਿਲੀ ਅਤੇ ਇਕੋ ਇਕ ਕਸਵੱਟੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਭਾਸ਼ਾ ਦੀ ਥਾਂ ਵਿਚਾਰ ਜਾਂ ਭਾਵ ਵਧੇਰੇ ਮਹੱਤਵਪੂਰਣ ਹੁੰਦੇ ਹਨ। ਜੇ ਕਰ ਭਾਵ ਅਤੇ ਵਿਚਾਰ ਮਹਤਵਪੂਰਣ ਹੋਣ ਤਾਂ ਭਾਸ਼ਾ ਜਾਂ ਅਭਿਵਿਅਕਤੀ ਦੀਆਂ ਤਰੁਟੀਆਂ ਆਲੋਚਕ ਨੂੰ ਅੱਖੋਂ ਪਰੋਖੇ ਕਰਨੀਆਂ ਪੈਣਗੀਆਂ ਅਤੇ ਪਾਠਕ ਨੂੰ ਵੀ ਇਹ ਬੇਸੁਆਦਾ ਘੁਟ ਭਰਨਾ ਪਵੇਗਾ।

ਸਮੁੱਚੇ ਤੌਰ ਤੇ 'ਪ੍ਰਾਣ-ਸੰਗਲੀ' ਪੰਜਾਬੀ ਦੇ ਮੱਧਕਾਲੀਨ ਸਾਹਿੱਤ ਦੀ ਇਕ ਮਹੱਤਵਪੂਰਣ ਸੰਕਲਨਾਤਮਕ ਰਚਨਾ ਹੈ ਜਿਸ ਵਿਚ ਜੋਗ ਸਾਧਨਾ ਤੋਂ ਛੁਟ ਕਈ ਹੋਰ ਉਪਯੋਗੀ ਵਿਸ਼ਿਆਂ ਨੂੰ ਜਨ-ਕਲਿਆਣ ਲਈ ਇਕੱਠਾ ਕਰਕੇ ਜੀਵਨ ਅਤੇ ਅਧਿਆਤਮਕਤਾ ਦਾ ਮੇਲ ਸਥਾਪਿਤ ਕੀਤਾ ਗਿਆ ਹੈ ਅਤੇ ਪੰਜਾਬੀ ਵਿਚ ਜੋਗ ਸਾਧਨਾਂ ਅਤੇ ਉਪਯੋਗੀ ਗਿਆਨ ਦੀਆਂ ਹੋਰ ਅਨੇਕ ਗੱਲਾਂ ਨੂੰ ਸਮੋਇਆ ਗਿਆ ਹੈ।

# ਅੰਤਕਾ

# ਅੰਤਿਕਾ

## ਅੰਤਿਕਾ 1 : ਪ੍ਰਾਣ-ਸੰਗਲੀ ਦਾ ਵਿਸ਼ੈ-ਵਸਤੂ

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 1. | ਸੁੰਨ ਮਹਲ ਕੀ ਕਥਾ, ਨਿਰੰਕਾਰ ਕਾ ਧਿਆਨ ਅਧਿਆਇ ਪਹਿਲਾ ਉਨਮਨਿ ਕਾ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਥ ਸੁੰਨ ਮਹਲ ਨਿਰੰਕਾਰ ਕਾ ਧਿਆਨ ਨਾਮ ਪ੍ਰਥਮੋ ਅਧਿਆਇ ॥ 1 ॥ | 1-7 |
| 2. | ਅਧਿਆਇ ਪਰਮਤੱਤ ਕਾ | ਇਤਿ ਸ੍ਰੀ ਪ੍ਰਾਣ ਸੰਗਲੀ ਕਮਲ ਭੇਦ ਪ੍ਰਕਾਸ਼ ਪਰਮਤਤ ਪ੍ਰਵੇਸ਼ ਵਰਣਨ ਨਾਮ ਦੂਸਰਾ ਅਧਿਆਇ ਸੰਪੂਰਣਮ ॥ 2 ॥ | 7-16 |
| 3. | ਪ੍ਰਾਣਪਿੰਡ ਕੀ ਮਿਹਨਤ – ਕਲਬੂਤ ਕੀ ਮਿਹਨਤ – ਪ੍ਰਾਣਪਿੰਡ ਕੀ ਉਤਪਤੀ ਸੁੰਨ ਤੇ ਹੋਈ – ਨਿਰੰਕਾਰ ਕਾ ਪੂਛਣਾ, ਚਹੁ ਜੁਗਤੀ ਕਾ ਭੇਦ – ਓਅੰਕਾਰ ਕਾ ਧਿਆਨ॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਥ ਪ੍ਰਾਣਪਿੰਡ ਕਲਬੂਤ ਮਿਹਨਤ, ਚਾਰ ਜੁਗਤੀ ਭੇਦ ਆਦਿ ਵਰਣਨ ਨਾਮ ਤੀਸਰੋ ਅਧਿਆਉ ॥ 3 ॥ | 16-27 |
| 4. | ਧਿਆਇ ਹਾਟ ਕਾ | ਇਤਿ ਸ੍ਰੀ ਪ੍ਰਾਣ ਸੰਗਲੀ ਗੁਰੂ ਕ੍ਰਿਥ ਅਨਾਹਦ ਹਾਟ ਵਰਣਣ ਨਾਮ ਚਤੁਰਥੋ ਅਧਿਆਇ ॥ 4 ॥ | 28-45 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 5. | ਅਥ ਪ੍ਰਾਣ-ਸੰਗਲੀ ਕਾ ਧਿਆਉ – ਨੌ ਨਾੜੀ, ਦਸ ਦੁਆਰ, ਚਾਰ ਜੁਗਤੀ, ਚਾਰ ਸਮਾਧੀ, ਚਾਰ ਬਾਣੀਆਂ ਕਾ – ਗੁਰਜੀ ਬਾਣੀ ਸ੍ਰੀ ਬਾਬੇ ਜੀ ਦੀ – ਸਰੀਰ ਕਾ ਬੰਧੇਜ ਪੰਜਵਾਂ ਧਿਆਉ | ਇਤਿ ਸ੍ਰੀ ਪ੍ਰਾਣ ਸੰਗਲੀ ਪੰਜਵਾਂ ਅਧਿਆਉ ਨਾੜੀ ਆਦਿ ਕਾ ਸੰਪੂਰਣ ਹੂਆ ॥5॥ | 45-77 |
| 6. | ਅਬ ਪ੍ਰਾਣ ਸੰਗਲੀ ਕਾ ਛੇਵਾਂ ਧਿਆਓ ਮੁਸੰਬਿਦ ਸ੍ਰੀ ਬਾਬੇ ਜੀ ਦਾ ਬੋਲਣਾ ਦਿਤਆਦਿ ਅਗਮ ਬਾਣੀ ਬੋਲ ਉਠਿਆ। | ਇਤਿ ਸ੍ਰੀ ਗੁਰੂ ਕੂੰਥੇ ਸ੍ਰੀ ਪ੍ਰਾਣ ਸੰਗਲੀ ਛਟਮੋ ਧਿਆਇ ਸੰਪੂਰਣ॥ 6॥ | 78-100 |
| 7. | ਜਾਂ ਛੇਵਾਂ ਧਿਆਉ ਸ੍ਰੀ ਬਾਬਾ ਜੀ ਰਾਜੇ ਸ਼ਿਵਨਾਭ ਨੂੰ ਉਪਦੇਸ਼ ਕਰਦਾ ਸੀ। ਤਾਂ ਗੋਰਖ ਨਾਥ ਜੀ ਤਥਾ ਭਰਥਰੀ ਨਾਥ ਸਿਧ ਮੰਡਲੀ ਨਾਲ ਆਏ ਪਹੁੰਚਿਆ, ਆਦੇਸ਼ ਆਦੇਸ਼ ਕੀਤਾ। ਤਾਂ ਬਾਬੇ ਭੀ ਆਦਿ ਪੁਰਖ ਕੋ ਆਦੇਸ਼ ਕੀਤਾ ... ਰਾਜੇ ਵਲ ਤੇ ਨਾਥ ਜੀ ਵਲ ਦੇਖ ਕਰ ਸਤਵਾਂ ਧਿਆਉ ਅਗੰਮ ਬਾਣੀ ਸੁਸੰਬਦੋ ਬੋਲਿਆ: ਗੋਸ਼ਟ ਸਿਧਾਂ ਨਾਲ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕੂੰਥੇ ਮਾਰਗ ਬ੍ਰਿਤਾਂਤ ਪ੍ਰਕਾਸ਼ ਸਿਧ ਗੋਸ਼ਟਿ ਵਰਣਨ ਸਪਤਮੋ ਧਿਆਉ ਸਮਾਪਤ॥7॥ | 100-175 |
| 8. | ਜਾਂ ਏਹੁ ਸਤਮਾਂ (ਸਪਤਮ) ਧਿਆਉ ਪ੍ਰਾਣ ਸੰਗਲੀ ਕਾ ਸਾਬੇ ਸੁਣਾਯਾ – ਤਾਂ ਗੋਰਖ ਨਾਥ ਜੀ ਤੇ ਭਰਥਰੀ ਨਾਥ ਬਹੁਤ ਬਿਸਮੇ ਕ੍ਰਿਤਕ ਕ੍ਰਿਤਕ ਹੋਏ... ਜਾਂ ਸਿਧਾਂ ਬਹੁਤ ਬੇਨਤੀ ਕੀਤੀ ਤਾਂ ਸ੍ਰੀ ਬਾਬਾ ਜੀ ਬਹੁਤ ਪਰਸੰਨ ਹੋ ਕਰਿ ਮੁਸੰਬਿਦ ਰੰਗਮਾਲਾ ਜੋਗ ਨਿਧਿ ਅਠਵਾਂ ਧਿਆਉ ਅਗਮ ਬਾਣੀ ਬੋਲ ਉਠਿਆ – | ਇਤਿ ਸ੍ਰੀ ਪ੍ਰਾਣ ਸੰਗਲੀ ਰੰਗਮਾਲਾ ਜੋਗ ਨਿਧਿ ਨਾਮ ਅਸ਼ਟਮੋ ਅਧਿਆਇ॥8॥ | 176-188 |
| 9. | ਜਾਂ ਅਠਵਾਂ ਧਿਆਓ ਬਾਬੇ ਸੁਣਾਇਆ, ਤਾਂ ਗੁਪਤ ਸਿਧ ਆਕਾਸ ਚਾਰੀਆਂ ਦਾ ਸਮੂਹ ਆਇ ਨਿਕਲਿਆ; ਆਦੇਸ ਆਦੇਸ ਕਰਕੇ ਬੈਠ ਗਏ... ਜਾਂ ਸਿਧਾਂ ਬਹੁਤ ਬੇਨਤੀ ਕੀਤੀ ਤਾਂ ਬਾਬਾ ਜੀ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗਰੰਥਿ ਆਤਮ ਪ੍ਰਬੋਧ ਬਾਣੀ ਮੁਸੰਬਿਦ ਓਅੰਕਾਰ ਵਰਣਨ ਨਾਮ ਨਵਮੋ ਅਧਿਆਇ॥9॥ | 189-207 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| | ਪ੍ਰਸੰਨ ਹੋਈ ਤਬ "ਆਤਮ ਪ੍ਰਬੋਧ ਬਾਣੀ" ਸੁਸਿਥਿਰ ਉਚਾਰ ਬੋਲ ਉਠਿਆ॥ ਧਿਆਉ ਨੌਵਾਂ॥ | | |
| 10. | ਜਾਂ ਨਾਵਾਂ ਧਿਆਇ ਬਚਾ ਉਚਾਰ, ਸਿਧਾਂ ਨੂੰ ਸੁਣਾਯਾ; ਤਾਂ ਤ੍ਰਿਪਤ ਸਿਧ ਗੋਸ਼ਟ ਪ੍ਰਸੰਨ ਹੋਏ .... ਧਿਆਉ ਦਸਵਾਂ ਸੁਸਿਥਿਰ ਅਗੰਮ ਬਾਣੀ (ਵਾਹ ਵਾਹ ਗੁਹਜੀ ਬਾਣੀ) ਨਿਰਬਾਣ ਕਾ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਸਚਸਬਦ ਵਾਹ ਵਾਹ ਗੁਹਜੀ ਬਾਣੀ ਦਸਮੋ ਧਿਆਉ॥ 10॥ | 208-215 |
| 11. | ਜਾਂ ਸ੍ਰੀ ਗੁਰੂ ਦਸਵਾਂ ਧਿਆਉ ਵਾਹ ਵਾਹ ਕਾ ਪਰਮ ਮਾਰਗ ਵਿਸਥਾਰ ਕਾ ਸੁਣਾਯਾ, ਤਾਂ ਸਿਧਾਂ ਆਖਿਆ ਹੇ ਗੁਰੂ ਜੀ! ਤੇਰੀ ਬਾਣੀ ਤੋਂ ਬਲਿਹਾਰ ਜਾਈਏ ਜੀ... ਜਾਂ ਸਿਧਾਂ ਪ੍ਰਸ਼ਨ ਪੁੱਛਿਆ ਤਾਂ ਸ੍ਰੀ ਬਾਬਾ ਜੀ ਗੁਹਜ ਬਾਣੀ ਅਗਮ ਮਹਲ ਕੀ ਕਥਾ "ਧਿਆਉ ਗਿਆਰਵਾਂ, ਪ੍ਰਾਣ ਸੰਗਲੀ ਜੀ ਕਾ" ਉਦਾਸ ਕਰਮ ਜੋਗ ਵੈਰਾਗ ਜੁਗਤ ਜਤਨ ਬਿਸਮਯ ਬਾਣੀ ਬੋਲ ਉਠਿਆ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਉਦਾਸ ਜੋਗ ਵੈਰਾਗ ਕਰਮ ਜੁਗਤੀਜਤਨ ਵਰਣਨ ਨਾਮ ਗਿਆਰਵਾਂ ਧਿਆਇ॥ 11॥ | 217-236 |
| 12. | ਸ੍ਰੀ ਬਾਬੇ ਜਦ ਇਹ ਧਿਆਉ ਗਿਆਰਵਾਂ ਉਪਦੇਸ਼ ਕੀਤਾ। ਤਾਂ ਮੁਕਤ ਰੂਪ ਜੋ ਹੈ, ਜੈਸਾ ਰਾਜਾ ਸ੍ਰਿਵਨਾਭ, ਸੋ ਸੁਣਿ ਮਗਨ ਮਨ ਪਵਨਾ ਇਸਥਿਤ ਭਏ... ਤਾਂ ਫੇਰ ਬਾਰਵਾਂ ਧਿਆਉ ਸੁਣ ਕਰ ਰਾਜਮੰਦਰ ਮੇਂ ਰਾਜ ਸਿੰਘਾਸਨ ਪਰ ਬੈਠੇ ਹੁਏ ਸ੍ਰੀ ਬਾਬਾ ਜੀ ਕੇ ਸਨਮੁਖ ਸ੍ਰੀ ਗੋਰਖਨਾਥ ਜੀ ਬੋਲੇ॥ ਅਧਿਆਇ ਬਾਰਵਾਂ॥ 12॥ 'ਅਗਮ ਨਿਗਮ ਸੁਸਥਿਰ ਅਗਮ ਬਾਣੀ ਬੋਲੇ। ਜੋਗ ਵੈਰਾਗ ਸੰਰਬੰਧ ਕੀ ਜੁਗਤ ਬਾਣੀ ਉਪਮਾ ਸਚਦਾਨੰਦ ਕੀ' | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਸੰਰਬੰਧ ਪ੍ਰਤਾਪ ਵਰਨਨੰ ਨਾਮ ਦ੍ਵਾਦਸਮੋ ਧਿਆਉ ਸੰਪੂਰਣ॥ 12॥ | 237-243 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 13. | ਗੋਸਟ ਸ੍ਰੀ ਰਾਮਾਨੰਦ ਜੀ ਨਾਲ ਹੋਈ॥ ਪ੍ਰਸ਼ਨੋਤਰ ਮਾਲਾ ਮਹਲਾ ੧॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕੀਜੈ ਮਾਰਗ ਬ੍ਰਿਤਾਂਤ ਪ੍ਰਕਾਸ਼ ਪ੍ਰਸ਼ਨੋਤਰ ਮਾਲਾ ਬਰਨਨੋ ਨਾਮ ਤੇਰਮੋ ਧਿਆਉ ਸਪੂਰਣੰ॥13॥ | 243-254 |
| 14. | ਸ੍ਰੀ ਬਾਬੇਜਦ ਤੇਹਰਵਾਂ ਧਿਆਉ ਸੁਣਾਯਾ ਤਾਂ.. ਧਿਆਉ ਚੌਦਵਾਂ ਸੁੰਨ – ਤੇ – ਉਤਪਤੀ ਕੀਤੀ – ਵਿਸਮਾਦ ਬਾਣੀ ਪ੍ਰਗਟ ਕੀਤੀਅਸ, ਸੁਸੰਬਦ ਬੇਨਤਾ ਸ੍ਰੀ ਬਾਬੇ ਜੀ ਕਾ। ਉਨਮੁਨ ਸੁੰਨ ਪ੍ਰਾਨ ਪਿੰਡ ਕਾ ਬੰਧੇਜ ਭੁਹਜੀ ਬਾਣੀ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕੀਜੇ ਉਨਮੁਨ ਸੁੰਨ ਪ੍ਰਾਣ ਪਿੰਡ ਬੰਧੇਜ ਨਾਮ ਚੌਧਮੋ ਧਿਆਉ॥14॥ | 256-272 |
| 15. | ਸ੍ਰੀ ਬਾਬੇ ਜਦ ਚੌਧਵਾਂ ਧਿਆਉ ਸੁਣਾਇਆ ਤਾਂ ਰਾਜਾ ਅਤੇ ਨਗ੍ਰ ਜੀ ਸੰਸੇ ਪ੍ਰਸੰਨ ਹੋਏ, ਜੋ ਕਹਿਣੇ ਵਿਚ ਨਹੀ ਆਂਵਦਾ ... ਜਾਂ ਰਾਜੇ ਜੀ ਬਹੁਤ ਬੇਨਤੀ ਕੀਤੀ ਤਾਂ ਸ੍ਰੀ ਗੁਰੂ ਜੀ ਪ੍ਰਸੰਨ ਹੋਏ ਕੇ ਪੰਦਰਵਾਂ ਧਿਆਉ ਪ੍ਰਾਣ ਸੰਗਲੀ ਜੀ ਕਾ ਸੁਣਾਵਨੇ ਲਗੇ। ਸੁਸੰਬਦ ਅਗਮਬਾਣੀ ਪਰਮ ਜੋਤ ਕਾ ਧਿਆਉ ਚਲਿਆ। ੧ਓ ਸ੍ਰੀ ਸਤਿਗੁਰ ਨਾਨਕ ਨਿਰਬਾਣ ਪ੍ਰਸਾਦਿ। | ਇਤਿ ਸ੍ਰੀ ਪ੍ਰਾਣ ਸੰਗਲੀ ਗੁਰ ਕੀਥੇ ਪੰਚਦਸਮੋ ਧਿਆਉ ਸੰਪੂਰਣ॥ 15॥ | 272-284 |
| 16. | ਸ੍ਰੀ ਬਾਬੇ ਜੀ ਜਾਂ ਪੰਦਰਵਾਂ ਧਿਆਉ ਸੁਣਾਇਆ ਤਾਂ ਰਾਜੇ ਬ੍ਰਿਵਨਾਭ ਬੇਨਤੀ ਕੀਤੀ... ਜਾਂ ਰਾਜੇ ਪ੍ਰਸ਼ਨ ਕੀਰਆ ਤਾਂ ਸਦਾ ਦਿਆਲ ਪੁਰਖ ਗੁਰ ਪ੍ਰਮੇਸੁਵਰ ਜੀ ਪਰਮਤਤਵ ਕਾ ਧਿਆਨ ਬੋਲੇ – ਕਾਲ ਖਨ ਨਿਰਜੋਗ ਭਗਤੀ। | ਇਤਿ ਸ੍ਰੀ ਪ੍ਰਾਣ ਸੰਗਲੀ ਸੁਸੰਬਦ ਪਰਮ ਤਤਵ ਸ੍ਰੀ ਕੀਜੇ ਧਧਾਨ ਵਰਨਨੋ ਨਾਮ ਖੋੜਸਮੋ ਧਿਆਉ ਸੰਪੂਰਣ॥16॥ | 284-297 |
| 17. | ... ਜਾਂ ਰਾਜੇ ਬੇਨਤੀ ਕੀਤੀ, ਤਾਂ ਸ੍ਰੀ ਭਗਵਾਨ ਨਾਨਕ ਨਿਰੰਕਾਰ ਭਗਤਬਤਸਲ ਕ੍ਰਿਪਾ ਨਿਧਾਨ ਜੀ ਜੀ ਸਤਾਹਰਵਾਂ ਧਿਆਉ ਪ੍ਰਾਣ ਸੰਗਲੀ ਜੀ ਕਾ ਬੋਲਤੇ ਭਯੇ। ਕਲਾਵਤੀ ਬਾਣੀ ਸੁਸੰਬਦ: | ਇਤਿ ਸ੍ਰੀ ਪ੍ਰਾਣ ਸੰਗਲੀ ਗੁਰੂ ਕੀਥੇ ਧਿਆਉ ਸਤਾਰਵਾਂ ਸੰਪੂਰਣ॥17॥ | 297-314 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| | ੧੪ ਸਤਿਗੁਰ ਨਾਨਕ ਨਿਰਬਾਣ ਪ੍ਰਸੰਗ। | | |
| 18. | ... ਤਾਂ ਸ੍ਰੀ ਜਗਤ ਗੁਰੂ ਜੀ ਪ੍ਰਸੰਨ ਹੋਇ ਕਰ ਅਠਾਰਵਾਂ ਧਿਆਉ ਸ੍ਰੀ ਪ੍ਰਾਣ ਸੰਗਲੀ ਜੀ ਕਾ ਗੁਹਜ ਬਾਣੀ ਨਿਰਜੋਗ ਭਗਤ ਸੌਖ ਖੰਡ ਕੇ ਪ੍ਰਗਾਸ ਪ੍ਰਭੁ ਗੁਰ ਨਿਧਾਨ ਸੁਸੰਬਾਦ ਬਰਨਨ ਕਰਤੇ ਭਏ – ੧੪ ਸਤਿਗੁਰ ਪ੍ਰਸੰਗ | ਇਤਿ ਸ੍ਰੀ ਧਿਆਉ ਅਠਾਰਵਾਂ ਪ੍ਰਾਣ ਸੰਗਲੀ ਕਾ ਗੁਰ ਗ੍ਰੰਥ ਸੰਪੂਰਣ॥18॥ | 315-323 |
| 19. | ... ਜਾਂ ਨਾਥ ਜੀ ਫੇਰ ਆਖਿਆ ਤਾਂ ਸ੍ਰੀ ਸਤਿਗੁਰੁ ਜੀ ਪ੍ਰਾਣ ਸੰਗਲੀ ਜੀ ਕਾ ਉਨੀਵਾਂ ਧਿਆਉ ਆਰੰਭ ਕੀਤਾ – ਸੁਸੰਬਾਦ ਰਤਨਮਾਲਾ ਛੋਟੀ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਰਤਨਜੋਤ ਨਿਧੀ (ਰਤਨਮਾਲਾ) ਉਨੀਸਵੋਂ ਧਿਆਉ ਸੰਪੂਰਣ॥19॥ | 323-329 |
| 20. | ...ਤਾਂ ਸ੍ਰੀ ਗੁਰੂ ਜੀ ਜੋਗ ਸਮੁੰਦਰ ਰਤਨਮਾਲਾ ਜੋਗ ਕਰਮ ਜੋਗ ਜਤਨ ਗਿਆਨ, ਪ੍ਰਗਟ ਬਿਬੇਕ-ਸਾਰ ਧਿਆਉ ਬੀਸਵਾਂ ਬਡੀ ਰਤਨਮਾਲਾ ਸੁਸੰਬਾਦ ਪ੍ਰਕਾਸ਼ ਕੀਤਾ।<br>।॥ ਜੋਗ ਰਤਨਮਾਲਾ॥<br>(ਜੋਗ ਜੁਗਤਿ ਕਾ ਜਤਨ – ਅਗਨਿ ਪ੍ਰਗਟ-ਭਾਵ ਕਾ ਗਿਆਨ) | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਬਡ ਰਤਨਮਾਲਾ ਜੋਗ ਸਮੁੰਦਰ ਬਰਨਨੋ ਨਾਮ ਬੀਸਵੋਂ ਧਿਆਉ ਸੰਪੂਰਣ॥20॥ | 329-337 |
| 21. | .. ਜਾਂ ਰਾਜੇ ਇਉ ਆਖਿਆ ਤਾਂ ਸ੍ਰੀ ਸਤਿਗੁਰੂ ਅੰਤਰ ਕੀ ਜਾਣ ਕਰ ਇਕੀਵਾਂ ਧਿਆਉ ਬੋਲੇ – ਜੀਵ ਕੀ ਨਸੀਹਤ ਕੇ ਲਾਇਕ ਨਿਜੋਗ ਭਗਤਿ ਸੁਸੰਬਾਦ॥ | ਅਧਿਆਇ ਸੰਪੂਰਣ॥21॥ | 337-343 |
| 22. | ਸ੍ਰੀ ਸਤਿਗੁਰੂ ਜੀ ਨੇ ਇਕੀਵਾਂ ਧਿਆਉ ਸੁਣਾਇਆ ਤਾਂ ਭਰਥਰੀ ਬਹੁਤ ਹਰਸ਼ਮਾਨ ਹੋਆ... ਤਾਂ ਸ੍ਰੀ ਗੁਰੂ ਜੀ ਅਦਭੁਤ ਬਾਣੀ ਉਚਾਰ ਕਰਨੇ ਲਗੇ – ਸੁਸੰਬਦੇ - ਅਧਿਆਇ ਬਾਈਵਾਂ – ਸੁੰਨ ਮੰਡਲ ਪ੍ਰਸੰਗ॥ | ਇਤਿ ਸ੍ਰੀ ਪ੍ਰਾਣ ਸੰਗਲੀ ਬਾਈਸਵੋਂ ਅਧਿਆਉ ਸੰਪੂਰਣ॥22॥ | 343-348 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 23. | ਸ੍ਰੀ ਬਾਬੇ ਜੀ ਜਾਂ ਬਾਈਸਵਾਂ ਧਿਆਉ ਸੁਣਾਇਆ ਤਾਂ ਰਾਜੇ ਆਖਿਆ ਗੁਰੂ ਜੀ ਆਤਮ ਪ੍ਰਬੋਧ ਸੁਣਾਵੋ। ਤਾਂ ਸ੍ਰੀ ਬਾਬਾ ਜੀ ਆਤਮ ਪ੍ਰਬੋਧ ਸੁਣਾਵਨ ਲਗੇ॥ ਆਤਮ ਪ੍ਰਬੋਧ ਨਿਰੰਤਰ ਕਥਾ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਆਤਮ ਪ੍ਰਬੋਧ ਵਰਨਨ ਨਾਮ ਤੇਈਸਮੋ ਧਿਆਉ ਸਪੂਰਣ।।23॥ | 348-360 |
| 24. | ਅਚਰਜ ਬਾਣੀ ਸ੍ਰੀ ਬਾਬੇ ਜੀ ਕਾ ਸੁਸੰਬਿਦ — ਸਹਿੰਸਰਨਾਮਾ | ਇਤਿ ਸ੍ਰੀ ਪ੍ਰਾਣ ਸੰਗਲੀ ਗੁਰੂ ਕ੍ਰਿਤੇ ਸਹਿਸਰ ਨਾਮ ਵਰਨਨ ਚੌਬੀਸਮੋ ਧਿਆਉ ਸਪੂਰਣ॥24॥ | 361-367 |
| 25. | ਬਿਹੰਗਮ ਬਰਨ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਸਿਫਤ ਪ੍ਰਭਾਵ ਬਰਨਨ ਨਾਮ ਪਚੀਸਮੋਂ ਧਿਆਉ। ਸੰਪੂਰਣ॥ | 367-371 |
| 26. | ... ਤਾਂ ਦਿਆਲ ਹੋ ਕੇ ਨਿਹੰਸਸਣੀ ਨਾਮ ਛਬੀਵਾਂ ਧਿਆਉ ਬੋਲੇ। ਸ੍ਰੀ ਪ੍ਰਾਣ ਸੰਗਲੀ ਜੋਗ ਕਥਾ ਰਾਗਮਾਲੀ ਗਉੜੀ ਨਿਹਸੰਸਣੀ ਮਹਲਾ ੧॥ | ਇਤਿ ਸ੍ਰੀ ਪ੍ਰਾਣਸੰਗਲੀ ਸ੍ਰੀ ਗੁਰੂ ਕ੍ਰਿਤੇ ਨਿਹਸੰਸਪਦ ਵਰਨਨ ਨਾਮ ਛਬੀਸਵੋਂ ਧਿਆਉ ਸੰਪੂਰਣ॥26॥ | 371-373 |
| 27. | ... ਜਾਂ ਇਉ ਬੇਨਤੀ ਸੁਣੀ, ਤਾਂ ਗਰਭਾਵਲੀ ਜੋਗ ਮਾਰਗ ਪ੍ਰਾਣ ਪਿੰਡ ਕਾ ਵਿਚਾਰ ਆਖਣ ਲਗੇ — ਮਹਲਾ ੧ — ਗਰਭਾਵਲੀ — ਸਲੋਕ॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਪ੍ਰਾਣ ਪਿੰਡ ਵਿਧਾਨ ਵਰਨਨ ਨਾਮ ਸਤਾਈਸਮੋਂ ਧਿਆਉ ਸੰਪੂਰਣ॥ 27॥ | 373-377 |
| 28. | ... ਜਾਂ ਰਾਜੇ ਇਸ ਪ੍ਰਕਾਰ ਬੇਨਤੀ ਕੀਤੀ ਤਾਂ ਬਾਬਾ ਦਸ ਅਵਤਾਰਾਂ ਦੀ ਵਾਰਤਾ ਸੁਸੰਬਿਦ ਵਰਨਣ ਕਰਣ ਲਗੇ — ਧਿਆਉ ਆਦਿ ਜੁਗਾਦਿ ਕਾ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਦਸ ਅਵਤਾਰ ਵਰਨਨ ਨਾਮ ਅਠਾਈਸਮੋਂ ਧਿਆਉ ਸੰਪੂਰਣ॥28॥ | 378-391 |
| 29. | ... ਤਾਂ ਸ੍ਰੀ ਸਤਿਗੁਰੂ ਅਗੋਚਰ ਵਸਤੂ, ਜੋਗ ਜੁਗਤਿ, ਜੋਗ ਗਿਆਨ ਕਾ ਵਰਤਤ ਆਖਦੇ ਗਏ ਤੇ ਸੋਹਾਂ, ਸੋਊ, ਸੋਊ ਤਿਨੈ ਜੋ ਪਰਮ ਸਿੱਖ ਥੇ ਸੋ ਲਿਖਦੇ ਗਏ ਸੋ ਧਿਆਉ ਕ੍ਰਿਆ ਸਾਰ ਜੋਗ ਕਾ ਲਿਖਿਆ — ਰਾਗ ਮਾਰੂ ਮਹਲਾ ੧ — ਕ੍ਰਿਆ ਸਾਰ ਜੋਗ ਜੁਗਤਿ ਕਾ ਗਿਆਨ — | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਕ੍ਰਿਆ ਸਾਰ ਜੋਗ ਪ੍ਰਕਾਸ਼ ਵਰਨਨ ਨਾਮ ਉਣਤੀਸਵੋਂ ਧਿਆਉ ਸੰਪੂਰਨ॥29॥ | 391-397 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 30. | ... ਜਬ ਭਰਥਰੀ ਇਉ ਆਖਿਆ ਤਾਂ ਤਿਸ ਕੇ ਪ੍ਰਥਾਇ ਸ੍ਰੀ ਬਾਬੇ ਜੀ ਬਾਰਾਂ ਮਾਹ ਜੋਗ ਨਿਧ ਬਿਰਹ ਕੇ ਘਰ ਬੋਲਿਆ – | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਬਾਰਾਂ ਮਾਹ ਜੋਗਨਿਧ ਵਰਨਨ ਨਾਮ ਤੀਸਮੋਂ ਧਿਆਉ ਸੰਪੂਰਣ ॥30॥ | 397-403 |
| 31. | ... ਜਾਂ ਸ੍ਰੀ ਨਾਥ ਜੀ ਕਿਹਾ ਤਾਂ ਸ੍ਰੀ ਸਤਗੁਰੂ ਪੰਚਤਤ ਪਚੀਸ ਪ੍ਰਕ੍ਰਿਤ ਕਾ ਵਰਨਨ ਕਰਨੇ ਲਗੇ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਪੰਚ ਤਤ੍ਵ ਪ੍ਰਕਿਰਤ ਸਿਧ ਅਸ੍ਟਾਂਗ ਨਾਥਾਨ ਕਰਮ ਵਰਨਨ ਨਾਮ ਇਕਤੀਸਮੋਂ ਧਿਆਉ ਸੰਪੂਰਣ ॥31॥ | 403-417 |
| 32. | ... ਤਾਂ ਸ੍ਰੀ ਸਤਿਗੁਰੂ ਆਤਮ ਪ੍ਰਬੋਧ ਕਾ ਧਿਆਉ ਵਰਨਣ ਕਰਨ ਲਗੇ – ਸਤ ਉਪਦੇਸੁ – ਅਗਾਧ ਕਥਾ – ਅਗਮਮਹਲ ਕੀ ਬਾਣੀ ਜੋਗ ਜਤਨ ਕਾ ਮੂਲ ਸਰ ਅਸਥਾਨ ਕਾ ਭੇਦ ਸੁਸੰਬਿਦ – | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਆਤਮ ਪ੍ਰਬੋਧ ਜੋਗ ਕ੍ਰਿਆ ਮਨ ਬੁਧ ਕ੍ਰਿਤ ਵਰਨਨ ਨਾਮ ਬਤੀਸਮੋਂ ਧਿਆਉ ਸੰਪੂਰਣ ॥32॥ | 417-421 |
| 33. | ... ਜਾਂ ਇਤਨੇ ਪ੍ਰਸੰਨ ਮੰਗਲ ਨਾਥ ਕੀਤੇ ਤਾਂ ਸ੍ਰੀ ਸਤਿਗੁਰੂ ਜੀ ਤਿਸ ਕਾ ਉੱਤਰ ਆਖਣ ਲਗੇ ਅਨਭੈ ਪ੍ਰਗਾਸ – | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਅਨਭੈ ਪ੍ਰਗਾਸ ਚਤੁਰਾਸਨ – ਬਿੰਦੁਸਥੰਭਨ ਚਤੁਰ ਸਮਾਧ ਚਕਰ ਵਰਨਨ ਨਾਮ ਤੇਤੀਸਮੋਂ ਧਿਆਉ ਸੰਪੂਰਣ ॥33॥ | 421-426 |
| 34. | ... ਜਾਂ ਨਾਥ ਜੀ ਐਸੇ ਕਹਿਆ, ਤਾਂ ਸ੍ਰੀ ਬਾਬਾ ਜੀ ਖੁਸ਼ੀ ਕੇ ਮਹਲ ਅਸ੍ਟਾਂਗ ਜੋਗ ਸਬਰਾਂਗ ਵਰਨਨ ਕਰਨ ਲਗੇ – ਅਸ੍ਟਾਂਗ ਜੋਗ ਆਸਾ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਅਸ੍ਟਾਂਗ ਜੋਗ ਸਬਰਾਂਗ ਵਰਨਨ ਨਾਮ ਚੌਤੀਸਮੋਂ ਧਿਆਉ ਸੰਪੂਰਣ ॥34॥ | 426-437 |
| 35. | ਦੱਖਣੀ ਓਅੰਕਾਰ<br>ਸੌਰੀ ਬਾਣੀ ਕਾ ਪ੍ਰਵਾਹ – | ਇਤਿ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥ ਬਾਵਨ ਵਰਨ ਓਅੰਕਾਰਾਦਿ ਵਰਨਨ ਨਾਮ ਪੈਂਤੀਸਵੋਂ ਧਿਆਉ ਸੰਪੂਰਣ ॥35॥ | 439-448 |
| 36. | ਰਾਗ ਗਉੜੀ ਪੂਰਬੀ ਬਾਵਨ ਅਖਰੀ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਬਾਵਨ ਬਰਨ ਭੇਦ ਵਰਨਨ ਨਾਮ ਛਤੀਸਵੋਂ ਧਿਆਉ ਸੰਪੂਰਣ ॥36॥ | 448-461 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 37. | ... ਜਦ ਪੰਡਤ ਇਉਂ ਆਖਿਆ ਤਬ ਸਤਿਗੁਰੂ ਅੰਤਰਜਾਮੀ ਅੰਤਰ ਕੀ ਸਮਝ ਕਰ ਸੁਸ਼ਬਦ ਸੰਤ ਉਪਮਾ ਸੰਸਾਰ ਕੀ ਵਰਤਨ ਵਰਨਨ ਕਰਨ ਲਗੇ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥਿ ਸੰਤ ਜਨ ਮਹਿਮਾ ਵਰਨਨ ਨਾਮ ਸੈਤੀਸਮੋਂ ਧਿਆਉ ਸੰਪੂਰਣ॥ 37॥ | 461-464 |
| 38. | ... ਜਦ ਨਾਥ ਜੀ ਇਉਂ ਆਖਿਆ, ਤਾਂ ਸਤਿਸਰੂਪ ਅਗਾਧ ਪੁਰਸ਼ ਬਿਹੰਗਮ ਬਾਣੀ ਬੋਲਿਆ। ਸੁੰਨ ਨਿਰੰਤਰ ਕਾ ਧਿਆਉ ਸੁਸ਼ਬਦ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥਿ ਜੋਗ ਪ੍ਰਕਾਸ਼ ਵਰਨਨ ਨਾਮ ਅਠਤੀਸਮੋਂ ਧਿਆਉ ਸੰਪੂਰਣ॥38॥ | 464-471 |
| 39. | ... ਤਾਂ ਸ੍ਰੀ ਸਤਿਗੁਰੂ ਪਰਮ ਜੋਗੀਸਵਰ ਜੀ ਜੋਗ ਦਿਵਾਕਰ ਗ੍ਰੰਥ ਸੁਣਾਵਨ ਲਗੇ। ਸੁਸ਼ਬਦ ਜੋਗ ਮਾਰਗ॥ ਜੋਗ ਦਿਵਾਕਰ — ਜੋਗ ਆਰੰਭ — | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥਿ ਜੋਗ ਦਿਵਾਕਰ ਗ੍ਰੰਥ ਪ੍ਰਯੋਜਨ ਨਾਮ ਉਨਤਾਲੀਸਵੇਂ ਧਿਆਉ ਸੰਪੂਰਣ॥39॥ | 471-478 |
| 40. | ... ਸ੍ਰੀ ਬਾਬਾ ਜੀ ਮਿਹਰ ਦੇ ਘਰਿ ਦਯਾਲ ਪੁਰਖ ਸੁਸ਼ਬਦ ਬਾਣੀ ਬੋਲਿਆ — ਜੋਗ ਰਤਨਾਵਲੀ — | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥਿ ਜੋਗਰਤਨਾਵਲੀ ਭਗਤਿਪਰਾ ਵਰਨਨ ਨਾਮ ਚਾਲੀਸਵੇਂ ਧਿਆਉ ਸੰਪੂਰਣ॥40॥ | 478-483 |
| 41. | ... ਜਦ ਰਾਜੇ ਬਹੁਤ ਬੇਨਤੀ ਕੀਤੀ, ਤਾਂ ਸਤਿਗੁਰੂ ਪੂਰਣ ਪੁਰਖ ਆਤਮਜੋਗ ਕਾ ਧਿਆਉ ਸੁਣਾਵਨ ਲਗੇ। ਏਕ ਸਰੂਪ ਕਾ ਧਿਆਉ — | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥਿ ਸਰਬੋਤਮ ਸਾਰੇ ਆਤਮਜੋਗ ਅਵਸਥਾ ਵਰਨਨ ਨਾਮ 41ਸਮੋਂ ਧਿਆਉ ਸੰਪੂਰਣ॥41॥ | 483-495 |
| 42. | ... ਸ੍ਰੀ ਬਾਬਾ ਜੀ ਇਉਂ ਆਖ ਕੇ ਅਗਮ ਪੰਥ ਕੀ ਬਾਣੀ ਸੁਸ਼ਬਦ ਆਖਣ ਲਗਾ — ਧਿਆਉ ਆਤਮ ਪ੍ਰਕਾਸ (ਪ੍ਰੇਮ ਪ੍ਰੀਤਕਾ) | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥਿ ਆਤਮ ਪ੍ਰਕਾਸ ਗ੍ਰੰਥ ਆਤਮਵਾਨ ਪ੍ਰਯੋਗ ਵਰਨਨ ਨਾਮ ਬਤਾਲੀਸਮੋਂ ਧਿਆਉ ਸੰਪੂਰਣ॥42॥ | 601-612 |
| 43. | ... ਜਾਂ ਰਾਜੇ ਬਹੁਤ ਬੇਨਤੀ ਕੀਤੀ, ਤਬ ਸ੍ਰੀ ਸਤਿਗੁਰੂ ਕ੍ਰਿਪਾ ਨਿਧਾਨ ਜੀ, ਸ੍ਰੀ ਭਗਵਾਨ ਜੀ ਗੁਹਜ ਕਥਾ ਸੁਨਾਵਨ ਲਗੇ। ਬੀਜ ਪ੍ਰਕਾਸ ਗ੍ਰੰਥ ਸੁਸ਼ਬਦ ਬੀਜ ਮੰਤਰ ਸੰਸਾਰ ਕਾ — | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥਿ ਪ੍ਰਣਵ ਗ੍ਰੰਥ ਵਰਨਨ ਨਾਮ ਤਿਰਤਾਲੀਸਮੋਂ ਧਿਆਉ ਸੰਪੂਰਣ॥43॥ | 613-621 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 44. | ਰਾਗ ਰਾਮਕਲੀ — ਬਣੀ ਰਹਦਾ ਲਿਖੀ ਮਹਲਾ ੧ | ਇਤਿ ਸ੍ਰੀ ਪ੍ਰਾਣਸੰਗਲੀ ਸ੍ਰੀ ਗੁਰੂ ਗ੍ਰੰਥੇ ਬੀਰ ਵਿਦਿਆ ਸਬਦ ਰਤਨ ਬਰਨਨ ਨਾਮ ਚੋਤਾਲੀਸਵੇਂ ਧਿਆਉ ਸੰਪੂਰਣ ॥44॥ | 622-625 |
| 45. | ... ਤਾਂ ਸ੍ਰੀ ਸਤਿਗੁਰੂ ਬਿਸਮਾਦ ਦੇ ਘਰਿ ਬਾਣੀ ਸੁਸੰਬਦ ਬੋਲਿਆਂ:- ਰਾਗ ਰਾਮਕਲੀ ਸਿੱਧ ਗੋਸ੍ਟਿ ਮਹਲਾ ੧ | ਇਤਿ ਸ੍ਰੀ ਪ੍ਰਾਣਸੰਗਲੀ ਸ੍ਰੀ ਗੁਰੂ ਗ੍ਰੰਥੇ ਸ੍ਰੀ ਮਹਿੰਦਰ ਸਿਧ ਗੋਸ੍ਟ ਬਰਨਨ ਨਾਮ ਪੈਤਾਲੀਸਮੋ ਧਿਆਉ ਸੰਪੂਰਣ ॥45॥ | 625-628 |
| 46. | ... ਜਾਂ ਨਾਥ ਜੀ ਬਚਨ ਸਿਫਤ ਕੇ ਕੀਤੇ ਤਾਂ ਸ੍ਰੀ ਸਤਿਗੁਰੂ ਜੀ ਉਚੇ ਘਰ ਜੋਗ ਬੂੰਦ ਗ੍ਰੰਥ ਸੁਨਾਵਨ ਲੱਗੇ — ਰਾਗ ਰਾਮਕਲੀ — ਧਿਆਉ ਪ੍ਰਾਣ-ਸੰਗਲੀ ਕਾ ਮਹਲਾ ੧ | ਇਤਿ ਸ੍ਰੀ ਪ੍ਰਾਣ-ਸੰਗਲੀ ਸ੍ਰੀ ਗੁਰੂ ਗ੍ਰੰਥੇ ਜੋਗਬੂੰਦ ਬਰਨਨ ਨਾਮ ਛਿਆਲੀਸਵੇਂ ਧਿਆਉ ਸੰਪੂਰਣ ॥46॥ | 628-630 |
| 47. | ਧਿਆਉ ਕਰਮਜੋਗ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਕਰਮਜੋਗ ਬਰਨਨ ਨਾਮ ਸੈਤਾਲੀਸਮੋਂ ਧਿਆਉ ਸੰਪੂਰਣ ॥47॥ | 630-633 |
| 48. | ... ਜਾਂ ਰਾਜੇ ਬੇਨਤੀ ਕੀਤੀ, ਤਾਂ ਸਮਰਥ ਗੁਰ ਮਨਪ੍ਰਬੋਧ ਗ੍ਰੰਥ ਸੁਨਾਵਣ ਲਗੇ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੁ ਗ੍ਰੰਥੇ ਮਨਪ੍ਰਬੋਧ ਗ੍ਰੰਥ ਬਰਨਨ ਨਾਮ ਅਠਤਾਲੀਸਵੇਂ ਧਿਆਉ ॥48॥ | 633-638 |
| 49. | ਨਿਰਬਾਣ ਜੋਗ—ਸਿਧ ਗੋਸ਼ਟ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਨਿਰਬਾਣ ਸਿਧ ਗੋਸ਼ਟ ਬਰਨਨ ਨਾਮ ਉਣਜਸਵੇਂ ਧਿਆਉ ॥49॥ | 638-643 |
| 50. | ਜਾਂ ਬਾਬੇ ਜੋਗ ਸਿਧਾਂ ਬਹੁਤ ਬੇਨਤੀ ਕੀਤੀ ਤਾਂ ਸ੍ਰੀ ਬਾਬਾ ਜੀ ਜੋਗ ਨਿਰਾਲੰਬ ਗ੍ਰੰਥ ਬਰਨਨ ਕਰਨ ਲਗੇ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਜੋਗ ਨਿਰਾਲੰਬ ਬਰਣਨ ਨਾਮ ਪਚਾਸਮੋ ਧਿਆਉ ਸੰਪੂਰਣ ॥50॥ | 643-646 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 51. | ਬੰਧ ਮੁਕਤ ਗ੍ਰੰਥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਬੰਧਮੁਕਤਿ ਸਰੀਰ ਵਰਨਨ ਨਾਮ ਇਕਾਵਨੋ ਧਿਆਉ ਸੰਪੂਰਣ॥51॥ | 647-650 |
| 52. | i) .. ਜਾਂ ਮਛੰਦਰਨਾਥ ਆਖਿਆ ਤਾਂ ਸ੍ਰੀ ਬਾਬਾ ਜੀ ਵਰਨਮਾਲਾ ਸਹਿਤ ਗਿਆਨ ਮਾਲਾ ਅਤੇ ਭਗਤਮਾਲਾ ਕੇ ਸੁਨਾਵਣ ਲਗੇ। ਰਾਗੁ ਰਾਮਕਲੀ ਮਹਲਾ ੧॥ ਵਰਨਮਾਲਾ॥ | ਇਤਿ ਸ੍ਰੀ ਬਰਨਮਾਲਾ ਵਰਨਣ ਨਾਮ ਬਾਵਨ ਧਿਆਉ ਪ੍ਰਥਮਾਂਸ ਸੰਪੂਰਣ॥ | 650-659 |
| | ii) ਧਿਆਉ ਗਿਆਨਮਾਲਾ ਕਾ ਕਹਿਆ | ਇਤਿ ਸ੍ਰੀ ਗਿਆਨਮਾਲਾ ਬਾਵਨ ਧਿਆਉ ਦ੍ਵਿਤੀਯ ਅੰਸ ਸੰਪੂਰਣ॥52॥ | 659-660 |
| | iii) ਧਿਆਉ ਭਗਤਮਾਲਾ ਕਾ – ਬਾਬਾ ਨਾਨਕ ਬੋਲਿਆ॥ | ਸ੍ਰੀ ਪ੍ਰਾਣ ਸੰਗਲੀ ਬਾਵਨੋ ਧਿਆਉ ਸੰਪੂਰਣ॥52॥ | 660-662 |
| 53. | ਪਰਮ ਗਿਆਨ – | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਪਰਮਗਯਾਨ ਵਰਨਨ ਨਾਮ ਤ੍ਰਿਵੰਜਵੋਂ ਧਿਆਉ ਸੰਪੂਰਣ ॥53॥ | 662-665 |
| 54. | ਮਹਾਂ ਗਿਆਨ ਕਾ ਧਿਆਉ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਮਹਾਂ ਗਿਆਨ ਵਰਨਨ ਨਾਮ ਚੋਰੰਜਵੋਂ ਧਿਆਉ ਸੰਪੂਰਣ॥54॥ | 665-667 |
| 55. | ਧਿਆਉ ਬ੍ਰਹਮ ਗਿਆਨ ਕਾ ਰਾਗ – | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਬ੍ਰਹਮ ਗਿਆਨ ਵਰਨਨ ਨਾਮ ਪਚਵੰਜਵੋਂ ਧਿਆਉ। ਸੰ: ॥55॥ | 667-670 |
| 56. | ਬ੍ਰਹਮਖੋਜਨੇਸ਼ਟ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਬ੍ਰਹਮਖੋਜ ਨਿਧਰੋਸ਼ਟ ਵਰਨਨ ਨਾਮ ਛਵੰਜਵੋਂ ਧਿਆਉ ਸੰਪੂਰਣ॥56॥ | 670-673 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 57. | ਕੁਮਦਿਕਾਰਯੋਗ ਕਾ ਧਿਆਉ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥ ਕੁਮਦਿਕਾਰ ਯੋਗ ਨਾਮ ਸਤਵੰਜਵੇਂ ਧਿਆਉ ਸੰਪੂਰਣ॥57॥ | 673-677 |
| 58. | ...ਤਾਂ ਸ੍ਰੀ ਬਾਬਾ ਜੀ ਸੁਸੰਬਿਦ ਆਦਿ ਕੀਤ ਸੰਪੂਰਣ ਵਰਨਨ ਕਰਣ ਲਗੇ:- | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥ ਬ੍ਰਹਮੰਡ ਪ੍ਰਕਰਣ ਵਰਣਨ ਨਾਮ ਅਠਵੰਜਵੇਂ ਧਿਆਉ ਸੰਪੂਰਣ॥58॥ | 677-685 |
| 59. | ਸ੍ਰੀਭੇਖਕ ਪੁਰਾਣ— ਮਹਲਾ ੧ | ਇਤਿ ਸ੍ਰੀ ਭੇਖਕਪੁਰਾਨ ਸਮਾਪਤੀ ਸੰਪੂਰਣ – ਸਮਾਪਤਿ॥59॥ | 686-689 |
| 60. | ਧਿਆਉ ਸਰਬ ਕੁਣੀ ਕਾ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਅਸ਼ਟਾਦਸਪੁਰਾਣ ਮਤ ਵਰਨਨ ਸਰਬਕੁਣੀ ਧਿਆਉ ਸੰਪੂਰਣ॥60॥ | 689-696 |
| 61. | ਹੇਰਾਜਾ ਜੀ! ਅਬ ਪ੍ਰੇਮ ਅਖਰੀ ਸੁਣ ਜੋ ਦੋ ਵਿਸਏ ਜਪ ਕਾ ਫਲ ਹੈ :- | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਪ੍ਰੇਮ ਅਖਰੀ ਜਪ ਵਿਸ਼ੇਸ਼ਤਾ ਵਰਨਨ ਨਾਮ ਇਕਾਸਠਮੋ ਧਿਆਉ॥61॥ | 696-698 |
| 62. | ਸ੍ਰੀ ਗੁਰੋਵਾਚ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਦਸ ਅਵਤਾਰ ਵਰਤਮਾਨ ਵਰਨਨ ਨਾਮ ਬਾਸਠੇ ਧਿਆਉ ਸੰਪੂਰਣ॥62॥ | 698-705 |
| 63. | ... ਖਰਨੀ, ਤੇਰਕੀ, ਫਾਰੂਕੀ, ਰੇਪਨੀ, ਧੁਣੀ ਇਸ ਤੇ ਆਦਿ ਲੈ ਕਰ ਇਨ੍ਹਾਂ ਦਾ ਅਰਥ ਸਾਨੂੰ ਸੁਣਾਵੋ ਜੀ। ਸ੍ਰੀ ਬਾਬਾ ਜੀ ਪ੍ਰਸੰਨ ਹੋਇ ਕਰ ਸੁਸੰਬਿਦ ਬਾਣੀ ਉਚਰੀ:- ਮਾਤਰਾ ਭੇਸ ਕੀ ਮਹਲਾ ੧॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਸਰੂਪ ਮਾਤਰਾ ਵਰਨਨ ਨਾਮ ਤ੍ਰੇਸਠਵੇਂ ਧਿਆਉ ਸੰਪੂਰਣ॥63॥ | 705-706 |
| 64. | ॥ ਪ੍ਰਾਣ ਮਾਤਰਾ ਮਹਲਾ ੧॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਪ੍ਰਾਣ ਮਾਤਰਾ ਪ੍ਰਾਣ ਭਿਖਿਆ ਵਰਨਨ॥64॥ | 706-708 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 65. | ਅਥ ਗਭਿਤਮਾਤਰਾ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਗਭਿਤਮਾਤਰਾ ਯੋਗ ਤਿਲਕ ਵਰਨਨ ਨਾਮ | 708-709 |
| 66. | ਅਥ ਪੈਗਮਣੀ ਮਾਤਰਾ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਕ੍ਰਿਤੇ ਸਿਧਯੋਗ ਚਕ੍ਰਮਾਤਰਾ ਵਰਨਨ | 709-710 |
| 67. | ... ਇਉ ਆਖ ਕੇ ਸ੍ਰੀ ਬਾਬਾ ਜੀ ਦਵਾਦਸ ਮਾਤਰਾ ਅਗਾਧਬਾਣੀ ਸੁਸੰਬਿਦ ਬਰਨਨ ਕਰਨੇ ਲਗੇ। ਸੋਹਿ, ਮੋਹਿ, ਖੇਡੂ ਲਿਖੀ। | ਇਤਿ ਸ੍ਰੀ ਪ੍ਰਾਣਸੰਗਲੀ ਸ੍ਰੀ ਗੁਰੂ ਕ੍ਰਿਤੇ ਸ੍ਰੀ ਗੁਰੂ ਗੋਰਖ ਨਾਥ ਗੋਸ਼ਟ | 710-711 |
| 68. | i) ਧਿਆਉ ਬਿਹੰਗਮ ਕਾ ਚਲਿਆ — (ਤਬ ਬਾਬਾ ਜੀ ਬਿਹੰਗਮ ਰੂਪ ਥਾ ਪੰਖੀ ਸਰੂਪ) | ਇਤਿ ਸ੍ਰੀ ਪ੍ਰਾਣ ਸੰਗਲੀ 68ਵਾਂ ਧਿਆਉ ਪ੍ਰਥਮਾਂਸ ਸੰਪੂਰਨ ਹੋਆ (੧) | 711-713 |
| | ii) ... ਤਾਂ ਸ੍ਰੀ ਬਾਬਾ ਬੋਲਿਆ — ਵਿਸਮਾਦ ਦੇ ਘਰ ਅਨਹਦ ਬਾਣੀ ਉਚਰਣੇ ਲਗਾ: - ਵਾਹਿਗੁਰੂ ਕੇ ਮਹੰਤ ਕਾ ਬੀਚਾਰ। ਰਾਗ ਰਾਮਕਲੀ ਬਿਹੰਗਮ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਬਿਹੰਗਮ ਮੰਤ੍ਰ ਰਾਜ ਬੀਚਾਰ ਵਰਨਨ ਨਾਮ 68ਵਾਂ ਧਿਆਉ ਸੰਪੂਰਣ॥ | 715-717 |
| 69. | ॥ ਸਾਖੀ ਬਾਬੇ ਨਾਨਕ ਗੁਰੂ ਕੀ॥ ਰਾਗ ਰਾਮਕਲੀ ਬਿਹੰਗਮ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਬਿਹੰਗਮ ਮਾਰਗ ਵਰਨਨ ਨਾਮ 69ਵਾਂ ਧਿਆਉ॥ | 717-719 |
| 70. | ਸ੍ਰੀ ਗੁਰੋਵਾਚ — ਧਿਆਉ ਬਿਹੰਗਮ ਕਾ। | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਸ੍ਰੀ ਸਤਿਗੁਰ ਸ੍ਰੀ ਨਿਰੰਕਾਰ ਸੰਬਾਦੇ ਗੁਹਜਾਰਥ ਕਥਾ ਵਰਨਨ ਸ੍ਰੀ ਬਿਹੰਗਮ ਗਿਰੰਥੇ ਨਾਮ 70ਵਾਂ ਧਿਆਉ॥ ਸੰਪੂਰਣ॥ | 719-750 |
| 71. | ਆਤਮਾ ਪਰਮਾਤਮਾ ਕੀ ਗੋਸ਼ਟ ਚੌਥੀ ਕਾ ਬੀਚਾਰ॥ ਮਹਲਾ ੧॥ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤੇ ਬਿਹੰਗਮ ਮਾਰਗੇ ਸ੍ਰੀ ਪ੍ਰਮਾਤਮਾ ਜੀਵਾਤਮਾ ਸੰਬਾਦੇ ਪ੍ਰਸ਼ਨੋਤਰਮਾਲਾ (ਭੇਦ ਸਦਾਏ) ਨਾਮ ਧਿਆਉ ਸੰਪੂਰਨ॥71॥ | 751-765 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 72. | ਅਬ ਪਚਾਰ ਆਰਤੀ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਸ੍ਰੀ ਬਿਹੰਗਮ ਮਾਰਗੇ ਸ੍ਰੀ ਪਚਾਰ ਆਰਤੀ ਵਰਨਨ ਨਾਮ 72ਵਾਂ ਧਿਆਉ ਸੰਪੂਰਣ॥ | 765-769 |
| 73. | ਜਦ ਇਹ ਆਰਤੀ ਸ੍ਰੀ ਗੋਰਖ ਨਾਥ ਜੀ ਵਾਰੁ ਪੂਰੀ ਹੋਈ। ਤਬ ਰਾਜਾ ਸ਼ਿਵਨਾਭ ਸੁਣੀ ਸਭੈ ਬਹੁਤ ਬਿਸਮੈ ਭਏ। ਅਰ ਬਾਬਾ ਬਹੁਰ ਬੋਲਿਆ :- ਧਿਆਉ ਸੋਰਠ ਕੀ ਬਾਣੀ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਸ੍ਰੀ ਬਿਹੰਗਮ ਮਾਰਗੇ ਪਿੰਡੀ ਦੇਵਾਸੁਰ ਸੰਗਰਾਮ॥73॥ | 770-776 |
| 74. | ਵਾਰ ਮਾਨ ਕੌਸ ਕੀ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਕ੍ਰਿਤ ਪਰਮ ਬ੍ਰਹਮ ਉਸਤਤਿ ਵਰਨਨ ਨਾਮ ਧਿਆਉ।74॥ | 776-781 |
| 75. | ੧ਓ ਸਤਿਗੁਰ ਪ੍ਰਸਾਦਿ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਕਾਲ ਸੰਬਾਦ ਵਰਨਨ ਨਾਮ 75ਵਾਂ ਧਿਆਉ ਸੰਪੂਰਣ॥ | 782-783 |
| 76. | ਗਿਆਨ ਸਰੋਦੇ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਸਰੋਦੇ ਭੇਦ ਵਰਨਨ ਨਾਮ ਧਿਆਉ ਸੰਪੂਰਣ॥76॥ | 783-792 |
| 77. | ਰਸਾਇਣ ਕੀ ਬਾਣੀ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਕ੍ਰਿਤ ਰਤਨਮਾਲਾ ਵਰਨਨ ਨਾਮ 77ਵਾਂ ਧਿਆਉ ਸੰਪੂਰਨ | 793-812 |
| 78. | i) ਤਿਲੰਗ ਕੀ ਵਾਰ ਮਹਲਾ ੧ | ਇਤਿ ਸ੍ਰੀ ਪਰਮਪੁਰਸ਼ ਧਿਆਨ ਵਰਨਨ ਨਾਮ ਪ੍ਰਕੋਸ ਧਿਆਉ॥ ਸੰਪੂਰਣ॥ | 813-819 |
| | ii) ਵਾਰ ਰਾਮਕਲੀ ਮਹਲਾ ੧ | ਇਤਿ ਸ੍ਰੀ ਪ੍ਰਾਣ-ਸੰਗਲੀ ਸ੍ਰੀ ਗੁਰੂ ਕ੍ਰਿਤ ਸਚਖੰਡ ਦਰਬਾਰ ਉਸਤਤੀ ਵਰਨਨ ਨਾਮ ਧਿਆਉ॥78॥ | 819-822 |

| ਲੜੀ ਨੰ. | ਅਧਿਆਇ ਦਾ ਸਿਰਲੇਖ | ਪੁਸ਼ਪਿਕਾ | ਪੰਨੇ |
|---|---|---|---|
| 79. | ਜੁਗਾਵਲੀ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰ ਗ੍ਰੰਥੇ ਜੁਗਾਵਲੀ ਵਾਹਗੁਰੂ ਕੀ ਮਿਤ ਵਾਂਹਿਗੁਰੂ ਵੀਚਾਰ ॥79॥ | 822-829 |
| 80. | ... ਤਾਂ ਪ੍ਰਥਮ ਗੁਰੂ ਅਜਪਾ ਜਾਪ ਸੁਖਸ਼ਮ ਕਰਕੇ ਕਹਿਤੇ ਭਏ। ਮੇਹਰ ਕੀ ਨਜ਼ਰ ਸੇ – ਰਾਗ ਆਸਾਵਰੀ ਮਹਲਾ ੧ | ਇਤਿ ਸ੍ਰੀ ਪ੍ਰਾਣ ਸੰਗਲੀ ਸ੍ਰੀ ਗੁਰੂ ਗ੍ਰੰਥੇ ਅਗਮਬਾਣੀ ਉਪਸ਼ਮ ਅਜਪਾ ਜਾਪ ਸਹੰਸਰਗੁਹਜ ਬਾਣੀ ਸੁਸਿੱਧ ਗੁਰ ਉਪੰਰ ਆਸਾਵਰੀ ਧਿਆਉ ਸੰਪੂਰਨ ..... ਰਾਜਾ ਸ਼ਿਵਨਾਭ ਪ੍ਰਤਿਸ਼ਟਾ ਵਰਨਨ ਸੰਗਲਾ ਦੀਪ ਸਾਖੀ ਸੰਪੂਰਨ ॥80॥ | 829-832 |

ਪ੍ਰਾਣ-ਸੰਗਲੀ ਦੇ ਅਧਿਆਵਾਂ ਦੇ ਸਿਰਲੇਖ ਅਤੇ ਪੁਸ਼ਪਿਕਾਵਾਂ ਦੀ ਇਸ ਤੁਲਨਾਤਮਕ ਸੂਚੀ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਾਣ ਸੰਗਲੀ ਦੇ ਸੰਪਾਦਕਾਂ ਨੇ ਵਿਸ਼ਾ-ਵਸਤੂ ਜਾਂ ਕਿਸੇ ਹੋਰ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਆਵਾਂ, ਸਿਰਲੇਖਾਂ ਅਤੇ ਪੁਸ਼ਪਿਕਾਵਾਂ ਦੀ ਯੋਜਨਾ ਨਹੀਂ ਕੀਤੀ।

## ਅੰਤਿਕਾ 2: ਸਿੱਖ ਮਾਨਤਾਵਾਂ ਦਾ ਉਲੰਘਣ

ਪ੍ਰਾਣ-ਸੰਗਲੀ ਵਿਚ ਬਹੁਤ ਸਾਰੇ ਕਥਨ ਗੁਰੂ ਘਰ ਦੀ ਮਰਯਾਦਾ ਦੀ ਸਪਸ਼ਟ ਉਲੰਘਣਾ ਕਰਦੇ ਹਨ। ਇਹਨਾਂ ਉਲੰਘਣਾਵਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

ੳ) 'ੴ ਸਤਿਗੁਰ ਪ੍ਰਸਾਦਿ' ਦੀ ਥਾਂ 'ੴ ਸ੍ਰੀ ਸਤਿਗੁਰ ਨਿਰਬਾਣ ਪ੍ਰਸਾਦਿ' ਦਾ ਪ੍ਰਯੋਗ

ਪ੍ਰਾਣ-ਸੰਗਲੀ ਦੇ 21 ਅਧਿਆਵਾਂ ਵਿਚ ਗੁਰੂ ਘਰ ਦੇ ਮੂਲ ਮੰਤਰ ਵਿਚ ਹੇਰ ਫੇਰ ਕੀਤਾ ਗਿਆ ਹੈ। ਇਹ ਅਧਿਆਇ ਹਨ: 16, 17, 35, 39, 40, 47, 49, 50, 51, 53, 54, 55, 57, 58, 61, 62, 63, 64, 65, 66 ਅਤੇ 76.

ਅ) 'ਪ੍ਰਾਣ-ਸੰਗਲੀ' ਲਈ 'ਗੁਰੂ ਗ੍ਰੰਥ' ਸ਼ਬਦ ਦਾ ਪ੍ਰਯੋਗ

ਪ੍ਰਾਣ-ਸੰਗਲੀ ਦੇ ਇਹਨਾਂ ਅਧਿਆਵਾਂ ਦੀਆਂ ਪੁਸ਼ਪਿਕਾਵਾਂ ਵਿਚ ਪ੍ਰਾਣ-ਸੰਗਲੀ ਨੂੰ 'ਗੁਰੂ ਗ੍ਰੰਥ' ਕਿਹਾ ਗਿਆ ਹੈ: 1,3,4,6,7,9,10,11,12,13,14,15,16,17,18,19,20,23,24,25,26, 27,28,29,30,31,32,33,34,35,36,37,38,39,40,41,42,43,44,45,46,47,48, 49,50,51,54,55,56,57,58,60,61,62,63,64,65,66,67,68,69,70,71,72, 73,74,75,76,77,78,79,80.

ਅੰਤਿਕਾ 3: 'ਬਾਣੀਆਂ' ਦਾ ਵਰਗੀਕਰਣ

ਪ੍ਰਾਣ-ਸੰਗਲੀ ਦੇ ਲੇਖਕ ਨੇ ਆਪਣੀਆਂ ਰਚਨਾਵਾਂ ਨੂੰ 'ਬਾਣੀ' ਸਿਰਲੇਖ ਹੇਠ ਰਖਿਆ ਹੈ ਅਤੇ ਇਹਨਾਂ ਬਾਣੀਆਂ ਦੇ ਇਹ ਮੁਖ ਵਰਗ ਬਣਾਏ ਹਨ:

| ਲੜੀ ਨੰ. | ਰਚਨਾ ਦਾ ਸਿਰਲੇਖ | ਅਧਿਆਇ |
|---|---|---|
| 1. | ਪ੍ਰਸਿੱਧ ਬਾਣੀ | 6,7,8,9,14,17,18,19,20,21, 22,24,28,32,37,38,39,40,42,43 43,45,58,63,66,67. |
| 2. | ਅਚਰਜ ਬਾਣੀ | 24 |
| 3. | ਅਗਮ ਮਹਲ ਕੀ ਬਾਣੀ | 32 |
| 4. | ਸੱਚੀ ਬਾਣੀ | 36 |
| 5. | ਅਗਾਧ ਬਾਣੀ | 67 |
| 6. | ਅਗਮ ਬਾਣੀ | 15 |
| 7. | ਗੁਹਜੀ ਬਾਣੀ | 10 |
| 8. | ਅਮਰ ਬਾਣੀ | 12 |
| 9. | ਵਿਸਮਾਦ ਕੇ ਘਰ | 45,68 |
| 10. | ਊਚੇ ਘਰ | 46 |
| 11. | ਮਿਹਰ ਕੇ ਘਰ | 40 |

| ਲੜੀ ਨੰ. | ਰਚਨਾ ਦਾ ਸਿਰਲੇਖ | ਅਧਿਆਇ |
|---|---|---|
| 12. | ਬ੍ਰਿਹ ਕੇ ਘਰ | 30 |

## ਅੰਤਿਕਾ 4: ਪ੍ਰਾਣ-ਸੰਗਲੀ ਦੇ ਹੱਥ-ਲਿਖਤੀ ਨੁਸਖੇ

| ਲੜੀ ਨੰ. | ਹੱਥ ਲਿਖਤ ਦਾ ਵੇਰਵਾ | ਉਲੇਖਣੀ ਯੋਗ ਤੱਥ |
|---|---|---|
| 1. | ਹੱਥ-ਲਿਖਤ ਨੰ. 10, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ. | ੳ) ਆਰੰਭ ਇਕ 'ਸ਼ਲੋਕ' ਨਾਲ ਹੋਇਆ ਹੈ:<br>ਵਾਹਿ ਵਾਹਿ ਜਿਨ ਸਿਮਰਿਆ, ਸੇ<br>ਬੇਪ੍ਰਵਾਹ ਭਏ।<br>ਨਾਨਕ ਸੱਚੀ ਸਿਫਤ ਸਿਉ ਕਹਰ ਗੰਭੀਰ ਰਹੇ।<br>ਅ) ਉਥਾਨਿਕਾਵਾਂ ਅਤੇ ਪ੍ਰਸ਼ਪਿਰਾਵਾਂ ਦਾ ਅਭਾਵ<br>ੲ) 'ਸ੍ਰੀ ਸਤਿਗੁਰਸਾਈ ਮਾਈ ਦਾਸ ਜੀ ਕੇ ਮੁਖਵਾਕ' ਆਦਿ ਸਿਰਲੇਖ ਪੱਤਰਾਂ ਨੰ. 99, 104, 107, 109, 111, 114, 115 ਆਦਿ ਤੇ ਦਰਜ ਹਨ।<br>ਸ) 'ਗੁਸਾਈ ਮਾਈ ਦਾਸ' ਦਾ ਉਲੇਖ ਕਿਸੇ ਹੋਰ ਹੱਥ-ਲਿਖਤ ਵਿੱਚ ਅਤੇ ਸੰਤ ਸੰਪੂਰਨ ਸਿੰਘ ਦੀ ਪ੍ਰਾਣ-ਸੰਗਲੀ ਵਿਚ ਨਹੀਂ ਮਿਲਦਾ।<br>ਹ) ਕੁਲ ਪੱਤਰੇ 248; ਅਧਿਆਵਾਂ ਦੀ ਕ੍ਰਮ ਸੰਖਿਆ ਠੀਕ ਨਹੀਂ ਹੈ। |
| 2. | ਹੱਥ ਲਿਖਤ ਨੰ. 750 ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ. | ੳ) ਆਰੰਭ: ਰਾਗ ਰਾਮਕਲੀ ਰਿਖਾਉ ਵਾਹ ਵਾਹ ਕਾ, ਮਹਲੁ ੧.<br>ਅ) ਅਧਿਆਵਾਂ ਦੇ ਨਾਂ ਰਾਗਾਂ ਦੇ ਅਨੁਸਾਰ ਹਨ ਜਿਵੇਂ 'ਰਾਗ ਮਾਲ ਕਉਸ ਰਿਖਾਉ ਮਹਲਾ ੧' (ਪੱਤਰਾ 289) 'ਰਾਗ ਗਉੜੀ ਬਾਵਨ ਅੱਖਰੀ ਸ੍ਰੀ ਕਬੀਰ ਜੀ ਕੀ' (ਪੱਤਰਾ 314) |

| ਲੜੀ ਨੰ. | ਹੱਥ ਲਿਖਤ ਦਾ ਵੇਰਵਾ | ਉਲੇਖਣੀ ਯੋਗ ਤੱਥ |
|---|---|---|
| | | ੲ) ਪੱਤਰੇ 388, ਅਧਿਆਇ 35. |
| 3. | ਹੱਥ-ਲਿਖਤ ਨੰ. 6116<br>ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ. | ੳ) ਅਧਿਆਵਾਂ ਦੇ ਸਿਰਲੇਖ ਹੋਰ ਹੱਥ-ਲਿਖਤਾਂ ਨਾਲੋਂ ਭਿੰਨ ਹਨ ਜਿਵੇਂ: ਆਰੇ ਜੁਗਤੀ ਰਸਾਇਣਾਂ (ਪੱਤਰਾ 45), ਆਰੇ ਕ੍ਰੀਆ ਕਰੇ (ਪੱਤਰਾ 47), ਰਾਗੁ ਸੂਹੀ ਤਤਕਰੇ (ਪੱਤਰਾ 70) ਆਰੇ ਕਰੇ ਗਨਿਤੁ ਅਨਿਤਾ (ਪੱਤਰਾ 75) ਆਦਿ<br>ਅ) ਪੱਤਰੇ 496, ਅਧਿਆਇ 47 |
| 4. | ਹੱਥ-ਲਿਖਤ ਨੰ. 1002<br>ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ. | ੳ) ਲਿਖਾਰੀ: ਗੁਰਬਖ਼ਸ਼ ਫ਼ਕੀਰ<br>ਅ) ਪਰੀਸੀ ਰਵਿਦਾਸ, ਗੋਸਟੀ ਬਾਬੇ ਨਾਨਕ ਕੀ ਕਬੀਰ ਨਾਲ ਆਦਿ ਸਿਰਲੇਖ ਇਸ ਵਿਚ ਮਿਲਦੇ ਹਨ।<br>ੲ) ਪੱਤਰੇ [illegible] (ਤਿੰਨ ਸੌ ਛਪੰਜਾ) |
| 5. | ਹੱਥ-ਲਿਖਤ ਨੰ. 5002<br>ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ. | ਪੱਤਰੇ 338, ਅਧਿਆਇ 31. |
| 6. | ਹੱਥ-ਲਿਖਤ ਨੰ. 511<br>ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਅੰਮ੍ਰਿਤਸਰ. | ੳ) ਪੱਤਰੇ 257, ਅਧਿਆਇ 31.<br>ਅ) ਤਤਕਰਾ ਨਹੀਂ ਦਿੱਤਾ ਗਿਆ। |
| 7. | ਹੱਥ ਲਿਖਤ ਨੰ. 1240<br>ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ. | ਪੱਤਰੇ 134, ਅਧਿਆਇ 13. |

| ਲੜੀ ਨੰ. | ਹੱਥ ਲਿਖਤ ਦਾ ਵੇਰਵਾ | ਉਲੇਖਣੀਯੋਗ ਤੱਥ |
|---|---|---|
| 8. | ਪ੍ਰਾਣ-ਸੰਗਲੀ (ਵੈਦਿਕ)<br>ਹੱਥ-ਲਿਖਤ ਨੰ. 2201 ਤੋਂ 2210 ਤੱਕ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ। | ੳ) ਪ੍ਰਾਣ-ਸੰਗਲੀ(ਵੈਦਿਕ) 10 ਜਿਲਦਾਂ ਵਿਚ ਹੈ।<br>ਅ) ਹਰ ਜਿਲਦ ਤੇ ਲਗੋਵਾਂ ਇਹ ਇਹ ਸਿਰਲੇਖ ਦਰਜ ਹਨ:<br>i) ਵੈਦਕ<br>ii) ਵੈਦਕ ਸ਼ਬਦਕੋਸ਼ (ਅ – ਲੇਵਨ)<br>iii) ਰੋਗ ਚਿਕਤਸਾ<br>iv) ਜੋਗ ਸਤਿ, ਏਦ ਮਨੋਰਥ<br>v) ਸਾਨ ਓਤਰ ਵੈਦਕ<br>vi) ਸਾਨ ਓਤਰ ਵੈਦਕ<br>vii) ਸਾਨ ਓਤਰ ਵੈਦਕ<br>viii) ਕੋਸ ਲਛਣ<br>ix) ਬੁਧਿ ਪ੍ਰਕਾਸ਼<br>x) ਭਾਗ ਰਤਨਾਕਰ<br>ੲ) ਵੈਦਕੀ ਸੰਬੰਧੀ ਅਜਿਹਾ ਇਹ ਵੇਰਵਾ ਏਨੇ ਵਿਸਥਾਰ ਵਿਚ ਹੋਰ ਕਿਸੇ ਹੱਥ-ਲਿਖਤ ਵਿਚ ਉਪਲਬਧ ਨਹੀਂ ਹੈ।<br>ਸ) ਲਿਖਣ ਕਾਲ ਦੀ ਸੂਚਨਾ 1856 ਬਿਕ੍ਰਮੀ ਸੰਮਤ ਕਰਕੇ ਦਿੱਤੀ ਗਈ ਹੈ। |

## ਸਹਾਇਕ ਪੁਸਤਕ ਸੂਚੀ

## ਸਹਾਇਕ ਪੁਸਤਕ ਸੂਚੀ


### ਹੱਥ-ਲਿਖਤਾਂ

1) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 6116, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ.

2) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 7240, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ.

3) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 5039-42, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ.

4) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 10, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

5) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 750, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

6) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 5002, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

7) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 1002, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

8) 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 1053, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

9. 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 610, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ.

10. 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 1298, ਗੁਰੂ ਰਾਮ ਦਾਸ ਲਾਇਬ੍ਰੇਰੀ, ਅੰਮ੍ਰਿਤਸਰ.

11. 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 643, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ.

12. 'ਪ੍ਰਾਣ-ਸੰਗਲੀ', ਹੱਥ-ਲਿਖਤ ਨੰ. 2201 ਤੋਂ 2210 ਤਕ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ. (ਦਸ ਜਿਲਦਾਂ ਵਿਚ)

### ਪੰਜਾਬੀ

'ਆਦਿ ਗ੍ਰੰਥ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ.

ਸਤਿੰਦਰ ਸਿੰਘ, ਡਾ., 'ਗੁਰੂ ਨਾਨਕ ਬਾਣੀ ਅਧਿਐਨ; ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1969.

ਸੰਪੂਰਨ ਸਿੰਘ, ਸੰਤ, 'ਜੀਵਨ ਗਾਥਾ', ਟ੍ਰਸਟ ਸ੍ਰੀਮਾਨ 108 ਸੰਤ ਸੰਪੂਰਣ ਸਿੰਘ ਜੀ ਮਹਾਰਾਜ, ਕਟੜਾ ਦਲ ਸਿੰਘ, ਅੰਮ੍ਰਿਤਸਰ, 1954.

____ 'ਗੁਰੂ ਪਦ ਪ੍ਰਬੋਧ', ਪੰਥਕ ਪ੍ਰੈਸ, ਅੰਮ੍ਰਿਤਸਰ, 1930.

____ 'ਗੁਰਮਤ ਸਿਧਾਂਤ ਪ੍ਰਬੋਧ', ਗੁਰਮਤ ਪ੍ਰਚਾਰਕ ਬੁਕ ਏਜੰਸੀ, ਹੀਰਾ ਮੰਡੀ, ਲਾਹੌਰ, 1913.

ਸਾਹਿਬ ਸਿੰਘ, 'ਗੁਰਬਾਣੀ ਦੇ ਇਤਿਹਾਸ ਬਾਰੇ ਕੁਝ ਹੋਰ ਧਾਰਮਿਕ ਲੇਖ', ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1960.

'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

ਸਾਂਤੀ ਨਾਥ ਗੁਪਤਾ, ਡਾ., 'ਭਾਰਤੀ ਦਰਸ਼ਨ', ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁੱਕ ਬੋਰਡ, ਚੰਡੀਗੜ੍ਹ, 1974.

ਹਰਿਭਜਨ ਸਿੰਘ, 'ਪੁਰਾਤਨ ਜਨਮਸਾਖੀ', ਖੋਜ-ਪੱਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1972.

ਕਾਨ੍ਹ ਸਿੰਘ, ਭਾਈ, 'ਗੁਰਛੰਦ ਦਿਵਾਕਰ', ਨਾਭਾ ਦਰਬਾਰ ਪ੍ਰਕਾਸ਼ਨ, 1924.

——— 'ਗੁਰਮਤ ਮਾਰਤੰਡ (ਦੋ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

ਕਾਲਾ ਸਿੰਘ ਬੇਦੀ, ਡਾ., 'ਗੁਰੂ ਨਾਨਕ ਸ਼ਬਦ ਰਤਨਾਕਰ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1969.

——— 'ਗੁਰੂ ਨਾਨਕ ਦਰਸ਼ਨ' ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ.

ਗਿਆਨ ਸਿੰਘ, ਗਿਆਨੀ, 'ਸ੍ਰੀ ਗੁਰੂ ਪੰਥ ਪ੍ਰਕਾਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

'ਗੁਰਬਾਣੀ ਟੀਕੇ: ਅਨੰਦਘਨ' (ਸੰਪਾ. ਰਤਨ ਸਿੰਘ ਜੱਗੀ, ਡਾ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

'ਗੁਰੂ ਨਾਨਕਸੰਬੰਧੀ ਤਿੰਨ ਖੋਜ ਪੱਤਰ' (ਸੰਪਾ. ਪਿਆਰ ਸਿੰਘ, ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.

'ਗੁਰੂ ਨਾਨਕ ਬਾਣੀ' (ਸੰਪਾ. ਰਤਨ ਸਿੰਘ ਜੱਗੀ, ਡਾ.), ਮਦਾਨ ਪਬਲਿਸ਼ਰਜ਼, ਪਟਿਆਲਾ, 1968.

'ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ-ਕਲਾ' (ਸੰਪਾ. ਸੁਰਿੰਦਰ ਸਿੰਘ ਕੋਹਲੀ, ਡਾ.), ਪੰਜਾਬ ਯੂਨੀਵਰ-ਸਿਟੀ, ਚੰਡੀਗੜ੍ਹ, 1969.

ਜਗਜੀਤ ਸਿੰਘ, ਡਾ., 'ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ', ਲਾਹੌਰ ਬੁਕ ਸ਼ਾਪ, ਲੁਧਿਆਣਾ, 1970.

ਜਗਬੀਰ ਸਿੰਘ, ਡਾ., 'ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973.

'ਜਨਮਸਾਖੀ ਭਾਈ ਬਾਲਾ', (ਸੰਪਾ. ਸੁਰਿੰਦਰ ਸਿੰਘ ਕੋਹਲੀ, ਡਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975.

'ਜਨਮਸਾਖੀ ਪਰੰਪਰਾ' (ਸੰਪਾ. ਕਿਰਪਾਲ ਸਿੰਘ, ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਜੋਧ ਸਿੰਘ, ਭਾਈ, 'ਗੁਰਮਤਿ ਨਿਰਣਯ', ਅਤਰ ਚੰਦ ਕਪੂਰ ਐਂਡ ਸੰਨਜ਼, ਅਨਾਰਕਲੀ, ਲਾਹੌਰ, 1945.

——— 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

——— 'ਗੁਰੂ ਨਾਨਕ ਸਮ੍ਰਿਤੀ ਵਿਆਖਿਆਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ 1966-67.

ਤਾਰਨ ਸਿੰਘ, ਡਾ., 'ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਅੰਮ੍ਰਿਤਸਰ, 1963.

ਦੀਵਾਨ ਸਿੰਘ, ਡਾ., 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ', ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1968.

——— 'ਫ਼ਰੀਦ ਦਰਸ਼ਨ', ਲਾਹੌਰ ਬੁਕ ਸ਼ਾਪ, ਲੁਧਿਆਣਾ, 1973.

'ਧਰਮ ਅਤੇ ਧਾਰਮਿਕ ਕਾਵਿ' (ਸੰਪਾ. ਹਰਿਭਜਨ ਸਿੰਘ, ਡਾ.) ਨੈਸ਼ਨਲ ਬੁਕ ਸ਼ਾਪ, ਦਿੱਲੀ, 1971.

'ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪਾ. ਪ੍ਰੀਤਮ ਸਿੰਘ, ਡਾ.), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1969.

'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ', (ਸੰਪਾ. ਸੁਰਿੰਦਰ ਸਿੰਘ ਕੋਹਲੀ, ਡਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

'ਪੰਜਾਬੀ ਹੱਥ-ਲਿਖਤਾਂ ਦੀ ਸੂਚੀ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

'ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਮਹਿਕਮਾ ਪੰਜਾਬੀ, ਪਟਿਆਲਾ, 1953.

ਪ੍ਰਤਾਪ ਸਿੰਘ, ਗਿਆਨੀ, 'ਗੁਰਮਤਿ ਫ਼ਿਲਾਸਫ਼ੀ', ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, 1963.

'ਪ੍ਰਾਣ-ਸੰਗਲੀ' (ਸੰਪਾ. ਸੰਪੂਰਣ ਸਿੰਘ, ਸੰਤ) ਜਿਲਦ ਪਹਿਲੀ, ਭਾਈ ਮੋਹਨ ਸਿੰਘ ਵੈਦ, ਤਰਨਤਾਰਨ, ਸੰਸਕਰਣ ਦੂਜਾ.

'ਪ੍ਰਾਣ-ਸੰਗਲੀ' (ਸੰਪਾ. ਸੰਪੂਰਣ ਸਿੰਘ, ਸੰਤ), ਜਿਲਦ ਦੂਜੀ, ਭਾਈ ਮੋਹਨਸਿੰਘ ਵੈਦ, ਤਰਨ ਤਾਰਨ, ਸੰਸਕਰਣ ਦੂਜਾ.

'ਪ੍ਰਾਣ-ਸੰਗਲੀ' (ਸੰਪਾ. ਸੰਪੂਰਣ ਸਿੰਘ, ਸੰਤ), ਜਿਲਦ ਤੀਜੀ, ਭਾਈ ਮੋਹਨ ਸਿੰਘ ਵੈਦ, ਤਰਨ ਤਾਰਨ, ਸੰਸਕਰਣ ਪਹਿਲਾ.

'ਪ੍ਰਾਣ-ਸੰਗਲੀ' (ਸੰਪਾ. ਗ੍ਯਾਨ ਹਰੀ), ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ.

'ਪ੍ਰਾਣ-ਸੰਗਲੀ' (ਸੰਪਾ. ਸੰਪੂਰਣ ਸਿੰਘ, ਸੰਤ), ਬੇਲਵੇਡੀਅਰ ਸਟੀਮ ਪ੍ਰਿੰਟਿੰਗ ਪ੍ਰੈਸ, ਇਲਾਹਾਬਾਦ, 1912-1913.

ਪ੍ਰੇਮ ਸਿੰਘ (ਸੰਤ ਰੇਣ), 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ', ਭਾਗ ਪਹਿਲਾ, ਗਿਆਨੀ ਪ੍ਰੈਸ, ਅੰਮ੍ਰਿਤਸਰ.

'ਪੁਰਾਤਨ ਜਨਮਸਾਖੀ' (ਸੰਪਾ. ਵੀਰ ਸਿੰਘ, ਭਾਈ), ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1980.

ਮਨਮੋਹਨ ਸਹਿਗਲ, 'ਯੋਗਮਤ ਤੇ ਗੁਰਬਾਣੀ', ਖੋਜ-ਪੱਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਮਿਹਰਬਾਨ ਸੋਢੀ, 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਭਾਗ ਪਹਿਲਾ (ਸੰਪਾ. ਕਿਰਪਾਲ ਸਿੰਘ, ਡਾ.), ਖ਼ਾਲਸਾ ਕਾਲਜ, ਅੰਮ੍ਰਿਤਸਰ, 1962.

——— 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਭਾਗ ਦੂਜਾ (ਸੰਪਾ. ਕਿਰਪਾਲਸਿੰਘ, ਡਾ.), ਖ਼ਾਲਸਾ ਕਾਲਜ, ਅੰਮ੍ਰਿਤਸਰ, 1969.

ਮੋਹਨ ਸਿੰਘ, ਦੀਵਾਨਾ, ਡਾ., 'ਪੰਜਾਬੀ ਭਾਖਾ ਤੇ ਛੰਦਾਬੰਦੀ', ਓਰੀਐਂਟਲ ਕਾਲਜ, ਲਾਹੌਰ, 1937.

ਰਤਨ ਸਿੰਘ ਜੱਗੀ, ਡਾ., 'ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ', ਪੈਪਸੂ ਬੁਕ ਡਿਪੂ, ਪਟਿਆਲਾ, 1977.

——— 'ਵਿਚਾਰਧਾਰਾ', ਮਦਾਨ ਪਬਲਿਸ਼ਰਜ਼, ਪਟਿਆਲਾ, 1966.

——— 'ਗੁਰੂ ਨਾਨਕ ਦੀ ਵਿਚਾਰਧਾਰਾ', ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1969.

——— 'ਗੁਰੂ ਨਾਨਕ ਜੀਵਨੀ ਅਤੇ ਵਿਅਕਤਿਤਵ', ਪੰਜਾਬੀ ਸਾਹਿਤ ਸਭਾ, ਦਿੱਲੀ, 1974.

——— 'ਸਾਹਿਤ ਸੌਰਭ', ਪੈਪਸੂ ਬੁਕ ਡਿਪੋ, ਪਟਿਆਲਾ, 1976.

ਲਾਲ ਸਿੰਘ ਗਿਆਨੀ, 'ਗੁਰੂ ਛੰਦ-ਸਿਧਾਂਤ ਸੰਗ੍ਰਹਿ', ਗੁਰਮਤ ਪ੍ਰੈਸ, ਅੰਮ੍ਰਿਤਸਰ, 1953.

'ਵਾਰਾਂ ਭਾਈ ਗੁਰਦਾਸ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1952.

'ਵਾਰਾਂ ਭਾਈ ਗੁਰਦਾਸ' (ਸੰਪਾ. ਅਤੇ ਟੀਕਾਕਾਰ: ਗਿਆਨੀ ਹਜ਼ਾਰਾ ਸਿੰਘ), ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ.

ਵੀਰ ਸਿੰਘ, ਭਾਈ, 'ਸ੍ਰੀ ਗੁਰੂ ਨਾਨਕ ਚਮਤਕਾਰ' (ਭਾਗ ਦੂਜਾ), ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1955.

## ਹਿੰਦੀ ਅਤੇ ਸੰਸਕ੍ਰਿਤ

ਉਮਾ ਮਿਸ਼੍ਰ, ਡਾ., 'ਕਾਵਯ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ', ਦਿੱਲੀ ਪੁਸਤਕਾਲਯ, ਸੰਡਲੋ ਰੋਡ, ਦਿਲੀ, 1962.

'ਅਗਨੀ ਪੁਰਾਣ', ਆਨੰਦ ਆਸ਼੍ਰਮ, ਪੂਨਾ, 1957.

ਸਤ ਦੇਵ ਚੌਧਰੀ, 'ਅਲੰਕਾਰ ਸੰਪ੍ਰਦਾਯ', ਦਿੱਲੀ ਯੂਨੀਵਰਸਿਟੀ, ਦਿੱਲੀ.

ਸਾਰੰਗ ਦੇਵ, 'ਸੰਗੀਤ ਰਤਨਾਕਰ', ਅਡਯਾਰ ਲਾਇਬ੍ਰੇਰੀ, ਮਦਰਾਸ, 1953.

'ਸ਼ਾਂਡਿਲਯ ਭਕਤਿ ਸੂਤ੍ਰ', ਗੀਤਾ ਪ੍ਰੈਸ, ਗੋਰਖਪੁਰ, 2012 ਬਿ.

ਸ਼੍ਰਿਤਿ ਕੰਠ ਮਿਸ਼੍ਰ, 'ਖੜੀ ਬੋਲੀ ਕਾ ਅੰਦੋਲਨ', ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ, 1950.

'ਸਿੱਧ ਸਿੱਧਾਂਤ ਪੱਧਤੀ', ਨਿਰਣਯ ਸਾਗਰ ਪ੍ਰੈਸ, ਬੰਬਈ, 1936.

ਸ਼ਿਵ ਨੰਦਨ ਪ੍ਰਸਾਦ, ਡਾ., 'ਮਾਤ੍ਰਿਕ ਛੰਦੋਂ ਕਾ ਵਿਕਾਸ', ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ, 1964.

'ਸ੍ਰੀ ਮਦ ਭਗਵਦ ਗੀਤਾ', ਗੀਤਾ ਪ੍ਰੈਸ, ਗੋਰਖਪੁਰ, 2012 ਬਿ.

ਸੁਰੇਂਦਰ ਨਾਥ ਦੀਕਸ਼ਿਤ, 'ਭਰਤ: ਭਾਰਤੀਯ ਨਾਟ੍ਯ ਕਲਾ', ਰਾਜ ਕਮਲ ਪ੍ਰਕਾਸ਼ਨ, ਦਿੱਲੀ.

'ਸ਼ਵੇਤਾਸ਼ਵਤਰ ਉਪਨਿਸ਼ਦ' (ਸ਼ਾਂਕਰ ਭਾਸ਼ਯ ਸਹਿਤ), ਗੀਤਾ ਪ੍ਰੈਸ, ਗੋਰਖਪੁਰ, 1019 ਬਿ.

ਸੁਯੰਭੂ, 'ਪਉਮ ਚਰਿਉ' (ਸੰਪਾ. ਭਾਯਾਣੀ, ਡਾ.), ਗੁਜਰਾਤ ਯੂਨੀਵਰਸਿਟੀ, ਅਹਿਮਦਾਬਾਦ, 1953.

'ਹਠ ਯੋਗ ਪ੍ਰਦੀਪਿਕਾ', ਨਿਰਣਯ ਸਾਗਰ ਪ੍ਰੈਸ, ਬੰਬਈ, 1951.

'ਹਠ ਯੋਗ ਪ੍ਰਦੀਪਿਕਾ', (ਹਿੰਦੀ ਅਨੁ. ਪੰਚਮ ਸਿਨਹ), ਸ੍ਰੀ ਸਤਿਗੁਰੂ ਪਬਲੀਕੇਸ਼ਨਜ਼, ਸ਼ਕਤੀ ਨਗਰ, ਦਿੱਲੀ, 1979.

ਹਜ਼ਾਰੀ ਪ੍ਰਸਾਦਿ ਦਿਵੇਦੀ, 'ਕਬੀਰ', ਹਿੰਦੀ ਗ੍ਰੰਥ ਰਤਨਾਕਰ ਕਾਰਯਾਲਯ, ਬੰਬਈ, 1964.

ਹੇਮ ਚੰਦਰ, 'ਕਾਵ੍ਯ ਅਨੁਸ਼ਾਸਨ', ਮਹਾਵੀਰ ਜੈਨ ਵਿਦਿਆਲਯ, ਬੰਬਈ, 1938.

'ਕਬੀਰ ਸਾਹਿਬ' (ਸੰਪਾ. ਵਿਵੇਕ ਦਾਸ) ਕਬੀਰ ਬਾਣੀ ਪ੍ਰਕਾਸ਼ਨ ਕੇਂਦਰ, ਵਾਰਾਣਸੀ, 1978.

ਕਾਲੀ ਦਾਸ, 'ਰਘੁਵੰਸ਼', ਨਿਰਣਯ ਸਾਗਰ ਪ੍ਰੈਸ, ਬੰਬਈ, 1926.

ਕੁਮਾਰ ਵਿਮਲ, ਡਾ., 'ਸੌਂਦਰਯ ਸ਼ਾਸਤ੍ਰ',' ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ.

ਗੁਲਾਬ ਰਾਏ, 'ਕਾਵ੍ਯ ਕੇ ਰੂਪ', ਆਤਮਾ ਰਾਮ ਐਂਡ ਸੰਨਜ਼, ਕਸ਼ਮੀਰੀ ਗੇਟ, ਦਿੱਲੀ, 1954.

ਗੋਪੀ ਨਾਥ ਕਵਿਰਾਜ, ਡਾ., ਤਾਂਤ੍ਰਿਕ ਵਾਙਮਯ ਮੇਂ ਸ਼ਾਕਤ ਦ੍ਰਿਸ਼ਟਿ', ਬਨਾਰਸ, 1958.

'ਗੋਰਖ ਸ਼ਤਕ' ਨਿਰਣਯ ਸਾਗਰ ਪ੍ਰੈਸ, ਬੰਬਈ.

'ਗੋਰਖ ਸੰਹਿਤਾ', ਨਿਰਣਯ ਸਾਗਰ ਪ੍ਰੈਸ, ਬੰਬਈ, 1940.

'ਗੋਰਖਬਾਣੀ' (ਸੰਪਾ. ਪੀਤਾਂਬਰ ਦੱਤ ਬੜਥਵਾਲ, ਡਾ.), ਹਿੰਦ ਸਾਹਿਤ੍ਯ ਸੰਮੇਲਨ, ਪ੍ਰਯਾਗ, 2017 ਬਿ.

ਘਨਸ਼ਾਮ ਦਾਸ ਰਤਨ ਮਲ ਮਲਕਾਨੀ, 'ਵੇਦਾਂਤ ਗਿਆਨ ਮੀਮਾਂਸਾ', ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੋਪਾਲ, 1973.

'ਘੇਰੰਡ ਸੰਹਿਤਾ', ਨਿਰਣਯ ਸਾਗਰ ਪ੍ਰੈਸ, ਬੰਬਈ, 1935.

'ਘੇਰੰਡ ਸੰਹਿਤ', (ਅਨੁ. ਵਾਸੂ ਸਰਿਸਾ ਚੰਦ੍ਰ), ਸ੍ਰੀ ਸਤਿਗੁਰੂ ਪਬਲੀਕੇਸ਼ਨਜ਼, ਸ਼ਕਤੀ ਨਗਰ, ਦਿੱਲੀ, 1979.

ਚੰਦ੍ਰਧਰ ਸ਼ਰਮਾ ਗੁਲੇਰੀ, 'ਪੁਰਾਣੀ ਹਿੰਦੀ', ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, 2005 ਬਿ.

ਚਮਨ ਲਾਲ ਗੌਤਮ, ਡਾ., 'ਅਸ਼ਟਾਂਗ ਯੋਗ ਰਹਸਯ', ਸੰਸਕ੍ਰਿਤ ਸੰਸਥਾਨ, ਖਵਾਜਾ ਕੁਤਬ, ਬਰੇਲੀ, 1974.

ਜਗਨਨਾਥ, 'ਰਸ ਗੰਗਾਧਰ', ਨਿਰਣਯ ਸਾਗਰ ਪ੍ਰੈਸ, ਬੰਬਈ, 1939.

ਜਗਨਨਾਥ ਪ੍ਰਸਾਦ (ਭਾਨੁ ਕਵਿ), 'ਛੰਦ ਪ੍ਰਭਾਕਰ', ਪੂਰਨਿਮਾ ਦੇਵੀ ਜਗਨਨਾਥ ਪ੍ਰਿੰਟਿੰਗ ਪ੍ਰੈਸ, ਬਿਲਾਸਪੁਰ, 1960.

ਜਯ ਸ਼ੰਕਰ ਪ੍ਰਸਾਦ, 'ਕਾਵ੍ਯ ਕਲਾ ਤਥਾ ਅਨ੍ਯ ਨਿਬੰਧ', ਭਾਰਤੀ ਭੰਡਾਰ, ਪ੍ਰਯਾਗ.

ਟੇਲਰ, ਈ. 'ਤਤਵ ਮੀਮਾਂਸਾ', ਹਿੰਦੀ ਸਮਿਤਿ ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ, 1967.

ਨਗੇਂਦ੍ਰ, ਡਾ., 'ਅਰਸਤੂ ਕਾ ਕਾਵ੍ਯ ਸ਼ਾਸਤ੍ਰ', ਹਿੰਦੀ ਅਨੁਸੰਧਾਨ ਪਰਿਸ਼ਦ, ਦਿੱਲੀ.

——— 'ਰੀਤੀ ਕਾਵ੍ਯ ਕੀ ਭੂਮਿਕਾ', ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1959.

ਨਾਰਦ, 'ਸੰਗੀਤ ਮਕਰੰਦ', ਭੰਡਾਰਕਰ ਓਰੀਐਂਟਲ ਰੀਸਰਚ ਇਨਸਟੀਚਿਊਟ, ਪੂਨਾ, 1920.

ਨਿਤਯਾਨੰਦ ਸ਼ਰਮਾ, ਡਾ., 'ਆਧੁਨਿਕ ਹਿੰਦੀ ਕਾਵ੍ਯ ਮੇਂ ਪ੍ਰਤੀਕ-ਵਿਧਾਨ', ਸਾਹਿਤਯ ਸਦਨ, ਦੇਹਰਾਦੂਨ.

ਤਾਸੀ, 'ਹਿੰਦੁਈ ਸਾਹਿਤ੍ਯ ਕਾ ਇਤਿਹਾਸ', (ਅਨੁ. ਲਕਸ਼ਮੀ ਸਾਗਰ ਵਾਰਸ਼ਣੇ), ਹਿੰਦੀ ਸਾਹਿਤ੍ਯ ਸੰਮੇਲਨ, ਪ੍ਰਯਾਗ, 1951.

ਧਰਮੇਂਦ੍ਰ ਬ੍ਰਹਮਚਾਰੀ, ਡਾ., 'ਸੰਤ ਮੱਤ ਕਾ ਸਰਭੰਗ ਸੰਪ੍ਰਦਾਯ', ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ, 1951.

ਧਨੰਜਯ, 'ਦਸ਼ ਰੂਪਕ', ਨਿਰਣਯ ਸਾਗਰ ਪ੍ਰੈਸ, ਬੰਬਈ, 1941.

———— (ਹਿੰਦੀ ਅਨੁ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ, ਡਾ.), ਰਾਜ ਕਮਲ ਪ੍ਰਕਾਸ਼ਨ, ਦਿਲੀ, 1960.

ਧੀਰੇਂਦ੍ਰ ਵਰਮਾ, ਡਾ., 'ਹਿੰਦੀ ਭਾਸ਼ਾ ਕਾ ਇਤਿਹਾਸ', ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ.

ਪਰਸ਼ੂਰਾਮ ਚਤੁਰਵੇਦੀ, 'ਉੱਤਰੀ ਭਾਰਤ ਕੀ ਸੰਤ ਪਰੰਪਰਾ', ਭਾਰਤੀ ਭੰਡਾਰ, ਪ੍ਰਯਾਗ, 2008 ਬਿ.

ਪਰਮਾਨੰਦ ਸ਼ਾਸਤ੍ਰੀ, ਪ੍ਰੋ., 'ਸ੍ਰੀ ਪਿੰਗਲ-ਪੀਯੂਸ਼' ਓਰੀਐਂਟਲ ਬੁਕ ਡਿਪੋ, ਕੂ. ਦੀਵਾਨ, ਦਿੱਲੀ, 1951.

'ਪ੍ਰਾਕ੍ਰਿਤ ਛੰਦ ਅਨੁਸ਼ਾਸਨ' (ਸੰਪਾ. ਵੇਲੰਕਰ, ਡਾ.) ਭਾਰਤੀਯ ਵਿਦਿਆ ਭਵਨ, ਬੰਬਈ, 1961.

'ਪ੍ਰਾਕ੍ਰਿਤ ਪੈਂਗਲਮ' (ਸੰਪਾ. ਮਨਮੋਹਨ ਘੋਸ਼. ਡਾ.), ਰਾਯਲ ਏਸ਼ਿਯਾਟਿਕ ਸੋਸਾਇਟੀ, ਕਲਕੱਤਾ, 1909.

'ਪਾਣਿਨੀ ਸਿਕਸ਼ਾ' (ਸੰਪਾ. ਮਨਮੋਹਨ ਘੋਸ਼, ਡਾ.) ਰਾਯਲ ਏਸ਼ਿਯਾਟਿਕ ਸੋਸਾਇਟੀ, ਕਲਕਤਾ, 1938.

'ਪਾਤੰਜਲ ਯੋਗ ਦਰਸ਼ਨਮ' (ਸੰਪਾ. ਰਾਮ ਸ਼ੰਕਰ ਭੱਟਾਚਾਰਯ), ਭਾਰਤੀਯ ਵਿਦਯਾ ਪ੍ਰਕਾਸ਼ਨ, ਵਾਰਾਣਸੀ, 1963.

ਪਿੰਗਲ ਮੁਨੀ, 'ਛੰਦ ਸੂਤ੍ਰ', ਨਿਰਣਯ ਸਾਗਰ ਪ੍ਰੈਸ, ਬੰਬਈ.

'ਪੁਰਾਤਨ ਪ੍ਰਬੰਧ ਸੰਗ੍ਰਹ' (ਸੰਪਾ. ਮੁਨੀ ਜਿਨ ਵਿਜਯ), ਸਿੰਘੀ ਸੀਰੀਜ਼ ਪਬਲੀਕੇਸ਼ਨਜ਼, ਕਲਕੱਤਾ.

'ਬ੍ਰਹਮ ਸੂਤ੍ਰ', ਗੀਤਾ ਪ੍ਰੈਸ, ਗੋਰਖਪੁਰ, 2009 ਬਿ.

ਬਲਦੇਵ ਉਪਾਧਯਾਯ, 'ਭਾਰਤੀਯ ਸਾਹਿਤ੍ਯ ਸ਼ਾਸਤ੍ਰ' ਭਾਗ ਪਹਿਲਾ, ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ.

ਭਰਤ ਮੁਨਿ, 'ਨਾਟਯ ਸ਼ਾਸਤ੍ਰ' (ਸੰਪਾ. ਐਮ ਰਾਮ ਕ੍ਰਿਸ਼ਣ), ਸੈਂਟਰਲ ਲਾਇਬ੍ਰੇਰੀ, ਬੜੋਦਾ, 1926.

ਭੋਜ, 'ਸਰਸ੍ਵਤੀ ਕੰਠਾਭਰਣ', ਗ੍ਰੰਥਮਾਲਾ ਕਾਰਯਾਲਯ, ਪਟਨਾ.

ਭੋਜ, 'ਸ਼੍ਰਿੰਗਾਰ ਪ੍ਰਕਾਸ਼', (ਅਨੁ. ਰਾਘਵਨ, ਡਾ.), ਕ੍ਰਿਸ਼ਨਾ ਰਾਮ ਸਟ੍ਰੀਟ, ਮਦਰਾਸ, 1963.

ਮਨਮੋਹਨ ਸਹਿਗਲ, ਡਾ., 'ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਕਸ਼ਣ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

———— 'ਸੰਤ ਕਾਵ੍ਯ ਕਾ ਦਾਰਸ਼ਨਿਕ ਵਿਸ਼ਲੇਸ਼ਣ', ਭਾਰਤੇਂਦੂ ਭਵਨ, ਚੰਡੀਗੜ੍ਹ, 1966.

ਮੰਮਟ, 'ਕਾਵ੍ਯ ਪ੍ਰਕਾਸ਼', ਭੰਡਾਰਕਰ ਓਰੀਐਂਟਲ ਰਿਸਰਚ ਇਨਸਟੀਚਿਊਟ, ਪੂਨਾ, 1933.

'ਮਨੁ ਸਮ੍ਰਿਤੀ' (ਟੀਕਾ. ਘਨਸ਼੍ਯਾਮ ਚਤੁਰਵੇਦੀ), ਸ਼੍ਯਾਮ ਲਾਲ ਹੀਰਾ ਲਾਲ, ਸ਼੍ਯਾਮ ਕਾਸ਼ੀ ਪ੍ਰੈਸ, ਮਥੁਰਾ.

ਮਹੇਂਦਰ ਕੁਮਾਰ, ਡਾ. 'ਕਬੀਰ ਕੀ ਭਾਸ਼ਾ,' ਦਿਲੀ ਯੂਨੀਵਰਸਿਟੀ, ਦਿੱਲੀ, 1966.

ਮੁਨੀ ਜਿਨ ਵਿਜਯ, 'ਪ੍ਰਾਚੀਨ ਗੁਜਰਾਤੀ', ਗੁਜਰਾਤ ਸਭਾ, ਅਹਿਮਦਾਬਾਦ, 1930.

'ਯਾਗਯਵਲਕਯ ਸਮ੍ਰਿਤੀ' (ਸੰਪਾ. ਨਾਰਾਇਣ ਰਾਮ), ਨਿਰਣਯ ਸਾਗਰ ਪ੍ਰੈਸ, ਬੰਬਈ, 1949.

'ਯੋਗ ਸੂਤ੍ਰ', ਗੀਤਾ ਪ੍ਰੈਸ, ਗੋਰਖਪੁਰ, 1945.

'ਯੋਗ ਤਾਪਿਨੀ ਉਪਨਿਸ਼ਦ', ਕਲਕੱਤਾ, 1905.

'ਯੋਗ ਪਟਲ', ਨਿਰਣਯ ਸਾਗਰ ਪ੍ਰੈਸ, ਬੰਬਈ, 1921.

ਰਾਜ ਸ਼ੇਖਰ, 'ਕਾਵ੍ਯ ਮੀਮਾਂਸਾ', ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ.

ਰਾਜ ਗੁਰੂ, ਡਾ., 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ', ਰਾਜ ਕਮਲ ਪ੍ਰਕਾਸ਼ਨ, ਦਿੱਲੀ, 1966.

——— 'ਗੋਸ਼ਟਿ ਗੁਰੂ ਮਿਹਰਬਾਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

ਰਾਹੁਲ, 'ਦਖਣੀ ਹਿੰਦੀ ਕਾਵ੍ਯਧਾਰਾ'', ਹਿੰਦੀ ਸਾਹਿਤਯ ਸੰਮੇਲਨ, ਪਰਯਾਗ, 1959.

ਰਾਮ ਚੰਦ੍ਰ ਸ਼ੁਕਲ, 'ਰਸ ਮੀਮਾਂਸਾ', ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ, 2006 ਬਿ.

ਰਾਮ ਦਹਿਨ ਮਿਸ਼੍ਰ, 'ਕਾਵ੍ਯ ਦਰਪਣ', ਗ੍ਰੰਥਮਾਲਾ ਕਾਰਯਾਲਯ, ਪਟਨਾ, 1955.

'ਰਿਗ ਵੇਦ', ਵੈਦਿਕ ਸੰਸ਼ੋਧਨ ਮੰਡਲ, ਪੂਨਾ.

'ਰਿਗ ਵੇਦ' (ਹਿੰਦੀ) ਇੰਡੀਅਨ ਪ੍ਰੈਸ ਪਬਲੀਕੇਸ਼ਨ ਲਿਮਿਟੇਡ, ਪ੍ਰਯਾਗ, 1954.

ਰਿਚਰਡ ਪਿਸ਼ਲ, 'ਪ੍ਰਾਕ੍ਰਿਤ ਭਾਸ਼ਾਓਂ ਕਾ ਵਿਆਕਰਣ' (ਸੰਪਾ. ਹੇਮ ਚੰਦਰ ਜੋਸ਼ੀ), ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ, 1956.

ਲਕਸ਼ਮੀਧਰ, 'ਸ਼ਡ ਭਾਸ਼ਾ ਚੰਦ੍ਰਿਕਾ'', ਨਿਰਣਯ ਸਾਗਰ ਪ੍ਰੈਸ, ਬੰਬਈ, 1916.

ਵਿਸ਼ਵ ਨਾਥ, 'ਸਾਹਿਤਯ ਦਰਪਣ' (ਹਿੰਦੀ ਅਨੁ: ਸ਼ਾਲਿਗ੍ਰਾਮ ਸ਼ਾਸਤ੍ਰੀ), ਲਖਨਊ.

ਵਿਸ਼ਵੇਸ਼ਵਰ, 'ਹਿੰਦੀ ਅਭਿਨਵ ਭਾਰਤੀ' ਹਿੰਦੀ ਅਨੁਸੰਧਾਨ ਪਰਿਸ਼ਦ, ਦਿੱਲੀ.


**ENGLISH**


Allen, W.S., Phonetics in Ancient India, Oxford University Press, London, 1928.

Atreya, B.L. Dr, The Philosophy of Yoga Vasistha, The Theosophical Publishing House, Adyar, 1936.

Atma Bodh, (Ed. Nikhilananda Swami), Rama Krishna Matha, Madras.

Aurobindo, The Synthesis of Yoga, Sri Aurobindo Ashram, Pondicheri, 1971.

——— Life Divine, Vol. I, Sri Aurobindo Library, New York, 1949.

Avalon, Arthur, The Serpent Power, Ganesh and Co. Ltd. Madras, 1953.

Beams, J., Comparative Grammar of the Modern Aryan Languages in India, Delhi, 1966.

Belvalkar, S.K., History of Indian Philosophy, Vol. II, Bilva Kunja Publishing House, Poona, 1927.

—— An Account of the Different Existing Systems of Sanskrit Grammar, Bhandarkar Oriental Research Institute, Poona, 1916.

Bloomfield, L., Language, Motilal Banarasidass, Delhi, 1964.

Boas, F., Handbook of American Indian Languages, Washington, 1911.

Chatterjee, S.K., Dr., The Origin and Development of Bengali Language, Calcutta University, Calcutta, 1968.

Cunningham, Inscriptions of Ashoka, Asiatic Society Calcutta, 1926.

Dasgupta, S.N., Dr., History of Indian Philosophy, Vol. III, University Press, Cambridge, 1962.

—— Yoga as Philosophy and Religion, Motilal Banarasidass, Delhi, 1973.

—— Yoga Philosophy in Relation to other systems of Indian Thought, Motilal Banrasidass, Delhi, 1974.

Date, V.H., Vedanta Explained, Vol. I & II, Munshi Ram Manohar Lal, New Delhi, 1973.

De, S.K., Braj Buli Literature, Calcutta, University, Calcutta, 1927.

—— History of Sanskrit Poetics, M/s K.L. Mukhopadhyaya, Calcutta, 1959.

Dewan Singh, Dr., Guru Nanak and the Indian Mystic Tradition, Lahore Book Shop, Ludhiana, 1981.

Divetia, N.B., Gujrati Language and Literature, Bhandarkar Oriental Research Institute, Poona, 1921.

Edgerton, F., Budhist Hybrid Sanskrit Grammar, Yale University, U.S.A., 1953.

Freud, S., Outline of Psycho-Analysis, Hogarth Press, London, 1940.

George Feuerstein, The Yoga Sutra of Patanjali, Arnold-Heinemanna Publishers (India), Pvt. Ltd., AB/9, Safd. Enclave, New Delhi, 1979.

Gheranda Samhita (Translated by Vasu, Srisa Chandra), Sri Satguru Publications, Shakti Nagar, Delhi, 1979.

Grierson, Linguistic Survey of India, Vol. I, Vishveshvaranand Institute, Hoshiarpur, 1972.

Gune, P.D., Dr., An Introduction to Comparative Philology, Bhandarkar Oriental Research Institute, Poona, 1932.

Harris, Z.S., Methods of Structural Linguistics, University of Chicago, 1955.

Hatha Yoga Pradipika (Trans. by Pancham Sinh), Sri Satguru Publications, Shakti Ngar, Delhi, 1979.

Hymns of the Rgveda, Vol. II, (ed. Ralph T.H. Griffth), Chowkhamba, Varanasi, 1963.

Iyengar, K.S., Light on Yoga, George Allen and Unwin Ltd., London, 1970.

Kane, P.V., History of Dharma Shastra, Vol. I, Bhandarkar Oriental Research Institut , Pooma, 1958.

———— History of Sanskrit Poetics, Motilal Banarasidass, Varanasi, 1961.

Keith, A.B., History of Sanskrit Litera ture, Oxford University Press, London, 1953.

Kohli, Surindar Singh, Dr., A Critical Study of Adi Granth, Punjabi Writers' Co-operative Industrial Society Ltd, New Delhi, 1961.

Max Muller, F., Indian Philosophy (Vedanta and Purva Mimansa), Vol. II, Susil Gupta, Calcutta, 1952.

Misra, Vachaspati, Bhamati, (Brahm Sutra), Varanasi, 1960.

Mohan Singh, History of Panjabi Literature.

Pandeya, K.C., Comparative Aesthetics, Vol. I, The Chowkhamba Sanskrit Series, Vidya Vilas Press, Banaras, 1950.

Pike, K.L., Phonetics, University of Michigan, 1961.

Proceedings of Third Oriental Conference, Madras, 1924.

Radhakrishnan, S. Dr., History of Indian Philosophy, Vol. I, Allen & Unwin Ltd., London, 1940.

——— Hindu View of Life, Oxford University Press, London, 1921.

Raghvan V., Dr., Number of Rasas, Adyar Library, Adyar, 1940.

Ranade, R. D., Dr., A Constructive Survey of Upanishadic Philosophy, Oriental Book Agency, Poona, 1926.

——— The Culmination of Indian Thought, Bharatiya Vidya Bhawan, Bombay, 1970.

Ross, Karen, The New Manual of Yoga, W. Foulsham & Co. Ltd., London, 1973.

Sankaran, A., The Theories of Rasa and Dhawani, University of Madras, 1929.

Sarasvati, S.P., Swami, Paatanjala Raaja Yoga, S. Chand & Co. Pvt. Ltd., New Delhi, 1975.

Shankar Vijay, Vol. XXXIV (Ed. and Trans. by Thibaut), Oxford University Press, London, 1925.

Sharma, D. D. Dr., Syllabic Structure of Hindi and Panjabi, Panjab University, Chandigarh.

Sharma, H.L., The Psycho Dynamics of Yoga, G.D.K. Publishers, Delhi, 1981.

—— Yoga Technique and Psycho Therapy, Delhi, 1982.

Shastri, Kokileshwar, An Introduction to Advaita Philosophy, Calcutta University, Calcutta, 1924.

Tagare, G.V., Dr., Historical Grammar of Apabhransha, Bhandarkar Oriental Research Institute, Poona, 1948.

The Basis of Indian Culture (Ed. Majumdar, A.K.) Calcutta, 1971.

Trumpp, E., The Adi Granth, Wm. H. Allen & Co., S.W., London, 1877.

—— The Adi Granth, Munshi Ram Manohar Lal, New Delhi, 1970.

Tylor, E.B., Primitive Culture, Vol. I, John Murray, London, 1920.

Vedanta Saar (Trans. by Jacob, G.A.), London, 1904.

Vivekananda, Swami, Hinduism, Sri Rama Krishna Math, Mylapore, Madras, 1960.

Webb, C.C.J., History of Philosophy, Oxford University Press, London, 1947.

Whitney, W.D., The Life and Growth of Language, California University, California, 1926.

Woods, James Haughton, The Yoga System of Patanjali, Harvard Oriental Series, USA., 1940.

Winter, Nitz, Ancient Indian History of Sanskrit Literature, Calcutta University, Calcutta, 1933.

Wyld, H.C. Historical Studyof the Mother Tongue, Oxford University Press, London, 1906.

W. Zorn, Yogi, Yoga for the Mind, Pelham Books Ltd., London, 1970.

## ਐਨਸਾਈਕਲੋਪੀਡੀਆ/ਡਿਕਸ਼ਨਰੀਆਂ

'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' (ਸੰਪਾ. ਕਾਨ੍ਹ ਸਿੰਘ, ਭਾਈ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1974.

'ਗੁਰੂ ਗ੍ਰੰਥ ਵਿਚਾਰ ਕੋਸ਼' (ਸੰਪਾ. ਪਿਆਰਾ ਸਿੰਘ ਪਦਮ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

'ਪੰਜਾਬੀ ਸਾਹਿਤ ਕੋਸ਼' ਭਾਗ ਪਹਿਲਾ(ਸੰਪਾ. ਸੁਰਿੰਦਰ ਸਿੰਘ ਕੋਹਲੀ, ਡਾ.) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

'ਪੰਜਾਬੀ ਕੋਸ਼' ਭਾਗ ਦੂਜਾ (1962), ਭਾਗ 4 (1971), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼', ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

'ਬ੍ਰਜ ਭਾਸ਼ਾ ਸ਼ਬਦ ਕੋਸ਼' (ਸੰਪਾ. ਧੀਰੇਂਦਰ ਵਰਮਾ, ਡਾ.) ਹਿੰਦੀ ਸਾਹਿਤ ਸੰਮੇਲਨ, ਪ੍ਰਯਾਗ, 1951.

Comparative Dictionary of the Indo-Aryan Languages (ed. Turner, R.L.), London, 1962.

Mimaansa-Kosh, Anand Ashram, Poona, 1952.

Sanskrit English Dictionary (ed. Apte), Poona, 1959.

Sanskrit English Dictionary, (ed. Monier Williams), Motilal Banarasidass, Delhi.

Yoga Vedanta Dictionary (ed. Shivanand Swami), Shivananda Nagar, Rishikesh.

Cassels' Encyclopaedia of Literature (Ed. Steinberg, S.H. ), London, 1953.

Encyclopaedia Britannica, Vol. XXIV.

Encyclopaedia of Religion and Ethics (ed. Hastings J. ) T. & T. Clark, Edinburgh, 1925-1962.

## ਪਤ੍ਰਿਕਾਵਾਂ

### ਪੰਜਾਬੀ


'ਆਲੋਚਨਾ', ਲੁਧਿਆਣਾ, ਗੁਰੂ ਨਾਨਕ ਅੰਕ, 1969.

'ਸੀਸ ਗੰਜ', ਦਿੱਲੀ, ਗੁਰੂ ਨਾਨਕ ਅੰਕ, ਨਵੰਬਰ-ਦਸੰਬਰ, 1969.

'ਖੋਜ ਦਰਪਣ', ਅੰਮ੍ਰਿਤਸਰ, ਜਨਵਰੀ, 1979.

'ਖੋਜ ਪਤ੍ਰਿਕਾ', ਪਟਿਆਲਾ, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ ਅਤੇ 1967-68 ਅੰਕ.

'ਗੁਰਦੁਆਰਾ ਗਜ਼ਟ', ਅੰਮ੍ਰਿਤਸਰ, ਗੁਰੂ ਨਾਨਕ ਅੰਕ, ਅਕਤੂਬਰ, 1971.

'ਨਾਨਕ ਪ੍ਰਕਾਸ਼ ਪਤ੍ਰਿਕਾ', ਪਟਿਆਲਾ, ਦਸੰਬਰ 1973 ਅਤੇ ਦਸੰਬਰ 1974.

'ਪੰਜਾਬੀ ਦੁਨੀਆ', ਪਟਿਆਲਾ, ਗੁਰੂ ਨਾਨਕ ਅੰਕ, ਨਵੰਬਰ-ਦਸੰਬਰ, 1969.

'ਪੰਚਵਟੀ ਸੰਦੇਸ਼', ਦੇਹਰਾ ਦੂਨ, ਅਪ੍ਰੈਲ, 1980.

'ਫਤਿਹ ਵੀਕਲੀ', ਦਿੱਲੀ, ਗੁਰੂ ਨਾਨਕ ਅੰਕ, 1960.


### ਹਿੰਦੀ


'ਕਲਿਆਣ' ਗੋਰਖਪੁਰ, ਉਪਨਿਸ਼ਦ ਅੰਕ, 1954.

'ਪਰਮਾਰਥ ਪਥ' ਚੰਡੀਗੜ੍ਹ, ਯੋਗ ਅੰਕ .

'ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ ਪਤ੍ਰਿਕਾ', ਪਟਨਾ, ਜੂਨ 1970.

'ਵਿਸ਼ਵ ਭਾਰਤੀ ਪਤ੍ਰਿਕਾ', ਸ਼ਾਂਤੀ ਨਿਕੇਤਨ, ਖੰਡ 3, ਅੰਕ 4, 1944


### ਅੰਗ੍ਰੇਜ਼ੀ


The Journal of Sikh Philosophy, Sikh Studies Foundation, Patiala, June, 1969.

Journal of Sikh Studies, Guru Nanak Dev University, Amritsar, February, 1974.

The Journal of Bombay University, Vol. IV.

The Panjab Past and Present, Vol. III, Punjabi University, Patiala, 1969.